ਚੜ੍ਹਦੀਕਲਾ ਪੜ੍ਹੋ ! ਚੜ੍ਹਦੀਕਲਾ 'ਚ ਰਹੋ !!
ਚੜ੍ਹਦੀਕਲਾ
ਬੀਤੀ ਅੱਧੀ ਸਦੀ ਤੋਂ ਧਰੂ ਤਾਰੇ ਵਾਂਗ ਚਮਕ ਰਿਹਾ ਰੋਜ਼ਾਨਾ 'ਚੜ੍ਹਦੀਕਲਾ' ਅਖ਼ਬਾਰ
• ਦੇਸ਼ ਦੇ ਸਭ ਤੋਂ ਸੀਨੀਅਰ ਪੱਤਰਕਾਰਾਂ ਵਿਚੋਂ ਇਕ ਸ੍ਰ. ਜਗਜੀਤ ਸਿੰਘ ਦਰਦੀ ਦੀ ਯੋਗ ਰਹਿਨੁਮਾਈ
• ਬਿਨਾਂ ਕਿਸੇ ਸਿਆਸੀ ਦਬਾਅ ਜਾਂ ਲਾਲਚ ਤੋਂ ਨਿਰਪੱਖਤਾ ਅਤੇ ਨਿਡਰਤਾ ਨਾਲ ਲੋਕ ਮੁੱਦਿਆਂ ਨੂੰ ਪੇਸ਼ ਕਰਨਾ
• ਧਾਰਮਿਕ ਕੱਟੜਤਾ ਅਤੇ ਵਪਾਰਕ ਲਾਭਾਂ ਜਿਹੀ ਸੌੜੀ ਸੋਚ ਤੋਂ ਕੋਹਾਂ ਦੂਰ, ਕੌਮੀ ਹਿੱਤਾਂ ਨੂੰ ਸਮਰਪਿਤ ਸੋਚ
• ਪੇਸ਼ੇ ਪ੍ਰਤੀ ਇਮਾਨਦਾਰ, ਸਮਰਪਿਤ ਅਤੇ ਸੰਵੇਦਨਸ਼ੀਲ ਪੱਤਰਕਾਰ ਅਤੇ ਸੰਪਾਦਕ ਸਟਾਫ
• ਹਰ ਵਰਗ ਦੇ ਪਾਠਕਾਂ ਲਈ ਉਸਾਰੂ ਸਮੱਗਰੀ ਦੀ ਭਰਮਾਰ
ਰਾਜਨੀਤਿਕ, ਸਮਾਜਿਕ, ਆਰਥਿਕ ਅਤੇ ਹਰ ਤਰ੍ਹਾਂ ਦੀਆਂ ਤਾਜ਼ਾ ਖ਼ਬਰਾਂ
ਪੰਜਾਬ ਦੇ ਹਰ ਪਿੰਡ ਹਰ ਸ਼ਹਿਰ 'ਚ ਮਿਲਦਾ ਹੈ
ਵੱਖ-ਵੱਖ ਵਿਸ਼ਿਆਂ ਅਤੇ ਚਾਲੂ ਮਾਮਲਿਆਂ ਬਾਰੇ ਜਾਣਕਾਰੀ
ਭਰਪੂਰ ਸੰਪਾਦਕੀ ਲੇਖ, ਫੀਚਰ ਅਤੇ ਪੜ੍ਹਨਯੋਗ ਸਮੱਗਰੀ
ਆਪਣੇ ਅਖ਼ਬਾਰਾਂ ਏਜੰਟ ਤੋਂ 'ਚੜ੍ਹਦੀਕਲਾ' ਦੀ ਮੰਗ ਕਰੋ

ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬੱਤ ਦਾ ਭਲਾ
PRGI (RNI) Regd. No. 22972/1972

# ਚੜ੍ਹਦੀਕਲਾ

DAILY CHARHDIKALA, PATIALA

ਬਾਨੀ : (ਸਵ:) ਗਿ: ਹਰਨਾਮ ਸਿੰਘ ਜੀ

ਮੁੱਖ ਸੰਪਾਦਕ: ਡਾ. ਜਗਜੀਤ ਸਿੰਘ 'ਦਰਦੀ'
ਸੰਪਾਦਕ : ਹਰਪ੍ਰੀਤ ਸਿੰਘ 'ਦਰਦੀ'
(ਕੁੱਲ ਸਫ਼ੇ 12 Pages 12)

(Tuesday, 27 May, 2025) ਪਟਿਆਲਾ ਮੰਗਲਵਾਰ, 27 ਮਈ, 2025, 14 ਜੇਠ (ਮੱਸਿਆ), ਨਾਨਕਸ਼ਾਹੀ ਸੰਮਤ 557, ਬਿਕ੍ਰਮੀ 2082

ਰਜਿਸਟਰਡ ਪੋਸਟਲ ਰਜਿ: ਨੰ. Pb/PTA(0274)/2024-26, ਸਾਲ (Year) 57 ਅੰਕ ਨੰਬਰ (Volume No.) 145 ਮੁੱਲ : 2.00 ਰੁਪਏ ਫ਼ੋਨ: +91- 92168-07500 Posted at RMS Patiala www.charhdikala.com E-mail: news@charhdikala.com

## ਰਮਨ ਅਰੋੜਾ ਦੇ ਸਹੁਰੇ ਰਾਜੂ ਦੇ ਮਦਾਨ ਘਰ ਪਹੁੰਚੀ ਵਿਜੀਲੈਂਸ

ਚੰਡੀਗੜ੍ਹ, 26 ਮਈ (ਚੜ੍ਹਦੀਕਲਾ ਬਿਊਰੋ) : ਵਿਜੀਲੈਂਸ ਟੀਮ ਸੋਮਵਾਰ ਦੁਪਹਿਰ ਨੂੰ ਕੇਂਦਰੀ ਹਲਕੇ ਦੇ ਵਿਧਾਇਕ ਰਮਨ ਅਰੋੜਾ ਨੂੰ ਉਨ੍ਹਾਂ ਦੇ ਸਹੁਰੇ ਰਾਜੂ ਮਦਾਨ ਦੇ ਘਰ ਲੈ ਕੇ ਗਈ। ਕੱਲ੍ਹ ਵੀ ਵਿਜੀਲੈਂਸ ਟੀਮ ਰਾਜੂ ਮਦਾਨ ਦੇ ਘਰ ਪਹੁੰਚੀ ਅਤੇ ਉਸ ਤੋਂ ਪੁੱਛ-ਗਿੱਛ ਕੀਤੀ ਸੀ। ਅੱਜ, ਰਮਨ ਅਰੋੜਾ ਦੇ ਸੁਰਾਗ 'ਤੇ, ਵਿਜੀਲੈਂਸ ਟੀਮ ਉਸ ਨੂੰ ਉਸ ਦੇ ਘਰ ਲੈ ਗਈ ਅਤੇ ਤਲਾਸ਼ੀ ਲਈ। ਸੂਤਰ ਅਨੁਸਾਰ, ਵਿਜੀਲੈਂਸ ਟੀਮ ਉਸਦੇ ਰਿਸ਼ਤੇਦਾਰ ਰਾਜੂ ਮਦਾਨ 'ਤੇ ਕਾਨੂੰਨੀ ਸ਼ਿਕੰਜਾ ਕੱਸਣ ਦੀ ਵੀ ਤਿਆਰੀ ਕਰ ਰਹੀ ਹੈ।

### ਕੇਜਰੀਵਾਲ ਅਤੇ ਮਾਨ ਵੱਲੋਂ ਦੇਸ਼ ਦੀ ਪਹਿਲੀ ਜਾਇਦਾਦ ਰਜਿਸਟ੍ਰੇਸ਼ਨ ਪ੍ਰਣਾਲੀ ਦੀ ਸ਼ੁਰੂਆਤ

## ਲੰਬੀਆਂ ਕਤਾਰਾਂ ਅਤੇ ਵਿਚੋਲਿਆਂ ਦਾ ਦੌਰ ਹੋਇਆ ਖ਼ਤਮ: ਮਾਨ

**ਅਸ਼ਵਨੀ ਗੌੜ**

================

ਮੋਹਾਲੀ/ਖਰੜ, 26 ਮਈ: ਆਮ ਲੋਕਾਂ ਨੂੰ ਨਾਗਰਿਕ ਕੇਂਦਰਿਤ ਸੇਵਾਵਾਂ ਮੁਹੱਈਆ ਕਰਵਾਉਣ ਲਈ ਮੁੱਖ ਮੰਤਰੀ ਭਗਵੰਤ ਸਿੰਘ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਅੱਜ 'ਈਜ਼ੀ ਰਜਿਸਟਰੀ' ਪ੍ਰਣਾਲੀ (ਜ਼ਮੀਨ-ਜਾਇਦਾਦ ਦੀ ਰਜਿਸਟਰੀ ਸੌਖੇ ਢੰਗ ਨਾਲ ਕਰਨ) ਦੀ ਸ਼ੁਰੂਆਤ ਕਰ ਦਿੱਤੀ ਹੈ ਜਿਸ ਨੂੰ ਪੰਜਾਬ ਦੇ ਮੁੱਖ ਮੰਤਰੀ ਅਤੇ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਸਮਰਪਿਤ ਕੀਤਾ।



ਭਗਵੰਤ ਸਿੰਘ ਮਾਨ ਅਤੇ ਅਰਵਿੰਦ ਕੇਜਰੀਵਾਲ ਨੇ ਕਿਹਾ, ਪੰਜਾਬ ਦੇ ਇਤਿਹਾਸ ਵਿੱਚ ਇਹ ਇਨਕਲਾਬੀ ਕਦਮ ਹੈ। ਲੋਕਾਂ ਨੂੰ ਹੁਣ ਦਫ਼ਤਰਾਂ ਵਿੱਚ ਖੱਜਲ-ਖੁਆਰ ਨਹੀਂ ਹੋਣਾ ਪਵੇਗਾ ਅਤੇ ਨਾ ਹੀ ਏਜੰਟਾਂ ਜਾਂ ਵਿਚੋਲਿਆਂ ਨਾਲ ਵਾਹ ਪਵੇਗਾ ਕਿਉਂਕਿ ਹੁਣ ਸ਼ੁਰੂ ਤੋਂ ਲੈ ਕੇ ਅੰਤ ਤੱਕ ਹਰ ਜਾਣਕਾਰੀ ਮੋਬਾਈਲ 'ਤੇ ਮਿਲਿਆ ਕਰੇਗੀ ਅਤੇ ਇਹ ਪ੍ਰਣਾਲੀ ਤੇਜ਼ ਅਤੇ ਪਾਰਦਰਸ਼ੀ ਹੋਵੇਗੀ।

ਇਸ ਪ੍ਰਾਜੈਕਟ ਦੀ ਸ਼ੁਰੂਆਤ ਤੋਂ ਬਾਅਦ ਪੰਜਾਬ ਦੇ ਮੁੱਖ ਮੰਤਰੀ ਅਤੇ ਆਪ ਦੇ ਕੌਮੀ ਕਨਵੀਨਰ ਨੇ ਕਿਹਾ ਕਿ ਲੋਕਾਂ ਨੂੰ ਜ਼ਮੀਨ-ਜਾਇਦਾਦ ਦੀ ਰਜਿਸਟਰੀ ਲਈ ਹੁਣ ਸਥਾਨਕ ਸਬ-ਰਜਿਸਟਰਾਰ ਦਫ਼ਤਰ ਵਿੱਚ ਜਾਣ ਦੀ ਲੋੜ ਨਹੀਂ ਸਗੋਂ ਜਿੱਥੇ ਚਾਹੁਣ, ਜ਼ਿਲ੍ਹੇ ਦੇ ਕਿਸੇ ਵੀ ਸਬ-ਰਜਿਸਟਰਾਰ ਦਫ਼ਤਰ ਵਿੱਚ ਜਾ ਸਕਦੇ ਹਨ। ਉਨ੍ਹਾਂ ਕਿਹਾ ਕਿ ਦਸਤਾਵੇਜ਼ ਤਿਆਰ ਕਰਨ ਲਈ ਹੈਲਪਲਾਈਨ ਨੰਬਰ 1076 ਰਾਹੀਂ ਸੇਵਾ ਸਹਾਇਕਾਂ ਨੂੰ ਘਰ ਵੀ ਬੁਲਾਇਆ ਜਾ ਸਕਦਾ ਹੈ। ਇਸ ਨਾਲ ਪੇਂਡੂ ਪਰਿਵਾਰਾਂ, ਸੀਨੀਅਰ ਨਾਗਰਿਕਾਂ, ਕੰਮਕਾਜ ਵਾਲੇ ਪੇਸ਼ੇਵਰਾਂ ਅਤੇ ਬਾਹਰ ਨਾ ਜਾ ਸਕਣ ਵਾਲਿਆਂ ਨੂੰ ਵੱਡੀ ਸਹੂਲਤ ਮਿਲੇਗੀ। ਭਗਵੰਤ ਸਿੰਘ ਮਾਨ ਅਤੇ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਨਵੀਂ ਪ੍ਰਣਾਲੀ (ਬਾਕੀ ਸਫਾ 2 'ਤੇ)

### ਆਉਣ ਵਾਲੀ ਹੈ ਕੋਵਿਡ-19 ਦੀ ਤੀਜੀ ਲਹਿਰ...?

## ਕੋਰੋਨਾ ਨੇ ਦਿੱਤੀ ਪੰਜਾਬ 'ਚ ਦਸਤਕ, ਮੋਹਾਲੀ 'ਚ ਮਿਲਿਆ ਪਹਿਲਾ ਕੇਸ

### 16 ਸੂਬਿਆਂ ਤੱਕ ਫੈਲਿਆ ਕੋਰੋਨਾ ਵਾਇਰਸ ਦਾ ਨਵਾਂ ਰੂਪ, ਲਗਾਤਾਰ ਵਧ ਰਹੇ ਨੇ ਮਰੀਜ਼, ਅਲਰਟ ਜਾਰੀ

**ਚੜ੍ਹਦੀਕਲਾ ਬਿਊਰੋ**

================

ਮੋਹਾਲੀ, 26 ਮਈ : ਦੇਸ਼ ਦੇ ਵੱਖ-ਵੱਖ ਹਿੱਸਿਆਂ 'ਚ ਕੋਰੋਨਾ ਦੇ ਮਰੀਜਾਂ ਦੀ ਗਿਣਤੀ ਵੱਧਦੀ ਜਾ ਰਹੀ ਹੈ। ਹੁਣ ਪੰਜਾਬ ਦੇ ਮੋਹਾਲੀ ਵਿੱਚ ਵੀ ਕੋਰੋਨਾ ਨੇ ਦਸਤਕ ਦੇ ਦਿੱਤੀ ਹੈ। ਮੋਹਾਲੀ ਦੇ ਇੱਕ ਨਿੱਜੀ ਹਸਪਤਾਲ ਵਿੱਚ ਕੋਰੋਨਾ ਦਾ ਮਰੀਜ਼ ਮਿਲਿਆ ਹੈ। ਹੁਣ ਤੱਕ ਪ੍ਰਾਪਤ ਜਾਣਕਾਰੀ ਅਨੁਸਾਰ, ਯਮੁਨਾਨਗਰ ਦੀ ਇੱਕ ਔਰਤ ਮੋਹਾਲੀ ਵਿੱਚ ਇੱਕ ਸਤਿਸੰਗ ਵਿੱਚ ਸ਼ਾਮਲ ਹੋਣ ਲਈ ਆਈ ਸੀ ਜਿੱਥੇ ਉਸਦੀ ਸਿਹਤ ਵਿਗੜ ਗਈ ਅਤੇ ਉਸ ਨੂੰ ਇੱਕ ਨਿੱਜੀ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ। ਜਿੱਥੋਂ ਉਸ ਦੀ ਜਾਂਚ ਕਰਨ ਤੋਂ ਬਾਅਦ ਇਹ ਪਾਇਆ ਗਿਆ ਕਿ ਉਹ ਕੋਰੋਨਾ ਪਾਜ਼ੀਟਿਵ ਸੀ। ਹੁਣ ਤੱਕ ਮਿਲੀ ਜਾਣਕਾਰੀ ਅਨੁਸਾਰ ਔਰਤ ਬਿਲਕੁਲ ਠੀਕ ਹੈ ਅਤੇ ਇੱਕ ਨਿੱਜੀ ਹਸਪਤਾਲ ਵਿੱਚ ਦਾਖਲ ਹੈ। ਟ੍ਰਾਈ ਸਿਟੀ ਵਿੱਚ ਇਹ ਪਹਿਲਾ ਮਾਮਲਾ ਹੈ ਪਰ ਘਬਰਾਉਣ ਦੀ ਕੋਈ ਲੋੜ ਨਹੀਂ ਹੈ।

ਕੋਰੋਨਾ ਵਾਇਰਸ ਇੱਕ ਵਾਰ ਫਿਰ ਦੇਸ਼ ਵਿੱਚ ਦਾਖਲ ਹੋ ਗਿਆ ਹੈ, ਜਿਸਦੀ ਨਿਗਰਾਨੀ ਸਿਹਤ




ਮੰਤਰਾਲੇ ਦੇ ਨਾਲ-ਨਾਲ ਰਾਜ ਸਰਕਾਰਾਂ ਵੀ ਕਰ ਰਹੀਆਂ ਹਨ। ਸਿਹਤ ਮੰਤਰਾਲੇ ਵੱਲੋਂ ਸੋਮਵਾਰ ਨੂੰ ਜਾਰੀ ਕੀਤੇ ਗਏ ਤਾਜ਼ਾ ਅੰਕੜਿਆਂ ਅਨੁਸਾਰ, ਕੋਰੋਨਾ ਦੇ ਸਰਗਰਮ ਮਾਮਲਿਆਂ ਦੀ ਗਿਣਤੀ 1009 ਤੱਕ ਪਹੁੰਚ ਗਈ ਹੈ, ਜਿਨ੍ਹਾਂ ਵਿੱਚੋਂ 752 ਮਾਮਲਿਆਂ ਦੀ ਪੁਸ਼ਟੀ ਹਾਲ ਹੀ ਵਿੱਚ ਹੋਈ ਹੈ।

ਪਿਛਲੇ ਦੋ ਹਫ਼ਤਿਆਂ ਤੋਂ, ਇਹ ਅੰਕੜਾ 257 ਦੱਸਿਆ ਜਾ ਰਿਹਾ ਸੀ, ਪਰ ਸੋਮਵਾਰ ਨੂੰ ਜਾਰੀ ਕੀਤੇ ਗਏ ਤਾਜ਼ਾ ਅੰਕੜਿਆਂ ਵਿੱਚ, ਮਾਮਲਿਆਂ ਵਿੱਚ ਵਾਧਾ ਹੋਇਆ ਹੈ। ਇਸ ਦੇ ਨਾਲ ਹੀ ਸਿਹਤ ਮੰਤਰਾਲੇ ਵੱਲੋਂ 7 ਮੌਤਾਂ ਦੀ ਪੁਸ਼ਟੀ ਵੀ ਕੀਤੀ ਗਈ ਹੈ। ਮਹਾਰਾਸ਼ਟਰ ਵਿੱਚ 4, ਕੇਰਲ ਵਿੱਚ 2 ਅਤੇ ਕਰਨਾਟਕ ਵਿੱਚ 1 ਵਿਅਕਤੀ ਦੀ ਮੌਤ ਹੋਈ ਹੈ।

**ਕਿਸ ਰਾਜ ਵਿੱਚ ਕਿੰਨੇ ਮਾਮਲੇ ?**

ਕੋਵਿਡ-19 ਦੇ ਤਾਜ਼ਾ ਮਾਮਲਿਆਂ ਦੀ ਗੱਲ ਕਰੀਏ ਤਾਂ ਕੇਰਲ ਵਿੱਚ ਸਭ ਤੋਂ ਵੱਧ ਨਵੇਂ ਮਾਮਲੇ ਸਾਹਮਣੇ ਆਏ ਹਨ। ਇੱਥੇ ਸਭ ਤੋਂ ਵੱਧ 430 ਸਰਗਰਮ ਮਾਮਲੇ ਦਰਜ ਕੀਤੇ ਗਏ ਹਨ। ਮਹਾਰਾਸ਼ਟਰ ਵਿੱਚ 209, ਦਿੱਲੀ ਵਿੱਚ 104, ਗੁਜਰਾਤ ਵਿੱਚ 83, ਤਾਮਿਲਨਾਡੂ ਵਿੱਚ 69 ਅਤੇ ਕਰਨਾਟਕ ਵਿੱਚ 47 ਸਰਗਰਮ ਮਾਮਲੇ ਹਨ। ਉੱਤਰ ਪ੍ਰਦੇਸ਼ ਵਿੱਚ 15, ਰਾਜਸਥਾਨ ਵਿੱਚ 13, ਪੱਛਮੀ ਬੰਗਾਲ ਵਿੱਚ 12, ਪੁਡੂਚੇਰੀ ਵਿੱਚ 9, ਹਰਿਆਣਾ ਵਿੱਚ 9, ਆਂਧਰਾ ਪ੍ਰਦੇਸ਼ ਵਿੱਚ 4, ਮੱਧ ਪ੍ਰਦੇਸ਼ ਵਿੱਚ 2, ਛੱਤੀਸਗੜ੍ਹ ਵਿੱਚ 1, ਗੋਆ ਵਿੱਚ 1 ਅਤੇ ਤੇਲੰਗਾਨਾ ਵਿੱਚ 1 ਸਰਗਰਮ ਮਾਮਲੇ ਪਾਏ ਗਏ ਹਨ। ਭਾਰਤ ਵਿੱਚ ਕੁੱਲ ਸਰਗਰਮ ਮਾਮਲਿਆਂ ਦੀ ਗਿਣਤੀ 1009 ਤੱਕ ਪਹੁੰਚ ਗਈ ਹੈ। ਅੰਡੇਮਾਨ ਅਤੇ ਨਿਕੋਬਾਰ, ਅਰੁਣਾਚਲ ਪ੍ਰਦੇਸ਼, ਅਸਾਮ, ਬਿਹਾਰ, ਹਿਮਾਚਲ ਪ੍ਰਦੇਸ਼, ਜੰਮੂ ਅਤੇ ਕਸ਼ਮੀਰ ਆਦਿ ਵਰਗੇ ਕੁਝ ਰਾਜਾਂ ਵਿੱਚ ਇਸ ਸਮੇਂ ਕੋਈ ਸਰਗਰਮ ਕੇਸ ਦਰਜ ਨਹੀਂ ਹੋਇਆ ਹੈ।

**ਸਥਿਤੀ 'ਤੇ ਨਜ਼ਰ ਰੱਖ ਰਿਹੈ ਸਿਹਤ ਮੰਤਰਾਲਾ**

ਸਿਹਤ ਮੰਤਰਾਲੇ ਦੇ ਅਧਿਕਾਰਤ ਸੂਤਰਾਂ ਤੋਂ ਪ੍ਰਾਪਤ ਜਾਣਕਾਰੀ ਦੇ ਅਨੁਸਾਰ, ਹਾਲ ਹੀ ਵਿੱਚ ਨੈਸ਼ਨਲ ਸੈਂਟਰ ਫਾਰ ਡਿਜ਼ੀਜ਼ ਕੰਟਰੋਲ, ਐਮਰਜੈਂਸੀ ਮੈਡੀਕਲ ਰਿਲੀਫ ਡਿਵੀਜ਼ਨ, ਆਫ਼ਤ ਪ੍ਰਬੰਧਨ ਸੈੱਲ, ਇੰਡੀਅਨ ਕੌਂਸਲ ਆਫ਼ ਮੈਡੀਕਲ ਰਿਸਰਚ ਤੇ (ਬਾਕੀ ਸਫਾ 2 'ਤੇ)

## ਪੰਜਾਬ ਦੇ ਸਕੂਲਾਂ 'ਚ 2 ਤੋਂ 30 ਜੂਨ ਤੱਕ ਗਰਮੀਆਂ ਦੀਆਂ ਛੁੱਟੀਆਂ ਦਾ ਐਲਾਨ

ਚੰਡੀਗੜ੍ਹ, 26 ਮਈ (ਚੜ੍ਹਦੀਕਲਾ ਬਿਊਰੋ) : ਪੰਜਾਬ ਦੇ ਸਕੂਲ ਸਿੱਖਿਆ ਮੰਤਰੀ ਸ. ਹਰਜੋਤ ਸਿੰਘ ਬੈਂਸ ਨੇ ਅੱਜ ਸੂਬੇ ਭਰ ਦੇ ਸਾਰੇ ਸਕੂਲਾਂ ਵਿੱਚ 2 ਜੂਨ ਤੋਂ 30 ਜੂਨ, 2025 ਤੱਕ ਗਰਮੀਆਂ ਦੀਆਂ ਛੁੱਟੀਆਂ ਦਾ ਐਲਾਨ ਕੀਤਾ ਹੈ। ਉਨ੍ਹਾਂ ਕਿਹਾ ਕਿ ਇਸ ਸਮੇਂ ਦੌਰਾਨ ਸੂਬੇ ਦੇ ਸਾਰੇ ਸਰਕਾਰੀ, ਸਹਾਇਤਾ ਪ੍ਰਾਪਤ, ਮਾਨਤਾ ਪ੍ਰਾਪਤ ਅਤੇ ਪ੍ਰਾਈਵੇਟ ਸਕੂਲ ਬੰਦ ਰਹਿਣਗੇ।

ਸਿੱਖਿਆ ਮੰਤਰੀ ਨੇ ਵਿਦਿਆਰਥੀਆਂ ਨੂੰ ਇਸ ਸਮੇਂ ਦੀ ਸਹੀ ਵਰਤੋਂ ਕਰਦਿਆਂ ਪੜ੍ਹਾਈ ਦੇ ਨਾਲ-ਨਾਲ ਹੋਰ ਉਸਾਰੂ ਗਤੀਵਿਧੀਆਂ, ਜਿਨ੍ਹਾਂ ਨਾਲ ਗਿਆਨ ਤੇ ਹੁਨਰ ਵਿੱਚ ਵਾਧਾ ਹੁੰਦਾ ਹੋਵੇ, ਵਿੱਚ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਇਹ ਛੁੱਟੀਆਂ ਵਿਦਿਆਰਥੀਆਂ ਅਤੇ ਸਟਾਫ਼ ਨੂੰ ਗਰਮੀ ਦੇ ਇਸ ਮਹੀਨੇ ਦੌਰਾਨ ਲੋੜੀਂਦੀ ਰਾਹਤ ਪ੍ਰਦਾਨ ਕਰਨਗੀਆਂ।

## ਪੰਜਾਬ ਵਿੱਚ 15 ਤੋਂ 25 ਜੂਨ ਵਿਚਕਾਰ ਆ ਸਕਦੈ ਮਾਨਸੂਨ

**ਚੜ੍ਹਦੀਕਲਾ ਬਿਊਰੋ**

================



ਚੰਡੀਗੜ੍ਹ, 26 ਮਈ :ਪੰਜਾਬ ਵਿਚ ਮਾਨਸੂਨ ਨੂੰ ਲੈ ਕੇ ਵੱਡੀ ਖ਼ਬਰ ਸਾਹਮਣੇ ਆਈ ਹੈ। ਜਾਣਕਾਰੀ ਮਿਲੀ ਹੈ ਕਿ ਮਾਨਸੂਨ ਆਮ ਤਰੀਕ ਤੋਂ ਹਫਤਾ ਪਹਿਲਾਂ ਆ ਸਕਦੀ ਹੈ। ਭਾਰਤੀ ਮੌਸਮ ਵਿਭਾਗ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਮਾਨਸੂਨ 15 ਤੋਂ 25 ਜੂਨ ਦੇ ਵਿਚਕਾਰ ਕਿਸੇ ਵੀ ਸਮੇਂ ਦਿੱਲੀ ਐਨਸੀਆਰ, ਅਤੇ ਅੱਗੇ ਪੰਜਾਬ ਆ ਸਕਦਾ ਹੈ, ਕਿਉਂਕਿ ਮਾਨਸੂਨ 8 ਦਿਨ ਪਹਿਲਾਂ ਹੀ ਕੇਰਲ ਵਿੱਚ ਪਹੁੰਚ ਗਿਆ ਸੀ।

ਮਾਨਸੂਨ ਬਹੁਤ ਤੇਜ਼ੀ ਨਾਲ ਅੱਗੇ ਵਧ ਰਿਹਾ ਹੈ। ਆਮ ਤੌਰ ਉਤੇ ਮਾਨਸੂਨ 25 ਜੂਨ ਤੱਕ ਦਿੱਲੀ ਐਨਸੀਆਰ ਵਿੱਚ ਪਹੁੰਚਦਾ ਹੈ ਪਰ ਇਸ ਵਾਰ ਇਹ 8 ਦਿਨ ਪਹਿਲਾਂ ਆ ਸਕਦਾ ਹੈ। ਯਾਨੀ ਮੌਨਸੂਨ 14 ਜੂਨ ਤੋਂ 23 ਜੂਨ ਦੇ ਵਿਚਕਾਰ ਕਿਸੇ ਵੀ ਸਮੇਂ ਦਿੱਲੀ ਐਨਸੀਆਰ ਵਿੱਚ ਦਾਖਲ ਹੋ ਸਕਦਾ ਹੈ।

ਦੱਸ ਦਈਏ ਕਿ ਪੰਜਾਬ, ਹਰਿਆਣਾ, ਦਿੱਲੀ ਐਨਸੀਆਰ ਵਿੱਚ ਪਿਛਲੇ ਕੁਝ ਦਿਨਾਂ ਤੋਂ ਰੁਕ-ਰੁਕ ਕੇ ਮੀਂਹ ਪੈ ਰਿਹਾ ਹੈ ਅਤੇ ਠੰਢੀਆਂ ਹਵਾਵਾਂ ਚੱਲ ਰਹੀਆਂ ਹਨ, ਜਿਸ ਕਾਰਨ ਮੌਸਮ ਕਾਫੀ ਸੁਹਾਵਣਾ ਹੋ ਗਿਆ ਹੈ, ਹਾਲਾਂਕਿ ਕੱਲ੍ਹ ਦਾ ਦਿਨ ਕਾਫੀ ਗਰਮ ਰਿਹਾ। ਹੁਣ ਮੌਸਮ ਵਿਭਾਗ (ਬਾਕੀ ਸਫਾ 2 'ਤੇ)

## ਸਾਡੀਆਂ ਭੈਣਾਂ ਦਾ ਸਿੰਦੂਰ ਮਿਟਾਉਣ ਵਾਲਿਆਂ ਦਾ ਅੰਤ ਨੇੜੇ: ਮੋਦੀ

### ਭਾਰਤ ਪ੍ਰਤੀ ਨਫ਼ਰਤ ਨਾਲ ਭਰੇ ਪਾਕਿਸਤਾਨ ਨੂੰ ਭੰਡਿਆ

**ਚੜ੍ਹਦੀਕਲਾ ਬਿਊਰੋ**

================

ਦਾਹੋਦ(ਗੁਜਰਾਤ), 26 ਮਈ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਕਿਹਾ ਕਿ ਪਾਕਿਸਤਾਨ ਦਾ ਇਕੋ ਇਕ ਨਿਸ਼ਾਨਾ ਭਾਰਤ ਨਾਲ ਨਫ਼ਰਤ ਕਰਨਾ ਤੇ ਉਸ ਨੂੰ ਨੁਕਸਾਨ ਪਹੁੰਚਾਉਣ ਦੇ ਢੰਗ ਤਰੀਕੇ ਬਾਰੇ ਸੋਚਣਾ ਹੈ ਜਦੋਂਕਿ ਸਾਡੇ ਮੁਲਕ ਨੇ ਗਰੀਬੀ ਖ਼ਤਮ ਕਰਨ ਤੇ ਆਰਥਿਕ ਤਰੱਕੀ ਲਿਆਉਣ ਜਿਹੇ ਟੀਚੇ ਮਿੱਥੇ ਹੋਏ ਹਨ। ਗੁਜਰਾਤ ਦੇ ਦਾਹੋਦ ਵਿਚ ਰੈਲੀ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਨੇ ਆਪ੍ਰੇਸ਼ਨ ਸਿੰਦੂਰ ਦੀ ਤਾਰੀਫ਼ ਕੀਤੀ। ਉਨ੍ਹਾਂ ਕਿਹਾ ਕਿ 'ਜਿਹੜੇ ਸਾਡੀਆਂ ਭੈਣਾਂ ਦਾ ਸਿੰਦੂਰ ਮਿਟਾਉਣ ਦੀ ਹਿੰਮਤ ਕਰਦੇ ਹਨ, ਉਨ੍ਹਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਉਨ੍ਹਾਂ ਦਾ ਅੰਤ ਨੇੜੇ ਹੈ।'



ਪ੍ਰਧਾਨ ਮੰਤਰੀ ਨੇ ਪਾਕਿਸਤਾਨ ਨੂੰ ਲੰਮੇ ਹੱਥੀਂ ਲੈਂਦਿਆਂ ਕਿਹਾ, "ਜਿਹੜਾ ਮੁਲਕ ਦੇਸ਼ ਵੰਡ ਮਗਰੋਂ ਹੋਂਦ ਵਿਚ ਆਇਆ ਸੀ, ਭਾਰਤ ਪ੍ਰਤੀ ਨਫ਼ਰਤ ਨੂੰ ਲੈ ਕੇ ਜਿਉਂਦਾ ਹੈ। ਇਹ ਸਿਰਫ਼ ਭਾਰਤ ਨੂੰ ਨੁਕਸਾਨ ਪਹੁੰਚਾਉਣਾ ਚਾਹੁੰਦਾ ਹੈ। ਜਦੋਂਕਿ ਭਾਰਤ ਦਾ ਟੀਚਾ ਗਰੀਬੀ ਹਟਾਉਣਾ, ਆਰਥਿਕ ਵਿਕਾਸ ਲਿਆਉਣਾ ਤੇ ਵਿਕਸਤ ਮੁਲਕ ਬਣਨਾ ਹੈ। ਸਾਡੀ ਸਰਕਾਰ ਦੀ ਨੀਤੀ ਵਿਕਾਸ ਨੂੰ ਉਨ੍ਹਾਂ ਖੇਤਰਾਂ ਤੱਕ ਲਿਜਾਣ ਦੀ ਹੈ ਜੋ ਪੱਛੜੇ ਰਹਿ ਗਏ ਹਨ।" ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਹੋਲੀ, ਦੀਵਾਲੀ ਤੇ ਗਣੇਸ਼ ਪੂਜਾ ਜਿਹੇ ਤਿਉਹਾਰਾਂ ਮੌਕੇ ਭਾਰਤ ਵਿਚ ਬਣੇ ਉਤਪਾਦ ਹੀ ਖਰੀਦਣ ਤੇ ਵਰਤਣ। ਪ੍ਰਧਾਨ ਮੰਤਰੀ ਨੇ ਕਿਹਾ 'ਸਾਨੂੰ ਆਪਣੇ ਦੇਸ਼ ਦੀ ਤਰੱਕੀ ਲਈ ਜੋ ਵੀ ਚਾਹੀਦਾ ਹੈ, ਉਹ ਭਾਰਤ ਵਿੱਚ ਹੀ ਹੋਣਾ ਚਾਹੀਦਾ ਹੈ।"

ਸ੍ਰੀ ਮੋਦੀ ਇੱਥੇ 24,000 ਕਰੋੜ ਰੁਪਏ ਦੇ ਵਿਕਾਸ ਪ੍ਰੋਜੈਕਟਾਂ, ਜਿਸ ਵਿੱਚ ਇੱਕ ਲੋਕੋਮੋਟਿਵ ਨਿਰਮਾਣ ਪਲਾਂਟ ਵੀ ਸ਼ਾਮਲ ਹੈ, ਦੀ ਸ਼ੁਰੂਆਤ ਕਰਨ ਤੋਂ ਬਾਅਦ ਰੈਲੀ ਵਿੱਚ ਬੋਲ ਰਹੇ ਸਨ। (ਬਾਕੀ ਸਫਾ 2 'ਤੇ)

## ਬੀ.ਬੀ.ਐਮ.ਬੀ. ਮਾਮਲੇ 'ਤੇ ਹਾਈ ਕੋਰਟ 'ਚ ਸੁਣਵਾਈ, ਫ਼ੈਸਲਾ ਰੱਖਿਆ ਸੁਰੱਖਿਅਤ

**ਚੜ੍ਹਦੀਕਲਾ ਬਿਊਰੋ**

================




ਚੰਡੀਗੜ੍ਹ, 26 ਮਈ :ਬੀ.ਬੀ.ਐਮ.ਬੀ. ਨਾਲ ਸਬੰਧਤ ਪਟੀਸ਼ਨਾਂ ਦੀ ਸੁਣਵਾਈ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਚੀਫ਼ ਜਸਟਿਸ ਅਤੇ ਜਸਟਿਸ ਸੁਮਿਤ ਗੋਇਲ ਦੀ ਡਿਵੀਜ਼ਨ ਬੈਂਚ ਸਾਹਮਣੇ ਦੁਬਾਰਾ ਹੋਈ। ਇਸ ਦੌਰਾਨ, ਬੀਬੀਐਮਬੀ ਦੇ ਵਕੀਲ ਨੇ ਅਦਾਲਤ ਨੂੰ ਦੱਸਿਆ ਕਿ ਪੰਜਾਬ ਸਰਕਾਰ ਨੇ ਉਨ੍ਹਾਂ ਨਾਲ ਹੋਈ ਕਿਸੇ ਵੀ ਮੀਟਿੰਗ ਵਿੱਚ ਲਏ ਗਏ ਫੈਸਲਿਆਂ 'ਤੇ ਕੋਈ ਇਤਰਾਜ਼ ਨਹੀਂ ਕੀਤਾ ਹੈ। ਕੇਂਦਰ ਸਰਕਾਰ ਵੱਲੋਂ ਪੇਸ਼ ਹੋਏ ਸਤੀਪਾਲ ਜੈਨ ਨੇ ਅਦਾਲਤ ਨੂੰ ਦੱਸਿਆ ਕਿ ਪੰਜਾਬ ਰਾਜ ਨੇ ਅੱਜ ਤੱਕ ਇਸ ਅਦਾਲਤ ਵੱਲੋਂ 6 ਮਈ, 2025 ਨੂੰ ਦਿੱਤੇ ਗਏ ਹੁਕਮਾਂ ਦੀ ਪਾਲਣਾ ਨਹੀਂ ਕੀਤੀ ਹੈ ਅਤੇ ਨਾ ਹੀ ਉਨ੍ਹਾਂ ਨੂੰ ਚੁਣੌਤੀ ਦਿੱਤੀ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਕੇਂਦਰੀ ਬਿਜਲੀ ਮੰਤਰਾਲੇ ਵੱਲੋਂ 1 ਮਈ, 2025 ਨੂੰ ਇੱਕ ਜ਼ਰੂਰੀ ਮੀਟਿੰਗ ਬੁਲਾਈ ਗਈ ਸੀ ਅਤੇ ਸਾਰੇ ਭਾਈਵਾਲ ਰਾਜਾਂ ਨੂੰ 2 ਮਈ, 2025 ਨੂੰ ਸੱਦਾ ਦਿੱਤਾ ਗਿਆ ਸੀ, ਜਿਸ ਵਿੱਚ ਬੀ.ਬੀ.ਐਮ.ਬੀ. ਨਾਲ ਸਬੰਧਤ ਏਜੰਡੇ ਦਾ ਸਪੱਸ਼ਟ ਤੌਰ 'ਤੇ ਜ਼ਿਕਰ ਕੀਤਾ ਗਿਆ ਸੀ। ਮੀਟਿੰਗ ਤੋਂ ਬਾਅਦ ਇੱਕ ਪ੍ਰੈਸ ਨੋਟ ਵੀ ਜਾਰੀ ਕੀਤਾ ਗਿਆ। (ਬਾਕੀ ਸਫਾ 2 'ਤੇ)

## ਆਮਦਨ ਤੋਂ ਵੱਧ ਜਾਇਦਾਦ ਬਣਾਉਣ ਦੇ ਮਾਮਲੇ 'ਚ ਮਹਿਲਾ ਪੁਲਿਸ ਕਾਂਸਟੇਬਲ ਮੁੜ ਗ੍ਰਿਫ਼ਤਾਰ

**ਦੀਪਕ ਸ਼ਰਮਾ**

================

ਬਠਿੰਡਾ, 26 ਮਈ : ਪਿਛਲੇ ਮਹੀਨੇ 17.71 ਗ੍ਰਾਮ ਹੈਰੋਇਨ ਸਮੇਤ ਗ੍ਰਿਫ਼ਤਾਰ ਕੀਤੀ ਗਈ ਪੰਜਾਬ ਪੁਲਿਸ ਦੀ ਬਰਖਾਸਤ ਮਹਿਲਾ ਕਾਂਸਟੇਬਲ ਅਮਨਦੀਪ ਕੌਰ ਨੂੰ ਆਮਦਨ ਤੋਂ ਵੱਧ ਜਾਇਦਾਦ ਬਣਾਉਣ ਦੇ ਦੋਸ਼ ਵਿੱਚ ਵਿਜੀਲੈਂਸ ਬਿਊਰੋ ਬਠਿੰਡਾ ਨੇ ਸੋਮਵਾਰ ਨੂੰ ਗ੍ਰਿਫਤਾਰ ਕੀਤਾ ਹੈ। ਇਸ ਤੋਂ ਪਹਿਲਾਂ ਉਸ ਖਿਲਾਫ਼ ਬਠਿੰਡਾ ਵਿਜੀਲੈਂਸ ਬਿਊਰੋ ਥਾਣੇ ਵਿੱਚ ਆਮਦਨ ਤੋਂ ਵੱਧ ਜਾਇਦਾਦ ਦਾ ਮਾਮਲਾ ਦਰਜ ਕੀਤਾ ਗਿਆ ਸੀ। ਜਿਸ ਤੋਂ ਬਾਅਦ ਵਿਜੀਲੈਂਸ ਟੀਮ ਨੇ ਬਰਖਾਸਤ ਮਹਿਲਾ ਕਾਂਸਟੇਬਲ ਨੂੰ ਬਾਦਲ ਪਿੰਡ ਸਥਿਤ ਇੱਕ ਮਹਿਲਾ ਗਾਇਕਾ ਦੇ ਘਰੋਂ ਗ੍ਰਿਫ਼ਤਾਰ ਕਰ ਲਿਆ।



ਵਿਜੀਲੈਂਸ ਟੀਮ ਮੁਲਜ਼ਮ ਅਮਨਦੀਪ ਕੌਰ ਨੂੰ ਮਿੰਨੀ ਸਕੱਤਰੇਤ ਸਥਿਤ ਬਠਿੰਡਾ ਜ਼ੋਨ ਦੇ ਵਿਜੀਲੈਂਸ ਦਫ਼ਤਰ ਲੈ ਕੇ ਪਹੁੰਚੀ। ਜਿੱਥੇ ਉਸ ਤੋਂ ਪੁੱਛਗਿੱਛ ਵੀ ਕੀਤੀ ਗਈ। ਅਮਨਦੀਪ ਕੌਰ ਦੀ ਗ੍ਰਿਫ਼ਤਾਰੀ ਦੀ ਪੁਸ਼ਟੀ ਕਰਦੇ ਹੋਏ ਡੀਐੱਸਪੀ ਵਿਜੀਲੈਂਸ ਕੁਲਵੰਤ ਸਿੰਘ ਨੇ ਦੱਸਿਆ ਕਿ ਬਰਖਾਸਤ ਮਹਿਲਾ ਕਾਂਸਟੇਬਲ (ਬਾਕੀ ਸਫਾ 2 'ਤੇ)

## ਪਾਕਿਸਤਾਨ ਦੀ ਬੇਨਤੀ 'ਤੇ ਡੀ.ਜੀ.ਐਮ.ਓ. ਗੱਲਬਾਤ ਤੋਂ ਬਾਅਦ ਹੀ ਆਪ੍ਰੇਸ਼ਨ ਸਿੰਦੂਰ ਰੁਕਿਆ: ਜੈਸ਼ੰਕਰ

**ਚੜ੍ਹਦੀਕਲਾ ਬਿਊਰੋ**

================

ਨਵੀਂ ਦਿੱਲੀ, 26 ਮਈ : ਵਿਦੇਸ਼ ਮੰਤਰੀ ਐਸ.ਜੈਸ਼ੰਕਰ ਨੇ ਸੋਮਵਾਰ ਨੂੰ ਸੰਸਦੀ ਕਮੇਟੀ ਨੂੰ ਦਸਿਆ ਕਿ ਆਪ੍ਰੇਸ਼ਨ ਸਿੰਦੂਰ ਨੂੰ ਮੁਅੱਤਲ ਕੀਤੇ ਜਾਣ 'ਚ ਅਮਰੀਕਾ ਦੀ ਕੋਈ ਭੂਮਿਕਾ ਨਹੀਂ ਹੈ। ਉਨ੍ਹਾਂ ਨੇ ਇਹ ਵੀ ਕਿਹਾ ਕਿ ਪਾਕਿਸਤਾਨ ਨੂੰ ਉਸ ਦੇ ਖੇਤਰ 'ਚ ਅਤਿਵਾਦੀ ਕੈਂਪਾਂ 'ਤੇ ਕੀਤੇ ਭਾਰਤੀ ਹਮਲਿਆਂ ਬਾਰੇ ਅੰਜਾਮ ਦੇਣ ਤੋਂ ਬਾਅਦ ਹੀ ਡੀ.ਜੀ.ਐਮ.ਓ. ਰਾਹੀਂ ਸੂਚਿਤ ਕੀਤਾ ਸੀ। ਜ਼ਿਕਰਯੋਗ ਹੈ ਕਿ ਕਾਂਗਰਸ ਆਗੂ ਰਾਹੁਲ ਗਾਂਧੀ ਨੇ ਜੈਸ਼ੰਕਰ 'ਤੇ ਨਿਸ਼ਾਨਾ ਵਿੰਨ੍ਹਦਿਆਂ ਦੋਸ਼ ਲਗਾਇਆ ਸੀ ਕਿ ਉਨ੍ਹਾਂ ਨੇ ਅਤਿਵਾਦੀ ਕੈਂਪਾਂ 'ਤੇ ਭਾਰਤੀ ਹਮਲਿਆਂ ਬਾਰੇ ਪਾਕਿਸਤਾਨ ਨੂੰ ਪਹਿਲਾਂ ਹੀ ਸੂਚਿਤ ਕਰ ਦਿਤਾ ਸੀ।



ਪਰ ਅੱਜ ਜੈਸ਼ੰਕਰ ਨੇ ਕਿਹਾ ਕਿ ਅਜਿਹਾ ਨਹੀਂ ਹੋਇਆ। ਉਨ੍ਹਾਂ ਇਹ ਵੀ ਕਿਹਾ ਕਿ ਉਨ੍ਹਾਂ ਨੇ ਕਦੇ ਵੀ ਪਾਕਿਸਤਾਨ ਨਾਲ ਗੱਲ ਨਹੀਂ ਕੀਤੀ ਅਤੇ ਫੌਜੀ ਕਾਰਵਾਈ ਨੂੰ ਰੋਕਣ ਦਾ ਫੈਸਲਾ ਪਾਕਿਸਤਾਨੀ ਪੱਖ ਦੀ ਬੇਨਤੀ ਤੋਂ ਬਾਅਦ ਦੁਵਲੇ ਤੌਰ 'ਤੇ (ਬਾਕੀ ਸਫਾ 2 'ਤੇ)

### ਆਪ੍ਰੇਸ਼ਨ ਸਿੰਦੂਰ ਦੌਰਾਨ ਤਿੰਨਾਂ ਫ਼ੌਜਾਂ ਦੇ ਮੁਖੀ ਰੱਖ ਰਹੇ ਸਨ ਸਾਰੀ ਕਾਰਵਾਈ 'ਤੇ ਨਜ਼ਰ

ਨਵੀਂ ਦਿੱਲੀ, 26 ਮਈ (ਚੜ੍ਹਦੀਕਲਾ ਬਿਊਰੋ) : ਭਾਰਤ ਨੇ ਪਹਿਲਗਾਮ ਅੱਤਵਾਦੀ ਹਮਲੇ ਵਿਰੁੱਧ ਆਪ੍ਰੇਸ਼ਨ ਸਿੰਦੂਰ ਸ਼ੁਰੂ ਕਰਕੇ ਪਾਕਿਸਤਾਨ ਨੂੰ ਕਰਾਰੀ ਹਾਰ ਦਿੱਤੀ। ਇਸ ਯੁੱਧ ਰਾਹੀਂ, ਭਾਰਤ ਨੇ ਪੂਰੀ ਦੁਨੀਆ ਨੂੰ ਆਪਣੀ ਫੌਜ ਦੀ ਬਹਾਦਰੀ ਦਾ ਅਹਿਸਾਸ ਕਰਵਾਇਆ ਹੈ। ਆਪ੍ਰੇਸ਼ਨ ਸਿੰਦੂਰ ਦੌਰਾਨ, ਭਾਰਤ ਨੇ ਪਾਕਿਸਤਾਨ ਦੇ 9 ਅੱਤਵਾਦੀ ਟਿਕਾਣਿਆਂ ਨੂੰ ਤਬਾਹ ਕਰ ਦਿੱਤਾ ਅਤੇ ਫਿਰ (ਬਾਕੀ ਸਫਾ 2 'ਤੇ)

## ਪੀਲੀਭੀਤ 'ਚ ਸਿੱਖ ਪਰਿਵਾਰਾਂ ਦੇ 150 ਲੋਕਾਂ ਦੀ ਘਰ ਵਾਪਸੀ, ਆਪਣਾ ਧਰਮ ਛੱਡ ਕੇ ਬਣੇ ਸਨ ਈਸਾਈ



**ਚੜ੍ਹਦੀਕਲਾ ਬਿਊਰੋ**

================

ਚੰਡੀਗੜ੍ਹ, 26 ਮਈ : ਨੇਪਾਲ ਸਰਹੱਦ ਨਾਲ ਲੱਗਦੇ ਪੀਲੀਭੀਤ ਜ਼ਿਲ੍ਹੇ ਦੇ ਪਿੰਡਾਂ ਵਿੱਚ, ਸਿੱਖ ਧਰਮ ਤੋਂ ਈਸਾਈ ਧਰਮ ਅਪਣਾਉਣ ਵਾਲੇ ਲੋਕਾਂ ਦੀ ਘਰ ਵਾਪਸੀ ਲਈ ਪਿੰਡ ਵਿੱਚ ਬਣੇ ਗੁਰਦੁਆਰੇ ਵਿੱਚ ਇੱਕ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਸ਼ੱਕ ਦੇ ਘੇਰੇ ਵਿੱਚ ਆਏ 500 ਲੋਕਾਂ ਨੂੰ ਬੁਲਾਇਆ ਗਿਆ ਪਰ ਸਿਰਫ਼ 150 ਹੀ ਗੁਰਦੁਆਰੇ ਆਏ ।

ਵਿਸ਼ਵ ਹਿੰਦੂ ਪ੍ਰੀਸ਼ਦ ਦੇ ਖੇਤਰੀ ਸੰਗਠਨ ਮੰਤਰੀ ਸੋਹਣ ਸੋਲੰਕੀ ਨੇ ਲੋਕਾਂ ਨੂੰ ਜਾਗਰੂਕ ਕੀਤਾ ਅਤੇ ਸਿੱਖ ਧਰਮ ਦੇ ਇਤਿਹਾਸ 'ਤੇ ਚਾਨਣਾ ਪਾਇਆ। ਗੁਰਦੁਆਰਾ ਨਾਨਕ ਨਗਰੀ (ਬਾਕੀ ਸਫਾ 2 'ਤੇ)

### ਮੋਦੀ ਸਰਕਾਰ ਦੇ 11 ਸਾਲ ਪੂਰੇ ਹੋਣ ਨੂੰ ਕਾਂਗਰਸ ਨੇ 'ਅਣਐਲਾਨੀ ਐਮਰਜੈਂਸੀ 11' ਦਾ ਨਾਂ ਦਿੱਤਾ

ਨਵੀਂ ਦਿੱਲੀ, 26 ਮਈ (ਚੜ੍ਹਦੀਕਲਾ ਬਿਊਰੋ) : ਮੋਦੀ ਸਰਕਾਰ



ਦੇ 11 ਸਾਲ ਪੂਰੇ ਹੋਣ ਦੇ ਨਾਲ ਕਾਂਗਰਸ ਨੇ ਸੋਮਵਾਰ ਨੂੰ ਦੋਸ਼ ਲਗਾਇਆ ਕਿ 'ਅਣਐਲਾਨੀ ਐਮਰਜੈਂਸੀ' 11 ਸਾਲ ਦੀ ਹੋ ਗਈ ਹੈ ਅਤੇ 'ਅੱਛੇ ਦਿਨਾਂ' ਦਾ ਵਾਅਦਾ ਹਕੀਕਤ ਵਿੱਚ ਇੱਕ ਭੈੜਾ ਸੁਪਨਾ ਸਾਬਤ ਹੋਇਆ ਹੈ। ਕਾਂਗਰਸ ਪ੍ਰਧਾਨ ਮੱਲਿਕਾਰਜੁਨ ਖੜਗੇ ਨੇ ਦਾਅਵਾ ਕੀਤਾ ਕਿ ਪਿਛਲੇ 11 ਸਾਲਾਂ ਵਿੱਚ 140 ਕਰੋੜ ਲੋਕਾਂ ਦਾ ਹਰ ਵਰਗ ਪ੍ਰੇਸ਼ਾਨ ਰਿਹਾ ਹੈ। ਉਨ੍ਹਾਂ ਐਕਸ 'ਤੇ ਸਾਂਝੀ ਇਕ ਪੋਸਟ ਵਿਚ ਕਿਹਾ, "26 ਮਈ 2014 ਤੋਂ 11 ਸਾਲਾਂ ਵਿੱਚ ਵੱਡੇ ਵਾਅਦਿਆਂ ਨੂੰ ਸਿਰਫ਼ ਦਾਅਵਿਆਂ ਵਿੱਚ ਬਦਲ ਕੇ ਮੋਦੀ (ਬਾਕੀ ਸਫਾ 2 'ਤੇ)

### ਮੁੱਠਭੇੜ 'ਚ 5 ਲੱਖ ਰੁਪਏ ਦਾ ਇਨਾਮੀ ਮਾਓਵਾਦੀ ਢੇਰ

ਰਾਏਪੁਰ, 26 ਮਈ (ਚੜ੍ਹਦੀਕਲਾ ਬਿਊਰੋ) : ਝਾਰਖੰਡ ਦੇ ਲਾਤੇਹਾਰ ਜ਼ਿਲ੍ਹੇ ਵਿੱਚ ਸੋਮਵਾਰ ਨੂੰ ਸੁਰੱਖਿਆ ਬਲਾਂ ਨਾਲ ਹੋਏ ਮੁਕਾਬਲੇ ਵਿੱਚ ਪਾਬੰਦੀਸ਼ੁਦਾ ਭਾਰਤੀ ਕਮਿਊਨਿਸਟ ਪਾਰਟੀ-ਮਾਓਵਾਦੀ (ਸੀ.ਪੀ.ਆਈ.-ਮਾਓਵਾਦੀ) ਦਾ ਇੱਕ ਮੈਂਬਰ ਮਾਰਿਆ ਗਿਆ। ਉਸ 'ਤੇ 5 ਲੱਖ ਰੁਪਏ ਦਾ ਇਨਾਮ ਐਲਾਨਿਆ ਗਿਆ ਸੀ। ਇੱਕ ਸੀਨੀਅਰ ਪੁਲਿਸ ਅਧਿਕਾਰੀ ਨੇ ਇਹ ਜਾਣਕਾਰੀ ਦਿੱਤੀ। ਅਧਿਕਾਰੀ ਨੇ ਦੱਸਿਆ ਕਿ ਕਾਰਵਾਈ ਦੌਰਾਨ ਇੱਕ ਹੋਰ ਮਾਓਵਾਦੀ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਐਤਵਾਰ ਰਾਤ ਨੂੰ ਮਹੂਆਦਨਰ ਥਾਣਾ ਖੇਤਰ ਦੇ ਦੌਨਾ ਦੇ ਜੰਗਲ ਵਿੱਚ ਸੁਰੱਖਿਆ ਬਲਾਂ ਅਤੇ ਮਾਓਵਾਦੀਆਂ ਵਿਚਕਾਰ ਮੁਕਾਬਲਾ ਹੋਇਆ। ਪਲਾਮੂ ਦੇ ਡਿਪਟੀ ਇੰਸਪੈਕਟਰ ਜਨਰਲ ਆਫ਼ ਪੁਲਿਸ (ਡੀ.ਆਈ.ਜੀ.) ਵਾਈ ਐਸ ਰਮੇਸ਼ ਨੇ ਦੱਸਿਆ, 'ਮਾਓਵਾਦੀ ਮਨੀਸ਼ ਯਾਦਵ, ਜਿਸ 'ਤੇ 5 ਲੱਖ ਰੁਪਏ ਦਾ ਇਨਾਮ ਸੀ, ਸੁਰੱਖਿਆ (ਬਾਕੀ ਸਫਾ 2 'ਤੇ)

## ਲੁਧਿਆਣਾ 'ਚ ਕੌਣ ਮਾਰੇਗਾ ਬਾਜ਼ੀ ?

### ਭਗਵੰਤ ਮਾਨ, ਰਾਜਾ ਵੜਿੰਗ ਤੇ ਰਵਨੀਤ ਬਿੱਟੂ ਦੀ ਇੱਜ਼ਤ ਦਾ ਸਵਾਲ

**ਚੜ੍ਹਦੀਕਲਾ ਬਿਊਰੋ**

================






ਲੁਧਿਆਣਾ, 26 ਮਈ : ਲੁਧਿਆਣਾ ਪੱਛਮੀ ਦੀ ਜ਼ਿਮਨੀ ਚੋਣ ਦਾ ਐਲਾਨ ਹੁੰਦਿਆਂ ਹੀ ਸਿਆਸੀ ਪਾਰਟੀਆਂ ਐਕਸ਼ਨ ਮੋਡ ਵਿੱਚ ਆ ਗਈਆਂ ਹਨ। ਆਮ ਆਦਮੀ ਪਾਰਟੀ, ਕਾਂਗਰਸ ਤੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਆਪਣੇ-ਆਪਣੇ ਉਮੀਦਵਾਰ ਪਹਿਲਾਂ ਹੀ ਐਲਾਨ ਦਿੱਤੇ ਗਏ ਹਨ ਪਰ ਬੀਜੇਪੀ ਨੇ ਅਜੇ ਕੋਈ ਐਲਾਨ ਨਹੀਂ ਕੀਤਾ। ਉਂਝ ਵੀ ਮੰਨਿਆ ਜਾ ਰਿਹਾ ਹੈ ਕਿ ਜ਼ਿਮਨੀ ਚੋਣ ਵਿੱਚ ਮੁੱਖ ਮੁਕਾਬਲਾ ਕਾਂਗਰਸ ਉਮੀਦਵਾਰ ਭਾਰਤ ਭੂਸ਼ਣ ਆਸ਼ੂ ਤੇ 'ਆਪ' ਉਮੀਦਵਾਰ ਸੰਜੀਵ ਅਰੋੜਾ ਵਿਚਾਲੇ ਹੀ ਹੋਏਗਾ।

ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਲੁਧਿਆਣਾ ਪੱਛਮੀ ਦੀ ਜ਼ਿਮਨੀ ਚੋਣ ਸੱਤਾਧਾਰੀ ਧਿਰ ਆਮ ਆਦਮੀ ਪਾਰਟੀ ਲਈ ਕਈ ਪੱਖਾਂ ਤੋਂ ਬੇਹੱਦ ਅਹਿਮ ਹੈ। ਪਹਿਲਾ ਇਹ ਕਿ ਲੁਧਿਆਣਾ ਪੱਛਮੀ ਸੀਟ 'ਆਪ' ਕੋਲ ਹੀ ਸੀ। ਇਸ ਕਰਕੇ ਇਸ ਨੂੰ ਬਚਾਉਣਾ ਸੱਤਾਧਾਰੀ ਧਿਰ ਲਈ ਵੱਕਾਰ ਦਾ ਸਵਾਲ ਹੈ। ਦੂਜਾ 'ਆਪ' ਨੇ ਇਸ ਸੀਟ ਤੋਂ ਆਪਣੇ ਰਾਜ ਸਭਾ ਮੈਂਬਰ ਸੰਜੀਵ ਅਰੋੜਾ ਨੂੰ ਮੈਦਾਨ ਵਿੱਚ ਉਤਾਰਿਆ ਹੈ। ਮੰਨਿਆ ਜਾ ਰਿਹਾ ਹੈ ਕਿ ਜੇਕਰ ਉਹ ਵਿਧਾਇਕ ਬਣ ਜਾਂਦੇ ਹਨ ਤਾਂ ਖਾਲੀ ਹੋਈ ਰਾਜ ਸਭਾ ਸੀਟ ਤੋਂ ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ ਨੂੰ ਰਾਜ ਸਭਾ ਭੇਜਿਆ ਜਾਏਗਾ।

ਇਸ ਤੋਂ ਇਲਾਵਾ ਕਾਂਗਰਸ ਲਈ ਵੀ ਇਹ ਸੀਟ ਬੇਹੱਦ ਅਹਿਮ ਹੈ ਕਿਉਂਕਿ ਲੋਕ ਸਭਾ ਚੋਣਾਂ ਵਿੱਚ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਲੁਧਿਆਣਾ ਸੀਟ ਤੋਂ ਬਾਕੀ ਧਿਰਾਂ ਨੂੰ ਪਿਛਾੜ ਦਿੱਤਾ ਸੀ। ਹੁਣ ਪਾਰਟੀ ਪ੍ਰਧਾਨ ਰਾਜਾ ਵੜਿੰਗ ਦੇ ਲੋਕ ਸਭਾ ਹਲਕੇ ਅੰਦਰ ਹੀ ਜ਼ਿਮਨੀ ਚੋਣ ਹੋ ਰਹੀ ਹੈ। ਉਂਝ ਵੀ ਕਾਂਗਰਸ ਨੇ ਆਪਣੇ ਵੱਡੇ ਲੀਡਰ ਭਾਰਤ ਭੂਸ਼ਣ ਆਸ਼ੂ ਨੂੰ ਮੈਦਾਨ ਵਿੱਚ ਉਤਾਰਿਆ ਹੈ। ਕਾਂਗਰਸ ਇਹ ਸੀਟ ਜਿੱਤਣ ਨਾਲ ਹੀ 2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਦਾ ਰਾਹ ਪੱਧਰਾ ਕਰ ਸਕੇਗੀ ਉਧਰ, ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਵੀ ਇਸ ਸੀਟ ਤੋਂ ਆਪਣੇ ਉਮੀਦਵਾਰ ਪਰਉਪਕਾਰ ਸਿੰਘ ਘੁੰਮਣ ਨੂੰ ਵੱਧ ਤੋਂ (ਬਾਕੀ ਸਫਾ 2 'ਤੇ)

### ਕੌਲਜੀਅਮ ਵੱਲੋਂ ਤਿੰਨ ਹਾਈ ਕੋਰਟਾਂ ਦੇ ਮੁੱਖ ਜੱਜਾਂ ਦੀ ਸੁਪਰੀਮ ਕੋਰਟ 'ਚ ਨਿਯੁਕਤੀ ਲਈ ਸਿਫਾਰਸ਼

ਨਵੀਂ ਦਿੱਲੀ, 26 ਮਈ (ਚੜ੍ਹਦੀਕਲਾ ਬਿਊਰੋ) : ਸੁਪਰੀਮ ਕੋਰਟ ਕੌਲਿਜੀਅਮ ਨੇ ਸਿਖਰਲੀ ਕੋਰਟ ਦੇ ਜੱਜ ਵਜੋਂ ਨਿਯੁਕਤੀ ਲਈ ਕਰਨਾਟਕ ਹਾਈ ਕੋਰਟ ਦੇ ਚੀਫ਼ ਜਸਟਿਸ ਐੱਨ.ਵੀ.ਅੰਜਾਰੀਆ, ਗੁਹਾਟੀ ਹਾਈ ਕੋਰਟ ਦੇ ਚੀਫ਼ ਜਸਟਿਸ ਵਿਜੈ ਬਿਸ਼ਨੋਈ ਤੇ ਬੰਬੇ ਹਾਈ ਕੋਰਟ ਦੇ ਜਸਟਿਸ ਅਤੁਲ ਐੱਸ.ਚੰਦੂਰਕਰ ਦੇ ਨਾਵਾਂ ਦੀ ਸਿਫਾਰਸ਼ ਕੀਤੀ ਹੈ। ਚੀਫ਼ ਜਸਟਿਸ ਬੀਆਰ ਗਵਈ ਦੀ ਅਗਵਾਈ ਵਾਲੇ ਪੰਜ ਮੈਂਬਰੀ ਸੁਪਰੀਮ ਕੌਲਿਜੀਅਮ ਵੱਲੋਂ ਇਹ ਫੈਸਲਾ ਕੀਤਾ ਗਿਆ ਹੈ। ਕੌਲਿਜੀਅਮ ਦੇ ਹੋਰਨਾਂ ਮੈਂਬਰਾਂ ਵਿਚ ਜਸਟਿਸ ਸੂਰਿਆ ਕਾਂਤ, ਜਸਟਿਸ ਵਿਕਰਮ ਨਾਥ, ਜਸਟਿਸ ਜੇਕੇ ਮਹੇਸ਼ਵਰੀ ਤੇ ਜਸਟਿਸ ਬੀ.ਵੀ. ਨਾਗਰਤਨਾ ਸ਼ਾਮਲ ਹਨ। ਸਰਕਾਰ ਵੱਲੋਂ ਸਿਫਾਰਸ਼ਾਂ ਮੰਨਣ ਤੇ ਜੱਜਾਂ ਦੀ ਨਿਯੁਕਤੀ ਨੋਟੀਫਾਈ ਕੀਤੇ ਜਾਣ ਮਗਰੋਂ ਸੁਪਰੀਮ ਕੋਰਟ ਕੌਲਿਜੀਅਮ ਦੀ ਕੁੱਲ (ਬਾਕੀ ਸਫਾ 2 'ਤੇ)

## ਗੈਂਗਸਟਰਾਂ ਵੱਲੋਂ ਬੁਲਟਪਰੂਫ਼ ਵਾਹਨ ਵਰਤਣ 'ਤੇ ਹਾਈ ਕੋਰਟ ਨੇ ਪੰਜਾਬ ਸਰਕਾਰ ਨੂੰ ਪਾਈ ਝਿੜਕ

**ਚੜ੍ਹਦੀਕਲਾ ਬਿਊਰੋ**

================



ਚੰਡੀਗੜ੍ਹ, 26 ਮਈ :ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਪੰਜਾਬ ਵਿੱਚ ਵਾਹਨਾਂ ਨੂੰ ਬੁਲੇਟਪਰੂਫ਼ ਵਾਹਨਾਂ ਵਿੱਚ ਬਦਲਣ ਦੀ ਪ੍ਰਕਿਰਿਆ 'ਤੇ ਗੰਭੀਰ ਚਿੰਤਾ ਪ੍ਰਗਟ ਕੀਤੀ ਹੈ। ਇਹ ਮਾਮਲਾ ਉਦੋਂ ਸਾਹਮਣੇ ਆਇਆ ਜਦੋਂ ਪਟੀਸ਼ਨਰ ਕਮਲੇਸ਼ ਨੇ ਖੁਲਾਸਾ ਕੀਤਾ ਕਿ ਉਸ ਦਾ ਪੁੱਤਰ, ਇੱਕ 'ਏ-ਸ਼੍ਰੇਣੀ' ਗੈਂਗਸਟਰ ਹੈ ਜਿਸ ਦੇ ਖਿਲਾਫ ਕੁੱਲ 41 ਅਪਰਾਧਿਕ ਮਾਮਲੇ ਦਰਜ ਹਨ, ਜਿਨ੍ਹਾਂ ਵਿੱਚੋਂ 14 ਮੁਕੱਦਮੇ ਲੰਬਿਤ ਹਨ, ਨੇ ਬਿਨਾਂ ਕਿਸੇ ਕਾਨੂੰਨੀ ਇਜਾਜ਼ਤ ਜਾਂ ਕੰਟਰੋਲ ਦੇ ਪੰਜਾਬ ਵਿੱਚ ਰਜਿਸਟਰਡ ਇੱਕ ਵਾਹਨ ਨੂੰ ਬੁਲੇਟਪਰੂਫ਼ ਵਿੱਚ ਬਦਲ ਦਿੱਤਾ ਸੀ। ਅਦਾਲਤ ਨੇ ਸਥਿਤੀ ਨੂੰ 'ਹੈਰਾਨੀਜਨਕ' ਅਤੇ 'ਚਿੰਤਾਜਨਕ' ਦੱਸਿਆ ਅਤੇ ਕਿਹਾ ਕਿ ਇਹ ਸਾਰਾ ਮੁੱਦਾ ਰਾਜ ਸਰਕਾਰ ਦੀ ਲਾਪਰਵਾਹੀ ਅਤੇ ਨੀਤੀ ਦੀ ਘਾਟ ਨੂੰ ਦਰਸਾਉਂਦਾ ਹੈ। ਇਸ ਗੰਭੀਰ ਮੁੱਦੇ ਨੂੰ ਧਿਆਨ ਵਿੱਚ ਰੱਖਦੇ ਹੋਏ, ਅਦਾਲਤ ਨੇ ਪੁਲਿਸ ਡਾਇਰੈਕਟਰ ਜਨਰਲ ਅਤੇ ਪੰਜਾਬ ਸਰਕਾਰ ਦੇ ਮੁੱਖ ਸਕੱਤਰ ਨੂੰ ਨਿੱਜੀ ਹਲਫ਼ਨਾਮਾ ਦਾਇਰ ਕਰਨ ਦੇ ਨਿਰਦੇਸ਼ ਦਿੱਤੇ ਜਿਸ ਵਿੱਚ ਸਪੱਸ਼ਟ ਕੀਤਾ ਗਿਆ ਹੋਵੇ ਕਿ ਕੀ ਰਾਜ ਵਿੱਚ ਇਸ ਤਰ੍ਹਾਂ ਦੇ ਵਾਹਨ ਸੋਧ ਨੂੰ ਨਿਯਮਤ ਕਰਨ ਲਈ ਕੋਈ ਨੀਤੀ, ਆਦੇਸ਼ ਜਾਂ ਦਿਸ਼ਾ-ਨਿਰਦੇਸ਼ (ਬਾਕੀ ਸਫਾ 2 'ਤੇ)

# ਪਹਿਲੇ ਸਫ਼ੇ ਦੀ ਬਾਕੀ

## ਲੰਬੀਆਂ ਕਤਾਰਾਂ ਅਤੇ ਵਿਚੋਲਿਆਂ

ਤਹਿਤ ਲੋਕਾਂ ਨੂੰ ਰਜਿਸਟਰੀ ਲਈ ਦਸਤਾਵੇਜ਼ ਜਮ੍ਹਾਂ ਕਰਵਾਉਣ, ਪ੍ਰਵਾਨਗੀ, ਅਦਾਇਗੀ ਅਤੇ ਦਫ਼ਤਰ ਆਉਣ ਦਾ ਸਮਾਂ ਲੈਣ ਜਿਹੀ ਸਾਰੀ ਜਾਣਕਾਰੀ ਵਟਸਐਪ ਰਾਹੀਂ ਮਿਲਿਆ ਕਰੇਗੀ ਤਾਂ ਕਿ ਉਹ ਪਲ-ਪਲ ਦੀ ਸੂਚਨਾ ਬਾਰੇ ਜਾਣੂ ਹੋ ਸਕਣ। ਪੰਜਾਬ ਦੇ ਮੁੱਖ ਮੰਤਰੀ ਅਤੇ ਆਪ ਦੇ ਕੌਮੀ ਕਨਵੀਨਰ ਨੇ ਕਿਹਾ ਕਿ ਹੁਣ ਬੇਯਕੀਨੀ ਦਾ ਦੌਰ ਖਤਮ ਹੋ ਗਿਆ ਹੈ ਜਿਸ ਨਾਲ ਸਿਸਟਮ ਵਿੱਚ ਲੋਕਾਂ ਦਾ ਭਰੋਸਾ ਹੋਰ ਵਧੇਗਾ। ਉਨ੍ਹਾਂ ਕਿਹਾ ਕਿ ਆਨਲਾਈਨ ਦਸਤਾਵੇਜ਼ ਜਮ੍ਹਾਂ ਕਰਵਾਉਣ, ਡਿਜੀਟਲ ਵਿਧੀ ਨਾਲ ਅਗਾਊਂ ਪੜਤਾਲ ਕਰਨ ਅਤੇ ਰਜਿਸਟਰੀ ਲਈ ਸਬ-ਰਜਿਸਟਰਾਰ ਦਫ਼ਤਰ ਜਾਣ ਲਈ ਖੁਦ ਹੀ ਸਮੇਂ ਦੀ ਚੋਣ ਕਰਨ ਵਰਗੀਆਂ ਸਹੂਲਤਾਂ ਹੋਣਗੀਆਂ ਅਤੇ ਕਿਸੇ ਵੀ ਨਾਗਰਿਕ ਨੂੰ ਹੁਣ ਲੰਮੀਆਂ ਲਾਈਨਾਂ ਵਿੱਚ ਲੱਗਣ ਅਤੇ ਦਫ਼ਤਰਾਂ ਦੇ ਵਾਰ-ਵਾਰ ਗੇੜੇ ਮਾਰਨ ਦੀ ਲੋੜ ਨਹੀਂ ਹੈ। ਭਗਵੰਤ ਸਿੰਘ ਮਾਨ ਤੇ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ 48 ਘੰਟਿਆਂ ਦੇ ਅੰਦਰ ਅਗਾਊਂ ਪੜਤਾਲ ਕਰਨੀ ਹੋਵੇਗੀ ਅਤੇ ਰਜਿਸਟਰੀ ਕਰਵਾਉਣ ਲਈ ਉਡੀਕ ਨਹੀਂ ਕਰਨੀ ਪਵੇਗੀ ਸਗੋਂ ਰਜਿਸਟਰੀ ਪਹਿਲਾਂ ਤੋਂ ਨਿਰਧਾਰਤ ਸਮੇਂ 'ਤੇ ਹੋਵੇਗੀ ਜਿਸ ਨਾਲ ਲੋਕਾਂ ਦਾ ਸਮਾਂ ਬਚੇਗਾ।

ਮੁੱਖ ਮੰਤਰੀ ਤੇ ਕੌਮੀ ਕਨਵੀਨਰ ਨੇ ਕਿਹਾ ਕਿ ਇਸ ਵਿਵਸਥਾ ਨਾਲ ਏਜੰਟ ਕਲਚਰ ਦਾ ਖਾਤਮਾ ਹੋ ਗਿਆ ਹੈ ਕਿਉਂਕਿ ਹੁਣ ਨਗਦੀ ਦੀ ਬਜਾਏ ਆਨਲਾਈਨ ਫੀਸ ਦਾ ਭੁਗਤਾਨ ਹੋਵੇਗਾ ਅਤੇ ਰਿਸ਼ਵਤ ਮੰਗਣ ਬਾਰੇ ਸ਼ਿਕਾਇਤ ਦੇਣ ਲਈ ਵਟਸਐਪ ਨੰਬਰ ਦੀ ਸ਼ੁਰੂਆਤ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਸੇਲ ਡੀਡ ਦਾ ਖਰੜਾ ਖੁਦ ਤਿਆਰ ਕਰਨ ਦੀ ਵਿਵਸਥਾ ਕੀਤੀ ਗਈ ਹੈ। ਇਸ ਤੋਂ ਇਲਾਵਾ ਸੇਵਾ ਸਹਾਇਕਾਂ ਰਾਹੀਂ ਘਰ ਬੈਠਿਆਂ ਰਜਿਸਟਰੀ ਦੇ ਦਸਤਾਵੇਜ਼ ਤਿਆਰ ਕਰਨ ਲਈ ਸੇਵਾਵਾਂ ਹਾਸਲ ਹੋਣਗੀਆਂ ਜਿਸ ਨਾਲ ਲੋਕਾਂ ਨੂੰ ਸੇਲ ਡੀਡ ਤਿਆਰ ਕਰਨ ਲਈ ਪ੍ਰਾਈਵੇਟ ਲੋਕਾਂ ਅਤੇ ਵਿਚੋਲਿਆਂ ਰਾਹੀਂ ਵਸੂਲੀਆਂ ਜਾਂਦੀਆਂ ਮੋਟੀਆਂ ਫੀਸਾਂ ਨਹੀਂ ਦੇਣੀਆਂ ਪੈਣਗੀਆਂ। ਭਗਵੰਤ ਸਿੰਘ ਮਾਨ ਅਤੇ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਨਾਗਰਿਕ 'ਡਰਾਫਟ ਮਾਈ ਡੀਡ' ਸੁਵਿਧਾ ਦੀ ਵਰਤੋਂ ਕਰਕੇ ਆਪਣਾ ਦਸਤਾਵੇਜ਼ ਖੁਦ ਤਿਆਰ ਕਰ ਸਕਦੇ ਹਨ ਜਾਂ ਸੇਵਾ ਕੇਂਦਰਾਂ ਜਾਂ ਸੇਵਾ ਸਹਾਇਕਾਂ ਰਾਹੀਂ ਨਿਰਧਾਰਤ ਅਤੇ ਘੱਟ ਫੀਸ ਨਾਲ ਸਹਾਇਤਾ ਲੈ ਸਕਦੇ ਹਨ।

ਮੁੱਖ ਮੰਤਰੀ ਅਤੇ 'ਆਪ' ਦੇ ਕੌਮੀ ਕਨਵੀਨਰ ਨੇ ਕਿਹਾ ਕਿ ਇਹ ਕਦਮ ਸਵੈ-ਨਿਰਭਰਤਾ ਵਧਾਉਣ ਦੇ ਨਾਲ ਤੇ ਪ੍ਰਾਈਵੇਟ ਲੋਕਾਂ 'ਤੇ ਨਿਰਭਰਤਾ ਘਟਾਉਂਦਾ ਹੈ ਅਤੇ ਲੋਕਾਂ ਨੂੰ ਸਰਕਾਰੀ ਸਿਸਟਮ ਵਿੱਚ ਹੋਰ ਤਾਕਤਵਰ ਬਣਾਉਂਦਾ ਹੈ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਰਜਿਸਟ੍ਰੇਸ਼ਨ ਦੀ ਫੀਸ ਦੇ ਭੁਗਤਾਨ ਲਈ ਬੈਂਕਾਂ ਵੱਲ ਨਹੀਂ ਭੱਜਣਾ ਪਵੇਗਾ। ਉਨ੍ਹਾਂ ਕਿਹਾ ਕਿ ਆਨਲਾਈਨ ਭੁਗਤਾਨ ਲਈ ਵਿਸ਼ੇਸ਼ ਗੇਟਵੇ ਨਾਗਰਿਕਾਂ ਨੂੰ ਡਿਜੀਟਲ ਲੈਣ-ਦੇਣ ਵਿੱਚ ਸਾਰੀਆਂ ਫੀਸਾਂ (ਜਿਵੇਂ ਸਟੈਂਪ ਡਿਊਟੀ, ਰਜਿਸਟ੍ਰੇਸ਼ਨ ਫੀਸ) ਦਾ ਭੁਗਤਾਨ ਕਰਨ ਦੀ ਆਗਿਆ ਦਿੰਦਾ ਹੈ ਜਿਸ ਨਾਲ ਬੈਂਕਾਂ ਵਿੱਚ ਆ ਕੇ ਡਿਮਾਂਡ ਡਰਾਫਟ ਤਿਆਰ ਕਰਨ ਦੀ ਲੋੜ ਨਹੀਂ ਰਹੀ ਅਤੇ ਨਗਦੀ ਕੋਲ ਹੋਣ ਕਰਕੇ ਸੁਰੱਖਿਆ ਦੀ ਚਿੰਤਾ ਵੀ ਨਹੀਂ ਰਹੇਗੀ। ਇਸ ਸਿਸਟਮ ਨੂੰ ਲੋਕਾਂ ਦਾ ਸਮਾਂ, ਪੈਸਾ ਅਤੇ ਊਰਜਾ ਦੀ ਬੱਚਤ ਕਰਨ ਵਾਲਾ ਮਹੱਤਵਪੂਰਨ ਕਦਮ ਦੱਸਦਿਆਂ ਭਗਵੰਤ ਸਿੰਘ ਮਾਨ ਅਤੇ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ 48 ਘੰਟਿਆਂ ਦੇ ਅੰਦਰ ਦਸਤਾਵੇਜ਼ਾਂ ਦੀ ਅਗਾਊਂ ਪੜਤਾਲ ਹੋਵੇਗੀ ਅਤੇ ਤੈਅ ਸਮੇਂ ਮੁਤਾਬਕ ਰਜਿਸਟ੍ਰੇਸ਼ਨ ਹੋਵੇਗੀ ਜਿਸ ਨਾਲ ਕਬੀਲਦਾਰੀਆਂ ਵਿੱਚ ਰੁੱਝੇ ਲੋਕਾਂ ਜਾਂ ਨੌਕਰੀਪੇਸ਼ਾ ਲੋਕਾਂ ਦਾ ਸਮਾਂ ਖਰਾਬ ਨਹੀਂ ਹੋਵੇਗਾ ਅਤੇ ਅਜਿਹੇ ਤੌਰ 'ਤੇ ਵਿੱਤੀ ਬੱਚਤ ਵੀ ਹੋਵੇਗੀ।

ਮੁੱਖ ਮੰਤਰੀ ਅਤੇ 'ਆਪ' ਦੇ ਕੌਮੀ ਕਨਵੀਨਰ ਨੇ ਕਿਹਾ ਕਿ ਸਰਕਾਰ ਦੇ ਨਿਰਧਾਰਤ ਰੇਟ ਅਤੇ 'ਕੈਲਕੂਲੇਟ ਮਾਈ ਫੀਸ' ਦੇ ਆਨਲਾਈਨ ਪੋਰਟਲ ਰਾਹੀਂ ਲੋਕ ਆਪਣੇ ਖਰਚਿਆਂ ਦੀ ਵਿਵਸਥਾ ਚੰਗੀ ਢੰਗ ਨਾਲ ਕਰ ਸਕਣਗੇ ਅਤੇ ਏਜੰਟਾਂ ਉਤੇ ਨਿਰਭਰਤਾ ਖਤਮ ਹੋਣ ਨਾਲ ਮੌਕੇ ਉਤੇ ਵੱਧ ਪੈਸੇ ਮੰਗਣ ਜਾਂ ਲੁਕਵੇਂ ਖਰਚਿਆਂ ਦੀ ਵਿਵਸਥਾ ਖਤਮ ਹੋਵੇਗੀ ਜਿਸ ਨਾਲ ਲੋਕਾਂ ਨੂੰ ਆਪਣਾ ਵਿੱਤੀ ਪ੍ਰਬੰਧਨ ਸੁਧਾਰਨ ਦਾ ਮੌਕਾ ਮਿਲੇਗਾ। ਉਨ੍ਹਾਂ ਕਿਹਾ ਕਿ ਨਵੇਂ ਸਿਸਟਮ ਦੇ ਮੁਤਾਬਕ ਨਿਰਵਿਘਨ ਰਜਿਸਟ੍ਰੇਸ਼ਨ ਦੇ ਪਰਮਾਣ ਲੋਕਾਂ ਦਾ ਪੈਸਾ ਤੇ ਸਮਾਂ ਬਚਾਉਣ ਦੇ ਨਾਲ-ਨਾਲ ਮਨ ਨੂੰ ਸਕੂਨ ਦੇਣ ਵਾਲਾ ਬਣਾਇਆ ਗਿਆ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਵਿਲੱਖਣ ਪ੍ਰੋਗਰਾਮ 'ਸਿੱਧੇ ਚਾਹੋ, ਰਜਿਸਟਰੀ ਕਰਵਾਓ' ਦੇ ਮੁਤਾਬਕ ਕੰਮ ਕਰੇਗਾ ਜੋ ਲੋਕਾਂ ਨੂੰ ਸਥਾਨਕ ਦੀ ਬਜਾਏ ਜ਼ਿਲ੍ਹੇ ਦੇ ਕਿਸੇ ਵੀ ਸਬ-ਰਜਿਸਟਰਾਰ ਦਫ਼ਤਰ ਤੋਂ ਰਜਿਸਟਰੀ ਕਰਵਾਉਣ ਦੀ ਖੁੱਲ੍ਹ ਦੇਵੇਗਾ। ਉਨ੍ਹਾਂ ਕਿਹਾ ਕਿ ਇਸ ਦੀ ਸ਼ੁਰੂਆਤ ਮੋਹਾਲੀ ਤੋਂ ਸਫਲਤਾਪੂਰਵਕ ਕੀਤੀ ਗਈ ਹੈ ਅਤੇ ਹੁਣ ਇਕ ਹਫ਼ਤੇ ਦਿਨਾਂ ਵਿੱਚ ਇਸ ਨੂੰ ਪੂਰੇ ਸੂਬੇ ਵਿੱਚ ਲਾਗੂ ਕੀਤਾ ਜਾਵੇਗਾ।

ਮੁੱਖ ਮੰਤਰੀ ਅਤੇ @ਆਪ@ ਦੇ ਕੌਮੀ ਕਨਵੀਨਰ ਨੇ ਕਿਹਾ ਕਿ ਸੂਬੇ ਭਰ ਵਿੱਚ 15 ਜੁਲਾਈ ਤੋਂ ਇਸ ਪ੍ਰਣਾਲੀ ਦੀ ਸ਼ੁਰੂਆਤ ਹੋਵੇਗੀ। ਉਨ੍ਹਾਂ ਅੱਗੇ ਦੱਸਿਆ ਕਿ 15 ਜੁਲਾਈ ਤੋਂ 1 ਅਗਸਤ ਤੱਕ ਇਸ ਪ੍ਰਣਾਲੀ ਦਾ ਟ੍ਰਾਇਲ ਸੂਬੇ ਦੇ ਹਰ ਜ਼ਿਲ੍ਹੇ ਵਿੱਚ ਕੀਤਾ ਜਾਵੇਗਾ। ਭਗਵੰਤ ਸਿੰਘ ਮਾਨ ਅਤੇ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ 1 ਅਗਸਤ ਤੋਂ ਆਮ ਆਦਮੀ ਦੀ ਸਹੂਲਤ ਲਈ ਇਹ ਪ੍ਰਣਾਲੀ ਪੂਰੇ ਸੂਬੇ ਵਿੱਚ ਪੂਰਨ ਤੌਰ 'ਤੇ ਲਾਗੂ ਹੋ ਜਾਵੇਗੀ।

ਮੁੱਖ ਮੰਤਰੀ ਨੇ ਕਿਹਾ ਕਿ ਨਵੇਂ ਸਿਸਟਮ ਮੁਤਾਬਕ ਜੇਕਰ ਰਜਿਸਟਰੀ ਦੇ ਦਸਤਾਵੇਜ਼ਾਂ ਦੀ ਦਰੁਸਤੀ ਹੋਣੀ ਹੈ ਤਾਂ ਉਸ ਬਾਰੇ ਪਹਿਲਾਂ ਹੀ ਸੂਚਿਤ ਕਰ ਦਿੱਤਾ ਜਾਵੇਗਾ ਤਾਂ ਕਿ ਰਜਿਸਟਰੀ ਵਾਲੇ ਦਿਨ ਮੌਕੇ ਉਤੇ ਅਜਿਹੀ ਕੋਈ ਦਿੱਕਤ ਪੇਸ਼ ਨਾ ਆਵੇ। ਉਨ੍ਹਾਂ ਕਿਹਾ ਕਿ ਜੇਕਰ ਸਬ-ਰਜਿਸਟਰਾਰ/ਤਹਿਸੀਲਦਾਰ ਦਸਤਾਵੇਜ਼ਾਂ ਉਤੇ ਕੋਈ ਇਤਰਾਜ਼ ਲਾਉਂਦਾ ਹੈ ਤਾਂ ਸਬੰਧਤ ਵਿਅਕਤੀ ਨੂੰ ਉਸੇ ਵੇਲੇ ਮੋਬਾਈਲ ਸੰਦੇਸ਼ ਜ਼ਰੀਏ ਪਤਾ ਲੱਗ ਜਾਵੇਗਾ ਅਤੇ ਡਿਪਟੀ ਕਮਿਸ਼ਨਰ ਅਤੇ ਐਸ.ਡੀ.ਐਮ. ਜਿਹੇ ਸੀਨੀਅਰ ਅਧਿਕਾਰੀ ਇਨ੍ਹਾਂ ਸਾਰੇ ਇਤਰਾਜ਼ਾਂ ਦੀ ਸਚਾਈ ਜਾਨਣ ਲਈ ਘੋਖ ਵੀ ਕਰਨਗੇ। ਭਗਵੰਤ ਸਿੰਘ ਮਾਨ ਅਤੇ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਇਸ ਕਦਮ ਨਾਲ ਭ੍ਰਿਸ਼ਟਾਚਾਰ ਨੂੰ ਨੱਥ ਪਵੇਗੀ ਅਤੇ ਜੇਕਰ ਕੋਈ ਜਾਣਬੁੱਝ ਕੇ ਦੇਰੀ ਕਰਦਾ ਹੈ ਤਾਂ ਉਸ ਖਿਲਾਫ ਸਖ਼ਤ ਕਾਰਵਾਈ ਹੋਵੇਗੀ।

ਮੁੱਖ ਮੰਤਰੀ ਅਤੇ ਆਪ ਦੇ ਕੌਮੀ ਕਨਵੀਨਰ ਨੇ ਕਿਹਾ ਕਿ ਰਜਿਸਟਰੀ ਨੂੰ ਲੈ ਕੇ ਜੇਕਰ ਕਿਸੇ ਨੂੰ ਸ਼ਿਕਾਇਤ ਹੈ ਤਾਂ ਵਟਸਐਪ ਰਾਹੀਂ ਸ਼ਿਕਾਇਤ ਦਰਜ ਕਰਵਾਈ ਜਾ ਸਕਦੀ ਹੈ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਨਾਗਰਿਕ ਪਾਸੋਂ ਰਿਸ਼ਵਤ ਮੰਗੀ ਜਾਂਦੀ ਹੈ ਤਾਂ ਵਟਸਐਪ ਲਿੰਕ ਰਾਹੀਂ ਤੁਰੰਤ ਸ਼ਿਕਾਇਤ ਦਰਜ ਕਰਵਾ ਸਕਦਾ ਹੈ ਅਤੇ ਰਿਸ਼ਵਤ ਮੰਗਣ ਵਾਲੇ ਅਧਿਕਾਰੀ ਖਿਲਾਫ ਕੀਤੀ ਗਈ ਕਾਰਵਾਈ ਬਾਰੇ ਤਾਜ਼ਾ ਜਾਣਕਾਰੀ ਵੀ ਮਿਲੇਗੀ। ਭਗਵੰਤ ਸਿੰਘ ਮਾਨ ਅਤੇ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਇਸ ਵਿਲੱਖਣ ਪਹਿਲਕਦਮੀ ਨੇ ਜਨਤਕ ਸੇਵਾਵਾਂ ਦੇ ਖੇਤਰ ਵਿੱਚ ਨਵੇਂ ਦਿਸਹੱਦੇ ਕਾਇਮ ਕੀਤੇ ਹਨ ਕਿਉਂ ਜੋ ਹੁਣ ਲੋਕਾਂ ਨੂੰ ਘਰ ਬੈਠਿਆਂ ਬਿਨਾਂ ਕਿਸੇ ਪ੍ਰੇਸ਼ਾਨੀ ਤੋਂ ਨਾਗਰਿਕ ਕੇਂਦਰਿਤ ਸੇਵਾਵਾਂ ਮਿਲ ਰਹੀਆਂ ਹਨ।

ਮੁੱਖ ਮੰਤਰੀ ਅਤੇ @ਆਪ@ ਦੇ ਕੌਮੀ ਕਨਵੀਨਰ ਨੇ ਕਿਹਾ ਕਿ ਤਹਿਸੀਲਾਂ ਵਿੱਚ ਭ੍ਰਿਸ਼ਟਾਚਾਰ ਦੀਆਂ ਜੜ੍ਹਾਂ ਬਹੁਤ ਡੂੰਘੀਆਂ ਅਤੇ ਗੁੰਝਲਦਾਰ ਹਨ ਪਰ ਇਹ ਪ੍ਰਣਾਲੀ ਇਸ ਅਲਾਮਤ ਦੇ ਖਾਤਮੇ ਵੱਲ ਇਕ ਕ੍ਰਾਂਤੀਕਾਰੀ ਕਦਮ ਹੈ। ਉਨ੍ਹਾਂ ਕਿਹਾ ਕਿ ਦੇਸ਼ ਦੇ ਕਿਸੇ ਹੋਰ ਸੂਬੇ ਵਿੱਚ ਇੰਨੀ ਮਜ਼ਬੂਤ ਰਜਿਸਟ੍ਰੇਸ਼ਨ ਪ੍ਰਣਾਲੀ ਨਹੀਂ ਹੈ ਅਤੇ ਇਹ ਪ੍ਰਣਾਲੀ ਜਨਤਕ ਸਹੂਲਤ ਲਈ ਨਵੇਂ ਯੁੱਗ ਦੀ ਸ਼ੁਰੂਆਤ ਕਰੇਗਾ। ਭਗਵੰਤ ਸਿੰਘ ਮਾਨ ਅਤੇ ਅਰਵਿੰਦ ਕੇਜਰੀਵਾਲ ਨੇ ਉਮੀਦ ਪ੍ਰਗਟਾਈ ਕਿ ਇਹ ਵਿਵਸਥਾ ਦੇਸ਼ ਦੇ ਹੋਰ ਹਿੱਸਿਆਂ ਵਿੱਚ ਵੀ ਲਾਗੂ ਹੋਵੇਗੀ ਕਿਉਂਕਿ ਦੂਜੇ ਸੂਬਿਆਂ ਲਈ ਪੰਜਾਬ ਚਾਨਣ ਮੁਨਾਰਾ ਬਣ ਕੇ ਉਭਰਿਆ ਹੈ।

## ਕੋਰੋਨਾ ਨੇ ਦਿੱਤੀ ਪੰਜਾਬ 'ਚ ਦਸਤਕ,

ਕੇਂਦਰ ਸਰਕਾਰ ਦੇ ਹਸਪਤਾਲਾਂ ਦੇ ਮਾਹਿਰਾਂ ਦੀ ਇੱਕ ਸਮੀਖਿਆ ਮੀਟਿੰਗ ਡਾਇਰੈਕਟਰ ਜਨਰਲ ਆਫ਼ ਹੈਲਥ ਸਰਵਿਸਿਜ਼ ਦੀ ਪ੍ਰਧਾਨਗੀ ਹੇਠ ਹੋਈ। ਜੇ ਰਾਸ਼ਟਰੀ ਰਾਜਧਾਨੀ ਦੀ ਗੱਲ ਕਰੀਏ ਤਾਂ ਦਿੱਲੀ ਵਿੱਚ ਵੀ ਕੋਰੋਨਾ ਦੇ ਮਾਮਲੇ ਤੇਜ਼ੀ ਨਾਲ ਵਧ ਰਹੇ ਹਨ। ਹੁਣ ਦਿੱਲੀ ਵਿੱਚ ਕੋਰੋਨਾ ਦੇ 104 ਐਕਟਿਵ ਮਾਮਲੇ ਹਨ। ਹਾਲ ਹੀ ਵਿੱਚ, ਦਿੱਲੀ ਦੇ ਸਿਹਤ ਮੰਤਰੀ ਡਾ. ਪੰਕਜ ਸਿੰਘ ਨੇ ਇੱਕ ਵੀਡੀਓ ਜਾਰੀ ਕਰਕੇ ਲੋਕਾਂ ਨੂੰ ਨਾ ਘਬਰਾਉਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਸੀ, ÷ਮੈਨੂੰ ਨਹੀਂ ਲੱਗਦਾ ਕਿ ਕਿਸੇ ਨੂੰ ਘਬਰਾਉਣ ਦੀ ਲੋੜ ਹੈ। ਸਾਡੇ ਸਾਰੇ ਹਸਪਤਾਲ ਹਰ ਸਥਿਤੀ ਲਈ ਤਿਆਰ ਹਨ। ਹਸਪਤਾਲਾਂ ਵਿੱਚ ਆਕਸੀਜਨ ਸਮੇਤ ਹਰ ਚੀਜ਼ ਦਾ ਪੂਰਾ ਪ੍ਰਬੰਧ ਹੈ। ਜੇ ਕੋਈ ਸਥਿਤੀ ਪੈਦਾ ਹੁੰਦੀ ਹੈ, ਤਾਂ ਅਸੀਂ ਪੂਰੀ ਤਰ੍ਹਾਂ ਤਿਆਰ ਹਾਂ। ਇਸ ਦੇ ਨਾਲ ਹੀ, ਦਿੱਲੀ ਵਿੱਚ ਕੋਰੋਨਾ ਸੰਬੰਧੀ ਇੱਕ ਸਲਾਹਕਾਰੀ ਵੀ ਜਾਰੀ ਕੀਤੀ ਗਈ ਹੈ।÷

## ਆਮਦਨ ਤੋਂ ਵੱਧ ਜਾਇਦਾਦ ਬਣਾਉਣ ਦੇ

ਨੂੰ ਗ੍ਰਿਫ਼ਤਾਰ ਕਰਕੇ ਉਸ ਖਿਲਾਫ ਆਮਦਨ ਤੋਂ ਵੱਧ ਜਾਇਦਾਦ ਦਾ ਮਾਮਲਾ ਦਰਜ ਕਰ ਲਿਆ ਗਿਆ ਹੈ। ਡੀਐਸਪੀ ਨੇ ਦੱਸਿਆ ਕਿ ਵਿਜੀਲੈਂਸ ਵਿਭਾਗ ਨੂੰ ਉਸ ਖਿਲਾਫ ਕਈ ਸ਼ੱਕੀ ਵਿੱਤੀ ਲੈਣ-ਦੇਣ ਅਤੇ ਬੇਹਿਸਾਬ ਜਾਇਦਾਦਾਂ ਦੇ ਇਨਪੁਟ ਮਿਲੇ ਸਨ। ਜਿਸ ਤੋਂ ਬਾਅਦ ਵਿਜੀਲੈਂਸ ਟੀਮ ਨੇ ਅਮਨਦੀਪ ਕੌਰ ਦੇ ਸਾਲ 2018 ਤੋਂ ਲੈ ਕੇ 31 ਮਾਰਚ 2025 ਤੱਕ ਵਿੱਤੀ ਜਾਂਚ ਕੀਤੀ। ਜਿਸ ਵਿੱਚ ਉਸ ਨੇ ਆਪਣੀ ਆਮਦਨ ਤੋਂ 28 ਫੀਸਦੀ ਜ਼ਿਆਦਾ ਪੈਸੇ ਖਰਚ ਕੀਤੇ ਹਨ। ਰਿਕਾਰਡ ਅਨੁਸਾਰ ਅਮਨਦੀਪ ਕੌਰ ਨੇ ਪਿਛਲੇ ਅੱਠ ਸਾਲਾਂ ਵਿੱਚ ਉਸ ਦੀ ਆਮਦਨ 1.8 ਕਰੋੜ ਰੁਪਏ ਆਂਕੀ ਗਈ ਸੀ, ਪਰ ਜਦੋਂ ਵਿਜੀਲੈਂਸ ਨੇ ਹਿਸਾਬ ਲਗਾਉਣਾ ਸ਼ੁਰੂ ਕੀਤਾ, ਤਾਂ ਉਸ ਦਾ ਖਰਚ 1.39 ਕਰੋੜ ਰੁਪਏ ਸਾਹਮਣੇ ਆਇਆ। ਉਸ ਨੇ ਆਪਣੀ ਆਮਦਨ ਤੋਂ 31 ਲੱਖ ਰੁਪਏ ਜ਼ਿਆਦਾ ਖਰਚ ਕੀਤੇ ਹਨ। ਇਹ ਪੈਸੇ ਕਿੱਥੋਂ ਆਏ ਅਤੇ ਕਿਸ ਰੂਪ ਵਿੱਚ ਕਮਾਏ ਗਏ ਹਨ, ਇਸ ਦੀ ਜਾਂਚ ਕਰਨ ਲਈ ਉਸ ਨੂੰ ਅਦਾਲਤ ਵਿੱਚ ਪੇਸ਼ ਕਰਕੇ ਰਿਮਾਂਡ ਹਾਸਲ ਕੀਤਾ ਜਾਵੇਗਾ, ਤਾਂ ਜੋ ਪੁੱਛਗਿੱਛ ਦੇ ਆਧਾਰ 'ਤੇ ਅਗਲੀ ਕਾਰਵਾਈ ਨੂੰ ਅੰਜਾਮ ਦਿੱਤਾ ਜਾ ਸਕੇ। ਵਿਜੀਲੈਂਸ ਟੀਮ ਨੇ ਅਮਨਦੀਪ ਤੋਂ ਉਸ ਦੀ ਆਮਦਨ ਦਾ ਰਿਕਾਰਡ ਹਾਸਲ ਕਰਨਾ ਹੈ। ਵਿਜੀਲੈਂਸ ਇਹ ਜਾਨਣਾ ਚਾਹੁੰਦੀ ਹੈ ਕਿ ਇੱਕ ਕਾਂਸਟੇਬਲ ਦੀ ਆਮਦਨ ਵਿੱਚ ਇਸ ਤਰ੍ਹਾਂ ਦੀ ਸ਼ਾਨੋ-ਸ਼ੌਕਤ ਕਿਵੇਂ ਸੰਭਵ ਹੋਈ। ਜਾਂਚ ਵਿੱਚ ਅਮਨਦੀਪ ਕੌਰ ਦੀਆਂ ਜਾਇਦਾਦਾਂ, ਬੈਂਕ ਖਾਤਿਆਂ ਅਤੇ ਕਥਿਤ ਸਬੰਧਾਂ ਦੀ ਵੀ ਡੂੰਘਾਈ ਨਾਲ ਪੜਤਾਲ ਕੀਤੀ ਜਾਵੇਗੀ।

ਗੌਰਤਲਬ ਹੈ ਕਿ ਆਪਣੇ ਇੰਸਟਾਗ੍ਰਾਮ ਮੀਡੀਆ ਅਕਾਊਂਟ 'ਤੇ ਲਗਾਤਾਰ ਗੀਤਾਂ ਦੀਆਂ ਰੀਲਾਂ ਪੋਸਟ ਕਰਨ ਕਾਰਨ 'ਇੰਸਟਾ ਕੁਈਨ' ਦੇ ਨਾਮ ਨਾਲ ਮਸ਼ਹੂਰ ਬਰਖਾਸਤ ਮਹਿਲਾ ਪੁਲਿਸ ਕਾਂਸਟੇਬਲ ਅਮਨਦੀਪ ਕੌਰ ਨੂੰ ਬੀਤੀ 3 ਅਪ੍ਰੈਲ 2025 ਨੂੰ ਬਠਿੰਡਾ ਦੇ ਬਾਦਲ ਰੋਡ 'ਤੇ ਇੱਕ ਥਾਰ ਗੱਡੀ ਸਮੇਤ 17.71 ਗ੍ਰਾਮ ਚਿੱਟੇ ਸਮੇਤ ਨਾਲ ਗ੍ਰਿਫ਼ਤਾਰ ਕੀਤਾ ਗਿਆ ਸੀ। ਉਸ ਤੋਂ ਬਾਅਦ ਉਸ ਦੇ ਦੋਸਤ ਬਲਵਿੰਦਰ ਸੋਨੂੰ ਨੂੰ ਵੀ ਕੁਝ ਦਿਨਾਂ ਬਾਅਦ ਇਸ ਮਾਮਲੇ ਵਿੱਚ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਮਹਿਲਾ ਪੁਲਿਸ ਕਾਂਸਟੇਬਲ ਦੀ ਗ੍ਰਿਫ਼ਤਾਰੀ ਤੋਂ ਬਾਅਦ ਉਸ ਦੀ ਜਾਇਦਾਦ ਬਾਰੇ ਕਈ ਅਹਿਮ ਖੁਲਾਸੇ ਹੋਏ ਸਨ, ਜਿਸ ਤੋਂ ਬਾਅਦ ਪੰਜਾਬ ਸਰਕਾਰ ਨੇ ਮਾਮਲੇ ਦੀ ਜਾਂਚ ਵਿਜੀਲੈਂਸ ਨੂੰ ਸੌਂਪ ਦਿੱਤੀ ਸੀ। ਪਿਛਲੇ ਕੁਝ ਦਿਨਾਂ ਤੋਂ ਪੁਲਿਸ ਦੁਆਰਾ ਕੀਤੀ ਜਾ ਰਹੀ ਜਾਂਚ ਤੋਂ ਬਾਅਦ ਸੋਮਵਾਰ ਨੂੰ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਵਿਜੀਲੈਂਸ ਜਾਂਚ ਵਿੱਚ ਪਤਾ ਚੱਲਿਆ ਹੈ ਕਿ ਅਮਨਦੀਪ ਕੌਰ ਦੇ ਕੋਲ ਕਾਫੀ ਜਾਇਦਾਦ ਹੈ। ਹੁਣ ਵਿਜੀਲੈਂਸ ਉਸ ਤੋਂ ਨੌਕਰੀ ਦੌਰਾਨ ਅਰਜਿਤ ਜਾਇਦਾਦ ਬਾਰੇ ਵਿਸਤਾਰ ਨਾਲ ਪੁੱਛਗਿੱਛ ਕੀਤੀ ਜਾਵੇਗੀ। ਉਹੀ ਪੰਜਾਬ ਪੁਲਿਸ ਦੀ ਤਰਫ਼ੋਂ ਦਰਜ ਡਰੱਗਜ਼ ਮਾਮਲੇ ਵਿੱਚ ਫਿਲਹਾਲ ਉਹ ਜ਼ਮਾਨਤ 'ਤੇ ਬਾਹਰ ਸੀ। ਇੰਸਟਾਗ੍ਰਾਮ ਮੀਡੀਆ ਅਤੇ ਮੀਡੀਆ ਵਿੱਚ ਉਹ ਲਗਾਤਾਰ ਆਪਣੀ ਲਗਜ਼ਰੀ ਜੀਵਨ ਸ਼ੈਲੀ, ਰੋਲੈਕਸ ਘੜੀ, ਥਾਰ ਐੱਸਯੂਵੀ ਗੱਡੀ ਅਤੇ ਮਹਿੰਗੇ ਮਕਾਨ ਨੂੰ ਲੈ ਕੇ ਸੁਰਖੀਆਂ ਵਿੱਚ ਬਣੀ ਰਹੀ। ਹਾਲ ਹੀ ਵਿੱਚ ਇੰਸਟਾਗ੍ਰਾਮ ਮੀਡੀਆ ਵਿੱਚ ਦਿੱਤੇ ਇੱਕ ਇੰਟਰਵਿਊ ਵਿੱਚ ਅਮਨਦੀਪ ਨੇ ਦਾਅਵਾ ਕੀਤਾ ਹੈ ਕਿ ਉਸ ਨੂੰ ਝੂਠਾ ਫਸਾਇਆ ਗਿਆ ਹੈ ਅਤੇ ਉਹ ਨਿਰਦੋਸ਼ ਹੈ।

## ਸਾਡੀਆਂ ਭੈਣਾਂ ਦਾ ਸਿੰਦੂਰ ਮਿਟਾਉਣ

ਉਨ੍ਹਾਂ ਨੇ ਅਹਿਮਦਾਬਾਦ-ਵੇਰਾਵਲ ਵੰਦੇ ਭਾਰਤ ਸੇਵਾ ਅਤੇ ਵਲਸਾਡ-ਦਾਹੋਦ ਐਕਸਪ੍ਰੈਸ ਟ੍ਰੇਨ ਨੂੰ ਹਰੀ ਝੰਡੀ ਦਿਖਾਈ ਅਤੇ ਇਕੱਠ ਨੂੰ ਦੱਸਿਆ ਕਿ ਭਾਰਤ ਆਧੁਨਿਕ ਵੰਦੇ ਭਾਰਤ ਟਰੇਨਾਂ ਹੁਣ ਦੇਸ਼ ਭਰ ਦੇ 70 ਰੂਟਾਂ 'ਤੇ ਚੱਲ ਰਹੀਆਂ ਹਨ।

## ਬੀ.ਬੀ.ਐਮ.ਬੀ. ਮਾਮਲੇ 'ਤੇ ਹਾਈ ਕੋਰਟ

ਸਤੀਪਾਲ ਜੈਨ ਨੇ ਪੰਜਾਬ ਸਰਕਾਰ 'ਤੇ ਅਦਾਲਤ ਦੇ ਹੁਕਮਾਂ ਦੀ ਉਲੰਘਣਾ ਕਰਨ ਦਾ ਦੋਸ਼ ਲਗਾਇਆ। ਹਰਿਆਣਾ ਸਰਕਾਰ ਦੇ ਵਕੀਲ ਨੇ ਦਲੀਲ ਦਿੱਤੀ ਕਿ ਪੰਜਾਬ ਦਾ ਇਹ ਵਿਵਹਾਰ ਉਸਦੀ ਆਦਤ ਬਣ ਗਿਆ ਹੈ ਅਤੇ ਉਸਦਾ ਹਰ ਕਦਮ ਇਸ ਨੂੰ ਦਰਸਾਉਂਦਾ ਹੈ। ਉਨ੍ਹਾਂ ਇਹ ਵੀ ਸਵਾਲ ਕੀਤਾ ਕਿ ਪੰਜਾਬ ਸਰਕਾਰ ਬੀ.ਬੀ.ਐਮ.ਬੀ. ਨੂੰ ਕਿਸ ਤਰ੍ਹਾਂ ਦੀ ਸੁਰੱਖਿਆ ਪ੍ਰਦਾਨ ਕਰ ਰਹੀ ਹੈ ਕਿਉਂਕਿ ਉਹ ਅਜਿਹਾ ਕਰਨ ਵਿੱਚ ਪੂਰੀ ਤਰ੍ਹਾਂ ਅਸਫਲ ਰਹੀ ਹੈ। ਸਾਰੀਆਂ ਧਿਰਾਂ ਦੀਆਂ ਦਲੀਲਾਂ ਸੁਣਨ ਤੋਂ ਬਾਅਦ, ਅਦਾਲਤ ਨੇ ਇਸ ਮਾਮਲੇ ਵਿੱਚ ਫੈਸਲਾ ਸੁਰੱਖਿਅਤ ਰੱਖ ਲਿਆ ਹੈ।

## ਪੰਜਾਬ ਵਿੱਚ 15 ਤੋਂ 25 ਜੂਨ

ਨੇ ਭਵਿੱਖਬਾਣੀ ਕੀਤੀ ਹੈ ਕਿ ਅੱਜ ਸ਼ਾਮ ਤੋਂ ਮੌਸਮ ਫਿਰ ਵਿਗੜ ਸਕਦਾ ਹੈ।

ਮੌਸਮ ਵਿਭਾਗ ਨੇ ਅੱਜ ਯਾਨੀ 26 ਮਈ ਨੂੰ ਬਾਰਿਸ਼ ਹੋਣ ਦੀ ਭਵਿੱਖਬਾਣੀ ਹੈ। ਅੱਜ ਸ਼ਾਮ ਲਗਭਗ 40 ਤੋਂ 60 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਹਵਾਵਾਂ ਚੱਲ ਸਕਦੀਆਂ ਹਨ। ਸ਼ਾਮ 4:30 ਵਜੇ ਤੋਂ 6:30 ਵਜੇ ਦੇ ਵਿਚਕਾਰ ਮੌਸਮ ਬਦਲ ਸਕਦਾ ਹੈ ਅਤੇ ਤੇਜ਼ ਤੂਫ਼ਾਨ ਦੇ ਨਾਲ ਬਾਰਿਸ਼ ਹੋ ਸਕਦੀ ਹੈ, ਜਦੋਂ ਕਿ 27 ਮਈ ਤੋਂ 30 ਮਈ ਤੱਕ ਰੁਕ-ਰੁਕ ਕੇ ਬਾਰਿਸ਼ ਹੋਣ ਦੀ ਭਵਿੱਖਬਾਣੀ ਕੀਤੀ ਗਈ ਹੈ।

ਭਾਰਤੀ ਮੌਸਮ ਵਿਭਾਗ ਦੇ ਸੀਨੀਅਰ ਮੌਸਮ ਵਿਗਿਆਨੀ ਡਾ. ਆਰ.ਕੇ. ਜੇਨਾਮਨੀ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ 26 ਤੋਂ 30 ਮਈ ਤੱਕ ਮੀਂਹ ਪੈਣ ਦੀ ਸੰਭਾਵਨਾ ਹੈ। ਰੁਕ-ਰੁਕ ਕੇ ਮੀਂਹ ਪਵੇਗਾ। ਅੱਜ ਦਿੱਲੀ ਦਾ ਵੱਧ ਤੋਂ ਵੱਧ ਤਾਪਮਾਨ 38 ਡਿਗਰੀ ਸੈਲਸੀਅਸ ਹੋ ਸਕਦਾ ਹੈ ਜਦੋਂ ਕਿ ਘੱਟੋ-ਘੱਟ ਤਾਪਮਾਨ 27 ਡਿਗਰੀ ਸੈਲਸੀਅਸ ਰਹਿ ਸਕਦਾ ਹੈ। ਜਦੋਂ ਕਿ ਨੋਇਡਾ, ਗਾਜ਼ੀਆਬਾਦ ਅਤੇ ਗੁੜਗਾਉਂ ਦਾ ਵੱਧ ਤੋਂ ਵੱਧ ਤਾਪਮਾਨ ਬਹੁਤ ਘੱਟ ਰਹੇਗਾ। ਇਹ ਲਗਭਗ 34 ਡਿਗਰੀ ਸੈਲਸੀਅਸ ਰਹਿ ਸਕਦਾ ਹੈ ਅਤੇ ਘੱਟੋ-ਘੱਟ ਤਾਪਮਾਨ 22 ਤੋਂ 23 ਡਿਗਰੀ ਸੈਲਸੀਅਸ ਰਹੇਗਾ। ਰੁਕ-ਰੁਕ ਕੇ ਮੀਂਹ ਪੈਂਦਾ ਰਹੇਗਾ। ਕਿਉਂਕਿ ਕਈ ਵਾਰ ਪੱਛਮੀ ਗੜਬੜੀ ਕਾਰਨ ਅਤੇ ਕਈ ਵਾਰ ਅਸਮਾਨੀ ਗਤੀਵਿਧੀਆਂ ਕਾਰਨ, ਮੌਸਮ ਸੁਹਾਵਣਾ ਰਹੇਗਾ।

## ਮੋਦੀ ਸਰਕਾਰ ਦੇ 11 ਸਾਲ ਪੂਰੇ ਹੋਣ

ਸਰਕਾਰ ਨੇ ਦੇਸ਼ ਨੂੰ ਇਸ ਤਰ੍ਹਾਂ ਬਰਬਾਦ ਕਰ ਦਿੱਤਾ ਹੈ ਕਿ ਅੱਛੇ ਦਿਨਾਂ ਦਾ ਵਾਅਦਾ ਹੁਣ ਇੱਕ ਬੇਰਹਿਮ ਸੂਚਨਾ ਸਾਬਤ ਹੋ ਗਿਆ ਹੈ।" ਉਨ੍ਹਾਂ ਆਪਣੀ ਪੋਸਟ ਵਿਚ ਨੌਜਵਾਨਾਂ ਲਈ ਨੌਕਰੀਆਂ, ਕਿਸਾਨਾਂ ਦੀ ਆਮਦਨੀ, ਔਰਤਾਂ ਅਤੇ ਕਮਜ਼ੋਰ ਵਰਗਾ ਦਾ ਮੁੱਦਾ ਚੁੱਕਿਆ। ਆਰਥਿਕਤਾ ਬਾਰੇ ਖੜਗੇ ਨੇ ਦਾਅਵਾ ਕੀਤਾ ਕਿ ਮਹਿੰਗਾਈ ਆਪਣੇ ਸਿਖਰ 'ਤੇ ਹੈ ਅਤੇ ਬੇਰੁਜ਼ਗਾਰੀ ਦਾ ਹੜ੍ਹ ਆਇਆ ਹੋਇਆ ਹੈ। ਉਨ੍ਹਾਂ ਅੱਗੇ ਦਾਅਵਾ ਕੀਤਾ ਕਿ ਖਪਤ ਠੱਪ ਹੈ, ਮੇਕ ਇਨ ਇੰਡੀਆ ਫਲੌਪ ਹੋ ਗਿਆ ਹੈ ਅਤੇ ਅਸਮਾਨਤਾ ਵੀ ਆਪਣੇ ਸਿਖਰ 'ਤੇ ਹੈ।

ਇਸ ਤੋਂ ਇਲਾਵਾ ਖੜਗੇ ਦੋਸ਼ ਲਾਇਆ "ਵਿਸ਼ਵਗੁਰੂ' ਬਣਨ ਦਾ ਵਾਅਦਾ ਸੀ, ਹਰ ਦੇਸ਼ ਨਾਲ ਸਬੰਧ ਵਿਗੜ ਗਏ। ਆਰਐਸਐਸ ਹਰ ਥੰਮ੍ਹ 'ਤੇ ਹਮਲਾ ਕਰਦਾ ਹੈ, ਈਡੀ/ਸੀਬੀਆਈ ਦੀ ਦੁਰਵਰਤੋਂ, ਸੰਸਥਾਵਾਂ ਦੀ ਖੁਦਮੁਖਤਿਆਰੀ ਬਰਬਾਦ ਹੋ ਗਈ।"

## ਲੁਧਿਆਣਾ 'ਚ ਕੌਣ

ਵੱਧ ਵੋਟਾਂ ਦਿਵਾਉਣ ਦੀ ਕੋਸ਼ਿਸ਼ ਕਰਨਗੇ। ਅਕਾਲੀ ਦਲ ਦੀ ਵੋਟ ਪ੍ਰਤੀਸ਼ਤਤਾ ਕਾਫੀ ਹੇਠਾਂ ਆ ਗਈ ਹੈ। ਅਗਲੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਅਕਾਲੀ ਦਲ ਨੂੰ ਆਪਣੇ ਤੋਂ ਦੂਰ ਹੋਏ ਵੋਟਰਾਂ ਦਾ ਭਰੋਸਾ ਜਿੱਤਣਾ ਹੀ ਪਵੇਗਾ। ਭਾਜਪਾ ਨੇ ਹਾਲੇ ਤੱਕ ਉਮੀਦਵਾਰ ਦਾ ਐਲਾਨ ਨਹੀਂ ਕੀਤਾ ਪਰ ਕੇਂਦਰੀ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਲਈ ਇਹ ਸੀਟ ਵੱਕਾਰ ਦਾ ਸੁਆਲ ਹੋਵੇਗੀ। ਲੁਧਿਆਣਾ ਪੱਛਮੀ ਨਿਰੋਲ ਹਿੰਦੂ ਸੀਟ ਹੈ। ਉਂਝ ਵੀ ਲੁਧਿਆਣਾ ਨੂੰ ਰਵਨੀਤ ਬਿੱਟੂ ਦਾ ਗੜ੍ਹ ਮੰਨਿਆ ਜਾਂਦਾ ਹੈ।

ਹਾਸਲ ਅੰਕੜਿਆਂ ਮੁਤਾਬਕ ਲੁਧਿਆਣਾ ਪੱਛਮੀ ਸੀਟ 'ਚ 15.07 ਫ਼ੀਸਦੀ ਦਲਿਤ ਵੋਟਰ ਹਨ ਪਰ ਦਿਹਾਤੀ ਵੋਟਰ ਨਹੀਂ ਹਨ। ਪਿਛਲੇ ਸਾਲ ਹੋਈਆਂ ਲੋਕ ਸਭਾ ਚੋਣਾਂ ਵਿੱਚ ਲੁਧਿਆਣਾ ਪੱਛਮੀ ਵਿਧਾਨ ਸਭਾ ਹਲਕੇ 'ਚੋਂ ਸਭ ਤੋਂ ਵੱਧ 45,424 ਵੋਟਾਂ ਭਾਜਪਾ ਉਮੀਦਵਾਰ ਰਵਨੀਤ ਸਿੰਘ ਬਿੱਟੂ ਨੂੰ ਮਿਲੀਆਂ ਸਨ। ਕਾਂਗਰਸ ਦੇ ਅਮਰਿੰਦਰ ਸਿੰਘ ਰਾਜਾ ਵੜਿੰਗ ਨੂੰ ਇਸ ਅਸੈਂਬਲੀ ਹਲਕੇ 'ਚੋਂ 30,898 ਤੇ 'ਆਪ' ਉਮੀਦਵਾਰ ਅਸ਼ੋਕ ਪਰਾਸ਼ਰ ਪੱਪੀ ਨੂੰ 22,461 ਵੋਟ ਮਿਲੇ ਸਨ।

ਜੇਕਰ ਸਾਲ 2022 ਦੀਆਂ ਵਿਧਾਨ ਸਭਾ ਚੋਣਾਂ ਦੀ ਗੱਲ ਕਰੀਏ ਤਾਂ ਇਸ ਸੀਟ ਤੋਂ 'ਆਪ' ਨੇ 34.47 ਫ਼ੀਸਦੀ ਵੋਟ ਹਾਸਲ ਕੀਤੇ ਸਨ ਜਦੋਂਕਿ ਕਾਂਗਰਸ ਨੂੰ 28.06 ਫ਼ੀਸਦੀ ਤੇ ਭਾਜਪਾ ਦੇ ਹਿੱਸੇ 23.95 ਫ਼ੀਸਦੀ ਵੋਟ ਆਏ ਸਨ। ਸ਼੍ਰੋਮਣੀ ਅਕਾਲੀ ਦਲ ਨੂੰ ਇਸ ਸੀਟ ਤੋਂ 8.59 ਫ਼ੀਸਦੀ ਵੋਟ ਮਿਲੇ ਸਨ। ਆਮ ਤੌਰ 'ਤੇ ਲੁਧਿਆਣਾ ਪੱਛਮੀ 'ਚ ਹਮੇਸ਼ਾ 60 ਫ਼ੀਸਦੀ ਤੋਂ ਉਪਰ ਹੀ ਵੋਟਾਂ ਪੈਂਦੀਆਂ ਰਹੀਆਂ ਹਨ। ਪਿਛਲੇ ਸਾਲ ਲੋਕ ਸਭਾ ਚੋਣਾਂ ਵਿੱਚ ਇਸ ਅਸੈਂਬਲੀ ਹਲਕੇ 'ਚ 63.34 ਫ਼ੀਸਦੀ ਵੋਟ ਪਏ ਸਨ ਜਦੋਂ ਕਿ 2022 ਦੀਆਂ ਵਿਧਾਨ ਸਭਾ ਚੋਣਾਂ 'ਚ ਇਸ ਸੀਟ 'ਤੇ 63.73 ਫ਼ੀਸਦ ਪੋਲਿੰਗ ਹੋਈ ਸੀ। ਇਸੇ ਤਰ੍ਹਾਂ 2019 ਦੀਆਂ ਲੋਕ ਸਭਾ ਚੋਣਾਂ ਦੌਰਾਨ ਇਸ ਹਲਕੇ 'ਚ 62.36 ਫ਼ੀਸਦੀ ਮਤਦਾਨ ਹੋਇਆ ਸੀ ਜਦੋਂ ਕਿ ਸਾਲ 2017 ਦੀਆਂ ਅਸੈਂਬਲੀ ਚੋਣਾਂ ਦੌਰਾਨ ਇਸ ਹਲਕੇ 'ਚ 69.37 ਫ਼ੀਸਦੀ ਵੋਟਾਂ ਪਈਆਂ ਸਨ।

## ਪਾਕਿਸਤਾਨ ਦੀ ਬੇਨਤੀ 'ਤੇ ਡੀ.ਜੀ.ਐਮ.ਓ.

ਹੀ ਲਿਆ ਗਿਆ ਸੀ। ਸੂਤਰਾਂ ਨੇ ਦਸਿਆ ਕਿ ਵਿਦੇਸ਼ ਮਾਮਲਿਆਂ ਦੀ ਸਲਾਹਕਾਰ ਕਮੇਟੀ ਦੇ ਮੈਂਬਰਾਂ ਨੂੰ ਸੰਬੋਧਿਤ ਕਰਦੇ ਹੋਏ ਮੰਤਰੀ ਨੇ ਕਿਹਾ ਕਿ ਪਾਕਿਸਤਾਨ ਦੇ ਡੀ.ਜੀ.ਐਮ.ਓ. ਵਲੋਂ ਟਕਰਾਅ ਰੋਕਣ ਲਈ ਕਹਿਣ ਤੋਂ ਬਾਅਦ ਹੀ ਆਪ੍ਰੇਸ਼ਨ ਸਿੰਦੂਰ ਨੂੰ ਖਤਮ ਕੀਤਾ ਗਿਆ ਅਤੇ ਦੋਹਾਂ ਵਿਚਾਲੇ ਅਮਰੀਕੀ ਵਿਚੋਲਗੀ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਸੂਤਰਾਂ ਨੇ ਦਸਿਆ ਕਿ ਮੰਤਰੀ ਨੇ ਬੈਠਕ 'ਚ ਸੰਸਦ ਮੈਂਬਰਾਂ ਨੂੰ ਦਸਿਆ ਕਿ ਸਿਰਫ ਦੋਹਾਂ ਦੇਸ਼ਾਂ ਦੇ ਡੀ.ਜੀ.ਐਮ.ਓ. ਨੇ ਇਕ-ਦੂਜੇ ਨਾਲ ਗੱਲ ਕੀਤੀ ਅਤੇ ਕਿਸੇ ਹੋਰ ਭਾਰਤੀ ਅਧਿਕਾਰੀ ਨੇ ਪਾਕਿਸਤਾਨ ਨਾਲ ਗੱਲ ਨਹੀਂ ਕੀਤੀ। ਉਨ੍ਹਾਂ ਕਿਹਾ ਕਿ ਅਮਰੀਕਾ ਭਾਰਤ ਨੂੰ ਪਾਕਿਸਤਾਨ ਨਾਲ ਗੱਲਬਾਤ ਕਰਨ ਦੀ ਅਪੀਲ ਕਰ ਰਿਹਾ ਹੈ ਅਤੇ ਉਸ ਨੂੰ ਦਸਿਆ ਗਿਆ ਹੈ ਕਿ ਅਤਿਵਾਦ ਅਤੇ ਗੱਲਬਾਤ ਇਕੱਠੇ ਨਹੀਂ ਚੱਲਣਗੇ। ਬੈਠਕ ਦੌਰਾਨ ਸੰਸਦ ਮੈਂਬਰਾਂ ਵਲੋਂ ਆਪ੍ਰੇਸ਼ਨ ਸਿੰਦੂਰ ਨੂੰ ਰੋਕਣ ਅਤੇ ਅਮਰੀਕਾ ਦੀ ਦਖਲਅੰਦਾਜ਼ੀ ਬਾਰੇ ਪੁੱਛੇ ਗਏ ਕਈ ਸਵਾਲਾਂ ਦੇ ਜਵਾਬ 'ਚ ਵਿਦੇਸ਼ ਮੰਤਰੀ ਨੇ ਮੀਟਿੰਗ 'ਚ ਸੰਸਦ ਮੈਂਬਰਾਂ ਨੂੰ ਦਸਿਆ ਕਿ ਡੀ.ਜੀ.ਐਮ.ਓ. ਨੇ ਅਪਣੇ ਪਾਕਿਸਤਾਨੀ ਹਮਰੁਤਬਾ ਨੂੰ ਸੂਚਿਤ ਕੀਤਾ ਸੀ ਕਿ ਜੇ ਉਹ ਗੋਲੀਬਾਰੀ ਕਰਨਗੇ ਤਾਂ ਭਾਰਤ ਜਵਾਬੀ ਕਾਰਵਾਈ ਕਰੇਗਾ। ਉਨ੍ਹਾਂ ਕਿਹਾ ਕਿ ਪਾਕਿਸਤਾਨ ਵਿਚ ਅਤਿਵਾਦੀ ਕੈਂਪਾਂ ਨੂੰ ਨਿਸ਼ਾਨਾ ਬਣਾ ਕੇ ਕੀਤੇ ਗਏ ਹਮਲਿਆਂ ਨੇ ਪਾਕਿਸਤਾਨੀ ਬਲਾਂ ਦੇ ਮਨੋਬਲ ਨੂੰ ਵੀ ਠੇਸ ਪਹੁੰਚਾਈ ਹੈ। ਸੂਤਰਾਂ ਨੇ ਦਸਿਆ ਕਿ ਮੰਤਰੀ ਨੇ ਦੁਨੀਆਂ ਭਰ 'ਚ ਪਾਕਿਸਤਾਨ ਦਾ ਪਰਦਾਫਾਸ਼ ਕਰਨ ਲਈ ਸਾਰੇ ਸੰਸਦ ਮੈਂਬਰਾਂ ਦਾ ਸਹਿਯੋਗ ਮੰਗਿਆ। ਉਨ੍ਹਾਂ ਕਿਹਾ ਕਿ ਇਹੀ ਕਾਰਨ ਹੈ ਕਿ ਸਰਕਾਰ ਨੇ ਅਤਿਵਾਦ ਵਿਰੁਧ ਭਾਰਤ ਦੇ ਸਾਂਝੇ ਸੰਦੇਸ਼ ਨੂੰ ਦੁਨੀਆਂ ਤਕ ਪਹੁੰਚਾਉਣ ਲਈ ਸੰਸਦ ਮੈਂਬਰਾਂ ਦੇ ਬਹੁ-ਪਾਰਟੀ ਵਫ਼ਦ ਵੱਖ-ਵੱਖ ਦੇਸ਼ਾਂ 'ਚ ਭੇਜੇ ਹਨ। ਸੂਤਰਾਂ ਨੇ ਦਸਿਆ ਕਿ ਕਾਂਗਰਸ ਮੈਂਬਰਾਂ ਨੇ ਸਰਕਾਰ ਤੋਂ ਪੁਛਿਆ ਕਿ ਅਮਰੀਕਾ ਨੇ ਭਾਰਤ ਨੂੰ ਪਾਕਿਸਤਾਨ ਨਾਲ ਕਿਉਂ ਜੋੜਿਆ ਅਤੇ ਬੈਠਕ 'ਚ ਪਾਕਿਸਤਾਨ ਨੂੰ ਆਈ.ਐਮ.ਐਫ. ਦੀ ਮਦਦ ਅਤੇ ਭਾਰਤ ਦੇ ਬਾਹਰ ਰਹਿਣ ਦਾ ਮੁੱਦਾ ਵੀ ਚੁਕਿਆ। ਉਨ੍ਹਾਂ ਕਿਹਾ ਕਿ ਕਾਂਗਰਸ ਨੇ ਚੀਨ ਨਾਲ ਪਾਕਿਸਤਾਨ ਦੇ ਵਧਦੇ ਸਬੰਧਾਂ 'ਤੇ ਵੀ ਚਿੰਤਾ ਜ਼ਾਹਰ ਕੀਤੀ।

## ਆਪ੍ਰੇਸ਼ਨ ਸਿੰਦੂਰ ਦੌਰਾਨ ਤਿੰਨਾਂ ਫ਼ੌਜਾਂ ਦੇ

ਜਦੋਂ ਪਾਕਿਸਤਾਨ ਨੇ ਜਵਾਬੀ ਕਾਰਵਾਈ ਕੀਤੀ, ਤਾਂ ਭਾਰਤ ਨੇ ਜਵਾਬੀ ਕਾਰਵਾਈ ਕਰਦਿਆਂ ਇੱਕ ਹੀ ਝਟਕੇ ਵਿੱਚ ਪਾਕਿਸਤਾਨ ਦੇ 11 ਹਵਾਈ ਅੱਡੇ ਅਤੇ ਫੌਜੀ ਟਿਕਾਣੇ ਤਬਾਹ ਕਰ ਦਿੱਤੇ, ਜਿਸ ਤੋਂ ਬਾਅਦ ਪਾਕਿਸਤਾਨੀ ਫੌਜ ਨੇ ਭਾਰਤੀ ਫੌਜ ਨਾਲ ਸੁਲ੍ਹਾ ਦੀ ਅਪੀਲ ਕੀਤੀ। ਹੁਣ ਇੱਕ ਤਸਵੀਰ ਸਾਹਮਣੇ ਆ ਰਹੀ ਹੈ ਜਿਸ ਵਿੱਚ 'ਆਪ੍ਰੇਸ਼ਨ ਸਿੰਦੂਰ' ਦੌਰਾਨ, ਤਿੰਨਾਂ ਫੌਜਾਂ ਦੇ ਮੁਖੀ ਕੰਟਰੋਲ ਰੂਮ ਵਿੱਚ ਆਪ੍ਰੇਸ਼ਨ ਦੇ ਹਰ ਪਹਿਲੂ 'ਤੇ ਨਜ਼ਰ ਰੱਖ ਰਹੇ ਹਨ। ਇਹ ਤਸਵੀਰ ਲਗਭਗ 17 ਦਿਨਾਂ ਬਾਅਦ ਸਾਹਮਣੇ ਆਈ ਹੈ, ਜਿਸ ਵਿੱਚ ਭਾਰਤ ਦੀਆਂ ਤਿੰਨਾਂ ਸੈਨਾਵਾਂ ਦੇ ਮੁਖੀ ਆਪ੍ਰੇਸ਼ਨ ਸਿੰਦੂਰ ਦੌਰਾਨ ਕੰਟਰੋਲ ਰੂਮ ਵਿੱਚ ਬੈਠੇ ਦਿਖਾਈ ਦੇ ਰਹੇ ਹਨ। ਫੌਜ ਤੋਂ ਮਿਲੀ ਜਾਣਕਾਰੀ ਦੇ ਅਨੁਸਾਰ, ਆਪ੍ਰੇਸ਼ਨ 'ਤੇ ਨੇੜਿਓਂ ਨਜ਼ਰ ਰੱਖੀ ਜਾ ਰਹੀ ਸੀ, ਅਤੇ ਇਹ ਫੋਟੋ 7 ਮਈ ਨੂੰ ਸਵੇਰੇ 01:05 ਵਜੇ ਕਲਿੱਕ ਕੀਤੀ ਗਈ ਸੀ। ਜਿਸ ਵਿੱਚ ਭਾਰਤੀ ਫੌਜ, ਭਾਰਤੀ ਹਵਾਈ ਸੈਨਾ, ਭਾਰਤੀ ਜਲ ਸੈਨਾ ਦੇ ਮੁਖੀਆਂ ਦੇ ਨਾਲ-ਨਾਲ ਆਪ੍ਰੇਸ਼ਨਲ ਮੁਖੀ ਕੰਟਰੋਲ ਰੂਮ ਵਿੱਚ ਮੌਜੂਦ ਸਨ। ਇਸ ਤੋਂ ਇਲਾਵਾ ਪੱਛਮੀ ਕਮਾਂਡ, ਦੱਖਣੀ ਪੱਛਮੀ ਕਮਾਂਡ-ਦੱਖਣੀ ਕਮਾਂਡ ਦੇ 4 ਆਰਮੀ ਕਮਾਂਡਰ ਸਨ ਜੋ ਹਵਾਈ ਸੈਨਾ ਦੇ ਅਧਿਕਾਰੀਆਂ ਨਾਲ ਹਰ ਹਮਲੇ ਦਾ ਤਾਲਮੇਲ ਕਰ ਰਹੇ ਸਨ। ਆਪ੍ਰੇਸ਼ਨ ਸਿੰਦੂਰ ਵਿੱਚ ਪਾਕਿਸਤਾਨ ਤਬਾਹ ਹੋ ਗਿਆ ਸੀ ਅਤੇ ਉਦੋਂ ਤੋਂ ਹੀ ਭਾਰਤ ਨਾਲ ਗੱਲਬਾਤ ਲਈ ਬੇਤਾਬ ਹੈ। ਤੁਹਾਨੂੰ ਦੱਸ ਦੇਈਏ ਕਿ 22 ਅਪ੍ਰੈਲ ਨੂੰ ਪਹਿਲਗਾਮ ਵਿੱਚ ਕੁਝ ਪਾਕਿਸਤਾਨੀ ਅੱਤਵਾਦੀਆਂ ਨੇ 26 ਸੈਲਾਨੀਆਂ ਨੂੰ ਉਨ੍ਹਾਂ ਦਾ ਧਰਮ ਪੁੱਛਣ 'ਤੇ ਮਾਰ ਦਿੱਤਾ ਸੀ, ਜਿਸ ਤੋਂ ਬਾਅਦ ਪੂਰਾ ਦੇਸ਼ ਗੁੱਸੇ ਵਿੱਚ ਆ ਗਿਆ ਅਤੇ ਭਾਰਤ ਸਰਕਾਰ ਤੋਂ ਪਾਕਿਸਤਾਨ ਨੂੰ ਸਬਕ ਸਿਖਾਉਣ ਦੀ ਮੰਗ ਕਰਨ ਲੱਗਾ।

## ਪੀਲੀਭੀਤ 'ਚ ਸਿੱਖ ਪਰਿਵਾਰਾਂ ਦੇ 150 ਲੋਕਾਂ ਦੀ ਘਰ

ਤਾਤਾਰਗੰਜ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਹਿੰਦਰ ਸਿੰਘ ਨੇ ਕਿਹਾ ਕਿ ਪਿੰਡ ਦੇ ਲਗਭਗ 500 ਲੋਕ ਸ਼ੱਕ ਦੇ ਘੇਰੇ ਵਿੱਚ ਹਨ ਕਿਉਂਕਿ ਉਹ ਲੰਬੇ ਸਮੇਂ ਤੋਂ ਗੁਰਦੁਆਰੇ ਨਹੀਂ ਆ ਰਹੇ ਹਨ। ਉਨ੍ਹਾਂ ਇਹ ਵੀ ਕਿਹਾ ਕਿ ਲੋਕਾਂ ਨੂੰ ਕਈ ਵਾਰ ਦੱਸਣ ਦੇ ਬਾਵਜੂਦ,ਲੋਕ ਈਸਾਈ ਧਰਮ ਦੇ ਪ੍ਰਤੀਕਾਂ ਨੂੰ ਅਪਣਾ ਰਹੇ ਹਨ ਅਤੇ ਉਨ੍ਹਾਂ ਨੂੰ ਵਾਹਨਾਂ ਅਤੇ ਹੋਰ ਥਾਵਾਂ 'ਤੇ ਲਗਾ ਰਹੇ ਹਨ। ਇਸ ਲਈ, ਜੋ ਵੀ ਅਜਿਹਾ ਕਰ ਰਹੇ ਹਨ। ਉਨ੍ਹਾਂ ਸਾਰਿਆਂ ਨੂੰ ਗੁਰਦੁਆਰੇ ਵਾਪਸ ਭੇਜਿਆ ਜਾ ਰਿਹਾ ਹੈ ਹਾਲਾਂਕਿ 500 ਸ਼ੱਕੀ ਲੋਕਾਂ ਨੂੰ ਬੁਲਾਇਆ ਗਿਆ ਸੀ, ਜਿਨ੍ਹਾਂ ਵਿੱਚੋਂ ਸਿਰਫ਼ 150 ਲੋਕ ਹੀ ਗੁਰਦੁਆਰੇ ਆਏ ਹਨ। ਵੀ.ਐਚ.ਪੀ. ਦੇ ਜ਼ਿਲ੍ਹਾ ਮੰਤਰੀ ਪ੍ਰਵੀਨ ਮੋਹਨ ਨੇ ਕਿਹਾ ਕਿ ਧਰਮ ਪਰਿਵਰਤਨ ਬਾਰੇ ਜਾਣਕਾਰੀ ਮਿਲਣ 'ਤੇ ਉਹ ਪਿੰਡ ਆਏ ਹਨ ਅਤੇ ਲੋਕਾਂ ਨੂੰ ਜਾਗਰੂਕ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਪੁਜਾਰੀ ਨੇਪਾਲ ਰਾਹੀਂ ਇੱਥੇ ਆਏ ਅਤੇ ਲੋਕਾਂ ਨੂੰ ਗੁੰਮਰਾਹ ਕੀਤਾ ਅਤੇ ਲੋਕਾਂ ਦਾ ਈਸਾਈ ਧਰਮ ਵਿੱਚ ਵਿਸ਼ਵਾਸ ਜਗਾਇਆ ਪਰ ਹੁਣ ਉਹ ਅਜਿਹਾ ਨਹੀਂ ਹੋਣ ਦੇਣਗੇ।

## ਗੈਂਗਸਟਰਾਂ ਵੱਲੋਂ ਬੁਲਟਪਰੂਫ਼ ਵਾਹਨ

ਮੌਜੂਦ ਹਨ। ਅਦਾਲਤ ਖ਼ਾਸ ਤੌਰ 'ਤੇ ਇਹ ਜਾਣਨਾ ਚਾਹੁੰਦੀ ਸੀ ਕਿ ਕੀ ਇਹ ਯਕੀਨੀ ਬਣਾਉਣ ਦਾ ਕੋਈ ਪ੍ਰਬੰਧ ਹੈ ਕਿ ਬੁਲੇਟਪਰੂਫ਼ ਜੈਕਟਾਂ ਵਰਗੇ ਸੁਰੱਖਿਆ ਉਪਕਰਣ ਅਪਰਾਧੀਆਂ, ਅਤਿਵਾਦੀਆਂ ਜਾਂ ਸਮਾਜ ਵਿਰੋਧੀ ਤੱਤਾਂ ਦੇ ਹੱਥਾਂ ਵਿੱਚ ਨਾ ਜਾਣ। ਇਸ ਮਾਮਲੇ ਵਿੱਚ ਪੰਜਾਬ ਦੇ ਪੁਲਿਸ ਡਾਇਰੈਕਟਰ ਜਨਰਲ ਵੱਲੋਂ 6 ਅਪ੍ਰੈਲ, 2025 ਨੂੰ ਦਾਇਰ ਕੀਤੇ ਗਏ ਹਲਫ਼ਨਾਮੇ ਵਿੱਚ, ਭਾਰਤ ਸਰਕਾਰ ਦੇ ਗ੍ਰਹਿ ਮੰਤਰਾਲੇ ਦੀ ਇੱਕ ਪੁਰਾਣੀ ਨੀਤੀ, ਜੋ 16 ਅਪ੍ਰੈਲ, 2003 ਨੂੰ ਜਾਰੀ ਕੀਤੀ ਗਈ ਸੀ, ਦਾ ਹਵਾਲਾ ਦਿੱਤਾ ਗਿਆ ਸੀ। ਇਸ ਨੀਤੀ ਦਾ ਉਦੇਸ਼ ਬੁਲੇਟਪਰੂਫ਼ ਜੈਕਟਾਂ, ਹੈਲਮੇਟ, ਵਾਹਨਾਂ ਆਦਿ ਵਰਗੇ ਸੁਰੱਖਿਆ ਉਪਕਰਨਾਂ ਦੇ ਨਿਰਮਾਣ, ਵੰਡ, ਵਿਕਰੀ ਅਤੇ ਵਰਤੋਂ ਨੂੰ ਨਿਯਮਤ ਕਰਨਾ ਸੀ। ਇਸ ਦੇ ਤਹਿਤ ਇਹ ਸਪੱਸ਼ਟ ਕੀਤਾ ਗਿਆ ਸੀ ਕਿ ਅਜਿਹੀ ਸਮੱਗਰੀ ਸਿਰਫ ਅਧਿਕਾਰਤ ਏਜੰਸੀਆਂ ਜਾਂ ਵਿਅਕਤੀਆਂ ਨੂੰ ਹੀ ਉਪਲਬਧ ਹੋਣੀ ਚਾਹੀਦੀ ਹੈ, ਤਾਂ ਜੋ ਇਹ ਅਤਿਵਾਦੀਆਂ ਅਤੇ ਅਪਰਾਧੀਆਂ ਦੇ ਹੱਥਾਂ ਵਿੱਚ ਨਾ ਜਾਵੇ। ਇਸ ਤੋਂ ਇਲਾਵਾ, ਮੁੱਖ ਸਕੱਤਰ, ਪੰਜਾਬ ਸਰਕਾਰ ਵੱਲੋਂ 8 ਮਈ, 2025 ਨੂੰ ਦਾਇਰ ਕੀਤੇ ਗਏ ਹਲਫ਼ਨਾਮੇ ਵਿੱਚ ਕਿਹਾ ਗਿਆ ਸੀ ਕਿ ਰਾਜ ਸਰਕਾਰ ਨੇ 28 ਅਪ੍ਰੈਲ, 2025 ਨੂੰ ਇੱਕ ਉੱਚ-ਪੱਧਰੀ ਕਮੇਟੀ ਦਾ ਗਠਨ ਕੀਤਾ ਹੈ। ਇਸ ਕਮੇਟੀ ਦਾ ਉਦੇਸ਼ ਇੱਕ ਵਿਆਪਕ ਅਤੇ ਕਾਨੂੰਨੀ ਤੌਰ 'ਤੇ ਲਾਗੂ ਕਰਨ ਯੋਗ ਨੀਤੀ ਤਿਆਰ ਕਰਨਾ ਹੈ ਜੋ ਰਾਜ ਵਿੱਚ ਸੁਰੱਖਿਆ ਉਪਕਰਣਾਂ ਦੇ ਨਿਰਮਾਣ, ਵੰਡ ਅਤੇ ਵਰਤੋਂ ਨੂੰ ਨਿਯਮਤ ਕਰ ਸਕੇ। ਇਸ ਕਮੇਟੀ ਵਿੱਚ ਗ੍ਰਹਿ ਵਿਭਾਗ, ਸੁਰੱਖਿਆ ਵਿਭਾਗ, ਖੁਫੀਆ ਵਿਭਾਗ, ਟਰਾਂਸਪੋਰਟ ਵਿਭਾਗ, ਉਦਯੋਗ ਵਿਭਾਗ ਅਤੇ ਕਾਨੂੰਨ ਵਿਭਾਗ ਦੇ ਸੀਨੀਅਰ ਅਧਿਕਾਰੀਆਂ ਨੂੰ ਸ਼ਾਮਲ ਕੀਤਾ ਗਿਆ ਹੈ। ਕਮੇਟੀ ਵਿੱਚ ਤਕਨੀਕੀ ਮਾਹਿਰਾਂ ਨੂੰ ਸ਼ਾਮਲ ਕਰਨ ਦਾ ਵੀ ਪ੍ਰਬੰਧ ਕੀਤਾ ਗਿਆ ਹੈ। ਅਦਾਲਤ ਨੇ ਇਹ ਵੀ ਦੇਖਿਆ ਕਿ ਰਾਜ ਸਰਕਾਰ ਇਸ ਮੁੱਦੇ 'ਤੇ ਉਦੋਂ ਤੱਕ ਸਰਗਰਮ ਨਹੀਂ ਰਹੀ ਜਦੋਂ ਤੱਕ ਮਾਮਲਾ ਅਦਾਲਤ ਦੇ ਸਾਹਮਣੇ ਨਹੀਂ ਆਇਆ। ਪਟੀਸ਼ਨ ਦੇ ਦਾਇਰੇ ਨੂੰ ਹੋਰ ਵਧਾਉਂਦੇ ਹੋਏ, ਅਦਾਲਤ ਨੇ ਹਰਿਆਣਾ ਸਰਕਾਰ ਅਤੇ ਚੰਡੀਗੜ੍ਹ ਪ੍ਰਸ਼ਾਸਨ ਨੂੰ ਵੀ ਮਾਮਲੇ ਵਿੱਚ ਧਿਰ ਬਣਾਇਆ ਅਤੇ ਦੋਵਾਂ ਦੇ ਮੁੱਖ ਸਕੱਤਰਾਂ ਨੂੰ ਇਹ ਸਪੱਸ਼ਟ ਕਰਨ ਦਾ ਹੁਕਮ ਦਿੱਤਾ ਕਿ ਕੀ ਉਨ੍ਹਾਂ ਕੋਲ ਕੋਈ ਨੀਤੀ ਜਾਂ ਦਿਸ਼ਾ-ਨਿਰਦੇਸ਼ ਹਨ ਜੋ ਸੁਰੱਖਿਆ ਉਪਕਰਣਾਂ ਦੇ ਨਿਰਮਾਣ ਅਤੇ ਵੰਡ ਨੂੰ ਨਿਯਮਤ ਕਰਦੇ ਹਨ। ਇਸ ਤੋਂ ਇਲਾਵਾ, ਭਾਰਤ ਸਰਕਾਰ ਦੇ ਸੜਕ ਆਵਾਜਾਈ ਅਤੇ ਰਾਜਮਾਰਗ ਮੰਤਰਾਲੇ ਨੂੰ ਇਹ ਦੱਸਣ ਦਾ ਨਿਰਦੇਸ਼ ਦਿੱਤਾ ਗਿਆ ਸੀ ਕਿ ਕੀ ਵਾਹਨਾਂ ਨੂੰ ਬੁਲੇਟਪਰੂਫ਼ ਵਿੱਚ ਬਦਲਣ ਸੰਬੰਧੀ ਰਾਸ਼ਟਰੀ ਪੱਧਰ 'ਤੇ ਕੋਈ ਖਾਸ ਨੀਤੀ ਜਾਂ ਨਿਯਮ ਮੌਜੂਦ ਹੈ। ਅਦਾਲਤ ਨੇ ਕਿਹਾ ਕਿ ਇਸ ਮੁੱਦੇ 'ਤੇ ਕੇਂਦਰ ਸਰਕਾਰ ਦੀ ਭੂਮਿਕਾ ਵੀ ਬਹੁਤ ਮਹੱਤਵਪੂਰਨ ਹੈ ਕਿਉਂਕਿ ਵਾਹਨ ਨਿਰਮਾਣ ਅਤੇ ਸੋਧਾਂ ਨਾਲ ਸਬੰਧਤ ਤਕਨੀਕੀ ਅਤੇ ਸੁਰੱਖਿਆ ਮਾਪਦੰਡ ਰਾਸ਼ਟਰੀ ਪੱਧਰ 'ਤੇ ਤੈਅ ਕੀਤੇ ਜਾਂਦੇ ਹਨ। ਅਦਾਲਤ ਨੇ ਸਾਰੀਆਂ ਸਬੰਧਤ ਧਿਰਾਂ ਨੂੰ ਅਗਲੀ ਸੁਣਵਾਈ ਤੋਂ ਪਹਿਲਾਂ ਆਪਣੇ-ਆਪਣੇ ਹਲਫ਼ਨਾਮੇ ਦਾਇਰ ਕਰਨ ਅਤੇ ਇਸ ਮਾਮਲੇ ਬਾਰੇ ਪੂਰੀ ਜਾਣਕਾਰੀ ਅਦਾਲਤ ਨੂੰ ਦੇਣ ਦਾ ਨਿਰਦੇਸ਼ ਦਿੱਤਾ। ਮਾਮਲੇ ਦੀ ਅਗਲੀ ਸੁਣਵਾਈ 28 ਅਗਸਤ, 2025 ਨੂੰ ਹੋਣੀ ਹੈ।

## ਕੌਲਿਜੀਅਮ ਵੱਲੋਂ ਤਿੰਨ ਹਾਈ ਕੋਰਟਾਂ ਦੇ

ਨਫ਼ਰੀ 34 ਜੱਜਾਂ ਦੀ ਹੋ ਜਾਵੇਗੀ। ਮੌਜੂਦਾ ਸਮੇਂ ਸਿਖਰਲੀ ਕੋਰਟ ਸੀ.ਜੇ.ਆਈ. ਸਣੇ 34 ਜੱਜਾਂ ਦੀਆਂ ਮਨਜ਼ੂਰਸ਼ੁਦਾ ਪੋਸਟਾਂ ਦੇ ਉਲਟ 31 ਜੱਜਾਂ ਨਾਲ ਕੰਮ ਚਲਾ ਰਹੀ ਹੈ। ਹਾਲ ਹੀ ਵਿਚ ਭਾਰਤ ਦੇ ਚੀਫ਼ ਜਸਟਿਸ ਸੰਜੀਵ ਖੰਨਾ, ਜਸਟਿਸ ਰਿਸ਼ੀਕੇਸ਼ ਰੌਏ ਤੇ ਜਸਟਿਸ ਅਭੈ ਐੱਸ.ਓਕਾ ਦੀ ਸੇਵਾਮੁਕਤੀ ਕਰਕੇ ਸਰਬਉੱਚ ਕੋਰਟ ਵਿਚ ਤਿੰਨ ਅਹੁਦੇ ਖਾਲੀ ਹਨ। ਜਸਟਿਸ ਬੇਲਾ ਐੱਮ.ਤ੍ਰਿਵੇਦੀ 9 ਜੂਨ ਨੂੰ ਸੇਵਾਮੁਕਤ ਹੋ ਰਹੇ ਹਨ।

## ਮੁੱਠਭੇੜ 'ਚ 5 ਲੱਖ ਰੁਪਏ

ਬਲਾਂ ਨਾਲ ਮੁਕਾਬਲੇ ਵਿੱਚ ਮਾਰਿਆ ਗਿਆ। ਇੱਕ ਹੋਰ ਮਾਓਵਾਦੀ ਕੁੰਦਨ ਖੇਰਵਾਰ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ।÷ ਦੋ ਦਿਨ ਪਹਿਲਾਂ, ਝਾਰਖੰਡ ਦੇ ਲਾਤੇਹਾਰ ਜ਼ਿਲ੍ਹੇ ਵਿੱਚ ਸ਼ਨੀਵਾਰ ਸਵੇਰੇ ਸੁਰੱਖਿਆ ਬਲਾਂ ਨਾਲ ਹੋਏ ਮੁਕਾਬਲੇ ਵਿੱਚ ਝਾਰਖੰਡ ਜਨ ਮੁਕਤੀ ਪ੍ਰੀਸ਼ਦ (ਜੇ.ਜੇ.ਐਮ.ਪੀ.) ਦੇ ਚੋਟੀ ਦੇ ਨੇਤਾ ਪੱਪੂ ਲੋਹਾਰਾ ਸਮੇਤ ਦੋ ਨਕਸਲੀ ਮਾਰੇ ਗਏ ਸਨ। ਪੱਪੂ 'ਤੇ 10 ਲੱਖ ਰੁਪਏ ਦੇ ਇਨਾਮ ਦਾ ਐਲਾਨ ਕੀਤਾ ਗਿਆ ਸੀ।

ਜਸਟਿਸ ਯਸ਼ਵੰਤ ਵਰਮਾ ਮਾਮਲਾ

# ਸੁਪਰੀਮ ਕੋਰਟ ਵੱਲੋਂ ਅੰਦਰੂਨੀ ਪੈਨਲ ਰੀਪੋਰਟ ਲਈ ਆਰ.ਟੀ.ਆਈ. ਪਟੀਸ਼ਨ ਰੱਦ



ਨਵੀਂ ਦਿੱਲੀ , 26 ਮਈ (ਚ.ਨ.ਸ.) : ਸੁਪਰੀਮ ਕੋਰਟ ਪ੍ਰਸ਼ਾਸਨ ਨੇ ਇਲਾਹਾਬਾਦ ਹਾਈ ਕੋਰਟ ਦੇ ਜੱਜ ਯਸ਼ਵੰਤ ਵਰਮਾ ਨੂੰ ਦੋਸ਼ੀ ਠਹਿਰਾਉਣ ਵਾਲੀ ਸੁਪਰੀਮ ਕੋਰਟ ਵਲੋਂ ਨਿਯੁਕਤ ਕਮੇਟੀ ਦੀ ਸੂਚਨਾ ਦੇ ਅਧਿਕਾਰ ਕਾਨੂੰਨ ਤਹਿਤ ਰੀਪੋਰਟ ਮੰਗਣ ਵਾਲੀ ਪਟੀਸ਼ਨ ਖਾਰਜ ਕਰ ਦਿਤੀ ਹੈ। ਆਰ.ਟੀ.ਆਈ. ਅਰਜ਼ੀ 'ਚ ਭਾਰਤ ਦੇ ਤਤਕਾਲੀ ਚੀਫ ਜਸਟਿਸ ਸੰਜੀਵ ਖੰਨਾ ਵਲੋਂ ਰਾਸ਼ਟਰਪਤੀ ਦ੍ਰੌਪਦੀ ਮੁਰਮੂ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਇਸ ਮਾਮਲੇ 'ਚ ਲਿਖੀ ਚਿੱਠੀ ਦੀ ਵੀ ਮੰਗ ਕੀਤੀ ਗਈ ਸੀ।ਸੁਪਰੀਮ ਕੋਰਟ ਪ੍ਰਸ਼ਾਸਨ ਨੇ ਸਪੱਸ਼ਟ ਤੌਰ 'ਤੇ ਸੰਚਾਰ ਦੀ ਗੁਪਤਤਾ ਦਾ ਹਵਾਲਾ ਦਿਤਾ ਅਤੇ ਆਰ.ਟੀ.ਆਈ.ਅਰਜ਼ੀ ਨੂੰ ਇਸ ਆਧਾਰ 'ਤੇ ਰੱਦ ਕਰ ਦਿਤਾ ਕਿ ਇਹ ਸੰਸਦੀ ਵਿਸ਼ੇਸ਼ ਅਧਿਕਾਰ ਦੀ ਵੀ ਉਲੰਘਣਾ ਕਰ ਸਕਦਾ ਹੈ। ਇਸ ਮਹੀਨੇ ਦੀ ਸ਼ੁਰੂਆਤ 'ਚ ਤਤਕਾਲੀ ਚੀਫ ਜਸਟਿਸ ਖੰਨਾ ਨੇ ਰਾਸ਼ਟਰਪਤੀ ਅਤੇ ਪ੍ਰਧਾਨ ਮੰਤਰੀ ਨੂੰ ਚਿੱਠੀ ਲਿਖ ਕੇ ਕਮੇਟੀ ਦੀ ਰੀਪੋਰਟ ਅਤੇ ਜਸਟਿਸ ਵਰਮਾ ਤੋਂ ਮਿਲੇ ਜਵਾਬ ਨੂੰ ਸਾਂਝਾ ਕੀਤਾ ਸੀ। ਹੁਣ ਇਹ ਕਾਰਜਪਾਲਿਕਾ ਅਤੇ ਸੰਸਦ 'ਤੇ ਨਿਰਭਰ ਕਰਦਾ ਹੈ ਕਿ ਉਹ ਭਵਿੱਖ ਦੀ ਕਾਰਵਾਈ ਦਾ ਫੈਸਲਾ ਕਰਨ। ਅੰਦਰੂਨੀ ਪ੍ਰਕਿਰਿਆ ਇਹ ਹੈ ਕਿ ਜੇਕਰ ਜੱਜ ਅਸਤੀਫਾ ਦੇਣ ਦੀ ਸਲਾਹ ਦੀ ਪਾਲਣਾ ਨਹੀਂ ਕਰਦਾ ਹੈ ਤਾਂ ਚੀਫ ਜਸਟਿਸ ਰਾਸ਼ਟਰਪਤੀ ਅਤੇ ਪ੍ਰਧਾਨ ਮੰਤਰੀ ਨੂੰ ਮਹਾਦੋਸ਼ ਲਈ ਚਿੱਠੀ ਲਿਖਦੇ ਹਨ। ਜਸਟਿਸ ਵਰਮਾ ਉਸ ਸਮੇਂ ਦਿੱਲੀ ਹਾਈ ਕੋਰਟ ਦੇ ਜੱਜ ਸਨ।

# ਯੂਟਿਊਬਰ ਜੋਤੀ ਮਲਹੋਤਰਾ ਨੂੰ 14 ਦਿਨਾਂ ਦੀ ਨਿਆਂਇਕ ਹਿਰਾਸਤ 'ਚ ਭੇਜਿਆ



ਹਿਸਾਰ, 26 ਮਈ (ਚ.ਨ.ਸ.) : ਹਰਿਆਣਾ ਦੀ ਹਿਸਾਰ ਅਦਾਲਤ ਨੇ ਯੂਟਿਊਬਰ ਜੋਤੀ ਮਲਹੋਤਰਾ ਨੂੰ ਪਾਕਿਸਤਾਨ ਲਈ ਜਾਸੂਸੀ ਕਰਨ ਦੇ ਦੋਸ਼ ਵਿੱਚ 14 ਦਿਨਾਂ ਦੀ ਨਿਆਂਇਕ ਹਿਰਾਸਤ ਵਿਚ ਭੇਜ ਦਿੱਤਾ ਹੈ। ਪੁਲਿਸ ਰਿਮਾਂਡ ਦੀ ਮਿਆਦ ਖਤਮ ਹੋਣ ਤੋਂ ਬਾਅਦ ਉਸ ਨੂੰ ਅਦਾਲਤ ਵਿੱਚ ਪੇਸ਼ ਕੀਤਾ ਗਿਆ, ਜਿੱਥੋਂ ਉਸਨੂੰ ਜੇਲ੍ਹ ਭੇਜਣ ਦਾ ਹੁਕਮ ਦਿੱਤਾ ਗਿਆ। ਜੋਤੀ ਮਲਹੋਤਰਾ ਤੋਂ ਹੁਣ ਤੱਕ ਦੀ ਪੁੱਛ-ਗਿੱਛ ਤੋਂ ਪਤਾ ਲੱਗਾ ਹੈ ਕਿ ਉਹ ਚਾਰ ਪੀ.ਆਈ.ਓਜ਼ ਦੇ ਸੰਪਰਕ ਵਿੱਚ ਸੀ। ਪਿਛਲੀ ਵਾਰ ਜਦੋਂ ਪੁਲਿਸ ਨੇ ਜੋਤੀ ਮਲਹੋਤਰਾ ਨੂੰ ਅਦਾਲਤ ਵਿੱਚ ਪੇਸ਼ ਕੀਤਾ ਸੀ। ਫਿਰ ਅਦਾਲਤ ਨੇ ਜੋਤੀ ਦੇ ਰਿਮਾਂਡ ਵਿੱਚ ਚਾਰ ਦਿਨ ਦਾ ਵਾਧਾ ਕਰ ਦਿੱਤਾ ਸੀ। ਇਸ ਤੋਂ ਪਹਿਲਾਂ ਅਦਾਲਤ ਨੇ ਜੋਤੀ ਨੂੰ ਪੰਜ ਦਿਨਾਂ ਦੇ ਪੁਲਿਸ ਰਿਮਾਂਡ 'ਤੇ ਭੇਜ ਦਿੱਤਾ ਸੀ। 9 ਦਿਨਾਂ ਦੇ ਕੁੱਲ ਪੁਲਿਸ ਰਿਮਾਂਡ ਤੋਂ ਬਾਅਦ, ਅਦਾਲਤ ਨੇ ਹੁਣ ਜੋਤੀ ਮਲਹੋਤਰਾ ਨੂੰ 14 ਦਿਨਾਂ ਲਈ ਜੇਲ੍ਹ ਭੇਜ ਦਿੱਤਾ ਹੈ।

# 3 ਵਿਧਾਇਕਾਂ ਦੀ ਮੌਤ ਤੇ 2 ਦੇ ਅਸਤੀਫ਼ਿਆਂ ਕਾਰਨ 5 ਸੀਟਾਂ 'ਤੇ ਜ਼ਿਮਨੀ ਚੋਣ 19 ਜੂਨ ਨੂੰ

ਨਵੀਂ ਦਿੱਲੀ, 26 ਮਈ (ਚ.ਨ.ਸ.) : ਚੋਣ ਕਮਿਸ਼ਨ ਵੱਲੋਂ ਲੁਧਿਆਣਾ ਵੈਸਟ ਸੀਟ 'ਤੇ 19 ਜੂਨ ਨੂੰ ਜ਼ਿਮਨੀ ਚੋਣ ਕਰਵਾਉਣ ਲਈ ਸ਼ਡਿਊਲ ਜਾਰੀ ਕੀਤਾ ਗਿਆ ਹੈ। ਇਸ ਦੇ ਨਾਲ ਹੀ 4 ਸੂਬਿਆਂ ਦੀਆਂ 4 ਹੋਰ ਵਿਧਾਨ ਸਭਾ ਸੀਟਾਂ 'ਤੇ ਵੀ ਉਸੇ ਦਿਨ ਉਪ-ਚੋਣ ਹੋਵੇਗੀ। ਇਹ ਜ਼ਿਮਨੀ ਚੋਣ 3 ਵਿਧਾਇਕਾਂ ਦੀ ਮੌਤ ਅਤੇ 2 ਦੇ ਅਸਤੀਫੇ ਦੀ ਵਜ੍ਹਾ ਕਾਰਨ ਹੋਣ ਜਾ ਰਹੀ ਹੈ। ਲੁਧਿਆਣਾ ਪੱਛਮੀ ਸੀਟ 'ਤੇ ਆਮ ਆਦਮੀ ਪਾਰਟੀ ਦੇ ਵਿਧਾਇਕ ਗੁਰਪ੍ਰੀਤ ਗੋਗੀ ਦੀ ਮੌਤ ਤੋਂ ਬਾਅਦ ਉਪ-ਚੋਣ ਹੋਵੇਗੀ, ਇਸ ਤੋਂ ਇਲਾਵਾ ਗੁਜਰਾਤ ਦੀਆਂ 2, ਪੱਛਮੀ ਬੰਗਾਲ ਅਤੇ ਕੇਰਲ ਦੀ 1-1 ਸੀਟ 'ਤੇ ਵੀ 19 ਜੂਨ ਨੂੰ ਹੀ ਜ਼ਿਮਨੀ ਚੋਣ ਹੋਣ ਜਾ ਰਹੀ ਹੈ। ਲੁਧਿਆਣਾ ਦੇ ਹਲਕਾ ਪੱਛਮੀ 'ਚ ਹੋਣ ਜਾ ਰਹੀ ਉਪ-ਚੋਣ ਲਈ ਆਮ ਆਦਮੀ ਪਾਰਟੀ ਵੱਲੋਂ ਸਭ ਤੋਂ ਪਹਿਲਾਂ ਅਤੇ ਉਸ ਤੋਂ ਬਾਅਦ ਕਾਂਗਰਸ ਅਤੇ ਅਕਾਲੀ ਦਲ ਵੱਲੋਂ ਉਮੀਦਵਾਰਾਂ ਦਾ ਐਲਾਨ ਕੀਤਾ ਗਿਆ ਸੀ। ਇਹ ਤਿੰਨੋਂ ਉਮੀਦਵਾਰ ਆਪਣੀ ਵਾਰੀ ਦੇ ਹਿਸਾਬ ਨਾਲ ਮੀਟਿਗਾਂ ਦੇ ਰੂਪ 'ਚ ਏਰੀਆ ਕਵਰ ਕਰ ਚੁੱਕੇ ਹਨ ਪਰ ਭਾਜਪਾ ਵਲੋਂ ਹੁਣ ਤਕ ਉਮੀਦਵਾਰ ਦਾ ਐਲਾਨ ਨਹੀਂ ਕੀਤਾ ਗਿਆ।


**ਉਤਰ ਰੇਲਵੇ**

**ਈ-ਨੀਲਾਮੀ ਸੂਚਨਾ**

ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਸੀਨੀਅਰ ਮੰਡਲ ਵਾਣਿਜ ਪ੍ਰਬੰਧਕ, ਉਤਰ ਰੇਲਵੇ, ਅੰਬਾਲਾ ਛਾਉਣੀ ਦੁਆਰਾ ਮੰਡਲ ਦੇ ਹੇਠਾਂ ਲਿਖਤ ਸਟੇਸ਼ਨਾਂ ਤੇ ਦੇ ਠੇਕੇ ਅਲਾਟ ਕਰਨ ਲਈ ਈ-ਨੀਲਾਮੀ ਵੈਬਸਾਈਟ www.ireps.gov.in ਦੇ ਮਾਧਿਅਮ ਨਾਲ ਬੋਲੀ ਮੰਗ ਕੀਤੀ ਜਾ ਰਹੀ ਹੈ। ਅਲਾਟ ਕੀਤੇ ਜਾਣ ਵਾਲੇ ਠੇਕਿਆਂ ਦਾ ਵੇਰਵਾ ਹੇਠਾਂ ਲਿਖਤ ਹੈ।

| ਲ. ਨੰ. | ਨੀਲਾਮੀ ਕੈਟਲਾਗ ਨੰ. | ਕੰਮ ਦਾ ਵੇਰਵਾ | ਨੀਲਾਮੀ ਮਿਤੀ ਤੇ ਸਮਾਂ |
|---|---|---|---|
| 1 | UMB-Parkg-10-25 | ਧੂਲਕੋਟ ਰੇਲਵੇ ਸਟੇਸ਼ਨ ਉਤੇ ਦੋ ਪਹੀਆ ਵਾਹਨ ਪਾਰਕਿੰਗ ਸਥਲ (ਕੁਲ ਖੇਤਰਫਲ 317.0625 ਵਰਗ ਮੀਟਰ) | 30.05.2025 12:00:00 |
| 2 | UMB-Catg-05-25 | ਮਲੋਟ ਰੇਲਵੇ ਸਟੇਸ਼ਨ ਦੇ ਪੀ.ਐਫ. ਨੰ. 1 ਤੇ 10'x6' ਆਕਾਰ ਦੀ ਛੋਟੀ ਖਾਨਪਾਨ ਇਕਾਈ (ਸਟਾਲ) | 02.06.2025 12:00:00 |
| 3 | UMB-Catg-05-25 | ਕਾਲਕਾ ਰੇਲਵੇ ਸਟੇਸ਼ਨ ਦੇ ਸਰਕੂਲੇਟਿੰਗ ਏਰੀਆ ਵਿਚ 10'x6' ਆਕਾਰ ਦੀ ਛੋਟੀ ਖਾਨਪਾਨ ਇਕਾਈ (ਸਟਾਲ) | 02.06.2025 12:00:00 |

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ 1535/25



**ਇੰਡੀਅਨ ਓਵਰਸੀਜ਼ ਬੈਂਕ**
ਸੈਕਟਰ 32-ਡੀ, ਚੰਡੀਗੜ੍ਹ ਸ਼ਾਖਾ
ਪਤਾ :- ਐਸਸੀਓ 65, ਸੈਕਟਰ 32-ਡੀ, ਚੰਡੀਗੜ੍ਹ
Phone No: 0172-4618997 & Email id: iob1430@iob.in)

(ਅੰਤਿਕਾ IV) ਕਬਜ਼ਾ ਸੂਚਨਾ (ਅਚੱਲ ਸੰਪੱਤੀ ਦੇ ਲਈ) [(ਨਿਯਮ 8 (1)]

ਜਿਥੇ ਕਿ, ਨਿਮਨ ਹਸਤਾਖ਼ਰੀ ਨੇ **ਇੰਡੀਅਨ ਓਵਰਸੀਜ਼ ਬੈਂਕ** ਦੇ ਅਧਿਕਾਰਤ ਅਧਿਕਾਰੀ ਵਜੋਂ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦੀ ਅਧਿਕਾਰਤਾ ਕਾਨੂੰਨ, 2002 ਦੇ ਅਧੀਨ ਅਤੇ ਸੁਰੱਖਿਆ ਵਿਆਜ (ਅਧਿਕਾਰਤਾ) ਨਿਯਮਾਂਵਲੀ, 2002 ਦੇ ਨਿਯਮ 3 ਨਾਲ ਪੜ੍ਹੀ ਜਾਣ ਵਾਲੀ ਧਾਰਾ 13 (12) ਅਧੀਨ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਦਰਸਾਈ ਸੂਚਨਾ ਦੀ ਪ੍ਰਾਪਤੀ ਦੀ ਮਿਤੀ ਤੋਂ **60 ਦਿਨਾਂ** ਦੇ ਅੰਦਰ ਭਰਪਾਈ ਦੀ ਮਿਤੀ ਤੱਕ ਠੇਕਾ ਦਰਾਂ 'ਤੇ ਅਗਲੇਰੇ ਵਿਆਜ ਅਤੇ ਵਿਰਾਮ, ਫੀਸਾਂ ਆਦਿ ਸਮੇਤ 30.01.2025 **ਅਨੁਸਾਰ ਰੁ.** 5,30,705.12 (**ਰੁਪਏ ਪੰਜ ਲੱਖ ਤੀਹ ਹਜ਼ਾਰ ਸੱਤ ਸੌ ਪੰਜ ਅਤੇ ਬਾਰਾਂ ਪੈਸੇ ਕੇਵਲ**) ਵਜੋਂ ਸੂਚਨਾ ਵਿਚ ਦਰਸਾਈ ਰਕਮ ਨੂੰ ਅਦਾ ਕਰਨ ਲਈ **ਕਰਜ਼ਦਾਰ/ਗਿਰਵੀਕਾਰ/ਜ਼ਾਮਨ- ਸ੍ਰੀਮਤੀ ਅਨੀਤਾ ਦੇਵੀ ਸੁਪਤਨੀ ਸ੍ਰੀ ਸੰਜੇ ਕੁਮਾਰ, ਵਾਸੀ ਬੀ**006/02546-07, **ਗੁਰੂ ਤੇਗ ਬਹਾਦਰ ਨਗਰ, ਖਰੜ, ਐਸਏਐਸ ਨਗਰ, ਪੰਜਾਬ**-140301 (**ਕਰਜ਼ਦਾਰ ਅਤੇ ਗਿਰਵੀਕਾਰ**) **ਅਤੇ ਸ੍ਰੀ ਜਯੋਤੀ ਪ੍ਰਕਾਸ਼ ਸਪੁੱਤਰ ਪ੍ਰੇਮ ਨਾਥ, ਵਾਸੀ ਧਨਵੰਤਰੀ ਕਾਲਜ, ਸੈਕਟਰ 46-ਬੀ, ਚੰਡੀਗੜ੍ਹ**-160047 (**ਜ਼ਾਮਨ**) ਨੂੰ ਸੱਦਾ ਦਿੰਦੇ ਹੋਏ ਮਿਤੀ 31.01.2025 ਨੂੰ ਮੰਗ ਸੂਚਨਾ ਜਾਰੀ ਕੀਤੀ ਸੀ।

(1) ਕਰਜ਼ਦਾਰ ਰਕਮ ਅਦਾ ਕਰਨ ਵਿਚ ਅਸਫ਼ਲ ਰਹੇ ਹਨ, ਇਸ ਲਈ ਇਥੇ ਕਰਜ਼ਦਾਰ ਨੂੰ ਅਤੇ ਆਮ ਜਨਤਾ ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨ ਹਸਤਾਖ਼ਰੀ ਨੇ 23 **ਮਈ ਸਾਲ** 2025 ਨੂੰ ਦਰਸਾਈ ਨਿਯਮਾਂਵਲੀ ਦੇ ਨਿਯਮ 8 ਨਾਲ ਪੜ੍ਹੇ ਜਾਣ ਵਾਲੇ ਦਰਸਾਏ ਕਾਨੂੰਨ ਦੀ **ਧਾਰਾ** 13 (4) ਦੇ ਅਧੀਨ ਉਨ੍ਹਾਂ ਨੂੰ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਨਿਮਨ ਦਰਸਾਈ ਸੰਪੱਤੀ ਦਾ ਕਬਜ਼ਾ ਲੈ ਲਿਆ ਹੈ।

(2) ਕਰਜ਼ਦਾਰ ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਥੇ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਸੰਪੱਤੀ ਦੀ ਸੌਦੇਬਾਜ਼ੀ ਨਾ ਕੀਤੀ ਜਾਵੇ ਅਤੇ ਸੰਪੱਤੀ ਦੀ ਕੋਈ ਵੀ ਸੌਦੇਬਾਜ਼ੀ ਮੰਗ ਸੂਚਨਾ ਦੇ ਜਾਰੀ ਹੋਣ ਉਪਰੰਤ ਕੀਤੇ ਭੁਗਤਾਨ, ਜੇਕਰ ਕੋਈ ਹੋਣ, ਨੂੰ ਮਨਫੀ ਕਰਕੇ ਭੁਗਤਾਨ ਦੀ ਮਿਤੀ ਤੱਕ ਮੰਗ ਸੂਚਨਾ ਵਿਚ ਦਰਸਾਈ ਉਕਤ ਮਿਤੀ ਤੋਂ ਠੇਕਾ ਦਰਾਂ ਅਤੇ ਸਹਿਮਤ ਅਨੁਸਾਰ ਵਿਰਾਮ, ਫੀਸਾਂ ਆਦਿ 'ਤੇ ਵਿਆਜ ਸਮੇਤ 30.01.2025 **ਅਨੁਸਾਰ ਰੁ.** 5,30,705.12 (**ਰੁਪਏ ਪੰਜ ਲੱਖ ਤੀਹ ਹਜ਼ਾਰ ਸੱਤ ਸੌ ਪੰਜ ਅਤੇ ਬਾਰਾਂ ਪੈਸੇ ਕੇਵਲ**) ਦੀ ਰਕਮ ਦੇ ਲਈ ਚਾਰਜ ਨਾਲ ਸੰਬੰਧਤ ਹੋਵੇਗੀ। ਕਬਜ਼ਾ ਲੈਣ ਦੀ ਮਿਤੀ 'ਤੇ ਅਦਾਇਗੀਯੋਗ ਬਕਾਏ ਰੁ. 5,55,687.67 (**ਰੁਪਏ ਪੰਜ ਲੱਖ ਪਚਵੰਜਾ ਹਜ਼ਾਰ ਛੇ ਸੌ ਸਤਾਸੀ ਅਤੇ ਸਤਾਹਠ ਪੈਸੇ ਕੇਵਲ**) ਹਨ, ਜੋ ਕਿ ਭੁਗਤਾਨ ਦੀ ਮਿਤੀ ਤੱਕ ਠੇਕਾ ਦਰਾਂ ਅਤੇ ਵਿਰਾਮ, ਫੀਸਾਂ ਆਦਿ 'ਤੇ ਅਗਲੇਰੇ ਵਿਆਜ ਸਮੇਤ ਅਦਾਇਗੀਯੋਗ ਹਨ।

(3) **ਕਰਜ਼ਦਾਰ ਦਾ ਧਿਆਨ ਸੁਰੱਖਿਅਤ ਸੰਪੱਤੀਆਂ ਦੀ ਪੁਨਰ ਪ੍ਰਾਪਤੀ ਦੇ ਲਈ ਉਪਲਬਧ ਸਮੇਂ ਦੇ ਸੰਬੰਧ ਵਿਚ ਕਾਨੂੰਨ ਦੀ ਧਾਰਾ 13 ਦੀ ਉਪ ਧਾਰਾ (8) ਦੀਆਂ ਵਿਵਸਥਾਵਾਂ ਵੱਲ ਦੁਆਇਆ ਜਾਂਦਾ ਹੈ।**

**ਅਚੱਲ ਸੰਪੱਤੀ ਦੇ ਵੇਰਵੇ**

ਸ੍ਰੀਮਤੀ ਅਨੀਤਾ ਦੇਵੀ ਸੁਪਤਨੀ ਸ੍ਰੀ ਸੰਜੇ ਕੁਮਾਰ ਦੇ ਨਾਮ 'ਤੇ ਹੱਦਬਸਤ ਨੰ 184, ਤਹਿਸੀਲ ਖਰੜ, ਜ਼ਿਲ੍ਹਾ ਐਸਏਐਸ ਨਗਰ ਮੋਹਾਲੀ (ਪੰਜਾਬ) ਵਿਚ 8 ਕਨਾਲ 6 ਮਰਲੇ ਦੇ 23/1660 ਹਿੱਸੇ ਵਜੋਂ ਖਾਤਾ ਨੰਬਰ 2420/2489, ਖਸਰਾ ਨੰ. 9//22/2 (3-17), 23/1 (4-9), ਕਿਤੇ 2 ਰਕਬਾ 8-6 ਵਿਚ ਸਥਿਤ ਰਿਹਾਇਸ਼ੀ ਸੰਪੱਤੀ। ਚੌਹੱਦੀ ਨਿਮਨ ਅਨੁਸਾਰ : ਉਤਰ : ਹੋਰ ਮਾਲਕ ਦੀ ਜ਼ਮੀਨ (ਬਾਹੀ 13 ਫੁੱਟ), ਦੱਖਣ : ਰਸਤਾ 16 ਫੁੱਟ (ਬਾਹੀ 13 ਫੁੱਟ), ਪੂਰਬ : ਹੋਰ ਮਾਲਕ ਦੀ ਜ਼ਮੀਨ (ਬਾਹੀ 48 ਫੁੱਟ), ਪੱਛਮ : ਮਾਲਕ ਦਾ ਬਾਕੀ ਹਿੱਸਾ (ਬਾਹੀ 48 ਫੁੱਟ)।

ਮਿਤੀ : 26.05.2025 ਸਥਾਨ : ਚੰਡੀਗੜ੍ਹ ਅਧਿਕਾਰਤ ਅਧਿਕਾਰੀ



**ਚੰਡੀਗੜ੍ਹ ਹਾਊਸਿੰਗ ਬੋਰਡ** 8, ਜਨ ਮਾਰਗ, ਸੈਕਟਰ 9-ਡੀ, ਚੰਡੀਗੜ੍ਹ
CHANDIGARH HOUSING BOARD
ਚੰਡੀਗੜ੍ਹ ਪ੍ਰਸ਼ਾਸਨ ਦਾ ਇੱਕ ਅਦਾਰਾ



**ਜਨਤਕ ਸੂਚਨਾ**

ਵਿਸ਼ਾ : ਅਲਾਟੀ/ਟ੍ਰਾਂਸਫਰੀ **ਸ੍ਰੀ ਰਾਕੇਸ਼ ਕੁਮਾਰ ਸਪੁੱਤਰ ਸਵਰਗੀ ਸ੍ਰੀ ਰਾਮ ਚੰਦ** ਦੀ ਬੇਵਸੀਅਤੀ ਮੌਤ 'ਤੇ (1) **ਸ੍ਰੀ ਮੇਹੁਲ ਸਪੁੱਤਰ ਸਵਰਗੀ ਸ੍ਰੀ ਰਾਕੇਸ਼ ਕੁਮਾਰ**, (2) **ਮਿਸ ਮੁਸਕਾਨ ਸਪੁੱਤਰੀ ਸਵਰਗੀ ਸ੍ਰੀ ਰਾਕੇਸ਼ ਕੁਮਾਰ ਅਤੇ** (3) **ਸ੍ਰੀਮਤੀ ਮੀਨਾ ਸੁਪਤਨੀ ਸਵਰਗੀ ਸ੍ਰੀ ਰਾਕੇਸ਼ ਕੁਮਾਰ** ਦੇ ਨਾਵਾਂ 'ਤੇ **ਸੈਕਟਰ 41-ਏ, ਚੰਡੀਗੜ੍ਹ ਵਿਚ ਐਲਆਈਜੀ ਵਰਗ ਦੇ ਡੀਯੂ ਨੰਬਰ** 473/1 ਦੀ ਅਲਾਟਮੈਂਟ/ਪੰਜੀਕਰਨ ਦਾ ਤਬਾਦਲਾ/ਪਰਿਵਰਤਨ।

ਆਮ ਜਨਤਾ ਅਤੇ ਸਾਰੇ ਸਬੰਧਤਾਂ ਦੀ ਜਾਣਕਾਰੀ ਲਈ ਇਸ ਦੁਆਰਾ ਸੂਚਿਤ ਕੀਤਾ ਜਾਂਦਾ ਹੈ ਕਿ **ਸੈਕਟਰ 41-ਏ, ਚੰਡੀਗੜ੍ਹ ਵਿਚ ਐਲਆਈਜੀ ਵਰਗ ਦੇ ਡੀਯੂ ਨੰਬਰ** 473/1 ਦੇ ਮਾਲਕ **ਸ੍ਰੀ ਰਾਕੇਸ਼ ਕੁਮਾਰ ਸਪੁੱਤਰ ਸਵਰਗੀ ਸ੍ਰੀ ਰਾਮ ਚੰਦ** ਦੀ ਉਨ੍ਹਾਂ ਦੇ ਕਾਨੂੰਨੀ ਵਾਰਸਾਂ ਵੱਲੋਂ ਦਿੱਤੀ ਸੂਚਨਾ ਅਨੁਸਾਰ **ਰਾਜਪੁਰਾ/ਪਟਿਆਲਾ, ਪੰਜਾਬ ਵਿਖੇ 15.12.2017** ਨੂੰ ਮੌਤ ਹੋ ਗਈ ਸੀ। (1) **ਸ੍ਰੀ ਮੇਹੁਲ ਸਪੁੱਤਰ ਸਵਰਗੀ ਸ੍ਰੀ ਰਾਕੇਸ਼ ਕੁਮਾਰ**, (2) **ਮਿਸ ਮੁਸਕਾਨ ਸਪੁੱਤਰੀ ਸਵਰਗੀ ਸ੍ਰੀ ਰਾਕੇਸ਼ ਕੁਮਾਰ ਅਤੇ** (3) **ਸ੍ਰੀਮਤੀ ਮੀਨਾ ਸੁਪਤਨੀ ਸਵਰਗੀ ਸ੍ਰੀ ਰਾਕੇਸ਼ ਕੁਮਾਰ** ਨੇ **ਸ੍ਰੀ ਰਾਕੇਸ਼ ਕੁਮਾਰ ਸਪੁੱਤਰ ਸਵਰਗੀ ਸ੍ਰੀ ਰਾਮ ਚੰਦ** ਦੀ ਬੇਵਸੀਅਤੀ ਮੌਤ ਦੇ ਆਧਾਰ 'ਤੇ ਆਪਣੇ ਨਾਮ 'ਤੇ **ਸੈਕਟਰ 41-ਏ, ਚੰਡੀਗੜ੍ਹ ਵਿਚ ਐਲਆਈਜੀ ਵਰਗ ਦੇ ਡੀਯੂ ਨੰਬਰ** 473/1 ਦੀ ਮਾਲਕੀ ਦੇ ਤਬਾਦਲੇ ਲਈ ਬਿਨੈ ਕੀਤਾ ਹੈ। ਉਨ੍ਹਾਂ ਨੇ ਅੱਗੇ ਬਿਆਨ ਦਿੱਤਾ ਹੈ ਕਿ ਕੋਈ ਹੋਰ ਕਾਨੂੰਨੀ ਵਾਰਸ ਛੱਡਿਆ ਨਹੀਂ ਗਿਆ ਹੈ।

ਜੇਕਰ ਕਿਸੇ ਵੀ ਵਿਅਕਤੀ ਨੂੰ ਰਿਹਾਇਸ਼ੀ ਇਕਾਈ, ਜੋ ਕਿ (1) **ਸ੍ਰੀਮਤੀ ਮੀਨਾ (ਸੁਪਤਨੀ) ਅਤੇ** (2) **ਮਿਸ ਮੁਸਕਾਨ (ਸਪੁੱਤਰੀ) ਅਤੇ** (3) **ਸ੍ਰੀ ਮੇਹੁਲ (ਸਪੁੱਤਰ)** ਦੇ ਪੱਖ ਵਿਚ ਚੰਡੀਗੜ੍ਹ ਹਾਊਸਿੰਗ ਬੋਰਡ ਵੱਲੋਂ ਤਬਦੀਲ ਕੀਤੇ ਜਾਣ ਲਈ ਪ੍ਰਸਤਾਵਿਤ ਹੈ, ਵਿਚ ਦਾਅਵੇ/ਅਧਿਕਾਰ/ਹਿੱਤ ਸਬੰਧੀ ਕੋਈ ਵੀ ਇਤਰਾਜ਼ ਹੋਵੇ, ਤਾਂ ਉਹ ਇਸ ਸੂਚਨਾ ਦੇ ਪ੍ਰਕਾਸ਼ਨ ਤੋਂ 21 ਦਿਨਾਂ ਦੇ ਅੰਦਰ ਨਿਮਨ ਹਸਤਾਖਰੀ ਨੂੰ ਲਿਖਤ ਵਿਚ ਆਪਣਾ ਇਤਰਾਜ਼ ਪੇਸ਼ ਕਰ ਸਕਦਾ/ਸਕਦੀ ਹੈ, ਜਿਸ ਤੋਂ ਬਾਅਦ ਅਜਿਹੇ ਕਿਸੇ ਵੀ ਦਾਅਵੇ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ ਅਤੇ ਉਕਤ ਰਿਹਾਇਸ਼ੀ ਇਕਾਈ ਦਾ ਪੰਜੀਕਰਨ ਅਤੇ ਅਲਾਟਮੈਂਟ ਉਹਨਾਂ ਦੇ ਪੱਖ ਵਿਚ ਤਬਦੀਲ ਕਰ ਦਿੱਤੇ ਜਾਣਗੇ।

ਸਕੱਤਰ,
ਚੰਡੀਗੜ੍ਹ ਹਾਊਸਿੰਗ ਬੋਰਡ, ਚੰਡੀਗੜ੍ਹ



ਚੜ੍ਹਦੀਕਲਾ
ਪਰਮਜੀਤ ਸਿੰਘ, ਪ੍ਰਿੰਟਰ ਪਬਲਿਸ਼ਰ ਨੇ ਰੋਜ਼ਾਨਾ ਚੜ੍ਹਦੀਕਲਾ, ਚੜ੍ਹਦੀਕਲਾ ਪ੍ਰਿੰਟਿੰਗ ਪ੍ਰੈੱਸ ਪ੍ਰਾਈਵੇਟ ਲਿਮਟਿਡ ਲਈ ਦਲਜੀਤ ਪ੍ਰਿੰਟਰਜ਼, 593 ਐਸ.ਐਸ.ਟੀ. ਨਗਰ, ਪਟਿਆਲਾ ਤੋਂ ਛਪਵਾ ਕੇ ਦਫ਼ਤਰ ਰੋਜ਼ਾਨਾ ਚੜ੍ਹਦੀਕਲਾ, 577, ਐਸ.ਐਸ.ਟੀ. ਨਗਰ, ਪਟਿਆਲਾ ਤੋਂ ਪ੍ਰਕਾਸ਼ਿਤ ਕੀਤਾ। ਮੁੱਖ ਸੰਪਾਦਕ : ਜਗਜੀਤ ਸਿੰਘ 'ਦਰਦੀ'।
PRGI (RNI) Regd. No. 22972/1972

Printed & Published by Paramjit Singh on behalf of Charhdikala Printing Press Pvt. Ltd., Patiala & Printed at Daljit Printers 593, SST Nagar Patiala. Published at Office Daily Charhdikala 577, SST Nagar Patiala. Chief Editor : Jagjit Singh Dardi
PRGI (RNI) Regd. No. 22972/1972

# ਰਾਸ਼ਟਰਪਤੀ ਵੱਲੋਂ ਪੰਜਾਬ ਦੇ ਚਾਰ ਸੈਨਿਕਾਂ ਦਾ ਬਹਾਦਰੀ ਪੁਰਸਕਾਰ ਨਾਲ ਸਨਮਾਨ

ਚੰਡੀਗੜ੍ਹ, 26 ਮਈ, (ਚ.ਨ.ਸ.) : ਪੰਜਾਬ ਦੇ ਚਾਰ ਬਹਾਦਰ ਸੈਨਿਕਾਂ - ਕਰਨਲ ਮਨਪ੍ਰੀਤ ਸਿੰਘ, ਸਿਪਾਹੀ ਪ੍ਰਦੀਪ ਸਿੰਘ, ਮੇਜਰ ਤ੍ਰਿਪਤਪ੍ਰੀਤ ਸਿੰਘ ਅਤੇ ਫਲਾਈਟ ਲੈਫਟੀਨੈਂਟ ਅਮਨ ਸਿੰਘ ਹੰਸ - ਨੂੰ ਹਾਲ ਹੀ ਵਿੱਚ ਭਾਰਤ ਦੇ ਮਾਣਯੋਗ ਰਾਸ਼ਟਰਪਤੀ ਸ੍ਰੀਮਤੀ ਦ੍ਰੋਪਦੀ ਮੁਰਮੂ ਦੁਆਰਾ 22 ਮਈ ਨੂੰ ਰਾਸ਼ਟਰਪਤੀ ਭਵਨ ਵਿਖੇ ਕਰਵਾਏ ਗਏ ਸਨਮਾਨ ਸਮਾਰੋਹ ਦੌਰਾਨ ਵੱਕਾਰੀ ਬਹਾਦਰੀ ਪੁਰਸਕਾਰਾਂ ਨਾਲ ਸਨਮਾਨਿਤ ਕੀਤਾ ਗਿਆ ਹੈ। ਇਹ ਪੁਰਸਕਾਰ ਜੰਮੂ ਅਤੇ ਕਸ਼ਮੀਰ ਵਿੱਚ ਬਗਾਵਤ ਅਤੇ ਅੱਤਵਾਦ ਵਿਰੋਧੀ ਕਾਰਵਾਈਆਂ ਦੌਰਾਨ ਉਕਤ ਸੈਨਿਕਾਂ ਵੱਲੋਂ ਦਿਖਾਈ ਗਈ ਬੇਮਿਸਾਲ ਬਹਾਦਰੀ ਅਤੇ ਕੁਰਬਾਨੀ ਦੇ ਸਨਮਾਨ ਵਜੋਂ ਪ੍ਰਦਾਨ ਕੀਤੇ ਗਏ ਹਨ।

ਰੱਖਿਆ ਸੇਵਾਵਾਂ ਭਲਾਈ ਮੰਤਰੀ ਸ੍ਰੀ ਮੋਹਿੰਦਰ ਭਗਤ ਨੇ ਦੇਸ਼ ਸੇਵਾ 'ਚ ਵੱਡੀ ਕੁਰਬਾਨੀ ਦੇਣ ਵਾਲੇ ਪੰਜਾਬ ਦੇ ਇਨ੍ਹਾਂ ਬਹਾਦਰ ਸਪੂਤਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਉਨ੍ਹਾਂ ਨੇ ਇਨ੍ਹਾਂ ਬਹਾਦਰ ਸੈਨਿਕਾਂ ਦੀ ਬੇਮਿਸਾਲ ਹਿੰਮਤ ਅਤੇ ਬਹਾਦਰੀ ਨੂੰ ਮਾਨਤਾ ਦੇਣ ਲਈ ਭਾਰਤ ਦੇ ਮਾਣਯੋਗ ਰਾਸ਼ਟਰਪਤੀ ਦਾ ਦਿਲੋਂ ਧੰਨਵਾਦ ਵੀ ਕੀਤਾ।

ਕਰਨਲ ਮਨਪ੍ਰੀਤ ਸਿੰਘ (19 ਰਾਸ਼ਟਰੀਯ ਰਾਈਫਲਜ਼) ਨੂੰ ਉਨ੍ਹਾਂ ਦੀ ਦਲੇਰਾਨਾ ਅਗਵਾਈ ਅਤੇ ਮਹਾਨ ਕੁਰਬਾਨੀ ਲਈ ਦੇਸ਼ ਦੇ ਦੂਜੇ ਸਭ ਤੋਂ ਵੱਡੇ ਬਹਾਦਰੀ ਪੁਰਸਕਾਰ ਕੀਰਤੀ ਚੱਕਰ ਨਾਲ ਸਨਮਾਨਿਤ ਕੀਤਾ ਗਿਆ ਹੈ। ਇਹ ਪੁਰਸਕਾਰ ਉਨ੍ਹਾਂ ਦੀ ਮਾਤਾ ਸ਼੍ਰੀਮਤੀ ਮਨਜੀਤ ਕੌਰ ਅਤੇ ਪਤਨੀ ਸ਼੍ਰੀਮਤੀ ਜਗਮੀਤ ਗਰੇਵਾਲ ਨੇ ਪ੍ਰਾਪਤ ਕੀਤਾ।

ਸਿਪਾਹੀ ਪ੍ਰਦੀਪ ਸਿੰਘ (19 ਆਰਆਰ) ਨੂੰ ਵੀ ਇਸੇ ਆਪ੍ਰੇਸ਼ਨ ਦੌਰਾਨ ਉਨ੍ਹਾਂ ਵੱਲੋਂ ਦਿਖਾਈ ਗਈ ਨਿਡਰਤਾ ਲਈ ਸ਼ੌਰਿਆ ਚੱਕਰ ਨਾਲ ਸਨਮਾਨਿਤ ਕੀਤਾ ਗਿਆ ਹੈ। ਇਹ ਪੁਰਸਕਾਰ ਉਨ੍ਹਾਂ ਦੀ ਪਤਨੀ, ਸ਼੍ਰੀਮਤੀ ਸੀਮਾ ਰਾਣੀ ਨੇ ਪ੍ਰਾਪਤ ਕੀਤਾ।

ਮੇਜਰ ਤ੍ਰਿਪਤਪ੍ਰੀਤ ਸਿੰਘ (34 ਆਰਆਰ) ਅਤੇ ਫਲਾਈਟ ਲੈਫਟੀਨੈਂਟ ਅਮਨ ਸਿੰਘ ਹੰਸ ਨੂੰ ਵਿਰੋਧੀ ਅਤੇ ਚੁਣੌਤੀਪੂਰਨ ਹਾਲਤਾਂ ਵਿੱਚ ਕੀਤੇ ਗਏ ਵੱਖ-ਵੱਖ ਆਪ੍ਰੇਸ਼ਨਾਂ ਦੌਰਾਨ ਬੇਮਿਸਾਲ ਹਿੰਮਤ ਅਤੇ ਹੌਸਲਾ ਦਿਖਾਉਣ ਅਤੇ ਆਪਣੀ ਤੀਖਣ ਬੁੱਧੀ ਤੋਂ ਕੰਮ ਲੈਣ ਲਈ ਸ਼ੌਰਿਆ ਚੱਕਰ ਨਾਲ ਸਨਮਾਨਿਤ ਕੀਤਾ ਗਿਆ ਹੈ।

ਸ੍ਰੀ ਭਗਤ ਨੇ ਕਿਹਾ ਕਿ ਇਹ ਵੱਕਾਰੀ ਸਨਮਾਨ ਨਾ ਸਿਰਫ਼ ਪੰਜਾਬ ਦੇ ਸਪੂਤਾਂ ਦੀ ਬਹਾਦਰੀ ਨੂੰ ਸਦਾ ਲਈ ਅਮਰ ਕਰਨ ਦੇ ਨਾਲ-ਨਾਲ ਸੂਬੇ ਲਈ ਵੱਡੇ ਪੱਧਰ 'ਤੇ ਮਾਣ-ਸਨਮਾਨ ਦਾ ਪ੍ਰਤੀਕ ਹਨ। ਉਨ੍ਹਾਂ ਅੱਗੇ ਕਿਹਾ ਕਿ ਇਨ੍ਹਾਂ ਬਹਾਦਰ ਸੈਨਿਕਾਂ ਦੀਆਂ ਕੁਰਬਾਨੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਪ੍ਰੇਰਿਤ ਕਰਦੀਆਂ ਰਹਿਣਗੀਆਂ ਅਤੇ ਦੇਸ਼ ਪ੍ਰਤੀ ਪੰਜਾਬ ਦੀ ਅਟੁੱਟ ਵਚਨਬੱਧਤਾ ਦੇ ਸਥਾਈ ਪ੍ਰਤੀਕ ਵਜੋਂ ਹਮੇਸ਼ਾ ਮੌਜੂਦ ਰਹਿਣਗੀਆਂ।

ਉਨ੍ਹਾਂ ਅੱਗੇ ਭਰੋਸਾ ਦਿੱਤਾ ਕਿ ਸੂਬਾ ਸਰਕਾਰ ਇਨ੍ਹਾਂ ਨਾਇਕਾਂ ਦੇ ਪਰਿਵਾਰਾਂ ਨਾਲ ਮਜ਼ਬੂਤੀ ਨਾਲ ਖੜ੍ਹੀ ਹੈ ਅਤੇ ਉਨ੍ਹਾਂ ਦੀ ਭਲਾਈ ਅਤੇ ਸਨਮਾਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ।

# ਜਸਵੀਰ ਸਿੰਘ ਗੜ੍ਹੀ ਕੌਮੀ ਵੱਲੋਂ ਕੌਮੀ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਚੇਅਰਮੈਨ ਨਾਲ ਮੁਲਾਕਾਤ




ਚੰਡੀਗੜ੍ਹ, 26 ਮਈ, 2025, (ਚ.ਨ.ਸ.) :ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਵਲੋਂ ਨਵੀਂ ਦਿੱਲੀ ਵਿਖੇ ਕੌਮੀ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਚੇਅਰਮੈਨ ਕਿਸ਼ੋਰ ਮਕਵਾਨਾ ਨਾਲ ਮੁਲਾਕਾਤ ਕੀਤੀ ਗਈ। ਸ੍ਰੀ ਮਕਵਾਨਾ ਨੇ ਆਪਣੀ ਚੰਡੀਗੜ੍ਹ ਫੇਰੀ ਦੌਰਾਨ ਸ੍ਰੀ ਗੜ੍ਹੀ ਨੂੰ ਦਿੱਲੀ ਵਿਖੇ ਕੌਮੀ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਦਫ਼ਤਰ ਆਉਣ ਦਾ ਸੱਦਾ ਦਿੱਤਾ ਸੀ।

ਇਸ ਮੁਲਾਕਾਤ ਦੌਰਾਨ ਜਸਵੀਰ ਸਿੰਘ ਗੜ੍ਹੀ ਨੇ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਵਲੋਂ ਕੀਤੇ ਜਾ ਰਹੇ ਕੰਮਾਂ ਤੋਂ ਕਿਸ਼ੋਰ ਮਕਵਾਨਾ ਨੂੰ ਜਾਣੂ ਕਰਵਾਇਆ ਗਿਆ।

ਇਸ ਮੁਲਾਕਾਤ ਦੌਰਾਨ ਸ੍ਰੀ ਗੜ੍ਹੀ ਨੇ ਸ੍ਰੀ ਮਕਵਾਨਾ ਨੂੰ ਅਪੀਲ ਕੀਤੀ ਕਿ ਕੌਮੀ ਅਨੁਸੂਚਿਤ ਜਾਤੀਆਂ ਕਮਿਸ਼ਨ ਅਤੇ ਦੇਸ਼ ਦੇ ਵੱਖ ਵੱਖ ਰਾਜਾਂ ਦੇ ਅਨੁਸੁਚਿਤ ਜਾਤੀਆਂ ਕਮਿਸ਼ਨ ਵਿੱਚ ਬਿਹਤਰ ਤਾਲਮੇਲ ਬਨਾਉਣ ਲਈ ਈ.ਗਵਰਨੈਸ ਰਾਹੀਂ ਕੋਈ ਸਿਸਟਮ ਵਿਕਸਤ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਕੌਮੀ ਕਮਿਸ਼ਨ ਵਲੋਂ ਅਨੁਸੂਚਿਤ ਜਾਤੀਆਂ ਦੇ ਲੋਕਾਂ ਦੀ ਭਲਾਈ ਲਈ ਕੀਤੇ ਗਏ ਫੈਸਲਿਆਂ ਤੋਂ ਸੇਧ ਲੈ ਕੇ ਮਿਲਦੇ ਜੁਲਦੇ ਮਾਮਲਿਆਂ ਵਿੱਚ ਜਲਦ ਫੈਸਲਾ ਸੁਣਾਇਆ ਜਾ ਸਕੇ।

# 'ਆਪ' ਸਰਕਾਰ ਦੀ ਨਾਜਾਇਜ਼ ਸ਼ਰਾਬ ਪ੍ਰਤੀ 'ਜ਼ੀਰੋ ਟੌਲਰੈਂਸ': ਹਰਪਾਲ ਚੀਮਾ

ਚੰਡੀਗੜ੍ਹ, 26 ਮਈ, (ਚ.ਨ.ਸ.) : ਪੰਜਾਬ ਦੇ ਵਿੱਤ, ਯੋਜਨਾਬੰਦੀ, ਆਬਕਾਰੀ ਅਤੇ ਕਰ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਅੱਜ ਸੂਬੇ ਵਿੱਚ ਗੈਰ-ਕਾਨੂੰਨੀ ਸ਼ਰਾਬ ਦੇ ਨਿਰਮਾਣ, ਵਪਾਰ ਅਤੇ ਤਸਕਰੀ ਪ੍ਰਤੀ ਜ਼ੀਰੋ-ਸਹਿਣਸ਼ੀਲਤਾ ਨੀਤੀ ਨੂੰ ਲਾਜ਼ਮੀ ਬਣਾਉਣ ਲਈ ਆਬਕਾਰੀ ਵਿਭਾਗ ਨੂੰ ਸਖ਼ਤ ਨਿਰਦੇਸ਼ ਜਾਰੀ ਕੀਤੇ। ਵਿੱਤ ਮੰਤਰੀ ਨੇ ਇਨ੍ਹਾਂ ਗੈਰ-ਕਾਨੂੰਨੀ ਗਤੀਵਿਧੀਆਂ ਨੂੰ ਰੋਕਣ ਲਈ ਚੌਕਸੀ ਅਤੇ ਸਰਗਰਮ ਉਪਾਵਾਂ ਦੀ ਲੋੜ 'ਤੇ ਜ਼ੋਰ ਦਿੰਦਿਆਂ ਮੁੱਖ ਤੌਰ 'ਤੇ ਆਦਤਨ ਅਪਰਾਧੀਆਂ 'ਤੇ ਲਗਾਤਾਰ ਨਜ਼ਰ ਰੱਖਣ 'ਤੇ ਜ਼ੋਰ ਦਿੱਤਾ।

ਅੱਜ ਇੱਥੇ ਹੋਈ ਸਮੀਖਿਆ ਮੀਟਿੰਗ ਦੌਰਾਨ ਆਬਕਾਰੀ ਵਿਭਾਗ ਦੇ ਸੀਨੀਅਰ ਅਧਿਕਾਰੀਆਂ ਨੂੰ ਸੰਬੋਧਨ ਕਰਦਿਆਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਨੀਤੀ ਨੂੰ ਲਾਗੂਕਰਨ ਵਿੱਚ ਕਿਸੇ ਵੀ ਤਰ੍ਹਾਂ ਦੀ ਕੁਤਾਹੀ ਨਾਲ ਸਖ਼ਤੀ ਨਾਲ ਨਜਿੱਠਿਆ ਜਾਵੇਗਾ। ਉਨ੍ਹਾਂ ਸਪੱਸ਼ਟ ਤੌਰ 'ਤੇ ਕਿਹਾ ਕਿ ਜੇਕਰ ਕੋਈ ਵੀ ਅਧਿਕਾਰੀ ਨਾਜਾਇਜ਼ ਸ਼ਰਾਬ ਸਬੰਧੀ ਗਤੀਵਿਧੀਆਂ ਨੂੰ ਰੋਕਣ ਵਿੱਚ ਕੁਤਾਹੀ ਕਰਦਾ ਪਾਇਆ ਗਿਆ ਤਾਂ ਉਸ ਵਿਰੁੱਧ ਸਖ਼ਤ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ।



ਵਿੱਤ ਮੰਤਰੀ ਨੇ ਅੰਤਰ-ਵਿਭਾਗੀ ਸਹਿਯੋਗ ਦੀ ਮਹੱਤਤਾ 'ਤੇ ਜ਼ੋਰ ਦਿੰਦਿਆਂ ਆਬਕਾਰੀ ਅਧਿਕਾਰੀਆਂ ਨੂੰ ਗੈਰ-ਕਾਨੂੰਨੀ ਸ਼ਰਾਬ ਦੇ ਖ਼ਤਰੇ ਨਾਲ ਪ੍ਰਭਾਵਸ਼ਾਲੀ ਢੰਗ ਨਾਲ ਨਜਿੱਠਣ ਲਈ ਪੰਜਾਬ ਪੁਲਿਸ ਨਾਲ ਲਗਾਤਾਰ ਤਾਲਮੇਲ ਬਣਾ ਕੇ ਰੱਖਣ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਨੇ ਗੈਰ-ਕਾਨੂੰਨੀ ਸ਼ਰਾਬ ਦੇ ਵਪਾਰ ਵਿੱਚ ਸ਼ਾਮਲ ਸ਼ੱਕੀਆਂ ਦੀ ਪਛਾਣ ਕਰਨ ਅਤੇ ਉਨ੍ਹਾਂ ਨੂੰ ਕਾਬੂ ਕਰਨ ਲਈ ਮੌਜੂਦਾ ਮਾਮਲਿਆਂ ਦੀ ਨਿਰੰਤਰ ਨਿਗਰਾਨੀ ਅਤੇ ਸਰਗਰਮ ਖੁਫੀਆ ਜਾਣਕਾਰੀ ਇਕੱਠੀ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ।

ਵਿੱਤ ਮੰਤਰੀ ਚੀਮਾ ਨੇ ਵਿਭਾਗ ਨੂੰ ਆਬਕਾਰੀ ਨਾਲ ਸਬੰਧਤ ਸਾਰੇ ਅਦਾਲਤੀ ਮਾਮਲਿਆਂ ਦੀ ਠੋਸ ਪੈਰਵੀ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਨੇ ਅਜਿਹੀਆਂ ਅਪਰਾਧਿਕ ਗਤੀਵਿਧੀਆਂ ਦੇ ਮਾਮਲਿਆਂ ਵਿੱਚ ਵੱਧ ਤੋਂ ਵੱਧ ਸੰਭਵ ਸਜ਼ਾ ਦਰ ਪ੍ਰਾਪਤ ਕਰਨ ਪ੍ਰਤੀ ਸਰਕਾਰ ਦੀ ਵਚਨਬੱਧਤਾ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਇਸ ਨਾਲ ਅਜਿਹੀਆਂ ਗਤੀਵਿਧੀਆਂ ਵਿੱਚ ਸ਼ਾਮਿਲ ਵਿਅਕਤੀਆਂ ਨੂੰ ਇੱਕ ਸਖ਼ਤ ਸੁਨੇਹਾ ਜਾਂਦਾ ਹੈ।

ਇਸ ਦੌਰਾਨ ਵਧੀਕ ਮੁੱਖ ਸਕੱਤਰ (ਆਬਕਾਰੀ) ਵਿਕਾਸ ਪ੍ਰਤਾਪ ਨੇ ਵਿੱਤ ਮੰਤਰੀ ਦੀਆਂ ਹਦਾਇਤਾਂ ਨੂੰ ਦੁਹਰਾਇਆ ਅਤੇ ਵਿਭਾਗ ਦੇ ਸਾਰੇ ਫੀਲਡ ਅਧਿਕਾਰੀਆਂ ਨੂੰ ਆਪਣੀ ਡਿਊਟੀ ਪੂਰੀ ਲਗਨ ਅਤੇ ਇਮਾਨਦਾਰੀ ਨਾਲ ਨਿਭਾਉਣ ਦੀ ਅਪੀਲ ਕੀਤੀ। ਉਨ੍ਹਾਂ ਨੇ ਅਧਿਕਾਰੀਆਂ ਨੂੰ ਉਨ੍ਹਾਂ ਵੱਲੋਂ ਪੂਰੇ ਸਮਰਥਨ ਦਾ ਭਰੋਸਾ ਦਿੰਦਿਆਂ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਉਹ ਵਿੱਤ ਮੰਤਰੀ ਦੇ ਨਿਰਦੇਸ਼ਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਅਤੇ ਗੈਰ-ਕਾਨੂੰਨੀ ਸ਼ਰਾਬ ਨਾਲ ਸਬੰਧਤ ਗਤੀਵਿਧੀਆਂ ਵਿਰੁੱਧ ਨਿਰੰਤਰ ਕਾਰਵਾਈ ਨੂੰ ਯਕੀਨੀ ਬਣਾਉਣ ਲਈ ਨਿੱਜੀ ਤੌਰ 'ਤੇ ਸਾਰੇ ਅਧਿਕਾਰੀਆਂ ਦੇ ਕਰਮਚਾਰੀਆਂ ਦੀ ਕਾਰਗੁਜ਼ਾਰੀ ਦੀ ਨਿਯਮਤ ਹਫਤਾਵਾਰੀ ਸਮੀਖਿਆ ਕਰਨਗੇ।

ਇਸ ਮੌਕੇ ਆਬਕਾਰੀ ਕਮਿਸ਼ਨਰ ਜਤਿੰਦਰ ਜੋਰਵਾਲ ਨੇ ਵਿੱਤ ਮੰਤਰੀ ਨੂੰ ਭਰੋਸਾ ਦਿਵਾਇਆ ਕਿ ਆਬਕਾਰੀ ਵਿਭਾਗ ਸੂਬੇ ਵਿੱਚ ਗੈਰ-ਕਾਨੂੰਨੀ ਸ਼ਰਾਬ ਸਬੰਧੀ ਗਤੀਵਿਧੀਆਂ ਨੂੰ ਮੁਕੰਮਲ ਤੌਰ 'ਤੇ ਰੋਕਣ ਲਈ ਜ਼ਮੀਨੀ ਪੱਧਰ 'ਤੇ ਕਾਰਵਾਈ ਨੂੰ ਹੋਰ ਤੇਜ ਕਰਨ ਲਈ ਤਿਆਰ-ਬਰ-ਤਿਆਰ ਹੈ।

# ਕੈਬਨਿਟ ਸਬ-ਕਮੇਟੀ ਵੱਲੋਂ 8 ਮੁਲਾਜ਼ਮ ਯੂਨੀਅਨਾਂ ਨਾਲ ਮੀਟਿੰਗ ਦੌਰਾਨ ਜਾਇਜ਼ ਮੁੱਦਿਆਂ ਦੇ ਜਲਦੀ ਹੱਲ ਦਾ ਭਰੋਸਾ

ਚੰਡੀਗੜ੍ਹ, 26 ਮਈ, (ਚ.ਨ.ਸ.) : ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਦੀ ਅਗਵਾਈ ਹੇਠ ਕੈਬਨਿਟ ਸਬ-ਕਮੇਟੀ ਨੇ ਅੱਜ 8 ਵੱਖ-ਵੱਖ ਮੁਲਾਜ਼ਮ ਯੂਨੀਅਨ ਦੇ ਨੁਮਾਇੰਦਿਆਂ ਨਾਲ ਮੀਟਿੰਗਾਂ ਕੀਤੀ ਤਾਂ ਜੋ ਉਨ੍ਹਾਂ ਦੇ ਜਾਇਜ਼ ਮੁੱਦਿਆਂ 'ਤੇ ਚਰਚਾ ਕਰਦਿਆਂ ਇਨ੍ਹਾਂ ਨੂੰ ਜਲਦੀ ਤੋਂ ਜਲਦੀ ਹੱਲ ਕੀਤਾ ਜਾ ਸਕੇ।



ਮੀਟਿੰਗ ਵਿੱਚ ਹਿੱਸਾ ਲੈਣ ਵਾਲੀਆਂ ਮੁਲਾਜ਼ਮ ਯੂਨੀਅਨਾਂ ਵਿੱਚ 'ਬੇਰੁਜ਼ਗਾਰ ਸਾਂਝਾ ਮੋਰਚਾ ਪੰਜਾਬ', '3704 ਅਧਿਆਪਕ ਯੂਨੀਅਨ', 'ਮੈਰੀਟੋਰੀਅਸ ਟੀਚਰਜ਼ ਯੂਨੀਅਨ', 'ਏ.ਆਈ.ਈ ਕੱਚੇ ਅਧਿਆਪਕ ਯੂਨੀਅਨ ਸੈਸ਼ਨ 2012-14', '10 ਸਾਲ ਸੇਵਾ ਪੂਰੀ ਕਰ ਚੁੱਕੇ ਕੱਚੇ ਅਧਿਆਪਕ ਯੂਨੀਅਨ', 'ਬੇਰੁਜ਼ਗਾਰ 646, ਪੀਟੀਆਈ (2011) ਅਧਿਆਪਕ ਯੂਨੀਅਨ', 'ਪੀਡਬਲਯੂਡੀ ਫੀਲਡ ਐਂਡ ਵਰਕਸ਼ਾਪ ਵਰਕਰਜ਼ ਯੂਨੀਅਨ', 'ਆਲ ਪੰਜਾਬ ਡੀਐਸਟੀ/ਸੀਟੀਐਸ ਕੰਟਰੈਕਟ/ਗੈਸਟ ਫੈਕਲਟੀ ਇੰਸਟ$ਰਕਟਰ ਯੂਨੀਅਨ' ਸ਼ਾਮਲ ਸਨ। ਪੰਜਾਬ ਸਕੱਤਰੇਤ ਸਥਿਤ ਵਿੱਤ ਮੰਤਰੀ ਦੇ ਦਫ਼ਤਰ ਵਿਖੇ ਹੋਈਆਂ ਇਨ੍ਹਾਂ ਮੀਟਿੰਗਾਂ ਨੇ ਮੁਲਾਜ਼ਮ ਯੂਨੀਅਨਾਂ ਨੂੰ ਆਪਣੀਆਂ ਮੰਗਾਂ ਅਤੇ ਮੁੱਦੇ ਸਾਂਝੇ ਕਰਨ ਲਈ ਇੱਕ ਮਹੱਤਵਪੂਰਨ ਪਲੇਟਫਾਰਮ ਪ੍ਰਦਾਨ ਕੀਤਾ।

ਲਗਭਗ 3 ਘੰਟੇ ਤੱਕ ਚੱਲੀਆਂ ਇਨ੍ਹਾਂ ਮੀਟਿੰਗਾਂ ਦੌਰਾਨ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਯੂਨੀਅਨ ਆਗੂਆਂ ਨਾਲ ਵਿਸਥਾਰ ਵਿੱਚ ਚਰਚਾ ਕੀਤੀ ਅਤੇ ਸਬੰਧਤ ਅਧਿਕਾਰੀਆਂ ਤੋਂ ਯੂਨੀਅਨਾਂ ਦੇ ਮੁੱਦਿਆਂ ਬਾਰੇ ਮੌਜੂਦਾ ਸਥਿਤੀ ਬਾਰੇ ਜਾਣਕਾਰੀ ਲਈ। ਉਨ੍ਹਾਂ ਅਧਿਕਾਰੀਆਂ ਨੂੰ ਮੁਲਾਜ਼ਮ ਯੂਨੀਅਨਾਂ ਦੀਆਂ ਜਾਇਜ਼ ਮੰਗਾਂ ਨੂੰ ਜਲਦੀ ਤੋਂ ਜਲਦੀ ਹੱਲ ਕਰਨ ਦੇ ਨਿਰਦੇਸ਼ ਦਿੱਤੇ। 'ਆਪ' ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਉਨ੍ਹਾਂ ਦੇ ਮੁੱਦਿਆਂ 'ਤੇ ਗੰਭੀਰ ਕਾਰਵਾਈ ਲਈ ਯੂਨੀਅਨ ਆਗੂਆਂ ਨੇ ਵਿੱਤ ਮੰਤਰੀ ਦਾ ਧੰਨਵਾਦ ਕੀਤਾ ਅਤੇ ਖੁਸ਼ਗਵਾਰ ਮਾਹੌਲ ਵਿੱਚ ਹੋਈਆਂ ਮੀਟਿੰਗਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਉਮੀਦ ਪ੍ਰਗਟ ਕੀਤੀ ਕਿ ਉਨ੍ਹਾਂ ਦੇ ਲੰਬਿਤ ਮੁੱਦਿਆਂ ਦਾ ਜਲਦੀ ਹੀ ਹੱਲ ਹੋਵੇਗਾ ਅਤੇ ਸਬੰਧਤ ਮੁਲਾਜ਼ਮਾਂ ਨੂੰ ਲੋੜੀਂਦੀ ਰਾਹਤ ਮਿਲੇਗੀ।

ਵਿੱਤ ਮੰਤਰੀ ਨੇ ਕਰਮਚਾਰੀ ਸੰਗਠਨਾਂ ਨੂੰ ਭਰੋਸਾ ਦਿੱਤਾ ਕਿ ਉਨ੍ਹਾਂ ਦੀਆਂ ਮੰਗਾਂ 'ਤੇ ਵਿਚਾਰ ਕੀਤਾ ਜਾਵੇਗਾ ਅਤੇ ਇਨ੍ਹਾਂ ਨੂੰ ਨਿਰਪੱਖ ਅਤੇ ਸਮੇਂ ਸਿਰ ਹੱਲ ਕਰਨ ਲਈ ਹਰ ਸੰਭਵ ਕੋਸ਼ਿਸ਼ ਕੀਤੀ ਜਾਵੇਗੀ। ਮੀਟਿੰਗਾਂ ਹਾਂ-ਪੱਖੀ ਮਾਹੌਲ ਵਿੱਚ ਸਮਾਪਤ ਹੋਈਆਂ ਅਤੇ ਮੁਲਾਜ਼ਮ ਜਥੇਬੰਦੀਆਂ ਵਿੱਚ ਆਸ ਦੀ ਭਾਵਨਾ ਸੀ ਕਿ ਉਨ੍ਹਾਂ ਦੇ ਮੁੱਦਿਆਂ ਦਾ ਜਲਦੀ ਹੱਲ ਕੀਤਾ ਜਾਵੇਗਾ।

ਮੀਟਿੰਗ ਵਿੱਚ 'ਬੇਰੁਜ਼ਗਾਰ ਸਾਂਝਾ ਮੋਰਚਾ ਪੰਜਾਬ' ਤੋਂ ਕਨਵੀਨਰ ਜਸਵੰਤ ਸਿੰਘ ਘੁਬਾਇਆ, ਰਮਨ ਕੁਮਾਰ ਮਲੋਟ ਤੇ ਹਰਜਿੰਦਰ ਸਿੰਘ ਝੁਨੀਰ, '3704 ਅਧਿਆਪਕ ਯੂਨੀਅਨ' ਤੋਂ ਸੂਬਾ ਪ੍ਰਧਾਨ ਹਰਜਿੰਦਰ ਸਿੰਘ, ਯਾਦਵਿੰਦਰ ਸਿੰਘ, ਜਗਜੀਵਨਜੋਤ ਸਿੰਘ, 'ਮੈਰੀਟੋਰੀਅਸ ਟੀਚਰਜ਼ ਯੂਨੀਅਨ' ਤੋਂ ਸੀਨੀਅਰ ਮੀਤ ਪ੍ਰਧਾਨ ਡਾ: ਟੀਨਾ, ਡਾ: ਅਜੇ ਸ਼ਰਮਾ ਤੇ ਦਵਿੰਦਰ ਸਿੰਘ, 'ਏ.ਆਈ.ਈ ਕੱਚੇ ਅਧਿਆਪਕ ਯੂਨੀਅਨ ਸੈਸ਼ਨ 2012-14' ਤੋਂ ਸੂਬਾ ਪ੍ਰਧਾਨ ਤਜਿੰਦਰ ਕੌਰ ਤੇ ਮੰਜੂ ਸ਼ਰਮਾ, '10 ਸਾਲ ਸੇਵਾ ਪੂਰੀ ਕਰ ਚੁਕੇ ਕੱਚੇ ਅਧਿਆਪਕ ਯੂਨੀਅਨ' ਤੋਂ ਸੂਬਾ ਪ੍ਰਧਾਨ ਜਸਪਾਲ ਸਿੰਘ ਅਤੇ ਜਨਰਲ ਸਕੱਤਰ ਬਲਜਿੰਦਰ ਮੁਕਤਸਰ, 'ਬੇਰੁਜ਼ਗਰ 646, ਪੀਟੀਆਈ (2011) ਅਧਿਆਪਕ ਯੂਨੀਅਨ' ਤੋਂ ਗੁਰਲਾਭ ਸਿੰਘ, ਸੀ.ਪੀ.ਸ਼ਰਮਾ ਅਤੇ ਵਕੀਲ ਰਾਮ, 'ਪੀਡਬਲਯੂਡੀ ਫੀਲਡ ਐਂਡ ਵਰਕਸ਼ਾਪ ਵਰਕਰਜ਼ ਯੂਨੀਅਨ' ਤੋਂ ਮੱਖਣ ਸਿੰਘ ਵਾਹਿਦਪੁਰੀ ਤੇ ਬਲਜਿੰਦਰ ਸਿੰਘ, ਅਤੇ 'ਆਲ ਪੰਜਾਬ ਡੀਐਸਟੀ/ਸੀਟੀਐਸ ਕੰਟਰੈਕਟ/ਗੈਸਟ ਫੈਕਲਟੀ ਇੰਸਟ$ਰਕਟਰ ਯੂਨੀਅਨ' ਤੋਂ ਸੰਦੀਪ ਸਿੰਘ, ਕਿਰਨਦੀਪ ਸਿੰਘ ਅਤੇ ਨੀਨਾ ਰਾਣੀ ਨੇ ਯੂਨੀਅਨਾਂ ਦਾ ਪੱਖ ਪੇਸ਼ ਕੀਤਾ।

# ਡਾ. ਰਵਜੋਤ ਸਿੰਘ ਨੇ ਨਗਰ ਨਿਗਮਾਂ ਦੇ ਪ੍ਰਬੰਧਾ ਦਾ ਲਿਆ ਜਾਇਜ਼ਾ

## ਬਰਸਾਤਾਂ ਤੋਂ ਪਹਿਲਾਂ ਸੀਵਰੇਜਾਂ ਦੀ ਸਫ਼ਾਈ ਯਕੀਨੀ ਬਣਾਉਣ ਦੇ ਦਿੱਤੇ ਨਿਰਦੇਸ਼

ਚੰਡੀਗੜ੍ਹ, 26 ਮਈ, (ਚ.ਨ.ਸ.) : ਪੰਜਾਬ ਦੀ ਮਾਨ ਸਰਕਾਰ ਸੂਬੇ ਦੇ ਸ਼ਹਿਰ ਵਾਸੀਆਂ ਨੂੰ ਬਿਹਤਰ ਨਾਗਰਿਕ ਸਹੂਲਤਾਂ ਮੁਹੱਈਆ ਕਰਵਾਉਣ ਲਈ ਲਗਾਤਾਰ ਕਦਮ ਚੁੱਕ ਰਹੀ ਹੈ। ਇਹ ਪ੍ਰਗਟਾਵਾ ਕਰਦਿਆਂ ਪੰਜਾਬ ਦੇ ਸਥਾਨਕ ਸਰਕਾਰਾਂ ਮੰਤਰੀ ਡਾ. ਰਵਜੋਤ ਸਿੰਘ ਨੇ ਕਿਹਾ ਕਿ ਬਰਸਾਤਾਂ ਤੋਂ ਪਹਿਲਾਂ ਸੀਵਰੇਜ਼ਾਂ ਦੀ ਚੰਗੀ ਤਰ੍ਹਾਂ ਸਫਾਈ ਕਰਨੀ ਯਕੀਨੀ ਬਣਾਈ ਜਾਵੇ।



ਅੱਜ ਇੱਥੇ ਮਿਊਂਸੀਪਲ ਭਵਨ ਵਿਖੇ ਵੱਖ-ਵੱਖ ਮਿਊਂਸੀਪਲ ਕਾਰਪੋਰੇਸ਼ਨਾਂ ਦੇ ਸਬੰਧਤ ਵਿਧਾਇਕਾਂ, ਮੇਅਰਾਂ ਅਤੇ ਵਿਭਾਗ ਦੇ ਸੀਨੀਅਰ ਅਧਿਕਾਰੀਆਂ ਨਾਲ ਮੀਟਿੰਗ ਦੌਰਾਨ ਡਾ. ਰਵਜੋਤ ਸਿੰਘ ਨੇ ਸੂਬਾ ਸਰਕਾਰ ਦੀ ਵਚਨਬੱਧਤਾ ਦੁਹਰਾਉਂਦਿਆਂ ਵਿਭਾਗ ਦੇ ਸਮੂਹ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਸਮੁੱਚੇ ਪ੍ਰਗਤੀ ਅਧੀਨ ਪ੍ਰਾਜੈਕਟਾਂ ਨੂੰ ਤੈਅ ਸਮੇਂ ਸੀਮਾਂ ਅੰਦਰ ਮੁਕੰਮਲ ਕਰਨਾ ਯਕੀਨੀ ਬਣਾਇਆ ਜਾਵੇ।

ਸਥਾਨਕ ਸਰਕਾਰਾਂ ਮੰਤਰੀ ਨੇ ਅਧਿਕਾਰੀਆਂ ਤੋਂ ਬਰਸਾਤਾਂ ਦੇ ਸੀਜਨ ਤੋਂ ਪਹਿਲਾਂ ਸਮੁੱਚੀਆਂ ਤਿਆਰੀਆਂ ਦੀ ਰਿਪੋਰਟ ਲਈ ਅਤੇ ਅਧਿਕਾਰੀਆਂ ਨੂੰ ਸਮੇਂ ਸਿਰ ਸ਼ਹਿਰਾਂ ਦੇ ਸੀਵਰੇਜਾਂ ਦੀ ਸੁਚੱਜੀ ਸਫਾਈ ਯਕੀਨੀ ਬਣਾਉਣ ਲਈ ਕਿਹਾ। ਉਨ੍ਹਾਂ ਕਿਹਾ ਕਿ ਬਰਸਾਤੀ ਮੌਸਮ ਦੌਰਾਨ ਬਰਸਾਤਾਂ ਦਾ ਪਾਣੀ ਸੀਵਰੇਜ ਦੇ ਪਾਣੀ ਵਿੱਚ ਮਿਕਸ ਹੋ ਕੇ ਸੜਕਾਂ ਅਤੇ ਗਲੀਆ ਵਿੱਚ ਨਾ ਆਵੇ। ਸ਼ਹਿਰ ਵਾਸੀਆਂ ਨੂੰ ਸਾਫ ਪੀਣ ਵਾਲਾ ਪਾਣੀ ਅਤੇ ਸੁਚੱਜੇ ਸਫਾਈ ਪ੍ਰਬੰਧ ਮੁਹੱਈਆ ਕਰਵਾਉਣੇ ਯਕੀਨੀ ਬਣਾਉਣ 'ਤੇ ਜ਼ੋਰ ਦਿੰਦਿਆਂ ਉਨ੍ਹਾਂ ਕਿਹਾ ਕਿ ਸਰਕਾਰ ਕੋਲ ਵਿਕਾਸ ਕਾਰਜਾਂ ਲਈ ਫੰਡਾਂ ਦੀ ਕੋਈ ਘਾਟ ਨਹੀਂ ਹੈ। ਉਨ੍ਹਾਂ ਨਗਰ ਨਿਗਮਾਂ ਨੂੰ ਲੋੜੀਂਦੇ ਵਿਕਾਸ ਕਾਰਜਾਂ ਸਬੰਧੀ ਮੁਕੰਮਲ ਤਜਵੀਜ਼ ਤਿਆਰ ਕਰਕੇ ਮੁੱਖ ਦਫਤਰ ਨੂੰ ਭੇਜਣ ਲਈ ਵੀ ਕਿਹਾ।

ਕੈਬਨਿਟ ਮੰਤਰੀ ਨੇ ਕਿਹਾ ਕਿ ਸਰਕਾਰ ਸੂਬੇ ਨੂੰ ਸਾਫ ਸੁਥਰਾ ਅਤੇ ਰੰਗਲਾ ਪੰਜਾਬ ਬਣਾਉਣ ਲਈ ਲਗਾਤਾਰ ਉਪਰਾਲੇ ਕਰ ਰਹੀ ਹੈ ਉਨ੍ਹਾਂ ਅਧਿਕਾਰੀਆਂ ਨੂੰ ਅਪੀਲ ਕੀਤੀ ਕਿ ਸ਼ਹਿਰਾਂ ਵਿੱਚ ਸੜਕਾਂ ਅਤੇ ਗਲੀਆਂ ਦੀ ਰੋਜ਼ਾਨਾ ਸਾਫ ਸਫਾਈ ਯਕੀਨੀ ਬਣਾਈ ਜਾਵੇ। ਉਨ੍ਹਾਂ ਸਪੱਸ਼ਟ ਕਰਦਿਆਂ ਕਿਹਾ ਕਿ ਸਫਾਈ ਵਿਵਸਥਾ ਵਿੱਚ ਕਿਸੇ ਤਰ੍ਹਾਂ ਦੀ ਅਣਗਹਿਲੀ ਕੀਤੇ ਜਾਣ ਦੀ ਸੂਰਤ ਵਿੱਚ ਕਿਸੇ ਵੀ ਦੋਸ਼ੀ ਅਧਿਕਾਰੀ ਨੂੰ ਬਖਸ਼ਿਆ ਨਹੀਂ ਜਾਵੇਗਾ।

ਮੰਤਰੀ ਨੇ ਕਿਹਾ ਕਿ ਸ਼ਹਿਰਾਂ ਵਿੱਚ ਆਵਾਰਾ ਕੁੱਤਿਆਂ ਦੀ ਵੱਧ ਰਹੀ ਗਿਣਤੀ ਨੂੰ ਰੋਕਣ ਲਈ ਸਮੂਹ ਅਧਿਕਾਰੀ ਆਪਣੇ-ਆਪਣੇ ਖੇਤਰ ਅਧੀਨ ਐਨੀਮਲ ਬਰਥ ਕੰਟਰੋਲ ਨੂੰ ਰੋਕਣ ਲਈ ਏ.ਬੀ.ਸੀ ਪ੍ਰੋਗਰਾਮ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕੀਤਾ ਜਾਵੇ।

ਇਸ ਮੀਟਿੰਗ ਵਿੱਚ ਵਿਧਾਇਕ ਬ੍ਰਮ ਸ਼ੰਕਰ ਜਿੰਪਾ, ਡਾ. ਅਮਨਦੀਪ ਕੌਰ ਅਰੋੜਾ, ਅਮਨਸ਼ੇਰ ਸਿੰਘ ਸ਼ੈਰੀ ਕਲਸੀ ਅਤੇ ਅਰੁਣ ਨਾਰੰਗ ਤੋਂ ਇਲਾਵਾ ਸਥਾਨਕ ਸਰਕਾਰਾਂ ਵਿਭਾਗ ਦੇ ਡਾਇਰੈਕਟਰ ਗੁਰਪ੍ਰੀਤ ਸਿੰਘ ਖਹਿਰਾ, ਪੀ.ਐਮ.ਆਈ.ਡੀ.ਸੀ ਦੇ ਸੀ.ਈ.ਓ ਦੀਪਤੀ ਉੱਪਲ ਅਤੇ ਸਥਾਨਕ ਸਰਕਾਰਾਂ ਵਿਭਾਗ ਅਤੇ ਸੀਵਰੇਜ ਬੋਰਡ ਦੇ ਅਧਿਕਾਰੀਆਂ ਨੇ ਸ਼ਮੂਲੀਅਤ ਕੀਤੀ।

# ਜੰਡਿਆਲਾ ਗੁਰੂ ਕੌਂਸਲਰ ਕਤਲ ਕਾਂਡ : ਪੰਜਾਬ ਪੁਲਿਸ ਨੇ 8 ਘੰਟਿਆਂ ਅੰਦਰ ਸੁਲਝਾਇਆ ਮਾਮਲਾ



ਚੰਡੀਗੜ੍ਹ/ਅੰਮ੍ਰਿਤਸਰ, 26 ਮਈ, (ਚ.ਨ.ਸ.) : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਪੰਜਾਬ ਨੂੰ ਸੁਰੱਖਿਅਤ ਸੂਬਾ ਬਣਾਉਣ ਲਈ ਵਿੱਢੀ ਮੁਹਿੰਮ ਦੌਰਾਨ ਇੱਕ ਵੱਡੀ ਸਫਲਤਾ ਵਿੱਚ, ਅੰਮ੍ਰਿਤਸਰ ਕਮਿਸ਼ਨਰੇਟ ਪੁਲਿਸ ਨੇ ਜੰਡਿਆਲਾ ਗੁਰੂ ਦੇ ਕੌਂਸਲਰ ਹਰਜਿੰਦਰ ਸਿੰਘ ਉਰਫ਼ ਬਾਹਮਣ ਦੇ ਕਤਲ ਵਿੱਚ ਸ਼ਾਮਲ ਵਿਦੇਸ਼ ਅਧਾਰਤ ਕਿਸ਼ਨ ਗੈਂਗ ਦੇ ਚਾਰ ਕਾਰਕੁਨਾਂ ਨੂੰ ਗ੍ਰਿਫ਼ਤਾਰ ਕਰਕੇ ਇਸ ਸੰਗਠਿਤ ਅਪਰਾਧ ਨੈੱਟਵਰਕ ਦਾ ਪਰਦਾਫਾਸ਼ ਕਰ ਦਿੱਤਾ ਹੈ। ਇਹ ਜਾਣਕਾਰੀ ਅੱਜ ਇੱਥੇ ਡਾਇਰੈਕਟਰ ਜਨਰਲ ਆਫ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਦਿੱਤੀ।

ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਜੋਬਨਜੀਤ ਸਿੰਘ ਉਰਫ ਜੋਬਨ (22) ਵਾਸੀ ਪਿੰਡ ਨੰਗਲ ਗੁਰੂ, ਅੰਮ੍ਰਿਤਸਰ; ਅਮਿਤ (19) ਵਾਸੀ ਘੁੜੇ ਸ਼ਾਹ, ਜੰਡਿਆਲਾ; ਗੁਰਪ੍ਰੀਤ ਸਿੰਘ ਉਰਫ ਡੌਨ (18) ਵਾਸੀ ਨਵਾਂਕੋਟ, ਅੰਮ੍ਰਿਤਸਰ ਅਤੇ ਗੁਰਪ੍ਰੀਤ ਸਿੰਘ ਉਰਫ ਗੋਪੀ (22) ਵਾਸੀ ਮੁਹੱਲਾ ਸ਼ੇਖੂਪੁਰਾ, ਜੰਡਿਆਲਾ ਗੁਰੂ ਵਜੋਂ ਹੋਈ ਹੈ। ਪੁਲਿਸ ਟੀਮਾਂ ਨੇ ਇੱਕ 9 ਐਮ.ਐਮ. ਗਲਾਕ ਪਿਸਤੌਲ ਬਰਾਮਦ ਕਰਨ ਦੇ ਨਾਲ ਨਾਲ ਉਨ੍ਹਾਂ ਦੇ ਇੱਕ ਐਕਟਿਵਾ ਸਕੂਟਰ ਅਤੇ ਇੱਕ ਮੋਟਰਸਾਈਕਲ ਜੋ ਅਪਰਾਧ ਵਿੱਚ ਵਰਤੇ ਗਏ ਸਨ, ਨੂੰ ਵੀ ਜ਼ਬਤ ਕੀਤਾ ਹੈ।

ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ 8 ਘੰਟਿਆਂ ਦੇ ਅੰਦਰ ਹੀ ਅੰਮ੍ਰਿਤਸਰ ਕਮਿਸ਼ਨਰੇਟ ਪੁਲਿਸ ਨੇ ਚਾਰ ਗੈਂਗ ਮੈਂਬਰਾਂ ਨੂੰ ਗ੍ਰਿਫ਼ਤਾਰ ਕਰਕੇ ਹਰਜਿੰਦਰ ਸਿੰਘ ਉਰਫ਼ ਬਾਹਮਣ (ਨਗਰ ਕੌਂਸਲਰ, ਜੰਡਿਆਲਾ ਗੁਰੂ) ਦੇ ਕਤਲ ਕੇਸ ਨੂੰ ਤੇਜ਼ੀ ਨਾਲ ਸੁਲਝਾ ਲਿਆ ਗਿਆ ਹੈ।

ਇਸ ਆਪਰੇਸ਼ਨ ਨੂੰ ਅੰਤਰ-ਗੈਂਗ ਦੁਸ਼ਮਣੀ ਅਤੇ ਸੰਗਠਿਤ ਅਪਰਾਧ 'ਤੇ ਕੀਤੀ ਜਾ ਰਹੀ ਕਾਰਵਾਈ ਤਹਿਤ ਅਹਿਮ ਕਦਮ ਦੱਸਦਿਆਂ, ਡੀਜੀਪੀ ਨੇ ਕਿਹਾ ਕਿ ਹੋਰ ਮੈਂਬਰਾਂ ਦੀ ਪਛਾਣ ਕਰਨ ਅਤੇ ਗਿਰੋਹ ਦੇ ਅਗਲੇ-ਪਿਛਲੇ ਸਬੰਧਾਂ ਦਾ ਪਤਾ ਲਗਾਉਣ ਲਈ ਜਾਂਚ ਜਾਰੀ ਹੈ।

ਇਸ ਆਪ੍ਰੇਸ਼ਨ ਦੇ ਵੇਰਵੇ ਸਾਂਝੇ ਕਰਦਿਆਂ, ਪੁਲਿਸ ਕਮਿਸ਼ਨਰ (ਸੀਪੀ) ਅੰਮ੍ਰਿਤਸਰ ਗੁਰਪ੍ਰੀਤ ਸਿੰਘ ਭੁੱਲਰ ਨੇ ਦੱਸਿਆ ਕਿ ਤਕਨੀਕੀ ਅਤੇ ਖੁਫੀਆ ਸੂਹ 'ਤੇ ਕਾਰਵਾਈ ਕਰਦਿਆਂ ਪੁਲਿਸ ਟੀਮਾਂ ਨੇ ਤਰਨਤਾਰਨ ਦੇ ਪਿੰਡ ਧੂੰਦਾ ਤੋਂ ਜੋਬਨਜੀਤ, ਅੰਮ੍ਰਿਤਸਰ ਦੇ ਮਾਹਣਾ ਸਿੰਘ ਰੋਡ ਨਜਦੀਕੀ ਹੋਟਲ ਤੋਂ ਗੁਰਪ੍ਰੀਤ ਉਰਫ ਡੌਨ ਅਤੇ ਅਮਿਤ ਨੂੰ ਗ੍ਰਿਫ਼ਤਾਰ ਕੀਤਾ ਹੈ।

ਉਨ੍ਹਾਂ ਦੱਸਿਆ ਕਿ ਫਤਿਹਪੁਰ ਨਜਦੀਕ ਪੁਲਿਸ ਵੱਲੋਂ ਪਿੱਛਾ ਕਰਨ ਦੌਰਾਨ, ਦੋਸ਼ੀ ਗੁਰਪ੍ਰੀਤ ਸਿੰਘ ਉਰਫ਼ ਗੋਪੀ ਨੇ ਪੁਲਿਸ ਪਾਰਟੀ 'ਤੇ ਗੋਲੀਬਾਰੀ ਕਰ ਦਿੱਤੀ। ਉਨ੍ਹਾਂ ਦੱਸਿਆ ਕਿ ਸਵੈ-ਰੱਖਿਆ ਵਿੱਚ, ਐਸਐਚਓ ਛੇਹਰਟਾ ਨੇ ਆਪਣੇ ਸਰਵਿਸ ਹਥਿਆਰ ਨਾਲ ਜਵਾਬੀ ਕਾਰਵਾਈ ਕੀਤੀ, ਜਿਸ ਦੇ ਚਲਦਿਆਂ ਗੋਪੀ ਦੀ ਸੱਜੀ ਲੱਤ ਵਿੱਚ ਗੋਲੀ ਲੱਗ ਗਈ। ਉਨ੍ਹਾਂ ਅੱਗੇ ਦੱਸਿਆ ਕਿ ਦੋਸ਼ੀ ਨੂੰ ਤੁਰੰਤ ਡਾਕਟਰੀ ਦੇਖਭਾਲ ਲਈ ਸਿਵਲ ਹਸਪਤਾਲ, ਅੰਮ੍ਰਿਤਸਰ ਭੇਜ ਦਿੱਤਾ ਗਿਆ ਅਤੇ ਇਸ ਵੇਲੇ ਉਹ ਜ਼ੇਰੇ ਇਲਾਜ ਹੈ।

ਸੀਪੀ ਨੇ ਕਿਹਾ ਕਿ ਦੋਸ਼ੀ ਗੁਰਪ੍ਰੀਤ ਗੋਪੀ ਅਪਰਾਧਿਕ ਪਿਛੋਕੜ ਵਾਲਾ ਮੁਲਜ਼ਮ ਹੈ ਅਤੇ ਉਸ ਵਿਰੁੱਧ ਐਨਡੀਪੀਐਸ ਐਕਟ ਤਹਿਤ ਮਾਮਲੇ ਦਰਜ ਹਨ। ਉਨ੍ਹਾਂ ਅੱਗੇ ਕਿਹਾ ਕਿ ਹਾਲ ਹੀ ਵਿੱਚ, ਗੁਰਪ੍ਰੀਤ ਸਿੰਘ ਉਰਫ਼ ਗੋਪੀ ਦੀ ਮਾਂ ਅਤੇ ਭਾਬੀ ਤੋਂ ਵੀ ਡਰੱਗ ਮਾਮਲੇ ਵਿੱਚ ਪੁੱਛਗਿੱਛ ਕੀਤੀ ਗਈ ਸੀ।

ਇਸ ਸਬੰਧੀ ਐਫਆਈਆਰ ਨੰਬਰ 98 ਮਿਤੀ 25/05/2025 ਨੂੰ ਅੰਮ੍ਰਿਤਸਰ ਦੇ ਥਾਣਾ ਛੇਹਰਟਾ ਵਿਖੇ ਭਾਰਤੀ ਨਿਆ ਸੰਹਿਤਾ ਦੀ ਧਾਰਾ 103, 61(2), 351, 191(2), 191(3) ਅਤੇ 190 ਅਤੇ ਅਸਲਾ ਐਕਟ ਦੀ ਧਾਰਾ 25 ਤਹਿਤ ਪਹਿਲਾਂ ਹੀ ਦਰਜ ਕੀਤੀ ਜਾ ਚੁੱਕੀ ਹੈ।

# ਡਾ. ਤੇਜਪਾਲ ਸਿੰਘ ਗਿੱਲ ਨੇ ਪਨਗ੍ਰੇਨ ਦੇ ਚੇਅਰਮੈਨ ਵਜੋਂ ਅਹੁਦਾ ਸੰਭਾਲਿਆ



ਚੰਡੀਗੜ੍ਹ, 26 ਮਈ, (ਚ.ਨ.ਸ.) : ਡਾ. ਤੇਜਪਾਲ ਸਿੰਘ ਗਿੱਲ ਨੇ ਅੱਜ ਸੰਸਦ ਮੈਂਬਰ ਸ੍ਰੀ ਮੀਤ ਹੇਅਰ ਅਤੇ ਕੈਬਨਿਟ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਦੀ ਮੌਜੂਦਗੀ ਵਿੱਚ ਅਨਾਜ ਭਵਨ, ਸੈਕਟਰ 39 ਸੀ, ਚੰਡੀਗੜ੍ਹ ਵਿਖੇ ਪੰਜਾਬ ਰਾਜ ਅਨਾਜ ਖਰੀਦ ਨਿਗਮ ਲਿਮਟਿਡ (ਪਨਗ੍ਰੇਨ) ਦੇ ਚੇਅਰਮੈਨ ਵਜੋਂ ਅਹੁਦਾ ਸੰਭਾਲਿਆ।

ਇਸ ਮੌਕੇ ਡਾ. ਤੇਜਪਾਲ ਸਿੰਘ ਗਿੱਲ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਉਨ੍ਹਾਂ 'ਤੇ ਭਰੋਸਾ ਕਰਨ ਲਈ ਧੰਨਵਾਦ ਕੀਤਾ। ਉਨ੍ਹਾਂ ਇਹ ਵੀ ਕਿਹਾ ਕਿ ਕਿਉਂਕਿ ਪਨਗ੍ਰੇਨ ਅਨਾਜ ਦੀ ਖਰੀਦ ਅਤੇ ਭੰਡਾਰਨ ਨਾਲ ਸਿੱਧਾ ਤੌਰ 'ਤੇ ਜੁੜਿਆ ਹੋਇਆ ਹੈ, ਉਹ ਕਿਸਾਨਾਂ ਸਮੇਤ ਸਾਰੇ ਭਾਈਵਾਲਾਂ ਦੇ ਹਿੱਤਾਂ ਲਈ ਕਦਮ ਚੁੱਕਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡਣਗੇ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਵਿਧਾਇਕ ਲਾਭ ਸਿੰਘ ਉਗੋਕੇ, ਵਿਧਾਇਕ ਜੀਵਨ ਸਿੰਘ ਸੰਗੋਵਾਲ, ਵਿਧਾਇਕ ਹਾਕਮ ਸਿੰਘ ਠੇਕੇਦਾਰ, ਮੰਡੀ ਬੋਰਡ ਦੇ ਚੇਅਰਮੈਨ ਹਰਚਰਨ ਸਿੰਘ ਬਰਸਟ, ਮਾਰਕਫੈੱਡ ਦੇ ਚੇਅਰਮੈਨ ਸ੍ਰੀ ਅਮਨ ਮੋਹੀ, ਯੋਜਨਾਬੰਦੀ ਬੋਰਡ ਦੇ ਚੇਅਰਮੈਨ ਸ਼ਰਨਪਾਲ ਸਿੰਘ ਮੱਕੜ, ਡਾਇਰੈਕਟਰ ਖੁਰਾਕ ਤੇ ਸਪਲਾਈਜ਼ ਵਰਿੰਦਰ ਕੁਮਾਰ ਸ਼ਰਮਾ, ਚੇਅਰਮੈਨ ਅਨਿਲ ਠਾਕੁਰ, ਚੇਅਰਮੈਨ ਇੰਦਰਜੀਤ ਸਿੰਘ ਮਾਨ, ਐਡਵੋਕੇਟ ਜਨਰਲ ਕੁਲਵਿੰਦਰ ਢੀਂਡਸਾ, ਡਿਪਟੀ ਐਡਵੋਕੇਟ ਜਨਰਲ ਧਰਮਿੰਦਰ ਸਿੰਘ ਲਾਂਬਾ, ਵਾਈਸ ਚੇਅਰਮੈਨ ਇੰਦਰਜੀਤ ਸਿੰਘ, ਜ਼ਿਲ੍ਹਾ ਪ੍ਰਧਾਨ ਮੋਹਾਲੀ ਪ੍ਰਭਜੋਤ ਕੌਰ, ਵਾਈਸ ਚੇਅਰਮੈਨ ਹਰਜੀਤ ਸਿੰਘ ਮਾਂਗਟ, ਜ਼ਿਲ੍ਹਾ ਪ੍ਰਧਾਨ ਦਿਹਾਤੀ ਹਰਭਿੰਦਰ ਸਿੰਘ ਧਰੌਰ, ਮੀਤ ਪ੍ਰਧਾਨ ਬਿਨਿਤ ਵਰਮਾ, ਸਪੋਰਕਸਪਰਸਨ ਐਡਵੋਕੇਟ ਜਸਮਨ ਸਿੰਘ ਗਿੱਲ ਅਤੇ ਹੋਰ ਪਾਰਟੀ ਵਰਕਰ ਸ਼ਾਮਲ ਸਨ।

# ਰਾਣਾ ਗੁਰਜੀਤ ਸਿੰਘ ਵੱਲੋਂ ਕਿਸਾਨਾਂ ਨੂੰ ਝੋਨੇ ਦੀ ਥਾਂ ਮੱਕੀ ਦੀ ਵਧੀਕ ਕਾਸ਼ਤ ਲਈ ਵੈੱਬਸਾਈਟ ਸ਼ੁਰੂ

ਚੰਡੀਗੜ੍ਹ, 26 ਮਈ, (ਹਰਦੀਪ ਕੌਰ) : ਪੰਜਾਬ ਵਿਧਾਨ ਸਭਾ ਦੇ ਮੈਂਬਰ ਰਾਣਾ ਗੁਰਜੀਤ ਸਿੰਘ ਨੇ ਅੱਜ ਇੱਕ ਵੈੱਬ ਪੋਰਟਲ www. barsatimakki.com ਲਾਂਚ ਕੀਤਾ, ਜਿਸ ਦਾ ਮਕਸਦ ਕਿਸਾਨਾਂ ਨੂੰ ਝੋਨੇ ਦੀ ਥਾਂ ਮੱਕੀ ਦੀ ਕਾਸ਼ਤ ਵੱਲ ਪ੍ਰੇਰਿਤ ਕਰਨਾ ਹੈ, ਤਾਂ ਜੋ ਪੰਜਾਬ ਦੀ ਜ਼ਮੀਨੀ ਪਾਣੀ ਦੀ ਤੇਜ਼ੀ ਨਾਲ ਘੱਟ ਰਹੀ ਪੱਧਰ ਨੂੰ ਬਚਾਇਆ ਜਾ ਸਕੇ, ਜੋ ਕਿ ਰੇਤਲੇਪਣ ਵੱਲ ਵਧ ਰਿਹਾ ਹੈ।



ਵੈੱਬਪੋਰਟਲ ਲਾਂਚ ਕਰਦੇ ਹੋਏ, ਕਪੂਰਥਲਾ ਤੋਂ ਵਿਧਾਇਕ ਰਾਣਾ ਗੁਰਜੀਤ ਸਿੰਘ ਨੇ ਕਿਹਾ: ਮੈਂ ਇਸ ਵਿਚੋਂ ਕੋਈ ਰਾਜਨੀਤਕ ਲਾਭ ਨਹੀਂ ਲੈ ਰਿਹਾ, ਸਗੋਂ ਮਿਸ਼ਨ ਮੋਡ ਤੇ ਕੰਮ ਕਰ ਰਿਹਾ ਹਾਂ, ਅਤੇ ਇਸ ਦੀ ਜ਼ਿੰਮੇਵਾਰੀ ਆਪਣੇ ਸਿਰ ਲੈ ਰਹਾ ਹਾਂ। ਸ਼ਾਇਦ ਮੈਂ ਅਜੇ ਇਕੱਲਾ ਹਾਂ, ਪਰ ਲੋਕ ਮੇਰੇ ਕੰਮ ਦੀ ਪ੍ਰਸ਼ੰਸਾ ਕਰ ਰਹੇ ਹਨ ਅਤੇ ਮੇਰੇ ਵੱਲੋਂ ਸ਼ੁਰੂ ਕੀਤੇ ਨਵੀਂ ਸੋਚ, ਨਵਾਂ ਪੰਜਾਬ ਪ੍ਰੋਗਰਾਮ ਨਾਲ ਜੁੜ ਰਹੇ ਹਨ।

ਵਿਧਾਇਕ ਮੁਤਾਬਕ, ਪੰਜਾਬ ਸਰਕਾਰ ਨੂੰ ਇਹ ਪਹਿਲ ਅੱਗੇ ਵਧਾਉਣੀ ਚਾਹੀਦੀ ਸੀ। ਉਨ੍ਹਾਂ ਕਿਹਾ ਕਿ ਮੈਂ ਪੰਜਾਬ ਸਰਕਾਰ ਨੂੰ ਅਪੀਲ ਕਰਦਾ ਹਾਂ ਕਿ ਉਹ ਕਿਸਾਨਾਂ ਅਤੇ ਪੰਜਾਬ ਦੇ ਹੋਰ ਹਿੱਸਿਆਂ ਲਈ ਲਾਭਕਾਰੀ ਐਸੀਆਂ ਸਕੀਮਾਂ ਤੇ ਨੀਤੀਆਂ ਲਾਗੂ ਕਰੇ।

ਰਾਣਾ ਗੁਰਜੀਤ ਸਿੰਘ ਨੇ ਦੱਸਿਆ ਕਿ ਜਦੋਂ ਪਿਛਲੇ ਸਾਲ ਕਪਾਹ ਦੀ ਫ਼ਸਲ 'ਚ ਗੁਲਾਬੀ ਸੁੰਡੀ ਆ ਗਈ ਸੀ, ਤਾਂ ਉਨ੍ਹਾਂ ਨੇ ਮੱਕੀ ਦੀ ਕਾਸ਼ਤ ਦੇ ਟ੍ਰਾਇਲ ਕਰਵਾਏ, ਜਿਸ ਦੇ ਨਤੀਜੇ ਕਾਫੀ ਉਤਸ਼ਾਹ ਜਨਕ ਰਹੇ। ਇਸ ਲਈ ਉਨ੍ਹਾਂ ਨੇ ਝੋਨੇ ਦੀ ਥਾਂ ਮੱਕੀ ਲਾਉਣ ਦਾ ਮਿਸ਼ਨ ਸ਼ੁਰੂ ਕੀਤਾ ਹੈ।

ਉਨ੍ਹਾਂ ਨੇ ਕਿਹਾ ਕਿ ਮੈਂ ਅਤੇ ਦੋਵੇਂ ਪੁੱਤਰ—ਸੁਲਤਾਨਪੁਰ ਲੋਧੀ ਤੋਂ ਵਿਧਾਇਕ ਰਾਣਾ ਇੰਦਰ ਪ੍ਰਤਾਪ ਸਿੰਘ ਅਤੇ ਛੋਟੇ ਪੁੱਤਰ ਰਾਣਾ ਕਰਣ ਪ੍ਰਤਾਪ ਸਿੰਘ—ਇਸ ਮਿਸ਼ਨ ਨਾਲ ਜੁੜੇ ਹਨ ਅਤੇ ਜ਼ਮੀਨੀ ਪਾਣੀ ਨੂੰ ਬਚਾਉਣ ਲਈ ਵਚਨਬੱਧ ਹਨ।

ਰਾਣਾ ਇੰਦਰ ਪ੍ਰਤਾਪ ਸਿੰਘ ਨੇ ਵਧੇਰੇ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਜੋ ਕਿਸਾਨ ਮੱਕੀ ਦੀ ਕਾਸ਼ਤ ਕਰ ਰਹੇ ਹਨ, ਉਹ www.barsatimakki. com 'ਤੇ ਆਪਣੇ ਫ਼ੋਨ ਅਤੇ ਆਧਾਰ ਨੰਬਰ ਦੀ ਵਰਤੋਂ ਕਰਕੇ ਰਜਿਸਟਰ ਹੋਣ, ਅਤੇ ਆਪਣੀ ਜ਼ਮੀਨ ਦੀ ਜਾਣਕਾਰੀ ਸ਼ਾਮਲ ਕਰਨ।

# ਪੰਜਾਬ ਪੁਲਿਸ ਵੱਲੋਂ ਅਹਿਮਦਾਬਾਦ ਤੋਂ ਅੱਤਵਾਦੀ ਅਰਸ਼ ਡੱਲਾ ਦਾ ਸਾਥੀ ਗ੍ਰਿਫ਼ਤਾਰ

## ਗ੍ਰਿਫਤਾਰ ਮੁਲਜ਼ਮ ਕਤਲ ਅਤੇ ਜਬਰੀ-ਵਸੂਲੀ ਸਮੇਤ ਕਈ ਮਾਮਲਿਆਂ 'ਚ ਲੋੜੀਂਦਾ : ਡੀ.ਜੀ.ਪੀ.

ਚੰਡੀਗੜ੍ਹ, 26 ਮਈ, (ਚ.ਨ.ਸ.) : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ਅਨੁਸਾਰ ਪੰਜਾਬ ਨੂੰ ਸੁਰੱਖਿਅਤ ਸੂਬਾ ਬਣਾਉਣ ਲਈ ਜਾਰੀ ਮੁਹਿੰਮ ਦੌਰਾਨ ਪੰਜਾਬ ਪੁਲਿਸ ਨੇ ਵਿਦੇਸ਼-ਅਧਾਰਤ ਅੱਤਵਾਦੀ ਅਰਸ਼ ਡੱਲਾ ਅਤੇ ਜਿੰਦੀ ਮਹਿੰਦੀਪੁਰੀਆ, ਜੋ ਮਾਰੇ ਗਏ ਅੱਤਵਾਦੀ ਤੇਜਾ ਮਹਿੰਦੀਪੁਰੀ ਦਾ ਭਰਾ ਹੈ, ਦੇ ਨਜ਼ਦੀਕੀ ਸਾਥੀ ਨੂੰ ਗੁਜਰਾਤ ਦੇ ਅਹਿਮਦਾਬਾਦ ਤੋਂ ਗ੍ਰਿਫ਼ਤਾਰ ਕੀਤਾ ਹੈ। ਇਹ ਜਾਣਕਾਰੀ ਅੱਜ ਇੱਥੇ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ), ਪੰਜਾਬ ਗੌਰਵ ਯਾਦਵ ਨੇ ਦਿੱਤੀ।

ਇਹ ਕਾਰਵਾਈ ਕਾਊਂਟਰ ਇੰਟੈਲੀਜੈਂਸ (ਸੀਆਈ) ਜਲੰਧਰ ਅਤੇ ਹੁਸ਼ਿਆਰਪੁਰ ਪੁਲਿਸ ਵੱਲੋਂ ਗੁਜਰਾਤ ਪੁਲਿਸ ਦੇ ਸਹਿਯੋਗ ਨਾਲ ਸਾਂਝੇ ਤੌਰ 'ਤੇ ਕੀਤੀ ਗਈ।

ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਦੋਸ਼ੀ ਲਵਿਸ਼ ਅਰਸ਼ ਡੱਲਾ ਦੇ ਇਸ਼ਾਰੇ 'ਤੇ ਕੰਮ ਕਰ ਰਿਹਾ ਸੀ ਅਤੇ ਲੋਕਾਂ ਨੂੰ ਡਰਾਉਣ ਲਈ ਉਨ੍ਹਾਂ 'ਤੇ ਗੋਲੀਬਾਰੀ ਸਮੇਤ ਜਬਰੀ ਵਸੂਲੀ ਦੀਆਂ ਗਤੀਵਿਧੀਆਂ ਵਿੱਚ ਸ਼ਾਮਲ ਰਿਹਾ ਹੈ। ਉਨ੍ਹਾਂ ਅੱਗੇ ਕਿਹਾ ਕਿ ਗ੍ਰਿਫ਼ਤਾਰ ਦੋਸ਼ੀ ਦਾ ਪੁਰਾਣਾ ਅਪਰਾਧਕ ਰਿਕਾਰਡ ਹੈ ਅਤੇ ਉਸ ਵਿਰੁੱਧ ਕਤਲ, ਗੋਲੀਬਾਰੀ ਨਾਲ ਡਰਾ-ਧਮਕਾ ਕੇ ਜਬਰੀ ਵਸੂਲੀ ਦੀ ਕੋਸ਼ਿਸ਼ ਅਤੇ ਹੋਰ ਕਈ ਗੰਭੀਰ ਅਪਰਾਧ ਦਰਜ ਹਨ।

ਉਨ੍ਹਾਂ ਕਿਹਾ ਕਿ ਦੋਸ਼ੀ ਲਵਿਸ਼ ਆਪਣੇ ਵਿਦੇਸ਼ੀ ਹੈਂਡਲਰਾਂ ਨਾਲ ਲਗਾਤਾਰ ਸੰਪਰਕ ਵਿੱਚ ਸੀ, ਜੋ ਪੰਜਾਬ ਵਿੱਚ ਇੱਕ ਸਨਸਨੀਖੇਜ਼ ਅਪਰਾਧ ਨੂੰ ਅੰਜਾਮ ਦੇਣ ਦੀ ਤਿਆਰੀ ਕਰ ਰਿਹਾ ਸੀ।

ਡੀਜੀਪੀ ਗੌਰਵ ਯਾਦਵ ਨੇ ਕਿਹਾ, ਅਸੀਂ ਇਸ ਅੰਤਰ-ਰਾਜੀ ਕਾਰਵਾਈ ਵਿੱਚ ਸ਼ਾਨਦਾਰ ਸਹਿਯੋਗ ਲਈ ਗੁਜਰਾਤ ਪੁਲਿਸ ਅਤੇ ਡੀਜੀਪੀ ਗੁਜਰਾਤ ਦਾ ਤਹਿ ਦਿਲੋਂ ਧੰਨਵਾਦ ਕਰਦੇ ਹਾਂ।

ਆਪਰੇਸ਼ਨ ਦੇ ਵੇਰਵੇ ਸਾਂਝੇ ਕਰਦਿਆਂ ਸਹਾਇਕ ਇੰਸਪੈਕਟਰ ਜਨਰਲ (ਏਆਈਜੀ) ਸੀਆਈ ਜਲੰਧਰ ਨਵਜੋਤ ਸਿੰਘ ਮਾਹਲ ਨੇ ਕਿਹਾ ਕਿ ਪੰਜਾਬ ਪੁਲਿਸ ਪਿਛਲੇ ਕੁਝ ਮਹੀਨਿਆਂ ਤੋਂ ਦੋਸ਼ੀ ਲਵਿਸ਼ ਦੀਆਂ ਸਰਗਰਮੀਆਂ 'ਤੇ ਨਜ਼ਰ ਰੱਖ ਰਹੀ ਸੀ। ਉਨ੍ਹਾਂ ਕਿਹਾ ਕਿ ਤਕਨੀਕੀ ਤੇ ਖੁਫੀਆ ਜਾਣਕਾਰੀ ਦੇ ਅਧਾਰ 'ਤੇ ਕਾਰਵਾਈ ਕਰਦਿਆਂ ਪੁਲਿਸ ਟੀਮਾਂ ਨੇ ਗੁਜਰਾਤ ਵਿੱਚ ਲਵਿਸ਼ ਦੀ ਮੌਜੂਦਗੀ ਦਾ ਪਤਾ ਲਗਾ ਲਿਆ। ਉਨ੍ਹਾਂ ਦੱਸਿਆ ਕਿ ਅਸੀਂ ਗੁਜਰਾਤ ਪੁਲਿਸ ਦੇ ਸਹਿਯੋਗ ਨਾਲ ਦੋਸ਼ੀ ਲਵਿਸ਼ ਨੂੰ ਗੁਜਰਾਤ ਦੇ ਉਸਮਾਨਪੁਰਾ ਖੇਤਰ ਤੋਂ ਸਫਲਤਾਪੂਰਵਕ ਗ੍ਰਿਫ਼ਤਾਰ ਕਰ ਲਿਆ ਹੈ।

ਏਆਈਜੀ ਨੇ ਕਿਹਾ ਕਿ ਮੁੱਢਲੀ ਜਾਂਚ ਅਨੁਸਾਰ ਦੋਸ਼ੀ ਲਵਿਸ਼ ਨੇ ਰਾਹੋਂ ਸਥਿਤ ਸ਼ਰਾਬ ਠੇਕੇਦਾਰ ਅਤੇ ਨਵਾਂਸ਼ਹਿਰ ਸਥਿਤ ਇੱਕ ਟ$ਰੈਵਲ ਏਜੰਟ, ਜਿਨ੍ਹਾਂ ਤੋਂ ਅਰਸ਼ ਡੱਲਾ ਨੇ 50-50 ਲੱਖ ਰੁਪਏ ਦੀ ਫਿਰੌਤੀ ਮੰਗੀ ਸੀ, ਦੀ ਰੇਕੀ ਕੀਤੀ ਸੀ।

ਸੀਨੀਅਰ ਪੁਲਿਸ ਸੁਪਰਡੈਂਟ (ਐਸਐਸਪੀ) ਹੁਸ਼ਿਆਰਪੁਰ ਸੰਦੀਪ ਕੁਮਾਰ ਮਲਿਕ ਨੇ ਕਿਹਾ ਕਿ ਦੋਸ਼ੀ ਲਵਿਸ਼ ਮਈ 2024 ਤੋਂ ਹੁਸ਼ਿਆਰਪੁਰ ਦੇ ਮਾਡਲ ਟਾਊਨ ਖੇਤਰ ਵਿੱਚ ਕਤਲ ਦੀ ਘਟਨਾ ਨੂੰ ਅੰਜ਼ਾਮ ਦੇਣ ਤੋਂ ਬਾਅਦ ਫਰਾਰ ਸੀ। ਉਨ੍ਹਾਂ ਕਿਹਾ ਕਿ ਗ੍ਰਿਫ਼ਤਾਰ ਮੁਲਜ਼ਮ ਨੇ ਕਿਸੇ ਵਿਅਕਤੀ ਤੋਂ ਪੈਸੇ ਦੀ ਜਬਰੀ ਵਸੂਲੀ ਵਾਸਤੇ ਉਸਨੂੰ ਡਰਾਉਣ ਲਈ ਸੁਖਦੇਵ ਨਗਰ ਵਿੱਚ ਉਸਦੇ ਘਰ 'ਤੇ ਗੋਲੀਆਂ ਵੀ ਚਲਾਈਆਂ ਸਨ। ਉਨ੍ਹਾਂ ਕਿਹਾ ਕਿ ਇਸ ਮਾਮਲੇ ਵਿੱਚ ਹੋਰ ਵਿਅਕਤੀਆਂ ਦੀ ਪਛਾਣ ਅਤੇ ਅਗਲੇ-ਪਿਛਲੇ ਸਬੰਧਾਂ ਦਾ ਪਤਾ ਲਗਾਉਣ ਲਈ ਅਗਲੇਰੀ ਜਾਂਚ ਜਾਰੀ ਹੈ।

# ਲੁਧਿਆਣਾ ਪੱਛਮੀ ਜ਼ਿਮਨੀ ਚੋਣ: ਵਧੀਕ ਮੁੱਖ ਚੋਣ ਅਧਿਕਾਰੀ ਵੱਲੋਂ ਸਿਆਸੀ ਦਲਾਂ ਨਾਲ ਮੀਟਿੰਗ

ਚੰਡੀਗੜ੍ਹ, 26 ਮਈ, (ਚ.ਨ.ਸ.) : ਵਧੀਕ ਮੁੱਖ ਚੋਣ ਅਧਿਕਾਰੀ (ਏ.ਸੀ.ਈ.ਓ.) ਹਰੀਸ਼ ਨਈਅਰ ਨੇ ਅੱਜ ਵੱਖ-ਵੱਖ ਸਿਆਸੀ ਪਾਰਟੀਆਂ ਦੇ ਨੁਮਾਇੰਦਿਆਂ ਨਾਲ ਮੀਟਿੰਗ ਦੀ ਪ੍ਰਧਾਨਗੀ ਕੀਤੀ ਤਾਂ ਜੋ ਉਨ੍ਹਾਂ ਨੂੰ ਲੁਧਿਆਣਾ ਪੱਛਮੀ ਦੀਆਂ ਜ਼ਿਮਨੀ ਚੋਣਾਂ ਲਈ ਨਾਮਜ਼ਦਗੀ ਪੱਤਰ ਦਾਖਲ ਕਰਨ ਦੀ ਪ੍ਰਕਿਰਿਆ, ਭਾਰਤੀ ਚੋਣ ਕਮਿਸ਼ਨ ਦੇ ਦਿਸ਼ਾ-ਨਿਰਦੇਸ਼ਾਂ ਅਤੇ ਹੋਰ ਮਹੱਤਵਪੂਰਨ ਚੋਣ ਪ੍ਰਕਿਰਿਆਵਾਂ ਬਾਰੇ ਜਾਣੂ ਕਰਵਾਇਆ ਜਾ ਸਕੇ।

ਜ਼ਿਮਨੀ ਚੋਣਾਂ ਸਬੰਧੀ ਜਾਰੀ ਪ੍ਰੋਗਰਾਮ ਬਾਰੇ ਜਾਣਕਾਰੀ ਦਿੰਦਿਆਂ ਨਈਅਰ ਨੇ ਦੱਸਿਆ ਕਿ ਜ਼ਿਮਨੀ ਚੋਣਾਂ ਦਾ ਨੋਟੀਫਿਕੇਸ਼ਨ 26 ਮਈ (ਸੋਮਵਾਰ) ਨੂੰ ਜਾਰੀ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਨਾਮਜ਼ਦਗੀਆਂ ਭਰਨ ਦੀ ਆਖਰੀ ਮਿਤੀ 2 ਜੂਨ ਹੈ ਅਤੇ ਨਾਮਜ਼ਦਗੀ ਪੱਤਰਾਂ ਦੀ ਜਾਂਚ 3 ਜੂਨ ਨੂੰ ਕੀਤੀ ਜਾਵੇਗੀ ਜਦੋਂ ਕਿ ਨਾਮਜ਼ਦਗੀ ਵਾਪਸ ਲੈਣ ਦੀ ਆਖਰੀ ਮਿਤੀ 5 ਜੂਨ ਹੈ। ਉਨ੍ਹਾਂ ਅੱਗੇ ਦੱਸਿਆ ਕਿ ਵੋਟਾਂ 19 ਜੂਨ ਨੂੰ ਸਵੇਰੇ 7 ਵਜੇ ਤੋਂ ਸ਼ਾਮ 6 ਵਜੇ ਤੱਕ ਪੈਣਗੀਆਂ ਅਤੇ ਵੋਟਾਂ ਦੀ ਗਿਣਤੀ 23 ਜੂਨ ਨੂੰ ਹੋਵੇਗੀ।




ਉਨ੍ਹਾਂ ਦੱਸਿਆ ਕਿ ਨਾਮਜ਼ਦਗੀਆਂ 26 ਮਈ ਤੋਂ 2 ਜੂਨ ਤੱਕ (ਐਤਵਾਰ, 1 ਜੂਨ, 2025 ਨੂੰ ਛੱਡ ਕੇ) ਸਵੇਰੇ 11 ਵਜੇ ਤੋਂ ਦੁਪਹਿਰ 3 ਵਜੇ ਤੱਕ ਭਰੀਆਂ ਜਾ ਸਕਦੀਆਂ ਹਨ। ਵੋਟਾਂ ਪਾਉਣ ਦਾ ਸਮਾਂ ਮਿਤੀ 19.6.2025 ਨੂੰ ਸਵੇਰੇ 7 ਵਜੇ ਤੋਂ ਸ਼ਾਮ 6 ਵਜੇ ਤੱਕ ਹੋਵੇਗਾ।

ਉਨ੍ਹਾਂ ਅੱਗੇ ਕਿਹਾ ਕਿ ਵਿਧਾਨ ਸਭਾ ਹਲਕਾ ਸੀਟ 'ਤੇ ਚੋਣ ਲੜਨ ਲਈ, ਉਮੀਦਵਾਰ ਉਸ ਸੂਬੇ ਦੇ ਕਿਸੇ ਵੀ ਹਲਕੇ ਵਿੱਚ ਵੋਟਰ ਵਜੋਂ ਰਜਿਸਟਰਡ ਹੋਣਾ ਚਾਹੀਦਾ ਹੈ। ਇਸ ਸਬੰਧੀ ਉਮੀਦਵਾਰਾਂ ਨੂੰ ਸਬੰਧਤ ਰਿਟਰਨਿੰਗ ਅਫਸਰ ਤੋਂ ਮਨਜ਼ੂਰੀ ਲੈਣ ਲਈ, ਮੌਜੂਦਾ ਵੋਟਰ ਸੂਚੀ ਦੀ ਸਬੰਧਿਤ ਐਂਟਰੀ ਦੀ ਇੱਕ ਪ੍ਰਮਾਣਿਤ ਕਾਪੀ ਪੇਸ਼ ਕਰਨੀ ਹੋਵੇਗੀ।

ਉਨ੍ਹਾਂ ਦੱਸਿਆ ਕਿ ਚੋਣਾਂ ਵਾਲੇ ਦਿਨ ਕਮਿਸ਼ਨ ਨੇ ਚੋਣ ਕਾਨੂੰਨਾਂ ਮੁਤਾਬਕ ਪੋਲਿੰਗ ਸਟੇਸ਼ਨ ਦੇ ਦਾਖਲੇ ਵਾਲੇ ਸਥਾਨਾਂ ਤੋਂ 100 ਮੀਟਰ ਦੀ ਦੂਰੀ ਤੱਕ ਚੋਣ ਪ੍ਰਚਾਰ ਲਈ ਮਨਜ਼ੂਰਸ਼ੁਦਾ ਮਾਪਦੰਡਾਂ ਨੂੰ ਤਰਕਸੰਗਤ ਬਣਾਇਆ ਹੈ।

ਉਨ੍ਹਾਂ ਕਿਹਾ ਕਿ ਸਿਆਸੀ ਪਾਰਟੀਆਂ ਅਤੇ ਉਮੀਦਵਾਰਾਂ ਨੂੰ ਵੱਖ-ਵੱਖ ਭਾਸ਼ਾਵਾਂ ਦੇ ਦੋ ਅਖ਼ਬਾਰਾਂ ਵਿੱਚ ਉਮੀਦਵਾਰਾਂ ਦੇ ਅਪਰਾਧਿਕ ਪਿਛੋਕੜ ਬਾਰੇ ਤਿੰਨ ਵਾਰ ਪ੍ਰਕਾਸ਼ਿਤ ਕਰਨ ਦੀ ਵੀ ਜ਼ਰੂਰਤ ਹੈ। ਏ.ਸੀ.ਈ.ਓ. ਨੇ ਕਿਹਾ ਕਿ ਭਾਰਤੀ ਚੋਣ ਕਮਿਸ਼ਨ ਵੱਲੋਂ ਜ਼ਿਮਨੀ ਚੋਣਾਂ ਦੇ ਐਲਾਨ ਦੀ ਮਿਤੀ ਭਾਵ 25.05.2025 ਤੋਂ ਸਬੰਧਤ ਵਿਧਾਨ ਸਭਾ ਹਲਕੇ ਵਿੱਚ ਆਦਰਸ਼ ਚੋਣ ਜ਼ਾਬਤਾ ਲਾਗੂ ਹੋ ਗਿਆ ਹੈ। ਨਈਅਰ ਨੇ ਸਾਰੀਆਂ ਸਿਆਸੀ ਪਾਰਟੀਆਂ ਨੂੰ ਸ਼ਾਂਤੀਪੂਰਨ ਅਤੇ ਨਿਰਪੱਖ ਚੋਣ ਪ੍ਰਕਿਰਿਆ ਲਈ ਸਹਿਯੋਗ ਦੇਣ ਦੀ ਅਪੀਲ ਕੀਤੀ ਹੈ।

ਪਾਠਕ ਆਪਣੇ ਹਾਕਰ ਤੋਂ ਚੜ੍ਹਦੀਕਲਾ ਦੀ ਮੰਗ ਕਰਨ

ਚੜ੍ਹਦੀਕਲਾ ਪੜ੍ਹੋ !
ਚੜ੍ਹਦੀਕਲਾ ਵਿੱਚ ਰਹੋ !!

## ਸੰਪਾਦਕੀ

# ਸਫ਼ਲਤਾ ਦੀ ਉਮੀਦ

ਸਰਕਾਰ ਦੇਸ਼ ਦੀ ਆਰਥਿਕਤਾ ਨੂੰ ਪੰਜ ਟ੍ਰਿਲੀਅਨ ਡਾਲਰ ਤੱਕ ਲਿਜਾਣ ਦੇ ਆਪਣੇ ਸੰਕਲਪ ਨੂੰ ਲਗਾਤਾਰ ਦੁਹਰਾ ਰਹੀ ਹੈ। ਇਹ ਦਾਅਵਾ ਕੀਤਾ ਜਾ ਰਿਹਾ ਹੈ ਕਿ ਭਾਰਤ ਜਲਦੀ ਹੀ ਦੁਨੀਆ ਦੀ ਤੀਜੀ ਸਭ ਤੋਂ ਵੱਡੀ ਆਰਥਿਕ ਸ਼ਕਤੀ ਬਣ ਜਾਵੇਗਾ। ਇਸ ਲਈ ਵੀ ਯਤਨ ਕੀਤੇ ਜਾ ਰਹੇ ਹਨ। ਇਸ ਟੀਚੇ ਵੱਲ ਵਧਣ ਦਾ ਉਤਸ਼ਾਹ ਨੀਤੀ ਆਯੋਗ ਗਵਰਨਿੰਗ ਕੌਂਸਲ ਦੀ ਦਸਵੀਂ ਮੀਟਿੰਗ ਵਿੱਚ ਵੀ ਦਿਖਾਈ ਦਿੱਤਾ। ਇਸ ਵਿੱਚ ਪ੍ਰਧਾਨ ਮੰਤਰੀ ਨੇ ਸਾਰੇ ਰਾਜਾਂ ਦੇ ਮੁੱਖ ਮੰਤਰੀਆਂ ਨੂੰ ਕਿਹਾ ਕਿ ਜੇਕਰ ਉਹ ਟੀਮ ਇੰਡੀਆ ਵਾਂਗ ਕੰਮ ਕਰਨ ਅਤੇ ਹਰ ਰਾਜ, ਹਰ ਸ਼ਹਿਰ, ਹਰ ਪਿੰਡ ਨੂੰ ਵਿਕਸਤ ਕਰਨ ਲਈ ਕੰਮ ਕਰਨ, ਤਾਂ ਦੇਸ਼ ਨੂੰ ਆਜ਼ਾਦੀ ਦੀ 100ਵੀਂ ਵਰ੍ਹੇਗੰਢ ਤੋਂ ਪਹਿਲਾਂ ਹੀ ਵਿਕਸਤ ਸ਼੍ਰੇਣੀ ਵਿੱਚ ਰੱਖਿਆ ਜਾ ਸਕਦਾ ਹੈ। ਉਨ੍ਹਾਂ ਨੇ ਸੈਰ-ਸਪਾਟਾ ਅਤੇ ਸ਼ਹਿਰੀ ਵਿਕਾਸ 'ਤੇ ਵਿਸ਼ੇਸ਼ ਜ਼ੋਰ ਦਿੱਤਾ। ਇਸ ਮੀਟਿੰਗ ਦਾ ਵਿਸ਼ਾ 2047 ਤੱਕ ਭਾਰਤ ਨੂੰ ਇੱਕ ਵਿਕਸਤ ਦੇਸ਼ ਬਣਾਉਣ 'ਤੇ ਵਿਚਾਰ ਕਰਨਾ ਸੀ। ਇੱਕ ਤਰ੍ਹਾਂ ਨਾਲ ਇਹ ਵਿਕਾਸ-ਮੁਖੀ ਪ੍ਰੋਗਰਾਮਾਂ ਨੂੰ ਹੋਰ ਹੁਲਾਰਾ ਦੇਣ ਦੇ ਕੇਂਦਰ ਸਰਕਾਰ ਦੇ ਇਰਾਦੇ ਦੇ ਅਨੁਸਾਰ ਹੈ। ਅਕਸਰ ਵਿਰੋਧੀ ਪਾਰਟੀਆਂ ਦੁਆਰਾ ਚਲਾਈਆਂ ਜਾਂਦੀਆਂ ਰਾਜ ਸਰਕਾਰਾਂ ਅਤੇ ਕੇਂਦਰ ਸਰਕਾਰ ਵਿਚਕਾਰ ਨੀਤੀਆਂ ਦਾ ਟਕਰਾਅ ਹੁੰਦਾ ਰਿਹਾ ਹੈ, ਜੋ ਵਿਕਾਸ ਪ੍ਰੋਗਰਾਮਾਂ ਨੂੰ ਪ੍ਰਭਾਵਿਤ ਕਰਦਾ ਹੈ। ਇਹ ਚੰਗੀ ਗੱਲ ਹੈ ਕਿ ਇਸ ਮੀਟਿੰਗ ਵਿੱਚ ਪ੍ਰਧਾਨ ਮੰਤਰੀ ਨੇ ਮੁੱਖ ਮੰਤਰੀਆਂ ਨਾਲ ਸਬੰਧਾਂ ਵਿੱਚ ਸੌਖ ਲਿਆਉਣ ਦੀ ਕੋਸ਼ਿਸ਼ ਕੀਤੀ। ਇਸਦਾ ਨਤੀਜਾ ਇਹ ਹੋਇਆ ਕਿ ਮੀਟਿੰਗ ਵਿੱਚ ਕੋਈ ਵਿਚਾਰਧਾਰਕ ਵਿਰੋਧ ਨਹੀਂ ਦੇਖਿਆ ਗਿਆ। ਹਾਲਾਂਕਿ, ਕਾਂਗਰਸ ਨੇ ਇਸ ਮੀਟਿੰਗ ਨੂੰ ਲੋਕਾਂ ਦਾ ਧਿਆਨ ਭਟਕਾਉਣ ਦੀ ਸਰਕਾਰ ਦੀ ਇੱਕ ਹੋਰ ਕੋਸ਼ਿਸ਼ ਦੱਸਿਆ ਹੈ। ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਭਾਰਤ ਦੁਨੀਆ ਦੀ ਸਭ ਤੋਂ ਤੇਜ਼ੀ ਨਾਲ ਵੱਧ ਰਹੀ ਅਰਥਵਿਵਸਥਾ ਹੈ ਅਤੇ ਸਾਰੇ ਝਟਕਿਆਂ ਦੇ ਬਾਵਜੂਦ, ਇਸਦੀ ਗਤੀ 'ਤੇ ਬਹੁਤਾ ਬੁਰਾ ਪ੍ਰਭਾਵ ਨਹੀਂ ਪਿਆ ਹੈ। ਅਜਿਹੀ ਸਥਿਤੀ ਵਿੱਚ, ਵਿਕਾਸਸ਼ੀਲ ਦੇਸ਼ਾਂ ਯਾਨੀ ਕਿ ਗਲੋਬਲ ਦੱਖਣੀ ਦੇਸ਼ਾਂ ਦੀਆਂ ਉਮੀਦਾਂ ਹੋਰ ਵੱਧ ਗਈਆਂ ਹਨ। ਭਾਰਤ ਨੇ ਵਪਾਰ ਸਮਝੌਤਿਆਂ ਆਦਿ ਦੇ ਮਾਮਲੇ ਵਿੱਚ ਵਿਸ਼ਵ ਪੱਧਰ 'ਤੇ ਬਹੁਤ ਸਾਰੀਆਂ ਸ਼ਾਨਦਾਰ ਪ੍ਰਾਪਤੀਆਂ ਹਾਸਲ ਕੀਤੀਆਂ ਹਨ। ਅਜਿਹੀ ਸਥਿਤੀ ਵਿੱਚ ਜੇਕਰ ਕੇਂਦਰ ਅਤੇ ਸਾਰੀਆਂ ਰਾਜ ਸਰਕਾਰਾਂ ਆਪਣੇ ਸ਼ਹਿਰਾਂ, ਸੈਰ-ਸਪਾਟਾ ਸਥਾਨਾਂ ਅਤੇ ਨਿਰਮਾਣ ਯੋਜਨਾਵਾਂ ਤੇ ਵਿਸ਼ਵ ਮਾਪਦੰਡਾਂ ਅਨੁਸਾਰ ਮਿਲ ਕੇ ਗੰਭੀਰਤਾ ਨਾਲ ਕੰਮ ਕਰਨ, ਤਾਂ ਇੱਕ ਉਦਾਹਰਣ ਕਾਇਮ ਕੀਤੀ ਜਾ ਸਕਦੀ ਹੈ। ਪਰ ਅਸਲ ਚੁਣੌਤੀ ਇਹ ਹੈ ਕਿ ਕੇਂਦਰ ਸਰਕਾਰ ਰਾਜ ਸਰਕਾਰਾਂ ਨਾਲ ਸਦਭਾਵਨਾ ਅਤੇ ਸਹਿਯੋਗ ਦਾ ਰਿਸ਼ਤਾ ਕਿਵੇਂ ਸਥਾਪਿਤ ਕਰ ਸਕਦੀ ਹੈ। ਪੱਛਮੀ ਬੰਗਾਲ ਦੀ ਮੁੱਖ ਮੰਤਰੀ ਕੇਂਦਰ ਦੀਆਂ ਨੀਤੀਆਂ ਅਤੇ ਮੀਟਿੰਗਾਂ ਆਦਿ ਦਾ ਲਗਾਤਾਰ ਵਿਰੋਧ ਕਰਦੀ ਆ ਰਹੀ ਹੈ। ਇਸ ਤੋਂ ਇਲਾਵਾ ਵਿਰੋਧੀ ਪਾਰਟੀਆਂ ਦੀਆਂ ਰਾਜ ਸਰਕਾਰਾਂ ਨਾਲ ਕੇਂਦਰ ਦੇ ਸਬੰਧ ਤਣਾਅਪੂਰਨ ਦੇਖੇ ਗਏ ਹਨ। ਇਸ ਲਈ ਕੇਂਦਰ ਤੋਂ ਇਹ ਉਮੀਦ ਕੀਤੀ ਜਾਂਦੀ ਹੈ ਕਿ ਉਹ ਇਸ ਕੁੜੱਤਣ ਨੂੰ ਦੂਰ ਕਰਨ ਦੀ ਕੋਸ਼ਿਸ਼ ਕਰੇ। ਭਾਵੇਂ ਵਿਕਾਸ ਅਤੇ ਅਰਥਵਿਵਸਥਾ ਆਪਸ ਵਿੱਚ ਜੁੜੇ ਹੋਏ ਹਨ, ਪਰ ਬਹੁਤ ਸਾਰੇ ਮਾਮਲਿਆਂ ਵਿੱਚ ਉਨ੍ਹਾਂ ਵਿਚਕਾਰ ਵੱਖਰਾਪਣ ਹੁੰਦਾ ਹੈ। ਇਹ ਜ਼ਰੂਰੀ ਨਹੀਂ ਹੈ ਕਿ ਜੇਕਰ ਜੀਡੀਪੀ ਦੇ ਅੰਕੜਿਆਂ ਅਨੁਸਾਰ ਆਰਥਿਕ ਦਰ ਉੱਚੀ ਹੈ, ਤਾਂ ਦੇਸ਼ ਵਿੱਚ ਖੁਸ਼ੀ ਦਾ ਪੱਧਰ ਵੀ ਉੱਚਾ ਹੋਵੇਗਾ। ਇਹ ਵਿਰੋਧਾਭਾਸ ਭਾਰਤ ਵਿੱਚ ਬਹੁਤ ਡੂੰਘਾ ਹੈ। ਇੱਕ ਪਾਸੇ ਵਿਕਾਸ ਦਰ ਉੱਚੀ ਹੈ, ਦੂਜੇ ਪਾਸੇ ਬੇਰੁਜ਼ਗਾਰੀ ਅਤੇ ਗਰੀਬੀ ਨੂੰ ਖਤਮ ਕਰਨ ਵਿੱਚ ਉਮੀਦ ਅਨੁਸਾਰ ਸਫਲਤਾ ਪ੍ਰਾਪਤ ਨਹੀਂ ਹੋ ਰਹੀ ਹੈ। ਸਿੱਖਿਆ ਅਤੇ ਸਿਹਤ ਸਹੂਲਤਾਂ ਵੀ ਸ਼ੱਕੀ ਹਨ। ਆਰਥਿਕਤਾ ਦੇ ਸਾਰੇ ਖੇਤਰਾਂ ਵਿੱਚ ਵਿਕਾਸ ਦਰ ਸੰਤੁਲਿਤ ਨਹੀਂ ਹੈ। ਨਿਰਮਾਣ ਖੇਤਰ ਅਜੇ ਵੀ ਸੰਘਰਸ਼ ਕਰ ਰਿਹਾ ਹੈ। ਇਸਦਾ ਵੱਡਾ ਕਾਰਨ ਇਹ ਹੈ ਕਿ ਨਿਰਯਾਤ ਵਧਾਉਣ ਅਤੇ ਵਪਾਰ ਘਾਟੇ ਨੂੰ ਪੂਰਾ ਕਰਨ ਵਿੱਚ ਉਮੀਦ ਅਨੁਸਾਰ ਸਫਲਤਾ ਪ੍ਰਾਪਤ ਨਹੀਂ ਹੋ ਰਹੀ ਹੈ। ਟੀਚੇ ਅਨੁਸਾਰ ਸਿੱਧਾ ਵਿਦੇਸ਼ੀ ਨਿਵੇਸ਼ ਆਕਰਸ਼ਿਤ ਨਹੀਂ ਹੋ ਰਿਹਾ ਹੈ। ਅਜਿਹੀ ਸਥਿਤੀ ਵਿੱਚ, ਜੇਕਰ ਕੇਂਦਰ ਅਤੇ ਰਾਜ ਸਰਕਾਰਾਂ ਤਾਲਮੇਲ ਨਾਲ ਕੰਮ ਕਰਨ, ਤਾਂ ਬਿਨਾਂ ਸ਼ੱਕ ਸਫਲਤਾ ਦੀ ਉਮੀਦ ਹੈ। **-ਜਗਜੀਤ ਸਿੰਘ ਦਰਦੀ**

# ਪਾਣੀਆਂ ਲਈ ਜੰਗ



**ਗੁਰਮੀਤ ਸਿੰਘ ਪਲਾਹੀ**
**9815802070**

ਭਾਰਤ-ਪਾਕਿਸਤਾਨ ਦੀ '25 ਦੀ ਜੰਗ ਅਤੇ ਆਪਸੀ ਵਿਗੜੇ ਰਿਸ਼ਤਿਆਂ ਦੇ ਫਲਸਰੂਪ ਭਾਰਤ ਨੇ ਸਿੰਧੂ ਸਮਝੌਤਾ ਰੱਦ ਕਰ ਦਿੱਤਾ। ਸਿੰਧੂ ਨਦੀ ਦਾ ਪਾਕਿਸਤਾਨ ਵੱਲ ਜਾਂਦਾ ਪਾਣੀ ਰੋਕ ਦਿੱਤਾ ਹੈ?

ਪਾਣੀਆਂ ਦੇ ਪੰਜਾਬ, ਹਰਿਆਣਾ ਦਰਮਿਆਨ ਹੋਏ ਸਮਝੌਤਿਆਂ ਦੀ ਉਲੰਘਣਾ ਦੇ ਚਲਦਿਆਂ ਪੰਜਾਬ ਨੇ ਹਰਿਆਣਾ ਨੂੰ ਭਾਖੜਾ-ਨੰਗਲ ਡੈਮ ਤੋਂ ਹਰਿਆਣਾ ਲਈ ਮਨਜ਼ੂਰ ਕੀਤੇ ਕੋਟੇ ਤੋਂ ਵੱਧ ਪਾਣੀ ਦੇਣ ਤੋਂ ਇਨਕਾਰ ਕਰ ਦਿੱਤਾ ਹੈ। ਭਾਖੜਾ-ਨੰਗਲ ਡੈਮ ਪ੍ਰਬੰਧਨ ਦੇ ਮਾਮਲੇ 'ਚ ਪੰਜਾਬ ਤੇ ਕੇਂਦਰ ਹੁਣ ਇੱਟ-ਖੜਿੱਕੇ 'ਚ ਹਨ। ਪੰਜਾਬ 'ਚ ਸਰਕਾਰ ਆਮ ਆਦਮੀ ਪਾਰਟੀ ਦੀ ਹੈ ਜਦਕਿ ਹਰਿਆਣਾ ਤੇ ਕੇਂਦਰ 'ਚ ਭਾਜਪਾ ਦੀ। ਪੰਜਾਬ ਨਾਲ ਹੋਏ ਪਾਣੀਆਂ ਦੇ ਮਾਮਲੇ 'ਚ ਹੋ ਰਹੇ ਵਿਤਕਰਿਆਂ ਸੰਬੰਧੀ ਸਿਆਸੀ ਲੜਾਈ ਤੇਜ਼ ਹੋ ਚੁੱਕੀ ਹੈ। ਰਾਸ਼ਟਰੀ, ਅੰਤਰਰਾਸ਼ਟਰੀ ਪੱਧਰ 'ਤੇ ਪਾਣੀ ਵਿਵਾਦ ਮੁੱਦੇ, ਪਾਣੀ ਦੀ ਉਪਲਬੱਧਤਾ ਅਤੇ ਵੰਡ ਬਾਰੇ ਵੱਡੇ ਪ੍ਰਸ਼ਨ ਖੜ੍ਹੇ ਕਰ ਰਹੇ ਹਨ। ਆਓ ਵੇਖੀਏ ਵਿਸ਼ਵ ਪੱਧਰ 'ਤੇ ਪਾਣੀਆਂ ਦੇ ਹਾਲਾਤ ਕਿਹੋ ਜਿਹੇ ਬਣਦੇ ਜਾ ਰਹੇ ਹਨ।

ਸਿੰਧੂ, ਗੰਗਾ, ਬ੍ਰਹਮਪੁੱਤਰ ਤੋਂ ਬਿਨ੍ਹਾਂ ਦਸ ਪ੍ਰਮੁੱਖ ਏਸ਼ੀਆਈ ਨਦੀ ਪ੍ਰਣਾਲੀਆਂ ਹਿੰਦੂਕੁਸ਼ ਹਿਮਾਲਾ ਤੋਂ ਹੀ ਨਿਕਲਦੀਆਂ ਹਨ। ਇਹਨਾਂ ਦਾ ਫੈਲਾਅ ਅੱਠ ਦੇਸ਼ਾਂ ਤੱਕ ਹੈ। ਜਿਹਨਾਂ ਵਿੱਚ ਭਾਰਤ, ਪਾਕਿਸਤਾਨ, ਅਫਗਾਨਿਸਤਾਨ, ਭੂਟਾਨ, ਬੰਗਲਾ ਦੇਸ਼, ਚੀਨ, ਨੇਪਾਲ ਅਤੇ ਮੀਆਂਮਾਰ ਸ਼ਾਮਲ ਹਨ। ਇਹਨਾਂ ਖੇਤਰਾਂ ਲਈ ਅਸਲ ਵਿੱਚ ਇਹ ਜੀਵਨ ਰੇਖਾ ਹੈ। ਲੇਕਿਨ ਹੁਣੇ ਜਿਹੇ ਇੱਕ ਰਿਪੋਰਟ ਛਪੀ ਹੈ ਕਿ ਹਿੰਦੂਕੁਸ਼ ਹਿਮਾਲਾ ਦੀ ਬਰਫ਼ ਦੀਆਂ ਪਰਤਾਂ ਵਿੱਚ ਜ਼ਬਰਦਸਤ ਘਾਟ ਦੇਖਣ ਨੂੰ ਮਿਲੀ ਹੈ। ਕਿਧਰੇ-ਕਿਧਰੇ ਤਾਂ ਇਹ ਲਗਭਗ 50 ਫ਼ੀਸਦੀ ਤੋਂ ਵੀ ਜ਼ਿਆਦਾ ਹੈ। ਅਸਲੀਅਤ ਵਿੱਚ ਇਹ ਗੰਭੀਰ ਅਤੇ ਚਿੰਤਾਜਨਕ ਹਾਲਾਤ ਹਨ। ਲਗਾਤਾਰ ਤਿੰਨ ਵਰ੍ਹਿਆਂ ਤੋਂ ਜਾਰੀ ਇਹ ਸਥਿਤੀ ਕੁਦਰਤ ਪੱਖੀ ਨਹੀਂ ਕਹੀ ਜਾ ਸਕਦੀ। ਕੁਦਰਤੀ ਰੂਪ 'ਚ ਬਰਫ਼ ਪਿਗਲਣ ਨਾਲ ਗਰਮ ਮਹੀਨਿਆਂ ਦੌਰਾਨ ਨਦੀਆਂ ਦਾ ਨਿਰੰਤਰ ਪਾਣੀ ਦਾ ਪ੍ਰਵਾਹ ਬਣਿਆ ਰਹਿੰਦਾ ਹੈ। ਹਾਲਾਂਕਿ ਬਰਫ਼ ਦਾ ਬਣਨਾ ਅਤਿਅੰਤ ਜ਼ਰੂਰੀ ਹੈ। ਬਰਫ਼ਬਾਰੀ ਪਿਛਲੇ 25 ਵਰਿਆਂ ਤੋਂ ਘੱਟ ਹੋ ਰਹੀ ਹੈ, ਜੋ ਦੁਨੀਆਂ ਦੇ ਖੇਤਰਫਲ ਅਤੇ ਜਨਸੰਖਿਆ 'ਚ ਸਭ ਤੋਂ ਵੱਡੇ ਏਸ਼ੀਆਈ ਮਹਾਂਦੀਪ, ਜਿਸ ਦੀ ਕੁੱਲ ਜਨਸੰਖਿਆ 470 ਕਰੋੜ ਹੈ, ਲਈ ਇੱਕ ਗੰਭੀਰ ਚੇਤਾਵਨੀ ਦੇ ਰੂਪ ਵਿੱਚ ਸਾਹਮਣੇ ਆ ਰਹੀ ਹੈ। ਇਹ ਏਸ਼ੀਆ ਦੇ 49 ਦੇਸ਼ਾਂ, ਜਿਹਨਾਂ ਦੇ ਕੋਲ ਆਬਾਦੀ ਦੁਨੀਆਂ ਦੀ ਆਬਾਦੀ ਦਾ 60 ਫ਼ੀਸਦੀ ਹੈ, ਲਈ ਭਵਿੱਖ 'ਚ ਵੱਡੀ ਚਿੰਤਾ ਅਤੇ ਚੁਣੌਤੀ ਬਣੇਗੀ।

ਖੇਤਰਫਲ ਅਤੇ ਜਨਸੰਖਿਆ ਦੀ ਦ੍ਰਿਸ਼ਟੀ ਤੋਂ ਹਿੰਦੂਕੁਸ਼ ਹਿਮਾਲਾ ਪਰਬਤ ਸਮੂਹ ਖੇਤਰ ਅੱਠ ਦੇਸ਼ਾਂ ਵਿੱਚ ਲਗਭਗ 40 ਲੱਖ 30 ਹਜ਼ਾਰ ਵਰਗ ਕਿਲੋਮੀਟਰ ਤੱਕ ਫੈਲਿਆ ਹੋਇਆ ਹੈ। ਇਹਨਾਂ ਦੋ ਅਰਬ ਲੋਕਾਂ ਦੇ ਭੋਜਨ ਪਾਣੀ ਅਤੇ ਬਿਜਲੀ ਦੀ ਸੁਰੱਖਿਆ ਦੇ ਨਾਲ ਨਾਲ ਹਜ਼ਾਰਾਂ, ਲੱਖਾਂ ਜੀਵ-ਜੰਤੂਆਂ ਦਾ ਰਹਿਣ ਵਸੇਰਾ ਵੀ ਹੈ। ਚਿੰਤਾ ਦੀ ਗੱਲ ਹੈ ਕਿ ਪੌਣ ਪਾਣੀ ਤਬਦੀਲੀ ਦਾ ਭੈੜਾ ਅਸਰ ਪਹਾੜਾਂ ਤੱਕ ਪੁੱਜ ਗਿਆ ਹੈ। ਇਸ ਦੇ ਕਾਰਨ ਹੀ ਤੇਜ਼ੀ ਨਾਲ ਬਰਫ਼ ਪਿਘਲਦੀ ਹੈ। ਪਹਿਲਾਂ ਜਿੱਥੇ ਬਰਫ਼ ਦੀਆਂ ਮੋਟੀਆਂ ਤੈਹਾਂ ਦਿਖਾਈ ਦਿੰਦੀਆਂ, ਹੁਣ ਪਤਲੀਆਂ ਕੱਚ ਵਰਗੀਆਂ ਦਿਖਣ ਲੱਗੀਆਂ ਹਨ। ਇਹ ਤੇਜ਼ੀ ਨਾਲ ਪਿਘਲ ਰਹੀਆਂ ਹਨ। ਆਮ ਤੌਰ 'ਤੇ ਤਾਂ ਬਰਫ਼ ਦੇ ਤੋਦੇ, ਚਟਾਨਾਂ ਹੌਲੀ ਹੌਲੀ ਪਹਾੜਾਂ 'ਤੇ ਪਿਘਲਦੀਆਂ ਹਨ। ਚਟਾਨ ਦੀ ਸ਼ਕਲ ਲੈ ਪਾਉਣ ਤੋਂ ਪਹਿਲਾਂ ਬਰਫ਼ ਅਸਲ 'ਚ ਪਾਣੀ ਦੀ ਇੱਕ ਅਵਸਥਾ ਹੁੰਦੀ ਹੈ। ਜਦੋਂ ਪਾਣੀ ਦਾ ਤਾਪਮਾਨ ਮਾਈਨਸ ਡਿਗਰੀ ਜਾਂ ਘੱਟ ਹੁੰਦਾ ਹੈ, ਤਾਂ ਉਹ ਬਰਫ਼ 'ਚ ਬਦਲਦਾ ਹੈ। ਪਰ ਜਦ ਇਹ ਉਚਾਈ 'ਤੇ ਹੁੰਦਾ, ਤਾਂ ਦਬਾਅ ਘੱਟ ਹੁੰਦਾ ਹੈ। ਮੌਜੂਦਾ ਸਮੇਂ ਮਨੁੱਖ ਦੀਆਂ ਲੋੜਾਂ ਤੋਂ ਵੱਧ ਗਤੀਵਿਧੀਆਂ ਦਾ ਕੁਦਰਤ 'ਤੇ ਭੈੜਾ ਪ੍ਰਭਾਵ ਪੈਂਦਾ ਹੈ।

ਨਿਸ਼ਚਿਤ ਰੂਪ 'ਚ ਇਹ ਸਥਿਤੀ ਸੁਖਾਵੀਂ ਸਥਿਤੀ ਨਹੀਂ ਹੈ। ਇਸਦੇ ਸਿੱਟੇ ਦੁਨੀਆ ਦੀ ਆਬਾਦੀ ਦੇ ਸਭ ਤੋਂ ਵੱਡੇ ਹਿੱਸੇ ਭਾਰਤ ਵਿੱਚ ਵੇਖਣ ਨੂੰ ਮਿਲ ਰਹੇ ਹਨ। ਹੜ੍ਹ ਅਤੇ ਤੂਫ਼ਾਨ, ਪੌਣ ਪਾਣੀ ਬਦਲੀ, ਜੰਗਲਾਂ ਦੀ ਕਟਾਈ ਅਤੇ ਧਰਤੀ ਖੋਰੇ ਦੇ ਕਾਰਨ, ਲੱਖਾਂ ਲੋਕਾਂ ਦੀ ਉਜਾੜੇ ਦਾ ਕਾਰਨ ਬਣੇ ਹਨ। ਪੱਛਮੀ ਬੰਗਾਲ 'ਚ 24 ਮਈ 2024 ਨੂੰ ਚੱਕਰਵਾਤ 'ਰੇਮਲ' ਕਾਰਨ 2,0,8000 ਲੋਕਾਂ ਨੂੰ ਘਰੋਂ ਬੇਘਰ ਹੋਣਾ ਪਿਆ। 'ਰੇਮਲ' ਦੇ ਉੱਤਰ ਵੱਲ ਵਧਣ ਕਾਰਨ ਬ੍ਰਹਮਪੁੱਤਰ ਨਦੀ ਅਤੇ ਉਸਦੀਆਂ ਸਹਾਇਕ ਨਦੀਆਂ 'ਚ ਤੂਫ਼ਾਨ ਆਇਆ, ਜਿਸ ਨਾਲ ਆਸਾਮ ਵਿੱਚ ਲਗਭਗ 3,38000 ਲੋਕ ਉਜੜ ਗਏ। ਅਸਾਮ ਵਿੱਚ ਇੱਕ ਦਹਾਕੇ ਦੌਰਾਨ ਭਾਰੀ ਹੜ੍ਹਾਂ ਕਾਰਨ ਸਾਲ 2024 ਵਿੱਚ 25 ਲੱਖ ਲੋਕਾਂ ਨੂੰ ਆਪਣੇ ਘਰ ਛੱਡਣੇ ਪਏ। ਚੱਕਰਵਾਤ 'ਦਾਨਾ' ਨੇ 10 ਲੱਖ ਲੋਕਾਂ ਨੂੰ ਘਰੋਂ ਬੇਘਰ ਕਰ ਦਿੱਤਾ। ਇਹ ਅਸਲ ਅਰਥਾਂ 'ਚੋਂ ਕੁਦਰਤ ਨਾਲ ਖਿਲਵਾੜ ਕਰਨ ਦਾ ਹੀ ਸਿੱਟਾ ਹੈ। ਬਰਫ਼ ਦਾ ਪਿਘਲਣਾ, ਮਨੁੱਖਾਂ ਹੱਥੋਂ ਕੀਤਾ ਗ਼ੈਰ-ਕੁਦਰਤੀ ਕਾਰਾ ਹੈ, ਜੋ ਮਨੁੱਖ ਨੂੰ ਆਪੇ ਭੁਗਤਣਾ ਪੈ ਰਿਹਾ ਹੈ। ਇਹ ਇਕ ਗੰਭੀਰ ਸਥਿਤੀ ਵੀ ਹੈ, ਕਿਉਂਕਿ ਪਿਘਲਦੀਆਂ ਹਿੰਮ ਨਦੀਆਂ ਤੋਂ ਨਿਕਲਦੇ ਪਾਣੀ ਉੱਤੇ ਜਨਸੰਖਿਆ, ਬਨਸਪਤੀ, ਪਸ਼ੂ-ਪੰਛੀ ਅਤੇ ਦੂਜੇ ਜੀਵ-ਜੰਤੂ ਨਿਰਭਰ ਹਨ ਅਤੇ ਇਹ ਉਹਨਾਂ ਦੇ ਜੀਵਨ ਲਈ ਖ਼ਤਰੇ ਦੀ ਘੰਟੀ ਹੈ।

ਗੰਗਾ, ਬ੍ਰਹਮਪੁੱਤਰ ਅਤੇ ਸਿੰਧੂ ਬੇਸਿਨ ਕਈ ਨਦੀਆਂ ਦਾ ਸਰੋਤ ਹੈ। ਇਸ ਨਾਲ ਭਾਰਤ ਦੇ ਕਰੋੜਾਂ ਲੋਕਾਂ ਦੀ ਨਿਰਭਰਤਾ ਹੈ। ਭਾਰਤ ਨੂੰ ਪਾਣੀ ਇਹਨਾਂ ਬੇਸਿਨਾਂ ਤੋਂ ਮਿਲਦਾ ਹੈ। ਪਰ ਇਹਨਾਂ ਨਦੀਆਂ ਦੇ ਜਲਦੀ ਸੁੱਕਣ ਨਾਲ ਜੋ ਸੰਕੇਤ ਮਿਲ ਰਹੇ ਹਨ, ਉਹ ਬੇਹੱਦ ਚਿੰਤਾਜਨਕ ਹਨ। ਜੇਕਰ ਨਦੀਆਂ ਸੁੱਕ ਗਈਆਂ ਤਾਂ, ਮਨੁੱਖੀ ਜੀਵਨ ਤਬਾਹੀ ਕੰਢੇ ਹੋਏਗਾ। ਉਂਝ ਵੀ ਪਾਣੀ ਕਾਰਨ ਦੇਸ਼ਾਂ, ਪ੍ਰਦੇਸਾਂ ਵਿੱਚ ਲੜਾਈ ਦਾ ਮੈਦਾਨ ਭਖਿਆ ਪਿਆ ਹੈ। ਸਿੰਧੂ ਨਦੀ ਦਾ ਪਾਣੀ ਭਾਰਤ ਨੇ ਬੰਦ ਕਰਨ ਦਾ ਉਦੋਂ ਐਲਾਨ ਕਰ ਦਿੱਤਾ, ਜਦੋਂ ਦੋਹਾਂ ਦੇਸ਼ਾਂ 'ਚ ਆਪਸੀ ਤਕਰਾਰ ਵਧਿਆ ਅਤੇ ਜੰਗ ਛਿੜ ਪਈ। ਕਿਹਾ ਜਾ ਰਿਹਾ ਹੈ ਕਿ ਦੁਨੀਆਂ ਵਿੱਚ ਅਗਲੇ ਵਿਸ਼ਵ ਯੁੱਧ ਦਾ ਕਾਰਨ ਪਾਣੀ ਹੋਏਗਾ ਭਾਰਤ ਦੀਆਂ ਪ੍ਰਮੁੱਖ ਨਦੀਆਂ ਦੋ ਜਾਂ ਤਿੰਨ ਤੋਂ ਜ਼ਿਆਦਾ ਸੂਬਿਆਂ ਦੇ ਪਾਣੀ ਦਾ ਸਰੋਤ ਹਨ, ਕਿਉਂਕਿ ਧਰਤੀ ਹੇਠਲਾ ਪਾਣੀ ਲਗਭਗ ਦੇਸ਼ਾਂ ਦੇ ਬਹੁਤਿਆਂ ਹਿੱਸਿਆਂ 'ਚੋਂ ਧਰਤੀ 'ਚ ਬਹੁਤ ਨੀਵਾਂ ਜਾ ਚੁੱਕਾ ਹੈ, ਕਿਉਂਕਿ ਇਸ ਦੀ ਦੁਰਵਰਤੋਂ ਲਗਾਤਾਰ ਕੀਤੀ ਜਾ ਰਹੀ ਹੈ। ਆਬਾਦੀ ਵਧਣ ਨਾਲ ਪਾਣੀ ਦੀ ਮੰਗ ਵੀ ਵੱਧ ਰਹੀ ਹੈ ਅਤੇ ਇਸੇ ਮੰਗ ਦੇ ਵਧਣ ਕਾਰਨ ਸੂਬਿਆਂ 'ਚ ਪਾਣੀ ਲਈ ਆਪਸੀ ਤਕਰਾਰ ਡੂੰਘਾ ਅਤੇ ਗੰਭੀਰ ਬਣਦਾ ਜਾ ਰਿਹਾ ਹੈ। ਪੰਜਾਬ ਤੇ ਹਰਿਆਣਾ ਵਿਚਕਾਰ ਪਾਣੀ ਕਾਰਨ ਵੱਧਦਾ ਕਲੇਸ਼ ਵਧਿਆ ਹੈ। ਸੂਬੇ ਕਾਨੂੰਨੀ ਅਤੇ ਸਿਆਸੀ ਸ਼ਕਤੀ ਦਾ ਦਾਅਵਾ ਕਰਦੇ ਹਨ। ਇਹੋ ਹਾਲ ਅੰਤਰਰਾਸ਼ਟਰੀ ਜਲ ਵਿਵਾਦਾਂ ਦਾ ਹੈ। ਇਹ ਪਾਣੀ ਦੇ ਝਗੜੇ ਲੰਬੇ ਸਮੇਂ ਤੋਂ ਅਣਸੁਲਝੇ ਹਨ। ਅੰਤਰਰਾਜੀ ਜਲ ਵਿਵਾਦਾਂ ਨਾਲ ਨਿਪਟਣ ਲਈ ਘਰੇਲੂ ਕਾਨੂੰਨੀ ਢਾਂਚਾ ਅਤੇ ਪ੍ਰਕਿਰਿਆਵਾਂ ਹੁਣ ਵੀ ਬਹੁਤ ਪੁਰਾਣੀਆਂ ਅਤੇ ਅਵਿਕਸਤ ਹਨ। ਇਹ ਸੂਬਿਆਂ ਦੇ ਆਪਸੀ ਪਾਣੀ ਮਸਲਿਆਂ ਨੂੰ ਹੱਲ ਕਰਨ ਦੇ ਕਾਬਲ ਵੀ ਨਹੀਂ ਹਨ। ਭਾਰਤ ਦੇ ਸੰਘੀ ਸੰਵਿਧਾਨਿਕ ਢਾਂਚੇ ਤਹਿਤ ਪਾਣੀ ਮੋਟੇ ਤੌਰ 'ਤੇ ਰਾਜ ਦਾ ਮਾਮਲਾ ਹੈ, ਜਿਸ ਵਿੱਚ ਕੇਂਦਰ ਸਰਕਾਰ ਦਾ ਦਖ਼ਲ ਸੀਮਤ ਹੈ ਅਤੇ ਉਸ ਦੀ ਭੂਮਿਕਾ ਸੰਵਿਧਾਨਿਕ ਤੌਰ 'ਤੇ ਪ੍ਰਭਾਸ਼ਿਤ ਹੈ। ਭਾਰਤ ਵਿੱਚ ਹਰ ਸੂਬਾ ਕੁਦਰਤੀ ਸੋਮਿਆਂ ਉੱਤੇ ਆਪਣਾ ਹੱਕ ਜਤਾਉਂਦਾ ਹੈ। ਵਿਸ਼ੇਸ਼ ਰੂਪ 'ਤੇ ਪਾਣੀ ਦੇ ਮਸਲੇ 'ਚ ਕਈ ਵਾਰ ਤਾਂ ਇਹ ਵਿਵਾਦ ਪੂਰਨ ਵੀ ਹੋ ਜਾਂਦਾ ਹੈ, ਕਿਉਂਕਿ ਕਈ ਨਦੀਆਂ ਕਈ ਰਾਜਾਂ ਵਿੱਚ ਹੋ ਕੇ ਵਹਿੰਦੀਆਂ ਹਨ। ਕਈ ਵੇਰ ਇਹ ਵਿਵਾਦ ਰਾਜਨੀਤਿਕ ਰੂਪ ਧਾਰਨ ਕਰਦਾ ਹੈ। ਕੁੜੱਤਣ ਪੈਦਾ ਹੁੰਦੀ ਹੈ। ਅਸਲੀਅਤ ਇਹ ਹੈ ਕਿ ਭਾਰਤ ਦੀ ਆਬਾਦੀ ਵੱਡੀ ਹੈ, ਲੇਕਿਨ ਪਾਣੀ ਬਹੁਤ ਜ਼ਿਆਦਾ ਨਹੀਂ ਹੈ। ਦੁਨੀਆ ਦੇ ਨਵੀਨੀਕਰਨ ਜਲ ਸੰਸਾਧਨਾਂ ਦਾ ਸਿਰਫ਼ ਚਾਰ ਫ਼ੀਸਦੀ ਅਤੇ ਵਿਸ਼ਵ ਆਬਾਦੀ ਦਾ 18 ਫ਼ੀਸਦੀ ਹੈ। ਕਈ ਵੇਰ ਇਸ ਨੂੰ ਲੈ ਕੇ ਤਣਾਅ ਵੱਧਦਾ ਹੈ। ਕਦੇ-ਕਦੇ ਗੰਭੀਰ ਟਕਰਾਅ ਵਿੱਚ ਇਹ ਤਣਾਅ ਬਦਲਦਾ ਹੈ। ਸੂਬਿਆਂ ਦੇ ਆਪਸੀ ਰਿਸ਼ਤੇ ਤਣਾਅ ਪੂਰਨ ਹੁੰਦੇ ਹਨ। ਗੱਲ ਵਿਰੋਧ ਪ੍ਰਦਰਸ਼ਨਾਂ ਤੱਕ ਪੁੱਜਦੀ ਹੈ, ਜਿਵੇਂ ਕਿ ਇਨ੍ਹੀਂ ਦਿਨੀਂ ਹਰਿਆਣਾ ਪੰਜਾਬ ਦਾ ਭਾਖੜਾ ਡੈਮ ਤੋਂ ਛੱਡੇ ਜਾਣ ਵਾਲੇ ਪਾਣੀ ਕਾਰਨ ਟਕਰਾਅ ਹੋ ਰਿਹਾ ਹੈ। ਆਜ਼ਾਦੀ ਤੋਂ ਬਾਅਦ ਭਾਰਤ ਵਿੱਚ ਸਿੰਚਾਈ ਅਤੇ ਬਿਜਲੀ ਪੈਦਾ ਕਰਨ ਲਈ ਨਦੀਆਂ ਦੇ ਪਾਣੀਆਂ ਦੀ ਵਰਤੋਂ ਦੀਆਂ ਯੋਜਨਾਵਾਂ ਲਾਗੂ ਹੋਈਆਂ। ਭਾਖੜਾ-ਨੰਗਲ, ਹੀਰਾਕੁੰਡ, ਚੰਬਲ, ਤੁੰਗਭੱਦਰਾ, ਨਾਗਾਰਜੁਨ ਸਾਗਰ ਅਤੇ ਦਮੋਦਰ ਘਾਟੀ ਯੋਜਨਾਵਾਂ ਬਣੀਆਂ। ਇਹਨਾਂ ਯੋਜਨਾਵਾਂ ਨਾਲ ਇਹਨਾਂ ਖੇਤਰਾਂ ਦੇ ਵਿਕਾਸ 'ਚ ਮਦਦ ਮਿਲੀ। ਇਹ ਸਿੰਚਾਈ, ਬਿਜਲੀ ਅਤੇ ਹੜ੍ਹ ਰੋਕਣ ਲਈ ਮਦਦਗਾਰ ਸਾਬਿਤ ਹੋਈਆਂ। ਹਾਲਾਂਕਿ ਕੁਝ ਮਾਮਲਿਆਂ 'ਚ ਇਹਨਾਂ ਯੋਜਨਾਵਾਂ ਕਾਰਨ ਰਾਜਾਂ ਦੇ ਝਗੜੇ ਪਾਣੀ ਦੀ ਵੰਡ ਲਈ ਪੈਦਾ ਹੋਏ। ਰਾਵੀ, ਬਿਆਸ, ਨਰਮਦਾ, ਕ੍ਰਿਸ਼ਨਾ, ਕਵੇਰੀ, ਗੋਦਾਵਰੀ, ਪਰਿਆਰ, ਮਹਾਂਦੇਈ, ਨਦੀਆਂ ਦੇ ਪਾਣੀ ਦੀ ਵੰਡ ਲਈ ਪੰਜਾਬ, ਹਰਿਆਣਾ, ਰਾਜਸਥਾਨ, ਮੱਧ ਪ੍ਰਦੇਸ਼, ਗੁਜਰਾਤ, ਆਂਧਰਾ ਪ੍ਰਦੇਸ਼ ਅਤੇ ਛੱਤੀਸਗੜ੍ਹ, ਤਾਮਿਲਨਾਡੂ, ਕੇਰਲਾ ਆਦਿ ਸੂਬਿਆਂ ਵਿਚਕਾਰ ਪਾਣੀ-ਵਿਵਾਦ ਹੁੰਦਾ ਰਿਹਾ ਹੈ ਜਾਂ ਹੈ। ਅੰਤਰਰਾਸ਼ਟਰੀ ਪੱਧਰ 'ਤੇ ਭਾਰਤ-ਪਾਕਿਸਤਾਨ, ਚੀਨ, ਇਜ਼ਰਾਇਲ-ਫਲਸਤੀਨ, ਸੀਰੀਆ, ਤੁਰਕੀ, ਜਾਰਡਨ, ਇਥੋਪੀਆ ਆਦਿ ਦੇਸ਼ਾਂ 'ਚ ਪਾਣੀ ਕਾਰਨ ਵਿਵਾਦ ਹੈ ਅਤੇ ਇਹ ਵਿਵਾਦ ਜੰਗ ਦਾ ਰੂਪ ਧਾਰਨ ਕਰ ਚੁੱਕਾ ਹੈ। ਭਾਰਤ ਵਿੱਚ ਹੀ ਨਹੀਂ ਸਮੁੱਚੀ ਦੁਨੀਆਂ ਵਿੱਚ ਵੱਡੀ ਗਿਣਤੀ ਸਰਕਾਰਾਂ ਕਾਰਪੋਰੇਟਾਂ ਸੈਕਟਰ ਨਾਲ ਮਿਲਕੇ, ਧਰਤੀ ਦੇ ਪੰਜ ਤੱਤਾਂ ਦਾ ਨਾਲ ਖਿਲਵਾੜ ਕਰ ਰਹੀਆਂ ਹਨ। ਪਾਣੀ ਦੀ ਕਮੀ ਪੱਛਮੀ ਏਸ਼ੀਆ ਤੇ ਅਫ਼ਰੀਕਾ ਦੇ ਲੋਕਾਂ ਨੂੰ ਆਪਣੇ ਘਰ ਬਾਰ ਛੱਡਣ 'ਤੇ ਮਜਬੂਰ ਕਰ ਰਹੀ ਹੈ। ਪਾਣੀ ਦੀ ਘਾਟ ਕਾਰਨ ਸਥਿਤੀਆਂ ਇਹੋ ਜਿਹੀਆਂ ਬਣ ਰਹੀਆਂ ਹਨ, ਜਿਸ ਬਾਰੇ ਮੈਗਾਸੈਸ ਪੁਰਸਕਾਰ ਵਿਜੇਤਾ ਜਲਪੁਰਸ਼ ਰਜਿੰਦਰ ਸਿੰਘ ਨੇ ਕਿਹਾ ਹੈ ਕਿ "ਜਲ ਸਮੱਸਿਆ" ਤੀਜੇ ਵਿਸ਼ਵ ਯੁੱਧ ਦਾ ਕਾਰਨ ਬਣ ਸਕਦੀ ਹੈ।

20ਵੀਂ ਸਦੀ ਤੋਂ ਸ਼ੁਰੂ ਤੇਲ ਲਈ ਯੁੱਧ ਨੇ ਇਤਹਾਸ ਨੂੰ ਵੱਖਰਾ ਆਕਾਰ ਦਿੱਤਾ। 21ਵੀਂ ਸਦੀ ਦੇ ਬਹੁਤ ਸੰਘਰਸ਼ ਪਾਣੀ ਲਈ ਹੋਣਗੇ। 20ਵੀਂ ਸਦੀ 'ਚ ਆਬਾਦੀ ਵਿਸ਼ਵ 'ਚ ਦੋ ਗੁਣਾ ਤੋਂ ਜ਼ਿਆਦਾ ਹੋ ਗਈ ਹੈ ਅਤੇ ਪਾਣੀ ਦੀ ਵਰਤੋਂ ਵੀ ਵਧੀ ਹੈ। ਇਸ ਨਾਲ ਦੁਨੀਆਂ ਭਰ ਦੇ ਸ਼ਹਿਰਾਂ 'ਚ ਪਾਣੀ ਦੀ ਕਮੀ ਹੈ। ਕੈਪਟਾਊਨ ਸ਼ਹਿਰ, ਲੀਮਾਂ ਸ਼ਹਿਰ, ਚੈਨੱਈ ਸ਼ਹਿਰ ਪਾਣੀ ਨੂੰ ਤਰਸੇ ਪਏ ਹਨ। ਪਾਣੀ ਦੀ ਘਾਟ ਖੇਤਰੀ ਅਸਥਿਰਤਾ ਅਤੇ ਸਮਾਜਿਕ ਅਸ਼ਾਂਤੀ ਦਾ ਕਾਰਨ ਬਣ ਰਹੀ ਹੈ। ਸੰਯੁਕਤ ਰਾਸ਼ਟਰ ਅਤੇ ਵਿਸ਼ਵ ਬੈਂਕ ਦੀ ਰਿਪੋਰਟ ਅਨੁਸਾਰ ਦੁਨੀਆਂ ਦੀ 40 ਫ਼ੀਸਦੀ ਆਬਾਦੀ ਪ੍ਰਭਾਵਿਤ ਹੋ ਚੁੱਕੀ ਹੈ ਅਤੇ 2030 ਤੱਕ 700 ਮਿਲੀਅਨ ਲੋਕਾਂ ਨੂੰ ਪਾਣੀ ਕਾਰਨ ਆਪਣੇ ਘਰਾਂ ਤੋਂ ਬੇਘਰ ਹੋਣ ਦਾ ਖ਼ਤਰਾ ਪੈਦਾ ਹੋ ਗਿਆ ਹੈ। ਪਾਣੀ ਮਾਹਿਰਾਂ ਦਾ ਕਹਿਣਾ ਹੈ ਕਿ ਪਾਣੀ ਦੀ ਵਧਦੀ ਕਮੀ ਹਿੰਸਕ ਸੰਘਰਸ਼ਾਂ 'ਚ ਵਾਧਾ ਕਰੇਗੀ, ਕਿਉਂਕਿ ਬੇਈਮਾਨ, ਨੇਤਾ, ਸ਼ਕਤੀਸ਼ਾਲੀ ਨਿਗਮ ਅਤੇ ਸ਼ਕਤੀਹੀਣ ਲੋਕ ਘਟਦੀ ਜਲ ਪੂਰਤੀ ਲਈ ਲੜ ਸਕਦੇ ਹਨ। ਪਾਣੀਆਂ ਲਈ ਜੰਗ ਦੁਨੀਆਂ ਲਈ ਨਵਾਂ ਨਹੀਂ ਹੈ। 2500 ਈਸਾ ਪੂਰਬ ਵਿੱਚ ਮੈਸੋਪੋਟਾਮੀਆ, 720 ਈਸਾ ਪੂਰਬ ਵਿੱਚ ਅਸੀਰੀਆ, 101 ਈਸਾ ਪੂਰਬ ਵਿੱਚ ਚੀਨ ਅਤੇ 48 ਈਸਾ ਪੂਰਬ ਵਿੱਚ ਮਿਸਰ ਵਿੱਚ ਇਸਦੇ ਪ੍ਰਕੋਪ ਦੀ ਸ਼ੁਰੂਆਤ ਹੋਈ ਸੀ, ਅੱਜ ਵੀ ਦੁਨੀਆਂ ਦੇ ਕਈ ਹਿੱਸਿਆਂ 'ਚ ਪਾਣੀ ਲਈ ਸੰਘਰਸ਼ ਜਾਰੀ ਹੈ। ਕਿਧਰੇ ਕਿਸੇ ਦੇਸ਼ ਦੇ ਸੂਬਿਆਂ 'ਚ ਆਪਸ ਵਿੱਚ ਅਤੇ ਕਿਧਰੇ ਕਿਸੇ ਇੱਕ ਦੇਸ਼ ਦਾ ਦੂਜੇ ਦੇਸ਼ ਨਾਲ।

# ਮੀਡੀਆ ਭਰੋਸੇਯੋਗਤਾ ਨੂੰ ਲੈ ਕੇ ਦੁਨੀਆਂ ਵਿੱਚ ਨਵੀਂ ਬਹਿਸ

## ਪ੍ਰਿੰਟ ਪੱਤਰਕਾਰਤਾ ਤੇ ਯੂਟਿਊਬਰ ਇੰਫਲੈਂਸਰ ਵਿਚ ਕਰੈਡੇਬਿਲਟੀ ਦੀ ਨਵੀਂ ਬਹਿਸ



**ਪ੍ਰੋ. ਡਾ. ਕ੍ਰਿਸ਼ਨ ਕੁਮਾਰ ਰੱਤੂ**
ਮੋ: 9478730156
ਉਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

ਕੀ ਇਹਨਾਂ ਦਿਨਾਂ ਵਿੱਚ ਵਿਸ਼ਵ ਪੱਤਰਕਾਰਤਾ ਦੀ ਨਵੀਂ ਪੱਤਰਕਾਰੀ ਦੇ ਨਵੇਂ ਰੁਝਾਨ ਪੈਦਾ ਹੋ ਰਹੇ ਹਨ ਕਿ ਜਿਨ੍ਹਾਂ ਵਿੱਚ ਇੱਕ ਪੱਤਰਕਾਰ ਅਤੇ ਇੰਫਲੈਂਸਰ ਦਾ ਭੇਦ ਹੀ ਖ਼ਤਮ ਹੁੰਦਾ ਜਾ ਰਿਹਾ ਹੈ। ਆਉਣ ਵਾਲੇ ਦਿਨਾਂ' ਚ ਕੀ ਸੱਚਮੁੱਚ ਭਰੋਸੇਯੋਗਤਾ ਅਰਥਾਤ ਮੀਡੀਆ ਕਰੈਡਬਿਲਟੀ ਦਾ ਪ੍ਰਸ਼ਨ ਸਿਰਫ਼ ਪੱਤਰਕਾਰ ਅਤੇ ਇੰਫਲੈਂਸਰ ਦੇ ਵਿੱਚ ਰਹਿ ਜਾਏਗਾ।

ਅੱਜ ਇੱਕ ਪਾਸੇ ਪ੍ਰਿੰਟ ਮੀਡੀਆ ਤੇ ਟੈਲੀਵਿਜ਼ਨ ਦਾ ਪੁਰਾਣਾ ਮੀਡੀਆ ਹੈ, ਦੂਜੇ ਪਾਸੇ ਯੂਟਿਊਬਰ ਅਤੇ ਇੰਸਟਾਗਰਾਮ ਤੋਂ ਲੈ ਕੇ ਸੋਸ਼ਲ ਮੀਡੀਆ ਦੇ ਇੰਫਲੈਂਸਰਜ਼ ਹਨ। ਹੁਣ ਦੇਖਣਾ ਇਹ ਹੈ ਕਿ ਇਹਨਾਂ ਵਿੱਚੋਂ ਲੋਕਾਂ ਦਾ ਵਿਸ਼ਵਾਸ ਅਰਥਾਤ ਕਰੈਡੇਬਿਲਟੀ ਭਰੋਸੇਯੋਗਤਾ ਤੇ ਵਿਸ਼ਵਾਸਪਾਤਰਤਾ ਕਿਸ ਦੀ ਜ਼ਿਆਦਾ ਹੈ।

ਹੁਣ ਦੁਨੀਆ ਭਰ ਦੇ ਵਿੱਚ ਇੰਫਲੈਂਸਰ ਦੀ ਤਾਕਤ ਸੋਸ਼ਲ ਮੀਡੀਆ 'ਤੇ ਜੋ ਕੱਚ ਸੱਚ ਪਰੋਸਿਆ ਜਾ ਰਿਹਾ ਹੈ ਉਸ ਦੀ ਸਾਰਥਿਕਤਾ ਕੀ ਹੈ। ਇਸ 'ਤੇ ਹੁਣ ਸਵਾਲ ਖੜੇ ਹੋਏ ਹਨ ਅਤੇ ਦੁਨੀਆ ਵਿੱਚ ਇੱਕ ਨਵੀਂ ਬਹਿਸ ਵੀ ਸ਼ੁਰੂ ਹੋਈ ਹੈ। ਆਪਰੇਸ਼ਨ ਸਿੰਦੂਰ ਤੋਂ ਬਾਅਦ ਭਾਰਤ ਵਿੱਚ ਇਹ ਇੱਕ ਨਵੀਂ ਬਹਿਸ ਦਾ ਅਨੁਮਾਨ ਹੈ ਜਿਸ ਵਿੱਚ ਵਿਸ਼ਵਾਸ ਦੀ ਇੱਕ ਮਹੀਨ ਲਾਇਨ ਅਰਥਾਤ ਤੁਹਾਡਾ ਪਾਠਕ ਦਰਸ਼ਕ 'ਤੇ ਭਰੋਸਾ ਕਿੰਨੇ ਪ੍ਰਤੀਸ਼ਤ ਰਹਿ ਗਿਆ ਹੈ ਇਸ ਬਾਰੇ ਬਹਿਸ ਦੀ ਗੁੰਜਾਇਸ਼ ਪੈਦਾ ਹੋ ਗਈ ਹੈ ਕਿਉਂਕਿ ਜਿਸ ਤਰ੍ਹਾਂ ਭਾਰਤੀ ਮੀਡੀਆ ਨੇ ਇਸ ਦੌਰ ਦੇ ਵਿੱਚ ਆਪਰੇਸ਼ਨ ਸਿੰਦੂਰ ਨੂੰ ਲੈ ਕੇ ਕੱਚ ਸੱਚ ਪੇਸ਼ ਕੀਤਾ ਹੈ ਉੱਥੇ ਗੁਆਂਢੀ ਮੁਲਕਾਂ ਦਾ ਪ੍ਰੋਪੇਗੰਡਾ ਵੀ ਸੋਸ਼ਲ ਮੀਡੀਆ ਤੋਂ ਇੰਫਲੈਂਸਰ ਦੀ ਉਸ ਝੂਠ ਦਾ ਪ੍ਰਗਟਾਅ ਵਿੱਚ ਸਾਬਤ ਹੋਇਆ ਹੈ।

ਪਰ ਹੁਣ ਸਮਾਂ ਆ ਗਿਆ ਹੈ ਕਿ ਇਸ 'ਤੇ ਇੱਕ ਬਹਿਸ ਕਰਕੇ ਇੱਕ ਉਹ ਪਾਲਿਸੀ ਤਿਆਰ ਕੀਤੀ ਜਾ ਸਕੇ, ਜਿਸ ਵਿੱਚ ਪੱਤਰਕਾਰਤਾ ਦਾ ਸੱਚ ਅਰਥਾਤ ਮੀਡੀਆ ਦੀ ਭਰੋਸੇਯੋਗਤਾ ਕਰੈਡੇਬਿਲਟੀ ਕਾਇਮ ਰਹਿ ਸਕੇ ਤੇ ਇਹੀ ਅੱਜ ਦਾ ਮੁੱਖ ਪ੍ਰਸ਼ਨ ਹੈ। ਸੋਸ਼ਲ ਮੀਡੀਆ ਅਰਥਾਤ ਡਿਜ਼ੀਟਲ ਮੀਡੀਆ ਦੇ ਪ੍ਰਚਾਰ ਪ੍ਰਸਾਰ ਦੇ ਨਾਲ ਪੂਰੀ ਦੁਨੀਆ ਵਿੱਚ ਮੀਡੀਆ ਦੀ ਕਰੈਡੇਬਿਲਿਟੀ ਅਰਥਾਤ ਭਰੋਸੇਯੋਗਤਾ ਨੂੰ ਲੈ ਕੇ ਜੋ ਤੱਥਾਤਮਕ ਸਥਿਤੀ ਅਤੇ ਭਰਮ ਦੀ ਸਥਿਤੀ ਪੈਦਾ ਹੋਈ ਹੈ, ਉਸ ਵਿੱਚ ਪੂਰੀ ਦੁਨੀਆ ਦੇ ਮੀਡੀਆ ਵਿੱਚ ਇਸ ਬਾਰੇ ਇੱਕ ਨਵੀਂ ਬਹਿਸ ਨੇ ਜਨਮ ਲਿਆ ਹੈ।

ਅੱਜ ਦੇ ਯੁੱਗ ਵਿੱਚ ਜਦੋਂ ਟੈਲੀਵਿਜ਼ਨ, ਪ੍ਰਿੰਟ ਅਤੇ ਰੇਡੀਓ ਦੇ ਨਾਲ ਟਰੈਡੀਸ਼ਨਲ ਮੀਡੀਆ ਬਿਲਕੁਲ ਖ਼ਤਮ ਹੋ ਕੇ ਰਹਿ ਗਿਆ ਹੈ। ਇਸ ਵਕਤ ਮਹੱਤਵਪੂਰਨ ਮੀਡੀਆ ਘਰਾਣਿਆਂ ਵਿੱਚ ਅਤੇ ਦੁਨੀਆ ਦੇ ਫਰੰਟ ਲਾਈਨ ਮੀਡੀਆ ਵਿੱਚ ਸਭ ਤੋਂ ਵੱਡੀ ਬਹਿਸ ਇਸ 'ਤੇ ਹੋ ਰਹੀ ਹੈ ਕਿ ਕੀ ਆਉਣ ਵਾਲੇ ਦਿਨਾਂ ਦੇ ਵਿੱਚ ਸੋਸ਼ਲ ਮੀਡੀਆ ਦੀ ਇਸ ਸੁਨਾਮੀ ਦੇ ਬਾਰੇ ਵਿੱਚ ਕੀ ਵਰਤਮਾਨ ਤੇ ਸ਼ਤਾਬਦੀਆਂ ਤੋਂ ਚੱਲ ਰਿਹਾ ਪ੍ਰਿੰਟ ਜਰਨਲਿਜ਼ਮ ਅਰਥਾਤ ਪ੍ਰਿੰਟ ਮੀਡੀਆ ਤੇ ਟਰੈਡੀਸ਼ਨਲ ਇਲੈਕਟਰੋਨਿਕਸ ਮੀਡੀਆ ਟੈਲੀਵਿਜ਼ਨ ਬਰਕਰਾਰ ਰਹੇਗਾ ਜਾਂ ਉਹਨਾਂ ਦੀ ਭਰੋਸੇ ਯੋਗਤਾ ਅਤੇ ਉਹਨਾਂ ਦਾ ਵਜੂਦ ਹੀ ਖ਼ਤਮ ਹੋ ਜਾਏਗਾ।

ਤੁਹਾਨੂੰ ਪਤਾ ਹੀ ਹੋਏਗਾ ਕਿ ਪਿਛਲੇ ਇੱਕ ਦਹਾਕੇ ਦੇ ਵਿੱਚ ਦੁਨੀਆਂ ਦੀਆਂ ਸਭ ਤੋਂ ਤੇਜ਼ ਤੇ ਜ਼ਿਆਦਾ ਸਰਕੁਲੇਸ਼ਨ ਵਿੱਚ ਛੱਪਣ ਵਾਲੀਆਂ ਵੱਡੀਆਂ ਅਖ਼ਬਾਰਾਂ ਜਿਹਨਾਂ ਵਿੱਚ ਬ੍ਰਿਟੇਨ ਦਾ ਇੰਡੀਪੈਂਡੈਂਟ ਅਖ਼ਬਾਰ ਵੀ ਸ਼ਾਮਿਲ ਹੈ। ਉਹਨਾਂ ਨੇ ਆਪਣਾ ਕਾਗਜ਼ੀ ਅਰਥਾਤ ਪ੍ਰਿੰਟ ਐਡੀਸ਼ਨ ਬੰਦ ਕਰਕੇ ਸਾਰੇ ਦਾ ਸਾਰਾ ਹੁਣ ਆਨਲਾਈਨ ਮੀਡੀਆ ਅਤੇ ਡਿਜ਼ੀਟਲ ਸੰਸਕਰਣ ਸ਼ੁਰੂ ਕੀਤੇ ਹੋਏ ਹਨ ਜਿਹੜੇ ਹਜ਼ਾਰਾਂ ਦੀ ਗਿਣਤੀ ਵਿੱਚ ਸਬਸਕ੍ਰਾਈਬ ਕਰਕੇ ਲੋਕੀ ਆਪਣੇ ਇੰਟਰਨੈਟ ਦੇ ਜ਼ਰੀਏ ਮੋਬਾਈਲ ਤੋਂ ਲੈ ਕੇ ਟੈਲੀਵਿਜ਼ਨ ਦੀ ਸਕਰੀਨ ਦੇ ਨਾਲ ਜੋੜ ਕੇ ਉਸ ਨੂੰ ਆਪਣੇ ਕੰਪਿਊਟਰ 'ਤੇ ਦੇਖ ਪੜ੍ਹ ਅਤੇ ਵਿਚਾਰ ਸਕਦੇ ਹਨ।

ਇਧਰ ਭਾਰਤ ਵਿੱਚ ਵੀ ਇਹ ਆਪਰੇਸ਼ਨ ਸ਼ੁਰੂ ਹੈ। ਭਾਰਤ ਵਿੱਚ ਹਿੰਦੀ ਅਤੇ ਅੰਗਰੇਜ਼ੀ ਦੇ ਸਭ ਤੋਂ ਜ਼ਿਆਦਾ ਛਪਣ ਵਾਲੇ ਅਖਬਾਰਾਂ ਨੇ ਵੀ ਇਹ ਤਜਰਬੇ ਕੀਤੇ ਹਨ ਤੇ ਕਈ ਦੇਸ਼ਾਂ ਤੇ ਕਈ ਪ੍ਰਦੇਸ਼ਾਂ ਦੀਆਂ ਰਾਜਧਾਨੀਆਂ ਤੋਂ ਉਹਨਾਂ ਦੇ ਸਿਰਫ਼ ਇੰਟਰਨੈਟ ਐਡੀਸ਼ਨ ਹੀ ਜਾਰੀ ਹੋ ਰਹੇ ਹਨ ਅਤੇ ਹੁਣ ਚੰਗੀ ਤਰ੍ਹਾਂ ਚੱਲ ਰਹੇ ਹਨ ਪ੍ਰੰਤੂ ਭਾਰਤ ਇੱਕ ਅਜਿਹਾ ਦੇਸ਼ ਹੈ ਜਿੱਥੇ ਆਉਣ ਵਾਲੇ ਸਮੇਂ ਦੇ ਵਿੱਚ ਬਿਲੀਅਨ ਦਰਸ਼ਕ ਵੱਧ ਸਕਦੇ ਹਨ ਅਤੇ ਜਿਸ ਤਰ੍ਹਾਂ 140 ਕਰੋੜ ਆਬਾਦੀ ਦੇ ਇਸ ਦੇਸ਼ ਵਿੱਚ ਯੂਟਿਊਬਰ ਅਤੇ ਇੰਫਲੈਂਸਰ ਜਿਸ ਨੂੰ ਤੁਸੀਂ ਸੋਸ਼ਲ ਮੀਡੀਆ ਦੇ ਦੂਸਰੇ ਪਲੇਟਫਾਰਮ ਜਿਨ੍ਹਾਂ ਵਿੱਚ ਯੂਟਿਊਬ,ਥਰੈਡ ਤੋਂ ਲੈ ਕੇ ਇੰਸਟਾਗਰਾਮ ਤੇ ਐਕਸ ਦੀ ਵਰਤੋਂ ਪ੍ਰਮੁੱਖ ਹੈ।

ਉਹਨਾਂ ਸਾਰੇ ਮਾਧਿਅਮਾਂ ਦੀ ਭਰੋਸੇਯੋਗਤਾ ਤੋਂ ਬਾਅਦ ਹੁਣ ਸਵਾਲ ਇਹ ਉੱਠ ਰਿਹਾ ਹੈ ਕਿ ਕੀ ਆਉਣ ਵਾਲੇ ਦਿਨਾਂ ਦੇ ਵਿੱਚ ਮੀਡੀਆ ਸੋਸ਼ਲ ਮੀਡੀਆ ਵਿਸ਼ੇਸ਼ਕਰ ਉਹਦੇ ਇੰਫਲੈਂਸਰਜ਼ ਦੇ ਅਤੇ ਪ੍ਰੋਡਕਾਸਟ ਪੱਤਰਕਾਰੀ ਦੌਰ ਦੇ ਵਿੱਚ ਆ ਰਹੇ ਨਵੇਂ ਪਰਿਵਰਤਨਾਂ ਦੇ ਚਲਦੇ ਹੋਏ ਕੀ ਟਰੈਡੀਸ਼ਨਲ ਮੀਡੀਆ ਜਿਸਦੇ ਵਿੱਚ ਟੈਲੀਵਿਜ਼ਨ ਪ੍ਰਮੁੱਖ ਹੈ, ਉਹ ਯੂਟਿਊਬ ਦੇ ਸਾਹਮਣੇ ਹਾਰ ਜਾਏਗਾ। ਓ ਟੀਟੀ ਪਲੇਟਫਾਰਮਾਂ 'ਤੇ ਇਸਦੀ ਪ੍ਰਫੋਰਮੈਂਸ ਨੂੰ ਹਾਲਾਂਕਿ ਲੋਕਾਂ ਨੇ ਦੇਖਣਾ ਘੱਟ ਕਰ ਦਿੱਤਾ ਹੈ।

ਅੱਜ ਦੁਨੀਆਂ ਭਰ ਦੀ ਰੇਟਿੰਗ ਇਹ ਦੱਸਦੀ ਹੈ ਕਿ ਇਹ ਭਰੋਸੇਯੋਗਤਾ ਦਾ ਅਸਲ ਵਿੱਚ ਮੁਕਾਬਲਾ ਹੋਣ ਨੂੰ ਪ੍ਰਿੰਟ ਮੀਡੀਆ ਅਖ਼ਬਾਰਾਂ ਅਤੇ ਦੂਸਰੇ ਸੋਸ਼ਲ ਮੀਡੀਆ ਇੰਫਲੈਂਸਰਜ਼ ਦੇ ਵਿੱਚ ਰਹਿ ਗਿਆ ਹੈ ਤੇ ਹੁਣ ਇਹ ਅੰਤਰ ਵੀ ਕਰਨਾ ਪਵੇਗਾ ਕਿ ਉਹ ਕਿਹੜੇ ਪੱਤਰਕਾਰ ਹਨ ਜਿਨ੍ਹਾਂ 'ਤੇ ਭਰੋਸਾ ਕੀਤਾ ਜਾ ਸਕਦਾ ਹੈ ਅਤੇ ਉਹ ਇੰਫਲੂੈਂਸਰ ਹਨ ਅਤੇ ਕਿ ਪੱਤਰਕਾਰ ਹਨ, ਇਸ ਬਾਰੇ ਤਰ੍ਹਾਂ ਤਰ੍ਹਾਂ ਦੇ ਵਿਚਾਰ ਪ੍ਰਗਟ ਕੀਤੇ ਜਾ ਰਹੇ ਹਨ ਪ੍ਰੰਤੂ ਹੁਣ ਇਹ ਦਰਸ਼ਕਾਂ ਅਤੇ ਪਾਠਕਾਂ 'ਤੇ ਨਿਰਭਰ ਕਰਦਾ ਹੈ ਕਿ ਉਹ ਕਿਸ ਦੀ ਭਰੋਸੇਯੋਗਤਾ ਮੰਨਦੇ ਹਨ।

ਹੁਣ ਪੱਤਰਕਾਰਾਂ ਅਤੇ ਸਮੱਗਰੀ ਸਿਰਜਣਹਾਰਾਂ ਵਿਚਕਾਰ ਦੀ ਉਲਝਣ ਵਿੱਚ ਨਾ ਪਓ! ਦੋਵਾਂ ਵਿੱਚ ਵੱਡਾ ਫ਼ਰਕ ਹੈ। ਪੱਤਰਕਾਰ ਪ੍ਰਭਾਕਰ ਕੁਮਾਰ ਮਿਸ਼ਰਾ ਦੀ ਇੱਕ ਰਿਪੋਰਟ ਦੱਸਦੀ ਹੈ ਕਿ ਪੱਤਰਕਾਰਾਂ ਅਤੇ ਸਮੱਗਰੀ ਸਿਰਜਣਹਾਰਾਂ ਅਰਥਾਤ ਇੰਫਲੈਂਸਰਜ਼ ਵਿੱਚ ਅੰਤਰ ਨੂੰ ਸਮਝੋ। ਲੋਕ ਪੱਤਰਕਾਰਾਂ ਅਤੇ ਸਮੱਗਰੀ ਸਿਰਜਣਹਾਰਾਂ ਵਿਚਕਾਰ ਉਲਝਣ ਵਿੱਚ ਹਨ। ਇਨ੍ਹਾਂ ਵਿਚਲਾ ਫ਼ਰਕ ਸਮਝਣ ਦੀ ਲੋੜ ਹੈ।

ਸੋਸ਼ਲ ਮੀਡੀਆ 'ਤੇ ਹੁਣ ਇੱਕ ਪੱਤਰਕਾਰ ਨੂੰ ਪੂਰੀ ਆਜ਼ਾਦੀ ਹੈ। ਉਹ ਕੁੱਝ ਵੀ ਕਹਿ ਸਕਦਾ ਹੈ। ਤੁਸੀਂ ਇਹ ਕਿਸੇ ਨੂੰ ਵੀ ਦੱਸ ਸਕਦੇ ਹੋ। ਤੁਸੀਂ ਤੱਥਾਂ ਤੋਂ ਬਿਨਾਂ ਵੀ ਬੋਲ ਸਕਦੇ ਹੋ। ਤੁਸੀਂ ਝੂਠ ਵੀ ਬੋਲ ਸਕਦੇ ਹੋ। ਉਹ ਆਪਣੇ ਗਾਹਕਾਂ ਦੀ ਬੇਨਤੀ ਤੇ ਉਹਨਾਂ ਦੀ ਮੰਗ ਅਨੁਸਾਰ ਕੁਝ ਪੇਸ਼ ਵੀ ਕਰ ਸਕਦਾ ਹੈ। ਉਨ੍ਹਾਂ ਦਾ ਪੱਤਰਕਾਰੀ ਨਾਲ ਕੋਈ ਲੈਣਾ-ਦੇਣਾ ਨਹੀਂ ਹੈ।

ਪੱਤਰਕਾਰੀ ਇੱਕ ਜ਼ਿੰਮੇਵਾਰ ਕਿੱਤਾ ਹੈ। ਇੱਕ ਪੱਤਰਕਾਰ ਨੂੰ ਸਭ ਕੁਝ ਲਿਖਣ ਜਾਂ ਕੁਝ ਵੀ ਕਹਿਣ ਦੀ ਆਜ਼ਾਦੀ ਨਹੀਂ ਹੁੰਦੀ। ਉਨ੍ਹਾਂ ਲਈ, ਤੱਥ ਸਭ ਤੋਂ ਮਹੱਤਵਪੂਰਨ ਹਨ। ਜੇਕਰ ਉਹ ਗਲਤ ਲਿਖਦਾ ਜਾਂ ਬੋਲਦਾ ਹੈ, ਤਾਂ ਉਸਦੀ ਸੰਸਥਾ ਅਤੇ ਸਰਕਾਰ ਦੁਆਰਾ ਉਸਦੇ ਵਿਰੁੱਧ ਕਾਰਵਾਈ ਕੀਤੀ ਜਾ ਸਕਦੀ ਹੈ। ਉਨ੍ਹਾਂ ਨੂੰ ਸਮਾਜ ਅਤੇ ਰਾਸ਼ਟਰੀ ਹਿੱਤਾਂ ਦਾ ਵੀ ਧਿਆਨ ਰੱਖਣਾ ਪੈਂਦਾ ਹੈ। ਕੁੱਲ ਮਿਲਾ ਕੇ, ਉਹ ਦਰਸ਼ਕਾਂ ਦੀ ਮੰਗ ਅਨੁਸਾਰ ਮੁਜਰਾ ਨਹੀਂ ਕਰ ਸਕਦਾ।

ਅੱਜਕੱਲ੍ਹ, ਯੂਟਿਊਬ ਦੇ ਆਉਣ ਨਾਲ, ਕੁਝ ਪੱਤਰਕਾਰਾਂ ਨੇ ਵੀ ਇੰਫਲੈਂਸਰ ਸਮੱਗਰੀ ਸਿਰਜਣਹਾਰਾਂ ਵਾਂਗ ਵਿਵਹਾਰ ਕਰਨਾ ਸ਼ੁਰੂ ਕਰ ਦਿੱਤਾ ਹੈ। ਉਹ ਤੱਥਾਂ ਦੀ ਵੀ ਪਰਵਾਹ ਨਹੀਂ ਕਰਦੇ। ਉਹ ਕੁਝ ਵੀ ਕਹਿਣ ਲੱਗ ਪਏ ਹਨ। ਹੁਣ ਉਸਨੇ ਮੁਜਰਾ ਵੀ ਕਰਨਾ ਸ਼ੁਰੂ ਕਰ ਦਿੱਤਾ ਹੈ! ਇਸੇ ਕਰਕੇ ਲੋਕ ਪੱਤਰਕਾਰਾਂ ਅਤੇ ਸੋਸ਼ਲ ਮੀਡੀਆ ਇੰਫਲੈਂਸਰ ਵਿਚਕਾਰ ਉਲਝਣ ਵਿੱਚ ਪੈ ਰਹੇ ਹਨ।

ਜੇ ਤੁਹਾਨੂੰ ਮੇਰੀ ਗੱਲ ਤੇ ਯਕੀਨ ਨਹੀਂ ਆਉਂਦਾ, ਤਾਂ ਉਨ੍ਹਾਂ ਸਾਰੇ ਲੋਕਾਂ ਦੀਆਂ ਪਿਛਲੀਆਂ ਅਤੇ ਅੱਜ ਦੀਆਂ ਰਿਪੋਰਟਾਂ ਦੇਖੋ ਜੋ ਪੱਤਰਕਾਰਾਂ ਤੋਂ ਯੂਟੀਊਬਰ ਅਰਥਾਤ ਸੋਸ਼ਲ ਮੀਡੀਆ ਇਨਫਲੂਆਸਰ ਬਣ ਗਏ ਹਨ (ਜੋ ਮੁੱਖ ਧਾਰਾ ਮੀਡੀਆ ਤੋਂ ਯੂਟਿਊਬ ਤੇ ਚਲੇ ਗਏ ਹਨ)। ਤੁਸੀਂ ਇੱਕ ਪੱਤਰਕਾਰ ਅਤੇ ਇੱਕ ਸਮੱਗਰੀ ਸਿਰਜਣਹਾਰ ਵਿੱਚ ਅੰਤਰ ਸਮਝੋਗੇ।

ਇੱਕ ਹੋਰ ਗੱਲ ਇਹ ਵੀ ਹੈ ਕਿ ਅੰਗਰੇਜ਼ੀ ਵਿੱਚ ਕਿਹਾ ਜਾਂਦਾ ਹੈ ਕਿ ਅਪਵਾਦ ਹਮੇਸ਼ਾ ਹੁੰਦੇ ਹਨ। ਭਾਵ, ਅਪਵਾਦ ਹਰ ਜਗ੍ਹਾ ਹੁੰਦੇ ਹਨ। ਕੁਝ ਸਮੱਗਰੀ ਸਿਰਜਣਹਾਰ ਇਨਫਲੈਸਰ ਬਹੁਤ ਵਧੀਆ ਕੰਮ ਕਰ ਰਹੇ ਹਨ। ਉਹ ਪੱਤਰਕਾਰੀ ਦੀਆਂ ਕਮੀਆਂ ਦੀ ਭਰਪਾਈ ਕਰ ਰਹੇ ਹਨ। ਉਨ੍ਹਾਂ ਦੇ ਗਾਹਕ ਸ਼ਾਇਦ ਲੱਖਾਂ ਵਿੱਚ ਨਾ ਹੋਣ ਪਰ ਉਹ ਆਪਣਾ ਕੰਮ ਇਮਾਨਦਾਰੀ ਨਾਲ ਕਰ ਰਹੇ ਹਨ।

ਅੱਜ ਇਹ ਪਛਾਣਨਾ ਔਖਾ ਨਹੀਂ ਹੈ ਕਿ ਉਹ ਕੌਣ ਹਨ। ਪੱਤਰਕਾਰੀ ਦਾ ਅਸਲ ਆਧਾਰ ਤੱਥ, ਜ਼ਿੰਮੇਵਾਰੀ ਅਤੇ ਸਮਾਜਿਕ ਹਿੱਤ ਹਨ, ਜਦੋਂ ਕਿ ਸਮੱਗਰੀ ਸਿਰਜਣਹਾਰ ਇਨਫਲੈਸਰਜ਼ ਦਾ ਮੁੱਖ ਟੀਚਾ ਧਿਆਨ ਅਤੇ ਵਿਚਾਰ ਪ੍ਰਾਪਤ ਕਰਨਾ ਹੈ। ਜੇਕਰ ਕੋਈ ਪੱਤਰਕਾਰ ਤੱਥਾਂ ਤੋਂ ਭਟਕਦਾ ਹੈ, ਤਾਂ ਉਸਦੀ ਭਰੋਸੇਯੋਗਤਾ ਖ਼ਤਮ ਹੋ ਜਾਵੇਗੀ, ਜਦੋਂ ਕਿ ਇੱਕ ਸਮੱਗਰੀ ਨਿਰਮਾਤਾ ਲਈ, ਸੱਚ ਅਤੇ ਝੂਠ ਸਿਰਫ਼ ਸਮੱਗਰੀ ਹਨ।

ਅੱਜ ਦੇ ਯੁੱਗ ਵਿੱਚ ਜਦੋਂ ਯੂਟਿਊਬ ਅਤੇ ਸੋਸ਼ਲ ਮੀਡੀਆ ਨੇ ਹਰ ਕਿਸੇ ਨੂੰ ਆਪਣੀ ਆਵਾਜ਼ ਦੇਣ ਦਾ ਮੌਕਾ ਦਿੱਤਾ ਹੈ, ਇੱਕ ਪੱਤਰਕਾਰ ਅਤੇ ਇੱਕ ਸੋਸ਼ਲ ਮੀਡੀਆ ਇਨਫਲੈਸਰ ਵਿਚਕਾਰ ਰੇਖਾ ਧੁੰਦਲੀ ਹੋ ਗਈ ਹੈ। ਲੋਕਾਂ ਨੂੰ ਹੁਣ ਖੁਦ ਸਿੱਖਣਾ ਪਵੇਗਾ ਕਿ ਕੌਣ ਤੱਥਾਂ ਵਾਲੀ ਜਾਣਕਾਰੀ ਦੇ ਰਿਹਾ ਹੈ ਅਤੇ ਕੌਣ ਸਿਰਫ਼ ਸਨਸਨੀਖੇਜ਼ਤਾ ਫੈਲਾ ਰਿਹਾ ਹੈ। ਅੱਜ ਇਸ ਤੋਂ ਉੱਤੇ ਪੂਰੀ ਦੁਨੀਆ ਵਿੱਚ ਬਹਿਸ ਜਾਰੀ ਹੈ ਤੇ ਆਉਣ ਵਾਲੇ ਦਿਨਾਂ ਦੇ ਵਿੱਚ ਇਹ ਹੋਰ ਵੀ ਵਧੇਗੀ।

# ਕੀ ਸੋਸ਼ਲ ਮੀਡੀਆ ਦੋ ਧਾਰੀ ਤਲਵਾਰ ਹੈ ?

**ਅਜੀਤ ਖੰਨਾ**
**ਮੋ:76967-54669**

ਸੋਸ਼ਲ ਮੀਡੀਆ ਉੱਤੇ ਅੱਜ ਜੋ ਵੀ ਪਰੋਸਿਆ ਜਾਂ ਵਿਖਾਇਆ ਜਾ ਰਿਹਾ ਹੈ ਉਸਦੀ ਪ੍ਰਮਾਣਤਾ ਨੂੰ ਲੈ ਕੇ ਮੇਰੇ ਮਨ 'ਚ ਕਈ ਤਰ੍ਹਾਂ ਦੇ ਸਵਾਲ ਖੜ੍ਹੇ ਹੁੰਦੇ ਹਨ।ਜੋ ਸ਼ਾਇਦ ਹੋਰਾਂ ਦੇ ਮਨ 'ਚ ਵੀ ਜ਼ਰੂਰ ਹੁੰਦੇ ਹੋਣਗੇ ਤੇ ਉਹ ਸਵਾਲ ਹੈ ਕਿ ਸੋਸ਼ਲ ਮੀਡੀਆ ਉੱਤੇ ਜੋ ਵੀ ਪੋਸਟ ਪਾਈ ਜਾਂਦੀ ਹੈ, ਉਸਦੀ ਪ੍ਰਮਾਣਤਾ ਬਾਰੇ ਕੋਈ ਕਸੌਟੀ ਕਿਉਂ ਨਹੀਂ ? ਜਦ ਕਿ ਕਿਸੇ ਵੀ ਫ਼ਿਲਮ ਦੇ ਰਿਲੀਜ਼ ਹੋਣ ਤੋ ਪਹਿਲਾਂ ਉਸ ਨੂੰ ਸੈਂਸਰ ਬੋਰਡ ਤੋਂ ਪਾਸ ਹੋਣਾ ਹੁੰਦਾ ਹੈ।ਪਰ ਕਿੰਨੇ ਸਿਤਮ ਦੀ ਗੱਲ ਹੈ ਕਿ ਇਸ ਦੇ ਉਲਟ ਸੋਸ਼ਲ ਮੀਡੀਆ ਉੱਤੇ ਤੁਸੀਂ ਕੋਈ ਵੀ ਪੋਸਟ ਪਾ ਦੇਵੋ ਉਸਦੀ ਪ੍ਰਮਾਣਤਾ ਹਾਸਲ ਕਰਨ ਦੀ ਤੁਹਾਨੂੰ ਕੋਈ ਜ਼ਰੂਰਤ ਨਹੀਂ ਹੈ।ਫਿਰ ਉਹ ਪੋਸਟ ਸੱਚੀ ਹੋਵੇ ਜਾਂ ਝੂਠੀ, ਕੋਈ ਮਤਲਬ ਨਹੀਂ।

ਪਰ ਅਸੀਂ ਕਦੇ ਸੋਚਿਆ ਹੈ ਕਿ ਅਗਰ ਪੋਸਟ ਗਲਤ ਜਾਂ ਝੂਠੀ ਹੈ ਤਾਂ ਉਸਦਾ ਸਮਾਜ ਉੱਤੇ ਕਿੰਨਾ ਬੁਰਾ ਅਸਰ ਪੈਂਦਾ ਹੈ? ਕਈ ਵਾਰ ਤਾਂ ਉਸ ਝੂਠੀ ਪੋਸਟ ਦਾ ਇੰਨਾ ਜ਼ਿਆਦਾ ਮਾਰੂ ਪ੍ਰਭਾਵ ਪੈਂਦਾ ਹੈ ਕਿ ਕਿਸੇ ਵਿਅਕਤੀ ਦੀ ਜਾਨ ਤੱਕ ਚਲੀ ਜਾਂਦੀ ਹੈ ਤੇ ਕਈ ਵਾਰ ਕਿਸੇ ਦਾ ਕੈਰੀਅਰ ਤੱਕ ਤਬਾਹ ਹੋ ਜਾਂਦਾ ਹੈ।ਪੈਸੇ ਦੇ ਲਾਲਚ 'ਚ ਅੱਜ ਕੱਲ ਨੌਜਵਾਨੀ ਸੋਸ਼ਲ ਮੀਡੀਆ ਪਿੱਛੇ ਪਾਗਲ ਹੋਈ ਫਿਰਦੀ ਹੈ।ਹਰ ਕੋਈ ਰੀਲ ਬਣਾ ਕੇ ਯੂ ਟਿਊਬ 'ਤੇ ਅਪਲੋਡ ਕਰੀ ਜਾ ਰਿਹਾ ਹੈ।ਬਹੁਤ ਵਾਰੀ ਸੋਸ਼ਲ ਮੀਡੀਆ ਉੱਤੇ ਹਲਕੀ ਕਿਸਮ ਦੀ ਜਾਣਕਾਰੀ ਵੀ ਵੇਖਣ ਨੂੰ ਮਿਲਦੀ ਹੈ ਜੋ ਸਮਾਜ ਲਈ ਲਾਹੇਵੰਦ ਹੋਣ ਦੀ ਥਾਂ ਨੁਕਸਾਨਦਾਇਕ ਹੁੰਦੀ ਹੈ।

ਕੀ ਅਸੀ ਕਦੇ ਇਹ ਵੀ ਸੋਚਿਆ ਹੈ ਕਿ ਸੋਸ਼ਲ ਮੀਡੀਆ 'ਤੇ ਪਰੋਸਿਆ ਜਾ ਰਿਹਾ ਮੈਟਰ ਸਾਡੇ ਸਮਾਜ ਵਾਸਤੇ ਘਾਤਕ ਸਾਬਤ ਹੋ ਸਕਦਾ ਹੈ।ਜਿਸ ਤਰ੍ਹਾਂ ਅੱਜਕਲ ਲੋਕ ਆਪਣੀ ਗੁਪਤਤਾ (ਸੀਕਰੇਸੀ )ਨੂੰ ਸੋਸ਼ਲ ਮੀਡੀਆ ਫੇਸ ਬੁੱਕ ਵਗੈਰਾ ਤੇ ਅਪਲੋਡ ਕਰਕੇ ਓਪਨ ਕਰ ਰਹੇ ਹਨ। ਉਹ ਕੋਈ ਸਿਆਣਪ ਤੇ ਸਮਝਦਾਰੀ ਵਾਲੀ ਗੱਲ ਨਹੀਂ ਹੈ। ਕਿਉਂਕਿ ਇਸ ਦਾ ਤੁਹਾਨੂੰ ਨੁਕਸਾਨ ਵੀ ਹੋ ਸਕਦਾ ਹੈ।ਤੁਸੀਂ ਕਿੱਥੇ ਹੋ? ਕੀ ਕਰ ਰਹੇ ਹੋ? ਕਿਸ ਨਾਲ ਹੋ? ਅਜਿਹੀ ਜਾਣਕਾਰੀ ਸਾਂਝੀ ਕਰਨ ਦੇ ਸਿੱਟੇ ਵੱਜੋਂ ਤੁਹਾਡੇ ਘਰ ਚੋਰੀ ਹੋ ਸਕਦੀ ਹੈ।ਤੁਹਾਡਾ ਦੁਸ਼ਮਣ ਤੁਹਾਨੂੰ ਜਾਨੀ ਤੇ ਮਾਲੀ ਨੁਕਸਾਨ ਪਹੁੰਚਾ ਸਕਦਾ ਹੈ।ਕਿਉਂਕਿ ਸੋਸ਼ਲ ਮੀਡੀਆ ਦੇ ਜ਼ਰੀਏ ਤੁਹਾਡੇ ਵੱਲੋਂ ਦਰਸਾਈ ਤੁਹਾਡੀ ਲੋਕੇਸ਼ਨ ਤੁਹਾਡੇ ਲਈ ਮਾਰੂ ਸਿੱਧ ਹੋ ਸਕਦੀ ਹੈ।ਇਸ ਲਈ ਆਪਣੀ ਨਿੱਜੀ ਜ਼ਿੰਦਗੀ ਜਾਂ ਪਰਿਵਾਰਕ ਜੀਵਨ ਬਾਰੇ ਕਦੇ ਕੋਈ ਅਜਿਹੀ ਜਾਣਕਾਰੀ ਸਾਂਝੀ ਨਾ ਕਰੋ ਜੋ ਤੁਹਾਡੇ ਲਈ ਨੁਕਸਾਨਦਾਇਕ ਸਾਬਤ ਹੋਵੇ।

ਅਕਸਰ ਇਹ ਵੇਖਿਆ ਗਿਆ ਹੈ ਕਿ ਬਹੁਤ ਸਾਰੇ ਲੋਕ ਸੋਸ਼ਲ ਮੀਡੀਆ 'ਤੇ ਲਾਈਵ ਹੋ ਕੇ ਗਾਲੀ ਗਲੋਚ ਵੀ ਕਰਦੇ ਹਨ ਜਾਂ ਕਿਸੇ ਨੂੰ ਡਰਾਉਂਦੇ ਧਮਕਾਉਂਦੇ ਹਨ ਜਾਂ ਫਿਰ ਇਮੋਸ਼ਨਲ ਬਲੈਕ ਮੇਲਿੰਗ ਕਰਨ 'ਤੇ ਉੱਤਰ ਆਉਂਦੇ ਹਨ, ਜੋ ਸਰਾਸਰ ਗਲਤ ਹੁੰਦਾ ਹੈ।ਇਹ ਸੋਸ਼ਲ ਮੀਡੀਆ ਦਾ ਨੁਕਸਾਨਦਾਇਕ ਪੱਖ ਹੈ, ਜਿਸ ਤੋਂ ਹਮੇਸ਼ਾਂ ਬਚ ਕੇ ਚੱਲੋ।ਫਿਰ ਕਿਸੇ ਦੇ ਭੇਦ ਨੂੰ ਸੋਸ਼ਲ ਮੀਡੀਆ 'ਤੇ ਖੋਲ੍ਹਣ ਦੀ ਧਮਕੀ ਦੇ ਕੇ ਬਲੈਕਮੇਲਿੰਗ ਦਾ ਟਰੈਂਡ ਵੀ ਅੱਜ ਕੱਲ ਚੋਖਾ ਚੱਲ ਰਿਹਾ ਹੈ। ਡਿਜੀਟਲ ਅਰੈਸਟ ਤੇ ਸਾਈਬਰ ਕ੍ਰਾਈਮ ਵਰਗੀਆਂ ਵਾਰਦਾਤਾਂ ਵੀ ਸੋਸ਼ਲ ਮੀਡੀਆ ਦਾ ਸਭ ਤੋਂ ਵੱਡਾ ਨੁਕਸਾਨ ਕਰਨ ਵਾਲਾ ਪੱਖ ਹੈ।ਜਿਸ ਨਾਲ ਅਨੇਕਾਂ ਲੋਕਾਂ ਦੀ ਜਾਨ ਤੱਕ ਚਲੀ ਗਈ ਹੈ ਤੇ ਇਸ ਨਾਲ ਬਹੁਤ ਸਾਰੇ ਲੋਕ ਕਰੋੜਾਂ ਅਰਬਾਂ ਰੁਪਿਆਂ ਦੀ ਠੱਗੀ ਦਾ ਵੀ ਸ਼ਿਕਾਰ ਹੋਏ ਹਨ।

ਬਹੁਤੇ ਲੋਕ ਸਵੇਰੇ ਉਠਦੇ ਸਾਰ ਇਕ ਨਹੀਂ, ਦੋ ਨਹੀਂ ਬਲਕਿ ਚਾਰ ਚਾਰ,ਪੰਜ ਪੰਜ ਮੈਸੇਜ ਗੁੱਡ ਮੋਰਨਿੰਗ ਦੇ ਹੀ ਭੇਜੀ ਜਾਣਗੇ।ਜੋ ਵਿਅਰਥ ਤੇ ਬੇਤੁਕਾ ਕਹਿ ਸਕਦੇ ਹਾਂ। ਪੁੱਛਣ ਵਾਲਾ ਹੋਵੇ ਕੇ ਇੰਨਾ ਮੈਸੇਜ ਦਾ ਕੀ ਫਾਇਦਾ? ਫਿਰ ਕੁਝ ਲੋਕਾਂ ਵੱਲੋਂ ਇਕ ਦੂਜੇ ਨਾਲ ਕਿਸੇ ਵਿਸ਼ੇ ਜਾਂ ਟੌਪਿਕ ਨੂੰ ਲੈ ਕੇ ਸ਼ੋਸ਼ਲ ਮੀਡੀਆ 'ਤੇ ਕੀਤੀ ਜਾਂਦੀ ਬੇਲੋੜੀ ਬਹਿਸਬਾਜ਼ੀ ਕਈ ਤਰ੍ਹਾਂ ਦੇ ਵਿਵਾਦ ਖੜ੍ਹੇ ਕਰਦੀ ਹੈ ਜੋ ਸਾਡੇ ਰਿਸ਼ਤਿਆਂ 'ਚ ਫਿੱਕ ਪਾਉਂਦੀ ਹੈ।ਕਈ ਵਾਰ ਸ਼ੋਸ਼ਲ ਮੀਡੀਆ ਉੱਤੇ ਕੀਤੀ ਅਜਿਹੀ ਬਹਿਸ ਦੌਰਾਨ ਨੌਬਤ ਇਥੋਂ ਤੱਕ ਪੁੱਜ ਜਾਂਦੀ ਹੈ ਜੋ ਸਾਡੇ ਕਿਰਦਾਰ ਤੱਕ ਨੂੰ ਪੁੱਠਾ ਗੇੜ ਦੇ ਦਿੰਦੀ ਹੈ। ਕਈ ਵਾਰ ਇਹ ਸੋਸ਼ਲ ਮੀਡੀਆ ਕਿਸੇ ਚੰਗੀ ਸ਼ਖਸੀਅਤ ਤੱਕ ਦੀ ਦਿੱਖ ਤੱਕ ਵਿਗਾੜ ਕੇ ਰੱਖ ਦਿੰਦਾ ਹੈ।ਸੋਸ਼ਲ ਮੀਡੀਆ ਦੇ ਇਸ ਤਰ੍ਹਾਂ ਦੇ ਮਾੜੇ ਪੱਖ ਦੀਆਂ ਕਈ ਮਿਸਾਲਾਂ ਹਨ ਜਿਨ੍ਹਾਂ 'ਚੋਂ ਇਕ ਉਦਾਹਰਣ ਇਹ ਹੈ ਕਿ ਇਕ ਵਾਰ ਕਿਸੇ ਵਿਅਕਤੀ ਨੇ ਕਿਸੇ ਮੰਤਰੀ ਦਾ ਟਵਿੱਟਰ ਹੈਂਡਲ ਹੈਕ ਕਰਕੇ ਕਹਿ ਦਿੱਤਾ ਕੇ ਮੇਰੀ ਇਕ ਪਾਕਿਸਤਾਨੀ ਔਰਤ ਨਾਲ ਗੱਲਬਾਤ ਹੈ।ਜਿਸ ਨਾਲ ਰੌਲਾ ਪੈਣ ਉੱਤੇ ਉਸਦੀ ਪਤਨੀ ਦੀ ਕੁਝ ਦਿਨ ਬਾਅਦ ਇਕ ਹੋਟਲ 'ਚੋਂ ਲਾਸ਼ ਮਿਲੀ। ਸੋਸ਼ਲ ਮੀਡੀਆ ਨੇ ਸਾਡੀ ਉਸਾਰੂ ਸੋਚ ਨੂੰ ਪੁੱਠੇ ਪਾਸੇ ਲਾ ਦਿੱਤਾ ਹੈ।ਅਸੀ ਠੀਕ ਤੇ ਗਲਤ ਦਾ ਨਿਤਾਰਾ ਕਰਨ ਦੀ ਬਜਾਏ ਅਲੋਚਨਾ ਵੱਲ ਵੱਧਦੇ ਜਾ ਰਹੇ ਹਾਂ।

ਹਾਂ ਸੋਸ਼ਲ ਮੀਡੀਆ ਦੇ ਕੁਝ ਪੱਖ ਚੰਗੇ ਵੀ ਹਨ, ਜਿਨ੍ਹਾਂ ਨੂੰ ਅੱਖੋਂ ਓਹਲੇ ਨਹੀਂ ਕੀਤਾ ਜਾ ਸਕਦਾ। ਜਿਵੇਂ ਤੁਸੀਂ ਕੋਈ ਜਾਣਕਾਰੀ ਸਾਂਝੀ ਕਰਨੀ ਚਾਹੁੰਦੇ ਹੋ ਤਾਂ ਸੋਸ਼ਲ ਮੀਡੀਆ ਦੁਆਰਾ ਤੁਸੀਂ ਜਲਦੀ ਤੇ ਸਸਤੇ 'ਚ ਸਾਂਝੀ ਕਰ ਸਕਦੇ ਹੋ।ਉਸ ਵਕਤ ਤੁਸੀਂ ਭਾਵੇ ਸਫ਼ਰ ਕਰ ਰਹੇ ਹੋ ਜਾਂ ਫਿਰ ਕਿਤੇ ਹੋਰ ਬੈਠੇ ਹੋ। ਸਾਂਝੀ ਕੀਤੀ ਜਾਣ ਵਾਲੀ ਉਹ ਜਾਣਕਾਰੀ ਕਾਰੋਬਾਰ ਜਾਂ ਹੋਰ ਸਬੰਧ 'ਚ ਹੋ ਸਕਦੀ ਹੈ।ਸੋਸ਼ਲ ਮੀਡੀਆ ਉੱਤੇ ਤੁਸੀਂ ਆਪਣੇ ਚੰਗੇ ਉਸਾਰੂ ਵਿਚਾਰ ਜਾਂ ਕੋਈ ਰਾਏ ਵੀ ਸਾਂਝੀ ਕਰ ਸਕਦੇ ਹੋ।ਸੋਸ਼ਲ ਮੀਡੀਆ ਜ਼ਰੀਏ ਤੁਸੀਂ ਘਰ ਦੇ ਪਰਿਵਾਰਕ ਮੈਂਬਰਾਂ ਤੇ ਦੁਨੀਆਂ ਨਾਲ ਪਲ ਪਲ ਜੁੜੇ ਰਹਿ ਸਕਦੇ ਹੋ।ਜੋ ਸੋਸ਼ਲ ਮੀਡੀਆ ਦਾ ਚੰਗਾ ਪੱਖ ਹੈ।ਇਸ ਤਰ੍ਹਾਂ ਸੋਸ਼ਲ ਮੀਡੀਆ ਦੋ ਧਾਰੀ ਤਲਵਾਰ ਵਾਂਗ ਹੈ।ਜਿਸਦਾ ਇੱਕ ਪੱਖ ਚੰਗਾ ਹੈ ਤੇ ਦੂਜਾ ਮਾੜਾ।

ਭਾਰਤ 'ਚ ਸੋਸ਼ਲ ਮੀਡੀਆ ਬਾਰੇ ਕਾਨੂੰਨ ਵੀ ਹੈ।ਜਿਵੇਂ ਪਹਿਲਾ,ਕਿਸੇ ਵਿਰੁੱਧ ਅਪਮਾਨਜਨਕ ਟਿੱਪਣੀ ਜਾਂ ਸਮੱਗਰੀ ਪੋਸਟ ਕਰਨਾ ਸੂਚਨਾ ਤਕਨਾਲੋਜੀ ਐਕਟ ਦੇ ਅਧੀਨ 66-ਏ ਜ਼ੁਰਮ ਹੈ।ਜਿਸ ਦੀ ਸਜ਼ਾ 3 ਸਾਲ ਹੈ।ਦੂਜਾ ਅਜਿਹੀ ਕਿਸੇ ਪੋਸਟ ਨੂੰ ਪਸੰਦ ਕਰਨਾ ਜਾਂ ਅਜਿਹੀ ਟਿੱਪਣੀ ਨੂੰ ਸਾਂਝਾ ਕਰਨਾ ਕਾਨੂੰਨੀ ਅਪਰਾਧ ਹੈ।ਤੀਜਾ ਮਾਣਹਾਨੀ ਵਾਲੀ ਸਮੱਗਰੀ ਜਾਂ ਟਿੱਪਣੀਆਂ ਪੋਸਟ ਕਰਨ ਨਾਲ ਭਾਰਤੀ ਦੰਡ ਸੰਘਤਾ ਦੀ ਧਾਰਾ 499 ਅਧੀਨ ਅਪਰਾਧਿਕ ਮਾਣਹਾਨੀ ਦਾ ਕੇਸ ਬਣਦਾ ਹੈ।ਚੌਥਾ, ਭਾਰਤੀ ਦੰਡ ਸੰਘਤਾ ਦੀਆਂ ਧਾਰਾਵਾਂ 292,293,294 ਅਧੀਨ ਅਸ਼ਲੀਲ ਸਮੱਗਰੀ ਭੇਜਣੀ ਜਾਂ ਵੇਚਣੀ ਕਾਨੂੰਨੀ ਅਪਰਾਧ ਹੈ।ਪੰਜਵਾਂ, ਗੁਪਤ ਸੂਚਨਾਵਾਂ, ਸਰਕਾਰੀ ਦਸਤਾਵੇਜ਼,ਵਰਜਿਤ ਸਥਾਨ ਦੀਆਂ ਤਸਵੀਰਾਂ ਪੋਸਟ ਕਰਨਾ ਅਧਿਕਾਰਤ ਸੀਕ੍ਰੇਟਸ ਐਕਟ ਦੇ ਤਹਿਤ ਉਲੰਘਣ ਹੈ ਅਤੇ ਸਜ਼ਾਯੋਗ ਹੈ।ਛੇਵਾਂ, ਕਾਪੀ ਕੀਤੀ ਸਮੱਗਰੀ ਨੂੰ ਵੈੱਬਸਾਈਟ 'ਤੇ ਪੋਸਟ ਕਰਨਾ ਕਾਪੀ ਰਾਈਟ ਤਹਿਤ ਅਪਰਾਧ ਹੈ।ਆਈਟੀ ਐਕਟ ਦੀ ਧਾਰਾ 66ਏ ਭਾਰਤ ਵਿਚ ਸੋਸ਼ਲ ਮੀਡੀਆ ਕਾਨੂੰਨ ਨੂੰ ਕੰਟਰੋਲ ਕਰਨ ਲਈ ਲਾਗੂ ਕੀਤੀ ਗਈ ਹੈ ਅਤੇ ਬਹੁਤ ਮਹੱਤਵਪੂਰਨ ਹੈ।ਕਿਉਂਕਿ ਇਹ ਭਾਰਤ ਵਿਚ ਸੋਸ਼ਲ ਮੀਡੀਆ ਕਾਨੂੰਨ ਨਾਲ ਸਬੰਧਤ ਸਾਰੇ ਕਾਨੂੰਨੀ ਮੁੱਦਿਆਂ ਨੂੰ ਕੰਟਰੋਲ ਕਰਦੀ ਹੈ।ਇਹ ਸੈਕਸ਼ਨ ਸਪੱਸ਼ਟ ਤੌਰ 'ਤੇ ਪ੍ਰਸਾਰਣ, ਮੈਸੇਜਜ ਦੀ ਪੋਸਟਿੰਗ, ਈਮੇਲ, ਟਿੱਪਣੀਆਂ ਨੂੰ ਪ੍ਰਤੀਬੰਧਿਤ ਕਰਦਾ ਹੈ।ਜੋ ਅਪਮਾਨਜਨਕ ਜਾਂ ਗੈਰ ਵਾਜਿਬ ਹੋ ਸਕਦੀਆਂ ਹਨ।ਭਾਰਤ 'ਚ ਆਈਟੀ ਐਕਟ ਸੋਸ਼ਲ ਮੀਡੀਆ ਦੀ ਦੁਰਵਰਤੋਂ ਨੂੰ ਰੋਕਣ ਲਈ ਇੱਕੋ ਇੱਕ ਕਾਨੂੰਨ ਹੈ।ਪਰ ਇਸ ਕਾਨੂੰਨ 'ਚ ਬਹੁਤ ਸਾਰੀਆਂ ਘਾਟਾਂ ਹਨ।ਉਦਾਹਰਣ ਵਜੋਂ ਕੋਈ ਖ਼ਬਰ ਭਾਰਤ ਦੀ ਸੀਮਾ ਤੋਂ ਬਾਹਰ ਤੋਂ ਆਉਂਦੀ ਹੈ ਤਾਂ ਉਸ ਉੱਤੇ ਇਸ ਕਾਨੂੰਨ ਕਾਨੂੰਨ ਮੁਤਾਬਕ ਕਾਰਵਾਈ ਨਹੀਂ ਹੋ ਸਕਦੀ। ਉਕਤ ਕਾਨੂੰਨ ਦੇ ਬਾਵਜੂਦ ਸੋਸ਼ਲ ਮੀਡੀਆ ਉੱਤੇ ਝੂਠੀ ਤੇ ਗਲਤ ਜਾਣਕਾਰੀ ਦਾ ਸਿਲਸਲਾ ਪੂਰੀ ਤਰ੍ਹਾਂ ਰੁਕ ਨਹੀਂ ਰਿਹਾ।ਜੋ ਬੇਹੱਦ ਖਤਰਨਾਕ ਹੈ।ਜਿਸ ਨੂੰ ਰੋਕਿਆ ਜਾਣਾ ਲਾਜ਼ਮੀ ਹੈ।ਜਿਸ ਲਈ ਕਾਨੂੰਨ ਵਿਚਲੀਆਂ ਖ਼ਾਮੀਆਂ ਨੂੰ ਦੂਰ ਕਰਕੇ ਜਿੱਥੇ ਸੋਧ ਕੀਤੇ ਜਾਣ ਦੀ ਜ਼ਰੂਰਤ ਹੈ।

ਉਥੇ ਸੋਸ਼ਲ ਮੀਡੀਆ ਦੀ ਪ੍ਰਮਾਣਤਾ ਲਈ ਨਿਯਮਾਂ ਦਾ ਤਹਿ ਹੋਣੇ ਜ਼ਰੂਰੀ ਹੈ ਤਾਂ ਕਿ ਗਲਤ ਤੇ ਝੂਠੀ ਜਾਣਕਾਰੀ ਨੂੰ ਪੋਸਟ ਹੋਣ ਤੋਂ ਪਹਿਲਾਂ ਹੀ ਰੋਕਿਆ ਜਾ ਸਕੇ ਅਤੇ ਸੋਸ਼ਲ ਮੀਡੀਏ ਦੇ ਮਾੜੇ ਪ੍ਰਭਾਵਾਂ ਤੋਂ ਬਚਿਆ ਜਾ ਸਕੇ।ਇਸ ਤਰ੍ਹਾਂ ਅਸੀ ਸੋਸ਼ਲ ਮੀਡੀਆ ਦਾ ਸਹੀ ਫਾਇਦਾ ਲੈ ਸਕਦੇ ਹਾਂ। ਨਹੀਂ ਤਾਂ ਸੋਸ਼ਲ ਮੀਡੀਆ ਨੂੰ ਅਸੀ ਦੋ ਧਾਰੀ ਤਲਵਾਰ ਹੀ ਕਹਾਂਗੇ।

# ਮਾਝਾ-ਦੁਆਬਾ ਆਸ ਪਾਸ

## ਚੀਫ਼ ਖ਼ਾਲਸਾ ਦੀਵਾਨ ਵੱਲੋਂ ਪੀਲੀਭੀਤ ਵਿਖੇ ਸਿੱਖਾਂ ਦੇ ਹੋ ਰਹੇ ਧਰਮ-ਪਰਿਵਰਤਨ 'ਤੇ ਚਿੰਤਾ ਦਾ ਪ੍ਰਗਟਾਵਾ



ਅੰਮ੍ਰਿਤਸਰ, 26 ਮਈ, (ਬਬਲੂ ਮਹਾਜਨ) : ਚੀਫ਼ ਖ਼ਾਲਸਾ ਦੀਵਾਨ ਦੇ ਮੁੱਖ ਦਫ਼ਤਰ ਵਿਖੇ ਹੋਈ ਮੀਟਿੰਗ ਦੌਰਾਨ ਦੀਵਾਨ ਅਹੁਦੇਦਾਰਾਂ ਅਤੇ ਮੈਂਬਰ ਸਾਹਿਬਾਨ ਵੱਲੋਂ ਯੂ.ਪੀ. ਦੇ ਸਰਹੱਦੀ ਇਲਾਕਿਆਂ ਵਿਚ ਵੱਡੇ ਪੱਧਰ 'ਤੇ ਸਿੱਖ ਭਾਈਚਾਰੇ ਦੇ ਕੀਤੇ ਜਾ ਰਹੇ ਧਰਮ ਪਰਿਵਰਤਨ 'ਤੇ ਗਹਿਰੇ ਦੁੱਖ ਅਤੇ ਚਿੰਤਾ ਦਾ ਪ੍ਰਗਟਾਵਾ ਕੀਤਾ ਗਿਆ। ਇਸ ਮੌਕੇ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਡਾ.ਇੰਦਰਬੀਰ ਸਿੰਘ ਨਿੱਜਰ ਨੇ ਕਿਹਾ ਕਿ ਪੀਲੀਭੀਤ ਵਿਖੇ ਜਬਰੀ ਅਤੇ ਆਰਥਿਕ ਲਾਲਚ ਦੇ ਕੇ ਜਾਂ ਕਰਾਮਾਤਾਂ ਵਿਖਾ ਕੇ ਸਿੱਖਾਂ ਦੇ ਕੀਤੇ ਜਾ ਰਹੇ ਧਰਮ ਪਰਿਵਰਤਨ ਸਿੱਖ ਧਰਮ ਅਤੇ ਇਸਦੀ ਨਿਆਰੀ ਪਹਿਚਾਣ ਅਤੇ ਵਿਰਾਸਤ ਲਈ ਇਕ ਵੱਡੀ ਚੁਣੌਤੀ ਹੈ। ਉਹਨਾਂ ਨੇ ਕਿਹਾ ਕਿ ਸਿੱਖਾਂ ਨੇ ਸਦਾ ਹੀ ਮਨੁੱਖਤਾ, ਸਮਾਨਤਾ ਅਤੇ ਨਿਆਂ ਲਈ ਅਵਾਜ ਬੁਲੰਦ ਕੀਤੀ ਹੈ। ਉਹਨਾਂ ਅੱਜ ਦੇ ਦੌਰ ਵਿਚ ਧਰਮ ਪਰਿਵਰਤਨ ਰੋਕਣ ਅਤੇ ਸਿੱਖ ਪਹਿਚਾਣ ਮਜ਼ਬੂਤ ਕਰਨ ਲਈ ਧਾਰਮਿਕ ਸਿੱਖਿਆ ਅਤੇ ਜਾਗਰੁਕਤਾ ਨੂੰ ਸਮੇਂ ਦੀ ਮੁੱਖ ਲੋੜ੍ਹ ਦੱਸਿਆ ਤਾਂ ਜੋ ਸਿੱਖ ਭਾਈਚਾਰੇ ਨੂੰ ਗੁਰਬਾਣੀ ਦੇ ਮੂਲ ਸਿਧਾਤਾਂ ਅਤੇ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਦਾ ਅਨੁਸਰਨ ਕਰਦਿਆਂ ਆਤਮਿਕ ਤੌਰ ਤੇ ਮਜ਼ਬੂਤ ਕੀਤਾ ਜਾ ਸਕੇ। ਦੀਵਾਨ ਅਹੁਦੇਦਾਰਾਂ ਨੇ ਯੂ.ਪੀ ਦੇ ਸਥਾਨਕ ਸਿੱਖ ਧਾਰਮਿਕ ਸੰਗਠਨਾਂ ਅਤੇ ਸੰਸਥਾਵਾਂ ਵੱਲੋਂ ਸਥਾਨਕ ਪ੍ਰਸ਼ਾਸਨ ਅਤੇ ਸਰਕਾਰਾਂ ਨਾਲ ਰਾਬਤਾ ਕਾਇਮ ਕਰਕੇ ਸਿੱਖਾਂ ਨੂੰ ਧਾਰਮਿਕ, ਆਰਥਿਕ ਅਤੇ ਆਤਮਿਕ ਪੱਖੋਂ ਮਜ਼ਬੂਤ ਕਰਨ ਹਿੱਤ ਵਿਸ਼ੇਸ਼ ਕਦਮ ਚੁੱਕਣ ਦੀ ਲੋੜ੍ਹ ਤੇ ਜ਼ੋਰ ਦਿੱਤਾ। ਉਹਨਾਂ ਯੂ.ਪੀ ਸਰਕਾਰ ਨੂੰ ਸਿੱਖਾਂ ਦਾ ਜਬਰੀ ਜਾਂ ਲਾਲਚ ਦੇ ਕੇ ਧਰਮ ਬਦਲਾਉਣ ਵਾਲੇ ਸਾਜਿਸ਼ ਕਰਤਾਵਾਂ ਖਿਲਾਫ ਸਖ਼ਤ ਕਾਰਵਾਈ ਕਰਨ ਦੀ ਮੰਗ ਕੀਤੀ। ਇਸ ਮੌਕੇ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਡਾ.ਇੰਦਰਬੀਰ ਸਿੰਘ ਨਿੱਜਰ, ਮੀਤ ਪ੍ਰਧਾਨ ਸੰਤੋਖ ਸਿੰਘ ਸੇਠੀ, ਸਥਾਨਕ ਪ੍ਰਧਾਨ ਕੁਲਜੀਤ ਸਿੰਘ ਸਾਹਨੀ, ਐਡੀ.ਆਨਰੇਰੀ ਸਕੱਤਰ ਜਸਪਾਲ ਸਿੰਘ ਢਿੱਲੋਂ, ਐਡੀ.ਆਨਰੇਰੀ ਸਕੱਤਰ/ਮੁੱਖ ਦਫ਼ਤਰ ਮੈਂਬਰ ਇੰਚਾਰਜ ਹਰਵਿੰਦਰ ਪਾਲ ਸਿੰਘ ਚੁੱਘ, ਡਾ.ਆਤਮਜੀਤ ਸਿੰਘ ਬਸਰਾ, ਏ.ਪੀ.ਐਸ.ਮਾਨ, ਮਨਪ੍ਰੀਤ ਸਿੰਘ, ਹਰਮਨਜੀਤ ਸਿੰਘ, ਪ੍ਰੋ.ਸੁਖਬੀਰ ਸਿੰਘ, ਜਸਮੀਤ ਸਿੰਘ ਆਦਿ ਹਾਜ਼ਰ ਸਨ।

## ਜਥੇਦਾਰ ਗੜਗੱਜ ਨੇ ਭਾਈ ਧਿਆਨ ਸਿੰਘ ਮੰਡ ਨਾਲ ਕੀਤੀ ਮੁਲਾਕਾਤ



ਅੰਮ੍ਰਿਤਸਰ, 26 ਮਈ, (ਬਬਲੂ ਮਹਾਜਨ) : ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਅੱਜ ਫਿਰੋਜ਼ਪੁਰ ਪਹੁੰਚੇ, ਜਿੱਥੇ ਉਹ ਭਾਈ ਧਿਆਨ ਸਿੰਘ ਮੰਡ ਦੇ ਘਰ ਗਏ ਅਤੇ ਉਹਨਾਂ ਦੀ ਸਿਹਤ ਬਾਰੇ ਹਾਲ ਚਾਲ ਲਿਆ। ਭਾਈ ਧਿਆਨ ਸਿੰਘ ਮੰਡ ਪਿਛਲੇ ਕਈ ਦਿਨਾਂ ਤੋਂ ਬਿਮਾਰ ਚੱਲ ਰਹੇ ਹਨ।ਜਥੇਦਾਰ ਗੜਗੱਜ ਨੇ ਕਿਹਾ ਕਿ ਸਿੱਖੀ ਦੇ ਕਿਸੇ ਵੀ ਧੜੇ ਦੀ ਵੱਖਰੀ ਪਛਾਣ ਨਹੀਂ, ਸਾਰੇ ਸਿੱਖ ਸ੍ਰੀ ਅਕਾਲ ਤਖਤ ਸਾਹਿਬ ਨੂੰ ਸਮਰਪਿਤ ਹਨ। ਉਨ੍ਹਾਂ ਨੇ ਕਿਹਾ ਕਿ ਮੰਡ ਪਰਿਵਾਰ ਨੇ ਸਿੱਖ ਕੌਮ ਲਈ ਬਹੁਤ ਕੁਝ ਕੁਰਬਾਨ ਕੀਤਾ ਹੈ, ਜਿਸ ਕਰਕੇ ਉਹ ਅੱਜ ਵਿਸ਼ੇਸ਼ ਤੌਰ 'ਤੇ ਉਹਨਾਂ ਦਾ ਹਾਲ ਚਾਲ ਜਾਨਣ ਆਏ ਹਨ ਪੱਤਰਕਾਰ ਨਾਲ ਗੱਲਬਾਤ ਕਰਦੇ ਹੋਏ ਉਹਨਾਂ ਕਿਹਾ ਢੰਡਰੀਆਂ ਵਾਲਿਆਂ ਨੂੰ ਮਾਫੀ ਦੇਣ ਸਬੰਧੀ ਉਨ੍ਹਾਂ ਕਿਹਾ ਕਿ ਸਿੱਖ ਕੌਮ ਸਦਾ ਅਕਾਲ ਤਖਤ ਸਾਹਿਬ ਦੀ ਛਤਰ ਛਾਇਆ ਹੇਠ ਰਹੀ ਹੈ ਅਤੇ ਰਹੇਗੀ। ਸਿੱਖ ਇੱਕਤਾਂ ਅਤੇ ਗੁਰੂ ਨਾਲ ਜੁੜਾਵ ਦੇ ਉਪਰਾਲਿਆਂ 'ਤੇ ਜ਼ੋਰ ਦਿੰਦਿਆਂ, ਉਨ੍ਹਾਂ ਦੱਸਿਆ ਕਿ ਕੱਲ੍ਹ ਜਲਾਲਾਬਾਦ ਵਿਖੇ ਉਹ ਕੁਝ ਨੌਜਵਾਨਾਂ ਨੂੰ ਮਿਲੇ ਜਿਨ੍ਹਾਂ ਨੇ ਸੋਹਣੀਆਂ ਦਸਤਾਰਾਂ ਸਜਾਈਆਂ ਹੋਈਆਂ ਸਨ ਅਤੇ ਖੁੱਲੀਆਂ ਦਾੜੀਆਂ ਰੱਖੀਆਂ ਹੋਈਆਂ ਸਨ।ਉਨ੍ਹਾਂ ਕਿਹਾ ਕਿ ਇਹ ਦ੍ਰਿਸ਼ ਸਾਬਤ ਕਰਦਾ ਹੈ ਕਿ ਸਾਡੇ ਨੌਜਵਾਨ ਗੁਰੂ ਨਾਲ ਜੁੜ ਰਹੇ ਹਨ ਅਤੇ ਸਿੱਖੀ ਰਾਹੀਂ ਆਪਣੀ ਪਛਾਣ ਬਣਾਈ ਰੱਖੀ ਹੋਈ ਹੈ। ਉਨ੍ਹਾਂ ਸਾਰੇ ਸਿੱਖ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਆਪਣੀ ਰੂਹਾਨੀ ਜੜ੍ਹਾਂ ਨੂੰ ਮਜ਼ਬੂਤ ਕਰਨ ਅਤੇ ਗੁਰੂ ਨਾਲ ਨਾਤਾ ਜੋੜਨ ਵੱਲ ਧਿਆਨ ਦੇਣ।

## ਪਿੰਡ ਪੈੜੇਵਾਲ, ਦਰਿਆ ਮੂਸਾ, ਨੰਗਲ ਸੋਹਲ ਵਿੱਚ ਕੀਤੇ ਵਿਕਾਸ ਕੰਮਾਂ ਦੇ ਉਦਘਾਟਨ



ਅਜਨਾਲਾ, 26 ਮਈ, (ਸੁਖਦੇਵ ਸਿੰਘ ਖਾਲਸਾ) : ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਅੱਜ ਸਰਹੱਦੀ ਪੱਟੀ ਦੇ ਪਿੰਡ ਪੈੜੇਵਾਲ, ਦਰਿਆ ਮੂਸਾ ਅਤੇ ਨੰਗਲ ਸੋਹਲ ਵਿੱਚ ਸਰਕਾਰੀ ਸਕੂਲਾਂ ਵਿੱਚ ਵਿਕਾਸ ਕੰਮਾਂ ਦੇ ਉਦਘਾਟਨ ਕਰਦਿਆਂ ਕਿਹਾ ਕਿ ਸਾਡੇ ਇਸ ਸਰਹੱਦੀ ਖੇਤਰ ਵਿੱਚ ਲੋਕਾਂ ਨੇ ਸਰਕਾਰੀ ਸਕੂਲਾਂ ਨੂੰ ਗਰਾਂਟਾਂ ਦੇ ਬੋਰੇ ਮਿਲਦੇ ਪਹਿਲੀ ਵਾਰ ਵੇਖੇ ਹਨ। ਉਹਨਾਂ ਕਿਹਾ ਕਿ ਮੈਂ ਵਿਸ਼ੇਸ਼ ਤੌਰ ਤੇ ਮੁੱਖ ਮੰਤਰੀ ਪੰਜਾਬ ਸ ਭਗਵੰਤ ਸਿੰਘ ਮਾਨ ਅਤੇ ਸਿੱਖਿਆ ਮੰਤਰੀ ਸ ਹਰਜੋਤ ਸਿੰਘ ਬੈਂਸ ਹੋਰਾਂ ਦਾ ਧੰਨਵਾਦੀ ਹਾਂ, ਜਿਨ੍ਹਾਂ ਨੇ ਸਾਡੇ ਪਛੜੇ ਹੋਏ ਇਲਾਕੇ ਵਿੱਚ ਸਰਕਾਰੀ ਸਕੂਲਾਂ ਨੂੰ ਅਤਿ ਆਧੁਨਿਕ ਸਹੂਲਤਾਂ ਦੇ ਕੇ ਨਿਵਾਜਿਆ ਹੈ।

ਕੈਬਨਿਟ ਮੰਤਰੀ ਨੇ ਕਿਹਾ ਕਿ ਸਾਡੀ ਸਰਕਾਰ ਦੀ ਸੋਚ ਪੰਜਾਬ ਨੂੰ ਰੰਗਲਾ ਪੰਜਾਬ ਤੇ ਸਮੇਂ ਦੇ ਹਾਣੀ ਬਣਾਉਣ ਦੀ ਹੈ ਅਤੇ ਮੁੱਖ ਮੰਤਰੀ ਸ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸਮੁੱਚੀ ਟੀਮ ਇਸ ਟੀਚੇ ਦੀ ਪ੍ਰਾਪਤੀ ਲਈ ਨਿਰੰਤਰ ਕੰਮ ਕਰ ਰਹੀ ਹੈ। ਉਹਨਾਂ ਕਿਹਾ ਕਿ ਪੜ੍ਹਾਈ ਤੋਂ ਬਿਨਾਂ ਕੋਈ ਵੀ ਦੇਸ਼ ਤਰੱਕੀ ਨਹੀਂ ਕਰ ਸਕਦਾ, ਸੋ ਅਸੀਂ ਪਹਿਲ ਦੇ ਆਧਾਰ ਉੱਤੇ ਆਪਣੇ ਬੱਚਿਆਂ ਨੂੰ ਸਿੱਖਿਅਤ ਅਤੇ ਸਿਹਤਮੰਦ ਕਰਨ ਦਾ ਬੀੜਾ ਚੁੱਕਿਆ ਹੈ, ਜਿਸ ਵਿੱਚ ਅਸੀਂ ਸਫਲਤਾ ਵੀ ਪ੍ਰਾਪਤ ਕੀਤੀ ਹੈ। ਉਹਨਾਂ ਕਿਹਾ ਕਿ ਅੱਜ ਸਰਕਾਰੀ ਸਕੂਲਾਂ ਦੀਆਂ ਇਮਾਰਤਾਂ ਬੁਨਿਆਦੀ ਸਹੂਲਤਾਂ ਤੋਂ ਇਲਾਵਾ ਮਾਡਰਨ ਤਕਨੀਕ ਨਾਲ ਭਰਪੂਰ ਹਨ। ਸਾਡੇ ਹਸਪਤਾਲ, ਆਮ ਆਦਮੀ ਕਲੀਨਿਕ ਲੋਕਾਂ ਨੂੰ ਮੁਫ਼ਤ ਵਿੱਚ ਸਿਹਤ ਸਹੂਲਤਾਂ ਦੇ ਰਹੇ ਹਨ। ਉਹਨਾਂ ਕਿਹਾ ਕਿ ਉਹ ਸਕੂਲ ਜਿੰਨਾ ਦੇ ਅਹਾਤੇ ਵਿੱਚ ਬੱਚੇ ਸਵੇਰੇ ਆ ਕੇ ਪਹਿਲਾਂ ਪਸ਼ੂਆਂ ਨੂੰ ਹਿੱਕ ਕੇ ਬਾਹਰ ਕੱਢਦੇ ਸਨ, ਹੁਣ ਸੋਹਣੇ ਫਰਨੀਚਰ ਅਤੇ ਡਿਜੀਟਲ ਕਲਾਸਾਂ ਨਾਲ ਲੈਸ ਹਨ। ਸਰਹੱਦੀ ਖੇਤਰ ਤੱਕ ਸਕੂਲਾਂ ਵਿੱਚ ਪੜਾਉਣ ਲਈ ਬੱਚਿਆਂ ਨੂੰ ਅਧਿਆਪਕ ਮੌਜੂਦ ਹਨ।

ਇਸ ਮੌਕੇ ਸ੍ਰੀ ਖੁਸ਼ਪਾਲ ਸਿੰਘ ਧਾਲੀਵਾਲ, ਓ.ਐਸ.ਡੀ ਗੁਰਜੰਟ ਸਿੰਘ ਸੋਹੀ, ਨਾਇਬ ਤਹਿਸੀਲਦਾਰ ਇੰਦਰਜੀਤ ਕੌਰ, ਕੰਵਲਜੀਤ ਸਿੰਘ ਗਿੱਲ ਡਾਇਰੈਕਟਰ ਸੀਡ ਨਿਰਮਾਣ ਪੰਜਾਬ, ਕਾਬਲ ਸਿੰਘ ਪਛੀਆ, ਸਰਪੰਚ ਰਾਜਵਿੰਦਰ ਸਿੰਘ ਰਾਜਾ ਪੰਜਗਰਾਈ ਵਾਹਲਾ, ਕੁਲਜੀਤ ਸਿੰਘ ਪੈੜੇਵਾਲ, ਸਰਪੰਚ ਗੁਰਦਿਆਲ ਸਿੰਘ ਪੈੜੇਵਾਲ, ਸੁਖਜਿੰਦਰ ਸਿੰਘ ਦੂਜੋਵਾਲ, ਸਕੂਲ ਇੰਚਾਰਜ ਪਵਨ ਕੁਮਾਰ ਨੰਗਲ ਸੋਹਲ, ਜਸਪਾਲ ਸਿੰਘ ਧੰਗਈ, ਬਲਜਿੰਦਰ ਸਿੰਘ, ਲਵਪ੍ਰੀਤ ਸਿੰਘ ਨੰਗਲ ਸੋਹਲ ਆਦਿ ਹਾਜ਼ਰ ਸਨ।

## 'ਪੰਜਾਬ ਸਿੱਖਿਆ ਕ੍ਰਾਂਤੀ' ਸੂਬੇ ਦੇ ਸਰਕਾਰੀ ਸਕੂਲਾਂ ਲਈ ਬਣੀ ਵਰਦਾਨ : ਇੰਦਰਜੀਤ ਕੌਰ ਮਾਨ



ਨਕੋਦਰ/ਜਲੰਧਰ, 26 ਮਈ, (ਸੰਦੀਪ ਕੌਲ) : ਪੰਜਾਬ ਸਰਕਾਰ ਵੱਲੋਂ ਸੂਬੇ ਦੇ ਸਰਕਾਰੀ ਸਕੂਲਾਂ ਦੀ ਨੁਹਾਰ ਬਦਲਣ ਤਹਿਤ ਸ਼ੁਰੂ ਕੀਤੀ ਗਈ "ਪੰਜਾਬ ਸਿੱਖਿਆ ਕ੍ਰਾਂਤੀ" ਮੁਹਿੰਮ ਦੀ ਲੜੀ ਤਹਿਤ ਅੱਜ ਜ਼ਿਲ੍ਹਾ ਜਲੰਧਰ ਦੇ 9 ਸਰਕਾਰੀ ਸੀਨੀਅਰ ਸੈਕੰਡਰੀ ਅਤੇ ਪ੍ਰਾਇਮਰੀ ਸਕੂਲਾਂ ਵਿੱਚ 1.20 ਕਰੋੜ ਰੁਪਏ ਦੇ ਵਿਕਾਸ ਕਾਰਜਾਂ ਨੂੰ ਲੋਕ ਅਰਪਣ ਕੀਤਾ ਗਿਆ।

ਇਸੇ ਲੜੀ ਤਹਿਤ ਅੱਜ ਵਿਧਾਨ ਸਭਾ ਹਲਕਾ ਨਕੋਦਰ ਤੋਂ ਵਿਧਾਇਕ ਇੰਦਰਜੀਤ ਕੌਰ ਮਾਨ ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਚੀਮਾ, ਕਲਾਂ ਚੀਮਾ ਖੁਰਦ ਵਿਖੇ 51 ਲੱਖ ਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਿਲਗਾ ਵਿਖੇ 8.56 ਲੱਖ ਰੁਪਏ ਦੇ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ ਗਿਆ। ਇਸ ਮੌਕੇ ਅਧਿਆਪਕਾਂ, ਵਿਦਿਆਰਥੀਆਂ ਅਤੇ ਮਾਪਿਆਂ ਦੇ ਭਰਵੇਂ ਇਕੱਠ ਨੂੰ ਸੰਬੋਧਨ ਕਰਦਿਆਂ ਵਿਧਾਇਕ ਇੰਦਰਜੀਤ ਕੌਰ ਮਾਨ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਦੀ ਦੂਰ ਅੰਦੇਸ਼ੀ ਸੋਚ ਸਦਕਾ ਸਰਕਾਰੀ ਸਕੂਲਾਂ ਦੀ ਨੁਹਾਰ ਬਦਲਣ ਲਈ ਸ਼ੁਰੂ ਕੀਤੀ ਗਈ 'ਪੰਜਾਬ ਸਿੱਖਿਆ ਕ੍ਰਾਂਤੀ' ਮੁਹਿੰਮ ਸਰਕਾਰੀ ਸਕੂਲਾਂ ਦੀ ਨੁਹਾਰ ਬਦਲਣ ਵਿੱਚ ਵਰਦਾਨ ਸਾਬਿਤ ਹੋ ਰਹੀ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਦੇ ਸਾਰੇ ਸਰਕਾਰੀ ਸਕੂਲਾਂ ਨੂੰ ਅਤਿ ਆਧੁਨਿਕ ਸਹੂਲਤਾਂ ਜਿਵੇਂ ਨਵੇਂ ਕਲਾਸ ਰੂਮ, ਸਾਇੰਸ ਤੇ ਕਾਮਰਸ ਲੈਬਾਰਟੀਆਂ, ਚਾਰਦੀਵਾਰੀਆਂ, ਨਵੇਂ ਪਖ਼ਾਨੇ, ਫਰਨੀਚਰ ਆਦਿ ਸਹੂਲਤਾਂ ਨਾਲ ਲੈਸ ਕੀਤਾ ਜਾ ਰਿਹਾ ਹੈ।

ਇਸ ਮੌਕੇ ਉਦਘਾਟਨੀ ਸਮਾਰੋਹਾਂ ਵਿੱਚ ਆਏ ਵਿਦਿਆਰਥੀਆਂ ਦੇ ਮਾਪਿਆਂ ਨੇ ਦੱਸਿਆ ਕਿ ਮੁੱਖ ਮੰਤਰੀ, ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਦੇ ਸਮੇਂ ਜੋ ਸਰਕਾਰੀ ਸਕੂਲਾਂ ਦੀ ਨੁਹਾਰ ਬਦਲੀ ਗਈ ਹੈ, ਉਹ ਬਹੁਤ ਹੀ ਪ੍ਰਸ਼ੰਸਾ ਯੋਗ ਹੈ। ਉਨ੍ਹਾਂ ਕਿਹਾ ਕਿ ਉਹ ਆਪਣੇ ਬੱਚਿਆਂ ਨੂੰ ਸਰਕਾਰੀ ਸਕੂਲਾਂ ਵਿੱਚ ਪੜ੍ਹਾ ਕੇ ਮਾਣ ਮਹਿਸੂਸ ਕਰ ਰਹੇ ਹਨ ਜਿਥੇ ਵਿਦਿਆਰਥੀਆਂ ਨੂੰ ਨਿੱਜੀ ਸਕੂਲਾਂ ਦੀ ਤਰਜ 'ਤੇ ਹੀ ਬਿਹਤਰੀਨ ਬੁਨਿਆਦੀ ਢਾਂਚਾ ਮੁਹੱਈਆ ਕਰਵਾਇਆ ਜਾ ਰਿਹਾ ਹੈ।

'ਪੰਜਾਬ ਸਿੱਖਿਆ ਕ੍ਰਾਂਤੀ' ਮੁਹਿੰਮ ਤਹਿਤ ਅੱਜ ਉਕਤ ਤੋਂ ਇਲਾਵਾ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਨਸੂਰਪੁਰ ਵਿਖੇ 7.38 ਲੱਖ ਰੁਪਏ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਤੇਹਿੰਗ ਵਿਖੇ 11.88 ਲੱਖ ਰੁਪਏ, ਸਰਕਾਰੀ ਪ੍ਰਾਇਮਰੀ ਸਕੂਲ ਮਨਸੂਰਪੁਰ ਵਿਖੇ 2 ਲੱਖ, ਸਰਕਾਰੀ ਪ੍ਰਾਇਮਰੀ ਸਕੂਲ ਤੇਹਿੰਗ ਵਿਖੇ 2 ਲੱਖ ਰੁਪਏ, ਸਰਕਾਰੀ ਪ੍ਰਾਇਮਰੀ ਸਕੂਲ ਸ਼ੇਖੂਵਾਲ ਵਿਖੇ 2.20 ਲੱਖ ਰੁਪਏ, ਸਰਕਾਰੀ ਪ੍ਰਾਇਮਰੀ ਸਕੂਲ ਰੇਰੂ ਵਿਖੇ 9.51 ਲੱਖ ਰੁਪਏ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਕਾਲੂ ਮੁੰਡੀ ਵਿਖੇ 7.51 ਲੱਖ ਰੁਪਏ ਦੀ ਲਾਗਤ ਨਾਲ ਮੁਕੰਮਲ ਹੋਏ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ ਗਿਆ।

## ਅਕਾਲੀ ਕੌਂਸਲਰ ਦੇ ਕਤਲ ਨੂੰ ਗੈਂਗਸਟਰਵਾਦ ਵਜੋਂ ਪੇਸ਼ ਕਰਨ ਦੀ ਕੀਤੀ ਨਿਖੇਧੀ

ਅੰਮ੍ਰਿਤਸਰ, 26 ਮਈ, (ਬਬਲੂ ਮਹਾਜਨ) : ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਨੇ ਅੱਜ ਅੰਮ੍ਰਿਤਸਰ ਪੁਲਿਸ ਵੱਲੋਂ ਅਕਾਲੀ ਦਲ ਦੇ ਕੌਂਸਲਰ ਹਰਜਿੰਦਰ ਸਿੰਘ ਦੇ ਕਤਲ ਨੂੰ ਗੈਂਗਸਟਰਵਾਦ ਦੁਸ਼ਮਣੀ ਵਜੋਂ ਪੇਸ਼ ਕਰਨ ਦੀ ਨਿਖੇਧੀ ਕੀਤੀ ਅਤੇ ਕਿਹਾ ਕਿ ਅਸਲੀਅਤ ਇਹ ਹੈ ਕਿ ਇਹ ਕਾਤਲ ਸਥਾਨਕ ਪੁਲਿਸ ਤੇ ਜੰਡਿਆਲਾ ਗੁਰੂ ਦੇ ਆਮ ਆਦਮੀ ਪਾਰਟੀ (ਆਪ) ਵਿਧਾਇਕ ਹਰਭਜਨ ਸਿੰਘ ਈ ਟੀ ਓ ਦੀ ਸਰਗਰਮ ਮਦਦ ਨਾਲ ਜ਼ਹਿਰੀਲੀ ਸ਼ਰਾਬ ਤੇ ਨਸ਼ਿਆਂ ਦੇ ਕਾਰੋਬਾਰ ਵਿਚ ਲੱਗੇ ਹੋਏ ਹਨ।ਇਥੇ ਇਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਸਰਦਾਰ ਬਿਕਰਮ ਸਿੰਘ ਮਜੀਠੀਆ ਨੇ 8 ਘੰਟਿਆਂ ਵਿਚ ਹੀ ਕਤਲ ਕੇਸ ਦੀ ਗੁੱਥੀ ਸੁਲਝਾਉਣ ਦਾ ਮਖੌਲ ਵੀ ਉਡਾਇਆ। ਉਹਨਾਂ ਕਿਹਾ ਕਿ ਜਦੋਂ 19 ਫਰਵਰੀ ਨੂੰ ਹਰਜਿੰਦਰ 'ਤੇ ਹਮਲਾ ਹੋਇਆ ਤਾਂ ਉਸ ਵੇਲੇ ਪੁਲਿਸ ਕਿੱਥੇ ਸੀ। ਉਹਨਾਂ ਕਿਹਾ ਕਿ ਇਹਨਾਂ ਹੀ ਲੋਕਾਂ ਨੇ 7 ਮਿੰਟਾਂ ਤੱਕ ਉਹਨਾਂ ਦੀ ਰਿਹਾਇਸ਼ 'ਤੇ ਗੋਲੀਬਾਰੀ ਕੀਤੀ ਪਰ ਪੁਲਿਸ ਨੇ ਕੱਖ ਨਹੀਂ ਕੀਤਾ। ਉਹਨਾਂ ਕਿਹਾ ਕਿ ਹਰਜਿੰਦਰ ਵੱਲੋਂ ਐਸ ਐਚ ਓ ਹਰਚੰਦ ਸਿੰਘ ਨੂੰ ਕੀਤੀਆਂ ਅਪੀਲਾਂ ਦਾ ਵੀ ਕੋਈ ਅਸਰ ਨਹੀਂ ਹੋਇਆ ਤੇ ਐਸ ਐਚ ਓ ਨੇ ਇਹ ਆਖ ਦਿੱਤਾ ਕਿ ਉਹ ਮਾਮਲੇ ਵਿਚ ਕੁਝ ਨਹੀਂ ਕਰ ਸਕਦੇ ਕਿਉਂਕਿ ਆਪ ਵਿਧਾਇਕ ਦਾ ਦਬਾਅ ਹੈ।

ਉਹਨਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਨੂੰ ਇਸਦੀ ਜ਼ਿੰਮੇਵਾਰੀ ਲੈਣੀ ਚਾਹੀਦੀ ਹੈ। ਉਹਨਾਂ ਕਿਹਾ ਕਿ ਅਸੀਂ ਵੇਖਿਆ ਹੈ ਕਿ ਕਿਵੇਂ ਇਕ ਸਕੂਟਰ ਚਲਾਉਣ ਵਾਲੇ ਨੂੰ ਭੀੜੀ ਗਲੀ ਵਿਚ ਨੇੜਿਓਂ ਗੋਲੀ ਮਾਰ ਦਿੱਤੀ ਗਈ। ਉਹਨਾਂ ਕਿਹਾ ਕਿ ਛੇਹਰਟਾ ਸਾਹਿਬ ਗੁਰਦੁਆਰਾ ਸਾਹਿਬ ਦੇ ਨੇੜੇ ਹਰਜਿੰਦਰ ਨੂੰ ਵੀ ਭੀੜ ਭਾੜ ਇਲਾਕੇ ਵਿਚ ਗੋਲੀ ਮਾਰ ਕੇ ਕਤਲ ਕਰ ਦਿੱਤਾ ਗਿਆ ਅਤੇ ਇਸ ਘਟਨਾ ਵਿਚ ਹੋਰ ਲੋਕਾਂ ਦੀ ਜਾਨ ਵੀ ਜਾ ਸਕਦੀ ਸੀ।

ਉਹਨਾਂ ਕਿਹਾ ਕਿ ਪੁਲਿਸ ਘਟਨਾ ਵਾਪਰਨ ਦੇ ਮਗਰੋਂ ਹੀ ਜਾਗਦੀ ਹੈ ਤੇ ਫਿਰ ਕੇਸ ਹੱਲ ਕਰਨ ਜਾਂ ਪੀੜਤਾਂ ਨੂੰ ਬਦਨਾਮ ਕਰਨ ਦਾ ਕੰਮ ਕਰਦੀ ਹੈ।

## ਪੰਜਾਬ ਡੇਅਰੀ ਡਿਵੈਲਪਮੈਂਟ ਬੋਰਡ ਦਾ ਡਾਇਰੈਕਟਰ ਨਿਯੁਕਤ ਕਰਨ ਦੀ ਖੁਸ਼ੀ ਦੇ ਮੌਕੇ 'ਤੇ ਸਨਮਾਨ ਸਮਾਰੋਹ



ਚੋਗਾਵਾਂ, 26 ਮਈ, (ਸੁਬੇਗ ਸਿੰਘ ਸੋਨਾ) : ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਜ਼ਿਲ੍ਹਾ ਅੰਮ੍ਰਿਤਸਰ ਹਲਕਾ ਰਾਜਾਸਾਂਸੀ ਦੇ ਅਧੀਨ ਆਉਂਦੇ ਪਿੰਡ ਮਿਆਦੀਆਂ ਦੇ ਮਿਹਨਤੀ ਤੇ ਜੁਝਾਰੂ ਆਗੂ ਦਲਜੀਤ ਸਿੰਘ ਮਿਆਦੀਆਂ ਨੂੰ ਪੰਜਾਬ ਡੇਅਰੀ ਡਿਵੈਲਪਮੈਂਟ ਬੋਰਡ ਦਾ ਡਾਇਰੈਕਟਰ ਨਿਯੁਕਤ ਕੀਤਾ ਗਿਆ ਸੀ। ਅੱਜ ਦਲਜੀਤ ਸਿੰਘ ਮਿਆਦੀਆਂ ਜੀ ਦੇ ਵਲੋਂ ਇਸ ਖੁਸ਼ੀ ਦੇ ਮੌਕੇ ਤੇ ਪੈਲੇਸ ਟੀ ਆਰ ਵਿੱਲਾ, ਕੁੱਕੜਾਂ ਵਾਲਾ ਹਰਸ਼ਾ ਛੀਨਾ ਨਜਦੀਕ ਰਾਜਾਸਾਂਸੀ ਵਿਖੇ ਸਮਾਗਮ ਸਮਾਰੋਹ ( ਧੰਨਵਾਦ ਪਾਰਟੀ ) ਦੇ ਨਾਂ ਤੇ ਰੱਖਿਆ ਗਿਆ, ਇਸ ਸਮਾਗਮ ਸਮਾਰੋਹ ਨੇ ਦੇਖਦਿਆਂ ਹੀ ਦੇਖਦਿਆਂ ਇੱਕ ਰੈਲੀ ਦਾ ਰੂਪ ਧਾਰਨ ਕਰ ਲਿਆ ਹਲਕਾ ਰਾਜਾਸਾਂਸੀ ਦੇ ਲੋਕਾਂ ਦਾ ਹਜ਼ਾਰਾਂ ਦੀ ਗਿਣਤੀ ਦੇ ਵਿੱਚ ਇਕੱਠ ਦੇਖਣ ਨੂੰ ਮਿਲਿਆ, ਇਸ ਮੌਕੇ ਤੇ ਪੰਜਾਬ ਡੇਅਰੀ ਡਿਵੈਲਪਮੈਂਟ ਬੋਰਡ ਦੇ ਨਵ ਨਿਯੁਕਤ ਡਾਇਰੈਕਟਰ ਸਰਦਾਰ ਦਲਜੀਤ ਸਿੰਘ ਮਿਆਦੀਆਂ ਦੇ ਵੱਲੋਂ ਪੰਜਾਬ ਦੇ ਹਰਮਨ ਪਿਆਰੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਜੀ ਦਾ ਤਹਿ ਦਿਲੋਂ ਧੰਨਵਾਦ ਕੀਤਾ ਗਿਆ। ਇਸ ਮੌਕੇ 'ਤੇ ਹਾਜ਼ਰ ਹਲਕਾ ਇੰਚਾਰਜ ਬਲਦੇਵ ਸਿੰਘ ਮਿਆਦੀਆਂ, ਹਲਕਾ ਰਾਜਾਸਾਂਸੀ ਦੇ ਨਸ਼ਾ ਮੁਕਤੀ ਕੋਆਰਡੀਨੇਟਰ ਲਖਵਿੰਦਰ ਸਿੰਘ ਲੱਖਾ, ਸਰਪੰਚ ਹਰਜਿੰਦਰ ਸਿੰਘ ਮਿਆਦੀਆਂ, ਸਰਪੰਚ ਕਾਬਲ ਸਿੰਘ ਮੋਤੀਆਂ, ਸਰਪੰਚ ਮਹਿੰਗਾ ਸਿੰਘ ਭੁੰਜ, ਸਰਪੰਚ ਸੁਖਰਾਜ ਸਿੰਘ ਮੱਤਲ, ਸਰਪੰਚ ਪਰਮਜੀਤ ਸਿੰਘ ਕੋਟਲਾ ਸੁਰਜ ਲੋਹਾਰ, ਸਰਪੰਚ ਮੋਰ ਸਿੰਘ ਚੈਨਪੁਰ, ਸਰਪੰਚ ਮੰਗਵਿੰਦਰ ਸਿੰਘ ਖਿਆਲਾ ਕਲਾਂ, ਸਰਪੰਚ ਮੱਸਾ ਸਿੰਘ ਭੱਗੂਪੁਰ ਬੇਟ, ਸਰਪੰਚ ਸੁਖਦੇਵ ਸਿੰਘ ਆਲਮਪੁਰਾ, ਸਰਪੰਚ ਤਰਸੇਮ ਸਿੰਘ ਕੋਟਲੀ ਦਸੰਧੀ, ਸਰਪੰਚ ਬਲਬੀਰ ਸਿੰਘ ਵੇਰਹਾ, ਪ੍ਰਧਾਨ ਮਲਕੀਤ ਸਿੰਘ, ਕਾਉਂਸਲਰ ਕੁਲਵਿੰਦਰ ਸਿੰਘ, ਕੌਂਸਲਰ ਸਰਬਜੀਤ ਕੌਰ, ਕੌਂਸਲਰ ਸਿਮੀ, ਕੌਂਸਲਰ ਗੁਰਮੀਤ ਕੌਰ, ਕੌਂਸਲਰ ਅਰਵਿੰਦਰ ਸਿੰਘ ਬੱਬੂ ਪ੍ਰਧਾਨ, ਕੌਂਸਲਰ ਦਿਆਲ ਸਿੰਘ, ਅਤੇ ਸਮੂਹ ਆਪ ਆਗੂ, ਵਰਕਰ ਅਤੇ ਵਲੰਟੀਅਰ ਸਾਹਿਬਾਨ ਹਾਜ਼ਰ ਸਨ। ਇਸ ਮੌਕੇ ਤੇ ਪੰਜਾਬ ਡੇਅਰੀ ਡਿਵੈਲਪਮੈਂਟ ਬੋਰਡ ਦੇ ਨਵ ਨਿਯੁਕਤ ਡਾਇਰੈਕਟਰ ਸਰਦਾਰ ਦਲਜੀਤ ਸਿੰਘ ਮਿਆਦੀਆਂ ਦੇ ਵੱਲੋਂ ਆਏ ਹੋਏ ਨਗਰ ਕੌਂਸਲਰ, ਸਰਪੰਚ ਸਾਹਿਬਾਨ, ਬਲਾਕ ਪ੍ਰਧਾਨ ਸਾਹਿਬਾਨ, ਸਮੂਹ ਆਪ ਆਗੂ ਅਤੇ ਵਲੰਟੀਅਰ ਸਾਹਿਬਾਨਾਂ ਅਤੇ ਸਮੁੱਚੀ ਲੀਡਰਸ਼ਿਪ ਦਾ ਇਸ ਖੁਸ਼ੀ ਦੇ ਮੌਕੇ ਤੇ ਪਹੁੰਚਣ ਤੇ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕੀਤਾ ਗਿਆ।

## ਭਗਤ ਪੂਰਨ ਸਿੰਘ ਜੀ ਦੇ 121ਵੇਂ ਜਨਮ ਦਿਹਾੜੇ ਨੂੰ ਸਮਰਪਿਤ ਰੈਲੀ ਭਲਕੇ



ਅੰਮ੍ਰਿਤਸਰ, 26 ਮਈ, (ਗੁਰਦਿਆਲ ਸਿੰਘ) : ਲਾਵਾਰਸ, ਪਾਗਲਾਂ, ਅਪਾਹਿਜਾਂ, ਬਜ਼ੁਰਗਾਂ ਤੇ ਮੰਦਬੁੱਧੀ ਬੱਚਿਆਂ ਦੀ ਸੇਵਾ ਸੰਭਾਲ ਕਰਨ ਵਾਲੀ ਸੰਸਥਾ ਪਿੰਗਲਵਾੜਾ ਅੰਮ੍ਰਿਤਸਰ ਦੇ ਸੰਸਥਾਪਕ ਭਗਤ ਪੂਰਨ ਸਿੰਘ ਜੀ ਦਾ 121ਵਾਂ ਜਨਮ ਦਿਹਾੜਾ ਸਮਾਰੋਹ ਪਿਛਲੇ ਸਾਲ ਦੀ ਤਰ੍ਹਾਂ ਇਸ ਸਾਲ ਵੀ ਬਹੁਮੰਤਵੀ ਸਮਾਜ ਭਲਾਈ ਕਾਰਜਾਂ ਨੂੰ ਸਮਰਪਿਤ ਬੜੀ ਸ਼ਰਧਾ ਤੇ ਧੂਮਧਾਮ ਨਾਲ ਮਨਾਇਆ ਜਾ ਰਿਹਾ ਹੈ।

ਭਗਤ ਪੂਰਨ ਸਿੰਘ ਜੀ ਦੇ ਜਨਮ ਦਿਨ ਨੂੰ ਸਮਰਪਿਤ ਸਮੂਹ ਪਿੰਗਲਵਾੜਾ ਪਰਿਵਾਰ ਵੱਲੋਂ ਮਿਤੀ 28 ਮਈ ਨੂੰ 'ਪਾਣੀ ਬਚਾਓ, ਮਨੁੱਖਤਾ ਬਚਾਓ' ਰੈਲੀ ਕੱਢੀ ਜਾ ਰਹੀ ਹੈ।

ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਡਾ. ਇੰਦਰਜੀਤ ਕੌਰ ਜੀ ਨੇ ਦੱਸਿਆ ਕਿ ਮਿਤੀ 4 ਜੂਨ, 2025 ਦਿਨ ਬੁੱਧਵਾਰ ਨੂੰ ਭਗਤ ਪੂਰਨ ਸਿੰਘ ਜੀ ਦੇ ਜਨਮ ਦਿਹਾੜੇ ਵਾਲੇ ਦਿਨ ਮੁੱਖ ਦਫਤਰ, ਪਿੰਗਲਵਾੜਾ ਵਿਖੇ ਸ੍ਰੀ ਸਹਿਜ ਪਾਠ ਸਾਹਿਬ ਦਾ ਭੋਗ ਪਾਇਆ ਜਾਵੇਗਾ । ਇਸ ਪ੍ਰੈਸ ਕਾਨਫਰੰਸ ਵਿਚ ਡਾ. ਇੰਦਰਜੀਤ ਕੌਰ ਮੁੱਖ ਸੇਵਾਦਾਰ, ਮੁਖਤਾਰ ਸਿੰਘ ਆਨਰੇਰੀ ਸਕੱਤਰ, ਰਾਜਬੀਰ ਸਿੰਘ, ਮੈਂਬਰ ਪਿੰਗਲਵਾੜਾ ਸੋਸਾਇਟੀ, ਯੋਗੇਸ਼ ਸੂਰੀ, ਮੁੱਖ ਪ੍ਰਸ਼ਾਸਕ, ਪਰਮਿੰਦਰਜੀਤ ਸਿੰਘ ਭੱਟੀ ਅਤੇ ਸੁਰਿੰਦਰ ਕੌਰ ਭੱਟੀ, ਜਨਰਲ ਮੈਨੇਜਰ ਤਿਲਕ ਰਾਜ, ਹਰਪਾਲ ਸਿੰਘ ਸੰਧੂ ਅਤੇ ਕਈ ਹੋਰ ਪਤਵੰਤੇ ਸ਼ਾਮਿਲ ਸਨ ।

## 'ਇੱਕ ਦਿਨ ਡੀ.ਸੀ./ਸੀ.ਪੀ. ਦੇ ਸੰਗ' ; ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਦੇ ਸੁਪਨਿਆਂ ਨੂੰ ਪੰਜਾਬ ਸਰਕਾਰ ਦੀ ਪਰਵਾਜ਼

ਜਲੰਧਰ, 26 ਮਈ, (ਸੰਦੀਪ ਕੌਲ) : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਜਿੱਥੇ ਸਰਕਾਰੀ ਸਕੂਲ ਸਿੱਖਿਆ ਨੂੰ ਸਮੇਂ ਦੇ ਹਾਣ ਦਾ ਬਣਾਉਣ ਲਈ 'ਪੰਜਾਬ ਸਿੱਖਿਆ ਕ੍ਰਾਂਤੀ' ਮੁਹਿੰਮ ਦੀ ਸ਼ੁਰੂਆਤ ਕੀਤੀ ਗਈ ਹੈ, ਉਥੇ ਸੂਬਾ ਸਰਕਾਰ ਨੇ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਦੇ ਸੁਪਨਿਆਂ ਨੂੰ ਪਰਵਾਜ਼ ਦੇਣ ਲਈ ਇਕ ਵਿਸ਼ੇਸ਼ ਪਹਿਲ 'ਇਕ ਦਿਨ ਡੀ.ਸੀ./ਸੀ.ਪੀ.ਦੇ ਸੰਗ' ਦੀ ਸ਼ੁਰੂਆਤ ਕੀਤੀ ਹੈ। ਇਸ ਪਹਿਲ ਤਹਿਤ ਜ਼ਿਲ੍ਹੇ ਦੀਆਂ ਟੌਪਰ ਵਿਦਿਆਰਥਣਾਂ ਦੇ ਦੋ ਸਮੂਹਾਂ ਨੇ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਅਤੇ ਪੁਲਿਸ ਕਮਿਸ਼ਨਰ ਧਨਪ੍ਰੀਤ ਕੌਰ ਨਾਲ ਇਕ ਦਿਨ ਬਿਤਾਇਆ। ਇਸ ਦੌਰਾਨ ਜਿੱਥੇ ਉਨ੍ਹਾਂ ਨੇ ਦੋਹਾਂ ਆਈ.ਏ.ਐਸ. ਅਤੇ ਆਈ.ਪੀ.ਐਸ. ਅਧਿਕਾਰੀਆਂ ਵਲੋਂ ਨਿਭਾਈਆਂ ਜਾਣ ਵਾਲੀਆਂ ਡਿਊਟੀਆਂ ਬਾਰੇ ਜਾਣਕਾਰੀ ਹਾਸਿਲ ਕੀਤੀ, ਉਥੇ ਹੀ ਪੰਜਾਬ ਸਰਕਾਰ ਦੀਆਂ ਲੋਕ ਕਲਿਆਣਕਾਰੀ ਯੋਜਨਾਵਾਂ ਅਤੇ ਪ੍ਰੋਗਰਾਮਾਂ ਬਾਰੇ ਵੀ ਸਿੱਧੇ ਤੌਰ 'ਤੇ ਜਾਣੂੰ ਹੁੰਦਿਆਂ ਦਫ਼ਤਰੀ ਕੰਮ-ਕਾਜ ਨੂੰ ਕਰੀਬ ਤੋਂ ਜਾਣਿਆ। ਇਸ ਦੌਰਾਨ ਉਨ੍ਹਾਂ ਨੂੰ ਵੱਖ-ਵੱਖ ਵਿਭਾਗਾਂ ਦੇ ਕੰਮ-ਕਾਜ/



ਕਾਰਜਪ੍ਰਣਾਲੀ ਅਤੇ ਡਿਪਟੀ ਕਮਿਸ਼ਨਰ ਦਫ਼ਤਰ ਵੱਲੋਂ ਉਨ੍ਹਾਂ ਦੇ ਨਿਰੀਖਣ ਦੀ ਪ੍ਰਕਿਰਿਆ ਤੋਂ ਜਾਣੂ ਕਰਵਾਇਆ ਗਿਆ ਅਤੇ ਪੁਲਿਸ ਕਮਿਸ਼ਨਰ ਨੇ ਵਿਦਿਆਰਥਣਾਂ ਨੂੰ ਸੁਰੱਖਿਆ ਵਿਵਸਥਾ, ਕਮਿਊਨਟੀ ਪੁਲਸਿੰਗ ਤੇ ਪੁਲਿਸ ਦੇ ਕੰਮ-ਕਾਜ ਬਾਰੇ ਬੜੀ ਬਾਰੀਕੀ ਨਾਲ ਦੱਸਿਆ।

ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਦੇ ਨਾਲ ਬਾਰਵੀਂ ਕਲਾਸ ਦੀਆਂ ਜ਼ਿਲ੍ਹੇ ਵਿਚੋਂ ਟੌਪਰ ਤਿੰਨ ਵਿਦਿਆਰਥਣਾਂ ਨੇ ਆਪਣਾ ਸਮਾਂ ਬਿਤਾਇਆ। ਇਨ੍ਹਾਂ ਵਿਦਿਆਰਥਣਾਂ ਵਿੱਚ ਮਾਧਵੀ ਸਲਾਰੀਆ, ਸ਼ਾਕਸੀ ਅਤੇ ਅਮਨਪ੍ਰੀਤ ਕੌਰ ਸ਼ਾਮਿਲ ਸਨ। ਇਨ੍ਹਾਂ ਹੋਣਹਾਰ ਸਰਕਾਰੀ ਸਕੂਲਾਂ ਦੀਆਂ ਵਿਦਿਆਰਥਣਾਂ ਨੇ ਕ੍ਰਮਵਾਰ 99 ਫੀਸਦੀ, 98.60 ਫੀਸਦੀ ਅਤੇ 98.40 ਫੀਸਦੀ ਅੰਕ ਨਾਨ ਮੈਡੀਕਲ ਸਟਰੀਮ ਵਿੱਚੋਂ ਪ੍ਰਾਪਤ ਕੀਤੇ ਹਨ।

ਸਵੇਰੇ ਦਫ਼ਤਰ ਸ਼ੁਰੂ ਹੋਣ ਸਮੇਂ ਇਨ੍ਹਾਂ ਵਿਦਿਆਰਥਣਾਂ ਦਾ ਡਿਪਟੀ ਕਮਿਸ਼ਨਰ ਡਾ.ਹਿਮਾਂਸ਼ੂ ਅਗਰਵਾਲ ਨੇ ਆਪਣੇ ਡੀ.ਸੀ. ਦਫ਼ਤਰ ਵਿਖੇ ਨਿੱਘਾ ਸਵਾਗਤ ਕੀਤਾ ਅਤੇ ਬੜੇ ਹੀ ਉਸਾਰੂ ਮਾਹੌਲ ਵਿੱਚ ਗੱਲਬਾਤ ਕੀਤੀ। ਇਸ ਤੋਂ ਇਲਾਵਾ ਇਨ੍ਹਾਂ ਵਿਦਿਆਰਥਣਾਂ ਦੇ ਨਾਲ ਡਾ.ਹਿਮਾਂਸ਼ੂ ਅਗਰਵਾਲ ਨੇ ਸੇਵਾ ਕੇਂਦਰ ਅਤੇ ਰਜਿਸਟਰਾਰ ਦਫ਼ਤਰ ਦਾ ਦੌਰਾ ਕਰਕੇ ਉਥੇ ਚੱਲ ਰਹੇ ਵੱਖ-ਵੱਖ ਸਕੀਮਾਂ ਬਾਰੇ ਜਾਣਕਾਰੀ ਦਿੱਤੀ। ਸਬ ਰਜਿਸਟਰਾਰ ਦਫ਼ਤਰ ਜਲੰਧਰ-1 ਵਿਖੇ ਰਜਿਸਟਰੇਸ਼ਨ ਪ੍ਰਕਿਰਿਆ ਬਾਰੇ ਵੀ ਜਾਣੂ ਕਰਵਾਇਆ ਗਿਆ। ਇਸ ਤੋਂ ਇਲਾਵਾ ਜ਼ਿਲ੍ਹੇ ਵਿੱਚ ਹੜ੍ਹਾਂ ਦੀ ਰੋਕਥਾਮ ਸਬੰਧੀ ਡਿਪਟੀ ਕਮਿਸ਼ਨਰ ਵਲੋਂ ਇਨ੍ਹਾਂ ਹੋਣਹਾਰ ਵਿਦਿਆਰਥਣਾਂ ਸਮੇਤ ਅਧਿਕਾਰੀਆਂ ਨਾਲ ਮੀਟਿੰਗ ਵੀ ਕੀਤੀ ਗਈ। ਉਪਰੰਤ ਡਿਪਟੀ ਕਮਿਸ਼ਨਰ ਨੇ ਵਿਦਿਆਰਥਣਾਂ ਨਾਲ ਦੁਪਹਿਰ ਦਾ ਖਾਣਾ ਖਾਧਾ। ਖਾਣਾ ਖਾਣ ਤੋਂ ਬਾਅਦ ਸ਼ਾਮ ਨੂੰ ਜ਼ਿਲ੍ਹੇ ਦੇ 38 ਮੈਰਿਟ ਵਿੱਚ ਆਏ ਹੋਣਹਾਰ ਵਿਦਿਆਰਥੀਆਂ ਨੂੰ ਸਨਮਾਨਿਤ ਵੀ ਕੀਤਾ ਗਿਆ।

## ਸਰਕਾਰੀ ਸਕੂਲ ਚੇਤਨਪੁਰਾ ਦੇ ਵਿਦਿਆਰਥੀ ਦਾ ਪੰਜਾਬ ਵਿੱਚੋ 19ਵਾਂ ਰੈਂਕ ਆਉਣ 'ਤੇ ਸਨਮਾਨ



ਅਜਨਾਲਾ/ਚੇਤਨਪੁਰਾ, 26 ਮਈ, (ਸੁਖਦੇਵ ਸਿੰਘ ਖਾਲਸਾ) : ਇਸ ਵਾਰ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਨਤੀਜਿਆਂ ਵਿੱਚੋਂ ਸਰਕਾਰੀ ਸਕੂਲ ਦੇ ਵਿਦਿਆਰਥੀਆ ਨੇ ਬਾਜੀ ਮਾਰੀ, ਜਿਸ ਤਹਿਤ ਕਾਮਰੇਡ ਸੋਹਨ ਸਿੰਘ ਜੋਸ਼ ਸਰਕਾਰੀ ਹਾਈ ਸਕੂਲ ਚੇਤਨਪੁਰਾ ਦਾ ਵਿਦਿਆਰਥੀ ਅਰੁਨਪ੍ਰਤਾਪ ਸਿੰਘ ਪੁੱਤਰ ਨਿਰਮਲ ਸਿੰਘ ਨੇ ਦਸਵੀਂ ਕਲਾਸ ਵਿੱਚੋ 97.8%ਨੰਬਰ ਲੈ ਕੇ ਪੂਰੇ ਪੰਜਾਬ ਵਿੱਚੋ 19ਵਾਂ ਰੈਂਕ ਪ੍ਰਾਪਤ ਕੀਤਾ ਅਤੇ ਅੱਜ ਸਰਕਾਰੀ ਹਾਈ ਸਕੂਲ ਚੇਤਨਪੁਰਾ ਦੇ ਸਟਾਫ ਅਤੇ ਰਿਟਾ ਸਦਰ ਕਾਨੂੰਗੋ ਮਨਜੀਤ ਸਿੰਘ ਵੱਲੋਂ ਅਰੁਨਪ੍ਰਤਾਪ ਸਿੰਘ ਨੂੰ ਸਨਮਾਨਤ ਕੀਤਾ ਅਤੇ ਆਪਣੀਆ ਸ਼ੁਭ ਕਾਮਨਾਵਾਂ ਦਿੱਤੀਆਂ ਇਸ ਮੌਕੇ ਰਿਟਾ ਸਦਰ ਕਾਨੂੰਗੋ ਮਨਜੀਤ ਸਿੰਘ ਅਤੇ ਪ੍ਰਿੰਸੀਪਲ ਮੈਡਮ ਸ਼੍ਰੀਮਤੀ ਰਜਨੀ ਨਰੂਲਾ, ਰਣਬੀਰ ਕੌਰ,ਕੁਲਵਿੰਦਰ ਕੌਰ, ਉਪਿੰਦਰ ਕੌਰ, ਪੂਜਾ ਚਾਵਲਾ, ਰਮੇਸ਼ ਕੁਮਾਰ, ਵਿਕਰਮਜੀਤ ਸਿੰਘ, ਸਤਨਾਮ ਸਿੰਘ, ਸੁਖਦੀਪ ਸਿੰਘ ਆਦਿ ਸਕੂਲ ਸਟਾਫ ਅਤੇ ਵਿਦਿਆਰਥੀ ਹਾਜ਼ਰ ਸਨ।

## ਕਾਂਗਰਸ ਵੱਲੋਂ ਬਾਬਾ ਬਕਾਲਾ ਸਾਹਿਬ ਵਿਖੇ 'ਸੰਵਿਧਾਨ ਬਚਾਓ ਰੈਲੀ'

ਬਾਬਾ ਬਕਾਲਾ, 26 ਮਈ, (ਬਲਰਾਜ ਸਿੰਘ ਰਾਜਾ/ਰਾਕੇਸ਼ ਸਲਵਾਨ) : ਕਾਂਗਰਸ ਪਾਰਟੀ ਵੱਲੋਂ ਪੰਜਾਬ ਵਿੱਚ ਕੀਤੀਆਂ ਜਾ ਰਹੀਆਂ ਸੰਵਿਧਾਨ ਬਚਾਓ ਰੈਲੀਆਂ ਦੀ ਕੜੀ ਵਜੋਂ ਹਲਕਾ ਬਾਬਾ ਬਕਾਲਾ ਸਾਹਿਬ ਤੋਂ ਸਾਬਕਾ ਵਿਧਾਇਕ ਸੰਤੋਖ ਸਿੰਘ ਭਲਾਈਪੁਰ ਦੀ ਅਗਵਾਈ ਵਿੱਚ ਚੰਦਨ ਪੈਲਿਸ ਰਈਆ ਵਿਖੇ ਭਰ ਗਰਮੀ ਵਿੱਚ ਕਰਵਾਈ ਗਈ ਵਿਸ਼ਾਲ ਰੈਲੀ ਤੋਂ ਗਦ-ਗਦ ਹੋਏ ਮੈਂਬਰ ਪਾਰਲੀਮੈਂਟ ਅਤੇ ਰਾਜਸਥਾਨ ਕਾਂਗਰਸ ਦੇ ਇੰਚਾਰਜ ਸੁਖਜਿੰਦਰ ਸਿੰਘ ਰੰਧਾਵਾ ਨੇ ਕਿਹਾ ਕਿ 2027 ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਪੰਜਾਬ ਦੇ ਬਹਾਦਰ ਲੋਕ ਜੜੋਂ ਪੁੱਟ ਕੇ ਰੱਖ ਦੇਣਗੇ।ਉਨ੍ਹਾਂ ਕਿਹਾ ਇਹ ਇਕੱਠ ਸਾਬਤ ਕਰਦਾ ਹੈ ਭਲਾਈਪੁਰ ਲੋਕਾਂ ਦੇ ਵਿੱਚ ਰਾਤ-ਦਿਨ ਵਿਚਰਦਾ ਹੈ ਤੇ ਹਲਕਾ ਬਾਬਾ ਬਕਾਲਾ ਸਾਹਿਬ ਦੇ ਲੋਕ ਭਲਾਈਪੁਰ ਨੂੰ ਪਿਆਰ ਕਰਦੇ ਹਨ ਉਹਨਾਂ ਕਿਹਾ ਕਿ ਵਿਰੋਧੀ ਜੋ ਮਰਜੀ ਪ੍ਰਚਾਰ ਕਰਦੇ ਫਿਰਨ 2027 ਵਿੱਚ ਟਿਕਟ ਭਲਾਈਪੁਰ ਨੂੰ ਹੀ ਮਿਲਣੀ ਹੈ ਤੇ ਇਸ ਇਕੱਠ ਨੇ ਭਲਾਈਪੁਰ ਨੂੰ ਐਮ ਐਲ ਏ ਬਣਾ ਦਿੱਤਾ ਹੈ। ਰੰਧਾਵਾ ਨੇ ਕਿਹਾ ਕਿ ਕਾਂਗਰਸ ਦੇ ਮੁੱਖ ਪਰਤਾਪ ਸਿੰਘ ਕੈਰੋਂ ਵੇਲੇ ਪੰਜਾਬ ਵਿੱਚ ਚਿੱਟੀ ਕ੍ਰਾਂਤੀ ਲਿਆ ਕੇ ਚਿੱਟੇ ਦੁੱਧ ਦੀਆਂ ਨਦੀਆਂ ਵਗਾਈਆ ਸਨ ਪਰ ਅਕਾਲੀਆਂ ਅਤੇ ਆਪ ਦੀ ਸਰਕਾਰ ਵੇਲੇ ਚਿੱਟੇ (ਨਸ਼ੇ) ਦੀਆਂ ਨਹਿਰਾਂ ਵਗੀਆ ਹਨ। ਰੈਲੀ ਏਨੀ ਤੱਕੜੀ ਸੀ



ਕਿ ਕੁਰਸੀਆ ਘੱਟ ਗਈਆ ਸਨ ਤੇ ਲੋਕ ਪੈਲਿਸ ਤੋਂ ਬਾਹਰ ਜੀ ਟੀ ਰੋਡ ਤੇ ਖੜੇ ਹੋ ਕੇ ਆਪਣੇ ਆਗੂਆਂ ਦੇ ਵਿਚਾਰ ਸੁਣ ਰਹੇ ਸਨ।ਅੰਤ ਵਿੱਚ ਭਲਾਈਪੁਰ ਨੇ ਏਨੀ ਗਰਮੀ ਵਿੱਚ ਰੈਲੀ ਵਿੱਚ ਪੁੱਜੀ ਸਮੁੱਚੀ ਲੀਡਰਸ਼ਿਪ ਅਤੇ ਵੱਡੀ ਗਿਣਤੀ ਵਿੱਚ ਪੁੱਜੇ ਕਾਂਗਰਸੀ ਵਰਕਰਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ।ਇਸ ਮੌਕੇ ਪਰਦੀਪ ਸਿੰਘ ਭਲਾਈਪੁਰ ਪ੍ਰਧਾਨ ਯੂਥ ਕਾਂਗਰਸ ਹਲਕਾ ਬਾਬਾ ਬਕਾਲਾ, ਅੰਮ੍ਰਿਤਸਰ ਦਿਹਾਤੀ ਕਾਂਗਰਸ ਯੂਥ ਪ੍ਰਧਾਨ ਜਰਮਨਜੀਤ ਸਿੰਘ ਜਸਪਾਲ, ਬਾਬਾ ਨਰਿੰਦਰ ਸਿੰਘ ਕਾਲੇਕੇ, ਬਲਜਿੰਦਰ ਸਿੰਘ ਜਸਪਾਲ, ਗੁਰਪ੍ਰੀਤ ਸਿੰਘ ਕਾਲੇਕੇ, ਚੇਅਰਮੈਨ ਹਰਪਾਲ ਸਿੰਘ ਹੈਪੀ, ਸਵਿੰਦਰ ਸਿੰਘ ਬੱਲ ਬੁਤਾਲਾ, ਦਲਜੀਤ ਸਿੰਘ ਭੱਪੀ ਸਰਪੰਚ, ਦਲੇਰ ਸਿੰਘ ਸਰਲੀ ਬਲਾਕ ਪ੍ਰਧਾਨ, ਜੈਮਲ ਸਿੰਘ ਸ਼ਾਹ, ਅਜਾਦ ਸਿੰਘ ਕੰਗ, ਹਰਦਾਸ ਸਿੰਘ ਭਲਾਈਪੁਰ, ਗੁਰਬਿੰਦਰ ਸਿੰਘ ਸਾਹਬੀ, ਹਰਮਨਦੀਪ ਸਿੰਘ ਸੋਨਾ, ਲਵਜੀਤ ਸਿੰਘ ਲਵਲੀ ਖੋਜਕੀਪੁਰ, ਜੈਵਿੰਦਰ ਸਿੰਘ ਸ਼ਹਿਰੀ ਪ੍ਰਧਾਨ, ਚੈਂਚਲ ਸਿੰਘ, ਮਲਕੀਤ ਸਿੰਘ ਸਰਪੰਚ ਵਦਾਦਪੁਰ, ਸੁੱਖ ਸ਼ਾਹ, ਇਕਬਾਲ ਸਿੰਘ ਸਰਪੰਚ, ਸੁੱਚਾ ਸਿੰਘ ਭੋਰਸ਼ੀ ਪ੍ਰਧਾਨ ਬੀ ਸੀ ਸੈਲ, ਸਰਪੰਚ ਗੁਲਜਾਰ ਸਿੰਘ, ਸੁਖਵਿੰਦਰ ਸਿੰਘ ਭੱਠੇਵਾਲਾ, ਰਜਿੰਦਰ ਬਿੱਟਾ, ਸੂਬੇਦਾਰ ਜਸਬੀਰ ਸਿੰਘ, ਵਿਕੀ ਗੋਰਾ, ਜਗਤਾਰ ਸਿੰਘ ਲਿੱਦੜ, ਹੈਪੀ ਟੌਂਗ, ਗੁਰਮੁਖ ਸਿੰਘ ਸਰਪੰਚ, ਸਤਬੀਰ ਸਿੰਘ ਸਰਪੰਚ ਅੱਲੋਵਾਲ, ਸਤਨਾਮ ਸਿੰਘ ਅੱਲੋਵਾਲ, ਸਰਪੰਚ ਮਲੂਕ ਸਿੰਘ ਫੇਰੂਮਾਨ, ਮੰਗਲ ਸਿੰਘ ਨੰਬਰਦਾਰ ਚੀਮਾਬਾਠ, ਸਰਪੰਚ ਬਲਜਿੰਦਰ ਸਿੰਘ ਵਡਾਲਾ ਕਲਾਂ, ਜਗਦੀਪ ਸਿੰਘ ਮਾਨ ਪੀ ਏ, ਹਰਪ੍ਰੀਤ ਸਿੰਘ ਸੋਨੂੰ ਸਰਪੰਚ,ਪ੍ਰਿੰਸ ਬਿਆਸ, ਬਲਜਿੰਦਰ ਸਿੰਘ, ਗੁਰਿੰਦਰ ਸਿੰਘ, ਹਰਜਿੰਦਰ ਸਿੰਘ ਸਰਪੰਚ,ਬਲਦੇਵ ਸਿੰਘ ਏਕਲਗੱਡਾ,ਸੋਨੂੰ ਜੰਡਿਆਲਾ, ਹਰਪਾਲ ਸਿੰਘ ਆਦਿ ਹਾਜ਼ਰ ਸਨ।

## ਤ੍ਰੈ-ਸ਼ਤਾਬਦੀ ਗੁਰੂ ਗੋਬਿੰਦ ਸਿੰਘ ਖ਼ਾਲਸਾ ਕਾਲਜ ਵਿਖੇ ਵਿਦਿਆਰਥੀਆਂ ਦੇ ਕਾਰਡ ਮੇਕਿੰਗ ਮੁਕਾਬਲੇ



ਅੰਮ੍ਰਿਤਸਰ, 26 ਮਈ, (ਬਬਲੂ ਮਹਾਜਨ) : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਚੱਲ ਰਹੇ ਸਥਾਨਕ ਤ੍ਰੈ ਸ਼ਤਾਬਦੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਸ੍ਰੀ ਅੰਮ੍ਰਿਤਸਰ ਸਾਹਿਬ ਵਿੱਚ ਕਾਲਜ ਪ੍ਰਿੰਸੀਪਲ ਡਾ ਕੁਲਵਿੰਦਰ ਸਿੰਘ ਦੀ ਯੋਗ ਅਗਵਾਈ ਵਿੱਚ ਮਾਂ ਦਿਵਸ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਵਿਦਿਆਰਥੀਆਂ ਦੇ ਕਾਰਡ ਮੇਕਿੰਗ ਮੁਕਾਬਲੇ ਕਰਵਾਏ ਗਏ । ਵਿਦਿਆਰਥੀਆਂ ਨੇ ਬਹੁਤ ਹੀ ਉਤਸ਼ਾਹ ਨਾਲ ਹਿੱਸਾ ਲਿਆ । ਇਸ ਤੋਂ ਇਲਾਵਾ ਵਿਦਿਆਰਥੀਆਂ ਨੇ ਮਾਂ ਦੀ ਉਸਤਤ ਨੂੰ ਰੂਪਮਾਨ ਕਰਦੇ ਹੋਏ ਪੰਜਾਬੀ ਸੱਭਿਆਚਾਰ ਦੀਆਂ ਮਹੱਤਵਪੂਰਨ ਵੰਨਗੀਆਂ ਭਾਸ਼ਣ ਅਤੇ ਗੀਤਾਂ ਦੀ ਵਿਸ਼ੇਸ਼ ਪੇਸ਼ਕਾਰੀ ਕੀਤੀ। ਉਪਰੰਤ ਕਾਲਜ ਦੇ ਪ੍ਰਿੰਸੀਪਲ ਡਾ. ਕੁਲਵਿੰਦਰ ਸਿੰਘ ਨੇ ਵਿਦਿਆਰਥੀਆਂ ਦੇ ਰੂਬਰੂ ਹੁੰਦਿਆਂ ਹੋਇਆਂ ਕਿਹਾ ਕਿ ਸੰਸਾਰ ਵਿੱਚ ਮਾਂ ਅਜਿਹਾ ਰਿਸ਼ਤਾ ਹੈ ਜਿਸ ਨੂੰ ਕਿਸੇ ਹੋਰ ਰਿਸ਼ਤੇ ਨਾਲ ਨਹੀਂ ਮਿਲਾਇਆ ਜਾ ਸਕਦਾ। ਇਸ ਸੰਸਾਰ ਦਾ ਇੱਕੋ ਇੱਕ ਵਿਲੱਖਣ ਰਿਸ਼ਤਾ ਹੈ ਜੋ ਨਿਰਸੁਆਰਥ ਹੋ ਕੇ ਆਪਣੇ ਬੱਚਿਆਂ ਅਤੇ ਪਰਿਵਾਰ ਦੀ ਖਾਤਰ ਆਪਣਾ ਆਪ ਵਾਰ ਦਿੰਦਾ ਹੈ। ਇਸ ਲਈ ਮਾਂ ਦਾ ਸਤਿਕਾਰ ਸਦੈਵ ਕਰਨਾ ਚਾਹੀਦਾ ਹੈ। ਆਖਿਰ ਵਿੱਚ ਕਾਲਜ ਪ੍ਰਿੰਸੀਪਲ ਅਤੇ ਸਟਾਫ ਨੇ ਕਾਰਡ ਮੇਕਿੰਗ ਮੁਕਾਬਲੇ ਵਿੱਚ ਜੇਤੂ ਵਿਦਿਆਰਥੀਆਂ ਅਤੇ ਗੀਤ, ਭਾਸ਼ਣ ਦੀ ਪੇਸ਼ਕਾਰੀ ਵਾਲੇ ਵਿਦਿਆਰਥੀਆਂ ਨੂੰ ਮੈਡਲ ਦੇ ਕੇ ਸਨਮਾਨਿਤ ਕੀਤਾ। ਸਟੇਜ ਸਕੱਤਰ ਦੀ ਭੂਮਿਕਾ ਪ੍ਰੋ ਮਨਦੀਪ ਕੌਰ ਨੇ ਬਾਖ਼ੂਬੀ ਨਿਭਾਈ । ਇਸ ਮੌਕੇ ਪ੍ਰੋ. ਅਮਨਪ੍ਰੀਤ ਕੌਰ, ਪ੍ਰੋ ਪਵਨਪ੍ਰੀਤ ਕੌਰ ਅਤੇ ਪ੍ਰੋ ਜਗਜੀਤ ਕੌਰ ਹਾਜ਼ਰ ਸਨ ।

## ਵਨ ਟਾਈਮ ਸੈਟਲਮੈਂਟ ਸਕੀਮ ਅਧੀਨ ਪ੍ਰਾਪਰਟੀ ਟੈਕਸ ਜਮ੍ਹਾਂ ਕਰਵਾਇਆ ਜਾ ਸਕਦੈ : ਕਮਿਸ਼ਨਰ



ਅੰਮ੍ਰਿਤਸਰ, 26 ਮਈ, (ਗੁਰਦਿਆਲ ਸਿੰਘ) : ਪੰਜਾਬ ਸਰਕਾਰ ਵੱਲੋਂ ਪ੍ਰਾਪਰਟੀ ਟੈਕਸ ਦੇ ਡਿਫਾਲਟਰਾਂ ਲਈ ਇੱਕ ਵਾਰ ਫਿਰ ਤੋਂ ਵਨ ਟਾਇਮ ਸੈਟਲਮੈਂਟ ਸਕੀਮ ਲਾਗੂ ਕੀਤੀ ਗਈ ਹੈ ਜਿਸ ਅਧੀਨ ਲੋਕ ਆਪਣਾ ਸਾਲ 2013-14 ਤੋਂ ਲੈ ਕੇ 31 ਮਾਰਚ 2025 ਤੱਕ ਦਾ ਬਕਾਇਆ ਬਿਨਾਂ ਵਿਆਜ ਜੁਰਮਾਨੇ ਦੇ ਭਰ ਸਕਦੇ ਹਨ। ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਵਲੋਂ ਇਸ ਸਬੰਧੀ ਨਿਗਮ ਅਧਿਕਾਰੀਆਂ ਨਾਲ ਇਕ ਮੀਟਿੰਗ ਕੀਤੀ ਗਈ, ਜਿਸ ਵਿੱਚ ਸਰਕਾਰ ਵੱਲੋਂ ਪ੍ਰਾਪਰਟੀ ਟੈਕਸ ਨੂੰ ਲੈ ਕੇ ਜਾਰੀ ਕੀਤੀ ਗਈ ਵਨ ਟਾਈਮ ਸੈਟਲਮੈਂਟ ਸਕੀਮ ਬਾਰੇ ਵਿਚਾਰ ਕੀਤਾ ਗਿਆ । ਇਸ ਮੀਟਿੰਗ ਵਿੱਚ ਹਰ ਸੰਭਵ ਉਪਰਾਲਾ ਕਰਨ ਦੀ ਹਦਾਇਤ ਕੀਤੀ ਗਈ ਤਾ ਜੋ ਲੋਕ 31 ਜੁਲਾਈ 2025 ਤੱਕ ਇਸ ਸਕੀਮ ਦਾ ਲਾਭ ਲੇ ਕੇ ਆਪਣਾ ਪ੍ਰਾਪਰਟੀ ਟੈਕਸ ਬਿਨਾ ਵਿਆਜ ਅਤੇ ਜੁਰਮਾਨੇ ਦੇ ਜਮਾ ਕਰਵਾ ਸਕਣ । ਅੱਜ ਦੀ ਇਸ ਮੀਟਿੰਗ ਵਿੱਚ ਵਧੀਕ ਕਮਿਸ਼ਨਰ ਸੁਰਿੰਦਰ ਸਿੰਘ, ਸੰਯੁਕਤ ਕਮਿਸ਼ਨਰ ਜੈ.ਇੰਦਰ ਸਿੰਘ , ਸਹਾਇਕ ਕਮਿਸ਼ਨਰ ਵਿਸ਼ਾਲ ਵਧਾਵਨ, ਐਸ.ਟੀ.ਪੀ, ਪਰਮਪਾਲ ਸਿੰਘ, ਐਮ.ਟੀ.ਪੀ ਨਰਿੰਦਰ ਸ਼ਰਮਾ, ਅਤੇ ਹੋਰ ਅਧਿਕਾਰੀ ਹਾਜ਼ਰ ਸਨ ।

# ਚੋਣ ਤਰੀਕ ਦੇ ਐਲਾਨ ਨੇ ਮੇਰੇ ਪ੍ਰਚਾਰ 'ਚ ਨਵੀਂ ਊਰਜਾ ਲਿਆਂਦੀ : ਐਮ.ਪੀ. ਅਰੋੜਾ



ਲੁਧਿਆਣਾ, 26 ਮਈ (ਵਿਸ਼ਾਲ ਸ਼ਰਮਾ) : ਭਾਰਤੀ ਚੋਣ ਕਮਿਸ਼ਨ ਨੇ ਲੁਧਿਆਣਾ (ਪੱਛਮੀ) ਵਿਧਾਨ ਸਭਾ ਹਲਕੇ ਲਈ ਉਪ ਚੋਣ ਦੀ ਮਿਤੀ ਦਾ ਐਲਾਨ ਕਰ ਦਿੱਤਾ ਹੈ, ਜਿਸ ਲਈ 19 ਜੂਨ ਨੂੰ ਵੋਟਿੰਗ ਹੋਣੀ ਹੈ। ਇਹ ਉਪ ਚੋਣ ਉਸ ਸੀਟ ਨੂੰ ਭਰਨ ਲਈ ਹੋ ਰਹੀ ਹੈ ਜੋ ਆਮ ਆਦਮੀ ਪਾਰਟੀ (ਆਪ) ਦੇ ਮੌਜੂਦਾ ਵਿਧਾਇਕ ਗੁਰਪ੍ਰੀਤ ਸਿੰਘ ਗੋਗੀ ਦੇ ਬੇਵਕਤੀ ਦੇਹਾਂਤ ਤੋਂ ਬਾਅਦ ਖਾਲੀ ਹੋ ਗਈ ਸੀ। ਆਮ ਆਦਮੀ ਪਾਰਟੀ ਨੇ ਇਸ ਮਹੱਤਵਪੂਰਨ ਉਪ ਚੋਣ ਲਈ ਰਾਜ ਸਭਾ ਮੈਂਬਰ ਸੰਜੀਵ ਅਰੋੜਾ ਨੂੰ ਆਪਣਾ ਉਮੀਦਵਾਰ ਬਣਾਇਆ ਹੈ। 18 ਸਤੰਬਰ 1963 ਨੂੰ ਜਨਮੇ ਅਰੋੜਾ ਨੇ ਐਸਸੀਡੀ ਸਰਕਾਰੀ ਕਾਲਜ ਲੁਧਿਆਣਾ ਤੋਂ ਕਾਮਰਸ ਗ੍ਰੈਜੂਏਟ ਹਨ। ਉਹ ਅਪ੍ਰੈਲ 2022 ਵਿੱਚ ਰਾਜ ਸਭਾ ਲਈ ਚੁਣੇ ਗਏ ਸਨ ਅਤੇ ਵਰਤਮਾਨ ਵਿੱਚ ਸੰਸਦੀ ਸਥਾਈ ਕਮੇਟੀ ਅਤੇ ਸਿਹਤ ਅਤੇ ਪਰਿਵਾਰ ਭਲਾਈ ਬਾਰੇ ਸਲਾਹਕਾਰ ਕਮੇਟੀ ਦੋਵਾਂ ਦੇ ਮੈਂਬਰ ਵਜੋਂ ਸੇਵਾ ਨਿਭਾ ਰਹੇ ਹਨ।

ਚੋਣ ਤਰੀਕ ਦੇ ਐਲਾਨ 'ਤੇ ਪ੍ਰਤੀਕਿਰਿਆ ਦਿੰਦੇ ਹੋਏ ਅਰੋੜਾ ਨੇ ਕਿਹਾ ਚੋਣ ਤਰੀਕ ਦੇ ਅਧਿਕਾਰਤ ਐਲਾਨ ਨੇ ਮੇਰੀ ਮੁਹਿੰਮ ਵਿੱਚ ਸਪੱਸ਼ਟਤਾ ਅਤੇ ਨਵੀਂ ਊਰਜਾ ਲਿਆਂਦੀ ਹੈ। ਮੈਂ ਪਿਛਲੇ ਕਈ ਹਫ਼ਤਿਆਂ ਤੋਂ ਲੁਧਿਆਣਾ (ਪੱਛਮੀ) ਦੇ ਲੋਕਾਂ ਨਾਲ ਜੁੜ ਰਿਹਾ ਹਾਂ ਅਤੇ ਹੁਣ ਮੈਂ ਵਧੇਰੇ ਧਿਆਨ ਅਤੇ ਜੋਸ਼ ਨਾਲ ਅੱਗੇ ਵਧ ਰਿਹਾ ਹਾਂ। ਮੈਂ ਹਰੇਕ ਵੋਟਰ ਨੂੰ ਅਪੀਲ ਕਰਦਾ ਹਾਂ ਕਿ ਉਹ ਅੱਗੇ ਆਵੇ ਅਤੇ ਇਸ ਲੋਕਤੰਤਰੀ ਪ੍ਰਕਿਰਿਆ ਵਿੱਚ ਸਰਗਰਮੀ ਨਾਲ ਹਿੱਸਾ ਲਵੇ। ਇਹ ਸਿਰਫ਼ ਇੱਕ ਚੋਣ ਨਹੀਂ ਹੈ ਇਹ ਇੱਕ ਸਾਫ਼ ਜਵਾਬਦੇਹ ਅਤੇ ਵਿਕਾਸ-ਮੁਖੀ ਲੀਡਰਸ਼ਿਪ ਨਾਲ ਸਾਡੇ ਹਲਕੇ ਦੇ ਭਵਿੱਖ ਨੂੰ ਆਕਾਰ ਦੇਣ ਦਾ ਇੱਕ ਮੌਕਾ ਹੈ। ਹੁਣ ਜਦੋਂ ਚੋਣਾਂ ਦੀ ਤਾਰੀਖ਼ ਦਾ ਐਲਾਨ ਹੋ ਗਿਆ ਹੈ ਅਰੋੜਾ ਦੀ ਮੁਹਿੰਮ ਹੋਰ ਵੀ ਤੇਜ਼ ਹੋ ਗਈ ਹੈ। ਉਨ੍ਹਾਂ ਕਿਹਾ ਮੈਂ ਲੁਧਿਆਣਾ ਦੇ ਵਿਕਾਸ ਲਈ ਅਣਥੱਕ ਮਿਹਨਤ ਕਰਨ ਲਈ ਵਚਨਬੱਧ ਹਾਂ ਜਿਸ ਵਿੱਚ ਸਿਹਤ ਸੰਭਾਲ, ਸਿੱਖਿਆ ਅਤੇ ਬੁਨਿਆਦੀ ਢਾਂਚੇ ਨੂੰ ਬਿਹਤਰ ਬਣਾਉਣ 'ਤੇ ਧਿਆਨ ਕੇਂਦਰਿਤ ਕਰਨਾ ਸ਼ਾਮਲ ਹੈ। ਮੇਰਾ ਟੀਚਾ ਲੁਧਿਆਣਾ ਨੂੰ ਇੱਕ ਮਾਡਲ ਹਲਕਾ ਬਣਾਉਣਾ ਹੈ ਜਿੱਥੇ ਹਰ ਨਾਗਰਿਕ ਸੁਣਿਆ ਸਤਿਕਾਰਿਆ ਅਤੇ ਸਸ਼ਕਤ ਮਹਿਸੂਸ ਕਰਦਾ ਹੈ। ਮੈਂ ਪਿਛਲੇ ਤਿੰਨ ਸਾਲ ਜੀਵਨ ਦੇ ਹਰ ਖੇਤਰ ਦੇ ਲੋਕਾਂ ਨੂੰ ਸੁਣਨ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਸਿੱਧੇ ਸਮਝਣ ਵਿੱਚ ਬਿਤਾਏ ਹਨ। ਮੇਰੇ ਦਰਵਾਜ਼ੇ ਹਮੇਸ਼ਾ ਲੋਕਾਂ ਲਈ ਖੁੱਲ੍ਹੇ ਰਹਿਣਗੇ ਦਿਨ ਹੋਵੇ ਜਾਂ ਰਾਤ।

# ਐਸ.ਕੇ.ਐਸ. ਮਾਰਕੀਟ ਵਿਖੇ ਸ਼ਹੀਦ ਕਰਤਾਰ ਸਿੰਘ ਸਰਾਭਾ ਦਾ ਬੁੱਤ ਲਗਾਇਆ ਜਾਵੇ : ਸਲੂਜਾ



ਲੁਧਿਆਣਾ, 26 ਮਈ (ਵਿਸ਼ਾਲ ਸ਼ਰਮਾ) : ਸ਼ਹੀਦ ਕਰਤਾਰ ਸਿੰਘ ਸਰਾਭਾ ਮਾਰਕੀਟ ਗਿੱਲ ਰੋਡ ਵਿਖੇ ਮਾਰਕੀਟ ਦੇ ਪ੍ਰਧਾਨ ਜਤਿੰਦਰਪਾਲ ਸਿੰਘ ਸਲੂਜਾ ਦੀ ਅਗਵਾਈ ਵਿੱਚ ਜੰਗ-ਏ-ਆਜ਼ਾਦੀ ਦੇ ਨੌਜਵਾਨ ਗਦਰੀ ਜਰਨੈਲ ਅਮਰ ਸ਼ਹੀਦ ਕਰਤਾਰ ਸਿੰਘ ਸਰਾਭਾ ਜਿਨ੍ਹਾਂ ਨੇ ਦੇਸ਼ ਦੀ ਆਜ਼ਾਦੀ ਦੀ ਲਹਿਰ ਦੌਰਾਨ ਆਪਣੇ 6 ਸਾਥੀ ਦੇਸ਼ ਭਗਤਾਂ ਸਮੇਤ ਸ਼ਹਾਦਤ ਦਾ ਜਾਮ ਪੀਤਾ, ਅੱਜ ਉਨ੍ਹਾਂ ਦੇ ਜਨਮ ਦਿਵਸ ਤੇ ਮਾਰਕੀਟ ਦੇ ਸਮੂਹ ਮੈਂਬਰਾਂ ਨੇ ਸ਼ਰਧਾ ਤੇ ਸਤਿਕਾਰ ਦੇ ਫੁੱਲ ਭੇਟ ਕੀਤੇ। ਇਸ ਮੌਕੇ ਜਤਿੰਦਰਪਾਲ ਸਿੰਘ ਸਲੂਜਾ ਨੇ ਕਿਹਾ ਕਿ ਦੇਸ਼ ਨੂੰ ਅੰਗਰੇਜ਼ਾਂ ਤੋਂ ਆਜ਼ਾਦ ਕਰਵਾਉਣ ਲਈ ਬੇਸ਼ੱਕ ਹਜ਼ਾਰਾਂ ਨੌਜਵਾਨਾਂ ਨੇ ਹੱਸਦੇ ਹੱਸਦੇ ਮੌਤ ਨੂੰ ਗਲੇ ਲਗਾਇਆ ਪਰ ਉਨ੍ਹਾਂ ਵਿੱਚੋਂ ਇੱਕ ਕਰਤਾਰ ਸਿੰਘ ਸਰਾਭਾ ਪੰਜਾਬ ਦਾ ਅਜਿਹਾ ਹੀਰਾ ਸੀ, ਜਿਸਨੇ ਆਪਣੀ ਵੱਖਰੀ ਪਹਿਚਾਣ ਬਣਾਈ। ਸਲੂਜਾ ਨੇ ਕਿਹਾ ਕਿ ਦੇਸ਼ ਦੇ ਮਹਾਨ ਇਨਕਲਾਬੀ ਸ਼ਹੀਦਾਂ ਦੇ ਦਿਹਾੜੇ ਮਨਾਉਣ ਦਾ ਮਕਸਦ ਨੌਜਵਾਨ ਪੀੜੀ ਨੂੰ ਇਨ੍ਹਾਂ ਸ਼ਹੀਦਾਂ ਵੱਲੋਂ ਦਿੱਤੀ ਗਈ ਸ਼ਹਾਦਤ ਤੋਂ ਜਾਣੂ ਕਰਵਾਉਣਾ ਹੈ। ਸਲੂਜਾ ਨੇ ਕਿਹਾ ਸੇਵਾ ਦੇਸ਼ ਦੀ ਜਿੰਦੜੀਏ ਬੜੀ ਔਖੀ ਗੱਲਾਂ ਕਰਨੀਆਂ ਢੇਰ ਸੁਖੱਲੀਆਂ ਨੇ ਜਿਹਨਾਂ ਦੇਸ਼ ਸੇਵਾ 'ਚ ਪੈਰ ਪਾਇਆ ਉਹਨਾਂ ਲੱਖ ਮੁਸੀਬਤਾਂ ਝੱਲੀਆਂ ਨੇ ਪੰਜਾਬ ਦੀ ਮੌਜੂਦਾ 'ਆਪ' ਸਰਕਾਰ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਪ੍ਰਸ਼ਾਸਨ ਤੋਂ ਮੰਗ ਕਰਦੇ ਹੋਏ ਸਲੂਜਾ ਨੇ ਕਿਹਾ ਕਿ ਗਿੱਲ ਰੋਡ ਵਿਖੇ ਸ਼ਹੀਦ ਕਰਤਾਰ ਸਿੰਘ ਸਰਾਭਾ ਮਾਰਕੀਟ ਵਿਖੇ ਸ਼ਹੀਦ ਕਰਤਾਰ ਸਿੰਘ ਸਰਾਭਾ ਦਾ ਮਾਨਵ ਕੱਦ ਬੁੱਤ ਲਗਾਇਆ ਜਾਵੇ।

# ਆਸ਼ੂ ਨੇ ਲੰਬਾ ਅਰਸਾ ਹਲਕਾ ਪੱਛਮੀ ਦੇ ਲੋਕਾਂ ਦੀ ਦਿਲੋਂ ਸੇਵਾ ਕੀਤੀ : ਰਾਣਾ ਗੁਰਜੀਤ



ਲੁਧਿਆਣਾ, 26 ਮਈ (ਰਵਿੰਦਰ ਸਿੰਘ ਨਿੱਝਰ) : ਲੁਧਿਆਣਾ ਪੱਛਮੀ ਹਲਕੇ ਦੇ ਚੋਣ ਇੰਚਾਰਜ ਤੇ ਵਿਧਾਇਕ ਰਾਣਾ ਗੁਰਜੀਤ ਸਿੰਘ ਨੇ ਕਿਹਾ ਕਿ ਲੁਧਿਆਣਾ ਪੱਛਮੀ ਤੋਂ ਉਮੀਦਵਾਰ ਭਾਰਤ ਭੂਸ਼ਣ ਆਸ਼ੂ ਇਸ ਹਲਕੇ ਦੇ ਹਰਮਨਪਿਆਰਾ ਨੇਤਾ ਹਨ। ਜਨਤਾ ਦੀ ਸੱਚੀ ਸੇਵਾ ਕਰਨ ਵਾਲੇ ਨੇਤਾਵਾਂ, ਪੱਤਰਕਾਰਾਂ ਜਾਂ ਸਧਾਰਣ ਆਦਮੀ ਸਭ ਤੇ ਪਰਚੇ ਦਰਜ ਕਰਕੇ ਡਰਾਇਆ ਤੇ ਧਮਕਾਇਆ ਜਾ ਰਿਹਾ ਹੈ। ਰਾਣਾ ਗੁਰਜੀਤ ਨੇ ਕਿਹਾ ਕਿ ਆਸ਼ੂ ਤੋਂ ਇਲਾਵਾ ਸਾਬਕਾ ਮੰਤਰੀ ਸ਼ਾਮ ਸੁੰਦਰ ਅਰੋੜਾ, ਸਾਬਕਾ ਵਿਧਾਇਕ ਹਰਦਿਆਲ ਕੰਬੋਜ ਤੇ ਵੀ ਪਰਚੇ ਦਰਜ ਕੀਤੇ ਜੋ ਮਾਨਯੋਗ ਅਦਾਲਤ ਨੇ ਖਾਰਜ ਕਰ ਦਿੱਤੇ ਤੇ ਸੱਚਾਈ ਦੀ ਜਿੱਤ ਹੋਈ। ਆਸ਼ੂ ਬਾਰੇ ਗੱਲ ਕਰਦਿਆਂ ਰਾਣਾ ਨੇ ਕਿਹਾ ਕਿ ਭਾਰਤ ਭੂਸ਼ਣ ਆਸ਼ੂ ਨੇ ਕੌਂਸਲਰ ਤੋਂ ਆਪਣੀ ਸਿਆਸੀ ਪਾਰੀ ਸ਼ੁਰੂ ਕੀਤੀ ਤੇ ਆਪਣੀ ਜ਼ਿੰਦਗੀ ਦਾ ਲੰਬਾ ਸਮਾਂ ਲੁਧਿਆਣਾ ਪੱਛਮੀ ਦੇ ਲੋਕਾਂ ਦੀ ਸੇਵਾ ਕੀਤੀ ਤੇ ਜੀ ਜਾਨ ਨਾਲ ਹਲਕੇ ਦਾ ਵਿਕਾਸ ਕਰਵਾਇਆ। ਰਾਣਾ ਗੁਰਜੀਤ ਸਿੰਘ ਨੇ ਕਿਹਾ ਕਿ ਲੜਾਈ ਬਹੁਤ ਵੱਡੀ ਹੈ ਅਤੇ ਸਾਡੀ ਲੜਾਈ ਦੋ ਸਰਕਾਰਾਂ ਨਾਲ ਹੈ ਦਿੱਲੀ ਕੇਜਰੀਵਾਲ ਤੇ ਪੰਜਾਬ ਸਰਕਾਰ ਨਾਲ ਹੈ। ਇਸ ਮੌਕੇ ਸਾਬਕਾ ਵਿਧਾਇਕ ਪ੍ਰਗਟ ਸਿੰਘ ਨੇ ਕਿਹਾ ਕਿ ਆਪ ਸਰਕਾਰ ਕਿਸੇ ਵੀ ਵਿਧਾਇਕ ਜਾਂ ਮੰਤਰੀ ਤੇ ਕੇਸ ਦਰਜ ਕਰਨ ਤੋਂ ਬਾਅਦ ਕੋਈ ਕਾਰਵਾਈ ਨਹੀਂ ਕਰਵਾਉਂਦੀ, ਜਿਸ ਦੀਆਂ ਪ੍ਰਤੱਖ ਉਦਾਹਰਨਾਂ ਹਨ ਜਿਵੇਂ ਸਾਬਕਾ ਮੰਤਰੀ ਵਿਜੇ ਸਿੰਗਲਾ, ਵਿਧਾਇਕ ਅਮਿਤ ਰਤਨ ਕੋਟਫੱਤਾ ਤੇ ਹੁਣ ਵਿਧਾਇਕ ਰਮਨ ਅਰੋੜਾ ਜਲੰਧਰ ਕੇਂਦਰੀ ਹਲਕੇ ਤੋਂ ਵਿਜੀਲੈਂਸ ਦੀ ਗ੍ਰਿਫਤ ਵਿੱਚ ਹੈ। ਉਹਨਾਂ ਕਿਹਾ ਕਿ ਆਮ ਲੋਕਾਂ ਦੇ ਰੋਜ਼ਾਨਾ ਦੇ ਸਵਾਲਾਂ ਤੋਂ ਬਚਣ ਲਈ ਸਰਕਾਰ ਭ੍ਰਿਸ਼ਟਾਚਾਰ ਦਾ ਡਰਾਮਾ ਕਰ ਕੇ ਲੋਕਾਂ ਦਾ ਧਿਆਨ ਭਟਕਾ ਰਹੀ ਹੈ।

# ਸੰਗਤਾਂ ਨੇ ਗੁਰਬਾਣੀ ਕੀਰਤਨ ਦਾ ਆਨੰਦ ਮਾਣਿਆ



ਲੁਧਿਆਣਾ, 26 ਮਈ (ਰਵਿੰਦਰ ਸਿੰਘ ਨਿੱਝਰ) : ਗੁਰਦੁਆਰਾ ਸ਼ਹੀਦਾਂ ਫ਼ੇਰੂਮਾਨ ਢੋਲੇਵਾਲ ਚੌਕ ਵਿਖੇ ਹਫਤਾਵਾਰੀ ਗੁਰਮਤਿ ਕੀਰਤਨ ਸਮਾਗਮ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਮੂਹ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਵੱਲੋਂ ਸ਼ਰਧਾ ਭਾਵਨਾ ਅਤੇ ਸਤਿਕਾਰ ਨਾਲ ਕਰਵਾਇਆ ਗਿਆ। ਅੰਮ੍ਰਿਤ ਵੇਲੇ ਤੋਂ ਗੁਰਦੁਆਰਾ ਸਾਹਿਬ ਦੇ ਹਜ਼ੂਰੀ ਰਾਗੀ ਜਥਿਆਂ ਭਾਈ ਗੁਰਵਿੰਦਰ ਸਿੰਘ ਜੈਪੁਰ ਵਾਲੇ, ਭਾਈ ਗੁਰਸ਼ਰਨ ਸਿੰਘ, ਭਾਈ ਪਰਮਵੀਰ ਸਿੰਘ, ਭਾਈ ਹਰਪ੍ਰੀਤ ਸਿੰਘ ਖਾਲਸਾ ਅਤੇ ਭਾਈ ਜਬਰਤੋੜ ਸਿੰਘ ਹਜ਼ੂਰੀ ਰਾਗੀ ਸੱਚਖੰਡ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਸਾਹਿਬ ਵਾਲਿਆਂ ਅਤੇ ਉਨ੍ਹਾਂ ਦੇ ਜੱਥੇ ਵੱਲੋਂ ਗੁਰਬਾਣੀ ਕੀਰਤਨ ਦੀ ਸੇਵਾ ਨਿਭਾਈ ਗਈ। ਉਪਰੰਤ ਗੁਰਦੁਆਰਾ ਸਾਹਿਬ ਦੇ ਮੁੱਖ ਕਥਾ ਵਾਚਕ ਭਾਈ ਮਨਪ੍ਰੀਤ ਸਿੰਘ ਨੇ ਸੰਗਤਾਂ ਨਾਲ ਗੁਰਮਤਿ ਵਿਚਾਰਾਂ ਦੀ ਸਾਂਝ ਪਾਈ। ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਐਡਵੋਕੇਟ ਬਲਵਿੰਦਰ ਸਿੰਘ ਲਾਇਲਪੁਰੀ ਨੇ ਰਾਗੀ ਜੱਥੇ ਨੂੰ ਸਿਰੋਪਾਓ ਭੇਂਟ ਕੀਤੇ। ਗੁਰਦੁਆਰਾ ਸਾਹਿਬ ਦੇ ਮੀਤ ਪ੍ਰਧਾਨ ਸਤਪਾਲ ਸਿੰਘ ਪਾਲ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ। ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ। ਤਜਿੰਦਰ ਸਿੰਘ ਡੰਗ ਜਨਰਲ ਸਕੱਤਰ, ਤਰਲੋਚਨ ਸਿੰਘ ਬੱਬਰ, ਚਰਨਕਮਲ ਸਿੰਘ ਲਾਇਲਪੁਰੀ, ਬਲਜੀਤ ਸਿੰਘ ਦੁੱਗਰੀ, ਜਗਦੇਵ ਸਿੰਘ ਗੋਹਲਵੜੀਆ, ਮੋਹਣ ਸਿੰਘ ਚੌਹਾਨ ਅਤੇ ਸੁਰਜੀਤ ਸਿੰਘ ਮਠਾੜੂ ਆਦਿ ਵੀ ਗੁਰੂ ਘਰ ਨਤਮਸਤਕ ਹੋਏ।

# ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ ਨੂੰ ਸਮਰਪਿਤ ਨਗਰ ਕੀਰਤਨ ਅੱਜ



ਲੁਧਿਆਣਾ, 26 ਮਈ (ਰਵਿੰਦਰ ਸਿੰਘ ਨਿੱਝਰ) : ਸੱਚਖੰਡ ਸ੍ਰੀ ਹਜ਼ੂਰ ਸਾਹਿਬ ਜੱਥਾ ਕਮੇਟੀ ਲੁਧਿਆਣਾ ਵੱਲੋਂ ਉਪਕਾਰ ਨਗਰ ਵਿਖੇ ਸਮਾਜ ਸੇਵੀ ਜਗਜੀਤ ਸਿੰਘ ਅਰੋੜਾ ਦੀ ਦੇਖ ਰੇਖ ਹੇਠ ਇੱਕ ਮੀਟਿੰਗ ਹੋਈ। ਇਸ ਮੌਕੇ ਗੱਲਬਾਤ ਦੌਰਾਨ ਉਨ੍ਹਾਂ ਦੱਸਿਆ ਗਿਆ ਕਿ ਸ਼ਹੀਦਾਂ ਦੇ ਸਿਰਤਾਜ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਗੁਰਪੁਰਬ ਦੇ ਸਬੰਧ ਵਿੱਚ ਮਹਾਨ ਨਗਰ ਕੀਰਤਨ 27 ਮਈ ਮੰਗਲਵਾਰ ਨੂੰ ਦੁਪਹਿਰ 3 ਵਜੇ ਗੁ.ਖਾਲਸਾ ਇਸਤਰੀ ਦਲ ਸ਼ਹੀਦਾਂ ਨੇੜੇ ਦੱਖੋਰੀਆ ਪੁਲ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ-ਛਾਇਆ ਹੇਠ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਆਰੰਭ ਹੋਵੇਗਾ। ਜਿਸ ਦੌਰਾਨ ਸ਼ਰਧਾਲੂਆਂ ਦੇ ਵੱਲੋਂ ਵੀ ਜਗ੍ਹਾ ਜਗ੍ਹਾ ਲੰਗਰ ਲਗਾ ਕੇ ਜਿੱਥੇ ਸੰਗਤਾਂ ਦੀ ਸੇਵਾ ਕੀਤੀ ਜਾਵੇਗੀ, ਉਥੇ ਹੀ ਨਗਰ ਕੀਰਤਨ ਦਾ ਭਰਵਾਂ ਸਵਾਗਤ ਵੀ ਕੀਤਾ ਜਾਵੇਗਾ। ਇਸ ਮੌਕੇ ਮੁੱਖ ਸੇਵਾਦਾਰ ਕੁਲਦੀਪ ਸਿੰਘ ਦੀਪਾ ਨੇ ਵੀ ਸੰਗਤਾਂ ਨੂੰ ਬੇਨਤੀ ਕੀਤੀ ਹੈ ਕਿ ਇਸ ਮਹਾਨ ਨਗਰ ਕੀਰਤਨ ਵਿੱਚ ਵੱਧ ਤੋਂ ਵੱਧ ਸੰਗਤਾਂ ਹਾਜ਼ਰੀ ਭਰ ਕੇ ਗੁਰੂ ਜੀ ਦੀਆਂ ਅਸੀਸਾਂ ਪ੍ਰਾਪਤ ਕਰਨ ਜੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਦਵਿੰਦਰ ਸਿੰਘ, ਅਮਰਜੀਤ ਸਿੰਘ, ਜੋ ਦੇਵ, ਸਰਬਦੀਪ ਸਿੰਘ, ਗੁਰਜੀਤ ਸਿੰਘ ਮੀਤ, ਸੁਰਿੰਦਰ ਕੁਮਾਰ, ਅਨੂਪ ਸਿੰਘ, ਲੱਖਾ ਸਿੰਘ ਆਦਿ ਹਾਜ਼ਰ ਸਨ।

# ਲੋਕਾਂ ਦੇ ਸਾਥ ਨਾਲ ਹਲਕੇ ਦੇ ਵਿਕਾਸ ਦਾ ਤਿਆਰ ਹੋਵੇਗਾ ਰੋਡਮੈਪ : ਐਡਵੋਕੇਟ ਘੁੰਮਣ



ਲੁਧਿਆਣਾ, 26 ਮਈ (ਰਵਿੰਦਰ ਸਿੰਘ ਨਿੱਝਰ) : ਵਿਧਾਨ ਸਭਾ ਹਲਕਾ ਪੱਛਮੀ ਦੀਆਂ ਮੁੱਢਲੀਆਂ ਸਮੱਸਿਆਵਾਂ ਦੀ ਵਕਾਲਤ ਕਰਦੇ ਹੋਏ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਐਡਵੋਕੇਟ ਪਰਉਪਕਾਰ ਸਿੰਘ ਘੁੰਮਣ ਨੇ ਅੱਜ ਇਲਾਕੇ 'ਚ ਚੋਣ ਪ੍ਰਚਾਰ ਦੌਰਾਨ ਲੋਕਾਂ ਨਾਲ ਮੁਲਾਕਾਤ ਕੀਤੀ। ਉਨ੍ਹਾਂ ਨੇ ਇਲਾਕੇ ਦੀਆਂ ਮੁੱਢਲੀਆਂ ਸਮੱਸਿਆਵਾਂ ਦੇ ਨਾਲ-ਨਾਲ ਗੰਭੀਰ ਸਮੱਸਿਆਵਾਂ ਅਤੇ ਮਿਲਣ ਵਾਲੀਆਂ ਬੁਨਿਆਦੀ ਸਹੂਲਤਾਂ ਦੀ ਕਮੀ ਨੂੰ ਵੱਡੀ ਚੁਣੌਤੀ ਦੱਸਿਆ। ਐਡਵੋਕੇਟ ਘੁੰਮਣ ਨੇ ਕਿਹਾ ਕਿ ਵੋਟ ਦੇ ਅਧਿਕਾਰ ਨਾਲ ਆਉਣ ਵਾਲੇ ਸਮੇਂ ਦੀ ਨੀਂਹ ਰੱਖੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕਾਂ ਨੇ ਬੀਤੇ ਕਰੀਬ ਸਾਢੇ ਤਿੰਨ ਸਾਲ ਪਹਿਲਾਂ ਪੰਜਾਬ ਨੂੰ ਪੰਜਾਬ ਦੇ ਵਾਅਦੇ ਕਰਨ ਵਾਲਿਆਂ ਹੱਥ ਪੰਜਾਬ ਦੀ ਵਾਗਡੋਰ ਸੰਭਾਲ ਦਿੱਤੀ ਸੀ ਜੋ ਹੁਣ ਪੰਜਾਬ ਵਾਸੀਆਂ ਲਈ ਹੀ ਵੱਡਾ ਪਛਤਾਵਾ ਬਣਕੇ ਰਹਿ ਚੁੱਕੀ ਹੈ। ਐਡਵੋਕੇਟ ਘੁੰਮਣ ਨੇ ਕਿਹਾ ਕਿ ਅੱਜ ਵੀ 'ਆਮ ਆਦਮੀ ਪਾਰਟੀ' ਦੇ ਨੁਮਾਇੰਦੇ ਝੂਠ ਅਤੇ ਫਰੇਬ ਦੀ ਰਾਜਨੀਤੀ ਕਰਨ ਤੋਂ ਬਾਜ ਨਹੀਂ ਆ ਰਹੇ ਤੇ ਲੋਕਾਂ ਨੂੰ ਝੂਠੇ ਸਬਜ਼ਬਾਗ ਦਿਖਾ ਵੋਟਾਂ ਦੀ ਰਾਜਨੀਤੀ ਕਰ ਰਹੇ ਹਨ। ਘੁੰਮਣ ਨੇ ਦਾਅਵਾ ਕੀਤਾ ਕਿ ਜੇਕਰ ਹਲਕੇ ਦੇ ਲੋਕ ਉਨ੍ਹਾਂ ਨੂੰ ਇੱਕ ਵਾਰ ਹਲਕੇ ਦੀ ਨੁਮਾਇੰਦਗੀ ਕਰਨ ਦਾ ਮੌਕਾ ਦਿੰਦੇ ਹਨ ਤਾਂ ਉਹ ਇਲਾਕੇ ਦੇ ਵਿਕਾਸ ਲਈ ਲੋਕਾਂ ਨਾਲ ਰੋਡਮੈਪ ਤਿਆਰ ਕਰਨਗੇ। ਉਨ੍ਹਾਂ ਕਿਹਾ ਕਿ ਸਾਡਾ ਸਪਸ਼ਟ ਟੀਚਾ ਇਸ ਹਲਕੇ ਵਿੱਚ ਸੁਚਾਰੂ ਤੇ ਪਾਰਦਰਸ਼ੀ ਪ੍ਰਸ਼ਾਸਨ ਦੇਣਾ ਹੋਵੇਗਾ। ਉਨ੍ਹਾਂ ਕਿਹਾ ਕਿ ਸਾਡਾ ਮੁੱਖ ਮਕਸਦ ਸਾਫ਼-ਸੁਥਰੀ ਰਾਜਨੀਤੀ ਅਤੇ ਲੋਕ-ਕੇਂਦਰਤ ਨੀਤੀਆਂ ਰਾਹੀਂ ਹਲਕੇ ਦੇ ਲੋਕਾਂ ਦੀ ਜ਼ਿੰਦਗੀ ਨੂੰ ਵਧੀਆ ਜੀਵਨ ਮਿਆਰ ਵਾਲਾ ਰਸਤਾ ਬਣਾਉਣਾ ਹੈ। ਉਨ੍ਹਾਂ ਹਲਕੇ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਵੋਟ ਪਾਉਣ ਸਮੇਂ ਇਲਾਕੇ ਦੀ ਤਰੱਕੀ ਅਤੇ ਭਵਿੱਖ ਬਾਰੇ ਇੱਕ ਵਾਰ ਜ਼ਰੂਰ ਸੋਚਣ। ਉਨ੍ਹਾਂ ਕਿਹਾ ਕਿ ਸਾਡੀ ਲੜਾਈ ਲੋਕਾਂ ਦੇ ਹੱਕਾਂ ਲਈ ਲੜਾਈ ਹੈ, ਸਾਡਾ ਸੰਕਲਪ ਲੋਕ ਪੱਖੀ ਸਰਕਾਰ ਲਿਆਉਣਾ ਹੈ।

# ਵਧੀਕ ਮੁੱਖ ਚੋਣ ਅਧਿਕਾਰੀ ਵੱਲੋਂ ਸਿਆਸੀ ਪਾਰਟੀਆਂ ਨਾਲ ਮੀਟਿੰਗ




ਚੰਡੀਗੜ੍ਹ/ਲੁਧਿਆਣਾ, 26 ਮਈ (ਵਿਸ਼ਾਲ ਸ਼ਰਮਾ) : ਵਧੀਕ ਮੁੱਖ ਚੋਣ ਅਧਿਕਾਰੀ (ਏ.ਸੀ.ਈ.ਓ.) ਹਰੀਸ਼ ਨਈਅਰ ਨੇ ਅੱਜ ਵੱਖ-ਵੱਖ ਸਿਆਸੀ ਪਾਰਟੀਆਂ ਦੇ ਨੁਮਾਇੰਦਿਆਂ ਨਾਲ ਮੀਟਿੰਗ ਦੀ ਪ੍ਰਧਾਨਗੀ ਕੀਤੀ ਤਾਂ ਜੋ ਉਨ੍ਹਾਂ ਨੂੰ ਲੁਧਿਆਣਾ ਪੱਛਮੀ ਦੀਆਂ ਜ਼ਿਮਨੀ ਚੋਣਾਂ ਲਈ ਨਾਮਜ਼ਦਗੀ ਪੱਤਰ ਦਾਖਲ ਕਰਨ ਦੀ ਪ੍ਰਕਿਰਿਆ, ਭਾਰਤੀ ਚੋਣ ਕਮਿਸ਼ਨ ਦੇ ਦਿਸ਼ਾ-ਨਿਰਦੇਸ਼ਾਂ ਅਤੇ ਹੋਰ ਮਹੱਤਵਪੂਰਨ ਚੋਣ ਪ੍ਰਕਿਰਿਆਵਾਂ ਬਾਰੇ ਜਾਣੂ ਕਰਵਾਇਆ ਜਾ ਸਕੇ। ਜ਼ਿਮਨੀ ਚੋਣਾਂ ਸਬੰਧੀ ਜਾਰੀ ਪ੍ਰੋਗਰਾਮ ਬਾਰੇ ਜਾਣਕਾਰੀ ਦਿੰਦਿਆਂ ਨਈਅਰ ਨੇ ਦੱਸਿਆ ਕਿ ਜ਼ਿਮਨੀ ਚੋਣਾਂ ਦਾ ਨੋਟੀਫਿਕੇਸ਼ਨ 26 ਮਈ (ਸੋਮਵਾਰ) ਨੂੰ ਜਾਰੀ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਨਾਮਜ਼ਦਗੀਆਂ ਭਰਨ ਦੀ ਆਖਰੀ ਮਿਤੀ 2 ਜੂਨ ਹੈ ਅਤੇ ਨਾਮਜ਼ਦਗੀ ਪੱਤਰਾਂ ਦੀ ਜਾਂਚ 3 ਜੂਨ ਨੂੰ ਕੀਤੀ ਜਾਵੇਗੀ ਜਦੋਂ ਕਿ ਨਾਮਜ਼ਦਗੀ ਵਾਪਸ ਲੈਣ ਦੀ ਆਖਰੀ ਮਿਤੀ 5 ਜੂਨ ਹੈ। ਉਨ੍ਹਾਂ ਅੱਗੇ ਦੱਸਿਆ ਕਿ ਵੋਟਾਂ 19 ਜੂਨ ਨੂੰ ਸਵੇਰੇ 7 ਵਜੇ ਤੋਂ ਸ਼ਾਮ 6 ਵਜੇ ਤੱਕ ਪੈਣਗੀਆਂ ਅਤੇ ਵੋਟਾਂ ਦੀ ਗਿਣਤੀ 23 ਜੂਨ ਨੂੰ ਹੋਵੇਗੀ। ਉਨ੍ਹਾਂ ਦੱਸਿਆ ਕਿ ਨਾਮਜ਼ਦਗੀਆਂ 26 ਮਈ ਤੋਂ 2 ਜੂਨ ਤੱਕ (ਐਤਵਾਰ, 1 ਜੂਨ, 2025 ਨੂੰ ਛੱਡ ਕੇ) ਸਵੇਰੇ 11 ਵਜੇ ਤੋਂ ਦੁਪਹਿਰ 3 ਵਜੇ ਤੱਕ ਭਰੀਆਂ ਜਾ ਸਕਦੀਆਂ ਹਨ। ਵੋਟਾਂ ਪਾਉਣ ਦਾ ਸਮਾਂ ਮਿਤੀ 19.6.2025 ਨੂੰ ਸਵੇਰੇ 7 ਵਜੇ ਤੋਂ ਸ਼ਾਮ 6 ਵਜੇ ਤੱਕ ਹੋਵੇਗਾ। ਉਨ੍ਹਾਂ ਅੱਗੇ ਕਿਹਾ ਕਿ ਵਿਧਾਨ ਸਭਾ ਹਲਕਾ ਸੀਟ 'ਤੇ ਚੋਣ ਲੜਨ ਲਈ ਉਮੀਦਵਾਰ ਉਸ ਸੂਬੇ ਦੇ ਕਿਸੇ ਵੀ ਹਲਕੇ ਵਿੱਚ ਵੋਟਰ ਵਜੋਂ ਰਜਿਸਟਰਡ ਹੋਣਾ ਚਾਹੀਦਾ ਹੈ। ਇਸ ਸਬੰਧੀ ਉਮੀਦਵਾਰਾਂ ਨੂੰ ਸਬੰਧਤ ਰਿਟਰਨਿੰਗ ਅਫਸਰ ਤੋਂ ਮਨਜ਼ੂਰੀ ਲੈਣ ਲਈ, ਮੌਜੂਦਾ ਵੋਟਰ ਸੂਚੀ ਦੀ ਸਬੰਧਿਤ ਐਂਟਰੀ ਦੀ ਇੱਕ ਪ੍ਰਮਾਣਿਤ ਕਾਪੀ ਪੇਸ਼ ਕਰਨੀ ਹੋਵੇਗੀ। ਉਨ੍ਹਾਂ ਦੱਸਿਆ ਕਿ ਚੋਣਾਂ ਵਾਲੇ ਦਿਨ ਕਮਿਸ਼ਨ ਨੇ ਚੋਣ ਕਾਨੂੰਨਾਂ ਮੁਤਾਬਕ ਪੋਲਿੰਗ ਸਟੇਸ਼ਨ ਦੇ ਦਾਖਲੇ ਵਾਲੇ ਸਥਾਨਾਂ ਤੋਂ 100 ਮੀਟਰ ਦੀ ਦੂਰੀ ਤੱਕ ਚੋਣ ਪ੍ਰਚਾਰ ਲਈ ਮਨਜ਼ੂਰਸ਼ੁਦਾ ਮਾਪਦੰਡਾਂ ਨੂੰ ਤਰਕਸੰਗਤ ਬਣਾਇਆ ਹੈ।

# ਬੇਸਹਾਰਾ ਇਸਤਰੀਆਂ ਨੂੰ ਵੰਡੀਆਂ ਰਾਸ਼ਨ ਦੀਆਂ ਕਿੱਟਾਂ



ਲੁਧਿਆਣਾ, 26 ਮਈ (ਰਵਿੰਦਰ ਸਿੰਘ ਨਿੱਝਰ) : ਮਨੁੱਖੀ ਸੇਵਾ ਕਾਰਜਾਂ ਨੂੰ ਸਮਰਪਿਤ ਸੰਸਥਾ ਸ਼੍ਰੀ ਕੀਰਤਨ ਸੇਵਾ ਸੁਸਾਇਟੀ ਵੱਲੋਂ ਮਾਡਲ ਟਾਊਨ ਐਕਸਟੈਨਸ਼ਨ ਸਥਿਤ ਆਪਣੇ ਦਫਤਰ ਵਿਖੇ ਸਰਬੱਤ ਦੇ ਭਲੇ ਦੀ ਅਰਦਾਸ ਕਰਦਿਆਂ ਹੋਇਆਂ ਬੇਸਹਾਰਾ ਇਸਤਰੀਆਂ ਦੀ ਮਦੱਦ ਕਰਨਾ ਹਿੱਤ ਉਨ੍ਹਾਂ ਨੂੰ ਸੁਸਾਇਟੀ ਦੇ ਵੱਲੋਂ ਨਿਸ਼ਕਾਮ ਰੂਪ ਵਿੱਚ ਰਾਸ਼ਨ ਦੀਆਂ ਕਿੱਟਾਂ ਵੰਡੀਆਂ ਗਈਆਂ। ਇਸ ਮੌਕੇ ਸੁਸਾਇਟੀ ਦੇ ਸਰਪ੍ਰਸਤ ਮਾਸਟਰ ਤਰਲੋਚਨ ਸਿੰਘ ਤੇ ਮੁੱਖ ਸੇਵਾਦਾਰ ਸ.ਪ੍ਰੇਮ ਸਿੰਘ ਨੇ ਕਿਹਾ ਕਿ ਗੁਰੂ ਸਹਿਬਾਨ ਵੱਲੋਂ ਬਖਸ਼ੇ ਸੇਵਾ ਸਕੰਲਪ 'ਤੇ ਪਹਿਰਾ ਦੇ ਕੇ ਮੁਨੱਖਤਾ ਦੀ ਸੇਵਾ ਕਰਨਾ ਸਭ ਤੋਂ ਉੱਤਮ ਸੇਵਾ ਹੈ। ।ਇਸ ਮੌਕੇ ਸੁਸਾਇਟੀ ਦੀ ਰਾਸ਼ਨ ਵੰਡ ਇੰਚਾਰਜ ਬਲਦੇਵ ਕੌਰ ਤੇ ਸੁਰਿੰਦਰ ਸਿੰਘ ਨੇ ਦੱਸਿਆ ਕਿ ਲੋੜਵੰਦ ਵਿਧਵਾਵਾਂ ਦੀ ਮੱਦਦ ਕਰਨ ਦੇ ਮਨੋਰਥ ਨਾਲ ਪਿਛਲੇ ਲੰਬੇ ਸਮੇਂ ਤੋਂ ਚਲ ਰਹੀ ਸੇਵਾ ਨੂੰ ਨਿਰੰਤਰ ਜਾਰੀ ਜਾਰੀ ਰੱਖਣ ਲਈ ਸੁਸਾਇਟੀ ਦੇ ਸਮੂਹ ਮੈਂਬਰਾਂ ਵੱਲੋਂ ਆਪਣਾ ਬਣਦਾ ਯੋਗਦਾਨ ਸੇਵਾ ਕਾਰਜਾਂ ਵਿੱਚ ਪਾਇਆ ਜਾ ਰਿਹਾ ਹੈ। ਇਸ ਸਮੇਂ ਰਮਨਜੋਤ ਸਿੰਘ ਸੋਨੂੰ, ਗੁਰਿੰਦਰ ਸਿੰਘ ਦੀਪ ਅਤੇ ਅਗਮਪ੍ਰੀਤ ਸਿੰਘ ਹਾਜ਼ਰ ਸਨ।

# ਡਿਪਟੀ ਮੇਅਰ ਪ੍ਰਿੰਸ ਜੌਹਰ ਨੇ ਖ਼ੁਦ ਕਰਵਾਈ ਇਲਾਕੇ ਦੀ ਸਫ਼ਾਈ



ਲੁਧਿਆਣਾ, 26 ਮਈ (ਰਵਿੰਦਰ ਸਿੰਘ ਨਿੱਝਰ) : ਸਥਾਨਕ ਵਾਰਡ ਨੰਬਰ 40 ਵਿੱਚ ਪੁਰਾਣੀ ਪੁਲਿਸ ਚੌਂਕੀ ਰੋਡ ਤੋਂ ਖੱਬੇ ਪਾਸੇ ਗਲੀ ਨੰਬਰ 4 ਦੀ ਸਾਫ ਸਫਾਈ ਸਿਹਤ ਵਿਭਾਗ ਦੀ ਪੂਰੀ ਟੀਮ ਨੂੰ ਨਾਲ ਲੈਕੇ ਡਿਪਟੀ ਮੇਅਰ ਤੇ ਇਸ ਵਾਰਡ ਦੇ ਕੌਂਸਲਰ ਪ੍ਰਿੰਸ ਜੌਹਰ ਵੱਲੋ ਕਾਰਵਾਈ ਗਈ। ਸ਼੍ਰੀ ਜੌਹਰ ਨੇ ਇਸ ਮੌਕੇ ਕਿਹਾ ਵਾਰਡ ਨੂੰ ਸਾਫ ਸੁਥਰਾ ਤੇ ਬੇਹਤਰੀਨ ਮਾਹੌਲ ਦੇਣਾ ਹੀ ਮੇਰਾ ਪਹਿਲਾ ਫਰਜ਼ ਹੈ। ਇਲਾਕਾ ਨਿਵਾਸੀਆਂ ਦੀ ਕੋਈ ਸ਼ਿਕਾਇਤ ਨਹੀਂ ਰਹਿਣ ਦਿੱਤੀ ਜਾਵੇਗੀ।ਉਨ੍ਹਾਂ ਇਲਾਕਾ ਨਿਵਾਸੀਆਂ ਦੀਆਂ ਸ਼ਿਕਾਇਤਾਂ ਵੀ ਸੁਣੀਆਂ ਜਿਹਨਾਂ 'ਚੋਂ ਕਈਆਂ ਨੂੰ ਤਾਂ ਮੌਕੇ 'ਤੇ ਹੀ ਹਲ ਕਰਵਾ ਦਿੱਤਾ ਅਤੇ ਕਈਆਂ ਨੂੰ ਜਲਦੀ ਹੀ ਹਲ ਕਰਵਾਉਣ ਦਾ ਭਰੋਸਾ ਦਿਵਾਇਆ। ਇਲਾਕਾ ਨਿਵਾਸੀਆਂ ਨੇ ਪ੍ਰਿੰਸ ਜੌਹਰ ਦੀ ਸਰਾਹਨਾ ਕਰਦਿਆਂ ਕਿਹਾ ਕਿ ਜਦ ਦੇ ਉਹ ਸੱਤਾ ਵਿੱਚ ਆਏ ਹਨ ਇਲਾਕੇ ਵਿੱਚ ਸਫਾਈ ਦਾ ਵਧੀਆ ਪ੍ਰਬੰਧ ਹੈ। ਇਸ ਮੌਕੇ ਉਨ੍ਹਾਂ ਦੇ ਨਾਲ ਦੀਪਕ ਜੋਸੀ, ਅਵਤਾਰ ਸਿੰਘ, ਗੋਰਾ, ਬੀਬੀ ਪਰਮਜੀਤ ਕੌਰ, ਜਤਿਨ ਵੀਰ, ਲੰਬਰਦਾਰ ਅਤੇ ਸਮੂਹ ਮੁਹੱਲਾ ਨਿਵਾਸੀ ਮੌਜੂਦ ਰਹੇ।

# ਫੋਰਟਿਸ ਹਸਪਤਾਲ ਲੁਧਿਆਣਾ ਵੱਲੋਂ ਪਿੰਡਾਂ 'ਚ ਪਰਿਵਾਰਕ ਸਿਹਤ ਜਾਗਰੂਕਤਾ ਵਧਾਉਣ ਲਈ ਸਰਪੰਚ ਮੀਟ



ਲੁਧਿਆਣਾ, 26 ਮਈ (ਕਰਨੈਲ ਸਿੰਘ ਐੱਮ.ਏ.) : ਪੰਜਾਬ ਦੇ ਪ੍ਰਮੁੱਖ ਸਿਹਤ ਸੇਵਾ ਪ੍ਰਦਾਤਾਵਾਂ ਵਿਚੋਂ ਇੱਕ, ਫੋਰਟਿਸ ਹਸਪਤਾਲ ਲੁਧਿਆਣਾ ਨੇ ਅੱਜ ਲੁਧਿਆਣਾ ਅਤੇ ਆਲੇ-ਦੁਆਲੇ ਦੇ ਪਿੰਡਾਂ ਦੇ ਸਰਪੰਚਾਂ ਨਾਲ ਮਿਲ ਕੇ ਇੱਕ ਸਰਪੰਚ ਮੀਟ ਸਫਲਤਾ ਪੂਰਵਕ ਕਰਵਾਈ। ਹਸਪਤਾਲ ਪ੍ਰਾਂਗਣ ਵਿੱਚ ਕਰਵਾਏ ਗਏ ਇਸ ਕਾਰਜ ਕ੍ਰਮ ਦਾ ਮਕਸਦ ਮਜ਼ਬੂਤ ਸਮੁਦਾਇਕ ਭਾਈਚਾਰਾ ਬਣਾਉਣਾ ਅਤੇ ਪਿੰਡਾਂ ਵਿੱਚ ਪਰਿਵਾਰਕ ਸਿਹਤ, ਰੋਗਾਂ ਦੀ ਰੋਕਥਾਮ ਅਤੇ ਸਮੇਂ ਸਿਰ ਇਲਾਜ ਦੇ ਮਹੱਤਵ ਬਾਰੇ ਜਾਗਰੂਕਤਾ ਫੈਲਾਉਣਾ ਸੀ। ਕਾਰਜ ਕ੍ਰਮ ਦਾ ਉਦਘਾਟਨ ਡਾ: ਵਿਸ਼ਵਦੀਪ ਗੋਯਲ (ਐਸ.ਬੀ.ਯੂ.ਹੈੱਡ ਅਤੇ ਜੋਨਲ ਡਾਇਰੈਕਟਰ, ਫੋਰਟਿਸ ਹਸਪਤਾਲ ਲੁਧਿਆਣਾ) ਨੇ ਕੀਤਾ । ਇਸ ਮੌਕੇ 'ਤੇ ਡਾ: ਸੰਜੀਵ ਮਹਾਜਨ (ਡਾਇਰੈਕਟਰ – ਆਥਰੋਪੀਡਿਕਸ), ਡਾ: ਪਰਮਦੀਪ ਸਿੰਘ ਸੰਧੂ (ਡਾਇਰੈਕਟਰ – ਕਾਰਡੀਓਲੋਜੀ), ਸ੍ਰੀ ਰਵੀ ਚੌਹਾਨ (ਹੈੱਡ – ਮਾਰਕਟਿੰਗ, ਫੋਰਟਿਸ ਲੁਧਿਆਣਾ) ਅਤੇ ਪਿੰਡ ਉੱਪਲ ਦੇ ਸਰਪੰਚ ਸ੍ਰੀ ਗੁਰਪ੍ਰੀਤ ਸਿੰਘ ਵੀ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ। ਜਮਾਤ ਨੂੰ ਸੰਬੋਧਨ ਕਰਦੇ ਹੋਏ ਸ੍ਰੀ ਗੁਰਪ੍ਰੀਤ ਸਿੰਘ ਨੇ ਕਿਹਾ, "ਸਰਪੰਚ ਪਿੰਡਾਂ ਵਿੱਚ ਸਿਹਤ ਸੇਵਾਵਾਂ ਅਤੇਪਰਿਵਾਰਾਂ ਦੇ ਵਿਚਕਾਰ ਪੁਲ ਵਾਂਗ ਕੰਮ ਕਰਦੇ ਹਨ । ਅਸੀਂ ਪਿੰਡਾਂ ਵਿੱਚ ਲੋਕਾਂ ਨੂੰ ਰੋਕਥਾਮ ਵਾਲੀ ਸਿਹਤ ਦੇਖਭਾਲ ਵੱਲ ਪ੍ਰੇਰਿਤ ਕਰਦੇ ਹਾਂ ਅਤੇ ਇਹ ਯਕੀਨੀ ਬਣਾਉਂਦੇ ਹਾਂ ਕਿ ਕੋਈ ਵੀ ਪਿੱਛੇ ਨਾ ਰਹਿ ਜਾਏ। ਫੋਰਟਿਸ ਦੇ ਨਾਲ ਇਹ ਸਾਂਝ ਪਿੰਡਾਂ ਦੀ ਸਿਹਤ ਸੇਵਾ ਵਿੱਚ ਇਤਿਹਾਸਕ ਬਦਲਾਅ ਲਿਆ ਸਕਦੀ ਹੈ ਕਾਰਜਕ੍ਰਮ ਦੇ ਮੁੱਖ ਆਕਰਸ਼ਣ ਵਜੋਂ ਫੋਰਟਿਸ ਦੇ ਦੋ ਸੀਨੀਅਰ ਮਾਹਿਰਾਂ ਵੱਲੋਂ ਸਿਹਤ ਸੰਬੰਧੀ ਵਿਚਾਰ ਸਾਂਝੇ ਕੀਤੇ ਗਏ। ਡਾ: ਸੰਜੀਵ ਮਹਾਜਨ, ਡਾਇਰੈਕਟਰ – ਆਥਰੋਪੀਡਿਕਸ, ਨੇ ਹੱਡੀਆਂ ਅਤੇ ਜੋੜਾਂ ਦੀ ਸਿਹਤ ਦੇ ਮਹੱਤਵ ਬਾਰੇ ਦੱਸਿਆ ਅਤੇ ਪਿੰਡਾਂ ਦੇ ਲੋਕਾਂ ਨੂੰ ਸਮੇਂ ਸਿਰ ਜਾਂਚ, ਘੱਟੋ ਜਾਂ ਚੋਟਾਂ ਦੀ ਰੋਕਥਾਮ ਅਤੇ ਨਿਯਮਤ ਵਰਜਿਸ਼ ਦੀ ਮਹੱਤਤਾ ਵੱਲ ਧਿਆਨ ਦੇਣ ਲਈ ਕਿਹਾ। ਉਨ੍ਹਾਂ ਕਿਹਾ, "ਹੱਡੀਆਂ ਅਤੇ ਜੋੜਾਂ ਦੀ ਚੰਗੀ ਸਿਹਤ ਸਰਗਰਮ ਜੀਵਨ ਦੀ ਨੀਂਹ ਹੁੰਦੀ ਹੈ। ਬਹੁਤ ਸਾਰੇ ਲੋਕ ਆਰਥੋਪੀਡਿਕ ਦੇ ਸ਼ੁਰੂਆਤੀ ਲੱਛਣਾਂ ਨੂੰ ਨਜ਼ਰਅੰਦਾਜ਼ ਕਰਦੇ ਹਨ ਜਦ ਤੱਕ ਹਾਲਤ ਗੰਭੀਰ ਨਾ ਹੋ ਜਾਏ। ਮੈਂ ਪਿੰਡਾਂ ਦੇ ਲੋਕਾਂਨੂੰ ਅਪੀਲ ਕਰਦਾ ਹਾਂ ਕਿ ਉਹ ਚੰਗੀ ਮੋਢ ਤੇ ਵਰਜ਼ਿਸ਼ ਨੂੰ ਆਪਣੀ ਰੁਟੀਨ ਬਣਾਉਣ ਅਤੇ ਸਮੇਂ ਸਿਰ ਇਲਾਜ ਲੈਣ ਦੀ ਆਦਤ ਪਾਲਣ। ਡਾ: ਪਰਮਦੀਪ ਸਿੰਘ ਸੰਧੂ, ਡਾਇਰੈਕਟਰ – ਕਾਰਡੀਓਲੋਜੀ, ਨੇ ਪਿੰਡਾਂ ਵਿੱਚ ਵਧ ਰਹੀ ਦਿਲ ਦੀ ਬਿਮਾਰੀ ਉੱਤੇ ਚਿੰਤਾ ਜਤਾਈ।

# ਇਲੈਕਟ੍ਰੋਨਿਕਸ ਦੇ ਸ਼ੋਅ ਰੂਮ 'ਚ ਲੱਗੀ ਅੱਗ, ਭਾਰੀ ਨੁਕਸਾਨ ਦਾ ਅਨੁਮਾਨ



ਮੁੱਲਾਂਪੁਰ ਦਾਖਾ, 26 ਮਈ (ਦਵਿੰਦਰ ਸਿੰਘ ਲੱਖੋਂ) : ਬੀਤੀ ਰਾਤ ਲੁਧਿਆਣਾ - ਫਿਰੋਜ਼ਪੁਰ ਮੁੱਖ ਮਾਰਗ 'ਤੇ ਸਥਿਤ ਗੁਰੂ ਨਾਨਕ ਇਲੈਕਟ੍ਰੋਨਿਕਸ ਨਾਮ ਦੇ ਸ਼ੋਅ ਰੂਮ 'ਚ ਅਚਾਨਕ ਅੱਗ ਲੱਗ ਜਾਣ ਕਾਰਣ ਅੰਦਰ ਪਿਆ ਸਮਾਨ ਸੜਕੇ ਸੁਆਹ ਹੋ ਗਿਆ। ਜਿਸਦੀ ਜਾਣਕਾਰੀ ਦਿੰਦਿਆਂ ਦੁਕਾਨ ਮਾਲਕ ਸੁਖਵੰਤ ਸਿੰਘ ਵਾਸੀ ਮਲੂਕ ਲੁਧਿਆਣਾ ਨੇ ਦੱਸਿਆ ਕਿ ਉਨ੍ਹਾਂ ਨੇ ਗੁਰੂ ਨਾਨਕ ਇਲੈਕਟ੍ਰੋਨਿਕਸ ਨਾਮ 'ਤੇ ਸ਼ੋਅ ਰੂਮ ਖੋਲ੍ਹਿਆ ਹੋਇਆ ਹੈ ਅਤੇ ਕੱਲ੍ਹ 25 ਮਈ ਨੂੰ ਐਤਵਾਰ ਹੋਣ ਕਰਕੇ ਉਹ ਆਪਣਾ ਸ਼ੋਅ ਰੂਮ ਸਾਢੇ 6 ਵਜੇ ਦੇ ਕਰੀਬ ਬੰਦ ਕਰਕੇ ਘਰ ਚਲਾ ਗਿਆ ਸੀ। ਪਰ ਰਾਤ ਸਾਢੇ 10 ਵਜੇ ਦੇ ਕਰੀਬ ਸ਼ੋਅ ਰੂਮ ਦੇ ਨਜ਼ਦੀਕ ਹੀ ਰਹਿੰਦੇ ਦੋਸਤ ਨੇ ਫੋਨ ਰਾਹੀਂ ਸ਼ੋਅ ਰੂਮ ਵਿੱਚੋਂ ਧੂੰਆਂ ਨਿਕਲਣ ਬਾਰੇ ਦੱਸਿਆ ਤਾਂ ਉਹ ਤੁਰੰਤ ਮੁੱਲਾਂਪੁਰ ਨੂੰ ਚੱਲ ਪਏ ।ਉਹਨਾਂ ਦੱਸਿਆ ਕਿ ਜਦੋਂ ਆਕੇ ਦੇਖਿਆ ਤਾਂ ਦੁਕਾਨ ਦਾ ਚਾਲਾ ਤੋੜਕੇ ਫਾਇਰ ਬ੍ਰਿਗੇਡ ਦੇ ਕਰਮਚਾਰੀਆਂ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸ਼ਹਿਰ ਵਾਸੀ ਅੱਗ ਬੁਝਾਉਣ ਵਿੱਚ ਲੱਗੇ ਹੋਏ ਸਨ।ਪਰ ਇਸਦੇ ਬਾਵਜੂਦ ਵੀ ਅੰਦਰ ਪਿਆ ਸਾਰਾ ਹੀ ਸਮਾਨ ਸੜਕੇ ਸੁਆਹ ਹੋ ਗਿਆ। ਅੱਗ ਲੱਗਣ ਦਾ ਕਾਰਣ ਭਾਵੇਂ ਸ਼ਾਟ ਸਰਕਟ ਹੋ ਸਕਦਾ ਹੈ ਪਰ ਖਬਰ ਲਿਖੇ ਜਾਣ ਤੱਕ ਅਸਲ ਕਾਰਨ ਪਤਾ ਨਹੀਂ ਸੀ ਲੱਗਾ। ਸੁਖਵੰਤ ਸਿੰਘ ਨੇ ਦੱਸਿਆ ਕਿ ਸ਼ੋਅ ਰੂਮ ਅੰਦਰ ਵੱਡੀ ਗਿਣਤੀ ਵਿੱਚ ਏ.ਸੀ, ਐਲ.ਈ.ਡੀ. ਫਰਿਜ਼ਜਾਂ, ਡੀਪ ਫਰੀਜ਼ਰ, ਇਨਵਰਟਰ ਅਤੇ ਬੈਟਰਿਆਂ ਤੋਂ ਇਲਾਵਾ ਹੋਰ ਕੀਮਤੀ ਸਮਾਨ ਪਿਆ ਸੀ।

# ਕਿਸਾਨ ਜਥੇਬੰਦੀ ਦੇ ਦੋ ਆਗੂਆਂ ਖ਼ਿਲਾਫ਼ ਦਰਜ ਕੀਤਾ ਕੇਸ ਰੱਦ ਕੀਤਾ ਜਾਵੇ : ਦਸਮੇਸ਼ ਯੂਨੀਅਨ



ਮੁੱਲਾਂਪੁਰ ਦਾਖਾ, 26 ਮਈ (ਦਵਿੰਦਰ ਸਿੰਘ ਲੱਖੋਂ) : ਦਸਮੇਸ਼ ਕਿਸਾਨ ਮਜ਼ਦੂਰ ਯੂਨੀਅਨ (ਰਜਿ:) ਜ਼ਿਲ੍ਹਾ ਲੁਧਿਆਣਾ ਦੀ ਜ਼ਿਲ੍ਹਾ ਕਾਰਜਕਾਰੀ ਕਮੇਟੀ ਦੀ ਮੀਟਿੰਗ ਹੋਈ, ਜਿਸ ਵਿੱਚ ਜਥੇਬੰਦੀ ਦੇ ਆਗੂਆਂ ਨੇ ਪ੍ਰਧਾਨ ਗੁਰਦਿਆਲ ਸਿੰਘ ਤਲਵੰਡੀ ਅਤੇ ਕਮੇਟੀ ਮੈਂਬਰ ਡਾ. ਗੁਰਮੇਲ ਸਿੰਘ ਕੁਲਾਰ ਖਿਲਾਫ ਦਰਜ ਕੇਸ ਦਾ ਗੰਭੀਰ ਨੋਟਿਸ ਲੈਂਦਿਆਂ ਇਸਦੀ ਸਖ਼ਤ ਸ਼ਬਦਾਂ ਵਿੱਚ ਜ਼ੋਰਦਾਰ ਨਿੰਦਿਆ ਕਰਦਿਆਂ ਇਸ ਵਿਰੁੱਧ ਤੇਜ਼ ਤੇ ਤਿੱਖਾ ਸੰਘਰਸ਼ ਵਿੱਢਣ ਦੀ ਪੁਰਜ਼ੋਰ ਹੱਕੀ ਆਵਾਜ਼ ਬੁਲੰਦ ਕੀਤੀ ਗਈ । ਮੀਟਿੰਗ ਨੂੰ ਸੰਬੋਧਨ ਕਰਦਿਆਂ ਵੱਖ-ਵੱਖ ਆਗੂਆਂ ਜ਼ਿਲ੍ਹਾ ਸਕੱਤਰ ਜਸਦੇਵ ਸਿੰਘ ਲਲਤੋਂ, ਜ਼ਿਲ੍ਹਾ ਖਜ਼ਾਨਚੀ ਅਮਰੀਕ ਸਿੰਘ ਤਲਵੰਡੀ, ਸਹਾਇਕ ਸਕੱਤਰ ਰਣਜੀਤ ਸਿੰਘ ਗੁੜੇ ,ਜਥੇਦਾਰ ਗੁਰਮੇਲ ਸਿੰਘ ਢੱਟ ਅਤੇ ਗੁਰਸੇਵਕ ਸਿੰਘ ਸਵੱਦੀ ਨੇ ਕਿਹਾ ਕਿ ਸਮੇਂ- ਸਮੇਂ 'ਤੇ ਕਿਸਾਨਾਂ, ਮਜ਼ਦੂਰਾਂ, ਨੌਜਵਾਨਾਂ ਸਮੇਤ ਆਮ ਲੋਕਾਂ ਦੇ ਜਾਇਜ, ਵਾਜਬ ਤੇ ਕਾਨੂੰਨੀ ਅਧਿਕਾਰਾਂ ਨੂੰ ਲਾਗੂ ਕਰਵਾਉਣ ਲਈ ਅਤੇ ਜਬਰ ਨੂੰ ਠੱਲ੍ਹ ਪਾਉਣ ਲਈ ਜਥੇਬੰਦੀ ਦੇ ਆਗੂਆਂ ਨੂੰ ਨਿਸ਼ਾਨਾ ਬਣਾਇਆ ਗਿਆ ਹੈ। ਜਿਸ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਆਗੂਆਂ ਨੇ ਮੰਗ ਕੀਤੀ ਕਿ ਮੁੱਲਾਂਪੁਰ ਪੁਲਿਸ ਮੰਦਭਾਵਨਾ ਨਾਲ ਬਣਾਇਆ ਉਪਰੋਕਤ ਕੇਸ ਫੌਰੀ ਰੱਦ ਕਰੇ, ਨਹੀਂ ਤਾਂ ਸਮੂਹ ਕਿਸਾਨ- ਮਜ਼ਦੂਰ - ਮੁਲਾਜ਼ਮ ਜਮਹੂਰੀ ਤੇ ਇਨਸਾਫ ਪਸੰਦ ਜਥੇਬੰਦੀਆਂ ਦੇ ਮੋਢੇ ਨਾਲ ਮੋਢਾ ਜੋੜ ਕੇ ਅਗਲੀ ਸਾਂਝੀ ਰਣਨੀਤੀ ਤਿਆਰ ਕਰਨ ਉਪਰੰਤ ਵਿਸ਼ਾਲ ਤੇ ਤਿੱਖਾ ਘੋਲ ਵਿੱਢਿਆ ਜਾਵੇਗਾ, ਜਿਸ ਦੀ ਜ਼ਿੰਮੇਵਾਰੀ ਪੁਲਿਸ ਪ੍ਰਸ਼ਾਸਨ ਦੀ ਹੋਵੇਗੀ।

# ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਅਰਬਨ ਅਸਟੇਟ ਫੇਸ-1, ਦੁੱਗਰੀ ਵਿਖੇ ਹਫ਼ਤਾਵਾਰੀ 2 ਰੋਜ਼ਾ ਕਥਾ ਅਤੇ ਕੀਰਤਨ ਸਮਾਗਮ : ਬੈਨੀਪਾਲ



ਲੁਧਿਆਣਾ, 26 ਮਈ (ਕਰਨੈਲ ਸਿੰਘ ਐੱਮ.ਏ.) : ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਅਰਬਨ ਅਸਟੇਟ, ਫੇਸ-1, ਦੁੱਗਰੀ ਵਿੱਚ ਹਫਤਾਵਾਰੀ 2 ਰੋਜ਼ਾ ਕਥਾ ਅਤੇ ਕੀਰਤਨ ਸਮਾਗਮ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਅਤੇ ਸੰਗਤਾਂ ਦੇ ਨਿੱਘੇ ਸਹਿਯੋਗ ਸਦਕਾ ਬੜੀ ਸ਼ਰਧਾ ਪੂਰਵਕ ਕਰਵਾਏ ਗਏ । ਜਿਨ੍ਹਾਂ ਵਿੱਚ ਸ਼ਨੀਵਾਰ ਸਵੇਰੇ ਅੰਮ੍ਰਿਤ ਵੇਲੇ ਤੋਂ ਗੁਰਬਾਣੀ ਦਾ ਪ੍ਰਵਾਹ ਆਰੰਭ ਹੋਇਆ । ਰੋਜ਼ਾਨਾ ਦੀ ਤਰ੍ਹਾਂ ਪਹਿਲਾਂ ਨਿੱਤਨੇਮ ਅਤੇ ਸੁਖਮਨੀ ਸਾਹਿਬ ਜੀ ਦੇ ਪਾਠ ਸੰਗਤੀ ਰੂਪ ਵਿੱਚ ਕੀਤੇ ਗਏ । ਗੁਰੂ ਘਰ ਦੇ ਹਜ਼ੂਰੀ ਰਾਗੀ ਭਾਈ ਜਸਵੰਤ ਸਿੰਘ, ਗਗਨਦੀਪ ਸਿੰਘ, ਅਮਨਦੀਪ ਸਿੰਘ ਦੇ ਜਥੇ ਨੇ ਸੰਗਤਾਂ ਨੂੰ ਗੁਰੂ ਜਸ ਨਾਲ ਜੋੜਿਆ । ਗਿਆਨੀ ਮਹਿੰਦਰ ਸਿੰਘ ਲੁਧਿਆਣੇ ਵਾਲਿਆਂ ਨੇ ਸੰਗਤਾਂ ਨਾਲ ਗੁਰਬਾਣੀ ਅਤੇ ਇਤਿਹਾਸਕ ਵਿਚਾਰਾਂ ਦੀ ਸਾਂਝ ਪਾਈ।

ਸ਼ਾਮ ਦੇ ਪ੍ਰੋਗਰਾਮ ਵਿੱਚ ਗਿਆਨੀ ਸੰਦੀਪ ਸਿੰਘ ਜਵੱਦੀ ਟਕਸਾਲ ਵਾਲਿਆਂ ਨੇ ਸੰਗਤਾਂ ਨਾਲ ਸੂਰਜ ਪ੍ਰਕਾਸ਼ ਦੀ ਕਥਾ ਦੀ ਵਿਆਖਿਆ ਕੀਤੀ ਅਤੇ ਸੰਗਤਾਂ ਨੂੰ ਗੁਰਬਾਣੀ ਜਸ ਨਾਲ ਜੋੜਿਆ । ਸੋਦਰੁ ਰਹਿਰਾਸ ਦੀ ਚੌਂਕੀ ਤੋਂ ਬਾਅਦ ਗਿਆਨੀ ਅੰਮ੍ਰਿਤਪਾਲ ਸਿੰਘ ਭਕਣਾ ਅੰਮ੍ਰਿਤਸਰ ਸਾਹਿਬ ਵਾਲਿਆਂ ਨੇ ਸੰਗਤਾਂ ਨੂੰ ਸੁਖਮਨੀ ਸਾਹਿਬ ਜੀ ਦੀ ਕਥਾ ਦੀ ਵਿਆਖਿਆ ਕੀਤੀ ਅਤੇ ਇਤਿਹਾਸਕ ਵਿਚਾਰਾਂ ਦੀ ਸੰਗਤਾਂ ਨਾਲ ਸਾਝ ਪਾਈ ।ਸਮਾਗਮ ਦੇ ਦੂਸਰੇ ਅਤੇ ਆਖਰੀ ਦਿਨ ਹਮੇਸ਼ਾਂ ਦੀ ਤਰ੍ਹਾਂ ਸਵੇਰੇ ਅੰਮ੍ਰਿਤ ਵੇਲੇ ਤੋਂ ਹੀ ਗੁਰਬਾਣੀ ਦਾ ਪ੍ਰਵਾਹ ਆਰੰਭ ਹੋਇਆ। ਆਸਾ ਜੀ ਦੀ ਵਾਰ ਦੇ ਕੀਰਤਨ ਅਤੇ ਸੁਖਮਨੀ ਸਾਹਿਬ ਜੀ ਦੇ ਪਾਠ ਸੰਗਤੀ ਰੂਪ ਵਿੱਚ ਕੀਤੇ ਗਏ । ਸ਼ਾਮ ਦੇ ਸਮਾਗਮਾਂ ਵਿੱਚ ਗਿਆਨੀ ਸੰਦੀਪ ਸਿੰਘ ਜੀ ਜਵੱਦੀ ਟਕਸਾਲ ਵਾਲਿਆਂ ਨੇ ਸੂਰਜ ਪ੍ਰਕਾਸ਼ ਦੀ ਕਥਾ ਦੀ ਵਿਆਖਿਆ ਕੀਤੀ । ਸੋਦਰੁ ਰਹਿਰਾਸ ਦੀ ਚੌਂਕੀ ਤੋਂ ਬਾਅਦ ਪੰਥ ਪ੍ਰਸਿੱਧ ਰਾਗੀ ਭਾਈ ਸੁਖਜਿੰਦਰ ਸਿੰਘ ਅੰਮ੍ਰਿਤਸਰ ਵਾਲਿਆਂ ਨੇ ਸੰਗਤਾਂ ਨੂੰ ਇਲਾਹੀ ਬਾਣੀ ਦੇ ਸਿਮਰਨ ਅਤੇ ਕੀਰਤਨ ਸ੍ਰਵਨ ਕਰਵਾਇਆ । ਭਾਰੀ ਗਿਣਤੀ ਵਿੱਚ ਸੰਗਤਾਂ ਨੇ ਹਾਜ਼ਰੀ ਭਰੀ ਅਤੇ ਆਪਣਾ ਜੀਵਨ ਸਫਲਾ ਕੀਤਾ। ਗੁਰੂ ਘਰ ਦੇ ਮੁੱਖ ਸੇਵਾਦਾਰ ਕੁਲਵਿੰਦਰ ਸਿੰਘ ਬੈਨੀਪਾਲ, ਬਲਬੀਰ ਸਿੰਘ ਅਤੇ ਪਰਮਿੰਦਰ ਸਿੰਘ ਨੇ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾਓ ਨਾਲ ਭਾਈ ਸੁਖਜਿੰਦਰ ਸਿੰਘ ਹਜ਼ੂਰੀ ਰਾਗੀ ਸ਼ ?ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਾਲਿਆਂ ਦੇ ਕੀਰਤਨੀ ਜੱਥੇ ਦਾ ਸਨਮਾਨ ਕੀਤਾ। ਗੁਰੂ ਘਰ ਦੇ ਮੁੱਖ ਸੇਵਾਦਾਰ ਕੁਲਵਿੰਦਰ ਸਿੰਘ ਬੈਨੀਪਾਲ ਨੇ ਆਈਆਂ ਸੰਗਤਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਸੰਗਤਾਂ ਸਮੇਂ ਸਿਰ ਗੁਰੂ ਘਰ ਆ ਕੇ ਕਥਾ ਅਤੇ ਕੀਰਤਨ ਦਾ ਆਨੰਦ ਮਾਣਿਆ ਕਰਨ ਅਤੇ ਆਪਣਾ ਜੀਵਨ ਸਫਲਾ ਕਰਨ। ਅਰਦਾਸ, ਹੁਕਮਨਾਮੇ ਉਪਰੰਤ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ।

# ਪ੍ਰਸ਼ਾਸਨ ਆਜ਼ਾਦ ਅਤੇ ਨਿਰਪੱਖ ਉਪ ਚੋਣ ਕਰਵਾਉਣ ਲਈ ਵਚਨਬੱਧ : ਡੀ.ਈ.ਓ. ਹਿਮਾਂਸ਼ੂ ਜੈਨ



ਲੁਧਿਆਣਾ, 26 ਮਈ (ਵਿਸ਼ਾਲ ਸ਼ਰਮਾ) : ਲੁਧਿਆਣਾ ਪੱਛਮੀ ਉਪ ਚੋਣ ਲਈ 19 ਜੂਨ ਨੂੰ ਹੋਣ ਵਾਲੀ ਵੋਟਿੰਗ ਦੌਰਾਨ ਕੁੱਲ 174,437 ਵੋਟਰ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕਰਨਗੇ ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਧਿਕਾਰੀ ਹਿਮਾਂਸ਼ੂ ਜੈਨ ਨੇ ਦੱਸਿਆ ਕਿ ਪ੍ਰਸ਼ਾਸਨ ਵੋਟਿੰਗ ਦੀ ਸਹੂਲਤ ਲਈ 66 ਥਾਵਾਂ 'ਤੇ 192 ਪੋਲਿੰਗ ਸਟੇਸ਼ਨ ਸਥਾਪਤ ਕੀਤੇ ਗਏ ਹਨ। ਵੋਟਰ ਜਨਸੰਖਿਆ ਵਿੱਚ 89,602 ਪੁਰਸ਼, 84,825 ਔਰਤਾਂ ਅਤੇ ਲੁਧਿਆਣਾ ਪੱਛਮੀ ਵਿਧਾਨ ਸਭਾ ਵਿੱਚ ਤੀਜੇ ਲਿੰਗ ਵਜੋਂ ਪਛਾਣੇ ਜਾਣ ਵਾਲੇ 10 ਵਿਅਕਤੀ ਸ਼ਾਮਲ ਹਨ। ਇਸ ਤੋਂ ਇਲਾਵਾ, ਵੋਟਰਾਂ ਵਿੱਚ 100 ਸੇਵਾ ਵੋਟਰ, 2,039 ਸੀਨੀਅਰ ਨਾਗਰਿਕ, 2,896 ਨੌਜਵਾਨ ਵੋਟਰ (18-19 ਸਾਲ ਦੀ ਉਮਰ),17 ਵਿਦੇਸ਼ੀ ਵੋਟਰ ਅਤੇ 1,234 ਅਪਾਹਜ ਵਿਅਕਤੀ (ਪੀਡਬਲਯੂਡੀ) ਸ਼ਾਮਲ ਹਨ। ਵੋਟਿੰਗ ਦੇ ਤਜਰਬੇ ਨੂੰ ਵਧਾਉਣ ਲਈ ਪ੍ਰਸ਼ਾਸਨ 10 ਮਾਡਲ ਪੋਲਿੰਗ ਬੂਥ ਸਥਾਪਤ ਕਰੇਗਾ। ਇਨ੍ਹਾਂ ਵਿੱਚ ਇੱਕ ਔਰਤਾਂ ਦੁਆਰਾ ਪ੍ਰਬੰਧਿਤ ਇੱਕ ਪੀਡਬਲਯੂਡੀ ਸਟਾਫ ਦੁਆਰਾ ਅਤੇ ਇੱਕ ਵਾਤਾਵਰਣ-ਅਨੁਕੂਲ ਹਰਾ ਪੋਲਿੰਗ ਬੂਥ ਸ਼ਾਮਲ ਹਨ। ਪੋਲਿੰਗ ਸਵੇਰੇ 7 ਵਜੇ ਤੋਂ ਸ਼ਾਮ 6 ਵਜੇ ਤੱਕ ਹੋਵੇਗੀ, ਵੋਟਾਂ ਦੀ ਗਿਣਤੀ 23 ਜੂਨ, 2025 ਨੂੰ ਨਿਰਧਾਰਤ ਕੀਤੀ ਗਈ ਹੈ। ਚੋਣ ਪ੍ਰੋਗਰਾਮ ਦੇ ਅਨੁਸਾਰ ਉਪ ਚੋਣ ਲਈ ਨੋਟੀਫਿਕੇਸ਼ਨ ਅੱਜ ਜਾਰੀ ਕੀਤਾ ਗਿਆ ਹੈ। ਨਾਮਜ਼ਦਗੀਆਂ ਦਾਖਲ ਕਰਨ ਦੀ ਆਖਰੀ ਮਿਤੀ 2 ਜੂਨ ਹੈ ਅਤੇ ਨਾਮਜ਼ਦਗੀ ਪੱਤਰਾਂ ਦੀ ਜਾਂਚ 3 ਜੂਨ ਨੂੰ ਹੋਵੇਗੀ। ਉਮੀਦਵਾਰਾਂ ਨੂੰ ਵਾਪਸ ਲੈਣ ਦੀ ਆਖਰੀ ਮਿਤੀ 5 ਜੂਨ ਹੈ। ਪੋਲਿੰਗ 19 ਜੂਨ ਨੂੰ ਸਵੇਰੇ 7 ਵਜੇ ਤੋਂ ਸ਼ਾਮ 6 ਵਜੇ ਤੱਕ ਹੋਵੇਗੀ, ਜਿਸਦੀ ਗਿਣਤੀ 23 ਜੂਨ ਨੂੰ ਹੋਵੇਗੀ। ਨਾਮਜ਼ਦਗੀਆਂ ਸਵੇਰੇ 11 ਵਜੇ ਤੋਂ ਦੁਪਹਿਰ 3 ਵਜੇ ਦੇ ਵਿਚਕਾਰ ਸਵੀਕਾਰ ਕੀਤੀਆਂ ਜਾਣਗੀਆਂ ਦਾਖਲ ਕਰਨ ਦੀ ਪ੍ਰਕਿਰਿਆ ਦੌਰਾਨ ਉਮੀਦਵਾਰ ਸਮੇਤ ਸਿਰਫ਼ ਪੰਜ ਵਿਅਕਤੀਆਂ ਨੂੰ ਹੀ ਇਜਾਜ਼ਤ ਹੋਵੇਗੀ। ਉਮੀਦਵਾਰਾਂ ਨੂੰ ਰਾਜ ਦੇ ਅੰਦਰ ਕਿਸੇ ਵੀ ਹਲਕੇ ਵਿੱਚ ਰਜਿਸਟਰਡ ਵੋਟਰ ਹੋਣਾ ਚਾਹੀਦਾ ਹੈ। ਜਨਰਲ ਵਰਗ ਦੇ ਉਮੀਦਵਾਰਾਂ ਲਈ 10,000 ਰੁਪਏ ਅਤੇ SC, ST ਉਮੀਦਵਾਰਾਂ ਲਈ 5,000 ਰੁਪਏ ਦੀ ਸੁਰੱਖਿਆ ਜਮ੍ਹਾਂ ਰਾਸ਼ੀ ਨਾਮਜ਼ਦਗੀ ਭਰਨ ਤੋਂ ਪਹਿਲਾਂ ਜਾਂ ਦੌਰਾਨ ਜਮ੍ਹਾਂ ਕਰਵਾਉਣੀ ਹੈ। ਇਸ ਤੋਂ ਇਲਾਵਾ ਉਮੀਦਵਾਰਾਂ ਜਾਂ ਰਾਜਨੀਤਿਕ ਪਾਰਟੀਆਂ ਦੁਆਰਾ 10,000 ਰੁਪਏ ਤੋਂ ਵੱਧ ਦਾ ਕੋਈ ਵੀ ਚੋਣ ਖਰਚਾ ਕਰਾਸ ਅਕਾਊਂਟ ਪੇਈ ਚੈੱਕ, ਡਰਾਫਟ, RTGS, NEFT ਜਾਂ ਚੋਣ ਉਦੇਸ਼ਾਂ ਲਈ ਖੋਲ੍ਹੇ ਗਏ ਉਮੀਦਵਾਰ ਦੇ ਬੈਂਕ ਖਾਤੇ ਨਾਲ ਜੁੜੇ ਕਿਸੇ ਹੋਰ ਇਲੈਕਟਰਾਨਿਕ ਮੋਡ ਦੀ ਵਰਤੋਂ ਕਰਕੇ ਕੀਤਾ ਜਾਣਾ ਚਾਹੀਦਾ ਹੈ।

# ਚੋਣ ਰੈਲੀ 'ਚ ਐਮ.ਪੀ. ਅਰੋੜਾ ਦਾ ਢੋਲ, ਫੁੱਲਾਂ ਅਤੇ ਨਾਅਰਿਆਂ ਨਾਲ ਨਿੱਘਾ ਸਵਾਗਤ



ਲੁਧਿਆਣਾ, 26 ਮਈ (ਵਿਸ਼ਾਲ ਸ਼ਰਮਾ) : ਰਾਜ ਸਭਾ ਮੈਂਬਰ ਸੰਜੀਵ ਅਰੋੜਾ ਦਾ ਐਤਵਾਰ ਸ਼ਾਮ ਨੂੰ ਹੈਬੋਵਾਲ ਇਲਾਕੇ ਦੇ ਗੋਪਾਲ ਨਗਰ ਵਿਖੇ ਹੋਈ ਚੋਣ ਰੈਲੀ ਦੌਰਾਨ ਆਮ ਆਦਮੀ ਪਾਰਟੀ (ਆਪ) ਦੇ ਵਰਕਰਾਂ ਨੇ ਨਿੱਘਾ ਸਵਾਗਤ ਕੀਤਾ। ਉਨ੍ਹਾਂ ਦਾ ਸਵਾਗਤ ਢੋਲ, ਫੁੱਲਾਂ ਦੀ ਵਰਖਾ ਅਤੇ ਹਾਰਾਂ ਨਾਲ ਕੀਤਾ ਗਿਆ। ਪਾਰਟੀ ਦੇ ਉਤਸ਼ਾਹੀ ਮੈਂਬਰਾਂ ਜਿਨ੍ਹਾਂ ਵਿੱਚ ਮਰਦ ਅਤੇ ਔਰਤਾਂ ਦੋਵੇਂ ਸ਼ਾਮਲ ਸਨ, ਨੇ ਪਾਰਟੀ ਦੇ ਝੰਡੇ ਲਹਿਰਾਏ ਅਤੇ 'ਆਪ' ਅਤੇ ਅਰੋੜਾ ਦੇ ਸਮਰਥਨ ਵਿੱਚ ਨਾਅਰੇ ਲਗਾਏ। ਇਕੱਠ ਨੂੰ ਸੰਬੋਧਨ ਕਰਦਿਆਂ ਅਰੋੜਾ ਨੇ ਨਿੱਘਾ ਸਵਾਗਤ ਲਈ ਸਾਰਿਆਂ ਦਾ ਧੰਨਵਾਦ ਕੀਤਾ। ਉਨ੍ਹਾਂ ਨੇ ਸ਼ਹਿਰ ਭਰ ਵਿੱਚ ਕੀਤੇ ਗਏ ਮਹੱਤਵਪੂਰਨ ਵਿਕਾਸ ਕਾਰਜਾਂ ਨੂੰ ਉਜਾਗਰ ਕਰਦੇ ਹੋਏ ਤਿੰਨ ਸਾਲਾਂ ਦਾ ਰਿਪੋਰਟ ਕਾਰਡ ਪੇਸ਼ ਕੀਤਾ ਅਤੇ ਨਿਵਾਸੀਆਂ ਨੂੰ ਭਰੋਸਾ ਦਿੱਤਾ ਕਿ ਜੇਕਰ ਉਹ ਸੱਤਾ ਵਿੱਚ ਆਏ ਤਾਂ ਉਹ ਅਣਥੱਕ ਕੰਮ ਕਰਦੇ ਰਹਿਣਗੇ। ਉਨ੍ਹਾਂ ਵੋਟਰਾਂ ਨੂੰ ਵਿਕਾਸ ਲਈ ਵੋਟ ਪਾਉਣ ਦੀ ਅਪੀਲ ਕੀਤੀ ਅਤੇ ਕਿਹਾ ਕਿ ਆਉਣ ਵਾਲੀਆਂ ਚੋਣਾਂ ਵਿੱਚ ਇਹੀ ਉਨ੍ਹਾਂ ਦਾ ਇੱਕੋ ਇੱਕ ਏਜੰਡਾ ਹੈ। ਅਰੋੜਾ ਨੇ 'ਆਪ' ਦੇ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਦੀ ਲੋਕ-ਪੱਖੀ ਨੀਤੀਆਂ ਅਤੇ ਪ੍ਰੋਗਰਾਮਾਂ ਨੂੰ ਲਾਗੂ ਕਰਨ ਲਈ ਪ੍ਰਸ਼ੰਸਾ ਕੀਤੀ। ਉਨ੍ਹਾਂ ਨੇ ਵਿਸ਼ੇਸ਼ ਤੌਰ 'ਤੇ ਸਿੱਖਿਆ ਖੇਤਰ ਵਿੱਚ ਹੋਈ ਪ੍ਰਗਤੀ 'ਤੇ ਚਾਨਣਾ ਪਾਇਆ ਸਰਕਾਰੀ ਸਕੂਲਾਂ ਦੇ ਮਿਆਰਾਂ ਵਿੱਚ ਕਾਫ਼ੀ ਸੁਧਾਰ ਦਾ ਜ਼ਿਕਰ ਕੀਤਾ। ਉਨ੍ਹਾਂ ਮਾਪਿਆਂ ਨੂੰ ਆਪਣੇ ਬੱਚਿਆਂ ਨੂੰ ਸਰਕਾਰੀ ਸਕੂਲਾਂ ਵਿੱਚ ਦਾਖਲ ਕਰਵਾਉਣ ਦੀ ਅਪੀਲ ਕੀਤੀ ਅਤੇ ਸਿੱਖਿਆ ਦੀ ਪਰਿਵਰਤਨਸ਼ੀਲ ਸ਼ਕਤੀ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਬੱਚੇ ਸਾਡੇ ਭਵਿੱਖ ਦੇ ਇੰਜੀਨੀਅਰ, ਡਾਕਟਰ ਅਤੇ ਆਗੂ ਹਨ।

# ਬੀ.ਕੇ.ਯੂ. ਚੜੂਨੀ ਦਾ ਮਕਸਦ ਹੀ ਲੋਕ ਮਸਲਿਆਂ ਨੂੰ ਹੱਲ ਕਰਵਾ ਕੇ ਇਨਸਾਫ਼ ਦਿਵਾਉਣਾ : ਚੜੂਨੀ



ਲੁਧਿਆਣਾ, 26 ਮਈ (ਰਵਿੰਦਰ ਸਿੰਘ ਨਿੱਝਰ): ਭਾਰਤੀ ਕਿਸਾਨ ਯੂਨੀਅਨ ਚੜੂਨੀ ਦੀ ਅਹਿਮ ਮੀਟਿੰਗ ਲੁਧਿਆਣਾ ਵਿਖੇ ਹੋਈ। ਰਾਸ਼ਟਰੀ ਪ੍ਰਧਾਨ ਗੁਰਨਾਮ ਸਿੰਘ ਚੜੂਨੀ ਦੀ ਅਗਵਾਈ ਹੇਠ ਹੋਈ ਇਸ ਵਿਸ਼ੇਸ਼ ਮੀਟਿੰਗ ਦੌਰਾਨ ਪੰਜਾਬ ਅਤੇ ਹਿਮਾਚਲ ਦੇ ਇੰਚਾਰਜ ਮਨਜੋਤ ਸਿੰਘ ਗਰੇਵਾਲ ਤੋਂ ਇਲਾਵਾ ਜਗਜੀਤ ਸਿੰਘ ਅਰੋੜਾ ਜਨਰਲ ਸਕੱਤਰ ਪੰਜਾਬ, ਅਮਰਿੰਦਰ ਸਿੰਘ ਹੈਪੀ ਪੰਜਾਬ ਪ੍ਰਧਾਨ, ਇੰਦਰਪਾਲ ਸਿੰਘ ਬੈਂਸ ਯੂਥ ਪ੍ਰਧਾਨ ਪੰਜਾਬ, ਰੋਸ਼ਨ ਸਿੰਘ ਸਾਗਰ ਸੀਨੀਅਰ ਮੀਤ ਪ੍ਰਧਾਨ ਪੰਜਾਬ ਤੋਂ ਇਲਾਵਾ ਲੁਧਿਆਣਾ ਦੇ ਜਿਲ੍ਹਾ ਪੱਧਰੀ ਆਗੂਆਂ ਸਮੇਤ ਵੱਖ ਵੱਖ ਜ਼ਿਲ੍ਹਿਆਂ ਦੇ ਪ੍ਰਧਾਨਾਂ ਨੇ ਵੀ ਇਸ ਮੀਟਿੰਗ ਵਿੱਚ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕੀਤੀ। ਇਸ ਮੌਕੇ ਆਪਣੇ ਸੰਬੋਧਨ ਸਮੇਂ ਜਿੱਥੇ ਚੜੂਨੀ ਨੇ ਸੰਗਠਨ ਨੂੰ ਮਜ਼ਬੂਤ ਕਰਨ ਲਈ ਇੱਕਜੁਟਤਾ ਦਰਸਾਉਣ ਅਤੇ ਨਵੀਂ ਮੈਂਬਰਸ਼ਿਪ ਬਣਾਉਣ ਅਤੇ ਜ਼ਿਲ੍ਹਾ ਪੱਧਰੀ ਮੀਟਿੰਗਾਂ ਕਰਵਾਉਣ 'ਤੇ ਜ਼ੋਰ ਦਿੱਤਾ। ਉਥੇ ਹੀ ਉਹਨਾਂ ਕਿਹਾ ਕਿ ਸਾਡੀ ਇਸ ਯੂਨੀਅਨ ਦਾ ਮਕਸਦ ਲੋਕ ਮਸਲਿਆਂ ਨੂੰ ਹੱਲ ਕਰਵਾਉਣਾ ਅਤੇ ਉਹਨਾਂ ਨੂੰ ਇਨਸਾਫ ਦਿਵਾਉਣਾ ਹੈ। ਇਸ ਮੌਕੇ ਜਗਜੀਤ ਸਿੰਘ ਅਰੋੜਾ ਅਤੇ ਹੋਰਨਾਂ ਆਗੂਆਂ ਨੇ ਆਪੋ ਆਪਣੇ ਵਿਚਾਰ ਪੇਸ ਕਰਦਿਆਂ ਯੂਨੀਅਨ ਦੇ ਜੱਥੇਬੰਦਕ ਢਾਂਚੇ ਨੂੰ ਮਜ਼ਬੂਤ ਕਰਨ ਸਮੇਤ ਜ਼ਿਲ੍ਹਾ ਲੁਧਿਆਣਾ ਨਾਲ ਸਬੰਧਤ ਸਹਿਰੀ ਅਤੇ ਪੇਂਡੂ ਖੇਤਰਾਂ ਦੇ ਵਿੱਚ ਸਰਕਾਰ ਦੇ ਨਾਮ ਤੇ ਲੋਕਾਂ ਦੇ ਨਾਲ ਕੀਤੀ ਜਾ ਰਹੀ ਧੱਕੇਸ਼ਾਹੀ ਦੇ ਖਿਲਾਫ ਆਵਾਜ਼ ਬੁਲੰਦ ਕਰਦੇ ਹੋਏ ਓਨ੍ਹਾਂ ਲੋਕਾਂ ਦਾ ਸਾਥ ਦੇਣ ਦੀ ਅਪੀਲ ਵੀ ਕੀਤੀ। ਇਸ ਮੌਕੇ ਗੁਰਚਰਨ ਸਿੰਘ ਸ਼ਾਹਕੋਟੀ, ਸੁਖਦੇਵ ਸਿੰਘ ਕਨੀਜਾ, ਹਰਦੀਪ ਸਿੰਘ ਬਾਜੜਾ, ਰੋਸ਼ਨ ਸਿੰਘ ਸਰਪੰਚ, ਕੈਪਟਨ ਮਲਕੀਤ ਸਿੰਘ ਵਾਲੀਆ, ਕੈਪਟਨ ਕੁਲਵੰਤ ਸਿੰਘ ਆਦਿ ਵੀ ਹਾਜ਼ਰ ਸਨ।

# ਇੰਡੀਅਨ ਪਬਲਿਕ ਸਕੂਲ ਦੇ ਬੱਚਿਆਂ ਨੇ ਪੂਲ ਪਾਰਟੀ ਦਾ ਆਨੰਦ ਮਾਣਿਆ



ਲੁਧਿਆਣਾ, 2 6 ਮਈ (ਰਵਿੰਦਰ ਸਿੰਘ ਨਿੱਝਰ) : ਇੰਡੀਅਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ, ਲੁਧਿਆਣਾ ਦੇ ਕਿੰਡਰ ਗਾਰਟਨ ਨੇ ਗਰਮੀ ਦੇ ਮੌਸਮ ਦਾ ਸਵਾਗਤ ਕਰਨ ਲਈ ਆਪਣੇ ਨੰਨ੍ਹੇ ਵਿਦਿਆਰਥੀਆਂ ਲਈ ਇੱਕ ਰੰਗਾ ਰੰਗ ਪੂਲ ਪਾਰਟੀ ਦਾ ਆਯੋਜਨ ਕੀਤਾ ਗਿਆ ।ਸਕੂਲ ਨੂੰ ਬਹੁਤ ਹੀ ਸੁੰਦਰ ਤਰੀਕੇ ਨਾਲ ਸਜਾਇਆ ਗਿਆ ਅਤੇ ਇਨਫਲੇਟੇਬਲ ਪੂਲ ਅਤੇ ਖਿਡੌਣਿਆਂ ਨਾਲ ਇੱਕ ਛੋਟੇ ਜਹਾਜ਼ ਵਾਂਗੂ ਬਣਾਇਆ ਗਿਆ ।ਬੱਚਿਆਂ ਨੇ ਆਪਣੇ ਮਨਪਸੰਦ ਸਵਿਮ ਸੂਟ ਪਹਿਨ ਕੇ ਪਾਣੀ ਵਿੱਚ ਤੈਰਾਕੀ ਕੀਤੀ ਅਤੇ ਪੰਜਾਬੀ ਗੀਤਾਂ ਦੀ ਧੁੰਨ 'ਤੇ ਜੰਮ ਕੇ ਨਾਚ ਕੀਤਾ। ਇਹ ਸਾਰੀਆਂ ਗਤੀਵਿਧੀਆਂ ਉਨ੍ਹਾਂ ਦੇ ਅਧਿਆਪਕਾਂ ਦੀ ਨਿਗਰਾਨੀ ਹੇਠ ਕੀਤੀਆਂ ਗਈਆਂ। ਅਧਿਆਪਕਾਂ ਅਤੇ ਸਟਾਫ ਨੇ ਵੀ ਬੱਚਿਆਂ ਦੇ ਨਾਲ ਨੱਚਣ ਅਤੇ ਗਾਉਣ ਵਿੱਚ ਭਾਗ ਲਿਆ। ਪੂਲ ਪਾਰਟੀ ਨਾਲ ਬੱਚਿਆਂ ਨੂੰ ਯਾਦਗਾਰ ਪਲ ਮਿਲੇ ਅਤੇ ਗਰਮੀ ਦੀ ਛੁੱਟੀਆਂ ਲਈ ਉਤਸ਼ਾਹ ਵਧਿਆ। ਸਕੂਲ ਦੇ ਚੇਅਰਮੈਨ ਸੁਰਿੰਦਰਪਾਲ ਗਰਗ, ਮੈਨੇਜਿੰਗ ਡਾਇਰੈਕਟਰ ਸ਼੍ਰੀਮਤੀ ਸਰਿਤਾ ਗਰਗ ਅਤੇ ਡਾਇਰੈਕਟਰ ਗੌਰਵ ਗਰਗ ਨੇ ਕਿੰਡਰ ਗਾਰਟਨ ਕਲਾਸਾਂ ਦੇ ਵਿਦਿਆਰਥੀਆਂ ਨੂੰ ਸ਼ੁਭ-ਕਾਮਨਾਵਾਂ ਦਿੱਤੀਆਂ।

# ਉਪਜਾਊ ਜ਼ਮੀਨਾਂ ਉੱਪਰ ਕਿਸੇ ਵੀ ਕਿਸਮ ਦਾ ਕਬਜ਼ਾ ਨਹੀਂ ਹੋਣ ਦਿਆਂਗੇ : ਕੁਲਵੰਤ ਸੰਧੂ




ਡੇਹਲੋਂ, 26 ਮਈ (ਅਮਰਜੀਤ ਸਿੰਘ ਸੰਧੂ/ਰਣਬੀਰ ਸਿੰਘ ਮਹਿਮੀ) : ਜਮਹੂਰੀ ਕਿਸਾਨ ਸਭਾ ਪੰਜਾਬ ਦੀ ਜ਼ਿਲ੍ਹਾ ਪੱਧਰੀ ਮੀਟਿੰਗ ਪਿੰਡ ਕਿਲਾ ਰਾਏਪੁਰ ਵਿੱਚ ਸਥਿਤ ਦਫਤਰ ਵਿਖੇ ਪ੍ਰਧਾਨ ਬਲਰਾਜ ਸਿੰਘ ਕੋਟਉਮਰਾ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਨੂੰ ਸੰਬੋਧਨ ਕਰਨ ਲਈ ਵਿਸ਼ੇਸ਼ ਤੌਰ 'ਤੇ ਪੁੱਜੇ ਜਮਹੂਰੀ ਕਿਸਾਨ ਸਭਾ ਪੰਜਾਬ ਦੇ ਸੂਬਾਈ ਜਨਰਲ ਸਕੱਤਰ ਕੁਲਵੰਤ ਸਿੰਘ ਨੇ ਆਖਿਆ ਕਿ ਸਰਕਾਰ ਵੱਲੋਂ ਲੁਧਿਆਣੇ ਦੇ ਦਰਜਨਾਂ ਪਿੰਡਾਂ ਦੀ ਹਜ਼ਾਰਾਂ ਏਕੜ ਜ਼ਮੀਨ ਐਕੁਵਾਇਰ ਕਰਕੇ ਅਰਬਨ ਸਟੇਟ ਬਣਾਉਣ ਦੀ ਜੋ ਯੋਜਨਾ ਉਲੀਕੀ ਹੈ, ਉਹ ਕਿਸੇ ਵੀ ਤਰ੍ਹਾਂ ਕਿਸਾਨਾਂ ਮਜ਼ਦੂਰਾਂ ਅਤੇ ਆਮ ਲੋਕਾਂ ਦੇ ਹਿੱਤ ਵਿੱਚ ਨਹੀਂ ਹੈ। ਉਹਨਾਂ ਆਖਿਆ ਕਿ ਵੱਡੀਆਂ ਬਹੁ ਰਾਸ਼ਟਰੀ ਕੰਪਨੀਆਂ ਦੇ ਦਬਾਅ ਅਧੀਨ ਕੰਮ ਕਰ ਰਹੀ ਸੂਬਾ ਸਰਕਾਰ ਪਹਿਲਾਂ ਹੀ ਘਾਟੇ ਵਿੱਚ ਚੱਲ ਰਹੇ ਖੇਤੀ ਦੇ ਧੰਦੇ ਵਿੱਚੋਂ ਕਿਸਾਨਾਂ ਅਤੇ ਮਜ਼ਦੂਰਾਂ ਨੂੰ ਬਾਹਰ ਕੱਢਣਾ ਚਾਹੁੰਦੀ ਹੈ ਅਤੇ ਖੇਤੀ ਦੇ ਧੰਦੇ ਨੂੰ ਕਾਰਪੋਰੇਟਾਂ ਦੇ ਹਵਾਲੇ ਕਰਕੇ ਲੋਕਾਂ ਦੀ ਅੰਨੀ ਲੁੱਟ ਕਰਨਾ ਚਾਹੁੰਦੀ ਹੈ। ਜਿਸ ਨਾਲ ਜਿੱਥੇ ਬੇਰੁਜ਼ਗਾਰੀ ਅਤੇ ਮਹਿੰਗਾਈ ਵਿੱਚ ਅਥਾਹ ਵਾਧਾ ਹੋਵੇਗਾ, ਉੱਥੇ ਇਸ ਦੇ ਨਾਲ ਹੀ ਅਨਾਜ ਦੀ ਥੁੜ ਪੈਦਾ ਹੋਣ ਦਾ ਖਤਰਾ ਵੀ ਹੈ। ਉਹਨਾਂ ਆਖਿਆ ਕਿ ਸਰਕਾਰ ਨੂੰ ਚਾਹੀਦਾ ਹੈ ਕਿ ਬੇਆਬਾਦ ਪਈਆਂ ਜ਼ਮੀਨਾਂ ਵਿੱਚ ਖੇਤੀ ਅਧਾਰਿਤ ਇੰਡਸਟਰੀ ਲਗਾ ਕੇ ਲੋਕਾਂ ਨੂੰ ਜਿੱਥੇ ਰੁਜ਼ਗਾਰ ਦਿੱਤਾ ਜਾਵੇ ਉੱਥੇ ਖੇਤੀ ਅਧਾਰਤ ਸਨਅਤਾਂ ਲੱਗਣ ਦੇ ਨਾਲ ਫਸਲਾਂ ਦੇ ਲਾਹੇਵੰਦ ਭਾਵ ਮਿਲਣ ਦੀ ਵੀ ਸੰਭਾਵਨਾ ਹੈ। ਪਰ ਸਰਕਾਰ ਉਸ ਪਾਸਿਓਂ ਆਪਣਾ ਧਿਆਨ ਪਰੇ ਕਰਕੇ ਕੇ ਕਾਰਪੋਰੇਟਾਂ ਦੇ ਆਸਰੇ ਲੋਕਾਂ ਨੂੰ ਛੱਡ ਦੇਣਾ ਚਾਹੁੰਦੀ ਹੈ। ਉਹਨਾਂ ਕਿਹਾ ਕਿ ਸਰਕਾਰ ਦੀਆਂ ਅਜਿਹੀਆਂ ਚਾਲਾਂ ਨੂੰ ਇਲਾਕੇ ਦੇ ਲੋਕ ਕਦੇ ਵੀ ਕਾਮਯਾਬ ਨਹੀਂ ਹੋਣ ਦੇਣਗੇ।

# ਦੋਸਤ ਨਾਲ ਸਾਈਕਲ 'ਤੇ ਘੁੰਮਣ ਗਏ ਨੌਜਵਾਨ ਦੀ ਮਿਲੀ ਲਾਸ਼

## ☛ਪਰਿਵਾਰਕ ਮੈਂਬਰਾਂ ਦਾ ਦੋਸ਼ ਹੈ ਕਿ ਉਨ੍ਹਾਂ ਦੇ ਪੁੱਤਰ ਦਾ ਕੀਤਾ ਗਿਆ ਕਤਲ

ਜਲੰਧਰ, 26 ਮਈ (ਚ.ਨ.ਸ): ਇਥੋਂ ਦੇ ਨਿਊ ਜਵਾਹਰ ਨਗਰ ਵਾਸੀ ਨੌਜਵਾਨ ਦੀ ਲਾਸ਼ ਸ਼ਨਿਚਰਵਾਰ ਸਵੇਰੇ ਫੋਲੜੀਵਾਲ ਦੇ ਗੰਦੇ ਨਾਲੇ ਨੇੜਿਉਂ ਮਿਲੀ ਹੈ। ਪਰਿਵਾਰ ਮੁਤਾਬਕ ਉਨ੍ਹਾਂ ਦਾ ਪੁੱਤਰ ਸ਼ੁੱਕਰਵਾਰ ਰਾਤ ਆਪਣੇ ਦੋਸਤਾਂ ਨਾਲ ਸਾਈਕਲ 'ਤੇ ਘੁੰਮਣ ਗਿਆ ਸੀ। ਪਰਿਵਾਰਕ ਮੈਂਬਰਾਂ ਦਾ ਦੋਸ਼ ਹੈ ਕਿ ਉਨ੍ਹਾਂ ਦੇ ਪੁੱਤਰ ਦਾ ਕਤਲ ਕੀਤਾ ਗਿਆ ਹੈ ਪਰ ਜਾਂਚ ਅਧਿਕਾਰੀ ਨੇ ਖਦਸ਼ਾ ਪ੍ਰਗਟ ਕੀਤਾ ਹੈ ਕਿ ਨੌਜਵਾਨ ਦੀ ਮੌਤ ਮਿਰਗੀ ਦੇ ਦੌਰੇ ਕਾਰਨ ਹੋਈ ਹੈ। ਮੌਤ ਦੇ ਸਹੀ ਕਾਰਨਾਂ ਦਾ ਪਤਾ ਪੋਸਟਮਾਰਟਮ ਰਿਪੋਰਟ ਆਉਣ ਤੋਂ ਬਾਅਦ ਹੀ ਲੱਗ ਸਕੇਗਾ। ਫਿਲਹਾਲ, ਪੁਲਿਸ ਨੇ ਸੀਆਰਪੀਸੀ ਦੀ ਧਾਰਾ-174 ਤਹਿਤ ਕਾਰਵਾਈ ਕੀਤੀ ਹੈ। ਕ੍ਰਿਸ਼ਨਪਾਲ ਨੇ ਪੁਲਿਸ ਨੂੰ ਦੱਸਿਆ ਕਿ ਉਸ ਦਾ 19 ਸਾਲਾ ਪੁੱਤਰ ਕੁਲਪ੍ਰੀਤ ਯਾਦਵ ਸ਼ੁੱਕਰਵਾਰ ਸ਼ਾਮ ਨੂੰ ਆਪਣੇ ਦੋਸਤਾਂ ਨਾਲ ਸਾਈਕਲ 'ਤੇ ਘਰੋਂ ਨਿਕਲਿਆ ਸੀ ਤੇ ਰਾਤ ਇਕ ਵਜੇ ਤੱਕ ਘਰ ਨਹੀਂ ਪਰਤਿਆ। ਉਨ੍ਹਾਂ ਉਸ ਦੀ ਗੁੰਮਸ਼ੁਦਗੀ ਦੀ ਰਿਪੋਰਟ ਪੁਲਿਸ ਸਟੇਸ਼ਨ 'ਚ ਦਰਜ ਕਰਵਾਈ ਗਈ। ਪੀੜਤ ਅਨੁਸਾਰ ਸਵੇਰੇ ਉਸ ਨੂੰ ਜਲੰਧਰ ਹਾਈਟਸ ਪੁਲਿਸ ਚੌਕੀ ਤੋਂ ਫੋਨ ਆਇਆ ਕਿ ਉਸ ਦੇ ਪੁੱਤਰ ਵਰਗੇ ਦਿਖਾਈ ਦੇਣ ਵਾਲੇ ਇਕ ਨੌਜਵਾਨ ਦੀ ਲਾਸ਼ ਫੋਲੜੀਵਾਲ ਗੰਦੇ ਨਾਲੇ ਕੋਲ ਪਈ ਹੈ। ਜਦੋਂ ਉਹ ਆਪਣੇ ਪਰਿਵਾਰਕ ਮੈਂਬਰਾਂ ਨਾਲ ਮੌਕੇ 'ਤੇ ਪਹੁੰਚਿਆ ਤਾਂ ਲਾਸ਼ ਉਨ੍ਹਾਂ ਦੇ ਪੁੱਤਰ ਪ੍ਰੀਤ ਯਾਦਵ ਦੀ ਹੀ ਸੀ। ਪੁਲਿਸ ਨੇ ਲਾਸ਼ ਨੂੰ ਕਬਜ਼ੇ 'ਚ ਲੈ ਕੇ ਪੋਸਟਮਾਰਟਮ ਲਈ ਸਿਵਲ ਹਸਪਤਾਲ ਭੇਜ ਦਿੱਤਾ ਹੈ। ਪੁਲਿਸ ਨੇ ਇਸ ਸਬੰਧੀ ਅਗਲੇਰੀ ਕਾਰਵਾਈ ਆਰੰਭ ਦਿੱਤੀ ਹੈ।

# ਭਾਖੜਾ, ਪੌਂਗ ਤੇ ਰਣਜੀਤ ਸਾਗਰ ਡੈਮ 'ਚ ਪਾਣੀ ਦਾ ਪੱਧਰ ਘਟਿਆ

## ☛ਜੇਕਰ ਬਰਫ਼ ਨਾ ਪਿਘਲੀ ਤਾਂ ਪੰਜਾਬ ਸਮੇਤ ਕਈ ਸੂਬਿਆਂ 'ਚ ਵੱਧ ਸਕਦੈ ਪਾਣੀ ਦਾ ਸੰਕਟ

ਚੰਡੀਗੜ੍ਹ, 26 ਮਈ (ਚ.ਨ.ਸ): ਇਸ ਵੇਲੇ ਪੰਜਾਬ ਸਮੇਤ ਪੂਰੇ ਉਤਰ ਭਾਰਤ 'ਚ ਸਖ਼ਤ ਗਰਮੀ ਪੈ ਰਹੀ ਹੈ। ਇਸੇ ਦੌਰਾਨ ਕੁੱਝ ਮਾੜੀਆਂ ਖ਼ਬਰਾਂ ਵੀ ਮਿਲ ਰਹੀਆਂ ਹਨ। ਭਾਖੜਾ ਡੈਮ ਸਮੇਤ ਪੌਂਗ ਤੇ ਰਣਜੀਤ ਸਾਗਰ ਡੈਮ 'ਚ ਪਾਣੀ ਦਾ ਪੱਧਰ ਘੱਟਣ ਦੀਆਂ ਖ਼ਬਰਾਂ ਲਗਾਤਾਰ ਮਿਲ ਰਹੀਆਂ ਹਨ। ਪਹਾੜਾਂ 'ਤੇ ਬਰਫ਼ਬਾਰੀ ਤਾਂ ਹੋਈ ਹੈ ਪਰ ਇਸ ਵਾਰੀ ਉਮੀਦ ਤੋਂ ਘੱਟ ਇਸ ਦਾ ਪਿਘਲਣਾ ਚਿੰਤਾ ਦਾ ਵਿਸ਼ਾ ਬਣ ਰਿਹਾ ਹੈ। ਜੇਕਰ ਪਈ ਹੋਈ ਬਰਫ਼ਬਾਰੀ ਆਉਣ ਵਾਲੇ ਕੁੱਝ ਦਿਨਾਂ 'ਚ ਨਾ ਪਿਘਲੀ ਤਾਂ ਪੰਜਾਬ ਸਮੇਤ ਕਈ ਸੂਬਿਆਂ ਵਿਚ ਪਾਣੀ ਦਾ ਸੰਕਟ ਖੜ੍ਹਾ ਹੋ ਸਕਦਾ ਹੈ। ਜੇਕਰ ਭਾਖੜਾ ਡੈਮ ਦੀ ਗੱਲ ਕਰੀਏ ਤਾਂ ਪਿਛਲੇ 24 ਘੰਟਿਆਂ 'ਚ ਪਾਣੀ ਦੇ ਪੱਧਰ ਦੇ ਮਾਮਲਿਆਂ 'ਚ 0.38 ਫ਼ੁਟ ਥੋੜ੍ਹਾ ਵਾਧਾ ਦਰਜ ਕੀਤਾ ਗਿਆ ਹੈ ਤੇ ਪਾਣੀ ਦਾ ਪੱਧਰ 1559.84 ਫ਼ੁਟ 'ਤੇ ਪਹੁੰਚ ਗਿਆ ਹੈ, ਜੋ ਪਿਛਲੇ ਸਾਲ ਦੇ ਮੁਕਾਬਲੇ 8.45 ਫ਼ੁਟ ਘੱਟ ਹੈ। 2024 'ਚ ਇਸੇ ਦਿਨ ਇਹ ਪੱਧਰ 1568.29 ਫ਼ੁਟ ਸੀ। ਪਾਣੀ ਦਾ ਆਉਣਾ ਵੀ ਚਿੰਤਾਜਨਕ ਸਥਿਤੀ ਵਿਚ ਹੈ। ਪਿਛਲੇ ਸਾਲ ਦੀ 31346 ਕਿਊਸਿਕ ਦੇ ਮੁਕਾਬਲੇ ਇਸ ਵਾਰੀ ਇਹ 28529 ਕਿਊਸਿਕ ਹੈ। ਵਰਤਮਾਨ 'ਚ 25763 ਕਿਊਸਿਕ ਪਾਣੀ ਹੀ ਛੱਡਿਆ ਜਾ ਰਿਹਾ ਹੈ, ਜਿਸ ਨਾਲ ਡੈਮ ਦੇ ਪਾਣੀ ਦੇ ਪੱਧਰ ਨੂੰ ਸਥਿਰ ਰੱਖਣ ਦਾ ਯਤਨ ਕੀਤਾ ਜਾ ਰਿਹਾ ਹੈ ਪਰ ਪਾਣੀ ਆਉਣ ਦੀ ਤੁਲਨਾ 'ਚ ਨਿਕਾਸ ਵੱਧ ਹੋਣ ਕਾਰਨ ਸੰਤੁਲਨ ਬਣਾਉਣਾ ਔਖਾ ਹੋ ਰਿਹਾ ਹੈ। ਭਾਖੜਾ ਡੈਮ ਦਾ ਕੈਚਮੈਂਟ ਇਲਾਕਾ ਕਾਫ਼ੀ ਵੱਡਾ ਤੇ ਭੂਗੋਲਿਕ ਰੂਪ 'ਚ ਵਿਭਿੰਨਤਾ ਵਾਲਾ ਹੈ। ਇਹ ਖੇਤਰ ਮੁੱਖ ਤੌਰ 'ਤੇ ਹਿਮਾਚਲ ਪ੍ਰਦੇਸ਼ ਦੇ ਉਪਰਲੇ ਪਹਾੜਾਂ ਤੋਂ ਸ਼ੁਰੂ ਹੁੰਦਾ ਹੈ ਅਤੇ ਸਤਲੁਜ ਨਦੀ ਦੇ ਰਾਹੀਂ ਪਾਣੀ ਨੂੰ ਭਰਦਾ ਹੈ। ਭਾਖੜਾ ਡੈਮ 'ਚ ਪਾਣੀ ਦੀ ਮੁੱਖ ਆਵਕ ਸਤਲੁਜ ਨਦੀ ਦੁਆਰਾ ਹੁੰਦੀ ਹੈ ਜੋ ਤਿੱਬਤ ਦੇ ਮਾਨਸਰੋਵਰ ਖੇਤਰ ਤੋਂ ਨਿਕਲ ਕੇ ਭਾਰਤ 'ਚ ਦਾਖ਼ਲ ਹੁੰਦੀ ਹੈ। ਹਿਮਾਚਲ ਪ੍ਰਦੇਸ਼ ਦੇ ਬਰਫ਼ੀਲੇ ਇਲਾਕਿਆਂ ਜਿਵੇਂ ਕਿ ਸਪੀਤੀ, ਕਿਨੌਰ ਅਤੇ ਰਾਮਪੁਰ ਖੇਤਰਾਂ ਤੋਂ ਹੁੰਦੇ ਹੋਏ ਨੰਗਲ ਦੇ ਕੋਲ ਭਾਖੜਾ ਡੈਮ 'ਚ ਪਹੁੰਚਦੀ ਹੈ। ਜੇਕਰ ਇਨ੍ਹਾਂ ਖੇਤਰਾਂ 'ਚ ਸਮੇਂ 'ਤੇ ਬਰਫ਼ ਨਹੀਂ ਪਿਘਲਦੀ ਤਾਂ ਪਾਣੀ ਦੇ ਪੱਧਰ ਵਿਚ ਕਮੀ ਆਉਣੀ ਕੁਦਰਤੀ ਹੈ। ਇਸੇ ਤਰ੍ਹਾਂ ਪੌਂਗ ਡੈਮ ਦੀ ਸਥਿਤੀ ਵੀ ਬਿਹਤਰ ਨਹੀਂ ਹੈ। ਇਸ ਦੇ ਪਾਣੀ ਦਾ ਪੱਧਰ 1293.56 ਫ਼ੁਟ 'ਤੇ ਆ ਚੁੱਕਾ ਹੈ ਜਦਕਿ ਪਿਛਲੇ ਸਾਲ ਇਹ 1317.78 ਫ਼ੁਟ ਸੀ। ਪਾਣੀ ਦਾ ਆਉਣਾ ਇਥੇ ਵੀ 4373 ਕਿਊਸਿਕ ਤਕ ਸੀਮਿਤ ਰਿਹਾ ਹੈ। ਜੋ ਡੈਮ ਤੋਂ ਛੱਡੇ ਜਾ ਰਹੇ 4009 ਕਿਊਸਿਕ ਪਾਣੀ ਦੇ ਲਗਭਗ ਬਰਾਬਰ ਹੈ। ਰਣਜੀਤ ਸਾਗਰ ਡੈਮ ਵਿਚ ਬੇਸ਼ੱਕ ਪਾਣੀ ਦਾ ਪੱਧਰ ਇਸ ਵਾਰ 507.18 ਮੀਟਰ ਤਕ ਪਹੁੰਚ ਗਿਆ ਹੈ ਜੋ ਪਿਛਲੇ ਸਾਲ ਦੇ ਮੁਕਾਬਲੇ 504.98 ਮੀਟਰ ਤੋਂ ਥੋੜ੍ਹਾ ਜ਼ਿਆਦਾ ਹੈ ਪਰ ਇਥੇ ਵੀ ਪਾਣੀ ਆਉਣ ਦੀ ਸਥਿਤੀ ਬੇਹੱਦ ਚਿੰਤਾ ਵਾਲੀ ਹੈ। ਜੇਕਰ ਇਸੇ ਤਰ੍ਹਾਂ ਹੀ ਸਥਿਤੀ ਰਹੀ ਤਾਂ ਪੰਜਾਬ ਸਮੇਤ ਹਰਿਆਣਾ ਤੇ ਰਾਜਸਥਾਨ ਨੂੰ ਪਾਣੀ ਦਾ ਸੰਕਟ ਝਲਣਾ ਪੈ ਸਕਦਾ ਹੈ।



# ਕੋਵਿਡ-19 ਦੇ ਵੱਧ ਰਹੇ ਮਾਮਲਿਆਂ ਨੂੰ ਲੈ ਕੇ ਡੇਰਾ ਬਿਆਸ ਵੱਲੋਂ ਸਾਵਧਾਨੀਆਂ ਵਰਤਣ ਦੀ ਅਪੀਲ

ਰਈਆਂ, 26 ਮਈ (ਰਾਕੇਸ਼ ਸਲਵਾਨ): ਦੇਸ਼ਾਂ-ਵਿਦੇਸ਼ਾਂ ਵਿੱਚ ਕੋਵਿਡ 19 ਦੇ ਵੱਧ ਰਹੇ ਮਾਮਲਿਆਂ ਨੂੰ ਮੱਦੇਨਜ਼ਰ ਰੱਖਦੇ ਹੋਏ ਡੇਰਾ ਬਿਆਸ ਵੱਲੋਂ ਇਕ ਪੱਤਰ ਜਾਰੀ ਕੀਤਾ ਗਿਆ ਹੈ, ਜਿਸ ਵਿੱਚ ਉਨ੍ਹਾਂ ਨੇ ਸਾਵਧਾਨੀਆਂ ਦੀ ਪਾਲਣਾ ਦੀ ਬੇਨਤੀ ਕੀਤੀ ਹੈ। ਪੱਤਰ 'ਚ ਲਿਖਿਆ ਹੈ ਕਿ ਬਜ਼ੁਰਗ ਵਿਅਕਤੀ, ਕੈਂਸਰ, ਸਾਹ ਦੀਆਂ ਸਮੱਸਿਆਵਾਂ, ਦਮਾ, ਦਿਲ ਦੀਆਂ ਸਮੱਸਿਆਵਾਂ ਵਰਗੀਆਂ ਪੁਰਾਣੀਆਂ ਬਿਮਾਰੀਆਂ ਤੋਂ ਪੀੜਤ ਲੋਕਾਂ ਨੂੰ ਕੋਵਿਡ-19 ਦਾ ਖਤਰਾ ਜ਼ਿਆਦਾ ਹੁੰਦਾ ਹੈ। ਜ਼ਿਕਰਯੋਗ ਹੈ ਕਿ ਅੱਜ ਮੋਹਾਲੀ 'ਚ ਵੀ ਨਿੱਜੀ ਹਸਪਤਾਲ 'ਚ ਇਕ ਪਾਜ਼ੇਟਿਵ ਕੇਸ ਮਿਲਿਆ ਹੈ। ਕੋਵਿਡ-19 ਦੇ ਸੰਭਾਵੀ ਪ੍ਰਕੋਪ ਨੂੰ ਲੈ ਕੇ ਡੇਰਾ ਬਿਆਸ ਨੇ ਪੱਤਰ ਜਾਰੀ ਕੀਤਾ ਹੈ, ਜਿਸ ਵਿਚ ਰਾਧਾ ਸੁਆਮੀ ਡੇਰਾ ਬਿਆਸ ਨੇ ਡੇਰੇ ਵਿੱਚ ਰਹਿੰਦੇ ਰਿਹਾਇਸ਼ੀ ਲੋਕਾਂ, ਸਟਾਫ ਤੇ ਸੇਵਾ 'ਤੇ ਆਈ ਸੰਗਤ ਨੂੰ ਜਾਰੀ ਕੀਤੇ ਨਿਰਦੇਸ਼, ਨੋਟੀਫਿਕੇਸ਼ਨ ਵਿੱਚ ਲਿਖਿਆ ਗਿਆ ਕਿ ਸੰਗਤ ਨੂੰ ਕੋਵਿਡ ਦੇ ਪ੍ਰਭਾਵ ਤੋਂ ਬਚਾਅ ਰੱਖਣਾ ਚਾਹੀਦਾ ਹੈ ਤੇ ਆਮ ਪਬਲਿਕ ਪਲੇਸ, ਜਿਵੇਂ ਹਸਪਤਾਲ, ਸਤਿਸੰਗ ਘਰ, ਮਾਲ, ਸ਼ੌਪਿੰਗ ਕੰਪਲੈਕਸ ਆਦਿ ਵਰਗੀਆਂ ਜਗ੍ਹਾ 'ਤੇ ਜਾਣ ਤੋਂ ਪ੍ਰਹੇਜ਼ ਕਰਨਾ ਚਾਹੀਦਾ ਹੈ, ਡੇਰੇ ਵੱਲੋਂ ਇਹ ਵੀ ਬੇਨਤੀ ਕੀਤੀ ਗਈ ਹੈ ਉਹ ਮਾਸਕ ਨੂੰ ਪਹਿਨਣਾ ਯਕੀਨੀ ਬਨਾਉਣ ਤੇ ਬੁਖਾਰ, ਜ਼ੁਕਾਮ ਅਤੇ ਖਾਂਸੀ ਵਾਲੇ ਮਰੀਜ਼ਾਂ ਤੋਂ ਦੂਰ ਰਹਿਣ ਅਤੇ ਸੈਨੀਟਾਈਜ਼ਰ ਨਾਲ ਹੱਥਾਂ ਨੂੰ ਸਾਫ ਕਰਦੇ ਰਹਿਣ, ਡੇਰਾ ਬਿਆਸ ਦੇ ਸੈਕਟਰੀ ਵੱਲੋ ਇਹ ਨੋਟੀਫਿਕੇਸ਼ਨ ਜਾਰੀ ਕੀਤਾ ਗਿਆ ਅਤੇ ਕਿਹਾ ਕਿ ਜੇਕਰ ਕੋਈ ਇਹੋ ਜਿਹੇ ਲੱਛਣ ਡੇਰਾ ਬਿਆਸ 'ਚ ਸਥਿਤ ਕਿਸੇ ਨੂੰ ਮਹਿਸੂਸ ਹੋਣ ਤਾਂ ਉਹ ਤੁਰੰਤ ਡੇਰਾ ਹਸਪਤਾਲ 'ਚ ਜਾਣ।



# ਇੰਸਟਾਗ੍ਰਾਮ 'ਤੇ ਬਣੀ ਮਹਿਲਾ ਮਿੱਤਰ ਨੂੰ ਮਿਲਣ ਗਏ ਨੌਜਵਾਨ ਦਾ ਕਤਲ

ਜਗਰਾਉਂ, 26 ਮਈ (ਵਿਸ਼ਾਲ ਅਤਰੇ): ਇੱਥੇ ਲੁਧਿਆਣਾ-ਫਿਰੋਜ਼ਪੁਰ ਮਾਰਗ 'ਤੇ ਨਾਨਕਸਰ ਠਾਠ ਨੇੜਲੇ ਪੁਲ ਹੇਠੋਂ ਗੰਭੀਰ ਜ਼ਖ਼ਮੀ ਹਾਲਤ ਵਿੱਚ ਮਿਲੇ ਨੌਜਵਾਨ ਦੀ ਸਥਾਨਕ ਸਿਵਲ ਹਸਪਤਾਲ ਵਿੱਚ ਇਲਾਜ ਦੌਰਾਨ ਅੱਜ ਮੌਤ ਹੋ ਗਈ। ਮ੍ਰਿਤਕ ਦੀ ਪਛਾਣ ਗੁਰਪ੍ਰੀਤ ਸਿੰਘ ਵਾਸੀ ਪਿੰਡ ਨੱਥੋਕੇ (ਬਾਘਾਪੁਰਾਣਾ) ਮੋਗਾ ਵਜੋਂ ਹੋਈ ਹੈ। ਮ੍ਰਿਤਕ ਨੌਜਵਾਨ ਦੇ ਭਰਾ ਮਨਪ੍ਰੀਤ ਸਿੰਘ ਨੇ ਦੱਸਿਆ ਕਿ ਉਸ ਦੇ ਭਰਾ ਦਾ ਦੋਸਤ ਸੁਖਦੀਪ ਸਿੰਘ ਉਰਫ਼ ਸੁੱਖਾ ਵਾਸੀ ਬਾਘਾਪੁਰਾਣਾ ਆਪਣੀ ਇੰਸਟਾਗ੍ਰਾਮ 'ਤੇ ਬਣੀ ਮੋਗਾ ਵਾਸੀ ਮਹਿਲਾ ਮਿੱਤਰ ਜੱਸੀ ਨੂੰ ਮਿਲਣ ਲਈ ਗਿਆ ਸੀ। ਮ੍ਰਿਤਕ ਦੇ ਭਰਾ ਨੇ ਦੋਸ਼ ਲਾਇਆ ਕਿ ਸੁੱਖਾ ਉਸ ਦੇ ਭਰਾ ਗੁਰਪ੍ਰੀਤ ਸਿੰਘ ਨੂੰ ਵੀ ਲੈ ਕੇ ਗਿਆ ਸੀ। ਜਦੋਂ ਉਹ ਦੋਵੇਂ ਨਾਨਕਸਰ ਠਾਠ ਨੇੜੇ ਪੁਲ ਕੋਲ ਪੁੱਜੇ ਤਾਂ ਉੱਥੇ ਪਹਿਲਾਂ ਹੀ ਸੁਖਦੇਵ ਸਿੰਘ ਕਾਲਾ, ਜਸਵਿੰਦਰ ਕੌਰ ਜੱਸੀ, ਉਨ੍ਹਾਂ ਦਾ ਜੀਜਾ ਸੁਲਤਾਨ ਸਿੰਘ, ਸਵਰਨਜੀਤ ਸਿੰਘ ਉਰਫ਼ ਰਿੰਕੂ ਅਤੇ ਮਨਪ੍ਰੀਤ ਸਿੰਘ ਵਾਸੀ ਪਿੰਡ ਮਾਣੂੰਕੇ ਆਪਣੇ ਤਿੰਨ-ਚਾਰ ਅਣਪਛਾਤੇ ਸਾਥੀਆਂ ਨਾਲ ਮਾਰੂ ਹਥਿਆਰਾਂ ਸਣੇ ਖੜ੍ਹੇ ਸਨ। ਮਨਪ੍ਰੀਤ ਨੇ ਦੋਸ਼ ਲਾਇਆ ਕਿ ਜੱਸੀ ਦੇ ਇਸ਼ਾਰੇ 'ਤੇ ਹੀ ਉਨ੍ਹਾਂ ਨੇ ਗੁਰਪ੍ਰੀਤ ਸਿੰਘ ਅਤੇ ਸੁਖਦੀਪ ਸਿੰਘ ਸੁੱਖਾ 'ਤੇ ਹਮਲਾ ਕਰ ਦਿੱਤਾ। ਸੁਖਦੀਪ ਸਿੰਘ ਸੁੱਖਾ ਮੋਟਰਸਾਈਕਲ ਲੈ ਕੇ ਭੱਜ ਗਿਆ ਪਰ ਗੁਰਪ੍ਰੀਤ ਸਿੰਘ ਨੂੰ ਉਨ੍ਹਾਂ ਨੇ ਘੇਰ ਲਿਆ ਉਸ ਦੀ ਬੁਰੀ ਤਰ੍ਹਾਂ ਕੁੱਟਮਾਰ ਕੀਤੀ। ਗੁਰਪ੍ਰੀਤ ਸਿੰਘ ਜ਼ਖ਼ਮੀ ਹਾਲਤ ਵਿੱਚ ਉੱਥੇ ਤੜਫਦਾ ਰਿਹਾ। ਕਿਸੇ ਰਾਹਗੀਰ ਨੇ 108 ਐਂਬੂਲੈਂਸ ਰਾਹੀਂ ਗੁਰਪ੍ਰੀਤ ਸਿੰਘ ਨੂੰ ਸਥਾਨਕ ਸਿਵਲ ਹਸਪਤਾਲ ਵਿੱਚ ਪਹੁੰਚਾਇਆ। ਮਨਪ੍ਰੀਤ ਸਿੰਘ ਨੇ ਦੱਸਿਆ ਕਿ ਇਸ ਘਟਨਾ ਬਾਰੇ ਗੁਰਪ੍ਰੀਤ ਸਿੰਘ ਨੇ ਖ਼ੁਦ ਉਸ ਨੂੰ ਦੱਸਿਆ ਸੀ ਤੇ ਜ਼ਖ਼ਮ ਜ਼ਿਆਦਾ ਹੋਣ ਕਾਰਨ ਗੁਰਪ੍ਰੀਤ ਸਿੰਘ ਦੀ ਇਲਾਜ ਦੌਰਾਨ ਮੌਤ ਹੋ ਗਈ ਹੈ। ਥਾਣਾ ਸ਼ਹਿਰੀ ਦੇ ਇੰਸਪੈਕਟਰ ਵਰਿੰਦਰਪਾਲ ਸਿੰਘ ਨੇ ਦੱਸਿਆ ਕਿ ਮਨਪ੍ਰੀਤ ਸਿੰਘ ਦੇ ਬਿਆਨਾਂ 'ਤੇ ਜਸਵਿੰਦਰ ਕੌਰ ਜੱਸੀ ਸਣੇ ਅੱਠ ਵਿਅਕਤੀਆਂ ਖ਼ਿਲਾਫ਼ ਕੇਸ ਦਰਜ ਕੀਤਾ ਗਿਆ ਹੈ। ਉਨ੍ਹਾਂ ਦੀ ਗ੍ਰਿਫ਼ਤਾਰੀ ਲਈ ਛਾਪੇ ਮਾਰੇ ਜਾ ਰਹੇ ਹਨ। ਪੁਲਿਸ ਅਧਿਕਾਰੀਆਂ ਅਨੁਸਾਰ ਹਾਲੇ ਤੱਕ ਕੋਈ ਵੀ ਮੁਲਜ਼ਮ ਗ੍ਰਿਫ਼ਤਾਰ ਨਹੀਂ ਹੋਇਆ। ਪੁਲਿਸ ਦਾ ਕਹਿਣਾ ਹੈ ਮੁਲਜ਼ਮਾਂ ਨੂੰ ਛੇਤੀ ਗ੍ਰਿਫ਼ਤਾਰ ਕਰ ਲਿਆ ਜਾਵੇਗਾ।

# ਤਿੰਨ ਦੋਸਤਾਂ ਨੇ ਕੀਤਾ ਆਪਣੇ ਹੀ ਦੋਸਤ ਦਾ ਕਤਲ

ਚਮਕੌਰ ਸਾਹਿਬ, 26 ਮਈ (ਅਵਤਾਰ ਕੰਗ): ਇਥੋਂ ਦੇ ਪਿੰਡ ਕਮਾਲਪੁਰ ਤੇ ਭੱਲੀਆਂ ਦੇ ਨੌਜਵਾਨ ਦਾ ਉਸ ਦੇ ਤਿੰਨ ਦੋਸਤਾਂ ਨੇ ਕਤਲ ਕਰ ਦਿੱਤਾ ਤੇ ਉਸ ਦੀ ਲਾਸ਼ ਪਿੰਡ ਭੈਰੋਮਾਜਰਾ ਨੂੰ ਜਾਂਦੀ ਸੜਕ ਦੇ ਕੋਲ ਨਹਿਰ ਕੰਢੇ ਸੁੱਟ ਦਿੱਤੀ। ਪੁਲਿਸ ਨੇ ਅੱਜ ਚੌਥੇ ਦਿਨ ਉਸ ਦੀ ਲਾਸ਼ ਬਰਾਮਦ ਕੀਤੀ ਹੈ। ਮ੍ਰਿਤਕ ਦੀ ਪਛਾਣ ਆਸ਼ਿਕ ਅਲੀ (18) ਪੁੱਤਰ ਲਿਆਕਤ ਅਲੀ ਵਜੋਂ ਹੋਈ ਹੈ। ਗ੍ਰਿਫ਼ਤਾਰ ਕੀਤੇ ਗਏ ਦੋਸਤਾਂ ਦੀ ਪਛਾਣ ਯਾਮੀਨ ਖਾਨ ਵਾਸੀ ਪਿੰਡ ਕਮਾਲਪੁਰ ਭੱਲੀਆਂ, ਰਸ਼ੀਦ ਅਤੇ ਕਾਲਾ ਵਾਸੀ ਬੱਧੀ ਵਜੋਂ ਹੋਈ ਹੈ। ਮ੍ਰਿਤਕ ਦੇ ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ 21 ਮਈ ਨੂੰ ਆਸ਼ਿਕ ਅਲੀ ਨੂੰ ਉਸ ਦੇ ਪਿੰਡ ਦਾ ਹੀ ਯਾਮੀਨ ਖਾਨ ਮੋਟਰਸਾਈਕਲ 'ਤੇ ਬਿਠਾ ਕੇ ਲੈ ਗਿਆ ਸੀ। ਪਰਿਵਾਰਕ ਮੈਂਬਰਾਂ ਨੇ ਦੋਸ਼ ਲਾਇਆ ਕਿ ਯਾਮੀਨ ਖਾਨ ਨੇ ਹੀ ਆਪਣੇ ਦੋ ਦੋਸਤਾਂ ਰਸ਼ੀਦ ਅਤੇ ਕਾਲਾ ਨਾਲ ਮਿਲ ਕੇ ਆਸ਼ਿਕ ਦਾ ਕਤਲ ਕੀਤਾ ਹੈ। ਥਾਣਾ ਮੁਖੀ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਪਰਿਵਾਰਕ ਮੈਂਬਰਾਂ ਦੇ ਬਿਆਨਾਂ 'ਤੇ ਮ੍ਰਿਤਕ ਦੇ ਤਿੰਨੋਂ ਦੋਸਤਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ ਅਤੇ ਕੇਸ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਪੁਲਿਸ ਦਾ ਕਹਿਣਾ ਹੈ ਕਿ ਹੱਤਿਆ ਦੇ ਕਾਰਨਾਂ ਦਾ ਪਤਾ ਲਗਾਇਆ ਜਾ ਰਿਹਾ ਹੈ।

# ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਲੋਕਾਂ ਦੇ ਸਰਗਰਮ ਸਹਿਯੋਗ ਨਾਲ ਛੇਤੀ ਹੀ ਨੇਪਰੇ ਚੜ੍ਹੇਗੀ: ਗੈਰੀ ਬੜਿੰਗ



ਅਮਲੋਹ, 26 ਮਈ (ਜਸਵੰਤ ਸਿੰਘ): ਵਿਧਾਇਕ ਗੁਰਿੰਦਰ ਸਿੰਘ ਗੈਰੀ ਬੜਿੰਗ ਨੇ ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਪਿੰਡ ਸਲਾਣਾ ਦੂਲਾ ਸਿੰਘ ਵਾਲਾ ਵਿਖੇ ਨਸ਼ਾ ਮੁਕਤੀ ਯਾਤਰਾ ਤਹਿਤ ਆਯੋਜਿਤ ਜਾਗਰੂਕਤਾ ਸਭਾ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਇਹ ਮੁਹਿੰਮ ਲੋਕਾਂ ਦੇ ਸਰਗਰਮ ਸਹਿਯੋਗ ਨਾਲ ਛੇਤੀ ਹੀ ਨੇਪਰੇ ਚੜ੍ਹ ਜਾਵੇਗੀ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬੇ ਦਾ ਹਰ ਇੱਕ ਨਾਗਰਿਕ, ਨਸ਼ਿਆਂ ਦੇ ਕਾਲੇ ਕਾਰੋਬਾਰ ਨਾਲ ਜੁੜੇ ਗੈਰ ਸਮਾਜਿਕ ਅਨਸਰਾਂ ਦਾ ਮੁਕੰਮਲ ਤੌਰ 'ਤੇ ਸਫਾਇਆ ਕਰਨ ਲਈ ਪ੍ਰਣ ਕਰ ਚੁੱਕਾ ਹੈ ਅਤੇ ਪਿਛਲੇ ਕਈ ਹਫਤਿਆਂ ਤੋਂ ਸੂਬੇ ਦੇ ਹਰ ਇੱਕ ਪਿੰਡ ਅਤੇ ਸ਼ਹਿਰੀ ਵਾਰਡ ਵਿੱਚ ਨਸ਼ਿਆਂ ਦੇ ਖਾਤਮੇ ਨੂੰ ਲੈ ਕੇ ਲੋਕ ਲਹਿਰ ਚੱਲ ਰਹੀ ਹੈ ਅਤੇ ਲੋਕਾਂ ਦੇ ਸਹਿਯੋਗ ਨਾਲ ਸਰਕਾਰ ਦੇ ਲੋਕ ਹਿੱਤ ਵਿੱਚ ਇੱਕ ਅਹਿਮ ਤੇ ਇਤਿਹਾਸਿਕ ਕਾਰਵਾਈ ਹੋਵੇਗੀ। ਇਸ ਮੌਕੇ ਸਿਵਲ ਸਰਜਨ ਡਾ. ਦਵਿੰਦਰਜੀਤ ਕੌਰ, ਜ਼ਿੰਗਾਰਾ ਸਿੰਘ ਸਲਾਣਾ ਮੀਤ ਪ੍ਰਧਾਨ ਸਟੇਟ ਟਰਾਂਸਪੋਰਟ ਐਸੋਸੀਏਸ਼ਨ, ਬਲਾਕ ਵਿਕਾਸ ਤੇ ਪੰਚਾਇਤ ਅਫ਼ਸਰ ਅਮਲੋਹ ਚੰਦ ਸਿੰਘ, ਥਾਣਾ ਮੁਖੀ ਅਮਲੋਹ ਬਲਜਿੰਦਰ ਸਿੰਘ ਕੰਗ, ਹਲਕਾ ਕੋਆਰਡੀਨੇਟਰ ਰਿਕਬਾਲ ਰਾਏ ਅੰਨੀਆਂ, ਬਲਾਕ ਪ੍ਰਧਾਨ ਮਨਿੰਦਰ ਸਿੰਘ ਭੱਟੋਂ, ਸਰਪੰਚ ਜਸਮੇਲ ਸਿੰਘ ਬੱਬਲੀ, ਯਾਦਵਿੰਦਰ ਸਿੰਘ ਮਾਨਗੜ੍ਹ, ਪਵਨਦੀਪ ਸਿੰਘ, ਅਮਨਦੀਪ ਸਿੰਘ, ਮਨਜੀਤ ਕੌਰ, ਲਖਵਿੰਦਰ ਕੌਰ, ਸ਼ਿਕੰਦਰ ਸਿੰਘ ਅਤੇ ਸੀਨੀਅਰ ਮੈਡੀਕਲ ਅਫ਼ਸਰ ਸੁਰਿੰਦਰ ਸਿੰਘ ਆਦਿ ਮੌਜੂਦ ਸਨ।

# ਨਿਸ਼ਕਾਮ ਕੀਰਤਨ ਸੇਵਾ ਸੁਸਾਇਟੀ ਵੱਲੋਂ ਲੋੜਵੰਦ ਮਰੀਜ਼ ਨੂੰ ਪਲੇਟਲੈਂਟ ਸੈੱਲ ਕੀਤੇ ਦਾਨ

## ☛ਨਰ ਸੇਵਾ ਹੀ ਨਰਾਇਣ ਦੀ ਸੱਚੀ ਸੇਵਾ: ਰਵਿੰਦਰ ਸਿੰਘ ਰਵੀ

ਮੰਡੀ ਗੋਬਿੰਦਗੜ੍ਹ, 26 ਮਈ (ਸੂਦ): ਇਲਾਕੇ ਦੀ ਪ੍ਰਸਿੱਧ ਸਮਾਜ ਸੇਵੀ ਸੰਸਥਾ ਨਿਸ਼ਕਾਮ ਕੀਰਤਨ ਸੇਵਾ ਸੁਸਾਇਟੀ ਮੰਡੀ ਗੋਬਿੰਦਗੜ੍ਹ ਸਮਾਜ ਭਲਾਈ ਦੇ ਹਰ ਖੇਤਰ ਵਿੱਚ ਆਪਣਾ ਵਡਮੁੱਲਾ ਯੋਗਦਾਨ ਪਾ ਰਹੀ ਹੈ। ਅੱਜ ਕੱਲ ਦੇ ਦੌਰ ਵਿੱਚ ਜਿਥੇ ਕਿਸੇ ਕੋਲ ਆਪਣੇ ਤੋਂ ਸਿਵਾਏ ਹੋਰ ਲਈ ਸੋਚਣ ਤੱਕ ਦਾ ਸਮਾਂ ਨਹੀਂ ਉੱਥੇ ਸੁਸਾਇਟੀ ਦੇ ਮੈਂਬਰ ਪ੍ਰਾਈਵੇਟ ਨੌਕਰੀਆਂ ਦੇ ਨਾਲ-ਨਾਲ ਅਨੇਕਾਂ ਸਮਾਜ ਭਲਾਈ ਕਾਰਜਾਂ ਵਿੱਚ ਵੱਧ ਚੜ੍ਹ ਕੇ ਯੋਗਦਾਨ ਪਾਉਂਦੇ ਹਨ। ਸੁਸਾਇਟੀ ਮੀਤ ਪ੍ਰਧਾਨ ਰਵਿੰਦਰ ਸਿੰਘ ਰਵੀ ਨੇ ਦੱਸਿਆ ਕਿ ਕੱਲ ਉਹਨਾਂ ਨੂੰ ਕਿਸੇ ਨੇ ਫੋਨ ਕਰਕੇ ਦੱਸਿਆ ਕਿ ਉਹਨਾਂ ਦਾ ਮਰੀਜ਼ ਸ੍ਰੀ ਫਤਹਿਗੜ੍ਹ ਸਾਹਿਬ ਦੇ ਹਸਪਤਾਲ ਵਿੱਚ ਦਾਖਲ ਹੈ ਜੋ ਕਾਫੀ ਸਮੇਂ ਤੋਂ ਕਿਸੇ ਬਿਮਾਰੀ ਤੋਂ ਪੀੜਤ ਹੈ ਅਤੇ ਡਾਕਟਰਾਂ ਅਨੁਸਾਰ ਉਸ ਨੂੰ ਖੂਨ ਦੇ ਪਲੇਟਲੈੱਟਸ ਸੈਲਾਂ ਦੀ ਸਖਤ ਲੋੜ ਹੈ ਤਾ ਤੁਰੰਤ ਉਨ੍ਹਾਂ ਖੁਦ ਹਸਪਤਾਲ ਜਾ ਕੇ ਪਲੇਟਲੈੱਟਸ ਸੈੱਲ ਦਾਨ ਕੀਤੇ ਤਾਂ ਜੋ ਉਸ ਮਰੀਜ਼ ਦੀ ਕੀਮਤੀ ਜਾਨ ਨੂੰ ਬਚਾਇਆ ਜਾ ਸਕੇ। ਉਨ੍ਹਾਂ ਨੇ ਦੱਸਿਆ ਕਿ ਇਲਾਕੇ ਵਿੱਚੋਂ ਜਦੋਂ ਵੀ ਕੋਈ ਲੋੜਵੰਦ ਮਰੀਜ਼ ਲਈ ਖੂਨ ਜਾਂ ਪਲੇਟਲੈੱਟਸ ਸੈੱਲਾਂ ਲਈ ਸੰਪਰਕ ਕਰਦਾ ਹੈ ਤਾਂ ਸੁਸਾਇਟੀ ਮੈਂਬਰ ਬਲੱਡ ਗਰੁੱਪ ਦੇ ਹਿਸਾਬ ਨਾਲ ਆਪ ਹਸਪਤਾਲ ਵਿੱਚ ਜਾ ਕੇ ਖੂਨ ਅਤੇ ਪਲੇਟਲੈੱਟਸ ਸੈੱਲ ਦਾਨ ਕਰਦੇ ਹਨ। ਸੁਸਾਇਟੀ ਮੈਂਬਰਾਂ ਵੱਲੋਂ ਖੂਨ ਅਤੇ ਪਲੇਟਲੈੱਟਸ ਸੈੱਲ ਦਾਨ ਕਰਕੇ ਇਲਾਕੇ ਦੇ ਵੱਖ-ਵੱਖ ਪਿੰਡਾਂ ਅਤੇ ਸ਼ਹਿਰਾਂ ਦੇ ਸੈਂਕੜੇ ਲੋਕਾਂ ਦੀਆਂ ਕੀਮਤੀ ਜ਼ਿੰਦਗੀਆਂ ਨੂੰ ਬਚਾਇਆ ਜਾ ਚੁੱਕਿਆ ਹੈ ਅਤੇ ਕੋਈ ਵੀ ਲੋੜਵੰਦ ਮਰੀਜ਼ ਸੁਸਾਇਟੀ ਨਾਲ ਸੰਪਰਕ ਕਰ ਸਕਦਾ ਹੈ। ਜ਼ਿਕਰਯੋਗ ਹੈ ਸੁਸਾਇਟੀ ਮੀਤ ਪ੍ਰਧਾਨ ਰਵਿੰਦਰ ਸਿੰਘ ਰਵੀ 43 ਵਾਰ ਖੂਨ ਅਤੇ 6 ਵਾਰ ਪਲੇਟਲੈੱਟਸ ਸੈਲ ਦਾਨ ਕਰ ਚੁੱਕੇ ਹਨ।



# ਲਖਬੀਰ ਸਿੰਘ ਰਾਏ ਨੇ ਲਟੌਰ ਵਿਖੇ 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਜਾਗਰੂਕਤਾ ਸਭਾ 'ਚ ਕੀਤੀ ਸ਼ਿਰਕਤ



ਫ਼ਤਹਿਗੜ੍ਹ ਸਾਹਿਬ, 26 ਮਈ (ਹਰਪ੍ਰੀਤ ਕੌਰ ਟਿਵਾਣਾ): ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਵਿਧਾਇਕ ਐਡਵੋਕੇਟ ਲਖਬੀਰ ਸਿੰਘ ਰਾਏ ਵੱਲੋਂ ਰੋਜ਼ਾਨਾ ਹਲਕਾ ਫ਼ਤਹਿਗੜ੍ਹ ਸਾਹਿਬ ਦੇ ਵੱਖ-ਵੱਖ ਪਿੰਡਾਂ ਵਿੱਚ ਜਾ ਕੇ ਨਸ਼ਾ ਮੁਕਤੀ ਯਾਤਰਾ ਤਹਿਤ ਜਾਗਰੂਕਤਾ ਸਭਾਵਾਂ ਨੂੰ ਸੰਬੋਧਨ ਕੀਤਾ ਜਾ ਰਿਹਾ ਹੈ ਤਾਂ ਕਿ ਹਲਕੇ ਨੂੰ ਮੁਕੰਮਲ ਤੌਰ ਉੱਤੇ ਨਸ਼ਾ ਮੁਕਤ ਕੀਤਾ ਜਾ ਸਕੇ। ਇਸ ਲੜੀ ਤਹਿਤ ਵਿਧਾਇਕ ਲਖਬੀਰ ਸਿੰਘ ਰਾਏ ਨੇ ਨਸ਼ਾ ਮੁਕਤੀ ਮੋਰਚਾ ਦੇ ਜ਼ਿਲ੍ਹਾ ਕੋਆਰਡੀਨੇਟਰ ਓਂਕਾਰ ਸਿੰਘ ਚੌਹਾਨ ਦੀ ਮੌਜੂਦਗੀ ਵਿੱਚ ਪਿੰਡ ਲਟੌਰ ਵਿਖੇ ਭਰਵੇਂ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਨਸ਼ਾ ਮੁਕਤ ਪੰਜਾਬ ਦੀ ਸਿਰਜਣਾ ਲਈ ਕੀਤੇ ਜਾ ਰਹੇ ਉਪਰਾਲਿਆਂ ਬਾਰੇ ਲੋਕਾਂ ਨੂੰ ਜਾਣਕਾਰੀ ਦਿੱਤੀ। ਵਿਧਾਇਕ ਲਖਬੀਰ ਸਿੰਘ ਰਾਏ ਨੇ ਕਿਹਾ ਕਿ ਅਸੀਂ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਦੇ ਸੁਰੱਖਿਅਤ ਭਵਿੱਖ ਨੂੰ ਯਕੀਨੀ ਬਣਾਉਣ ਦੀ ਦਿਸ਼ਾ ਵਿੱਚ ਕਾਰਜਸ਼ੀਲ ਹਾਂ ਅਤੇ ਲੋਕਾਂ ਨੂੰ ਅਪੀਲ ਕਰਦੇ ਹਾਂ ਕਿ ਉਹ ਵੀ ਖੁੱਲ ਦਿਲੀ ਦੇ ਨਾਲ ਇਸ ਮੁਹਿੰਮ ਵਿੱਚ ਆਪਣਾ ਯੋਗਦਾਨ ਪਾਉਣ। ਉਹਨਾਂ ਕਿਹਾ ਕਿ ਲੋਕਾਂ ਦੇ ਸਰਗਰਮ ਸਹਿਯੋਗ ਦੇ ਨਾਲ ਹੀ ਅਜਿਹੀ ਮੁਹਿੰਮ ਸਫਲਤਾ ਦਾ ਜਾਮਾ ਪਹਿਨ ਸਕਦੀ ਹੈ ਅਤੇ ਅਸੀਂ ਚਾਹੁੰਦੇ ਹਾਂ ਕਿ ਲੋਕ ਅਜਿਹੀਆਂ ਕਾਲੀਆਂ ਭੇਡਾਂ ਬਾਰੇ ਜਾਣਕਾਰੀ ਦੇਣ ਜਿਹੜੀਆਂ ਨਸ਼ੇ ਦੇ ਕਾਲੇ ਕਾਰੋਬਾਰ ਨਾਲ ਜੁੜੀਆਂ ਹੋਈਆਂ ਹਨ। ਉਨ੍ਹਾਂ ਨੇ ਨਾਗਰਿਕਾਂ ਨੂੰ ਕਿਹਾ ਕਿ ਨਿਰੰਤਰ ਅਤੇ ਸਹੀ ਫੀਡਬੈਕ ਨਾਲ ਇਸ ਸਮਾਜਿਕ ਬੁਰਾਈ ਦਾ ਖਾਤਮਾ ਕਰਨ ਦੀ ਲੋੜ ਹੈ। ਇਸ ਮੌਕੇ ਸਰਪੰਚ ਰੋਹਿਤ ਸਿੰਗਲਾ, ਸਤੀਸ਼ ਲਟੌਰ, ਪੰਚ ਸੁਖਦੇਵ ਸਿੰਘ, ਗਿਆਨੀ ਬਹਾਦਰ ਅਲੀ, ਪੰਚ ਧਰਮਿੰਦਰ ਸਿੰਘ, ਹਰਪ੍ਰੀਤ ਸਿੰਘ ਰਫੀਕਦੀਨ, ਗਿਆਨ ਸਿੰਘ, ਈਸਰ ਸਿੰਘ ਐਸਐਚਓ ਰਾਜਵੰਤ ਸਿੰਘ ਐਸਐਮਓ ਸੁਰਿੰਦਰ ਸਿੰਘ ਆਸ਼ਾ ਪਰਮਜੀਤ ਕੌਰ ਬਲਜੀਤ ਸਿੰਘ ਗੁਰਜੀਤ ਸਿੰਘ ਬਿੱਟਾ ਰਣਜੀਤ ਸਿੰਘ ਬਾਬਾ ਪ੍ਰੇਮ ਸਿੰਘ ਬਲਜੀਤ ਸਿੰਘ ਕਿਰਪਾਲ ਸਿੰਘ ਅਮਰਜੀਤ ਸਿੰਘ ਭੁਪਿੰਦਰ ਸਿੰਘ, ਸਾਬਕਾ ਪੰਚ ਤਰਸੇਮ ਲਾਲ ਬਹਾਦਰ ਅਲੀ ਵੀ ਹਾਜ਼ਰ ਸਨ।

# ਪੁਲਿਸ ਵੱਲੋਂ ਵਾਹਨਾਂ ਦੀ ਚੈਕਿੰਗ

ਮੰਡੀ ਰੋੜਾਂ ਵਾਲੀ, 26 ਮਈ (ਹਰੀਸ਼ ਗੁੰਬਰ): ਪੁਲਿਸ ਦੇ ਉੱਚ ਅਧਿਕਾਰੀਆਂ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਯੁੱਧ ਨਸ਼ਿਆਂ ਵਿਰੁੱਧ ਤੇ ਸਮਾਜ ਵਿਰੋਧੀ ਅਨਸਰਾਂ ਨੂੰ ਨੱਥ ਪਾਉਣ ਲਈ ਚਲਾਈ ਗਈ ਮੁਹਿੰਮ ਤਹਿਤ ਸਥਾਨਕ ਪੁਲਿਸ ਚੌਕੀ ਮੰਡੀ ਰੋੜਾਂਵਾਲੀ ਦੇ ਚੌਕੀ ਇੰਚਾਰਜ ਸ਼੍ਰੀ ਕੇਵਲ ਕ੍ਰਿਸ਼ਨ ਵੱਲੋਂ ਆਪਣੀ ਪੁਲਿਸ ਪਾਰਟੀ ਸਮੇਤ ਸਥਾਨਕ ਮੰਡੀ ਰੋੜਾਂ ਵਾਲੀ ਦੇ ਰੇਲਵੇ ਫਾਟਕ ਦੇ ਨਜ਼ਦੀਕ ਨਾਕਾ ਲਗਾ ਕੇ ਵਾਹਨਾਂ ਦੀ ਚੈਕਿੰਗ ਕੀਤੀ ਗਈ। ਇਸ ਮੌਕੇ ਮੁਨਸ਼ੀ ਬਲਜੀਤ ਸਿੰਘ ਤੇ ਹੋਰ ਪੁਲਿਸ ਮੁਲਾਜ਼ਮ ਮੌਜੂਦ ਸਨ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਚੌਕੀ ਇੰਚਾਰਜ ਕੇਵਲ ਕ੍ਰਿਸ਼ਨ ਨੇ ਦੱਸਿਆ ਕਿ ਪੁਲਿਸ ਲੋਕਾਂ ਦੀ ਜਾਨ ਮਾਲ ਦੀ ਰਾਖੀ ਲਈ ਵਚਨਬੱਧ ਹੈ ਤੇ ਸਮਾਜ ਵਿਰੋਧੀ ਅਨਸਰਾਂ ਨੂੰ ਕਿਸੇ ਵੀ ਕੀਮਤ 'ਤੇ ਬਖਸ਼ਿਆ ਨਹੀਂ ਜਾਵੇਗਾ ਅਤੇ ਇਲਾਕੇ ਵਿੱਚ ਪੁਲਿਸ ਦੀ ਗਸ਼ਤ ਹੋਰ ਤੇਜ਼ ਕਰ ਦਿੱਤੀ ਗਈ ਹੈ।




# ਸਾਬਕਾ ਵਿਧਾਇਕ ਰਮਿੰਦਰ ਸਿੰਘ ਆਂਵਲਾ ਵੱਲੋਂ 65 ਬਟਾਲੀਅਨ ਬੀ.ਐੱਸ.ਐੱਫ. ਨੂੰ ਇੱਕ ਕੂਲਰ ਤੇ 10 ਸਾਈਕਲਾਂ ਭੇਟ

ਫਾਜ਼ਿਲਕਾ, 26 ਮਈ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ): ਜਲਾਲਾਬਾਦ ਪੱਛਮੀ ਦੇ ਸਾਬਕਾ ਕਾਂਗਰਸੀ ਵਿਧਾਇਕ ਅਤੇ ਉੱਘੇ ਸਮਾਜ ਸੇਵੀ ਰਮਿੰਦਰ ਸਿੰਘ ਆਂਵਲਾ ਵੱਲੋਂ ਜਿੱਥੇ ਲਗਾਤਾਰ ਸਮਾਜ ਸੇਵਾ ਦੇ ਕੰਮ ਨਿਰੰਤਰ ਜਾਰੀ ਹਨ। ਉੱਥੇ ਹੀ ਉਹ ਬੀਤੇ ਕੱਲ੍ਹ ਬੀ ਐੱਸ ਐੱਫ 65 ਬਟਾਲੀਅਨ ਦੀ ਪੋਸਟ ਟਾਹਲੀਵਾਲਾ ਵਿਖੇ ਪਹੁੰਚੇ। ਉਹਨਾਂ ਨੇ ਉਥੇ ਬੀ ਐੱਸ ਐੱਫ ਦੇ ਅਧਿਕਾਰੀਆਂ ਅਤੇ ਕਿਸਾਨਾਂ ਨਾਲ਼ ਮੀਟਿੰਗ ਵੀ ਕੀਤੀ। ਉਹਨਾਂ ਨੇ ਬੀ ਐੱਸ ਐੱਫ ਦੀਆਂ ਮੁਸ਼ਕਲਾਂ ਅਤੇ ਕਿਸਾਨਾਂ ਦੀਆਂ ਮੁਸ਼ਕਲਾਂ ਨੂੰ ਵੀ ਸੁਣਿਆ ਅਤੇ ਕੁੱਝ ਪਲ਼ ਉਹਨਾਂ ਨਾਲ਼ ਬਤੀਤ ਕੀਤੇ। ਪਹਿਲਗਾਮ ਦੀ ਘਟਨਾ ਤੋਂ ਬਾਅਦ ਕਿਸਾਨਾਂ ਅਤੇ ਬੀ ਐੱਸ ਐੱਫ ਦੇ ਜਵਾਨਾਂ ਨੂੰ ਆਈਆਂ ਮੁਸ਼ਕਲਾਂ ਬਾਰੇ ਜਾਣਕਾਰੀ ਪ੍ਰਾਪਤ ਕੀਤੀ। ਉਹਨਾਂ ਨੇ ਬਾਰਡਰ ਦੀ ਸੁਰੱਖਿਆ ਲਈ ਤਾਇਨਾਤ ਬੀ ਐੱਸ ਐੱਫ ਦੇ ਜਵਾਨਾਂ ਦੀ ਤਾਰੀਫ਼ ਕੀਤੀ ਅਤੇ ਕਿਸਾਨਾਂ ਨੇ ਇਸ ਮੁਸ਼ਕਲ ਦੇ ਸਮੇਂ ਵਿੱਚ ਦੇਸ਼ ਦੀਆਂ ਸੈਨਾਵਾਂ ਦਾ ਜੋ ਸਾਥ ਦਿੱਤਾ, ਉਸ ਦੀ ਤਾਰੀਫ਼ ਵੀ ਕੀਤੀ। ਉਹਨਾਂ ਨੇ ਕਿਹਾ ਕਿ ਬੀ ਐੱਸ ਐੱਫ ਦੇ ਜਵਾਨਾਂ ਨੂੰ ਕਿਸੇ ਕਿਸਮ ਦੀ ਕੋਈ ਵੀ ਵਸਤੂ ਦੀ ਲੋੜ ਹੋਵੇ ਤਾਂ ਉਹ ਬਿਨਾਂ ਝਿਜਕ ਮੇਰੇ ਨਾਲ ਰਾਬਤਾ ਕਾਇਮ ਕਰ ਸਕਦੇ ਹਨ। ਉਹਨਾਂ ਨੇ ਬੀ ਐੱਸ ਐੱਫ ਦੇ ਜਵਾਨਾਂ ਦੀ ਸਹੂਲਤ ਲਈ ਪੋਸਟ ਟਾਹਲੀਵਾਲਾ ਨੂੰ ਇੱਕ ਕੂਲਰ ਅਤੇ 10 ਸਾਈਕਲ ਦਿੱਤੇ। ਪੋਸਟ ਟਾਹਲੀਵਾਲਾ ਦੇ ਕੰਪਨੀ ਕਮਾਂਡਰ ਮਨੋਜ ਕੁਮਾਰ ਰੌਤ ਨੇ ਸਾਬਕਾ ਵਿਧਾਇਕ ਸ਼੍ਰੀ ਰਮਿੰਦਰ ਸਿੰਘ ਆਂਵਲਾ ਜੀ ਦਾ ਧੰਨਵਾਦ ਕੀਤਾ। ਇਸ ਮੌਕੇ ਬੋਲਦਿਆਂ ਪੰਜਾਬ ਬਾਰਡਰ ਏਰੀਆ ਕਿਸਾਨ ਯੂਨੀਅਨ ਜ਼ਿਲ੍ਹਾ ਫਾਜ਼ਿਲਕਾ ਦੇ ਪ੍ਰਧਾਨ ਸਰਦਾਰ ਸੁਖਦੇਵ ਸਿੰਘ ਸੰਧੂ ਨੇ ਕਿਹਾ ਕਿ ਅਸੀਂ ਹਰ ਸਮੇਂ ਦੇਸ਼ ਅਤੇ ਦੇਸ਼ ਦੀ ਸੁਰੱਖਿਆ ਲਈ ਤਾਇਨਾਤ ਬੀ ਐੱਸ ਐੱਫ ਅਤੇ ਦੂਸਰੀਆਂ ਫੌਜਾਂ ਦੇ ਨਾਲ ਹਾਂ। ਅਸੀਂ ਹਮੇਸ਼ਾ ਹੀ ਇਨ੍ਹਾਂ ਦਾ ਸਾਥ ਦਿੱਤਾ ਹੈ ਅਤੇ ਦਿੰਦੇ ਰਹਾਂਗੇ। ਇਸ ਸਮੇਂ ਬੀ ਐੱਸ ਐੱਫ 65 ਬਟਾਲੀਅਨ ਦੇ ਕਮਾਂਡੈਂਟ ਵਰਿੰਦਰਾ ਬਹਾਦਰ ਯਾਦਵ, ਬੀ ਐੱਸ ਐੱਫ ਦੇ ਅਧਿਕਾਰੀ ਮੀਨਾ ਸਾਹਬ, ਵਿਜੇ ਕੁਮਾਰ ਬੀ ਐੱਸ ਐੱਫ ਅਤੇ ਸ਼੍ਰੀ ਰਮਿੰਦਰ ਸਿੰਘ ਆਂਵਲਾ ਦੇ ਨਾਲ਼ ਆਏ ਰਿੰਕੂ ਸੋਢੀ, ਪ੍ਰਧਾਨ ਕਰਤਾਰ ਸਿੰਘ, ਪ੍ਰਧਾਨ ਅਮਰੀਕ ਸਿੰਘ, ਬਲਕਾਰ ਸਿੰਘ ਚੇਅਰਮੈਨ, ਗੁਰਪ੍ਰੀਤ ਸਿੰਘ ਵਿਰਕ, ਗੁਰਵਕੀਲ ਸਿੰਘ ਚੱਕ ਪੱਖੀ, ਸ਼ੰਟੀ ਕਪੂਰ, ਪ੍ਰਧਾਨ ਵਿਕਾਸਦੀਪ ਸਿੰਘ, ਪੰਜਾਬ ਬਾਰਡਰ ਏਰੀਆ ਕਿਸਾਨ ਯੂਨੀਅਨ ਦੇ ਸੂਬਾ ਕਮੇਟੀ ਮੈਂਬਰ ਸ਼ਾਮ ਲਾਲ ਕੰਬੋਜ, ਦਰਸ਼ਨ ਸਿੰਘ ਸੈਕਟਰੀ, ਰਿਸ਼ੂ ਗੁੱਦੜ ਭੈਣੀ, ਸੋਹਣ ਸਿੰਘ, ਬਲਕਾਰ ਸਿੰਘ ਖਜ਼ਾਨਚੀ, ਸ਼ਰਨਜੀਤ ਸਿੰਘ, ਕੇਵਲ ਸਿੰਘ, ਕੁਲਵਿੰਦਰ ਸਿੰਘ, ਹੁਸ਼ਿਆਰ ਸਿੰਘ, ਕਿੰਦਰ ਸਿੰਘ, ਰਣਵੀਰ ਸਿੰਘ ਹਾਜ਼ਰ ਸਨ।



# ਅੰਤਰਰਾਸ਼ਟਰੀ ਗੱਤਕਾ ਮੁਕਾਬਲਿਆਂ 'ਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਟੀਮ ਨੇ ਮਾਰੀ ਬਾਜ਼ੀ



ਫਤਹਿਗੜ੍ਹ ਸਾਹਿਬ, 26 ਮਈ (ਹਰਪ੍ਰੀਤ ਕੌਰ ਟਿਵਾਣਾ): ਸਰਹਿੰਦ ਫਤਹਿ ਦਿਵਸ ਨੂੰ ਸਮਰਪਿਤ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਵੱਲੋਂ ਮੈਨੇਜਰ ਗੁਰਦਵਾਰਾ ਸ੍ਰੀ ਫਤਹਿਗੜ੍ਹ ਸਾਹਿਬ ਦੇ ਸਹਿਯੋਗ ਨਾਲ ਨੈਸ਼ਨਲ ਪੱਧਰ ਦੇ ਗੱਤਕਾ ਮੁਕਾਬਲੇ ਗੁਰਦਵਾਰਾ ਸ੍ਰੀ ਫਤਹਿਗੜ੍ਹ ਸਾਹਿਬ ਵਿਖੇ ਕਰਵਾਏ ਗਏ। ਇਨ੍ਹਾਂ ਗੱਤਕਾ ਮੁਕਾਬਲਿਆਂ ਵਿਚ ਗੁਰੂ ਕਾਸ਼ੀ ਯੂਨੀਵਰਸਿਟੀ, ਪੰਜਾਬੀ ਯੂਨੀਵਰਸਿਟੀ ਪਟਿਆਲਾ, ਦਿੱਲੀ ਯੂਨੀਵਰਸਿਟੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਦੀਆਂ ਟੀਮਾਂ ਨੇ ਭਾਗ ਲਿਆ ਸੀ। ਇਸ ਮੌਕੇ 'ਤੇ ਲੜਕੇ ਅਤੇ ਲੜਕੀਆਂ ਦੇ ਵਰਗ ਵਿਚ ਫਰੀ ਸੋਟੀ ਦੇ ਮੁਕਾਬਲੇ ਕਰਵਾਏ ਗਏ। ਲੜਕਿਆਂ ਦੇ ਵਰਗ ਵਿੱਚੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਦੇ ਖਿਡਾਰੀ ਜਸਕਰਨ ਸਿੰਘ ਨੇ ਪਹਿਲਾ ਸਥਾਨ, ਦਿੱਲੀ ਯੂਨੀਵਰਸਿਟੀ ਦੀ ਟੀਮ ਦੇ ਖਿਡਾਰੀ ਨੇ ਦੂਜਾ ਸਥਾਨ ਅਤੇ ਤੀਸਰਾ ਸਥਾਨ ਗੁਰੂ ਕਾਸ਼ੀ ਯੂਨੀਵਰਸਿਟੀ ਦੇ ਖ਼ਿਡਾਰੀ ਨੇ ਹਾਸਿਲ ਕੀਤਾ। ਲੜਕੀਆਂ ਦੇ ਵਰਗ ਵਿਚ ਪੰਜਾਬੀ ਯੂਨੀਵਰਸਿਟੀ ਤੋਂ ਜਸ਼ਨਦੀਪ ਕੌਰ ਨੇ ਪਹਿਲਾ ਸਥਾਨ, ਸ੍ਰੀ ਗੁਰੂ ਗ੍ਰੰਥ ਸਾਹਿਬ ਯੂਨੀਵਰਸਿਟੀ ਤੋਂ ਕਿਰਪਾਲ ਕੌਰ ਨੇ ਦੂਜਾ ਸਥਾਨ ਤੇ ਗੁਰੂ ਕਾਸ਼ੀ ਦੀ ਖ਼ਿਡਾਰਨ ਨੇ ਤੀਜਾ ਸਥਾਨ ਹਾਸਲ ਕੀਤਾ। ਇਸ ਮੌਕੇ 'ਤੇ ਵਿਸ਼ੇਸ਼ ਤੌਰ 'ਤੇ ਪਹੁੰਚੇ ਕਾਰਜਕਾਰੀ ਜੱਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਜੀ ਨੇ ਜੇਤੂ ਵਿਦਿਆਰਥੀਆਂ ਨੂੰ ਇਨਾਮਾਂ ਦੀ ਵੰਡ ਕੀਤੀ। ਗੱਤਕਾ ਮੁਕਾਬਲੇ ਦੀ ਜੱਜਮੈਂਟ ਦੀ ਸੇਵਾ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਖੇਡ ਵਿਭਾਗ ਦੇ ਇੰਚਾਰਜ ਗੁਰਪ੍ਰੀਤ ਸਿੰਘ, ਤਲਵਿੰਦਰ ਸਿੰਘ ਗੱਤਕਾ ਕੋਚ, ਗੁਰਪ੍ਰੀਤ ਸਿੰਘ ਅੰਮ੍ਰਿਤਸਰ, ਹਰਸਿਮਰਨ ਸਿੰਘ ਜ਼ਫਰਵਾਲ ਅਤੇ ਹਰਜਿੰਦਰ ਸਿੰਘ ਕਿੱਲੀ ਵੱਲੋਂ ਨਿਭਾਈ ਗਈ। ਇਸ ਮੌਕੇ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਪ੍ਰਿਤਪਾਲ ਸਿੰਘ, ਡੀਨ ਅਕਾਦਮਿਕ ਮਾਮਲੇ ਪ੍ਰੋ. ਸੁਖਵਿੰਦਰ ਸਿੰਘ ਬਿਲਿੰਗ, ਡੀਨ ਵਿਦਿਆਰਥੀ ਭਲਾਈ ਡਾ. ਸਿਕੰਦਰ ਸਿੰਘ, ਵਿਭਾਗ ਮੁਖੀ ਡਾ. ਭੁਪਿੰਦਰ ਸਿੰਘ ਘੁੰਮਣ ਤੇ ਯੂਨੀਵਰਸਿਟੀ ਦੇ ਅੰਦਰੂਨੀ ਗੁਣਵੱਤਾ ਨਿਰਧਾਰਨ ਸੈੱਲ ਦੇ ਕੋਆਰਡੀਨੇਟਰ ਡਾ. ਅੰਕਦੀਪ ਕੌਰ ਅਟਵਾਲ ਨੇ ਯੂਨੀਵਰਸਿਟੀ ਗੱਤਕਾ ਕੋਚ ਤਲਵਿੰਦਰ ਸਿੰਘ, ਯੂਨੀਵਰਸਿਟੀ ਦੇ ਗੱਤਕਾ ਖ਼ਿਡਾਰੀ ਜਸਕਰਨ ਸਿੰਘ ਤੇ ਕਿਰਨਪਲ ਕੌਰ ਨੂੰ ਵਧਾਈ ਦਿੱਤੀ। ਵਾਈਸ ਚਾਂਸਲਰ ਡਾ. ਪ੍ਰਿਤਪਾਲ ਸਿੰਘ ਨੇ ਦੱਸਿਆ ਕਿ ਯੂਨੀਵਰਸਿਟੀ ਗੱਤਕਾ ਟੀਮ ਇਸ ਸਾਲ ਆਲ ਇੰਡੀਆ ਇੰਟਰ ਯੂਨੀਵਰਸਿਟੀ ਗੱਤਕਾ ਚੈਂਪੀਅਨਸ਼ਿਪ ਵਿਚ ਵੀ ਓਵਰ ਆਲ ਪਹਿਲਾ ਸਥਾਨ ਪ੍ਰਾਪਤ ਕਰ ਚੁੱਕੀ ਹੈ ਤੇ ਯੂਨੀਵਰਸਿਟੀ ਵਿਚ ਸਰਬੱਤ ਦਾ ਭਲਾਂ ਚੈਰੀਟੇਬਲ ਟਰੱਸਟ ਦੇ ਸਹਿਯੋਗ ਨਾਲ ਬਾਰਵੀਂ ਕਲਾਸ ਤੋਂ ਬਾਅਦ ਇਕ ਸਾਲ ਦਾ ਡਿਪਲੋਮਾ ਕੋਰਸ ਕਰਵਾਉਂਦੀ ਹੈ।

# ਹਲਕਾ ਇੰਚਾਰਜ ਭੱਟੀ ਨੇ ਨਸ਼ਾ ਨਾ ਵਿਕਣ ਦੇਣ ਦੀ ਸਹੁੰ ਚੁਕਾਈ




ਭੋਗਪੁਰ, 26 ਮਈ (ਜੰਡੀਰ ਸੈਣੀ): ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਪਿੰਡ ਨਾਜ਼ਕਾ, ਭੇਲਾ ਤੇ ਸਾਰੋਬਾਦ ਵਿਖੇ ਜੀਤ ਲਾਲ ਭੱਟੀ ਹਲਕਾ ਇੰਚਾਰਜ/ਡਾਇਰੈਕਟਰ ਪਨਬਸ ਪੰਜਾਬ ਵਲੋਂ ਜਨ ਸਭਾ ਕੀਤੀ ਗਈ ਤੇ ਪਿੰਡ ਨਿਵਾਸੀਆਂ ਨੂੰ ਆਪਣੇ ਪਿੰਡ 'ਚ ਨਸ਼ਾ ਨਾ ਵਿਕਣ ਦੇਣ ਦੀ ਸਹੁੰ ਚੁਕਾਈ। ਹਲਕਾ ਇੰਚਾਰਜ ਜੀ ਲਾਲ ਭੱਟੀ ਰੋਜ਼ਾਨਾ ਹੀ ਹਲਕਾ ਆਦਮਪੁਰ ਵਿੱਚ ਯੁੱਧ ਨਸ਼ਿਆਂ ਵਿਰੁੱਧ ਮਹਿਮ ਤਹਿਤ ਪਿੰਡਾਂ ਵਿੱਚ ਜਾ ਕੇ ਨੌਜਵਾਨਾਂ ਨੂੰ ਜਾਗਰੂਕ ਕਰ ਰਹੇ ਹਨ ਹਲਕੇ ਨੂੰ ਨਸ਼ਾ ਮੁਕਤ ਕਰਨ ਲਈ ਸਹੁੰ ਚੁਕਵਾ ਰਹੇ ਹਨ। ਇਸ ਮੌਕੇ 'ਤੇ ਬਲਾਕ ਪ੍ਰਧਾਨ ਤਰਸੇਮ ਲਾਲ, ਬਲਾਕ ਪ੍ਰਧਾਨ ਮਦਨ ਸਿੰਘ, ਦਲਜੀਤ ਸਿੰਘ ਮਿਨਹਾਸ ਕੋਆਰਡੀਨੇਟਰ ਯੁੱਧ ਨਸ਼ਿਆਂ ਵਿਰੁੱਧ, ਸੀਨੀਅਰ ਆਗੂ ਧਰਮਪਾਲ, ਰਮੇਸ਼ ਚੰਦਰ ਜ਼ਿਲ੍ਹਾ ਜੁਆਇੰਟ ਸਕੱਤਰ ਟਰੇਡ ਵਿੰਗ, ਬੂਟਾ ਸਿੰਘ ਟੀਟੂ ਕੋਆਰਡੀਨੇਟਰ ਐਸ.ਸੀ ਵਿੰਗ, ਕੁਲਵੰਤ ਸਿੰਘ, ਵਿਨੋਦ ਚੋਪੜਾ, ਸਰਪੰਚ ਸਹਿਬਾਨ ਤੇ ਪਿੰਡ ਵਾਸੀ ਮੌਜੂਦ ਸਨ।

# ਇੰਜੀ. ਮੱਟੂ ਪੰਜਾਬੀ ਫਿਲਮ ਐਂਡ ਮਿਊਜ਼ਿਕ ਐਵਾਰਡ ਨਾਲ ਸਨਮਾਨਤ

ਫਤਹਿਗੜ੍ਹ ਸਾਹਿਬ, 26 ਮਈ (ਹਰਪ੍ਰੀਤ ਕੌਰ ਟਿਵਾਣਾ): ਪੰਜਾਬੀ ਸਾਹਿਤ ਦੀ ਚਰਚਿਤ ਸ਼ਖ਼ਸੀਅਤ ਅਤੇ ਗੀਤਕਾਰੀ ਦੇ ਖੇਤਰ ਵਿੱਚ ਸੱਭਿਆਚਾਰਕ ਅਤੇ ਪਰਿਵਾਰਕ ਗੀਤਾਂ ਨਾਲ ਆਪਣੀ ਨਿਵੇਕਲੀ ਪ੍ਰਤਿਭਾ ਕਾਇਮ ਕਰਨ ਵਾਲੇ ਪੇਸ਼ੇ ਵਜੋਂ ਸਿਵਲ ਇੰਜੀਨੀਅਰ ਸਤਨਾਮ ਸਿੰਘ ਮੱਟੂ ਨੂੰ ਗੀਤਕਾਰ ਵਜੋਂ ਮੋਤੀਆਜ਼ ਪੰਜਾਬੀ ਫਿਲਮ ਅਤੇ ਮਿਊਜ਼ਿਕ ਐਵਾਰਡ ਮਿਲਣ ਨਾਲ ਕੱਦ ਹੋਰ ਉੱਚਾ ਹੋ ਗਿਆ ਹੈ। ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਇੰਜੀ. ਸਤਨਾਮ ਸਿੰਘ ਮੱਟੂ ਨੇ ਦੱਸਿਆ ਕਿ ਵਾਇਸ ਇੰਟਰਟੇਨਮੈਂਟ ਅਤੇ ਮੋਤੀਆ ਵੱਲੋਂ ਸਾਂਝੇ ਤੌਰ 'ਤੇ ਫਿਲਮੀ ਡਾਇਰੈਕਟਰ ਅਤੇ ਪ੍ਰੋਡਿਊਸਰ ਅਜੇ ਸਹੋਤਾ ਦੀ ਅਗਵਾਈ ਵਿੱਚ ਹੋਏ ਇਸ ਪ੍ਰੋਗਰਾਮ ਵਿੱਚ ਗਾਇਕੀ ਅਤੇ ਫ਼ਿਲਮੀ ਖੇਤਰ ਦੀਆਂ ਮਹਾਨ ਹਸਤੀਆਂ ਤੋਂ ਇਲਾਵਾ ਅਦਾਕਾਰਾ ਸੁਨੀਤਾ ਧੀਰ, ਪੰਜਾਬੀ ਗਾਇਕੀ ਦੀ ਥੰਮ ਜੋੜੀ ਹਾਕਮ ਬਖਤੜੀਵਾਲਾ ਅਤੇ ਦਲਜੀਤ ਕੌਰ, ਸ਼੍ਰੋਮਣੀ ਸ਼ਾਇਰ ਦਰਸ਼ਨ ਬੁੱਟਰ ਦੀ ਹਾਜ਼ਰੀ ਵਿੱਚ ਇਹ ਸਨਮਾਨ ਮਿਲਣਾ ਮੇਰੇ ਲਈ, ਮੇਰੇ ਪਰਿਵਾਰ ਅਤੇ ਇਲਾਕੇ ਲਈ ਬਹੁਤ ਹੀ ਮਾਣ ਵਾਲੀ ਗੱਲ ਹੈ। ਮਾਂ ਦੀਆਂ ਦੁਆਵਾਂ, ਪਿਤਾ ਦੀ ਹੱਲਾਸ਼ੇਰੀ ਅਤੇ ਪਰਿਵਾਰ ਦਾ ਸਹਿਯੋਗ ਇਨਸਾਨ ਨੂੰ ਮੰਜ਼ਿਲ ਦੀਆਂ ਦਹਿਲੀਜ਼ਾਂ ਸਰ ਕਰਨ ਵੱਲ੍ਹ ਤੋਰਦਾ ਹੈ। ਬੀਤੇ ਦੇ ਤਿੰਨ ਦਹਾਕਿਆਂ 'ਚ ਰਾਤਾਂ ਨੂੰ ਦਿਨ ਸਮਝ ਕੇ ਦ੍ਰਿੜ ਇਰਾਦੇ ਨਾਲ ਕੀਤੀ ਮੁਸ਼ੱਕਤ ਦਾ ਇਸ ਸਨਮਾਨ ਦੇ ਰੂਪ ਫਲ ਮਿਲਿਆ ਹੈ। ਉਹਨਾਂ ਦਾ ਕਹਿਣਾ ਹੈ ਕਿ ਕੀਤੀ ਮਿਹਨਤ ਨੂੰ ਇੱਕ ਦਿਨ ਮੰਜ਼ਲ ਰੂਪੀ ਫਲ ਜ਼ਰੂਰ ਲੱਗਦਾ ਹੈ, ਮਿਹਨਤ ਕਦੇ ਵਿਅਰਥ ਨਹੀਂ ਜਾਂਦੀ, ਇਸਦਾ ਮੁਸਤੈਦੀ ਨਾਲ ਪੱਲਾ ਫੜਕੇ ਰੱਖਣ ਦੀ ਜ਼ਰੂਰਤ ਹੁੰਦੀ ਹੈ। ਇਸ ਸਮੇਂ ਹੋਰਨਾਂ ਤੋਂ ਇਲਾਵਾ ਗਾਇਕ ਜੋੜੀ ਹਾਕਮ ਬਖਤੜੀਵਾਲਾ ਅਤੇ ਦਲਜੀਤ ਕੌਰ, ਸ਼੍ਰੋਮਣੀ ਸਾਹਿਤਕਾਰ ਦਰਸ਼ਨ ਬੁੱਟਰ, ਗੀਤਕਾਰ ਭੰਗੂ ਫਲੇੜੇ ਵਾਲਾ, ਅਦਾਕਾਰ ਅੰਮ੍ਰਿਤਪਾਲ ਸਿੰਘ ਬਿੱਲਾ, ਰਾਜਾ ਕੰਗ, ਰਾਜਵਿੰਦਰ ਸਮਰਾਲਾ, ਜੱਗੀ ਟੌਹੜਾ, ਗੁਰਪ੍ਰੀਤ ਬਿੱਲੀ ਕੇਨੈਡਾ, ਸਰਦਾਰ ਅਲੀ, ਸੰਗਦਿਲ 47, ਗਾਇਕ ਹਰਜੀਤ ਹਰਮਨ, ਅਦਾਕਾਰ ਪ੍ਰਕਾਸ਼ ਗਾਧੂ ਵੀ ਇਸ ਸਮਾਗਮ ਵਿੱਚ ਉਚੇਚੇ ਹਾਜ਼ਰ ਸਨ।



# ਸੈਕਰਡ ਹਾਰਟ ਸੀਨੀ. ਸੈਕੰ. ਸਕੂਲ ਓਪਨ ਰੋਲਰਸ ਸਕੇਟਿੰਗ ਚੈਂਪੀਅਨਸ਼ਿਪ 'ਚ ਚਮਕਿਆ




ਮੰਡੀ ਗੋਬਿੰਦਗੜ੍ਹ, 26 ਮਈ (ਸੂਦ): ਸੈਕਰਡ ਹਾਰਟੀਅਨਜ਼ ਨੇ ਸਰਹਿੰਦ ਵਿਖੇ ਆਯੋਜਿਤ ਓਪਨ ਰੋਲਰਸ ਸਕੇਟਿੰਗ ਚੈਂਪੀਅਨਸ਼ਿਪ ਵਿੱਚ ਹਿੱਸਾ ਲੈ ਕੇ ਸਕੂਲ ਦਾ ਮਾਣ ਵਧਾਇਆ। ਇਹ ਪ੍ਰੋਗਰਾਮ ਅਮਨ ਸਪੋਰਟਸ ਦੁਆਰਾ ਆਯੋਜਿਤ ਅਤੇ ਵਿਜ਼ਡਮ ਸਕੂਲ ਵਿਖੇ ਆਯੋਜਿਤ ਕੀਤਾ ਗਿਆ ਸੀ। ਇਸ ਵਿੱਚ ਵੱਖ-ਵੱਖ ਸਕੂਲਾਂ ਨੇ ਹਿੱਸਾ ਲਿਆ ਤੇ ਸੈਕਰਡ ਹਾਰਟ ਮੰਡੀ ਗੋਬਿੰਦਗੜ੍ਹ ਦੇ ਵਿਦਿਆਰਥੀਆਂ ਨੇ 7 ਸੋਨ, 15 ਚਾਂਦੀ ਤੇ 12 ਕਾਂਸੀ ਦੇ ਤਗਮੇ ਜਿੱਤ ਕੇ ਸਕੂਲ ਦਾ ਨਾਮ ਰੌਸ਼ਨ ਕੀਤਾ। ਪ੍ਰਿੰਸੀਪਲ ਦਿਵਿਆ ਮਹਿਤਾ ਨੇ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਸਖ਼ਤ ਮਿਹਨਤ ਲਈ ਵਧਾਈ ਦਿੱਤੀ ਅਤੇ ਡੀਪੀ ਅਤੇ ਕੋਚ ਦੇ ਯਤਨਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਪਿਛਲੇ 15-20 ਦਿਨਾਂ ਵਿੱਚ ਵਿਦਿਆਰਥੀਆਂ ਦੇ ਸਮਰਪਣ ਅਤੇ ਅਭਿਆਸ ਲਈ ਸ਼ਲਾਘਾ ਕੀਤੀ, ਜਿਸ ਕਾਰਨ ਇਹ ਸ਼ਾਨਦਾਰ ਸਫਲਤਾ ਮਿਲੀ। ਉਨ੍ਹਾਂ ਵਿਦਿਆਰਥੀਆਂ ਨੂੰ ਅਭਿਆਸ ਜਾਰੀ ਰੱਖਣ ਤੇ ਵੱਖ-ਵੱਖ ਔਨਲਾਈਨ ਅਤੇ ਔਫਲਾਈਨ ਮੁਕਾਬਲਿਆਂ ਵਿੱਚ ਹਿੱਸਾ ਲੈਣ ਦਾ ਸੱਦਾ ਦਿੱਤਾ। ਮੈਨੇਜਿੰਗ ਡਾਇਰੈਕਟਰ ਜੇਪੀਐਸ ਜੌਲੀ, ਸਹਾਇਕ ਮੈਨੇਜਿੰਗ ਡਾਇਰੈਕਟਰ ਸੁਤਿੰਦਰਜੀਤ ਜੌਲੀ ਤੇ ਪ੍ਰਧਾਨ ਨਵੇਰਾਂ ਜੌਲੀ ਨੇ ਵਿਦਿਆਰਥੀ, ਮਾਪੇ ਤੇ ਫ਼ੈਕਲਟੀ ਨੂੰ ਇਸ ਸ਼ਾਨਦਾਰ ਪ੍ਰਾਪਤੀ 'ਤੇ ਵਧਾਈ ਦਿੱਤੀ।

# ਲਵਪ੍ਰੀਤ ਸਿੰਘ ਦੀ ਕੋਚ ਵਜੋਂ ਨਿਯੁਕਤੀ ਹੋਣ 'ਤੇ ਸਕੂਲ 'ਚ ਜਸ਼ਨ ਦਾ ਮਾਹੌਲ ਬਣਿਆ

## ☛ਹਾਕੀਆਂ ਦੀ ਛਾਂ ਹੇਠਾਂ ਪ੍ਰਿੰਸੀਪਲ ਦੀ ਅਗਵਾਈ 'ਚ ਕੀਤਾ ਨਿੱਘਾ ਸਵਾਗਤ ਤੇ ਸਨਮਾਨ

ਅਮਲੋਹ, 26 ਮਈ (ਜਸਵੰਤ ਸਿੰਘ): ਸਕੂਲ ਆਫ ਐਮੀਨੈਂਸ ਅਮਲੋਹ ਵਿਚ ਲਵਪ੍ਰੀਤ ਦੇ ਕੋਚ ਬਣਨ 'ਤੇ ਪ੍ਰਿੰਸੀਪਲ ਇਕਬਾਲ ਸਿੰਘ ਦੀ ਅਗਵਾਈ ਵਿੱਚ ਨਿੱਘਾ ਸਵਾਗਤ ਅਤੇ ਸਨਮਾਨ ਕੀਤਾ ਗਿਆ। ਸਰੀਰਕ ਸਿੱਖਿਆ ਦੇ ਲੈਕਚਰਾਰ ਬੀਰਪਾਲ ਸਿੰਘ ਗਿੱਲ ਅਤੇ ਡੀਪੀਈ ਦਵਿੰਦਰ ਸਿੰਘ ਰਹਿਲ ਨੇ ਦੱਸਿਆ ਕਿ ਲਵਪ੍ਰੀਤ ਸਿੰਘ ਦੀ ਕੋਚ ਵਜੋਂ ਨਿਯੁਕਤੀ ਪੰਜਾਬ ਸਟੇਟ ਇੰਸਟੀਚਿਊਟ ਆਫ ਸਪੋਰਟਸ ਵਿੱਚ ਹੋਈ ਹੈ। ਉਨ੍ਹਾਂ ਦੱਸਿਆ ਕਿ ਉਹ ਸਕੂਲ ਆਫ ਐਮੀਨੈਂਸ ਅਮਲੋਹ ਦਾ ਹੋਣਹਾਰ ਵਿਦਿਆਰਥੀ ਰਿਹਾ ਹੈ ਅਤੇ 7 ਸਾਲਾਂ ਤੋਂ ਅਮਲੋਹ ਤੋਂ ਖਿਡਾਰੀਆਂ ਨੂੰ ਆਪਣੇ ਕੋਚਿੰਗ ਦੇ ਨਾਲ ਨਿਖਾਰ ਰਿਹਾ ਹੈ, ਸਕੂਲ ਦੀਆਂ ਹਾਕੀ ਵਿੱਚ ਜੋ ਪ੍ਰਾਪਤੀਆਂ ਹਨ, ਉਹ ਇਸ ਦੀ ਮਿਹਨਤ ਸਦਕਾ ਹੀ ਸੰਭਵ ਹੋਇਆ ਹੈ। ਇਸ ਮੌਕੇ ਰਿਟਾ. ਹਾਕੀ ਕੋਚ ਰਜਿੰਦਰ ਸਿੰਘ ਟਿਵਾਣਾ ਅਤੇ ਮਾਧਵ ਕੇਆਰਜੀ ਦੇ ਗੁਰਮੀਤ ਸਿੰਘ ਨੇ ਕਿਹਾ ਕਿ ਲਵਪ੍ਰੀਤ ਸਿੰਘ ਦੀ ਮਿਹਨਤ, ਲਗਨ 'ਤੇ ਹਮੇਸ਼ਾ ਮਾਣ ਰਹੇਗਾ। ਇਸ ਮੌਕੇ ਲਵਪ੍ਰੀਤ ਸਿੰਘ ਤੇ ਉਸਦੇ ਪਿਤਾ ਹਰਜਿੰਦਰ ਸਿੰਘ ਸਬ ਇੰਸਪੈਕਟਰ ਸੀਆਰਪੀਐਫ ਨੇ ਕਿਹਾ ਕਿ ਉਹ ਹਮੇਸ਼ਾ ਹੀ ਅਮਲੋਹ ਦੀ ਹਾਕੀ ਨੂੰ ਬੁਲੰਦੀਆਂ 'ਤੇ ਪਹੁੰਚਾਉਣ ਲਈ ਆਪਣੇ ਯਤਨ ਜਾਰੀ ਰੱਖਣਗੇ। ਇਸ ਮੌਕੇ ਹਾਕੀ ਖਿਡਾਰੀਆਂ ਵੱਲੋਂ ਹਾਕੀਆਂ ਦੀ ਛਾਂ ਕਰਕੇ ਲਵਪ੍ਰੀਤ ਸਿੰਘ ਪ੍ਰਤੀ ਆਪਣਾ ਅਥਾਹ ਪਿਆਰ ਜਿਤਾਇਆ। ਇਸ ਸਮੇਂ ਸਕੂਲ ਦਾ ਸਟਾਫ ਤੇ ਵਿਦਿਆਰਥੀ ਹਾਜ਼ਰ ਸਨ।



# ਦੁਨੀਆਂ ਦੀ ਸਭ ਤੋਂ ਵੱਡੀ ਖੁਫੀਆ ਏਜੰਸੀ ਚੀਨ 'ਚ ਮਿਨਿਸਟ੍ਰੀ ਆਫ ਸਟੇਟ ਸਕਿਓਰਿਟੀ ਦੇ ਨਾਂ ਨਾਲ ਮਸ਼ਹੂਰ

ਵਾਸ਼ਿੰਗਟਨ, 26 ਮਈ (ਚ.ਨ.ਸ) : ਮਿਨਿਸਟ੍ਰੀ ਆਫ ਸਟੇਟ ਸਕਿਓਰਿਟੀ (ਐੱਮਐੱਸਐੱਸ) ਦੇ ਨਾਂ ਨਾਲ ਮਸ਼ਹੂਰ ਚੀਨ ਦੇ ਖ਼ੁਫ਼ੀਆ ਸਮੂਹ ਨੂੰ ਦੁਨੀਆਂ ਦੀ ਸਭ ਤੋਂ ਵੱਡੀ ਤੇ ਸਭ ਤੋਂ ਖ਼ੁਫ਼ੀਆ ਏਜੰਸੀ ਦੱਸਿਆ ਗਿਆ ਹੈ। ਦਿ ਯੂਰੇਸ਼ੀਅਮ ਟਾਈਮਜ਼ ਅਨੁਸਾਰ ਸੀਬੀਐੱਸ ਨਿਊਜ਼ ਸੈਗਮੈਂਟ ਨੇ ਦੁਨੀਆਂ ਭਰ 'ਚ ਚੀਨ ਦੇ ਖ਼ੁਫ਼ੀਆ ਮੰਤਵਾਂ ਦੀ ਇਕ ਗੰਭੀਰ ਤਸਵੀਰ ਪੇਸ਼ ਕੀਤੀ ਹੈ। ਇਹ ਦੱਸਦੀ ਹੈ ਕਿ ਚੀਨ ਦੀ ਕਮਿਊਨਿਸਟ ਪਾਰਟੀ (ਸੀਸੀਪੀ) ਆਪਣੀਆਂ ਸਰਹੱਦਾਂ ਤੋਂ ਬਾਹਰ ਦੀਆਂ ਘਟਨਾਵਾਂ 'ਤੇ ਨਜ਼ਰ ਰੱਖਣ ਤੇ ਉਨ੍ਹਾਂ ਨੂੰ ਪ੍ਰਭਾਵਿਤ ਕਰਨ ਲਈ ਆਪਣੇ ਮੁਖ਼ਬਰਾਂ ਦੇ ਨੈੱਟਵਰਕ ਦੀ ਵਰਤੋਂ ਕਰਦੀ ਹੈ, ਨਾਲ ਹੀ ਅਮਰੀਕਾ 'ਚ ਚੀਨ ਦੇ ਅਸੰਤੁਸ਼ਟ ਲੋਕਾਂ ਦੀ ਨਿਗਰਾਨੀ ਕਰਨ ਦੇ ਨਾਲ ਹੀ ਉਨ੍ਹਾਂ ਨੂੰ ਡਰਾਉਂਦੀ-ਧਮਕਾਉਂਦੀ ਹੈ। ਸੀਬੀਐੱਸ ਦੀ ਰਿਪੋਰਟ ਦੱਸਦੀ ਹੈ ਕਿ ਐੱਮਐੱਸਐੱਸ ਨੇ ਖ਼ੁਫ਼ੀਆ ਜਾਣਕਾਰੀਆਂ ਇਕੱਠੀਆਂ ਕਰਨ ਤੋਂ ਪਰੇ ਜਾ ਕੇ ਆਪਣਾ ਘੇਰਾ ਵਧਾ ਲਿਆ ਹੈ ਤੇ ਉਸਨੇ ਆਪਣੇ ਏਜੰਟਾਂ 'ਚ ਪੱਛਮ ਦੇ ਸਿੱਖਿਆਵਾਦੀਆਂ, ਕਾਰੋਬਾਰੀਆਂ ਤੇ ਇਥੋਂ ਤੱਕ ਕਿ ਸਥਾਨਕ ਅਧਿਕਾਰੀਆਂ



ਨੂੰ ਵੀ ਸ਼ਾਮਲ ਕਰ ਲਿਆ ਹੈ। ਰਿਪੋਰਟ ਅਨੁਸਾਰ ਮਹਾਸ਼ਕਤੀ ਦੇ ਤੌਰ 'ਤੇ ਚੀਨ ਦੇ ਉਭਾਰ ਦੇ ਨਾਲ ਉਸ ਦੀਆਂ ਮੁਖ਼ਬਰੀ ਦੀਆਂ ਸਮਰੱਥਾਵਾਂ ਹੋਰ ਸਟੀਕ ਹੋਈਆਂ ਹਨ ਤੇ ਉਹ ਨਾ ਸਿਰਫ ਸਰਕਾਰੀ ਗੁਪਤ ਜਾਣਕਾਰੀਆਂ ਨੂੰ ਨਿਸ਼ਾਨਾ ਬਣਾ ਰਿਹਾ ਹੈ, ਬਲਕਿ ਨੈਰੇਟਿਵ (ਬਿਰਤਾਂਤ) ਨੂੰ ਵੀ ਪ੍ਰਭਾਵਿਤ ਕਰ ਰਿਹਾ ਹੈ, ਤਕਨੀਕ ਦੀ ਚੋਰੀ ਕਰ ਰਿਹਾ ਹੈ ਤੇ ਵਿਦੇਸ਼ 'ਚ ਅਸੰਤੁਸ਼ਟ ਲੋਕਾਂ ਦਾ ਘਾਣ ਕਰ ਰਿਹਾ ਹੈ। ਚੀਨ ਦੀਆਂ ਖ਼ੁਫ਼ੀਆ ਏਜੰਸੀਆਂ ਨਾਲ ਨਜਿੱਠਣ 'ਚ ਤਿੰਨ ਦਹਾਕਿਆਂ ਤੋਂ ਵੱਧ ਦਾ ਤਜਰਬਾ ਰੱਖਣ ਵਾਲੇ ਸਾਬਕਾ ਅਮਰੀਕੀ ਡਿਪਲੋਮੈਟ ਜਿਮ ਲੁਈਸ ਨੇ ਕਿਹਾ ਕਿ ਐੱਮਐੱਸਐੱਸ ਦਾ ਸ਼ੁਰੂਆਤੀ ਟੀਚਾ ਕੋਈ ਵਿਦੇਸ਼ੀ ਸਰਕਾਰ ਨਹੀਂ ਹੈ, ਹਾਲਾਂਕਿ ਅਮਰੀਕਾ ਦੂਜੇ ਸਥਾਨ 'ਤੇ ਹੈ। ਇਸ ਦਾ ਸਭ ਤੋਂ ਵੱਧ ਧਿਆਨ ਚੀਨ ਦੀ ਜਨਤਾ 'ਤੇ ਹੈ, ਖ਼ਾਸ ਕਰਕੇ ਜੋ ਲੋਕ ਵਿਦੇਸ਼ 'ਚ ਰਹਿੰਦੇ ਹਨ, ਖ਼ਾਸ ਕਰਕੇ ਅਮਰੀਕਾ 'ਚ। ਅਗਸਤ 2023 'ਚ ਬ੍ਰਿਟਿਸ਼ ਖ਼ੁਫ਼ੀਆ ਏਜੰਸੀ ਐੱਮਆਈ-5 ਦੇ ਡਾਇਰੈਕਟਰ ਜਨਰਲ ਕੇਨ ਮੈਕਲਮ ਨੇ ਕਿਹਾ ਸੀ ਕਿ ਐੱਮਐੱਸਐੱਸ ਨੇ ਖ਼ੁਫ਼ੀਆ ਜਾਣਕਾਰੀਆਂ ਇਕੱਤਰ ਕਰਨ ਲਈ ਲਿੰਕਡਇਨ ਰਾਹੀਂ 20 ਹਜ਼ਾਰ ਤੋਂ ਵੱਧ ਬ੍ਰਿਟਿਸ਼ ਨਾਗਰਿਕਾਂ ਨਾਲ ਸੰਪਰਕ ਕੀਤਾ। ਇਸੇ ਤਰ੍ਹਾਂ ਫਰਾਂਸ ਦੀ ਖ਼ੁਫ਼ੀਆ ਏਜੰਸੀ ਨੇ 2018 'ਚ ਦੇਸ਼ ਦੇ ਚਾਰ ਹਜ਼ਾਰ ਨਾਗਰਿਕਾਂ ਤੇ ਜਰਮਨੀ ਨੇ ਉਸਦੇ 10 ਹਜ਼ਾਰ ਨਾਗਰਿਕਾਂ ਨਾਲ ਸੰਪਰਕ ਕਰਨ ਦੀ ਗੱਲ ਕਹੀ ਸੀ।

# ਏ.ਐੱਸ.ਆਈ. ਪੋਪਲੀ ਦੇ ਖਿਲਾਫ਼ ਭ੍ਰਿਸ਼ਟਾਚਾਰ ਮਾਮਲੇ 'ਚ ਘਰੋਂ ਮਿਲੇ ਕਾਰਤੂਸ

## ☛ਅਸਲ੍ਹਾ ਐਕਟ ਤਹਿਤ ਚੱਲੇਗਾ ਕੇਸ

ਚੰਡੀਗੜ੍ਹ, 26 ਮਈ (ਚ.ਨ.ਸ.) : ਪੰਜਾਬ ਕੇਡਰ ਦੇ 2008 ਬੈਚ ਦੇ ਆਈ.ਏ.ਐੱਸ. ਅਧਿਕਾਰੀ ਸੰਜੇ ਪੋਪਲੀ ਖ਼ਿਲਾਫ਼ ਚੰਡੀਗੜ੍ਹ ਦੇ ਸੈਕਟਰ-11 ਥਾਣੇ 'ਚ ਦਰਜ ਕੀਤੇ ਗਏ ਅਸਲ੍ਹਾ ਐਕਟ ਦੇ ਮਾਮਲੇ 'ਚ ਕੇਸ ਚੱਲੇਗਾ। ਸੈਕਟਰ-11 ਥਾਣਾ ਪੁਲਿਸ ਨੇ ਜੂਨ 2022 'ਚ ਦਰਜ ਕੀਤੇ ਗਏ ਅਸਲ੍ਹਾ ਐਕਟ ਦੇ ਮਾਮਲੇ 'ਚ ਜ਼ਿਲ੍ਹਾ ਅਦਾਲਤ 'ਚ ਚਾਰਜਸ਼ੀਟ ਦਾਇਰ ਕਰ ਦਿੱਤੀ ਹੈ। ਉਸ ਵਿਰੁੱਧ 31 ਮਈ ਤੋਂ ਕੇਸ ਦੀ ਕਾਰਵਾਈ ਸ਼ੁਰੂ ਹੋਵੇਗੀ। ਪੁਲਿਸ ਨੇ ਮੁਲਜ਼ਮ ਆਈ.ਏ.ਐੱਸ. ਅਧਿਕਾਰੀ ਵਿਰੁੱਧ ਇਹ ਮਾਮਲਾ ਪੰਜਾਬ ਵਿਜੀਲੈਂਸ ਵੱਲੋਂ ਦਿੱਤੀ ਗਈ ਸ਼ਿਕਾਇਤ 'ਤੇ ਉਦੋਂ ਦਰਜ ਕੀਤਾ ਸੀ, ਜਦੋਂ ਸੈਕਟਰ-11 ਸਥਿਤ ਉਨ੍ਹਾਂ ਦੇ ਘਰ ਦੀ ਲਈ ਗਈ ਤਲਾਸ਼ੀ ਦੌਰਾਨ ਕਾਰਤੂਸ ਬ੍ਰਾਮਦ ਹੋਏ ਸਨ। ਦਰਅਸਲ ਪੰਜਾਬ ਵਿਜੀਲੈਂਸ ਮੁਲਜ਼ਮ ਅਧਿਕਾਰੀ ਪੋਪਲੀ ਵਿਰੁੱਧ ਦਰਜ ਕੀਤੇ ਗਏ ਭ੍ਰਿਸ਼ਟਾਚਾਰ ਦੇ ਮਾਮਲੇ ਨੂੰ ਲੈ ਕੇ ਉਨ੍ਹਾਂ ਦੇ ਘਰ ਤਲਾਸ਼ੀ ਲੈ ਰਹੀ ਸੀ। ਇਸ ਤਲਾਸ਼ੀ ਮੁਹਿੰਮ ਦੌਰਾਨ ਵਿਜੀਲੈਂਸ ਨੂੰ ਉਨ੍ਹਾਂ ਦੇ ਘਰੋਂ ਕਾਰਤੂਸ ਮਿਲੇ ਸਨ, ਜਿਸ ਤੋਂ ਬਾਅਦ ਕਾਰਤੂਸ ਮਿਲਣ ਦੀ ਜਾਣਕਾਰੀ ਚੰਡੀਗੜ੍ਹ ਪੁਲਿਸ ਨੂੰ ਦਿੱਤੀ ਗਈ ਸੀ। ਸੂਚਨਾ ਮਿਲਣ 'ਤੇ ਮੌਕੇ 'ਤੇ ਪਹੁੰਚੀ ਸੈਕਟਰ-11 ਥਾਣਾ ਪੁਲਿਸ ਨੇ ਕਾਰਤੂਸ ਕਬਜ਼ੇ 'ਚ ਲੈਂਦਿਆਂ ਮੁਲਜ਼ਮ ਅਧਿਕਾਰੀ ਖ਼ਿਲਾਫ਼ ਅਸਲ੍ਹਾ ਐਕਟ ਦੀਆਂ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਸੀ।

## ਘਰੋਂ ਮਿਲੇ ਸਨ 73 ਕਾਰਤੂਸ

ਪੋਪਲੀ ਦੇ ਘਰੋਂ ਪੁਲਿਸ ਨੂੰ 73 ਕਾਰਤੂਸ ਬ੍ਰਾਮਦ ਹੋਏ ਸਨ। ਇਨ੍ਹਾਂ ਵਿਚ 7.65 ਐੱਮਐੱਮ ਦੇ 41 ਕਾਰਤੂਸ ਸਨ, ਜਦਕਿ 32 ਬੋਰ ਦੇ 2 ਅਤੇ 22 ਬੋਰ ਦੇ 30 ਕਾਰਤੂਸ ਸਨ। ਪੁਲਿਸ ਨੇ ਉਸ ਤੋਂ ਇਨ੍ਹਾਂ ਕਾਰਤੂਸਾਂ ਬਾਰੇ ਪੁੱਛ-ਗਿੱਛ ਕੀਤੀ ਸੀ ਪਰ ਕੋਈ ਸਪੱਸ਼ਟ ਜਵਾਬ ਨਾ ਮਿਲਣ 'ਤੇ ਉਸ ਖ਼ਿਲਾਫ਼ ਅਸਲ੍ਹਾ ਐਕਟ ਦਾ ਮਾਮਲਾ ਦਰਜ ਕਰ ਲਿਆ ਗਿਆ ਸੀ। ਇਸ ਤੋਂ ਇਲਾਵਾ ਇਨ੍ਹਾਂ ਕਾਰਤੂਸਾਂ ਬਾਰੇ ਉਸ ਦੇ ਅਸਲ੍ਹਾ ਲਾਇਸੈਂਸ 'ਚ ਵੀ ਕੋਈ ਜ਼ਿਕਰ ਨਹੀਂ ਸੀ।

# ਸ੍ਰੀ ਹੇਮਕੁੰਟ ਸਾਹਿਬ ਦੀ ਯਾਤਰਾ ਲਈ ਟਰੱਸਟ ਵੱਲੋਂ ਸੁਚਾਰੂ ਪ੍ਰਬੰਧ : ਨਰਿੰਦਰਜੀਤ ਸਿੰਘ ਬਿੰਦਰਾ

ਅੰਮ੍ਰਿਤਸਰ, 26 ਮਈ (ਚ.ਨ.ਸ.) : ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਦੇ ਕਿਵਾੜ ਸੰਗਤਾਂ ਲਈ ਖੋਲ੍ਹੇ ਗਏ ਹਨ। ਇਸ ਮੌਕੇ ਸੰਗਤਾਂ 'ਚ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ ਹੈ। ਟਰੱਸਟ ਦੇ ਪ੍ਰਧਾਨ ਨਰਿੰਦਰ ਜੀਤ ਸਿੰਘ ਬਿੰਦਰਾ ਨੇ ਕਿਹਾ ਕਿ ਸ੍ਰੀ ਹੇਮਕੁੰਟ ਸਾਹਿਬ ਟਰੱਸਟ ਵੱਲੋਂ ਯਾਤਰਾ 'ਚ ਪਹੁੰਚਣ ਵਾਲੀਆਂ ਸੰਗਤਾਂ ਲਈ ਪ੍ਰਬੰਧ ਸੁਚਾਰੂ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਪਹਿਲੇ ਦਿਨ ਧਾਰਮਿਕ ਸਮਾਗਮ ਸਵੇਰੇ 10 ਵਜੇ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਨਾਲ ਸ਼ੁਰੂ ਹੋਏ, ਜਿਸ ਤੋਂ ਬਾਅਦ ਭਾਈ ਸੋਖਣ ਸਿੰਘ ਨੇ ਕੀਰਤਨ ਨਾਲ ਹਾਜ਼ਰੀ ਭਰੀ। ਇਸ ਤੋਂ ਬਾਅਦ ਦੁਪਹਿਰ 12:30 ਵਜੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਗਈ। ਪਹਿਲੇ ਦਿਨ ਸ੍ਰੀ ਹੇਮਕੁੰਟ ਸਾਹਿਬ ਵਿਖੇ ਪੰਜ ਹਜ਼ਾਰ ਤੋਂ ਵੱਧ ਸੰਗਤਾਂ ਨਤਮਸਤਕ ਹੋਈਆਂ। ਆਈ.ਟੀ.ਬੀ.ਪੀ., ਐੱਸ.ਡੀ.ਆਰ.ਐੱਫ. ਤੇ ਪੁਲਿਸ ਪੂਰੇ ਰਸਤੇ 'ਤੇ ਤਾਇਨਾਤ ਰਹੀ ਅਤੇ ਗਲੇਸ਼ੀਅਰ ਅਤੇ ਹੋਰ



ਮਹੱਤਵਪੂਰਨ ਥਾਵਾਂ ਨੂੰ ਪਾਰ ਕਰਨ ਵਿੱਚ ਸੰਗਤਾਂ ਦੀ ਸਹਾਇਤਾ ਕੀਤੀ। ਬਿੰਦਰਾ ਨੇ ਇਸ ਮੌਕੇ ਸੰਗਤਾਂ ਦਾ ਸਵਾਗਤ ਕੀਤਾ ਤੇ ਬਰਫ਼ ਸਾਫ਼ ਕਰਕੇ ਸੰਗਤ ਲਈ ਯਾਤਰਾ ਸੰਭਵ ਬਣਾਉਣ ਵਿੱਚ ਯੋਗਦਾਨ ਦਾ ਧੰਨਵਾਦ ਕੀਤਾ। ਉਨ੍ਹਾਂ ਨੇ ਉੱਤਰਾਖੰਡ ਦੇ ਮੁੱਖ ਮੰਤਰੀ ਪੁਸ਼ਕਰ ਸਿੰਘ ਧਾਮੀ ਦੇ ਅਣਥੱਕ ਯਤਨਾਂ ਦੀ ਵਿਸ਼ੇਸ਼ ਤੌਰ 'ਤੇ ਸ਼ਲਾਘਾ ਕੀਤੀ, ਜਿਨ੍ਹਾਂ ਦੇ ਸਹਿਯੋਗ ਨਾਲ ਮਾਰਚ ਵਿੱਚ ਜ਼ਮੀਨ ਖਿਸਕਣ ਕਾਰਨ ਨੁਕਸਾਨੇ ਗਏ ਗੋਵਿੰਦਘਾਟ ਵਿਖੇ ਪੁਰਾਣੇ ਪੁਲ ਦੀ ਥਾਂ 'ਤੇ ਥੋੜ੍ਹੇ ਸਮੇਂ ਵਿੱਚ ਪੁਲ ਬਣਾ ਕੇ ਯਾਤਰਾ ਬਿਨਾਂ ਦੇਰੀ ਆਰੰਭ ਕਰਵਾਈ। ਬਿੰਦਰਾ ਨੇ ਕਿਹਾ ਕਿ ਟਰੱਸਟ ਵੱਲੋਂ ਸੰਗਤਾਂ ਲਈ ਹਰ ਤਰ੍ਹਾਂ ਦੇ ਪ੍ਰਬੰਧ ਸੁਚਾਰੂ ਕੀਤੇ ਗਏ ਹਨ ਤੇ ਇਹ ਯਾਤਰਾ 10 ਅਕਤੂਬਰ ਤੱਕ ਚੱਲੇਗੀ। ਉਨ੍ਹਾਂ ਕਿਹਾ ਕਿ ਸੋਸ਼ਲ ਮੀਡੀਆ 'ਤੇ ਕਈ ਵਾਰ ਯਾਤਰਾ ਨੂੰ ਲੈ ਕੇ ਅਫ਼ਵਾਹਾਂ ਫੈਲਾਈਆਂ ਜਾਂਦੀਆਂ ਹਨ, ਜਿਸ ਨੂੰ ਟਰੱਸਟ ਨਾਲ ਸੰਪਰਕ ਕਰਕੇ ਸੰਗਤਾਂ ਪੁਸ਼ਟੀ ਕਰ ਸਕਦੀਆਂ ਹਨ। ਇਸ ਮੌਕੇ ਬ੍ਰਿਗੇਡ ਕਮਾਂਡਰ ਸਮੇਤ ਕਈ ਧਾਰਮਿਕ ਸ਼ਖ਼ਸੀਅਤਾਂ ਸ਼ਾਮਲ ਹੋਈਆਂ, ਜਿਨ੍ਹਾਂ ਨੂੰ ਟਰੱਸਟ ਵੱਲੋਂ ਸਨਮਾਨਤ ਕੀਤਾ ਗਿਆ। ਇਸ ਮੌਕੇ ਗੋਵਿੰਦਘਾਟ ਦੇ ਜਨਰਲ ਮੈਨੇਜਰ ਸੇਵਾ ਸਿੰਘ ਅਤੇ ਸ੍ਰੀ ਹੇਮਕੁੰਟ ਸਾਹਿਬ ਦੇ ਮੈਨੇਜਰ ਗੁਰਨਾਮ ਸਿੰਘ ਤੋਂ ਇਲਾਵਾ ਹੋਰ ਮੌਜੂਦ ਸਨ।

# ਲੂਅ ਦੇ ਪ੍ਰਕੋਪ ਤੋਂ ਬਚਣ ਲਈ ਸੂਤੀ ਹਲਕੇ ਤੇ ਆਰਾਮਦਾਇਕ ਕੱਪੜੇ ਪਾਓ

ਬਟਾਲਾ, 26 ਮਈ (ਡਾ. ਨਰਿੰਦਰ ਸਿੰਘ/ਸਤਨਾਮ ਸਿੰਘ ਸੰਧੂ): ਡਾ. ਮਨਿੰਦਰਜੀਤ ਸਿੰਘ ਐੱਸ.ਐੱਮ.ਓ. ਬਟਾਲਾ ਨੇ ਲੋਕਾਂ ਨੂੰ ਲੂਅ ਤੋਂ ਬਚਣ ਲਈ ਸਲਾਹ ਦਿੰਦਿਆਂ ਦੱਸਿਆ ਕਿ ਲੂਅ ਦੇ ਪ੍ਰਕੋਪ ਤੋਂ ਬਚਣ ਲਈ ਜਦੋਂ ਵੀ ਘਰ ਤੋਂ ਬਾਹਰ ਨਿਕਲਣਾ ਹੋਵੇ ਤਾਂ ਸੂਤੀ ਹਲਕੇ ਤੇ ਆਰਾਮਦਾਇਕ ਕੱਪੜੇ ਪਾਓ ਤੇ ਸਿਰ ਨੂੰ ਢੱਕ ਕੇ ਰੱਖੋ, ਤਰਲ ਪਦਾਰਥ ਜਿਵੇਂ ਪਾਣੀ, ਲੱਸੀ, ਓ.ਆਰ.ਐੱਸ. ਦੇ ਘੋਲ ਦਾ ਵੱਧ ਤੋਂ ਵੱਧ ਸੇਵਨ ਕਰੋ। ਉਨ੍ਹਾਂ ਨੇ ਅੱਗੇ ਦੱਸਿਆ ਕਿ ਜੇਕਰ ਅੱਖਾਂ ਦੇ ਸਾਹਮਣੇ ਹਨੇਰਾ, ਚੱਕਰ ਖਾ ਕੇ ਡਿੱਗ ਪੈਣਾ, ਬੇਚੈਨੀ ਤੇ ਘਬਰਾਹਟ, ਹਲਕਾ ਜਾਂ ਤੇਜ਼ ਬੁਖ਼ਾਰ, ਲੋੜ ਤੋਂ ਜ਼ਿਆਦਾ ਪਿਆਸ ਲੱਗਣਾ, ਸਿਰ ਵਿਚ ਤੇਜ਼ ਦਰਦ ਤੇ ਉਲਟੀਆਂ ਆਉਣਾ, ਕਮਜ਼ੋਰੀ ਮਹਿਸੂਸ ਹੋਣਾ, ਗਰਮੀ ਦੇ ਬਾਵਜੂਦ ਪਸੀਨਾ ਘੱਟ ਆਉਣਾ, ਮਾਸ਼ਪੇਸ਼ੀਆਂ ਵਿੱਚ ਦਰਦ ਆਦਿ ਲੂਅ ਲੱਗਣ ਦੇ ਲੱਛਣ ਹਨ, ਜੇਕਰ ਅਜਿਹੇ ਲੱਛਣ ਨਜ਼ਰ ਆਉਣ ਤਾਂ ਵਿਅਕਤੀ ਨੂੰ ਛਾਵੇਂ ਬਿਠਾ ਦਿੱਤਾ ਜਾਵੇ, ਵਿਅਕਤੀ ਦੇ ਕੱਪੜੇ ਢਿੱਲੇ ਕਰੋ, ਪੀਣ ਲਈ ਕੁਝ ਤਰਲ ਪਦਾਰਥ ਦਿਓ, ਠੰਡੇ ਪਾਣੀ ਦੀਆਂ ਪੱਟੀਆਂ ਕਰੋ, ਠੰਡੇ ਪਾਣੀ ਨਾਲ ਭਰੇ ਬਾਥਟੱਬ ਵਿੱਚ ਮਰੀਜ਼ ਨੂੰ ਲਿਟਾਓ। ਓ.ਆਰ.ਐੱਸ. ਦਾ ਘੋਲ ਬਣਾ ਕੇ ਪਿਲਾਓ। ਉਨ੍ਹਾਂ ਦੱਸਿਆ ਕਿ ਜੇਕਰ ਬੁਖ਼ਾਰ 104-105 ਡਿਗਰੀ ਫਾਰਨਹਾਈਟ ਤੋਂ ਜ਼ਿਆਦਾ, ਸਰੀਰ ਦੇ ਗਰਮ ਹੋਣ ਉਤੇ ਪਸੀਨਾ ਆਉਣਾ ਬੰਦ ਹੋ ਜਾਵੇ ਤੇ ਚਮੜੀ ਰੁੱਖੀ-ਰੁੱਖੀ ਹੋ ਜਾਵੇ, ਮਰੀਜ਼ ਬੇਹੋਸ਼ ਹੋ ਜਾਵੇ, ਜ਼ਿਆਦਾ ਘਬਰਾਹਟ ਹੋਵੇ ਤਾਂ ਤੁਰੰਤ ਸਿਹਤ ਸੰਸਥਾ ਵਿਖੇ ਮਾਹਿਰ ਡਾਕਟਰ ਨੂੰ ਦਿਖਾਓ। ਬੱਚਿਆਂ ਤੋਂ ਲੈ ਕੇ ਵੱਡਿਆਂ ਤੱਕ ਮੋਟਾਪੇ ਤੋਂ ਪੀੜਤ ਲੋਕ, ਦਿਲ ਦੇ ਮਰੀਜ਼, ਸਰੀਰਕ ਰੂਪ ਨਾਲ ਕਮਜ਼ੋਰ ਲੋਕ ਤੇ ਕੁਝ ਵਿਸ਼ੇਸ਼ ਦਵਾਈਆਂ ਜਿਨ੍ਹਾਂ ਦਾ ਸਰੀਰ ਦੇ ਰਸਾਇਣਾਂ ਜਾਂ ਖ਼ੂਨ ਦੀਆਂ ਨਾਲੀਆਂ 'ਤੇ ਅਸਰ ਪੈਂਦਾ ਹੈ।

## ਸਵੀਡਿਸ਼ ਖੋਜੀਆਂ ਨੇ ਇੱਕ ਖੋਜ 'ਚ ਕੀਤੀ ਸਫ਼ਲਤਾ ਪ੍ਰਾਪਤ

# ਭਾਰ ਘਟਾਉਣ ਵਾਲੀਆਂ ਦਵਾਈਆਂ ਤੰਤ੍ਰਿਕਾ ਸੈਲਾਂ ਨੂੰ ਕਿਵੇਂ ਸਰਗਰਮ ਤੇ ਦਿਮਾਗ ਨੂੰ ਪ੍ਰਭਾਵਿਤ ਕਰਦੀਆਂ ਨੇ

ਸਟਾਕਹੋਮ, 26 ਮਈ (ਚ.ਨ.ਸ.) : ਸਵੀਡਿਸ਼ ਖੋਜੀਆਂ ਨੇ ਇੱਕ ਖੋਜ 'ਚ ਇਹ ਪਤਾ ਲਗਾਉਣ 'ਚ ਸਫ਼ਲਤਾ ਹਾਸਲ ਕੀਤੀ ਹੈ ਕਿ ਭਾਰ ਘਟਾਉਣ ਵਾਲੀਆਂ ਦਵਾਈਆਂ ਜਿਵੇਂ ਕਿ ਸੇਮਾਗਲੂਟਾਈਡ ਤੰਤ੍ਰਿਕਾ ਸੈੱਲਾਂ ਨੂੰ ਕਿਵੇਂ ਸਰਗਰਮ ਕਰਦੀਆਂ ਹਨ ਤੇ ਦਿਮਾਗ ਨੂੰ ਕਿਵੇਂ ਪ੍ਰਭਾਵਿਤ ਕਰਦੀਆਂ ਹਨ। ਸੇਮਾਗਲੂਟਾਈਡ ਜੀਐੱਲਪੀ-1 ਆਰ ਐਗੋਨਿਸਟਸ ਦੇ ਸਮੂਹ 'ਚ ਆਉਂਦਾ ਹੈ ਤੇ ਇਹ ਭੁੱਖ ਤੇ ਭਾਰ ਨੂੰ ਘੱਟ ਕਰਨ ਲਈ ਜਾਣਿਆ ਜਾਂਦਾ ਹੈ। ਇਸ ਦੀ ਵਰਤੋਂ ਮੋਟਾਪੇ ਤੇ ਟਾਈਪ-2 ਡਾਇਬਟੀਜ਼ ਦੇ ਇਲਾਜ 'ਚ ਕੀਤੀ ਜਾਂਦੀ ਹੈ। ਹਾਲਾਂਕਿ ਇਸ ਦੇ ਕੁਝ ਮਾੜੇ ਪ੍ਰਭਾਵ ਵੀ ਹਨ, ਜਿਨ੍ਹਾਂ 'ਚ ਜੀਅ ਘਬਰਾਉਣਾ ਤੇ ਮਸਲਜ਼ ਘੱਟ ਹੋਣਾ ਸ਼ਾਮਲ ਹੈ। ਗਾਥੇਨਬਰਗ ਯੂਨੀਵਰਸਿਟੀ ਦੇ ਖੋਜੀ ਦਿਮਾਗ 'ਚ ਲਾਭਕਾਰੀ ਪ੍ਰਭਾਵਾਂ (ਭੁੱਖ ਤੇ ਫੈਟ ਦੀ ਘਾਟ) ਵਾਲੇ ਤੰਤ੍ਰਿਕਾ ਸੈੱਲਾਂ ਦੇ ਮਾੜੇ ਪ੍ਰਭਾਵਾਂ 'ਚ ਯੋਗਦਾਨ ਦੇਣ ਵਾਲੇ ਸੈੱਲਾਂ ਤੋਂ ਵੱਖ ਪਛਾਣ ਕਰਨ 'ਚ ਸਫ਼ਲ ਰਹੇ। ਖੋਜੀਆਂ ਨੇ ਸੇਮਾਗਲੂਟਾਈਡ ਦੇ ਦਿਮਾਗ 'ਤੇ ਪ੍ਰਭਾਵ ਦਾ ਅਧਿਐਨ ਕਰਨ ਲਈ ਮਾਊਸ ਮਾਡਲ ਦੀ ਵਰਤੋਂ ਕੀਤੀ। ਉਨ੍ਹਾਂ ਇਸ ਦੀ ਜਾਂਚ ਕੀਤੀ ਕਿ ਕਿਹੜੇ ਤੰਤ੍ਰਿਕਾ ਸੈੱਲ ਦਵਾਈਆਂ ਵੱਲੋਂ ਸਰਗਰਮ ਹੁੰਦੇ ਹਨ ਤੇ ਫਿਰ ਇਨ੍ਹਾਂ ਨੂੰ ਬਿਨਾਂ ਦਵਾਈ ਦਿੱਤੇ ਵੀ ਸਰਗਰਮ ਕਰਨ 'ਚ ਸਫ਼ਲ ਰਹੇ। ਇਸ ਦੇ ਸਿੱਟੇ ਜਰਨਲ ਸੈੱਲ ਮੈਟਾਬਾਲਿਜ਼ਮ 'ਚ ਪ੍ਰਕਾਸ਼ਿਤ ਕੀਤੇ ਗਏ। ਨਤੀਜਿਆਂ ਤੋਂ ਪਤਾ ਲੱਗਾ ਕਿ ਚੂਹਿਆਂ ਨੇ ਘੱਟ ਖਾਧਾ ਤੇ ਉਨ੍ਹਾਂ ਦਾ ਭਾਰ ਘੱਟ ਹੋ ਗਿਆ। ਇਹ ਠੀਕ ਉਸੇ ਤਰ੍ਹਾਂ ਹੋਇਆ, ਜਦੋਂ ਉਨ੍ਹਾਂ ਨੂੰ ਸੈਮਾਗਲੂਟਾਈਡ ਦਿੱਤਾ ਗਿਆ ਸੀ। ਜਦੋਂ ਇਨ੍ਹਾਂ ਤੰਤ੍ਰਿਕਾ ਸੈੱਲਾਂ ਨੂੰ ਨਸ਼ਟ ਕੀਤਾ ਗਿਆ ਤਾਂ ਦਵਾਈ ਦਾ ਪ੍ਰਭਾਵ ਭੁੱਖ 'ਤੇ ਫੈਟ ਘਟਣ 'ਤੇ ਕਾਫੀ ਘੱਟ ਹੋ ਗਿਆ। ਹਾਲਾਂਕਿ, ਇਸ ਦੇ ਮਾੜੇ ਪ੍ਰਭਾਵ ਜੀਅ ਘਬਰਾਉਣਾ ਤੇ ਮਸਲਜ਼ ਦੀ ਘਾਟ ਬਣੀ ਰਹੀ। ਇਸ ਤਰ੍ਹਾਂ ਖੋਜੀ ਤੰਤ੍ਰਿਕਾ ਸੈੱਲਾਂ ਦੇ ਉਸ ਵਿਸ਼ੇਸ਼ ਸਮੂਹ ਦੀ ਪਛਾਣ ਕਰਨ 'ਚ ਸਫ਼ਲ ਰਹੇ, ਜੋ ਸੇਮਾਗਲੂਟਾਈਡ ਲੈਣ 'ਤੇ ਭਾਰ ਤੇ ਭੁੱਖ ਨੂੰ ਕੰਟਰੋਲ ਕਰਨ ਲਈ ਜ਼ਰੂਰੀ ਹੈ ਪਰ ਜੋ ਜੀਅ ਘਬਰਾਉਣ ਵਰਗੇ ਮਾੜੇ ਪ੍ਰਭਾਵਾਂ 'ਚ ਅਹਿਮ ਤੌਰ 'ਤੇ ਯੋਗਦਾਨ ਨਹੀਂ ਦਿੰਦੀ। ਖੋਜੀ ਜੂਲੀਆ ਟੇਕਸੀਡੋਰ-ਡੇਉਲੋਫੇਊ ਨੇ ਕਿਹਾ ਕਿ ਜੇ ਅਸੀਂ ਇਲਾਜ ਨੂੰ ਮਿੱਥੀਏ ਤਾਂ ਸਕਾਰਾਤਮਕ ਪ੍ਰਭਾਵਾਂ ਨੂੰ ਬਣਾਈ ਰੱਖਦੇ ਹੋਏ ਮਾੜੇ ਪ੍ਰਭਾਵਾਂ ਨੂੰ ਘੱਟ ਕਰਨ 'ਚ ਸਮਰੱਥ ਹੋ ਸਕਦੇ ਹਾਂ।

# ਵੱਖ-ਵੱਖ ਮੁਕੱਦਮਿਆਂ 'ਚ 9 ਗ੍ਰਾਮ 65 ਮਿਲੀਗ੍ਰਾਮ ਹੈਰੋਇਨ, 26250 ਐੱਮ.ਐੱਲ. ਨਾਜਾਇਜ਼ ਸ਼ਰਾਬ, ਸਿਲਵਰ ਪੇਪਰ ਸਮੇਤ 6 ਦੋਸ਼ੀ ਗ੍ਰਿਫ਼ਤਾਰ

ਗੁਰਦਾਸਪੁਰ, 26 ਮਈ (ਜਗੀਰ ਸਿੰਘ ਮੰਡ/ਕੁਲਜੀਤ ਖੋਖਰ): ਮੁੱਖ ਮੰਤਰੀ ਵੱਲੋਂ ਐਲਾਨੇ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਮਾਨਯੋਗ ਡਾਇਰੈਕਟਰ ਜਨਰਲ ਪੁਲਿਸ, ਪੰਜਾਬ ਤੇ ਮਾਨਯੋਗ ਡਿਪਟੀ ਇੰਸਪੈਕਟਰ ਜਨਰਲ ਪੁਲਿਸ, ਬਾਰਡਰ ਰੇਂਜ, ਅੰਮ੍ਰਿਤਸਰ ਵੱਲੋਂ ਦਿੱਤੇ ਗਏ ਦਿਸ਼ਾ-ਨਿਰਦੇਸ਼ਾਂ ਅਨੁਸਾਰ ਥਾਣਾ ਸਿਟੀ ਗੁਰਦਾਸਪੁਰ ਵਿਖੇ ਪੰਥਪ੍ਰੀਤ ਸਿੰਘ ਤੇ ਅਰਮਾਨਜੋਤ ਸਿੰਘ ਨੂੰ ਕਾਬੂ ਕਰਕੇ ਉਨ੍ਹਾਂ ਕੋਲੋਂ 9 ਗ੍ਰਾਮ 65 ਗ੍ਰਾਮ ਹੈਰੋਇਨ, 2500 ਰੁਪਏ ਡਰੱਗ ਮਨੀ ਤੇ 1 ਕੰਪਿਊਟਰ ਕੰਡਾ ਬ੍ਰਾਮਦ ਕੀਤਾ ਗਿਆ, ਜਿਸ 'ਤੇ ਦੋਸ਼ੀਆਂ ਦੇ ਖਿਲਾਫ਼ ਮੁਕੱਦਮਾ ਬਾ-ਜੁਰਮ 21/27(ਏ)-61-85 ਐੱਨਡੀਪੀਐੱਸ ਐਕਟ ਥਾਣਾ ਸਿਟੀ ਗੁਰਦਾਸਪੁਰ ਵਿਖੇ ਦਰਜ



ਕੀਤਾ ਗਿਆ। ਥਾਣਾ ਸਦਰ ਗੁਰਦਾਸਪੁਰ ਵਿਖੇ ਗੁਰਪ੍ਰੀਤ ਸਿੰਘ ਉਰਫ਼ ਗੋਪੀ ਤੇ ਚਰਨਬੀਰ ਸਿੰਘ ਉਰਫ਼ ਸੰਨੀ ਨੂੰ ਸਿਲਵਰ ਪੇਪਰ, ਲਾਈਟਰ ਤੇ 10 ਰੁਪਏ ਦੇ ਨੋਟ ਸਮੇਤ ਕਾਬੂ ਕੀਤਾ ਗਿਆ, ਜਿਸ 'ਤੇ ਦੋਸ਼ੀਆਂ ਦੇ ਖਿਲਾਫ਼ ਮੁਕੱਦਮਾ ਬਾ-ਜੁਰਮ 27-61-85 ਐੱਨਡੀਪੀਐੱਸ ਐਕਟ ਥਾਣਾ ਸਦਰ ਗੁਰਦਾਸਪੁਰ ਵਿਖੇ ਦਰਜ ਕੀਤਾ ਗਿਆ। ਥਾਣਾ ਤਿੱਬੜ ਵਿਖੇ ਕਾਜਲ ਨੂੰ ਕਾਬੂ ਕਰਕੇ ਉਸ ਕੋਲੋਂ 11250 ਐੱਮ.ਐੱਲ. ਨਾਜਾਇਜ਼ ਸ਼ਰਾਬ ਬ੍ਰਾਮਦ ਕੀਤੀ ਗਈ, ਜਿਸ 'ਤੇ ਦੋਸ਼ੀ ਦੇ ਖਿਲਾਫ਼ ਮੁਕੱਦਮਾ ਥਾਂ-ਜੁਰਮ 61-1-14 ਆਬਕਾਰੀ ਐਕਟ, 123, 62 ਬੀਐੱਨਐੱਸ ਥਾਣਾ ਤਿੱਬੜ ਵਿਖੇ ਦਰਜ ਕੀਤਾ ਗਿਆ। ਥਾਣਾ ਕਲਾਨੌਰ ਵਿਖੇ ਦਲਜੀਤ ਸਿੰਘ ਨੂੰ ਕਾਬੂ ਕਰਕੇ ਉਸ ਕੋਲੋਂ 15000 ਐੱਮ.ਐੱਲ. ਨਾਜਾਇਜ਼ ਸ਼ਰਾਬ ਬ੍ਰਾਮਦ ਕੀਤੀ ਗਈ, ਜਿਸ 'ਤੇ ਦੋਸ਼ੀ ਦੇ ਖਿਲਾਫ਼ ਮੁਕੱਦਮਾ ਬਾ-ਜੁਰਮ 61-1-14 ਆਬਕਾਰੀ ਐਕਟ, 123, 62 ਬੀਐੱਨਐੱਸ ਥਾਣਾ ਕਲਾਨੌਰ ਵਿਖੇ ਦਰਜ ਕੀਤਾ ਗਿਆ। ਆਦਿੱਤਿਆ ਆਈ.ਪੀ.ਐੱਸ. ਸੀਨੀਅਰ ਕਪਤਾਨ ਪੁਲਿਸ, ਗੁਰਦਾਸਪੁਰ ਨੇ ਵਸਨੀਕਾਂ ਨੂੰ ਅਪੀਲ ਕੀਤੀ ਕਿ ਗੈਰ-ਕਾਨੂੰਨੀ/ਨਸ਼ਿਆਂ ਦਾ ਕਾਰੋਬਾਰ ਕਰਨ ਵਾਲੇ ਵਿਅਕਤੀਆਂ ਦੀ ਇਤਲਾਹ ਪੁਲਿਸ ਨੂੰ ਦਿੱਤੀ ਜਾਵੇ, ਗੈਰ-ਕਾਨੂੰਨੀ/ਨਸ਼ਿਆਂ ਦੇ ਕਾਰੋਬਾਰ ਵਿੱਚ ਸ਼ਾਮਲ ਵਿਅਕਤੀਆਂ ਦੇ ਖ਼ਿਲਾਫ਼ ਠੋਸ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਨਸ਼ਿਆਂ ਦੇ ਕਾਰੋਬਾਰ ਨੂੰ ਜੜ੍ਹ ਤੋਂ ਖਤਮ ਕਰਨ ਲਈ ਜ਼ਿਲ੍ਹਾ ਗੁਰਦਾਸਪੁਰ ਦੀ ਪੁਲਿਸ ਪੂਰੀ ਤਰ੍ਹਾਂ ਵਚਨਬੱਧ ਹੈ।

# ਨਸ਼ਾ ਮੁਕਤੀ ਯਾਤਰਾ ਨੂੰ ਡੇਰਾ ਬਾਬਾ ਨਾਨਕ ਹਲਕੇ ਦੇ ਪਿੰਡਾਂ 'ਚ ਮਿਲ ਰਿਹੈ ਭਰਵਾਂ ਹੁੰਗਾਰਾ: ਰੰਧਾਵਾ



ਡੇਰਾ ਬਾਬਾ ਨਾਨਕ, 26 ਮਈ (ਹੈਪੀ ਕੋਟਲੀ): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਸ਼ੁਰੂ ਕੀਤੀ ਨਸ਼ਾ ਮੁਕਤੀ ਯਾਤਰਾ ਤਹਿਤ ਬੀਤੀ ਸ਼ਾਮ ਵਿਧਾਨ ਸਭਾ ਹਲਕਾ ਡੇਰਾ ਬਾਬਾ ਨਾਨਕ ਦੇ ਪਿੰਡ ਅਗਵਾਨ, ਰੁਡਿਆਨਾ ਤੇ ਸ਼ਾਲੇਚੱਕ ਵਿਖੇ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਦੀ ਅਗਵਾਈ ਵਿੱਚ ਵਿਲੇਜ ਡਿਫੈਂਸ ਕਮੇਟੀਆਂ ਨਾਲ ਮੀਟਿੰਗਾਂ ਦੌਰਾਨ ਨਸ਼ਿਆਂ ਦੇ ਖ਼ਾਤਮੇ ਦਾ ਅਹਿਦ ਲਿਆ ਗਿਆ। ਇਸ ਮੌਕੇ ਵੱਡੀਆਂ ਜਾਗਰੂਕਤਾ ਸਭਾਵਾਂ ਨੂੰ ਸੰਬੋਧਨ ਕਰਦਿਆਂ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਨੇ ਕਿਹਾ ਕਿ ਨਸ਼ਿਆਂ ਦੇ ਖ਼ਾਤਮੇ ਲਈ ਸੂਬਾ ਸਰਕਾਰ ਵੱਲੋਂ ਸ਼ੁਰੂ ਕੀਤੀ ਨਸ਼ਾ ਮੁਕਤੀ ਯਾਤਰਾ ਨੂੰ ਪਿੰਡਾਂ ਵਿੱਚ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਲੋਕ ਆਪ ਮੁਹਾਰੇ ਅੱਗੇ ਆ ਕੇ ਇਸ ਯਾਤਰਾ ਦਾ ਹਿੱਸਾ ਬਣ ਰਹੇ ਹਨ ਤੇ ਪੰਜਾਬ ਵਿੱਚੋਂ ਨਸ਼ੇ ਦੀਆਂ ਜੜ੍ਹਾਂ ਪੁੱਟਣ ਲਈ ਦਿਨ-ਰਾਤ ਇੱਕ ਕਰਕੇ ਕੰਮ ਵੀ ਕਰਨ ਲੱਗ ਪਏ ਹਨ, ਹੁਣ ਉਹ ਦਿਨ ਦੂਰ ਨਹੀਂ ਜਦੋਂ ਸੂਬੇ ਵਿੱਚੋਂ ਨਸ਼ਿਆਂ ਦਾ ਖ਼ਾਤਮਾ ਮੁਕੰਮਲ ਤੌਰ ਉੱਤੇ ਹੋ ਜਾਵੇਗਾ। ਵਿਧਾਇਕ ਗੁਰਦੀਪ ਸਿੰਘ ਰੰਧਾਵਾ ਨੇ ਪਿੰਡਾਂ ਦੀਆਂ ਡਿਫੈਂਸ ਕਮੇਟੀਆਂ ਨੂੰ ਕਿਹਾ ਕਿ ਸੂਬੇ ਵਿੱਚੋਂ ਨਸ਼ਿਆਂ ਦੇ ਖ਼ਾਤਮੇ ਲਈ ਸਰਕਾਰ ਵੱਲੋਂ ਕੀਤੇ ਜਾ ਰਹੇ ਉਪਰਾਲਿਆਂ ਵਿੱਚ ਵੱਧ ਤੋਂ ਵੱਧ ਸਹਿਯੋਗ ਦਿੱਤਾ ਜਾਵੇ ਤੇ ਪਿੰਡ ਵਾਸੀਆਂ ਨੂੰ ਨਿਰੰਤਰ ਨਸ਼ੇ ਖ਼ਿਲਾਫ਼ ਲੜੀ ਜਾ ਰਹੀ ਜੰਗ ਵਿੱਚ ਇਕਜੁਟ ਹੋ ਕੇ ਸਰਕਾਰ ਦਾ ਸਹਿਯੋਗ ਦੇਣ ਲਈ ਪ੍ਰੇਰਿਤ ਕੀਤਾ ਜਾਵੇ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਨਸ਼ਿਆਂ ਦੇ ਆਦੀ ਵਿਅਕਤੀਆਂ ਦਾ ਨਸ਼ਾ ਛੁਡਵਾਉਣ ਲਈ ਉਨ੍ਹਾਂ ਨੂੰ ਸਰਕਾਰੀ ਨਸ਼ਾ ਛੁਡਾਊ ਕੇਂਦਰਾਂ ਵਿੱਚ ਲਿਆਂਦਾ ਜਾਵੇ, ਜਿੱਥੇ ਨਸ਼ਿਆਂ ਦੀ ਦਲਦਲ ਵਿੱਚ ਫਸੇ ਵਿਅਕਤੀਆਂ ਦਾ ਪੰਜਾਬ ਸਰਕਾਰ ਵੱਲੋਂ ਮੁਫ਼ਤ ਤੇ ਢੁੱਕਵਾਂ ਇਲਾਜ ਕੀਤਾ ਜਾਂਦਾ ਹੈ। ਰੰਧਾਵਾ ਨੇ ਕਿਹਾ ਕਿ ਸੂਬੇ ਦੀ ਨੌਜਵਾਨੀ ਹੁਣ ਨਸ਼ਿਆਂ ਦੀ ਦਲਦਲ ਵਿੱਚੋਂ ਨਿਕਲ ਰਹੀ ਹੈ ਤੇ ਪੰਜਾਬ ਮੁੜ ਤੋਂ ਸਿਹਤਮੰਦ ਪੰਜਾਬ ਬਣਨ ਵੱਲ ਵੱਧ ਰਿਹਾ ਹੈ। ਉਨ੍ਹਾਂ ਕਿਹਾ ਪੰਜਾਬ ਸਰਕਾਰ ਨੇ ਪੁਲਿਸ ਵਿਭਾਗ ਤੇ ਹੋਰ ਸਬੰਧਤ ਵਿਭਾਗਾਂ ਨੂੰ ਇਹ ਸਖ਼ਤ ਹਦਾਇਤ ਦਿੱਤੀ ਹੈ ਕਿ ਨਸ਼ਿਆਂ ਦਾ ਵਪਾਰੀ ਭਾਵੇਂ ਕਿਸੇ ਵੀ ਪਰਿਵਾਰ ਨਾਲ ਸਬੰਧ ਰੱਖਦਾ ਹੋਵੇ, ਉਸ ਨੂੰ ਬਖ਼ਸ਼ਿਆ ਨਾ ਜਾਵੇ। ਇਸ ਮੌਕੇ ਤਹਿਸੀਲਦਾਰ ਡੇਰਾ ਬਾਬਾ ਨਾਨਕ ਲਛਮਣ ਸਿੰਘ, ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੇ ਹਲਕਾ ਕੋਆਰਡੀਨੇਟਰ ਅਰਸ਼ਦੀਪ ਸਿੰਘ ਤੋਂ ਇਲਾਵਾ ਵੱਖੋ-ਵੱਖ ਵਿਭਾਗਾਂ ਦੇ ਅਧਿਕਾਰੀ, ਡਿਫੈਂਸ ਕਮੇਟੀਆਂ ਦੇ ਮੈਂਬਰ, ਪੰਚ ਸਰਪੰਚ ਤੇ ਵੱਡੀ ਗਿਣਤੀ ਵਿੱਚ ਇਲਾਕਾ ਵਾਸੀ ਹਾਜ਼ਰ ਸਨ।

# ਨਸ਼ਿਆਂ ਦੇ ਕੋਹੜ ਨੂੰ ਜੜ੍ਹ ਤੋਂ ਖ਼ਤਮ ਕਰਨ ਲਈ ਜਨਤਾ ਦੇ ਸਹਿਯੋਗ ਦੀ ਵੀ ਲੋੜ: ਵਿਧਾਇਕ ਕਲਸੀ

ਬਟਾਲਾ, 26 ਮਈ (ਬਲਵਿੰਦਰ ਸਿੰਘ ਪੰਜਗਰਾਈਂ/ਧੰਨਪਾਲ ਕਲਸੀ): ਪੰਜਾਬ ਸਰਕਾਰ ਵੱਲੋਂ ਸੂਬੇ ਭਰ ਵਿੱਚ ਨਸ਼ਿਆਂ ਵਿਰੁੱਧ ਇੱਕ ਯੁੱਧ ਦਾ ਐਲਾਨ ਕੀਤਾ ਹੈ। ਇਸ ਨੂੰ ਲੋਕਾਂ ਵੱਲੋਂ ਭਰਵਾਂ ਹੁੰਗਾਰਾ ਦਿੱਤਾ ਜਾ ਰਿਹਾ ਹੈ। ਇਹ ਪ੍ਰਗਟਾਵਾ ਪੰਜਾਬ ਦੇ ਕਾਰਜਕਾਰੀ ਪ੍ਰਧਾਨ ਤੇ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਨੇ ਬਟਾਲਾ ਦੇ ਵਾਰਡ ਨੰਬਰ 26, 33, 34 ਤੇ 32 ਵਿਖੇ ਵਾਰਡ ਵਾਸੀਆਂ ਨੂੰ ਸੰਬੋਧਨ ਕਰਦਿਆਂ ਕੀਤਾ। ਇਸ ਮੌਕੇ ਉਨ੍ਹਾਂ ਨੇ ਹਾਜ਼ਰੀਨ ਨੂੰ ਨਸ਼ਿਆਂ ਖ਼ਿਲਾਫ਼ ਲੜਨ ਦੀ ਸਹੁੰ ਵੀ ਚੁਕਾਈ। ਇਸ ਮੌਕੇ ਸੰਬੋਧਨ ਕਰਦਿਆਂ ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਨਸ਼ਿਆਂ ਵਿਰੁੱਧ ਇੱਕ ਵਿਆਪਕ ਅਭਿਆਨ ਸ਼ੁਰੂ ਕੀਤਾ ਹੈ, ਜਿਸ ਦੇ ਸਾਰਥਿਕ ਨਤੀਜੇ ਸਾਹਮਣੇ ਆ ਰਹੇ ਹਨ। ਪ੍ਰੰਤੂ ਨਸ਼ੇ ਦੇ ਕੋਹੜ ਨੂੰ ਜੜ੍ਹੋਂ ਖਤਮ ਕਰਨ ਲਈ ਆਮ ਜਨਤਾ ਦੇ ਸਹਿਯੋਗ ਦੀ ਵੀ ਅਹਿਮ ਲੋੜ ਹੈ। ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਨਸ਼ਾ ਮੁਕਤੀ ਯਾਤਰਾ ਤਹਿਤ ਹਰ ਪਿੰਡ, ਸ਼ਹਿਰ, ਗਲੀ ਤੇ ਮੁਹੱਲੇ ਦੇ ਲੋਕਾਂ ਨੂੰ ਲਾਮਬੰਦ ਕੀਤਾ ਜਾ ਰਿਹਾ ਹੈ ਕਿ ਉਹ



ਨਸ਼ਾ ਵਿਕ੍ਰੇਤਾਵਾਂ ਦੀ ਸੂਚਨਾ ਬੇਖੌਫ ਹੋ ਕੇ ਦੇਣ ਤੇ ਇਹ ਵੀ ਭਰੋਸਾ ਦੇ ਰਹੇ ਹਾਂ ਕਿ ਉਨ੍ਹਾਂ ਵੱਲੋਂ ਦਿੱਤੀ ਜਾਣਕਾਰੀ ਗੁਪਤ ਰੱਖੀ ਜਾਵੇਗੀ। ਨਸ਼ਿਆਂ ਦੀ ਜਕੜਨ ਵਿਚ ਆਏ ਭੋਲੇ ਭਾਲੇ ਲੋਕਾਂ ਨਾਲ ਹਮਦਰਦੀ ਨਾਲ ਨਜਿੱਠਿਆ ਜਾਵੇਗਾ, ਉਨ੍ਹਾਂ ਦੇ ਇਲਾਜ ਲਈ ਸਰਕਾਰ ਸੰਜੀਦਗੀ ਨਾਲ ਕੰਮ ਕਰ ਰਹੀ ਹੈ, ਪ੍ਰੰਤੂ ਇਹ ਮਿਸ਼ਨ ਸਿਰਫ ਸਰਕਾਰ ਤੇ ਪੁਲਿਸ ਵਿਭਾਗ ਵੱਲੋਂ ਸਫਲ ਨਹੀਂ ਬਣਾਇਆ ਜਾ ਸਕਦਾ। ਇਸ ਵਿੱਚ ਹਰ ਨਾਗਰਿਕ ਦਾ ਸਹਿਯੋਗ ਬਹੁਤ ਜ਼ਰੂਰੀ ਹੈ। ਉਨ੍ਹਾਂ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਪੰਜਾਬ ਸਰਕਾਰ ਨੇ ਵਿਆਪਕ ਕੰਮ ਸ਼ੁਰੂ ਕਰ ਦਿੱਤਾ ਹੈ। ਉਨ੍ਹਾਂ ਨੇ ਹੋਰ ਦੱਸਿਆ ਕਿ ਨਸ਼ਿਆਂ ਦੇ ਕਾਰੋਬਾਰ ਨਾਲ ਹੋਈ ਆਮਦਨ ਤੋਂ ਜਾਇਦਾਦਾਂ ਖੜ੍ਹੀਆਂ ਕਰਨ ਵਾਲਿਆਂ ਵਿਰੁੱਧ ਕਾਰਵਾਈ ਚੱਲ ਰਹੀ ਹੈ। ਕਈ ਥਾਵਾਂ ਤੋਂ ਨਸ਼ਾ ਤਸਕਰ ਘਰਾਂ ਨੂੰ ਤਾਲੇ ਲਗਾ ਕੇ ਫਰਾਰ ਹੋ ਗਏ ਹਨ ਤੇ ਨਸ਼ਾ ਤਸਕਰਾਂ ਦੀਆਂ ਜਾਇਦਾਦਾਂ ਕੁਰਕ ਕੀਤੀਆਂ ਜਾ ਰਹੀਆਂ ਹਨ। ਇਸ ਮੌਕੇ ਤਹਿਸੀਲਦਾਰ ਅਰਜਨ ਸਿੰਘ ਗਰੇਵਾਲ, ਮੈਨੇਜਰ ਅਤਰ ਸਿੰਘ, ਮਾਸਟਰ ਤਿਲਕ ਰਾਜ, ਅਮਿਤ ਸੋਢੀ, ਹਨੀ ਚੌਹਾਨ ਮਨਜੀਤ ਸਿੰਘ ਗੁਮਰਾਹ, ਵੀਨੂ ਕਾਹਲੋਂ, ਨੰਬਰਦਾਰ ਅਮਰੀਕ ਸਿੰਘ ਸਮੇਤ, ਵਾਰਡ ਵਾਸੀ ਤੇ ਨੌਜਵਾਨ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

# ਸ੍ਰੀ ਅਕਾਲ ਤਖ਼ਤ ਸਾਹਿਬ ਤੇ ਸ੍ਰੀ ਪਟਨਾ ਸਾਹਿਬ ਦਾ ਆਪਸ 'ਚ ਟਕਰਾਅ ਸਿੱਖ ਕੌਮ ਲਈ ਘਾਤਕ: ਤਾਲਬਪੁਰਾ

ਬਟਾਲਾ, 26 ਮਈ (ਸੁਖਦੇਵ ਸਿੰਘ ਰੰਧਾਵਾ/ਬਲਬੀਰ ਸੋਹਲ): ਪਿਛਲੇ ਦਿਨੀਂ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹੋਈ, ਜਿਸ ਵਿੱਚ ਗਿਆਨੀ ਰਣਜੀਤ ਸਿੰਘ ਗੋਹਰ-ਏ-ਮਸਕੀਨ ਦਾ ਮਾਮਲਾ ਵਿਚਾਰਿਆ ਗਿਆ ਤੇ ਵਿਚਾਰੇ ਜਾਣ ਤੋਂ ਬਾਅਦ ਗਿਆਨੀ ਰਣਜੀਤ ਸਿੰਘ ਗੋਹਰ-ਏ-ਮਸਕੀਨ ਉਪਰ ਲਗਾਏ ਗਏ ਦੋਸ਼ ਸਾਬਤ ਨਹੀਂ ਹੋਏ। ਇਸ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਆਦੇਸ਼ਾਂ ਅਨੁਸਾਰ ਉਨ੍ਹਾਂ ਦੀਆਂ ਸੇਵਾਵਾਂ ਉੱਤੇ ਲੱਗੀ ਰੋਕ ਹਟਾਈ ਜਾਂਦੀ ਹੈ। ਪਰ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਨਾਮੇ ਨੂੰ ਮੰਨਣ ਤੋਂ ਇਨਕਾਰ ਕਰਨਾ ਸਬੰਧੀ ਪ੍ਰੈੱਸ ਬਿਆਨ ਜਾਰੀ ਕਰਦਿਆਂ ਭਾਈ ਸੁਰਿੰਦਰਪਾਲ ਸਿੰਘ ਤਾਲਬਪੁਰਾ ਸੇਵਾਦਾਰ ਵਿਧਾਨ ਸਭਾ ਹਲਕਾ ਅਜਨਾਲਾ ਅਕਾਲੀ ਦਲ ਵਾਰਿਸ ਪੰਜਾਬ ਦੇ ਨੇ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਮੀਰੀ-ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਜਦੋਂ ਤੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਕੀਤੀ ਹੈ, ਇਹ ਸਿੱਖ ਜਗਤ ਵਿਚ ਸਰਵਉੱਚ ਹੈ ਤੇ ਸਮੁੱਚਾ ਸਿੱਖ ਜਗਤ ਆਪਣੇ ਮਸਲੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਲੈ ਕੇ ਆਉਂਦਾ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਹੋਏ ਫੈਸਲਿਆਂ ਨੂੰ ਸਮੁੱਚੀ ਨਾਨਕ ਨਾਮ ਲੇਵਾ ਸੰਗਤ ਸਵੀਕਾਰ ਕਰਦੀ ਹੈ। ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਗ੍ਰੰਥੀ ਸਿੰਘਾਂ ਵੱਲੋਂ ਜੋ ਫੈਸਲਾ ਕੀਤਾ ਗਿਆ ਹੈ, ਉਹ ਪੰਥਕ ਏਕਤਾ ਨੂੰ ਢਾਅ ਲਗਾਉਣ ਵਾਲਾ ਹੈ। ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜਾਰੀ ਆਦੇਸ਼ਾਂ ਦੀ ਹੁਕਮ ਅਦੂਲੀ ਕਰਨਾ ਤੇ ਇਨ੍ਹਾਂ ਨੂੰ ਚੁਣੌਤੀ ਦੇਣਾ ਗੁਰ ਸਿਧਾਂਤ, ਪੰਥਕ ਰਹੁ-ਰੀਤ ਤੇ ਪ੍ਰੰਪਰਾ ਦੀ ਉਲੰਘਣਾ ਹੈ, ਜਿਸ ਨੂੰ ਪ੍ਰਵਾਨ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਸਮੁੱਚੇ ਸਿੱਖ ਜਗਤ ਨੂੰ ਅਪੀਲ ਕੀਤੀ ਕਿ ਗਿਆਨੀ ਰਣਜੀਤ ਸਿੰਘ ਗੋਹਰ ਨੂੰ ਸ੍ਰੀ ਪਟਨਾ ਸਾਹਿਬ ਵਿਖੇ ਸੇਵਾਵਾਂ ਕਰਨ ਦਿੱਤੀਆਂ ਜਾਣ ਤਾਂ ਜੋ ਤਖ਼ਤਾਂ ਦੇ ਆਪਸ ਵਿੱਚ ਹੋਣ ਵਾਲੇ ਟਕਰਾਅ ਨੂੰ ਰੋਕਿਆ ਜਾ ਸਕੇ।



# ਸਿਵਲ ਸਰਜਨ ਡਾ. ਜਸਵਿੰਦਰ ਸਿੰਘ ਦੇ ਨਿਰਦੇਸ਼ਾਂ 'ਤੇ ਮਾਈਗ੍ਰੇਟਰੀ ਆਬਾਦੀ ਦਾ ਫੀਵਰ ਸਰਵੇ ਕੀਤਾ



ਘੁਮਾਣ/ਸ੍ਰੀ ਹਰਗੋਬਿੰਦਪੁਰ ਸਾਹਿਬ, 26 ਮਈ (ਡਾ. ਨਰਿੰਦਰ ਸਿੰਘ ਘੁਮਾਣ/ਜਗੀਰ ਸਿੰਘ ਮੰਡ): ਸਿਵਲ ਸਰਜਨ ਡਾ. ਜਸਵਿੰਦਰ ਸਿੰਘ ਗੁਰਪ੍ਰੀਤ ਕੌਰ ਐਪੀਡੇਮੀਓਲੋਜਿਸਟ ਦੇ ਨਿਰਦੇਸ਼ਕ ਅਨੁਸਾਰ ਤੇ ਐੱਮ.ਐੱਮ.ਓ. ਭਾਮ ਡਾ. ਨਰੇਸ਼ ਕੁਮਾਰ ਦੀ ਅਗਵਾਈ ਹੇਠ ਅੱਜ ਮਾਈਗ੍ਰੇਟਰੀ ਆਬਾਦੀ ਦਾ ਫੀਵਰ ਸਰਵੇ ਕੀਤਾ ਗਿਆ। ਇਸ ਦੌਰਾਨ ਬਾਹਰੋਂ ਸਟੇਟਾਂ ਤੋਂ ਆਏ ਹੋਏ ਲੋਕਾਂ ਦੇ ਬਲੱਡ ਸੈਂਪਲ ਲਏ ਗਏ ਤਾਂ ਜੋ ਮਲੇਰੀਆ ਬੁਖ਼ਾਰ ਦਾ ਪਤਾ ਲਗਾਇਆ ਜਾ ਸਕੇ। ਇਸ ਦਾ ਇਲਾਜ ਸਰਕਾਰ ਵੱਲੋਂ ਮੁਫਤ ਕੀਤਾ ਜਾਂਦਾ ਹੈ। ਇਸ ਮੌਕੇ ਹਰਪਿੰਦਰ ਸਿੰਘ ਹੈਲਥ ਇੰਸਪੈਕਟਰ ਵੱਲੋਂ ਬਲਰਾਜ ਸਿੰਘ ਹਾਜ਼ਰ ਸਨ।

# ਕੈਲਾਸ਼ ਮਾਨਵ ਕਲਿਆਣ ਸੰਸਥਾ ਵੱਲੋਂ ਸ.ਸ.ਸ.ਸ. ਸਕੂਲ ਕਰਤਾਰਪੁਰ ਨੂੰ ਆਰ.ਓ. ਭੇਟ



ਸ੍ਰੀ ਅਨੰਦਪੁਰ ਸਾਹਿਬ, 26 ਮਈ (ਚ.ਨ.ਸ): ਸਮਾਜ ਸੇਵੀ ਸੰਸਥਾ ਕੈਲਾਸ਼ ਮਾਨਵ ਕਲਿਆਣ ਸੰਸਥਾ ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਕਰਤਾਰਪੁਰ ਵਿਖੇ ਆਰ.ਓ. ਸਿਸਟਮ ਭੇਟ ਕੀਤਾ ਗਿਆ। ਇਸ ਮੌਕੇ ਕੈਲਾਸ਼ ਮਾਨਵ ਕਲਿਆਣ ਸੰਸਥਾ ਦੇ ਪ੍ਰਧਾਨ ਡਾ. ਸੌਰਭ ਸ਼ਰਮਾ, ਮੀਤ ਪ੍ਰਧਾਨ ਡਾ. ਕੰਚਨ ਸ਼ਰਮਾ ਵੀ ਮੌਜੂਦ ਸਨ। ਇਸ ਮੌਕੇ ਮੁੱਖ ਅਧਿਆਪਕ ਰਾਜਨ ਹਰੀਸ਼ ਨੇ ਕਿਹਾ ਕਿ ਗਰਮੀਆਂ ਦੇ ਮੌਸਮ ਤੇ ਪਾਣੀ ਦੀ ਸ਼ੁੱਧਤਾ ਨੂੰ ਧਿਆਨ ਵਿੱਚ ਰੱਖਦੇ ਹੋਏ, ਸਕੂਲ ਨੂੰ ਕੈਲਾਸ਼ ਮਾਨਵ ਕਲਿਆਣ ਸੰਸਥਾ ਵੱਲੋਂ ਆਰ.ਓ. ਸਿਸਟਮ ਤੋਹਫ਼ੇ ਵਜੋਂ ਦਿੱਤਾ ਗਿਆ ਹੈ। ਇਸ ਮੌਕੇ ਕੈਲਾਸ਼ ਮਾਨਵ ਕਲਿਆਣ ਸੰਸਥਾ ਦੇ ਪ੍ਰਧਾਨ ਡਾ. ਸੌਰਭ ਸ਼ਰਮਾ ਵੱਲੋਂ ਸਕੂਲ ਪ੍ਰਿੰਸੀਪਲ ਨੂੰ ਭਵਿੱਖ ਵਿੱਚ ਲੋੜ ਅਨੁਸਾਰ ਸਕੂਲ ਨੂੰ ਹਰ ਸੰਭਵ ਸਹਾਇਤਾ ਦੇਣ ਦਾ ਭਰੋਸਾ ਦਿੱਤਾ ਗਿਆ। ਸਕੂਲ ਸਟਾਫ ਵੱਲੋਂ ਕੈਲਾਸ਼ ਮਾਨਵ ਕਲਿਆਣ ਸੰਸਥਾ ਦੇ ਪ੍ਰਤੀਨਿਧੀਆਂ ਦਾ ਵਿਸ਼ੇਸ਼ ਤੌਰ 'ਤੇ ਸਨਮਾਨਤ ਵੀ ਕੀਤਾ ਗਿਆ। ਇਸ ਮੌਕੇ ਸਚਿਨ ਬਸੀ, ਸੁਰਿੰਦਰ ਸਿੰਘ, ਰਾਜਨ ਹਰੀਸ਼, ਪ੍ਰੇਮ ਸਿੰਘ, ਹਰਭਜਨ ਸਿੰਘ, ਹਰਪ੍ਰੀਤ ਕੌਰ, ਮਨਜੀਤ ਕੌਰ, ਮਨਿੰਦਰ ਕੌਰ, ਰਾਜਕਮਲ, ਰਣਜੀਤ ਕੌਰ, ਅਮਰੀਕ ਸਿੰਘ ਆਦਿ ਮੌਜੂਦ ਰਹੇ।

# 'ਯੁੱਧ ਨਸ਼ਿਆਂ ਵਿਰੁੱਧ' ਪਿੰਡ ਕੋਟਲੀ ਥਾਂਬਲਾ ਵਿਖੇ ਪਿੰਡ ਵਾਸੀਆਂ ਨੂੰ ਨਸ਼ਿਆਂ ਵਿਰੁੱਧ ਕੀਤਾ ਲਾਮਬੰਦ

ਬਟਾਲਾ, 26 ਮਈ (ਸੁਖਦੇਵ ਸਿੰਘ ਰੰਧਾਵਾ/ਬਲਬੀਰ ਸੋਹਲ): ਹਲਕਾ ਇੰਚਾਰਜ ਬਲਬੀਰ ਸਿੰਘ ਪੰਨੂੰ ਵੱਲੋਂ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਪਿੰਡ ਕੋਟਲੀ ਥਾਂਬਲਾ ਵਿੱਚ 'ਨਸ਼ਾ ਮੁਕਤੀ ਯਾਤਰਾ' ਤਹਿਤ ਮੀਟਿੰਗ ਕਰਦਿਆਂ ਨਸ਼ਿਆਂ ਖਿਲਾਫ਼ ਲਾਮਬੰਦ ਕੀਤਾ। ਇਸ ਮੌਕੇ ਪਿੰਡ ਵਾਸੀਆਂ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਨੂੰ ਖਤਮ ਕਰਨ ਦੇ ਮੰਤਵ ਨਾਲ ਪਿੰਡ, ਕਸਬੇ ਤੇ ਸ਼ਹਿਰ ਪੱਧਰ ਤੱਕ ਲੋਕਾਂ ਨੂੰ ਨਸ਼ਿਆਂ ਖਿਲਾਫ਼ ਲੜਨ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ। ਉਨ੍ਹਾਂ ਅੱਗੇ ਕਿਹਾ ਕਿ ਨਸ਼ਿਆਂ ਵਿਰੁੱਧ ਚੱਲ ਰਹੀ ਯਾਤਰਾ ਵਿੱਚ ਪਿੰਡ ਵਾਲਿਆਂ ਦਾ ਸਾਥ ਬਹੁਤ ਜ਼ਰੂਰੀ ਹੈ ਤਾਂ ਜੋ ਹਰ ਇੱਕ ਪਿੰਡ-ਪਿੰਡ ਵਿੱਚ ਨਸ਼ਾ ਖਤਮ ਹੋ ਸਕੇ ਤੇ ਸੂਬੇ ਨੂੰ ਮੁੜ ਹੱਸਦਾ ਵੱਸਦਾ ਰੰਗਲਾ ਪੰਜਾਬ ਬਣਾਇਆ ਜਾ ਸਕੇ। ਇਸ ਮੌਕੇ ਉਨ੍ਹਾਂ ਪਿੰਡ ਵਾਸੀਆਂ ਨੂੰ ਨਸ਼ਿਆਂ ਵਿਰੁੱਧ ਇਕੱਠੇ ਹੋ ਕੇ ਲੜਨ ਦੀ ਸਹੁੰ ਚੁਕਾਈ। ਸਰਪੰਚ ਰਾਣਾ



ਜਵੰਧਾ ਨੇ ਜਿੱਥੇ ਬਲਬੀਰ ਸਿੰਘ ਪੰਨੂੰ ਦਾ ਧੰਨਵਾਦ ਕੀਤਾ, ਉੱਥੇ ਹੀ ਨਾਲ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਸੂਬੇ ਵਿੱਚ ਵੱਡੇ ਪੱਧਰ 'ਤੇ ਅਭਿਆਨ ਚਲਾਇਆ ਜਾ ਰਿਹਾ ਹੈ, ਜਿਸ ਤਹਿਤ ਪਿੰਡ ਕੋਟਲੀ ਥਾਂਬਲਾ ਇਹ ਵੱਖ-ਵੱਖ ਪਿੰਡਾਂ 'ਚ ਯੁੱਧ ਨਸ਼ਿਆਂ ਵਿਰੁੱਧ ਤਹਿਤ ਹੋਈ ਇਕੱਤਰਤਾ ਹੋਈ ਹੈ। ਇਸ ਮੌਕੇ ਸਰਪੰਚ ਰਵਿੰਦਰਜੀਤ ਸਿੰਘ ਜਵੰਧਾ, ਸਾਧੂ ਸਿੰਘ ਥਾਬਲ ਮਾਸਟਰ ਅਮਰੀਕ ਸਿੰਘ, ਮਾਸਟਰ ਰਾਮ ਲਾਲ, ਮਾਸਟਰ ਚੈਂਚਲ ਸਿੰਘ, ਸੁਬੇਗ ਸਿੰਘ, ਮਲਕੀਤ ਸਿੰਘ ਵੰਸ਼ਦੀਪ ਜਵੰਧਾ, ਰਾਮ ਮੁਹੰਮਦ ਸਿੰਘ, ਮਨਪ੍ਰੀਤ ਸਿੰਘ ਜਵੰਧਾ, ਗੋਪੀ, ਦੀਪੂ, ਰੋਹਿਤ, ਕਾਕਾ, ਸੰਦੀਪ, ਰਾਮ ਲੁਭਾਇਆ, ਚਮਨ ਲਾਲ, ਇੰਦਰਜੀਤ ਸਿੰਘ, ਰਵੇਲ ਸਿੰਘ, ਸੁਖਚੈਨ ਸਿੰਘ, ਜਗਤਾਰ ਸਿੰਘ ਜਵੰਧਾ, ਮਨਪ੍ਰੀਤ ਸਿੰਘ ਜਵੰਧਾ ਸ਼ਮਸ਼ੇਰ ਸਿੰਘ, ਦਲਜੀਤ ਸਿੰਘ, ਬਲਾਕ ਪ੍ਰਧਾਨ ਮਲਜਿੰਦਰ ਸਿੰਘ, ਬਲਾਕ ਪ੍ਰਧਾਨ ਸ਼ਮਸ਼ੇਰ ਸਿੰਘ, ਸਰਪੰਚ ਗੁਰਬਿੰਦਰ ਸਿੰਘ ਕਾਦੀਆਂ, ਬਲਾਕ ਪ੍ਰਧਾਨ ਹਰਦੀਪ ਸਿੰਘ, ਸਰਪੰਚ ਹਰਦੀਪ ਸਿੰਘ ਦਮੋਦਰ, ਰਘਬੀਰ ਸਿੰਘ ਅਠਵਾਲ, ਗਗਨਦੀਪ ਸਿੰਘ ਕੋਟਲਾ ਬਾਮਾ, ਗੁਰਪ੍ਰਤਾਪ ਸਿੰਘ, ਗੁਰਦੇਵ ਔਜਲਾ, ਬਲਾਕ ਪ੍ਰਧਾਨ ਜਗਜੀਤ ਸਿੰਘ ਆਜਮਪੁਰ ਤੇ ਬਲਾਕ ਪ੍ਰਧਾਨ ਹਰਪ੍ਰੀਤ ਸਿੰਘ ਆਦਿ ਹਾਜ਼ਰ ਸਨ।

# ਗੈਰ-ਕਾਨੂੰਨੀ ਮਾਈਨਿੰਗ ਖ਼ਿਲਾਫ਼ ਕੰਢੀ ਸੰਘਰਸ਼ ਕਮੇਟੀ ਨੇ ਡੀ.ਸੀ. ਨੂੰ ਸੌਂਪਿਆ ਮੰਗ ਪੱਤਰ

ਪੌਜੇਵਾਲ, 26 ਮਈ (ਅਜਮੇਰ ਸਿੰਘ ਭਨੋਟ): ਤਹਿਸੀਲ ਬਲਾਚੌਰ ਦੇ ਕਸਬਾ ਪੌਜੇਵਾਲ ਵਿੱਚ ਕਰੈਸ਼ਰ ਚਾਲਕਾਂ ਵੱਲੋਂ ਗੈਰ-ਕਾਨੂੰਨੀ ਮਾਈਨਿੰਗ ਤੇ ਜੰਗਲਾਤ ਰਕਬੇ ਦੇ ਉਜਾੜੇ ਤੋਂ ਰੋਕਣ ਲਈ ਕੰਢੀ ਸੰਘਰਸ਼ ਕਮੇਟੀ ਵੱਲੋਂ ਇੱਕ ਮੰਗ ਪੱਤਰ ਡੀ.ਸੀ. ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨੂੰ ਦਿੱਤਾ ਗਿਆ। ਮੰਗ ਪੱਤਰ ਰਾਹੀਂ ਮੰਗ ਕੀਤੀ ਗਈ ਕਿ ਕਸਬਾ ਪੌਜੇਵਾਲ ਵਿੱਚ ਸਿੱਧੀ ਵਿਨਾਇਕ ਤੇ ਖ਼ਾਲਸਾ ਸਟੋਨ ਕਰੈਸ਼ਰ ਵੱਲੋਂ ਇਲਾਕੇ ਵਿਚ ਵੱਡੇ ਪੱਧਰ 'ਤੇ ਗੈਰ ਕਾਨੂੰਨੀ ਮਾਈਨਿੰਗ ਕਰਕੇ ਇਲਾਕੇ ਦੇ ਪਹਾੜ ਤੇ ਜੰਗਲ ਨੂੰ ਬਰਬਾਦ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸਿੱਧੀ ਵਿਨਾਇਕ ਸਟੋਨ ਕਰੈਸ਼ਰ ਵੱਲੋਂ ਪਿੰਡ ਚਾਂਦਪੁਰ ਰੁੜਕੀ ਤੱਕ ਬਿਨਾਂ ਕਿਸੇ ਮਨਜ਼ੂਰੀ 'ਤੇ



ਮਾਈਨਿੰਗ ਮਾਫ਼ੀਆ ਵੱਲੋਂ ਗੈਰ-ਕਾਨੂੰਨੀ ਤਰੀਕੇ ਨਾਲ ਪ੍ਰਸ਼ਾਸਨ ਦੀ ਮਿਲੀਭੁਗਤ ਨਾਲ ਰਸਤਾ ਬਣਾਇਆ ਗਿਆ ਹੈ, ਜਿਸਦੇ ਕਾਰਨ ਜੰਗਲ ਦਾ ਉਜਾੜਾ ਕੀਤਾ ਜਾ ਰਿਹਾ ਹੈ ਤੇ ਖ਼ਾਲਸਾ ਸਟੋਨ ਕਰੈਸ਼ਰ ਵੱਲੋਂ ਕੰਢੀ ਕਨਾਲ ਨਹਿਰ ਦੇ ਨਾਲ ਗੈਰ-ਕਾਨੂੰਨੀ ਤਰੀਕੇ ਨਾਲ ਰਸਤਾ ਬਣਾਇਆ ਗਿਆ ਹੈ ਜਿਸਦੇ ਕਾਰਨ ਕੰਢੀ ਕਨਾਲ ਨਹਿਰ ਨੂੰ ਵੱਡਾ ਨੁਕਸਾਨ ਹੋ ਰਿਹਾ ਹੈ। ਇਸ ਮੌਕੇ ਕੰਢੀ ਸੰਗਰਸ਼ ਕਮੇਟੀ ਦੇ ਆਗੂਆਂ ਨੇ ਚੇਤਾਵਨੀ ਦਿੱਤੀ ਕਿ ਜੇਕਰ ਇਨ੍ਹਾਂ ਗੈਰ-ਕਾਨੂੰਨੀ ਮਾਈਨਿੰਗ 'ਤੇ ਕਾਰਵਾਈ ਨਾ ਕੀਤੀ ਤਾਂ ਉਹ ਆਉਣ ਸਮੇਂ ਵਿੱਚ ਸੰਘਰਸ਼ ਕਰਨਗੇ। ਇਸ ਮੌਕੇ ਅੰਕੁਰਜੀਤ ਸਿੰਘ ਡਿਪਟੀ ਕਮਿਸ਼ਨਰ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਨੇ ਭਰੋਸਾ ਦਿੱਤਾ ਕਿ ਉਨ੍ਹਾਂ ਇਸ ਸਬੰਧ ਵਿੱਚ ਐੱਸ.ਡੀ.ਐੱਮ. ਬਲਾਚੌਰ ਨੂੰ ਕਾਰਵਾਈ ਕਰਨ ਲਈ ਹਦਾਇਤ ਜਾਰੀ ਕੀਤੀ ਗਈ ਹੈ।

# ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਨਸ਼ਿਆਂ ਵਿਰੁੱਧ ਜਾਗਰੂਕਤਾ ਪ੍ਰੋਗਰਾਮ

ਸ਼ਹੀਦ ਭਗਤ ਸਿੰਘ ਨਗਰ, 26 ਮਈ (ਸੁਖਦੇਵ ਸਿੰਘ ਉੜਾਪੜ): ਪੰਜਾਬ ਸਰਕਾਰ ਵੱਲੋਂ ਨਸ਼ਿਆਂ ਦੇ ਖ਼ਾਤਮੇ ਲਈ ਸ਼ੁਰੂ ਕੀਤੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਡੀ.ਸੀ. ਅੰਕੁਰਜੀਤ ਸਿੰਘ ਦੇ ਨਿਰਦੇਸ਼ਾਂ 'ਤੇ ਜ਼ਿਲ੍ਹੇ ਵਿਚ ਨਸ਼ਿਆਂ ਖਿਲਾਫ਼ ਚੱਲ ਰਹੀ ਜਾਗਰੂਕਤਾ ਪ੍ਰੋਗਰਾਮਾਂ ਦੀ ਲੜੀ ਹੇਠ ਨੇੜਲੇ ਪਿੰਡ ਮਹਿਤਪੁਰ ਵਿਖੇ ਪ੍ਰੋਗਰਾਮ ਕਰਵਾਇਆ ਗਿਆ, ਜਿੱਥੇ ਪ੍ਰਸ਼ਾਸਨਿਕ ਅਧਿਕਾਰੀਆਂ ਵੱਲੋਂ ਲੋਕਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵ ਬਾਰੇ ਜਾਣਕਾਰੀ ਦਿੱਤੀ। ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕਰਵਾਏ ਪ੍ਰੋਗਰਾਮ ਦੌਰਾਨ ਅਧਿਕਾਰੀਆਂ ਨੇ ਨਸ਼ਿਆਂ ਦੇ ਮਨੁੱਖੀ ਸਿਹਤ 'ਤੇ ਮਾੜੇ ਅਸਰ ਬਾਰੇ ਵਿਸਥਾਰ ਵਿਚ ਜਾਣਕਾਰੀ ਦਿੰਦਿਆਂ ਔਰਤਾਂ, ਵਿਦਿਆਰਥੀਆਂ ਤੇ ਨੌਜਵਾਨਾਂ ਨੂੰ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਵਿੱਚ ਅਹਿਮ ਤੇ



ਉਸਾਰੂ ਭੂਮਿਕਾ ਨਿਭਾਉਣ ਦਾ ਸੱਦਾ ਦਿੱਤਾ ਤਾਂ ਜੋ ਸਾਰਿਆਂ ਦੇ ਸਾਂਝੇ ਯਤਨਾਂ ਸਦਕਾ ਇਸ ਅਲਾਮਤ ਦਾ ਖ਼ਾਤਮਾ ਕੀਤਾ ਜਾ ਸਕੇ। ਜ਼ਿਲ੍ਹਾ ਪ੍ਰੋਗਰਾਮ ਅਫਸਰ ਜਗਰੂਪ ਸਿੰਘ ਤੇ ਜ਼ਿਲ੍ਹਾ ਬਾਲ ਸੁਰੱਖਿਆ ਅਫਸਰ ਕੰਚਨ ਅਰੋੜਾ ਦੀ ਅਗਵਾਈ ਵਿਚ ਕਰਵਾਏ ਗਏ ਇਸ ਜਾਗਰੂਕਤਾ ਨੇ ਨਸ਼ਿਆਂ ਤੋਂ ਹੋਣ ਵਾਲੇ ਨੁਕਸਾਨਾਂ ਬਾਰੇ ਜਾਣਕਾਰੀ ਦਿੱਤੀ ਤੇ ਕਿਹਾ ਕਿ ਨਸ਼ਾ ਆਪਣੇ-ਆਪ ਵਿੱਚ ਇੱਕ ਬਿਮਾਰੀ ਹੈ ਜੋ ਆਪਣੇ ਨਾਲ ਕਈ ਹੋਰ ਜਾਨਲੇਵਾ ਬਿਮਾਰੀਆਂ ਨੂੰ ਜੋੜਦਾ ਹੈ। ਸਮਾਗਮ ਦੇ ਅੰਤ ਵਿੱਚ ਜ਼ਿਲ੍ਹਾ ਬਾਲ ਸੁਰੱਖਿਆ ਅਫਸਰ ਕੰਚਨ ਅਰੋੜਾ ਵੱਲੋਂ ਨਸ਼ਿਆਂ ਵਿਰੁੱਧ ਸਹੁੰ ਚੁਕਾਈ ਗਈ ਤੇ ਔਰਤਾਂ ਤੇ ਬੱਚਿਆਂ ਨੂੰ ਨਸ਼ੇ ਨਾ ਕਰਨ ਸਬੰਧੀ ਤੇ ਨਸ਼ਿਆਂ ਦੇ ਤਸਕਰਾਂ ਖਿਲਾਫ਼ ਕਾਰਵਾਈ ਕਰਵਾਉਣ ਬਾਰੇ ਜਾਗਰੂਕ ਕੀਤਾ ਗਿਆ। ਇਸ ਮੌਕੇ ਵੂਮੈਨ ਹਬ ਤੋਂ ਸੁਪਰੀਆ ਠਾਕੁਰ ਤੋਂ ਇਲਾਵਾ ਮਨਪ੍ਰੀਤ ਸਿੰਘ, ਸੰਦੀਪ ਕੁਮਾਰ, ਪਿੰਡ ਮਹਿਤਪੁਰ ਦੇ ਸਰਪੰਚ ਜੋਗਿੰਦਰ ਸਿੰਘ, ਪਿੰਡ ਨਿਵਾਸੀ, ਆਂਗਨਵਾੜੀ ਵਰਕਰਾਂ ਤੇ ਸੁਪਰਵਾਈਜ਼ਰ ਵੀ ਹਾਜ਼ਰ ਸਨ।

# ਮੰਦਰ ਮਾਤਾ ਰਾਣੀ ਧਰਮਸ਼ਾਲਾ ਸੰਮਤੀ ਨੇ ਜਾਗਰਣ ਕਰਵਾਇਆ

ਫ਼ਤਹਿਗੜ੍ਹ ਚੂੜੀਆਂ, 26 ਮਈ (ਰਾਜਨ ਸ਼ਰਮਾ): ਮੰਦਰ ਮਾਤਾ ਰਾਣੀ ਧਰਮਸ਼ਾਲਾ ਸੰਮਤੀ (ਰਜਿ.) ਵੱਲੋਂ ਵਾਰਡ ਨੰਬਰ 6 ਸਾਨਨ ਮੁਹੱਲਾ 'ਚ ਸਥਿਤ ਦਰਬਾਰ ਮਾਤਾ ਚਿੰਤਪੂਰਨੀ (ਛੱਪੜ ਕੰਢੇ ਬਾਹਰਵਾਰ) ਵਿਖੇ ਹਰ ਸਾਲ ਦੀ ਤਰ੍ਹਾਂ 31ਵਾਂ ਸਾਲਾਨਾ ਵਿਸ਼ਾਲ ਜਾਗਰਣ ਧੂਮ-ਧਾਮ ਨਾਲ ਕਰਵਾਇਆ ਗਿਆ, ਜਿਸ ਵਿੱਚ ਇਲਾਕੇ ਦੀਆਂ ਸੰਗਤਾਂ ਨੇ ਵੱਡੀ ਗਿਣਤੀ ਵਿੱਚ ਹਾਜ਼ਰੀ ਲਗਵਾਈ। ਇਸ ਮੌਕੇ ਪ੍ਰਸਿੱਧ ਗਾਇਕ ਸੰਜਨਾ ਭੋਲਾ ਤੇ ਲਵਿਸ਼ ਲਵ ਨੇ ਆਪਣੀਆਂ ਸੁੰਦਰ-ਸੁੰਦਰ ਭੇਂਟਾਂ ਰਾਹੀਂ ਸੰਗਤਾਂ ਨੂੰ ਨੱਚਣ ਲਈ ਮਜਬੂਰ ਕਰ ਦਿੱਤਾ, ਜਦਕਿ ਇਸ ਤੋਂ ਪਹਿਲਾਂ ਭਾਰੀ ਹਨ੍ਹੇਰੀ/ਮੀਂਹ ਆਉਣ ਦੇ ਬਾਵਜੂਦ ਵੀ ਸੰਗਤਾਂ ਜਾਗਰਣ ਵਿੱਚ ਸ਼ਰਧਾ ਨਾਲ ਹਾਜ਼ਰੀ ਭਰਦੀਆਂ ਵਿਖਾਈ ਦਿੱਤੀਆਂ। ਇਸ ਮੌਕੇ ਸੰਮਤੀ ਵੱਲੋਂ ਵੱਖ-ਵੱਖ ਧਾਰਮਿਕ, ਸਮਾਜਿਕ ਤੇ ਰਾਜਨੀਤਿਕ ਸਖ਼ਸ਼ੀਅਤਾਂ ਨੂੰ ਸਨਮਾਨਤ ਕੀਤਾ ਗਿਆ। ਪੁਲਿਸ, ਫਾਇਰ ਬ੍ਰਿਗੇਡ ਤੇ 108 ਐਂਬੂਲੈਂਸ ਟੀਮਾਂ ਆਪਣੀ ਡਿਊਟੀ 'ਤੇ ਤਾਇਨਾਤ ਰਹੀਆਂ। ਜਾਗਰਣ ਦੌਰਾਨ ਮੰਦਰ ਨੂੰ ਬਹੁਤ ਵਧੀਆ ਢੰਗ ਨਾਲ ਸਜਾਇਆ ਗਿਆ ਸੀ, ਜੋ ਸੰਗਤਾਂ ਦੀ ਖਿੱਚ ਦਾ ਕੇਂਦਰ ਰਿਹਾ। ਤਾਰਾ ਰਾਣੀ ਦੀ ਅਮਰ ਕਥਾ ਦਾ ਗੁਣਗਾਨ ਮਹੰਤ ਗੰਗੂ ਅਨਜਾਨ ਵੱਲੋਂ ਕੀਤਾ ਗਿਆ। ਜਾਗਰਣ 'ਚ ਸੁਨੀਲ ਦੁੱਗਲ ਐੱਨ.ਆਰ.ਆਈ., ਰਵੀਪਾਲ ਸਿੰਘ ਕਾਲੂ ਐੱਨ.ਆਰ.ਆਈ., ਅਰਸ਼ਦੀਪ ਸਿੰਘ ਦੀਪੂ ਐੱਨ.ਆਰ.ਆਈ., ਨੀਰਜ ਕੁਮਾਰ ਐੱਨ.ਆਰ.ਆਈ., ਵਿਨੇ ਸਹਿਦੇਵ ਦੁਬਈ, ਨਵੀਸ਼ ਨੰਦਾ ਛੱਬੀ, ਸੁਰਿੰਦਰ ਸ਼ਿੰਦੀ, ਚੇਅਰਮੈਨ ਰਾਜੀਵ ਸ਼ਰਮਾ, ਖੁਸ਼ਜੀਵਨ ਸਿੰਘ ਘਨ੍ਹੱਈਆ, ਅਮਨ ਰੱਤੜਾ, ਹਨੀ ਸਾਨਨ, ਵਿਨੋਦ ਭਾਟੀਆ ਆਦਿ ਦਾ ਵਿਸ਼ੇਸ਼ ਸਹਿਯੋਗ ਰਿਹਾ। ਸਟੇਜ ਸਕੱਤਰ ਦੀ ਭੂਮਿਕਾ ਹਰਵੰਤ ਸਹੋਤਾ ਨੇ ਬਾਖ਼ੂਬੀ ਨਿਭਾਈ। ਇਸ ਮੌਕੇ ਸੰਦੀਪ ਕੁਮਾਰ ਸੋਨੂੰ, ਵਿਸ਼ੂ ਸ਼ਰਮਾ, ਹਨੀ ਭਗਤ, ਅਸ਼ੋਕ ਕੁਮਾਰ, ਨਵਨੀਤ ਡੋਗਰਾ, ਪੰਮਾ, ਮਨੀ ਭਗਤ, ਹਰਬੰਸ ਲਾਲ, ਤਰੁਨ ਗੋਰਾ, ਕਿਟਮਨ, ਲੱਭਾ, ਲਵ, ਰਾਘਵ ਕਾਕਾ, ਗਗਨ ਸ਼ਰਮਾ, ਅਕਸ਼ਿਤ, ਰਿਤਿਕ, ਅਮਨ ਡੋਗਰਾ, ਸੰਨੀ, ਵਿਸ਼ਾਲ ਸਹਿਦੇਵ, ਸੰਨੀ ਭਗਤ, ਮੋਨੂੰ, ਪ੍ਰਥਮ, ਬਿੱਲੂ, ਦਾਨਿਸ਼, ਮਾਈਕਲ ਆਦਿ ਹਾਜ਼ਰ ਸਨ।



## ਸਿਲੇਖਵਾਰ ਇਸ਼ਤਿਹਾਰ/Classified Advertisements

(U/o 5 Rule 20 CPC)
In the Court of Sh. Manmohan Bhatti Additional Civil Judge Senior Division Rajpura,
CNR No.PBPTA0-000432-2025
Next Date: 10.07.2025
Mukesh Kumar
Versus
Municipal Commitee Banur
Notice to: Harwinder Kaur Dangi, Municipal Councilor Spouse:- Bhag Singh Dangi Banda Bahadur Colony, Banajur, Tehsil and District SAS Nagar
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 10.07.2025 at 10:00 A.M.
For details logon to https://highcourtchd.gov.in/?mod=district_notice&district=patiala
Dated, this day of 15-05-2025
**Sd/- Additional Civil Judge Senior Division Rajpura.**

(U/o 5 Rule 20 CPC)
In the Court of Sh. Rajinderpal Singh Gill Civil Judge (Junior Division), Samrala
CNR No. PBLDC00-00020-2023
CS/16/2023
Union Bank of India
Versus
M/s Shubh Furniture House Etc.
Notice to: Def 1:- M/s Shubh Furniture House Proprietorship Concern Having its Office/shop at Village Chawa, Near Dhillon Pump, Samrala road Tehsil Samrala Distt. Ludhiana Through its Proprietor Sh. Jagtar Singh S/o Surinder Singh (Mobile:- 98776-61708) (Borrower) Def 2:- Jagtar Singh S/o Surinder Singh Prop. of M/s Shubh Furniture House Having its office/shop at Village Chawa Near Dhillon Pump, Samrala Road Tehsil Samrala Distt. Ludhiana 141412 (Borrower-Cum-Guarantor).
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 28.07.2025 at 10:00 A.M.
For details logon to https://highcourtchd.gov.in/?trs=district_notice&district=ludhiana
Dated, this day of 21-05-2025
**Sd/- Civil Judge (Junior Division), Samrala**

(U/o 5 Rule 20 CPC)
In the Court of Ms. Navreet Kaur Additional Civil Judge (Senior Division), Dera Bassi
CNR No. PBSAB0-000722-2022
Next Date: 02.07.2025
CS/578/2022
Pawan Gupta
Versus
Sukhdev Mittal
Suit for Recovery
Notice to: Sh. Sukhdev Mittal S/o Chattar Singh R/o Anaj Mandi, Old Mandi, Dera Bassi, District SAS Nagar
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 02.07.2025 at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 23-05-2025
**Sd/- Additional Civil Judge (Senior Division), Dera Bassi**

(U/o 5 Rule 20 CPC)
In the Court of Ms. Navreet Kaur Additional Civil Judge (Senior Division), Dera Bassi
CNR No. PBSAB0-000224-2025
Next Date: 30.07.2025
CS/140/2025
Balbir Singh S/o Nasib Singh, Jaula Kalan, Tehsil Dera Bassi S.A.S Nagar, Mohali, Punjab
Versus
General Public
Suit for Declaration
Notice to: General Public
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 30.07.2025 at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 24-05-2025
**Sd/- Additional Civil Judge (Senior Division), Dera Bassi**

(U/o 5 Rule 20 CPC)
In the Court of Sh. Lavdeep Hundal Civil Judge (Senior Division), Faridkot
CNR No. PBFD02-000605-2025
Next Date: 05.07.2025
Simarjit Kaur
Versus
General Public
Notice to: General Public
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 05.07.2025 at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 21-05-2025
**Sd/- Civil Judge (Senior Division), Faridkot**

(U/o 5 Rule 20 CPC)
In the Court of Ms. Karandeep Kaur Additional Civil Judge (Senior Division), Jagraon
CNR No. PBLDB0-000298-2025
Next Date: 19.07.2025
Jito Parsin
Versus
General Public
Notice to: General Public
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 19.07.2025 at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 19-04-2025
**Sd/- Additional Civil Judge (Senior Division), Jagraon**

(U/o 5 Rule 20 CPC) (Under Guardian and Ward Act)
In the Court of Sh. Rahul Garg Civil Judge Senior Division, Chandigarh
CNR No. CHCH02-001598-2025
Next Date: 29.07.2025
Faim Ahmed
Versus
General Public
Petition u/s 7, 8 and 10 of Guardian and Ward Act
Notice to: General Public:- Chandigarh
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 29.07.2025 at 10:00 A.M.
For details logon to https://highcourtchd.gov.in/?trs=district_notice&district=Chandigarh
Dated, this day of 20-05-2025
**Sd/- Civil Judge Senior Division, Chandigarh**

(U/o 5 Rule 20 CPC)
In the Court of Sh. Davinder Singh Civil Judge (Junior Division), Guruharsahai
CNR No. PBFZD0-000593-2022
Next Date: 18.07.2025
Iqbal Singh
Versus
Raj Kumar alias Raj Singh
Notice to: 2. Sukhjeet Kaur Spouse:- Wife of Balwant Singh Son of Hakam Singh R/o Muktsar Road, Guruharsahai, Tehsil Guruharsahai Distt. Ferozepur 3. Yag Datt Son of Jagdish Chand Son of Pandit Jai Dyal R/o House No.- A-1, Delhi
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 18.07.2025 at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 11-04-2025
**Sd/- Civil Judge (Junior Division), Guruharsahai**

(U/o 5 Rule 20 CPC)
In the Court of Sh. Hardip Singh Additional District and Session Judge-2,
CNR No. PBSA01-009594-2021
Next Date: 19.07.2025
Sukhwinder Gupta
Versus
Kulwant Kaur
Reference u/s 76 and 77 of The Right of Fair Compensation and Transparency in Land Acquisition Act
Notice to: Kulwant Kaur Spouse:- Bant Singh Village Patton, Tehsil and District SAS Nagar, Mohali
In above titled Petition the defendant(s)/respondent(s) could not be served. It is ordered that the defendant(s)/respondent(s) should appear in person or through counsel on 19.07.2025 at 10:00 A.M.
For details logon to WWW.highcourtchd.gov.in/?mod=district_notice&district=mohali
Dated, this day of 07-05-2025
**Sd/- Additional District and Session Judge-2,**

(U/o 5 Rule 20 CPC)
In the Court of Ms. Navneet Kaur Dhaliwal Civil Judge Junior Division-4, Abohar
CNR No. PBFZE0-000922-2024
Next Date: 19.07.2025
CS/521/2024
Vivek Godara Son of Surinder Kumar R/o H.No. 2260, Near Loona Nursing Home, Gurdayal Nagar, Abohar, Tehsil Abohar District Fazilika
Versus
Ravinder Khullar Son of Satpal R/o Village Betu Kadim Tehsil and District Ferozepur
Notice to: Ravinder Khullar:- S/o Satpal R/o Vill. Betu Kadim Teh. and Distt. Ferozepur
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 19.07.2025 at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 17-05-2025
**Sd/- Civil Judge Junior Division-4, Abohar**

(U/o 5 Rule 20 CPC)
In the Court of Sh. Kuldeep Singh Civil Judge Jr. Div.,Chandigarh
CNR No. CHCH01-000920-2025
Next Date: 04.08.2025
Vikas Singla
Versus
Union of India
Notice to: General Public Father:- Chandigarh
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 04.08.2025 at 10:00 A.M.
For details logon to https://highcourtchd.gov.in/?mod=district_notice&district=Chandigarh
Dated, this day of 23-05-2025
**Sd/- Civil Judge Jr. Div.,Chandigarh**

(U/o 5 Rule 20 CPC)
In the Court of Ms. Girish Principal Judge Family Court, Muktsar
CNR No. PBSM01-000369-2025
Next Date: 09.07.2025
Seema Rani
Versus
General Public
Notice to: General Public:- Sri Muktsar Sahib
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 09.07.2025 at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 07-05-2025
**Sd/- Principal Judge Family Court, Muktsar**

### ਨਿਲਾਮੀ ਨੋਟਿਸ

ਦੀ ਨਿਊ ਚੀਮਾ ਬਾਠ ਬਹੁਮੰਤਵੀ ਸਹਿਕਾਰੀ ਖੇਤੀਬਾੜੀ ਸੇਵਾ ਸਭਾ ਲਿਮਿਟਿਡ ਚੀਮਾ ਬਾਠ ਤਹਿਸੀਲ ਬਾਬਾ ਬਕਾਲਾ ਸਾਹਿਬ ਜ਼ਿਲ੍ਹਾ ਅੰਮ੍ਰਿਤਸਰ ਹੈਪੀ ਸੀਡਰ ਅਤੇ ਮਲਚਰ ਟ੍ਰੈਕਟਰ ਵੀਲਰ ਦੀ ਨਿਲਾਮੀ ਮਿਤੀ 03.06.2025 ਨੂੰ ਸਭਾ ਦੇ ਦਫਤਰ ਵਿਚ ਸਵੇਰੇ 11 ਵਜੇ ਕੀਤੀ ਜਾਵੇਗੀ, ਬਾਕੀ ਸ਼ਰਤਾਂ ਮੌਕੇ 'ਤੇ ਦੱਸੀਆਂ ਜਾਣਗੀਆਂ। ਚਾਹਵਾਨ ਸੰਪਰਕ ਕਰਨ। 9878008399

### ਆਮ ਸੂਚਨਾ

ਮੈਂ, ਸੋਮ ਨਾਥ ਪੁੱਤਰ ਸ੍ਰੀ ਸਾਧੂ ਸਿੰਘ ਵਾਸੀ ਬੀ 35/213 ਸਰਹੰਦੀ ਬਜ਼ਾਰ ਪਟਿਆਲਾ ਐਲਾਨ ਕਰਦਾ ਹਾਂ ਕਿ ਮੇਰਾ ਭਤੀਜਾ ਕਰਨ ਪੁੱਤਰ ਕੁਲਵੰਤ ਸਿੰਘ ਵਾਸੀ ਬੀ 35/213 ਸਰਹੰਦੀ ਬਜ਼ਾਰ ਪਟਿਆਲਾ ਭੈੜੀ ਸੰਗਤ ਵਿਚ ਪੈ ਗਿਆ ਹੈ। ਮੈਂ ਉਸ ਤੋਂ ਆਪਣਾ ਰਿਸ਼ਤਾ/ਨਾਤਾ ਤੋੜ ਰਿਹਾ ਹਾਂ ਅਤੇ ਅੱਗੇ ਤੋਂ ਆਪਣੀ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਅੱਗੇ ਤੋਂ ਉਹ ਹਰ ਤਰ੍ਹਾਂ ਨਾਲ ਖੁਦਮੁਖਤਿਆਰ ਹੋਵੇਗਾ, ਨਾਲ ਮੇਰੀ ਚੱਲ ਅਤੇ ਅਚੱਲ ਜਾਇਦਾਦ ਵਿਚ ਕੋਈ ਤਾਲੁਕ ਵਾਸਤਾ ਨਹੀਂ ਹੋਵੇਗਾ।

### ਨਾਂ ਦੀ ਬਦਲੀ

ਮੈਂ, ਹਰਜਿੰਦਰ ਸਿੰਘ ਪੁੱਤਰ ਅਜੀਤ ਸਿੰਘ ਵਾਸੀ ਮਕਾਨ ਨੰਬਰ 22, ਗਲੀ ਨੰਬਰ 1, ਨੇੜੇ ਆਲੀਪੁਰ ਅਰਾਈਆਂ ਗੁਰਮੁੱਖ ਕਲੋਨੀ, ਪਟਿਆਲਾ ਐਲਾਨ ਕਰਦਾ ਹਾਂ ਕਿ ਮੈਂ ਆਪਣਾ ਨਾਮ ਹਰਜਿੰਦਰ ਸਿੰਘ ਤੋਂ ਬਦਲ ਕੇ ਹਰਜਿੰਦਰ ਸਿੰਘ ਰਿਖੀ ਰੱਖ ਲਿਆ ਹੈ।

### ਜ਼ਰੂਰੀ ਸੂਚਨਾ

ਰੋਜ਼ਾਨਾ ਚੜ੍ਹਦੀਕਲਾ ਵਿਚ ਛੱਪੇ ਲੇਖ, ਲੇਖਕਾਂ ਦੇ ਆਪਣੇ ਵਿਚਾਰ ਹਨ। ਇਸ ਨਾਲ ਸੰਪਾਦਕ ਦਾ ਸਹਿਮਤ ਹੋਣਾ ਕੋਈ ਜ਼ਰੂਰੀ ਨਹੀਂ। ਇਸ਼ਤਿਹਾਰ (ਡਿਸਪਲੇ/ਕਲਾਸੀਫਾਈਡ) ਦੀ ਸਾਰੀ ਜ਼ਿੰਮੇਵਾਰੀ ਇਸ਼ਤਿਹਾਰ ਦੇਣ ਵਾਲੇ ਦੀ ਹੋਵੇਗੀ, ਸਾਡਾ ਅਖ਼ਬਾਰ ਇਸ ਲਈ ਜ਼ਿੰਮੇਵਾਰ ਨਹੀਂ ਹੋਵੇਗਾ। ਇਸ ਲਈ ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ ਦੇ ਤੱਥਾਂ ਦੀ ਪੁਸ਼ਟੀ ਕਰ ਲੈਣ।
-ਇਸ਼ਤਿਹਾਰ ਮੈਨੇਜਰ

# ਤਖਤਾਂ ਵਿਚਲੇ ਵਿਵਾਦ ਨੇ ਸਿੱਖ ਕੌਮ ਦੀ ਹੇਠੀ ਕਰਵਾਈ: ਰਵੀਇੰਦਰ ਸਿੰਘ

ਚੰਡੀਗੜ੍ਹ, 26 ਮਈ: (ਚ.ਨ.ਸ) ਅਕਾਲੀ ਦਲ 1920 ਦੇ ਪ੍ਰਧਾਨ ਰਵੀਇੰਦਰ ਸਿੰਘ ਸਾਬਕਾ ਸਪੀਕਰ ਪੰਜਾਬ ਵਿਧਾਨ ਸਭਾ ਨੇ ਜਾਰੀ ਬਿਆਨ ਕਰਨ ਦੌਰਾਨ ਅਕਾਲ ਤਖ਼ਤ ਸਾਹਿਬ ਤੇ ਤਖ਼ਤ ਪਟਨਾ ਸਾਹਿਬ ਦਰਮਿਆਨ ਚੱਲ ਰਹੇ ਵਿਵਾਦ ਤੇ ਬੜੀ ਡੂੰਘੀ ਚਿੰਤਾ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਕੌਮ ਪਹਿਲਾਂ ਹੀ ਪੰਥਕ ਮਸਲਿਆਂ ਵਿੱਚ ਘਿਰੀ ਹੈ ਦੂਸਰਾ ਆਪਸ ਵਿੱਚ ਉਲਝਣ ਨਾਲ ਸਥਿਤੀ ਖ਼ਤਰਨਾਕ ਮੋੜ 'ਤੇ ਆ ਸਕਦੀ ਹੈ।

ਸਾਬਕਾ ਸਪੀਕਰ ਮੁਤਾਬਕ ਅਕਾਲ ਤਖ਼ਤ ਸਾਹਿਬ ਸਿੱਖ ਪੰਥ ਦੀ ਸਰਬ ਉੱਚ ਸੰਸ ਥਾ ਹੈ। ਪਿਛਲੇ ਦਿਨਾਂ ਵਿੱਚ ਪੈਦਾ ਹੋਏ ਵਿਵਾਦ ਨੇ ਸਿੱਖ ਕੌਮ ਦੀ ਹੇਠੀ ਕਰਵਾ ਦਿੱਤੀ ਹੈ। ਸੀਨੀਅਰ ਅਕਾਲੀ ਲੀਡਰ ਰਵੀਇੰਦਰ ਸਿੰਘ ਨੇ ਦੋਸ਼ ਲਾਇਆ ਕਿ ਮੌਜੂਦਾ ਬਣੇ ਹਾਲਾਤ ਲਈ ਬਾਦਲ ਪ੍ਰਵਾਰ ਜ਼ੁੰਮੇਵਾਰ ਹੈ, ਜਿਸ ਦੋ ਦਸੰਬਰ ਦੇ ਆਦੇਸ਼ ਇਨ ਬਿਨ ਮੰਨਣ ਦੀ ਥਾਂ ਅਵੱਗਿਆ ਕਰ ਕੇ ਪੰਥ ਨੂੰ ਪਿੱਠ ਵਿਖਾਈ ਹੈ।

ਰਵੀਇੰਦਰ ਸਿੰਘ ਨੇ ਸਿੱਖਾਂ ਨੂੰ ਅਪੀਲ ਕੀਤੀ ਹੈ ਕਿ ਉਹ ਸਿੱਖੀ ਪ੍ਰੰਪਰਾ ਨੂੰ ਢਾਹ ਲਾ ਰਹੇ ਲੋਕਾਂ ਨੂੰ ਮੂੰਹ ਨਾ ਲਗਾਉਣ। ਉਨ੍ਹਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਕਰਵਾਉਣ ਦੀ ਮੰਗ ਕਰਦਿਆਂ ਕਿਹਾ ਕਿ ਕੇਂਦਰ ਤੇ ਪੰਜਾਬ ਸਰਕਾਰ ਇਸ ਪ੍ਰਤੀ ਗੰਭੀਰਤਾ ਵਿਖਾਉਣ ਤਾਂ ਜੋ ਸਿੱਖ ਪੰਥ ਆਪਣੇ ਪ੍ਰਤੀਨਿੱਧ ਚੁਣ ਕੇ ਲੋਕਤੰਤਰੀ ਢੰਗ ਨਾਲ ਕਾਰਜ ਕਰ ਸਕੇ ਤੇ ਪੰਥ ਵਿਰੋਧੀ ਲੋਕਾਂ ਨੂੰ ਸੰਸਥਾਵਾਂ ਵਿਚੋਂ ਬਾਹਰ ਕੱਢਿਆ ਜਾਵੇ।

**ਚੰਡੀਗੜ੍ਹ ਹਾਊਸਿੰਗ ਬੋਰਡ** — ਚੰਡੀਗੜ੍ਹ ਪ੍ਰਸ਼ਾਸਨ ਦਾ ਇੱਕ ਅਦਾਰਾ — 8, ਜਨ ਮਾਰਗ, ਸੈਕਟਰ 9-ਡੀ, ਚੰਡੀਗੜ੍ਹ

### ਜਨਤਕ ਸੂਚਨਾ

**ਸ਼੍ਰੀਮਤੀ ਰਣਜੀਤ ਕੌਰ ਸੁਪਤਨੀ ਸ਼੍ਰੀ ਸਤਬੀਰ ਸਿੰਘ, ਵਾਸੀ ਪਿੰਡ ਲਾਂਡਰਾ, ਮੋਹਾਲੀ-ਪੰਜਾਬ** ਨੇ ਰਿਹਾਇਸ਼ੀ ਇਕਾਈ ਨੰਬਰ 3352, **ਸੈਕਟਰ 47-ਡੀ, ਚੰਡੀਗੜ੍ਹ** ਦੇ ਸਬੰਧ ਵਿਚ ਅਲਾਟਮੈਂਟ ਪੱਤਰ, ਕਬਜ਼ਾ ਪੱਤਰ, ਐਨਡੀਸੀ ਦਾ ਦਸਤਾਵੇਜ਼ ਗੁੰਮ ਜਾਣ ਕਾਰਨ ਇਸ ਦਾ ਦੁਪਰਤੀ ਉਤਾਰਾ ਜਾਰੀ ਕਰਨ ਲਈ ਚੰਡੀਗੜ੍ਹ ਹਾਊਸਿੰਗ ਬੋਰਡ ਕੋਲ ਪਹੁੰਚ ਕੀਤੀ ਹੈ। ਉਕਤ ਦਰਸਾਏ ਦਸਤਾਵੇਜ਼ ਦੇ ਗੁੰਮ ਹੋਣ ਸਬੰਧੀ ਮਿਤੀ 23.05.2025 ਨੂੰ ਚੰਡੀਗੜ੍ਹ ਪੁਲਿਸ ਕੋਲ ਪੰਜੀਕ੍ਰਿਤ ਐਲਏਆਰ ਨੰਬਰ 2025/016515 ਅਧੀਨ ਲੜੀ ਨੰ. 208578 ਅਧੀਨ ਅਰਜ਼ੀ ਵੀ ਪੀਐਸ 31 ਵਿਚ ਪੇਸ਼ ਕੀਤੀ ਹੈ। ਕੋਈ ਵੀ ਵਿਅਕਤੀ ਜਿਸ ਨੂੰ ਉਕਤ ਦਰਸਾਈ ਰਿਹਾਇਸ਼ੀ ਇਕਾਈ ਦੇ ਸਬੰਧ ਵਿਚ ਅਲਾਟਮੈਂਟ ਪੱਤਰ, ਕਬਜ਼ਾ ਪੱਤਰ, ਐਨਡੀਸੀ ਦਾ ਦੁਪਰਤੀ ਉਤਾਰਾ ਜਾਰੀ ਕਰਨ ਦੇ ਖਿਲਾਫ਼ ਕੋਈ ਵੀ ਇਤਰਾਜ਼ ਹੋਵੇ, ਉਹ ਇਸ ਸੂਚਨਾ ਦੇ ਪ੍ਰਕਾਸ਼ਨ ਤੋਂ 15 ਦਿਨਾਂ ਦੇ ਅੰਦਰ ਲਿਖਤ ਵਿਚ ਨਿਮਨ ਹਸਤਾਖ਼ਰੀ ਕੋਲ ਇਤਰਾਜ਼ ਦਰਜ ਕਰ ਸਕਦਾ/ਸਕਦੀ ਹੈ, ਜਿਸ ਤੋਂ ਅਸਫ਼ਲ ਰਹਿਣ 'ਤੇ ਦਸਤਾਵੇਜ਼ ਜਾਰੀ ਕਰ ਦਿੱਤੇ ਜਾਣਗੇ। ਇਸ ਤੋਂ ਬਾਅਦ, ਕਿਸੇ ਵੀ ਵਿਅਕਤੀ ਨੂੰ ਉਕਤ ਦਰਸਾਏ ਮੂਲ ਦਸਤਾਵੇਜ਼ ਲੱਭ ਜਾਣ ਦੀ ਸੂਰਤ ਵਿਚ, ਇਨ੍ਹਾਂ ਨੂੰ ਉਕਤ ਦਰਸਾਏ ਪੁਲਿਸ ਸਟੇਸ਼ਨ ਕੋਲ ਜਾਂ ਨਿਮਨ ਹਸਤਾਖ਼ਰੀ ਦੇ ਦਫ਼ਤਰ ਵਿਚ ਜਮ੍ਹਾਂ ਕਰਵਾ ਦਿੱਤਾ ਜਾਵੇ।

**ਸਕੱਤਰ**
ਚੰਡੀਗੜ੍ਹ ਹਾਊਸਿੰਗ ਬੋਰਡ, ਚੰਡੀਗੜ੍ਹ

**ਚੰਡੀਗੜ੍ਹ ਹਾਊਸਿੰਗ ਬੋਰਡ** — ਚੰਡੀਗੜ੍ਹ ਪ੍ਰਸ਼ਾਸਨ ਦਾ ਇੱਕ ਅਦਾਰਾ — 8, ਜਨ ਮਾਰਗ, ਸੈਕਟਰ 9-ਡੀ, ਚੰਡੀਗੜ੍ਹ

### ਜਨਤਕ ਸੂਚਨਾ

**ਵੱਲੋਂ ਸਕੱਤਰ, ਸੀਐਚਬੀ ਅਸਟੇਟ ਅਧਿਕਾਰੀ, ਯੂ.ਟੀ. ਚੰਡੀਗੜ੍ਹ ਦੀਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ।**

ਵਿਸ਼ਾ : ਅਲਾਟੀ/ਟ੍ਰਾਂਸਫਰੀ **ਸ਼੍ਰੀ ਸਰਬਜੀਤ ਸਿੰਘ ਸਪੁੱਤਰ ਸ਼੍ਰੀ ਬਖਸ਼ੀਸ਼ ਸਿੰਘ** ਦੇ ਨਾਮ ਤੋਂ **ਸ਼੍ਰੀ ਰੋਹਿਤ ਕੁਮਾਰ ਸਪੁੱਤਰ ਸ਼੍ਰੀ ਵਿਜੇ ਪਾਲ ਸਿੰਘ ਅਤੇ ਸ਼੍ਰੀ ਵਿਜੇ ਪਾਲ ਸਿੰਘ ਸਪੁੱਤਰ ਸ਼੍ਰੀ ਰਾਮ ਸਰਨ ਸਿੰਘ** ਦੇ ਨਾਮ 'ਤੇ **ਵਿਕਰੀ ਡੀਡ** ਦੇ ਅਧਾਰ 'ਤੇ **ਸੈਕਟਰ 41-ਏ, ਚੰਡੀਗੜ੍ਹ ਵਿਚ ਐਮਆਈਜੀ (ਡੀ) ਵਰਗ ਦੀ ਰਿਹਾਇਸ਼ੀ ਇਕਾਈ ਨੰ. 796 (ਜ਼ਮੀਨੀ ਤਲ)** ਦੇ ਸਬੰਧ ਵਿਚ ਮਾਲਕੀ ਅਧਿਕਾਰ ਦਾ ਤਬਾਦਲਾ/ਪਰਿਵਰਤਨ।

ਆਮ ਜਨਤਾ ਅਤੇ ਸਾਰੇ ਸਬੰਧਤਾਂ ਦੀ ਜਾਣਕਾਰੀ ਲਈ ਇਸ ਦੁਆਰਾ ਸੂਚਿਤ ਕੀਤਾ ਜਾਂਦਾ ਹੈ ਕਿ **ਸੈਕਟਰ 41-ਏ, ਚੰਡੀਗੜ੍ਹ ਵਿਚ ਐਮਆਈਜੀ (ਡੀ) ਵਰਗ ਦੀ ਰਿਹਾਇਸ਼ੀ ਇਕਾਈ ਨੰ. 796 (ਜ਼ਮੀਨੀ ਤਲ)** ਅਲਾਟੀ/ਟ੍ਰਾਂਸਫਰੀ **ਸ਼੍ਰੀ ਸਰਬਜੀਤ ਸਿੰਘ ਸਪੁੱਤਰ ਸ਼੍ਰੀ ਬਖਸ਼ੀਸ਼ ਸਿੰਘ** ਦੇ ਨਾਮ 'ਤੇ ਦਰਜ ਹੈ। ਹੁਣ, **ਸ਼੍ਰੀ ਸਰਬਜੀਤ ਸਿੰਘ ਸਪੁੱਤਰ ਸ਼੍ਰੀ ਬਖਸ਼ੀਸ਼ ਸਿੰਘ** ਨੇ ਉਕਤ ਦਰਸਾਈ ਰਿਹਾਇਸ਼ੀ ਇਕਾਈ 30.04.2025 ਨੂੰ ਸਬ-ਰਜਿਸਟਰਾਰ ਚੰਡੀਗੜ੍ਹ ਦੇ ਦਫਤਰ ਵਿਚ ਕਾਰਜਰੂਪ ਅਤੇ ਪੰਜੀਕ੍ਰਿਤ ਵਿਕਰੀ ਡੀਡ ਦੇ ਅਧੀਨ **ਸ਼੍ਰੀ ਰੋਹਿਤ ਕੁਮਾਰ ਸਪੁੱਤਰ ਸ਼੍ਰੀ ਵਿਜੇ ਪਾਲ ਸਿੰਘ ਅਤੇ ਸ਼੍ਰੀ ਵਿਜੇ ਪਾਲ ਸਿੰਘ ਸਪੁੱਤਰ ਸ਼੍ਰੀ ਰਾਮ ਸਰਨ ਸਿੰਘ** ਨੂੰ ਵੇਚ ਦਿੱਤੀ ਹੈ। **ਸ਼੍ਰੀ ਰੋਹਿਤ ਕੁਮਾਰ ਸਪੁੱਤਰ ਸ਼੍ਰੀ ਵਿਜੇ ਪਾਲ ਸਿੰਘ ਅਤੇ ਸ਼੍ਰੀ ਵਿਜੇ ਪਾਲ ਸਿੰਘ ਸਪੁੱਤਰ ਸ਼੍ਰੀ ਰਾਮ ਸਰਨ ਸਿੰਘ** ਨੇ ਵਿਕਰੀ ਡੀਡ ਦੇ ਆਧਾਰ 'ਤੇ ਆਪਣੇ ਨਾਮ 'ਤੇ ਉਕਤ ਦਰਸਾਈ ਰਿਹਾਇਸ਼ੀ ਇਕਾਈ ਦੇ ਤਬਾਦਲੇ ਲਈ ਇਸ ਦਫ਼ਤਰ ਨੂੰ ਬੇਨਤੀ ਕੀਤੀ ਹੈ।

ਜੇਕਰ ਕਿਸੇ ਵੀ ਵਿਅਕਤੀ ਨੂੰ ਬਿਨੈਕਾਰ ਦੇ ਪੱਖ ਵਿਚ ਦਰਸਾਈ ਸੰਪੱਤੀ ਦੇ ਤਬਾਦਲੇ ਬਾਰੇ ਕੋਈ ਵੀ ਇਤਰਾਜ਼ ਹੋਵੇ, ਤਾਂ ਉਹ ਇਸ ਸੂਚਨਾ ਦੇ ਪ੍ਰਕਾਸ਼ਨ ਤੋਂ 21 ਦਿਨਾਂ ਦੇ ਅੰਦਰ ਨਿਮਨ ਹਸਤਾਖ਼ਰੀ ਨੂੰ ਲਿਖਤ ਵਿਚ ਇਤਰਾਜ਼ ਪੇਸ਼ ਕਰ ਸਕਦਾ/ਸਕਦੀ ਹੈ/ਸਕਦੇ ਹਨ, ਜਿਸ ਤੋਂ ਅਸਫ਼ਲ ਰਹਿਣ 'ਤੇ ਦਰਸਾਈ ਰਿਹਾਇਸ਼ੀ ਇਕਾਈ ਦੀ ਮਾਲਕੀ ਉਕਤ ਦਰਸਾਏ ਦਾਅਵੇਕਾਰ (ਾਂ) ਦੇ ਪੱਖ ਵਿਚ ਤਬਦੀਲ ਕਰ ਦਿੱਤੀ ਜਾਵੇਗੀ।

**ਸਕੱਤਰ**
**ਚੰਡੀਗੜ੍ਹ ਹਾਊਸਿੰਗ ਬੋਰਡ, ਚੰਡੀਗੜ੍ਹ**

**ਚੰਡੀਗੜ੍ਹ ਹਾਊਸਿੰਗ ਬੋਰਡ** — ਚੰਡੀਗੜ੍ਹ ਪ੍ਰਸ਼ਾਸਨ ਦਾ ਇੱਕ ਅਦਾਰਾ — 8, ਜਨ ਮਾਰਗ, ਸੈਕਟਰ 9-ਡੀ, ਚੰਡੀਗੜ੍ਹ

### ਜਨਤਕ ਸੂਚਨਾ

ਆਮ ਜਨਤਾ ਲਈ ਇਥੇ ਸੂਚਿਤ ਕੀਤਾ ਜਾਂਦਾ ਹੈ ਕਿ ਨਿਮਨਲਿਖਤ ਵਿਅਕਤੀ (ਆਂ) ਨੇ ਚੰਡੀਗੜ੍ਹ ਹਾਊਸਿੰਗ ਬੋਰਡ (ਮਕਾਨਾਂ ਦੀ ਅਲਾਟਮੈਂਟ, ਪ੍ਰਬੰਧ ਅਤੇ ਵਿਕਰੀ) ਨਿਯਮਾਂਵਲੀ 1979 ਦੇ ਨਿਯਮ ਅਧੀਨ ਆਪਣੇ ਨਾਂਵਾਂ 'ਤੇ ਰਿਹਾਇਸ਼ੀ ਇਕਾਈ ਦੀ ਉਪਹਾਰ/ਵੇਚ/ਖਰੀਦ ਦੇ ਲਈ ਪ੍ਰਵਾਨਗੀ ਹਿੱਤ ਬਿਨੈ ਕੀਤਾ ਹੈ :-

| ਲ. ਨ. | ਖਰੀਦਦਾਰ ਦਾ ਨਾਮ | ਵਿਕਰੀਕਾਰ ਦਾ ਨਾਮ | ਡੀ ਯੂ ਨੰ. | ਵਰਗ | ਸੈਕਟਰ |
|---|---|---|---|---|---|
| 1. | ਸ਼੍ਰੀਮਤੀ ਕ੍ਰਿਸ਼ਨਾ ਕੁਮਾਰੀ ਅਰੋੜਾ ਸੁਪਤਨੀ ਸ਼੍ਰੀ ਸੂਰਜ ਪ੍ਰਕਾਸ਼ | (1) ਸ਼੍ਰੀਮਤੀ ਸ਼ਮਾ ਦੇਵੀ ਸੁਪਤਨੀ ਸ਼੍ਰੀ ਰਜਿੰਦਰ ਕੁਮਾਰ ਅਤੇ (2) ਸ਼੍ਰੀ ਰਜਿੰਦਰ ਕੁਮਾਰ ਸਪੁੱਤਰ ਸ਼੍ਰੀ ਰਾਮ ਕਰਨ | 1663 | EWS | 29-ਬੀ ਚੰਡੀਗੜ੍ਹ |
| | ਸ਼੍ਰੀਮਤੀ ਸਵਰਨ ਕੌਰ ਸੁਪਤਨੀ ਸ਼੍ਰੀ ਗੁਰਪਾਲ ਸਿੰਘ | ਸ਼੍ਰੀਮਤੀ ਵਿਜੇ ਲਕਸ਼ਮੀ ਭਾਰਦਵਾਜ ਸੁਪਤਨੀ ਸ਼੍ਰੀ ਮਨੋਜ ਕੁਮਾਰ ਭਾਰਦਵਾਜ | 5178 | LIG | 38-ਪੱਛਮ ਚੰਡੀਗੜ੍ਹ |

ਉਕਤ ਦਰਸਾਈਆਂ ਰਿਹਾਇਸ਼ੀ ਇਕਾਈਆਂ ਦੇ ਸਬੰਧ ਵਿਚ ਵਿਕਰੀ/ਖਰੀਦ ਦੇ ਲਈ ਕਿਸੇ ਨੂੰ ਵੀ ਕੋਈ ਇਤਰਾਜ਼ ਹੋਣ ਦੀ ਸੂਰਤ ਵਿਚ ਉਹ ਆਪਣਾ ਇਤਰਾਜ਼, ਜੇਕਰ ਕੋਈ ਹੋਵੇ, ਦਸਤਾਵੇਜ਼ੀ ਸਬੂਤ, ਜੇਕਰ ਕੋਈ ਹੋਵੇ, ਸਮੇਤ ਨਿਮਨ ਹਸਤਾਖ਼ਰੀ ਕੋਲ ਇਸ ਸੂਚਨਾ ਦੇ ਪ੍ਰਕਾਸ਼ਨ ਦੇ 21 ਦਿਨਾਂ ਦੇ ਅੰਦਰ ਲਿਖਤ ਵਿਚ ਜਮ੍ਹਾਂ ਕਰ ਸਕਦਾ/ਸਕਦੀ ਹੈ।

**ਸਕੱਤਰ,**
**ਚੰਡੀਗੜ੍ਹ ਹਾਊਸਿੰਗ ਬੋਰਡ, ਚੰਡੀਗੜ੍ਹ**

**ਚੰਡੀਗੜ੍ਹ ਹਾਊਸਿੰਗ ਬੋਰਡ** — ਚੰਡੀਗੜ੍ਹ ਪ੍ਰਸ਼ਾਸਨ ਦਾ ਇੱਕ ਅਦਾਰਾ — 8, ਜਨ ਮਾਰਗ, ਸੈਕਟਰ 9-ਡੀ, ਚੰਡੀਗੜ੍ਹ

### ਜਨਤਕ ਸੂਚਨਾ

ਆਮ ਜਨਤਾ ਲਈ ਇਥੇ ਸੂਚਿਤ ਕੀਤਾ ਜਾਂਦਾ ਹੈ ਕਿ ਨਿਮਨਲਿਖਤ ਵਿਅਕਤੀ (ਆਂ) ਨੇ ਚੰਡੀਗੜ੍ਹ ਹਾਊਸਿੰਗ ਬੋਰਡ (ਮਕਾਨਾਂ ਦੀ ਅਲਾਟਮੈਂਟ, ਪ੍ਰਬੰਧ ਅਤੇ ਵਿਕਰੀ) ਨਿਯਮਾਂਵਲੀ 1979 ਦੇ ਨਿਯਮ 16 ਦੇ ਅਧੀਨ ਆਪਣੇ ਨਾਂਵਾਂ 'ਤੇ **ਲਹੂ ਸਬੰਧ ਤਬਾਦਲਾ ਨੀਤੀ** ਦੇ ਅਧੀਨ 75% ਹਿੱਸੇ ਅਧੀਨ ਨਿਮਨ ਦਰਸਾਈ ਰਿਹਾਇਸ਼ੀ ਇਕਾਈ ਦੀ ਅਲਾਟਮੈਂਟ ਦੇ ਤਬਾਦਲੇ ਲਈ ਬਿਨੈ ਕੀਤਾ ਹੈ :-

| ਲ. ਨ. | ਬਿਨੈਕਾਰ ਦਾ ਨਾਮ (ਪ੍ਰਸਤਾਵਿਤ ਟ੍ਰਾਂਸਫਰੀ) ਸ਼੍ਰੀ/ਸ਼੍ਰੀਮਤੀ/ਕੁਮਾਰੀ | ਅਲਾਟੀ/ਟ੍ਰਾਂਸਫਰੀ ਦਾ ਨਾਮ (ਪ੍ਰਸਤਾਵਿਤ ਟ੍ਰਾਂਸਫਰਰ) ਸ਼੍ਰੀ/ਸ਼੍ਰੀਮਤੀ/ਕੁਮਾਰੀ | ਡੀ ਯੂ ਨੰ. | ਵਰਗ | ਸੈਕਟਰ |
|---|---|---|---|---|---|
| 1. | ਸ਼੍ਰੀ ਕਰਨਦੀਪ ਸਿੰਘ ਆਨੰਦ ਸਪੁੱਤਰ ਸਵਰਗੀ ਸ਼੍ਰੀ ਗੁਰਬਚਨ ਸਿੰਘ ਆਨੰਦ (25% ਹਿੱਸੇ ਨਾਲ) | ਸ਼੍ਰੀਮਤੀ ਸੁਰਜੀਤ ਕੌਰ ਸੁਪਤਨੀ ਸ਼੍ਰੀ ਗੁਰਬਚਨ ਸਿੰਘ ਆਨੰਦ, ਸ਼੍ਰੀ ਕੰਵਲ ਬੀਰ ਸਿੰਘ ਸਪੁੱਤਰ ਸਵਰਗੀ ਸ਼੍ਰੀ ਗੁਰਬਚਨ ਸਿੰਘ ਆਨੰਦ, ਸ਼੍ਰੀ ਭੁਪਿੰਦਰ ਸਿੰਘ ਸਪੁੱਤਰ ਸਵਰਗੀ ਸ਼੍ਰੀ ਗੁਰਬਚਨ ਸਿੰਘ ਆਨੰਦ (ਸਾਰੇ 75% ਹਿੱਸੇ ਨਾਲ) | 3207-1 | MIG-2 | 44-ਡੀ ਚੰਡੀਗੜ੍ਹ |

ਉਕਤ ਦਰਸਾਈਆਂ ਰਿਹਾਇਸ਼ੀ ਇਕਾਈਆਂ ਦੇ ਸਬੰਧ ਵਿਚ ਵਿਕਰੀ/ਖਰੀਦ ਦੇ ਲਈ ਕਿਸੇ ਨੂੰ ਵੀ ਕੋਈ ਇਤਰਾਜ਼ ਹੋਣ ਦੀ ਸੂਰਤ ਵਿਚ ਉਹ ਆਪਣਾ ਇਤਰਾਜ਼, ਜੇਕਰ ਕੋਈ ਹੋਵੇ, ਦਸਤਾਵੇਜ਼ੀ ਸਬੂਤ, ਜੇਕਰ ਕੋਈ ਹੋਵੇ, ਸਮੇਤ ਨਿਮਨ ਹਸਤਾਖ਼ਰੀ ਕੋਲ ਇਸ ਸੂਚਨਾ ਦੇ ਪ੍ਰਕਾਸ਼ਨ ਦੇ 21 ਦਿਨਾਂ ਦੇ ਅੰਦਰ ਲਿਖਤ ਵਿਚ ਜਮ੍ਹਾਂ ਕਰ ਸਕਦਾ/ਸਕਦੀ ਹੈ।

**ਸਕੱਤਰ,**
**ਚੰਡੀਗੜ੍ਹ ਹਾਊਸਿੰਗ ਬੋਰਡ, ਚੰਡੀਗੜ੍ਹ**


**CHANDIGARH GROUP OF COLLEGES**
CGC Chandigarh Group of Colleges
Building Careers. Transforming Lives.
*(Managed by SGRD)*
NBA NATIONAL BOARD OF ACCREDITATION
nirf National Institutional Ranking Framework
NAAC GRADE A+

**REQUIRES**
✓ **Dean** - Academic Affairs
✓ **HOD** - • **Applied Sciences** (Chemistry/ Maths/Physics preferable)
• **Management**
✓ **Professor/ Associate Professor/ Assistant Professor**
- **Engineering** - CSE (IoT & Cyber Security including Blockchain), CSE (Data Science), CSE (Cyber Security), AI&ML, AI&DS, Computer Science, Information Technology, Electronics & Communication, Robotics & Artificial Intelligence, Physics, Chemistry, Mathematics and English.
- **Management** - Finance, Marketing, Human Resource, Business Analytics, M.Com/ Relevant Masters, Statistics with UGC Net.
- **Pharmacy** - Pharmacology, Pharmaceutical Chemistry, Pharmacognosy, Pharmaceutics, Pharm D, Pharmacy Practice, Regulatory Affairs.
- **Hotel Management** - Housekeeping, Food Production, Front Office, F&B Services, Bakery & Confectionery, Tourism, Dietetics & Nutrition, Research & Statistics.
- **Computer Application** (BCA, MCA, Ph.D) - Java, Python, Machine Learning, Data Analytics, Artificial Intelligence, Android Programming.
- **B.Sc** - Multimedia, Graphics & Web Designing (Animation, Gaming, Photography) and Cyber Security.

**Qualification & Experience as per AICTE, UGC, PCI & IKGPTU norms**

Interested candidates may send their resume, testimonials along with PAN and Aadhar Card Copy within **7 Days** at **hr@cgc.edu.in**

**Landran, Mohali (Punjab) | Mb.: 81959 69876 | www.cgc.edu.in**


# ਪੰਜਾਬ ਭਵਨ ਵੱਲੋਂ ਸਰੀਰ ਦਾਨ ਦੀ ਜਾਗਰੂਕਤਾ ਲਈ ਰਚਨਾਵਾਂ ਦੀ ਮੰਗ

ਸਰੀ, 26 ਮਈ: (ਚ.ਨ.ਸ) ਪੰਜਾਬ ਭਵਨ ਸਰੀ ਕੈਨੇਡਾ ਵਲੋਂ ਬਾਲ ਲੇਖਕਾਂ ਦੀ ਬਾਂਹ ਫੜ ਕੇ 18 ਸਾਲ ਤੱਕ ਲੇਖਕਾਂ ਦੀ ਕਿਤਾਬ 'ਨਵੀਆਂ ਕਲਮਾਂ ਨਵੀਂ ਉਡਾਣ' ਛਪਵਾਈ ਗਈ। ਇਸੇ ਤਹਿਤ ਹੁਣ ਤੱਕ ਇਸ ਕਿਤਾਬ ਦੇ 61 ਭਾਗ ਛੱਪ ਚੁੱਕੇ ਹਨ। ਇਸੇ ਲੜੀ ਨੂੰ ਅੱਗੇ ਤੋਰਦੇ ਹੋਏ ਸਮਾਜ 'ਚ ਅੰਗ ਦਾਨ, ਅੱਖਾਂ ਦਾਨ, ਖ਼ੂਨ ਦਾਨ, ਸ਼ਰੀਰ ਦਾਨ ਸਬੰਧੀ ਜਾਗਰੂਕਤਾ ਲਿਆਉਣ ਲਈ ਇਨ੍ਹਾਂ ਵਿਸ਼ਿਆਂ 'ਤੇ ਇਨ੍ਹਾਂ ਬੱਚਿਆਂ ਦੀਆਂ ਰਚਨਾਵਾਂ ਇਕੱਠੀਆਂ ਕਰਕੇ ਕਿਤਾਬ ਛਪਵਾਉਣ ਦਾ ਫੈਸਲਾ ਕੀਤਾ ਗਿਆ ਹੈ। ਜਿਸ ਲਈ ਪੰਜਾਬ ਭਵਨ ਸਰੀ ਕੈਨੇਡਾ ਵੱਲੋਂ ਅਧਿਆਪਕਾਂ, ਬੱਚਿਆਂ ਅਤੇ ਮਾਪਿਆਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ 18 ਸਾਲ ਤੋਂ ਘੱਟ ਉਮਰ ਦੇ ਵਿਦਿਆਰਥੀ ਆਪਣੀਆਂ ਲਿਖੀਆਂ ਕਵਿਤਾਵਾਂ, ਗੀਤ, ਲੇਖ ਅਤੇ ਕਹਾਣੀਆਂ ਪੰਜਾਬੀ ਵਿੱਚ ਟਾਈਪ ਕਰਕੇ 30 ਜੂਨ 2025 ਤੱਕ ਭੇਜਣ। ਪੰਜਾਬ ਭਵਨ ਦੇ ਪੈਨਲ ਵੱਲੋਂ ਚੁਣੀਆਂ ਹੋਈਆਂ ਰਚਨਾਵਾਂ ਹੀ ਇਸ ਪੁਸਤਕ ਦਾ ਹਿੱਸਾ ਬਣਨਗੀਆਂ। ਜਿਹੜੇ ਬੱਚਿਆਂ ਦੀਆਂ ਰਚਨਾਵਾਂ ਕ੍ਰਿਤਾਬ ਵਿੱਚ ਛੱਪਣਗੀਆਂ ਉਨ੍ਹਾਂ ਨੂੰ ਪੰਜਾਬ ਭਵਨ ਸਰੀ ਕੈਨੇਡਾ ਵਲੋਂ ਸਨਮਾਨਿਤ ਕੀਤਾ ਜਾਵੇਗਾ। ਜੋ ਬੱਚੇ ਅੱਖਾਂ ਤੋਂ ਵੇਖ ਨਹੀਂ ਸਕਦੇ ਉਹ ਆਪਣੀਆਂ ਰਚਨਾਵਾਂ ਆਡੀਓ ਦੇ ਰੂਪ ਵਿੱਚ ਭੇਜ ਸਕਦੇ ਹਨ।

**SBI ਸਟੇਟ ਬੈਂਕ ਆਫ ਇੰਡੀਆ** — ਬੰਦੀ ਸੰਪੱਤੀਆਂ ਵਸੂਲੀ ਸ਼ਾਖਾ
ਐਸਸੀਓ 15, ਪਹਿਲੀ ਮੰਜ਼ਿਲ, ਸੈਕਟਰ 7-ਸੀ, ਚੰਡੀਗੜ੍ਹ, ਫੋਨ: 0172-4568244,,4568249
E-mail: sbi.05179@sbi.co.in

### ਈ-ਨਿਲਾਮੀ ਵਿਕਰੀ ਸੂਚਨਾ

**ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 6 (2) ਅਤੇ 8 (6) ਦੀ ਵਿਵਸਥਾ ਨਾਲ ਪੜ੍ਹੇ ਜਾਣ ਵਾਲੇ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੇ ਅਧੀਨ ਅਚੱਲ ਸੰਪੱਤੀਆਂ ਦੀ ਵਿਕਰੀ ਦੇ ਲਈ ਈ-ਨਿਲਾਮੀ ਵਿਕਰੀ ਸੂਚਨਾ।**

**ਜਨਤਾ ਨੂੰ ਆਮ ਕਰਕੇ ਅਤੇ ਕਰਜ਼ਦਾਰ (ਾਂ) ਅਤੇ ਜ਼ਾਮਨ (ਾਂ) ਨੂੰ ਵਿਸ਼ੇਸ਼ ਕਰਕੇ ਇਥੇ ਸੂਚਨਾ ਦਿੱਤੀ ਜਾਂਦੀ ਹੈ ਕਿ ਸੁਰੱਖਿਅਤ ਕਰਜ਼ਦਾਤਾ ਕੋਲ ਗਿਰਵੀ/ਬੰਦੀ ਨਿਮਨ ਦਰਸਾਈਆਂ ਅਚੱਲ ਸੰਪੱਤੀਆਂ,** ਜਿਨ੍ਹਾਂ ਦਾ ਉਸਾਰੂ/ਸੰਕੇਤਕ/ਭੌਤਿਕ ਕਬਜ਼ਾ **ਸਟੇਟ ਬੈਂਕ ਆਫ ਇੰਡੀਆ,** ਸੁਰੱਖਿਅਤ ਕਰਜ਼ਦਾਤਾ ਦੇ ਅਧਿਕਾਰਤ ਅਧਿਕਾਰੀ ਵੱਲੋਂ ਲਿਆ ਗਿਆ ਸੀ, ਦੀ ਵਿਕਰੀ ਕਰਜ਼ਦਾਰ (ਾਂ) ਅਤੇ ਜ਼ਾਮਨ (ਾਂ) (ਨਿਮਨ ਦਰਸਾਏ) ਤੋਂ **ਸਟੇਟ ਬੈਂਕ ਆਫ ਇੰਡੀਆ, ਐਸਏਆਰਬੀ, ਚੰਡੀਗੜ੍ਹ** ਬੈਂਕ ਵੱਲ ਬਕਾਇਆ (ਨਿਮਨ ਦਰਸਾਏ) ਦੀ ਵਸੂਲੀ ਲਈ **27.06.2025 ਨੂੰ "ਜਿਵੇਂ ਹੈ ਜਿਥੇ ਹੈ", "ਜਿਵੇਂ ਹੈ ਜੋ ਹੈ" ਅਤੇ "ਜੋ ਵੀ ਹੈ, ਉਥੇ ਹੈ"** ਆਧਾਰ 'ਤੇ ਕੀਤੀ ਜਾਵੇਗੀ। ਰਾਖਵੀਂ ਕੀਮਤ ਅਤੇ ਬਿਆਨਾ ਰਕਮ ਜਮ੍ਹਾਂ ਹਰੇਕ ਸੰਪੱਤੀ ਅਧੀਨ ਦਰਸਾਈ ਗਈ ਹੈ। ਵਿਕਰੀ ਦੇ ਵਿਸਥਾਰਤ ਨਿਯਮ ਅਤੇ ਸ਼ਰਤਾਂ ਦੇ ਲਈ ਕਿਰਪਾ ਕਰਕੇ **https://baanknet.com** ਵਿਚ ਵਿਵਸਥਿਤ ਲਿੰਕ ਦਾ ਹਵਾਲਾ ਲਓ।

| ਲ. ਨੰ. | ਸੰਪੱਤੀ ਦਾ ਸਥਾਨ | ਕਰਜ਼ਦਾਰ (ਾਂ)/ ਜ਼ਾਮਨ (ਾਂ) ਦਾ ਨਾਮ | ਸੰਪੱਤੀ (ਆਂ) ਦੇ ਵੇਰਵੇ | ਮੰਗ ਸੂਚਨਾ ਦੀ ਰਕਮ / ਮੰਗ ਸੂਚਨਾ ਦੀ ਮਿਤੀ / ਸੰਕੇਤਕ/ਭੌਤਿਕ ਕਬਜ਼ੇ ਦੀ ਮਿਤੀ | ਰਾਖਵੀਂ ਕੀਮਤ / ਬਿਆਨਾ ਰਕਮ / ਬੋਲੀ ਵਾਧਾ ਰਕਮ | ਸੰਪੱਤੀ ਦੀ ਜਾਂਚ ਦੀ ਮਿਤੀ ਅਤੇ ਸਮਾਂ / ਈ-ਨਿਲਾਮੀ ਦੀ ਮਿਤੀ/ਸਮਾਂ | ਸੰਪਰਕ ਵਿਅਕਤੀ |
|---|---|---|---|---|---|---|---|
| 1. | ਨਾਭਾ | ਕਰਜ਼ਦਾਰ(ਾਂ) : - (1) ਧਰਨੀ ਫੂਡਜ਼ (i) ਮੈਸਰਜ਼ ਧਰਨੀ ਫੂਡਜ਼, ਪਿੰਡ ਸੰਧਨੌਲੀ, ਤਹਿਸੀਲ ਨਾਭਾ, ਜ਼ਿਲ੍ਹਾ ਪਟਿਆਲਾ, ਪੰਜਾਬ 147201 (ii) ਸ਼੍ਰੀਮਤੀ ਹਰਜੋਤ ਕੌਰ ਪਤਨੀ ਸ਼੍ਰੀ. ਬਲਵਿੰਦਰ ਸਿੰਘ (ਮਾਲਕ), (ੳ) ਪਿੰਡ ਸੰਧਨੌਲੀ, ਤਹਿਸੀਲ ਨਾਭਾ, ਜ਼ਿਲ੍ਹਾ ਪਟਿਆਲਾ, ਪੰਜਾਬ - 147201 (ਅ) ਵਾਸੀ ਨੇੜੇ ਸਿਵਲ ਹਸਪਤਾਲ ਭਾਦਸੋਂ, ਤਹਿਸੀਲ ਨਾਭਾ, ਜ਼ਿਲ੍ਹਾ ਪਟਿਆਲਾ, ਪੰਜਾਬ - 147201 (iii) ਸ਼. ਗੁਰਮੀਤ ਸਿੰਘ ਪੁੱਤਰ ਸ਼੍ਰੀ. ਲਾਭ ਸਿੰਘ (ਜ਼ਾਮਨ), ਵਾਸੀ ਨੇੜੇ ਸਿਵਲ ਹਸਪਤਾਲ ਭਾਦਸੋਂ, ਤਹਿਸੀਲ ਨਾਭਾ, ਜ਼ਿਲ੍ਹਾ ਪਟਿਆਲਾ, ਪੰਜਾਬ 147201 (iv) ਸ਼੍ਰੀ ਮਨਪ੍ਰੀਤ ਸਿੰਘ ਪੁੱਤਰ ਸ਼੍ਰੀ. ਗੁਰਮੀਤ ਸਿੰਘ (ਜ਼ਾਮਨ), ਵਾਸੀ ਨੇੜੇ ਸਿਵਲ ਹਸਪਤਾਲ ਭਾਦਸੋਂ, ਤਹਿਸੀਲ ਨਾਭਾ, ਜ਼ਿਲ੍ਹਾ ਪਟਿਆਲਾ, ਪੰਜਾਬ - 147201 ਸ਼੍ਰੀ ਬਲਵਿੰਦਰ ਸਿੰਘ ਪੁੱਤਰ ਸ਼੍ਰੀ ਗੁਰਮੀਤ ਸਿੰਘ (ਜ਼ਾਮਨ), ਵਾਸੀ ਨੇੜੇ ਸਿਵਲ ਹਸਪਤਾਲ ਭਾਦਸੋਂ, ਤਹਿਸੀਲ ਨਾਭਾ, ਜ਼ਿਲ੍ਹਾ ਪਟਿਆਲਾ, ਪੰਜਾਬ 147201 (vi) ਸ਼੍ਰੀਮਤੀ ਦਲਜੀਤ ਕੌਰ ਪਤਨੀ ਸ਼੍ਰੀ ਗੁਰਮੀਤ ਸਿੰਘ (ਜ਼ਾਮਨ), ਵਾਸੀ ਨੇੜੇ ਸਿਵਲ ਹਸਪਤਾਲ ਭਾਦਸੋਂ, ਤਹਿਸੀਲ ਨਾਭਾ, ਜ਼ਿਲ੍ਹਾ ਪਟਿਆਲਾ, ਪੰਜਾਬ - 147201 (2) ਸਤਕਰਤਾਰ ਇੰਟਰਪ੍ਰਾਈਜਿਜ਼ (i) ਮੈਸਰਜ਼ ਸਤਕਰਤਾਰ ਇੰਟਰਪ੍ਰਾਈਜਿਜ਼, ਪਿੰਡ ਸੰਧਨੌਲੀ, ਤਹਿਸੀਲ ਨਾਭਾ, ਜ਼ਿਲ੍ਹਾ ਪਟਿਆਲਾ, ਪੰਜਾਬ 147201 (ii) ਸ਼੍ਰੀ ਗੁਰਮੀਤ ਸਿੰਘ ਪੁੱਤਰ ਸ਼੍ਰੀ. ਲਾਭ ਸਿੰਘ (ਭਾਈਵਾਲ ਅਤੇ ਜ਼ਾਮਨ), ਵਾਸੀ ਨੇੜੇ ਸਿਵਲ ਹਸਪਤਾਲ ਭਾਦਸੋਂ, ਤਹਿਸੀਲ ਨਾਭਾ, ਜ਼ਿਲ੍ਹਾ ਪਟਿਆਲਾ, ਪੰਜਾਬ - 147201 (iii) ਸ਼੍ਰੀ ਮਨਪ੍ਰੀਤ ਸਿੰਘ ਪੁੱਤਰ ਸ਼੍ਰੀ. ਗੁਰਮੀਤ ਸਿੰਘ ਭਾਈਵਾਲ ਅਤੇ ਜ਼ਾਮਨ), ਵਾਸੀ ਨੇੜੇ ਸਿਵਲ ਹਸਪਤਾਲ ਭਾਦਸੋਂ, ਤਹਿਸੀਲ ਨਾਭਾ, ਜ਼ਿਲ੍ਹਾ ਪਟਿਆਲਾ, ਪੰਜਾਬ - 147201 (iv) ਸ਼੍ਰੀ ਬਲਵਿੰਦਰ ਸਿੰਘ ਪੁੱਤਰ ਸ਼੍ਰੀ ਗੁਰਮੀਤ ਸਿੰਘ (ਭਾਈਵਾਲ ਅਤੇ ਜ਼ਾਮਨ), ਵਾਸੀ ਨੇੜੇ ਸਿਵਲ ਹਸਪਤਾਲ ਭਾਦਸੋਂ, ਤਹਿਸੀਲ ਨਾਭਾ, ਜ਼ਿਲ੍ਹਾ ਪਟਿਆਲਾ, ਪੰਜਾਬ - 147201 (v) ਸ਼੍ਰੀਮਤੀ ਦਲਜੀਤ ਕੌਰ ਪਤਨੀ ਸ਼੍ਰੀ ਗੁਰਮੀਤ ਸਿੰਘ, (ਭਾਈਵਾਲ ਅਤੇ ਜ਼ਾਮਨ), ਵਾਸੀ ਨੇੜੇ ਸਿਵਲ ਹਸਪਤਾਲ ਭਾਦਸੋਂ, ਤਹਿਸੀਲ ਨਾਭਾ, ਜ਼ਿਲ੍ਹਾ ਪਟਿਆਲਾ, ਪੰਜਾਬ - 147201 | ਵਿਕਰੀ ਡੀਡ ਨੰਬਰ 196 ਮਿਤੀ 11.06.2001 ਅਤੇ ਵਿਕਰੀ ਡੀਡ ਨੰਬਰ 222 ਮਿਤੀ 14.06.2001 ਅਨੁਸਾਰ ਸ਼੍ਰੀਮਤੀ ਦਲਜੀਤ ਕੌਰ ਪਤਨੀ ਸ਼੍ਰੀ ਗੁਰਮੀਤ ਸਿੰਘ ਦੇ ਨਾਮ 'ਤੇ, ਗਿਫਟ ਡੀਡ ਨੰਬਰ 11 ਮਿਤੀ 04.04.2012 ਸ਼੍ਰੀ ਮਨਪ੍ਰੀਤ ਸਿੰਘ ਪੁੱਤਰ ਸ਼੍ਰੀ ਗੁਰਮੀਤ ਸਿੰਘ ਦੇ ਨਾਮ 'ਤੇ ਅਤੇ ਗਿਫਟ ਡੀਡ ਨੰਬਰ 12 ਮਿਤੀ 04.04.2012 ਸ਼੍ਰੀ ਬਲਵਿੰਦਰ ਸਿੰਘ ਪੁੱਤਰ ਸ਼੍ਰੀ ਗੁਰਮੀਤ ਸਿੰਘ ਦੇ ਨਾਮ 'ਤੇ ਪਿੰਡ ਸੰਧਨੌਲੀ, ਨਾਭਾ, ਜ਼ਿਲ੍ਹਾ ਪਟਿਆਲਾ ਵਿਖੇ ਸਥਿਤ 28 ਕਨਾਲ-0 ਮਰਲੇ (16940 ਵਰਗ ਗਜ਼) ਦੀ ਸੰਪੱਤੀ, ਜਿਵੇਂ ਕਿ ਹੇਠਾਂ ਦੱਸਿਆ ਗਿਆ ਹੈ:- (i) ਵਿਕਰੀ ਡੀਡ ਨੰਬਰ 196, ਬਹੀ ਨੰਬਰ 1, ਜ਼ਿਲਦ ਨੰਬਰ 92, ਜੋ ਕਿ 11.06.2001 ਨੂੰ ਸੰਯੁਕਤ ਸਬ-ਰਜਿਸਟਰਾਰ, ਭਾਦਸੋਂ ਨਾਲ ਰਜਿਸਟਰਡ ਹੈ, ਸ਼੍ਰੀਮਤੀ ਦਲਜੀਤ ਕੌਰ ਪਤਨੀ ਸ਼੍ਰੀ ਗੁਰਮੀਤ ਸਿੰਘ ਨਿਵਾਸੀ ਸਿਵਲ ਹਸਪਤਾਲ ਭਾਦਸੋਂ, ਤਹਿਸੀਲ ਨਾਭਾ, ਜ਼ਿਲ੍ਹਾ ਪਟਿਆਲਾ ਦੇ ਨਾਮ 'ਤੇ ਸਾਲ 1998-1999 ਦੀ ਜਮ੍ਹਾਂਬੰਦੀ ਅਨੁਸਾਰ ਖਰੀਦਿਆ 5 ਕਨਾਲ-6 ਮਰਲੇ-8 ਸਰਸਾਹੀ ਦੀ ਜਾਇਦਾਦ, ਜੋ ਕਿ ਖਾਤਾ ਨੰਬਰ 28ਕਨਾਲ-0 ਮਰਲੇ ਵਿੱਚੋਂ 2128/11200 ਹਿੱਸੇ ਦੀ ਹੈ, ਖੱਟੜਾ ਨੰਬਰ 2 ਵਿੱਚ ਦਰਜ ਹੈ। 1 ਮਿੰਟ/28 ਮਿੰਟ, ਖਸਰਾ ਨੰਬਰ 31//23 ਮਿਨ, (5-12), 18 ਮਿਨ (2-14), 17(6-2), 24(8-0), 25/1ਮਿਨ (2-15), 16 ਮਿਨ/2-17), ਕਿੱਤੇ 6, ਕੁੱਲ 28ਕਨਾਲ-0 ਮਰਲੇ ਪਿੰਡ ਸੰਧਨੌਲੀ ਤਹਿਸੀਲ ਨਾਭਾ ਵਿਖੇ ਸਥਿਤ। (ii) ਵਿਕਰੀ ਡੀਡ ਨੰਬਰ 222, ਬਹੀ ਨੰਬਰ 1, ਜ਼ਿਲਦ ਨੰਬਰ 93, ਜੋ ਕਿ ਸੰਯੁਕਤ ਸਬ-ਰਜਿਸਟਰਾਰ, ਭਾਦਸੋਂ ਨਾਲ 14.06.2001 ਨੂੰ ਰਜਿਸਟਰਡ ਹੈ, ਸ਼੍ਰੀਮਤੀ ਦਲਜੀਤ ਕੌਰ ਪਤਨੀ ਸ਼੍ਰੀ ਗੁਰਮੀਤ ਸਿੰਘ ਨਿਵਾਸੀ ਦੇ ਨਾਮ 'ਤੇ ਸਾਲ 1998-1999 ਦੀ ਜਮ੍ਹਾਂਬੰਦੀ ਅਨੁਸਾਰ ਸਿਵਲ ਹਸਪਤਾਲ ਭਾਦਸੋਂ, ਤਹਿਸੀਲ ਨਾਭਾ, ਜ਼ਿਲ੍ਹਾ ਪਟਿਆਲਾ ਦੇ ਨਾਮ 'ਤੇ 4 ਕਨਾਲ-0ਮਰਲੇ ਦੀ ਜਾਇਦਾਦ ਜੋ ਕਿ 28ਕਨਾਲ-0 ਮਰਲੇ ਵਿੱਚੋਂ 80/560 ਹਿੱਸੇ ਦੀ ਹੈ, ਖਾਤਾ ਨੰਬਰ 1 ਮਿਨ/28 ਮਿਨ, ਖਸਰਾ ਨੰਬਰ 31//23 ਮਿਨ(5-12), 18 ਮਿਨ(2-14), 17(6-2), 24(8-0), 25/1 ਮਿਨ(2-15), 16ਮਿਨ/2-17), ਪਿੰਡ ਸੰਧਨੌਲੀ ਤਹਿਸੀਲ ਨਾਭਾ ਵਿਖੇ ਸਥਿਤ। (iii) ਰਜਿਸਟਰਡ ਗਿਫਟ ਡੀਡ ਨੰਬਰ 11, ਬਹੀ ਨੰਬਰ 1 ਦੁਆਰਾ 04.04.2012 ਨੂੰ ਸ਼੍ਰੀ ਮਨਪ੍ਰੀਤ ਸਿੰਘ ਪੁੱਤਰ ਸ਼੍ਰੀ ਗੁਰਮੀਤ ਸਿੰਘ ਨਿਵਾਸੀ ਭਾਦਸੋਂ ਦੇ ਨਾਮ 'ਤੇ ਸਿਵਲ ਹਸਪਤਾਲ ਭਾਦਸੋਂ ਦੇ ਨੇੜੇ, ਤਹਿਸੀਲ ਨਾਭਾ, ਜ਼ਿਲ੍ਹਾ ਪਟਿਆਲਾ ਦੇ ਨਾਮ 'ਤੇ ਆਪਣੇ ਵਕੀਲ ਸ਼੍ਰੀ ਬਲਵਿੰਦਰ ਸਿੰਘ ਪੁੱਤਰ ਸ਼੍ਰੀ ਰਾਮਦੇਵ ਦੁਆਰਾ ਰਜਿਸਟਰ ਕੀਤੀ ਗਈ ਹੈ। ਗੁਰਮੀਤ ਸਿੰਘ ਨਿਵਾਸੀ ਸਿਵਲ ਹਸਪਤਾਲ ਭਾਦਸੋਂ ਦੇ ਨੇੜੇ, ਤਹਿਸੀਲ ਨਾਭਾ, ਜ਼ਿਲ੍ਹਾ ਪਟਿਆਲਾ ਦੇ ਅਧੀਨ ਸਾਲ 2008-2009 ਦੀ ਜਮ੍ਹਾਂਬੰਦੀ ਅਨੁਸਾਰ 9 ਕਨਾਲ-6 ਮਰਲੇ-6 ਸਰਸਾਹੀ ਜਾਇਦਾਦ ਜੋ ਕਿ 28ਕਨਾਲ-0ਮਰਲੇ ਵਿੱਚੋਂ 1/3 ਹਿੱਸਾ ਹੈ, ਖਾਤਾ ਨੰਬਰ 1/50, ਖਸਰਾ ਨੰਬਰ 31//16/2(2-17), 17(6-2), 18/1(2-14), 23/2(5-12), 24(8-0), 25/1/1(2-15), ਪਿੰਡ ਸੰਧਨੌਲੀ ਤਹਿਸੀਲ ਨਾਭਾ ਵਿਖੇ ਸਥਿਤ। (iv) ਰਜਿਸਟਰਡ ਗਿਫਟ ਡੀਡ ਨੰਬਰ 12, ਬਹੀ ਨੰਬਰ 1 ਦੁਆਰਾ 04.04.2012 ਨੂੰ ਸ਼੍ਰੀ ਬਲਵਿੰਦਰ ਸਿੰਘ ਪੁੱਤਰ ਸ਼੍ਰੀ ਦੇ ਨਾਮ 'ਤੇ ਸੰਯੁਕਤ ਸਬ-ਰਜਿਸਟਰਾਰ, ਭਾਦਸੋਂ ਨਾਲ ਰਜਿਸਟਰਡ ਹੈ। ਗੁਰਮੀਤ ਸਿੰਘ ਵਾਸੀ ਨੇੜੇ ਸਿਵਲ ਹਸਪਤਾਲ ਭਾਦਸੋਂ, ਤਹਿਸੀਲ ਨਾਭਾ, ਜ਼ਿਲ੍ਹਾ ਪਟਿਆਲਾ ਸਾਲ 2008-2009 ਦੀ ਜਮ੍ਹਾਂਬੰਦੀ ਅਨੁਸਾਰ ਦੇ ਅਧੀਨ 9 ਕਨਾਲ-6 ਮਰਲੇ-6 ਸਰਸਾਹੀ ਜਾਇਦਾਦ ਜੋ ਕਿ 28 ਕਨਾਲ-0 ਮਰਲੇ ਵਿੱਚੋਂ 1/3 ਹਿੱਸਾ ਹੈ, ਖਟਾ ਨੰਬਰ 1/50, ਖਸਰਾ ਨੰਬਰ 31//16/2(2-17), 17(6-2), 18/1(2-14), 23/2(5-12), 24(8-0), 25/1/1(2-15), ਪਿੰਡ ਸੰਧਨੌਲੀ ਤਹਿਸੀਲ ਨਾਭਾ ਵਿਖੇ ਸਥਿਤ। | Rs. 87,62,854/- (ਮੈਸ. ਧਾਰਨੀ ਫੂਡਜ਼-ਰੁ. 46,92,751/-) ਅਤੇ (ਮੈਸ. ਸਤਕਰਤਾਰ ਇੰਟਰਪ੍ਰਾਇਜ਼ਿਜ਼-ਰੁ. 40,70,103/-) / 20.03.2018 / 01.06.2018 / ਸੰਕੇਤਕ ਕਬਜ਼ਾ | Property at (i) to (iv) Rs. 1,76,03,000/- / Rs. 17,60,300/- / Rs. 1,00,000/- | 20.06.2025 11:00 Hrs. to 13:00 Hrs. / 27.06.2025 11:00 Hrs. to 15:00 Hrs. | ਸ਼੍ਰੀ ਹੁਕਮ ਚੰਦ ਪੰਵਰ, M.: 9805004831 ਸ਼੍ਰੀ ਦਿਲਬਾਗ ਸਿੰਘ ਰੇਭੂ M.: 9871599088 |

**ਇਹ ਪ੍ਰਕਾਸ਼ਨ ਉਕਤ ਕਰਜ਼ਦਾਰਾਂ ਅਤੇ ਜ਼ਾਮਨਾਂ ਦੇ ਲਈ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ 2002 ਦੇ ਨਿਯਮ 6 (2) ਅਤੇ 8 (6) ਦੇ ਅਧੀਨ ਇੱਕ ਸੂਚਨਾ ਵੀ ਹੈ।**

ਉਕਤ ਸੰਪੱਤੀਆਂ ਦੀ ਮਿਣਤੀ, ਹਾਲਾਂਕਿ ਸਾਈਟ 'ਤੇ ਬੋਲੀਕਾਰਾਂ ਵੱਲੋਂ ਅਤੇ ਨਿਲਾਮੀ ਵਿਚ ਭਾਗ ਲੈਣ ਤੋਂ ਪਹਿਲਾਂ ਮਾਲ ਅਧਿਕਾਰੀਆਂ ਦੇ ਰਿਕਾਰਡਾਂ ਤੋਂ ਵੀ ਪੜਤਾਲੀ ਜਾਵੇਗੀ। ਨਿਯਮ ਅਤੇ ਸ਼ਰਤਾਂ : ਈ- ਨਿਲਾਮੀ ਬੈਂਕ ਦੇ ਪ੍ਰਵਾਨਿਤ ਸਰਵਿਸ ਪ੍ਰੋਵਾਈਡਰ : **M/s PSB Alliance Pvt. Ltd.** ਵੱਲੋਂ ਆਪਣੀ ਨਿਲਾਮੀ ਸਾਈਟ **https://baanknet.com,** ਸੰਪਰਕ ਫੋਨ : ਅਤੇ ਟੋਲ ਫ੍ਰੀ ਨੰਬਰ : 8291220220 ਅਤੇ ਈ-ਮੇਲ : **support.BAANKNET@psballiance.com** ਰਾਹੀਂ ਕੀਤੀ ਜਾਵੇਗੀ। ਆਨਲਾਈਨ ਈ-ਨਿਲਾਮੀ ਬੋਲੀ ਫਾਰਮ, ਐਲਾਨਨਾਮਾ, ਆਨਲਾਈਨ ਨਿਲਾਮੀ ਵਿਕਰੀ ਦੇ ਸਧਾਰਨ ਨਿਯਮ ਅਤੇ ਸ਼ਰਤਾਂ ਸਮੇਤ ਈ-ਨਿਲਾਮੀ ਟੈਂਡਰ ਦਸਤਾਵੇਜ਼ **https://baanknet.com** ਵਿਚ ਉਪਲਬਧ ਹਨ। ਇਛੁੱਕ ਬੋਲੀਕਾਰ ਲਾਗਇਨ ਆਈਡੀ ਅਤੇ ਪਾਸਵਰਡ ਰਾਹੀਂ (ਯੂਜ਼ਰ ਆਈ. ਡੀ. ਅਤੇ ਪਾਸਵਰਡ **https://baanknet.com** ਨਾਲ ਨਾਮ ਦੇ ਪੰਜੀਕਰਨ ਦੁਆਰਾ ਮੁਫਤ ਵਿਚ ਪ੍ਰਾਪਤ ਕੀਤੇ ਜਾ ਸਕਦੇ ਹਨ ਇਸ ਪ੍ਰਕਿਰਿਆ ਨੂੰ 2-3 ਦਿਨ ਲੱਗ ਸਕਦੇ ਹਨ, ਇਸ ਕਰਕੇ ਇਸ ਪ੍ਰਕਿਰਿਆ ਨੂੰ ਸਮੇਂ ਸਿਰ ਸ਼ੁਰੂ ਕੀਤਾ ਜਾਵੇ। **ਬਿਆਨਾ ਰਕਮ ਨਿਮਨਲਿਖਤ ਖਾਤੇ ਵਿਚ ਨਿਲਾਮੀ ਸਾਈਟ 'ਤੇ M/s PSB Alliance Pvt. Ltd. ਨਾਲ ਪੰਜੀਕ੍ਰਿਤ ਬੋਲੀਕਾਰ ਦੇ ਆਪਣੇ ਵੈਲੇਟ ਵਿਚ ਐਨਈਐਫਟੀ ਦੁਆਰਾ ਅਦਾਇਗੀਯੋਗ ਹੋਵੇਗੀ : ਕਿਰਪਾ ਕਰਕੇ ਨੋਟ ਕਰੋ ਕਿ ਬਿਆਨਾ ਰਕਮ M/s PSB Alliance Pvt. Ltd. ਨਾਲ ਪੰਜੀਕ੍ਰਿਤ ਵੈਲੇਟ ਵਿਚ ਜਮ੍ਹਾਂ ਕਰਵਾਉਣੀ ਲਾਜ਼ਮੀ ਹੈ।** ਸੁਰੱਖਿਅਤ ਕਰਜ਼ਦਾਤਾ ਦੀ ਜਾਣਕਾਰੀ ਵਿਚ ਸੰਪੱਤੀਆਂ 'ਤੇ ਕੋਈ ਦੇਣਦਾਰੀ ਨਹੀਂ ਹੈ। ਫਿਰ ਵੀ, ਇਛੁੱਕ ਬੋਲੀਕਾਰ ਆਪਣੀ ਬੋਲੀ ਪੇਸ਼ ਕਰਨ ਤੋਂ ਪਹਿਲਾਂ ਸੰਪੱਤੀ ਨੂੰ ਪ੍ਰਭਾਵਿਤ ਕਰਨ ਵਾਲੇ ਦਾਅਵੇ/ਅਧਿਕਾਰ/ਬਕਾਇਆਂ ਅਤੇ ਨਿਲਾਮੀ 'ਤੇ ਪਾਈ ਸੰਪੱਤੀ ਦੀ ਦੇਣਦਾਰੀ, ਮਾਲਕੀ ਸਬੰਧੀ ਆਪਣੀ ਸੁਤੰਤਰ ਪੁੱਛਗਿਛ ਜ਼ਰੂਰ ਕਰ ਲੈਣ। ਈ-ਨਿਲਾਮੀ ਇਸ਼ਤਿਹਾਰ ਬੈਂਕ ਦੀ ਕਿਸੇ ਵੀ ਵਚਨਬੱਧਤਾ ਜਾਂ ਕਿਸੇ ਵੀ ਪ੍ਰਤੀਨਿਧਤਾ ਦਾ ਗਠਨ ਨਹੀਂ ਕਰਦਾ ਹੈ ਅਤੇ ਗਠਨ ਨਹੀਂ ਕਰੇਗਾ। ਸੰਪੱਤੀ ਸਾਰੀਆਂ ਮੌਜੂਦਾ ਅਤੇ ਭਾਵੀ ਦੇਣਦਾਰੀਆਂ ਸਮੇਤ ਵੇਚੀ ਜਾ ਰਹੀ ਹੈ ਭਾਵੇਂ ਬੈਂਕ ਨੂੰ ਜਾਣੂੰ ਹੋਣ ਜਾਂ ਨਾ। ਅਧਿਕਾਰਤ ਅਧਿਕਾਰੀ/ਸੁਰੱਖਿਅਤ ਕਰਜ਼ਦਾਤਾ ਤੀਜੀ ਧਿਰ ਦੇ ਕਿਸੇ ਵੀ ਦਾਅਵੇ/ਅਧਿਕਾਰ/ਬਕਾਇਆਂ ਜਾਂ ਗਲਤ ਛਪਾਈ ਦੀ ਤੁਰੱਟੀ ਦੇ ਲਈ ਕਿਸੇ ਵੀ ਮਾਧਿਅਮ ਦੁਆਰਾ ਜ਼ਿੰਮੇਵਾਰ ਨਹੀਂ ਹੋਣਗੇ। ਵਿਕਰੀ **M/s PSB alliance Pvt. Ltd.** ਦੇ ਅਧੀਨ ਪ੍ਰਸਤਾਵਿਤ ਨਿਯਮ/ਸ਼ਰਤਾਂ ਨਾਲ ਸਬੰਧਤ ਹੋਵੇਗੀ।

ਮਿਤੀ : 26.05.2025 ਸਥਾਨ : ਚੰਡੀਗੜ੍ਹ ਅਧਿਕਾਰਤ ਅਧਿਕਾਰੀ

**ਯੂਕੋ ਬੈਂਕ** ਭਾਰਤ ਸਰਕਾਰ ਦਾ ਅਦਾਰਾ **UCO BANK** (A Govt. of India Undertaking)
ਜ਼ੋਨਲ ਦਫ਼ਤਰ : ਐਸਸੀਓ 55-56-57, ਬੈਂਕ ਸਕੁਏਅਰ, ਸੈਕਟਰ 17-ਬੀ ਚੰਡੀਗੜ੍ਹ-160017, ਫੋਨ : 0172-5037339, 50373340

### ਈ-ਨਿਲਾਮੀ ਵਿਕਰੀ ਦੀ ਵਿਕਰੀ ਸੂਚਨਾ (ਅਚੱਲ ਸੰਪੱਤੀ/ਆਂ ਦੇ ਲਈ)

ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 8 (6) ਦੀ ਵਿਵਸਥਾ ਨਾਲ ਪੜ੍ਹੇ ਜਾਣ ਵਾਲੇ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 (ਸਰਫਾਇਸੀ) ਦੇ ਅਧੀਨ ਅਚੱਲ ਸੰਪੱਤੀਆਂ ਦੀ ਵਿਕਰੀ ਬਾਰੇ ਈ-ਨਿਲਾਮੀ ਵਿਕਰੀ ਸੂਚਨਾ। ਆਮ ਕਰਕੇ ਜਨਤਾ ਅਤੇ ਵਿਸ਼ੇਸ਼ ਕਰਕੇ ਕਰਜ਼ਦਾਰ (ਾਂ) ਅਤੇ ਜ਼ਾਮਨ (ਾਂ) ਨੂੰ ਇਸ ਦੁਆਰਾ ਸੂਚਨਾ ਦਿੱਤੀ ਜਾਂਦੀ ਹੈ ਕਿ ਸੁਰੱਖਿਅਤ ਕਰਜ਼ਦਾਤਾ ਕੋਲ ਗਿਰਵੀ/ਬੰਦੀ ਨਿਮਨ ਦਰਸਾਈਆਂ ਅਚੱਲ ਸੰਪੱਤੀਆਂ, ਜਿਸ ਦਾ ਸੰਕੇਤਕ/ਭੌਤਿਕ ਕਬਜ਼ਾ ਯੂਕੋ ਬੈਂਕ (ਸੁਰੱਖਿਅਤ ਕਰਜ਼ਦਾਤਾ) ਦੇ ਅਧਿਕਾਰਤ ਅਧਿਕਾਰੀਆਂ ਵੱਲੋਂ ਲਿਆ ਗਿਆ ਹੈ, ਦੀ ਵਿਕਰੀ **"ਜਿਵੇਂ ਹੈ ਜਿਥੇ ਹੈ", "ਜਿਵੇਂ ਹੈ ਜੋ ਹੈ" ਅਤੇ "ਜੋ ਵੀ ਉਥੇ ਹੈ ਅਧਾਰ"** 'ਤੇ **ਭਾਵ ਲੜੀ ਨੰ. 1 ਦੇ ਲਈ 16.06.2025 ਅਤੇ ਲੜੀ ਨੰ. 2 ਦੇ ਲਈ 26.06.2025** ਨੂੰ ਕੀਤੀ ਜਾਵੇਗੀ ਅਤੇ ਅਚੱਲ ਸੰਪੱਤੀਆਂ ਦੀ ਖਰੀਦ ਲਈ ਇਛੁੱਕ ਖਰੀਦਦਾਰਾਂ ਤੋਂ ਬੋਲੀਆਂ ਨਿਮਨ ਦਰਸਾਏ ਅਨੁਸਾਰ ਮੰਗੀਆਂ ਜਾਂਦੀਆਂ ਹਨ :-

| ਲੜੀ ਨੰ. | ਸ਼ਾਖਾ ਅਤੇ ਕਰਜ਼ਦਾਰ (ਾਂ)/ਜ਼ਾਮਨ (ਾਂ) ਦਾ ਨਾਮ | ਅਚੱਲ ਸੰਪੱਤੀਆਂ ਦੇ ਵੇਰਵੇ | ਕਬਜ਼ੇ ਦੀ ਮਿਤੀ ਕਬਜ਼ੇ ਦੀ ਸਥਿਤੀ (ਭੌਤਿਕ ਜਾਂ ਸੰਕੇਤਕ) | ਮੰਗ ਸੂਚਨਾ ਦੀ ਮਿਤੀ ਅਤੇ ਰਕਮ | ਰਾਖਵੀਂ ਕੀਮਤ / ਬਿਆਨਾ ਰਕਮ / ਬੋਲੀ ਵਾਧਾ ਰਕਮ | ਸਬੰਧਤ ਅਧਿਕਾਰੀ ਦੇ ਵੇਰਵੇ | ਈ-ਨਿਲਾਮੀ ਦੀ ਮਿਤੀ ਅਤੇ ਸਮਾਂ |
|---|---|---|---|---|---|---|---|
| 1. | ਬੀ/ਓ : ਡੀਐਮਸੀਐਚ, ਲੁਧਿਆਣਾ — ਕਰਜ਼ਦਾਰ ਮੈਸਰਜ਼ ਐਮ.ਕੇ. ਫੈਸ਼ਨ, 433/1-ਏ, ਮੁਹੱਲਾ ਕਾਰਾਬਾਰਾ ਨਾਨਕ ਨਗਰ, ਲੁਧਿਆਣਾ। 2. ਮਨਜੀਤ ਕੌਰ ਸੁਪਤਨੀ ਹਰਪਾਲ ਸਿੰਘ ਪ੍ਰੋਪ. ਮੈਸਰਜ਼ ਐਮ.ਕੇ. ਫੈਸ਼ਨ, 433/1-ਏ, ਮੁਹੱਲਾ ਕਾਰਾਬਾਰਾ ਨਾਨਕ ਨਗਰ, ਲੁਧਿਆਣਾ। 3. ਹਰਪਾਲ ਸਿੰਘ ਪੁੱਤਰ ਚੰਨਣ ਸਿੰਘ। 4. ਸ਼. ਜਸਪ੍ਰੀਤ ਸਿੰਘ ਪੁੱਤਰ ਹਰਪਾਲ ਸਿੰਘ | ਸ਼੍ਰੀਮਤੀ ਮਨਜੀਤ ਕੌਰ ਪਤਨੀ ਸ਼੍ਰੀ ਹਰਪਾਲ ਸਿੰਘ, ਐਮ.ਸੀ. ਨੰਬਰ ਬੀ-XXV-433/1ਏ (ਭਾਗ), ਨਾਨਕ ਨਗਰ, ਕਰਾਬਾਰਾ ਕਲੋਨੀ, ਤਰਫ਼ ਕਰਾਬਾਰਾ, ਲੁਧਿਆਣਾ ਵਿਖੇ ਸਥਿਤ 100 ਵਰਗ ਗਜ਼ ਦਾ ਮਾਪ ਵਾਸਿਕਾ ਨੰਬਰ 10476 ਮਿਤੀ 25-08-2003 ਅਨੁਸਾਰ ਰਜਿਸਟਰਡ 66 ਵਰਗ ਗਜ਼ ਦਾ ਮਾਪ ਵਾਸਿਕਾ ਨੰਬਰ 5027 ਮਿਤੀ 28-08-2009 ਅਨੁਸਾਰ 34 ਵਰਗ ਗਜ਼ ਦਾ ਮਾਪ ਸਬ ਰਜਿਸਟਰਾਰ ਲੁਧਿਆਣਾ ਵਿਖੇ ਪੰਜੀਕ੍ਰਿਤ ਰਿਹਾਇਸ਼ੀ ਜਾਇਦਾਦ ਦੇ ਸਾਰੇ ਭਾਗ ਅਤੇ ਹਿੱਸੇ ਹੈ। ਸੰਪੱਤੀ ਦੀ ਹੱਦਬੰਦੀ ਨਿਮਨ ਅਨੁਸਾਰ ਹੈ : ਪੂਰਬ: ਗਲੀ 17'-3", ਪੱਛਮ: ਗਲੀ 16'-3", ਉੱਤਰ: ਜਸਬੀਰ ਸਿੰਘ 56'-9", ਦੱਖਣ: ਗੁਰਦੀਸ਼ ਸਿੰਘ 56'-9" | 27.09.2024/ ਭੌਤਿਕ | 25.07.2022 Rs. 56,84,377.65 | Rs. 29,30,000/- / Rs. 2,93,000/- / Rs. 10,000/- | ਸਾਰਿਕਾ ਗਰਗ (M) 99152-05005 E-mail dayana@ucobank.co.in | 16.06.2025 11:00 AM to 05.00 PM |
| 2. | ਬੀ/ਓ : ਨਾਭਾ, ਪਟਿਆਲਾ — ਕਰਜ਼ਦਾਰ : ਸ਼੍ਰੀ ਵਿਸ਼ਕੀ ਕੁਮਾਰ ਪੁੱਤਰ ਅਸ਼ੋਕ ਕੁਮਾਰ ਅਤੇ ਜਸਬੀਰ ਕੌਰ ਸੁਪਤਨੀ ਵਿਸ਼ਕੀ ਕੁਮਾਰ, ਵਾਸੀ ਗੁਰੂ ਤੇਗ ਬਹਾਦਰ ਨਗਰ, ਚੌਧਰੀ ਮਾਜਰਾ ਰੋਡ, ਅਲੋਹਰਾਂ ਰੋਡ, ਨਾਭਾ, ਜ਼ਿਲ੍ਹਾ ਪਟਿਆਲਾ। | 150 ਵਰਗ ਗਜ਼ ਦਾ ਰਿਹਾਇਸ਼ੀ ਘਰ, ਗੁਰੂ ਤੇਗ ਬਹਾਦਰ ਨਗਰ, ਚੌਧਰੀ ਮਾਜਰਾ ਰੋਡ, ਅਲੋਹਰਾਂ ਖੁਰਦ ਗਲੀ, ਨਾਭਾ, ਪਟਿਆਲਾ-147201 ਵਿਖੇ ਸਥਿਤ। ਡੀਡ ਨੰਬਰ 2022-23/77/1/1168 ਮਿਤੀ 13.07.2022 ਸ਼੍ਰੀਮਤੀ ਜਸਬੀਰ ਕੌਰ ਪਤਨੀ ਵਿਸ਼ਕੀ ਕੁਮਾਰ ਦੇ ਨਾਮ 'ਤੇ 13.07.2022 ਨੂੰ ਯੂਕੋ ਬੈਂਕ ਨਾਭਾ ਨੂੰ ਗਿਰਵੀ 13.07.2022 ਨੂੰ ਪੰਜੀਕ੍ਰਿਤ ਸੰਪੱਤੀ ਦੇ ਸਾਰੇ ਭਾਗ ਅਤੇ ਹਿੱਸੇ। ਹੱਦਬੰਦੀ ਨਿਮਨ ਅਨੁਸਾਰ : ਪੂਰਬ: ਗਲੀ (27'0"), ਪੱਛਮ: ਮਕਾਨ ਜੋਗਿੰਦਰ ਸਿੰਘ (27'0"), ਉੱਤਰ: ਖਾਲੀ ਪਲਾਟ ਨੰਬਰ (50'0"), ਦੱਖਣ: ਮਕਾਨ ਕਮਲਜੀਤ ਸਿੰਘ (50'0")। | 01.02.2025/ ਸੰਕੇਤਕ | 16.11.2024 Rs. 14,80,000/- | Rs. 17,15,000/- / Rs. 1,71,500/- / Rs. 10,000/- | ਨਵਨੀਤ ਕੌਰ (M) 8427690037 E-mail nabha@ucobank.co.in | 27.06.2025 11:00 AM to 05.00 PM |

**ਸਰਫਾਇਸੀ ਐਕਟ, 2002 ਦੇ ਨਿਯਮ 8 (6) ਦੇ ਅਧੀਨ ਵਿਧਾਨਕ 15/30 ਰੋਜ਼ਾ ਵਿਕਰੀ ਸੂਚਨਾ**

**ਨਿਯਮ ਅਤੇ ਸ਼ਰਤਾਂ :** 1. ਵਿਕਰੀ ਸੁਰੱਖਿਆ ਵਿਆਜ (ਲਾਗੂਕਰਨ) 2002 ਵਿਚ ਪ੍ਰਸਤਾਵਿਤ ਨਿਯਮ ਅਤੇ ਸ਼ਰਤਾਂ ਨਾਲ ਸਬੰਧਤ ਹੋਵੇਗੀ। 2. ਸੰਪੱਤੀਆਂ **"ਜਿਵੇਂ ਹੈ, ਜਿਥੇ ਹੈ ਆਧਾਰ" ਅਤੇ "ਜਿਵੇਂ ਹੈ ਜੋ ਹੈ ਆਧਾਰ" ਅਤੇ "ਜੋ ਵੀ ਉਥੇ ਹੈ ਆਧਾਰ"** 'ਤੇ ਵੇਚੀਆਂ ਜਾ ਰਹੀਆਂ ਹਨ। 3. ਉਕਤ ਸੂਚੀ ਵਿਚ ਦਰਸਾਏ ਸੁਰੱਖਿਅਤ ਸੰਪੱਤੀਆਂ ਦੇ ਵੇਰਵੇ ਅਧਿਕਾਰਤ ਅਧਿਕਾਰੀ ਦੀ ਸਰਵੋਤਮ ਜਾਣਕਾਰੀ ਵਿਚ ਸਹੀ ਦੱਸੇ ਗਏ ਹਨ ਪਰ ਅਧਿਕਾਰਤ ਅਧਿਕਾਰੀ ਇਸ ਐਲਾਨਨਾਮੇ ਵਿਚ ਕਿਸੇ ਵੀ ਤਰੁੱਟੀ, ਗਲਤ ਬਿਆਨੀ ਜਾਂ ਕਟੌਤੀ ਲਈ ਜੁਆਬਦੇਹ ਨਹੀਂ ਹੋਵੇਗਾ। 4. ਨਿਲਾਮੀ ਵਿਕਰੀ ਪੋਰਟਲ **https://baanknet.com** 'ਤੇ **"ਈ-ਨਿਲਾਮੀ ਰਾਹੀਂ ਆਨਲਾਈਨ"** ਕੀਤੀ ਜਾਵੇਗੀ। 5. ਇਛੁੱਕ ਬੋਲੀਕਾਰਾਂ/ਖਰੀਦਦਾਰਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪਣਾ ਮੋਬਾਇਲ ਨੰਬਰ ਅਤੇ ਈਮੇਲ ਆਈ. ਡੀ. ਦੀ ਵਰਤੋਂ ਕਰਦੇ ਹੋਏ ਪੋਰਟਲ (**https://baanknet.com** ) 'ਤੇ ਪੰਜੀਕਰਨ ਕਰਵਾ ਲੈਣ। ਅੱਗੇ, ਉਨ੍ਹਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਲੋੜੀਂਦੇ ਕੇਵਾਈਸੀ ਦਸਤਾਵੇਜ਼ ਅਪਲੋਡ ਕਰ ਦੇਣ। ਇੱਕ ਵਾਰ ਕੇਵਾਈਸੀ ਦਸਤਾਵੇਜ਼ਾਂ ਦੀ ਈ-ਨਿਲਾਮੀ ਸਰਵਿਸ ਪ੍ਰੋਵਾਈਡਰ ਵੱਲੋਂ ਪੜਤਾਲ ਹੋਣ 'ਤੇ (ਇਸ ਵਿਚ 2 ਕੰਮ ਵਾਲੇ ਦਿਨ ਲਗ ਸਕਦੇ ਹਨ), ਇਛੁੱਕ ਬੋਲੀਕਾਰਾਂ/ਖਰੀਦਦਾਰਾਂ ਨੂੰ ਪੋਰਟਲ ਵਿਚ ਈ-ਨਿਲਾਮੀ ਮਿਤੀ ਅਤੇ ਸਮੇਂ ਤੋਂ ਪਹਿਲਾਂ ਤੱਕ ਆਪਣੇ ਗਲੋਬਲ ਈਐਮਡੀ ਵੈਲੇਟ ਵਿਚ ਆਨਲਾਈਨ ਵਿਧੀ ਦੀ ਵਰਤੋਂ ਕਰਦੇ ਹੋਏ ਬਿਆਨਾ ਰਕਮ ਰਾਸ਼ੀ ਦਾ ਤਬਾਦਲਾ ਕਰਨਾ ਹੋਵੇਗਾ। ਪੰਜੀਕਰਨ, ਕੇਵਾਈਸੀ ਦਸਤਾਵੇਜ਼ਾਂ ਦੀ ਪੜਤਾਲ ਅਤੇ ਵੈਲੇਟ ਵਿਚ ਬਿਆਨਾ ਰਕਮ ਦੇ ਤਬਾਦਲੇ ਦਾ ਕੰਮ ਨਿਲਾਮੀ ਤੋਂ ਪਹਿਲਾਂ ਅਗਾਊਂ ਤੌਰ 'ਤੇ ਮੁਕੰਮਲ ਕਰਨਾ ਜ਼ਰੂਰੀ ਹੈ। 6. ਈ-ਨਿਲਾਮੀ ਦੇ ਲਈ ਪਲੇਟਫਾਰਮ (**https://baanknet.com**) ਈ-ਨਿਲਾਮੀ ਸਰਵਿਸ ਪ੍ਰੋਵਾਈਡਰ **ਹੈਲਪ ਡੈਸਕ ਨੰ. +91 8291220220, ਹੈਲਪਡੈਸਕ ਈ-ਮੇਲ ਆਈਡੀ : support.baanknet@psballiance.com** ਵੱਲੋਂ ਮੁਹੱਈਆ ਕੀਤਾ ਜਾਵੇਗਾ। ਇਛੁੱਕ ਬੋਲੀਕਾਰਾਂ/ਖਰੀਦਦਾਰਾਂ ਨੂੰ ਈ-ਨਿਲਾਮੀ ਸਰਵਿਸ ਪ੍ਰੋਵਾਈਡਰ ਦੇ ਵੈਬਸਾਈਟ **https://baanknet.com** 'ਤੇ ਈ-ਨਿਲਾਮੀ ਪ੍ਰਕਿਰਿਆ ਵਿਚ ਭਾਗ ਲੈਣਾ ਹੋਵੇਗਾ। 7. ਸੰਪੱਤੀ ਸਬੰਧੀ ਕਿਸੇ ਵੀ ਪੁੱਛਗਿਛ ਲਈ **ਲੜੀ ਨੰ. 1 ਦੇ ਲਈ ਸ਼੍ਰੀ ਰਵੀ ਪ੍ਰਕਾਸ਼ ਗੁਪਤਾ (ਮੋ.) 9934923199 ਅਤੇ ਲੜੀ ਨੰ. 2 ਦੇ ਲਈ ਵਿਸ਼ਵਸਨਯ ਰਾਠੀ (ਮੋ.) 83360-58807** ਨੂੰ ਸੰਪਰਕ ਕੀਤਾ ਜਾ ਸਕਦਾ ਹੈ। 8. ਵਿਕਰੀ ਦੇ ਸਧਾਰਨ ਨਿਯਮ ਅਤੇ ਸ਼ਰਤਾਂ ਵਾਲੀ ਵਿਕਰੀ ਸੂਚਨਾ ਨਿਮਨਲਿਖਤ **ਵੈਬਸਾਈਟਾਂ/ਵੈਬ ਪੇਜ ਪੋਰਟਲ : https://baanknet.com** 'ਤੇ ਵਿਚ ਉਪਲਬਧ/ਪ੍ਰਕਾਸ਼ਿਤ ਹਨ। 9. ਈ-ਨਿਲਾਮੀ ਦੇ ਇਛੁੱਕ ਪ੍ਰਤੀਯੋਗੀ **ਪੋਰਟਲhttps://baanknet.com** ਤੋਂ ਇਸ ਈ-ਨਿਲਾਮੀ ਨਾਲ ਸਬੰਧਤ ਈ-ਨਿਲਾਮੀ ਦੇ ਸੰਚਾਲਨਾਤਮਕ ਭਾਗ 'ਤੇ ਸਹਾਇਤਾ ਮੈਨੂਅਲ, ਈ-ਨਿਲਾਮੀ ਦੇ ਨਿਯਮ ਅਤੇ ਸ਼ਰਤਾਂ, ਵਿਕਰੀ ਸੂਚਨਾ ਦੇ ਉਤਾਰੇ ਮੁਫਤ ਵਿਚ ਡਾਊਨਲੋਡ ਕਰ ਸਕਦੇ ਹਨ। 10. ਬੋਲੀਕਾਰ ਦੇ ਗਲੋਬਲ ਵੈਲੇਟ ਵਿਚ ਬੋਲੀ ਦੇਣ ਦੇ ਸਮੇਂ ਲੋੜੀਂਦਾ ਬਕਾਇਆ (>=ਬਿਆਨਾ ਰਕਮ ਰਾਸ਼ੀ) ਹੋਣਾ ਚਾਹੀਦਾ ਹੈ। 11. ਈ-ਨਿਲਾਮੀ ਦੇ ਦੌਰਾਨ ਬੋਲੀਕਾਰਾਂ ਨੂੰ ਆਖ਼ਰੀ ਕੋਟ ਕੀਤੀ ਬੋਲੀ ਨਾਲੋਂ ਵੱਧ ਅਤੇ ਉਪਰ ਪਰਸਪਰ ਬੋਲੀ ਵਿਚ ਉਚੇਰੀ ਬੋਲੀ ਪੇਸ਼ ਕਰਨ ਦਾ ਆਗਿਆ ਹੋਵੇਗੀ ਅਤੇ ਬੋਲੀ ਰਕਮ ਵਿਚ ਘੱਟੋ ਘੱਟ ਵਾਧਾ ਬੋਲੀਕਾਰਾਂ ਦ ਆਖ਼ਰੀ ਉਚੇਰੀ ਬੋਲੀ ਤੋਂ ਉਕਤ ਦਰਸਾਏ ਅਨੁਸਾਰ ਹੋਣਾ ਚਾਹੀਦਾ ਹੈ। ਨਿਰੰਤਰ ਉਚੇਰੀ ਬੋਲੀ ਕੋਟ ਕਰਨ ਲਈ ਬੋਲੀਕਾਰਾਂ ਨੂੰ ਵੀਹ (20) ਮਿੰਟਾਂ ਦਾ ਸਮਾਂ ਦਿੱਤਾ ਜਾਵੇਗਾ ਅਤੇ ਜੇਕਰ ਆਖ਼ਰੀ ਸਭ ਤੋਂ ਉਚੀ ਬੋਲੀ ਤੋਂ ਦਸ ਮਿੰਟ ਲੰਘਣ ਉਪਰੰਤ ਕਿਸੇ ਵੀ ਬੋਲੀਕਾਰ ਵੱਲੋਂ ਕੋਈ ਉਚੇਰੀ ਬੋਲੀ ਪੇਸ਼ ਨਹੀਂ ਕੀਤੀ ਜਾਂਦੀ ਤਾਂ ਈ-ਨਿਲਾਮੀ ਨੂੰ ਬੰਦ ਕਰ ਦਿੱਤਾ ਜਾਵੇਗਾ। 12. ਇਹ ਇਛੁੱਕ ਬੋਲੀਕਾਰ (ਾਂ) ਦੀ ਜ਼ਿੰਮੇਵਾਰੀ ਹੋਵੇਗੀ ਕਿ ਵਿਕਰੀ ਸੂਚਨਾ, ਈ-ਨਿਲਾਮੀ ਦੇ ਨਿਯਮ ਅਤੇ ਸ਼ਰਤਾਂ, ਈ-ਨਿਲਾਮੀ ਦੇ ਸੰਚਾਲਨਾਤਮਕ ਹਿੱਸੇ ਬਾਰੇ ਸਹਾਇਤਾ ਮੈਨੂਅਲ ਨੂੰ ਪੜ੍ਹ ਲੈਣ ਅਤੇ ਇਨ੍ਹਾਂ ਦਾ ਸਖ਼ਤੀ ਨਾਲ ਪਾਲਣ ਕਰਨ। ਈ-ਨਿਲਾਮੀ ਪ੍ਰਕਿਰਿਆ ਤੋਂ ਪਹਿਲਾਂ ਜਾਂ ਇਸਦੇ ਦੌਰਾਨ ਕਿਸੇ ਵੀ ਮੁਸ਼ਕਿਲ ਜਾਂ ਸਹਾਇਤਾ ਦੀ ਲੋੜ ਪੈਣ ਦੀ ਸੂਰਤ ਵਿਚ ਸਾਡੇ ਈ-ਨਿਲਾਮੀ ਸਰਵਿਸ ਪ੍ਰੋਵਾਈਡਰ ( **https://baanknet.com**) ਦੇ ਅਧਿਕਾਰਤ ਪ੍ਰਤੀਨਿਧੀ ਨੂੰ ਸੰਪਰਕ ਕੀਤਾ ਜਾ ਸਕਦਾ ਹੈ। ਇਸ ਦੇ ਵੇਰਵੇ ਈ-ਨਿਲਾਮੀ ਪੋਰਟਲ 'ਤੇ ਉਪਲਬਧ ਹਨ। 13. ਅਧਿਕਾਰਤ ਅਧਿਕਾਰੀ ਵੱਲੋਂ ਈ-ਨਿਲਾਮੀ ਨੂੰ ਮੁਕੰਮਲ ਕਰਨ ਤੋਂ ਬਾਅਦ, ਸਿਰਫ਼ ਸਫਲ ਬੋਲੀਕਾਰ ਨੂੰ ਐਸਐਮਐਸ/ਈ-ਮੇਲ (ਸਰਵਿਸ ਪ੍ਰੋਵਾਈਡਰ ਨੂੰ ਉਨ੍ਹਾਂ ਵੱਲੋਂ ਦਿੱਤੇ ਗਏ/ਪੰਜੀਕ੍ਰਿਤ ਮੋਬਾਇਲ ਨੰਬਰ/ਈਮੇਲ ਪਤੇ 'ਤੇ) ਰਾਹੀਂ ਉਕਤ ਦਰਸਾਏ ਸਾਡੇ ਸਰਵਿਸ ਪ੍ਰੋਵਾਈਡਰ ਦੁਆਰਾ ਸੂਚਿਤ ਕੀਤਾ ਜਾਵੇਗਾ। 14. ਸੁਰੱਖਿਅਤ ਸੰਪੱਤੀ ਰਾਖਵੀਂ ਕੀਮਤ ਤੋਂ ਘੱਟ ਨਹੀਂ ਵੇਚੀ ਜਾਵੇਗੀ। ਅਧਿਕਾਰਤ ਅਧਿਕਾਰੀ ਕੋਲ ਪ੍ਰਵਾਨਯੋਗ ਨਾ ਪਾਏ ਜਾਣ 'ਤੇ ਕਿਸੇ ਵੀ ਬੋਲੀ ਨੂੰ ਪ੍ਰਵਾਨ ਕਰਨ ਜਾਂ ਸਾਰੀਆਂ ਬੋਲੀਆਂ ਨੂੰ ਰੱਦ ਕਰਨ ਜਾਂ ਬਿਨਾਂ ਕੋਈ ਵੀ ਕਾਰਨ ਦੱਸੇ, ਜੋ ਵੀ ਹੋਵੇ, ਕਿਸੇ ਵੀ ਸਮੇਂ ਨਿਲਾਮੀ ਨੂੰ ਮਲਤਵੀ/ਰੱਦ/ਬਰਖਾਸਤ/ਰੋਕਣ ਦਾ ਜਾਂ ਇਸ ਦੇ ਨਿਯਮਾਂ ਵਿਚ ਤਬਦੀਲੀ ਕਰਨ ਦਾ ਹੱਕ ਰਾਖਵਾਂ ਹੈ ਅਤੇ ਇਸ ਸਬੰਧ ਵਿਚ ਉਨ੍ਹਾਂ ਦਾ ਫੈਸਲਾ ਅੰਤਿਮ ਹੋਵੇਗਾ। 15. ਵਿਕਰੀ ਪ੍ਰਮਾਣ ਪੱਤਰ ਕਾਨੂੰਨ ਦੀਆਂ ਵਿਵਸਥਾਵਾਂ ਦੇ ਅਨੁਸਾਰ ਪੂਰਨ ਬੋਲੀ ਰਕਮ ਦੇ ਜਮ੍ਹਾਂ ਹੋਣ 'ਤੇ ਸਫਲ ਬੋਲੀਕਾਰ ਦੇ ਪੱਖ ਵਿਚ ਜਾਰੀ ਕੀਤਾ ਜਾਵੇਗਾ। 16. ਇਹ ਬੋਲੀਕਾਰਾਂ ਦੀ ਜ਼ਿੰਮੇਵਾਰੀ ਹੋਵੇਗੀ ਕਿ ਬੋਲੀ ਪੇਸ਼ ਕਰਨ ਤੋਂ ਪਹਿਲਾਂ ਸੰਪੱਤੀ ਅਤੇ ਇਸ ਦੀ ਮਿਣਤੀ ਬਾਰੇ ਜਾਂਚ ਅਤੇ ਖੁਦ ਦੀ ਤਸੱਲੀ ਕਰ ਲੈਣ। ਬੋਲੀਕਾਰ ਮੁਹੱਈਆ ਕੀਤੇ ਵੇਰਵਿਆਂ ਅਨੁਸਾਰ ਸੰਬੰਧਤ ਅਧਿਕਾਰੀ ਨਾਲ ਮਸ਼ਵਰਾ ਕਰਕੇ ਸੰਪੱਤੀ ਦੀ ਜਾਂਚ ਕਰ ਸਕਦੇ ਹਨ। ਸਾਰੇ ਵਿਧਾਨਕ ਬਕਾਏ/ਅਟੈਂਡੈਂਟ ਫੀਸਾਂ/ਪੰਜੀਕਰਨ ਫੀਸਾਂ, ਸਟੈਂਪ ਡਿਊਟੀ, ਕਰਾਂ ਆਦਿ ਸਮੇਤ ਹੋਰ ਬਕਾਏ ਖਰੀਦਦਾਰ ਵੱਲੋਂ ਅਦਾ ਕੀਤੇ ਜਾਣਗੇ। 18. ਬੈਂਕ ਦੇ ਅਧਿਕਾਰਤ ਅਧਿਕਾਰੀ ਸੰਪੱਤੀਆਂ (ਈ-ਨਿਲਾਮੀ ਵਾਲੀਆਂ) ਦੇ ਸਬੰਧ ਵਿਚ ਸਰਕਾਰ ਜਾਂ ਕਿਸੇ ਵੀ ਵਿਅਕਤੀ ਵੱਲ ਕਿਸੇ ਵੀ ਫੀਸ, ਭਾਰ, ਦੇਣਦਾਰੀ ਜਾਂ ਕਿਸੇ ਵੀ ਹੋਰ ਬਕਾਏ, ਭਾਵੇਂ ਬੈਂਕ ਨੂੰ ਜਾਣੂੰ ਹੋਣ ਜਾਂ ਨਾ ਦੇ ਲਈ ਜੁਆਬਦੇਹ ਨਹੀਂ ਹੋਣਗੇ। ਇਛੁੱਕ ਬੋਲੀਕਾਰ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਵਿਧਾਨਕ ਦੇਣਦਾਰੀਆਂ, ਸੰਪੱਤੀ ਕਰ ਦੇ ਬਕਾਏ, ਬਿਜਲੀ ਦੇ ਬਕਾਏ ਆਦਿ ਸਮੇਤ ਸੰਪੱਤੀ ਉਪਰ ਦੇਣਦਾਰੀਆਂ ਸਬੰਧੀ ਆਪਣੀ ਸੁਤੰਤਰ ਪੁੱਛਗਿਛ ਕਰ ਲੈਣ। 19. ਬੋਲੀਕਾਰ ਨੂੰ ਢੁੱਕਵੀਂ ਇੰਟਰਨੈਟ ਕੁਨੈਕਟੀਵਿਟੀ, ਪਾਵਰ ਬੈਕ-ਅਪ ਆਦਿ ਯਕੀਨੀ ਬਣਾ ਲੈਣੇ ਚਾਹੀਦੇ ਹਨ। ਬੈਂਕ ਇੰਟਰਨੈਟ ਅਸਫਲਤਾ, ਬਿਜਲੀ ਅਸਫਲਤਾ ਜਾਂ ਤਕਨੀਕੀ ਕਾਰਨਾਂ ਕਰਕੇ ਪਏ ਕਿਸੇ ਵੀ ਵਿਘਨ ਜਾਂ ਈ-ਨਿਲਾਮੀ ਨੂੰ ਪ੍ਰਭਾਵਿਤ ਕਰਨ ਵਾਲੇ ਕਾਰਨਾਂ/ਅਚਨਚੇਤਤਾਵਾਂ ਦੇ ਲਈ ਜੁਆਬਦੇਹ ਨਹੀਂ ਹੋਵੇਗਾ। 20. ਸਫਲ ਬੋਲੀਕਾਰ ਨੂੰ 1% ਦਾ ਟੀਡੀਐਸ ਵੀ ਅਦਾ ਕਰਨਾ ਹੋਵੇਗਾ ਜੇਕਰ ਸੰਪੱਤੀ ਦੀ ਕੀਮਤ 50 ਲੱਖ ਤੋਂ ਵੱਧ ਹੋਵੇ। 21. ਇਸ ਸੂਚਨਾ ਨੂੰ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ 2002 ਦੇ ਨਿਯਮ 9 (1) ਦੇ ਅਧੀਨ ਕਰਜ਼ਦਾਰ ਅਤੇ ਜ਼ਾਮਨ ਦੇ ਲਈ 15 ਰੋਜ਼ਾ ਵਿਧਾਨਕ ਵਿਕਰੀ ਸੂਚਨਾ ਵਜੋਂ ਵੀ ਸਮਝਿਆ ਜਾਵੇ। 22. ਇਕਲੇ ਬੋਲੀਕਾਰ ਹੋਣ ਦੀ ਸੂਰਤ ਵਿਚ ਉਸ ਦੇ ਬੋਲੀ ਫਾਰਮ ਵਿਚ ਕੋਟ ਕੀਤੀ ਬੋਲੀ ਰਕਮ ਵਿਚ ਘੱਟੋ ਘੱਟ ਇੱਕ ਬੋਲੀ ਵਾਧਾ ਲਾਗਤ ਤੱਕ ਸੁਧਾਰ ਹੋਣਾ ਲਾਜ਼ਮੀ ਹੈ, ਨਹੀਂ ਤਾਂ ਵਿਕਰੀ ਰੱਦ/ਬਰਖਾਸਤ ਕਰ ਦਿੱਤੀ ਜਾਵੇਗੀ। 23. ਵਿਕਰੀ ਦੀ ਪੁਸ਼ਟੀ ਨਹੀਂ ਕੀਤੀ ਜਾਵੇਗੀ, ਜੇਕਰ ਕਰਜ਼ਦਾਰ ਸਫਲ ਬੋਲੀਕਾਰ ਨੂੰ ਵਿਕਰੀ ਦੀ ਪੁਸ਼ਟੀ ਦਾ ਪੱਤਰ ਜਾਰੀ ਹੋਣ ਤੋਂ ਪਹਿਲਾਂ ਅਧਿਕਾਰਤ ਅਧਿਕਾਰੀ ਨੂੰ ਬੈਂਕ ਕਰਾਰ ਦੇ ਬਕਾਇਆ ਸਮੇਤ ਹੋਰ ਖਰਚਿਆਂ ਦਾ ਭੁਗਤਾਨ ਕਰ ਦਿੰਦਾ ਹੈ, ਅਜਿਹੇ ਮਾਮਲੇ ਵਿਚ ਬੈਂਕ ਸਫਲ ਬੋਲੀਕਾਰ ਵੱਲੋਂ ਜਮ੍ਹਾਂ ਕੀਤੀ ਸਮੁੱਚੀ ਰਕਮ ਬਿਨਾਂ ਵਿਆਜ ਤੋਂ ਵਾਪਸ ਕਰ ਦੇਵੇਗਾ।

ਮਿਤੀ 26.05.2025 ਸਥਾਨ : ਚੰਡੀਗੜ੍ਹ ਅਧਿਕਾਰਤ ਅਧਿਕਾਰੀ, ਯੂਕੋ ਬੈਂਕ




# ਸਾਉਣੀ ਦੀਆਂ ਮੁੱਖ ਫ਼ਸਲਾਂ 'ਚ ਸਰਵਪੱਖੀ ਕੀਟ ਪ੍ਰਣਾਲੀ ਵਿੱਚ ਮਿੱਤਰ ਕੀੜਿਆਂ ਦੀ ਭੂਮਿਕਾ!

ਸੁਮਨ ਕੁਮਾਰੀ
ਪ੍ਰਭਜੋਤ ਕੌਰ
ਹਰਿੰਦਰ ਸਿੰਘ
suman60@pau.edu

ਪੰਜਾਬ ਦੀਆਂ ਮੁੱਖ ਫਸਲਾਂ ਜਿਵੇਂ ਕੀ ਝੋਨਾ, ਕਮਾਦ ਅਤੇ ਮੱਕੀ ਉੱਤੇ ਕਈ ਤਰਾਂ ਦੇ ਕੀੜੇ-ਮਕੌੜਿਆਂ ਦਾ ਹਮਲਾ ਹੁੰਦਾ ਹੈ।ਇਹ ਕੀੜੇ ਜਿੱਥੇ ਇਹਨਾਂ ਫਸਲਾਂ ਦਾ ਝਾੜ ਘਟਾਉਂਦੇ ਹਨ, ਉੱਥੇ ਕਿਸਾਨਾਂ ਨੂੰ ਆਰਥਿਕ ਨੁਕਸਾਨ ਵੀ ਪੁੰਹਚਾਂਦੇ ਹਨ।ਕੀਟਨਾਸ਼ਕਾਂ ਦੀ ਅੰਧਾਧੁੰਦ ਵਰਤੋਂ ਨਾਲ ਜਿੱਥੇ ਖੇਤੀ ਖਰਚੇ ਵਧਦੇ ਹਨ ਨਾਲ ਹੀ ਇਹ ਵਾਤਾਵਰਨ ਨੂੰ ਵੀ ਦੂਸ਼ਿਤ ਕਰਦੇ ਹਨ।ਅਜਿਹੇ ਸਮੇਂ ਵਿੱਚ ਮਿੱਤਰ ਕੀੜੇ ਇੱਕ ਅਹਿਮ ਭੂਮਿਕਾ ਨਿਭਾ ਸਕਦੇ ਹਨ, ਕਿਉਕਿ ਜਿੱਥੇ ਇਹ ਸਸਤੇ ਹੁੰਦੇ ਹਨ ਉੱਥੇ ਇਹ ਵਾਤਾਵਰਣ ਨੂੰ ਵੀ ਦੂਸ਼ਿਤ ਨਹੀ ਕਰਦੇ।ਪੰਜਾਬ ਵਿਚ ਝੋਨਾ, ਕਮਾਦ ਅਤੇ ਮੱਕੀ ਦੇ ਮੁੱਖ ਦੁਸ਼ਮਣ ਕੀੜਿਆਂ (ਗੜੂੰਏ) ਨੂੰ ਨਸ਼ਟ ਕਰਨ ਲਈ ਦੋ ਮਿੱਤਰ ਕੀੜਿਆਂ ਟਰਾਈਕੋਗਰਾਮਾ ਕਿਲੋਨਸ ਅਤੇ ਟਰਾਈਕੋਗਰਾਮਾ ਜੈਪੋਨਿਕਮ ਦੀ ਸਿਫਾਰਿਸ਼ ਕੀਤੀ ਗਈ ਹੈ । ਇਹ ਮਿੱਤਰ ਕੀੜੇ ਪ੍ਰਯੋਗਸ਼ਾਲਾ ਵਿਚ ਤਿਆਰ ਕੀਤੇ ਗਏ ਟਰਾਈਕੋ-ਕਾਰਡ ਰਾਹੀ ਕਿਸਾਨਾਂ ਦੇ ਖੇਤਾਂ ਵਿਚ ਛੱਡੇ ਜਾਂਦੇ ਹਨ। ਇਹ ਮਿੱਤਰ ਕੀੜਾ ਦੁਸ਼ਮਣ ਕੀੜੇ ਦੇ ਅੰਡੇ ਅੰਦਰ ਆਪਣੇ ਅੰਡੇ ਦੇ ਕੇ ਆਪਣਾ ਜੀਵਨ ਚੱਕਰ ਪੂਰਾ ਕਰਦਾ ਹੈ। ਇਸਦੇ ਬੱਚੇ ਦੁਸ਼ਮਣ ਕੀੜੇ ਦੇ ਆਂਡੇ ਦੇ ਅੰਦਰ ਪਲਦੇ ਹਨ ਅਤੇ ਅੰਤ ਵਿਚ ਉਸਨੂੰ ਖਤਮ ਕਰ ਦਿੰਦੇ ਹਨ।



## ਸਾਉਣੀ ਦੀਆਂ ਮੁੱਖ ਫਸਲਾਂ ਦੇ ਹਾਨੀਕਾਰਕ ਕੀੜੇ ਅਤੇ ਉਹਨਾਂ ਦੇ ਹਮਲੇ ਦੀਆਂ ਨਿਸ਼ਾਨੀਆਂ:

**ਝੋਨਾ: ਪੀਲੇ ਤਣੇ ਦੇ ਗੜੂੰਏਂ:** ਇਹ ਜੁਲਾਈ ਤੋਂ ਅਕਤੂਬਰ ਤੱਕ ਫਸਲ ਨੂੰ ਨੁਕਸਾਨ ਪਹੁੰਚਾਂਦੇ ਹਨ। ਇਸ ਦੀਆਂ ਸੁੰਡੀਆਂ ਤਣੇ ਦੇ ਜੋੜ ਵਿੱਚ ਵੜ ਜਾਂਦੀਆਂ ਹਨ ਅਤੇ ਗੋਭ ਨੂੰ ਅੰਦਰੋਂ-ਅੰਦਰ ਖਾਈ ਜਾਂਦੀਆਂ ਹਨ, ਜਿਸ ਨਾਲ ਗੋਭ ਸੁੱਕ ਜਾਂਦੀ ਹੈ। ਹਮਲੇ ਵਾਲੇ ਬੂਟੇ ਇਹ ਅਸਾਨੀ ਨਾਲ ਖਿੱਚੇ ਜਾ ਸਕਦੇ ਹਨ। ਜੇਕਰ ਹਮਲਾ ਮੁੰਜਰਾਂ ਨਿਕਲਣ ਤੋਂ ਬਾਅਦ ਹੋਵੇ ਤਾਂ ਇਹ ਸੁੱਕ ਜਾਂਦੀਆਂ ਹਨ ਅਤੇ ਇਸ ਵਿੱਚ ਦਾਣੇ ਨਹੀ ਬਣਦੇ। ਇਹ ਮੁੰਜਰਾਂ ਸਫੈਦ ਰੰਗ ਦੀਆਂ ਦਿਸਦੀਆਂ ਹਨ ਅਤੇ ਖੇਤ ਵਿੱਚ ਦੂਰੋਂ ਹੀ ਪਛਾਣੀਆਂ ਜਾ ਸਕਦੀਆਂ ਹਨ ।

**ਪੱਤਾ ਲਪੇਟ ਸੁੰਡੀ :** ਇਸ ਕੀੜੇ ਦਾ ਬਹੁਤਾ ਨੁਕਸਾਨ ਅਗਸਤ ਤੋਂ ਅਕਤੂਬਰ ਦੇ ਦੌਰਾਨ ਹੁੰਦਾ ਹੈ।ਛੋਟੀਆਂ ਸੁੰਡੀਆਂ ਪੱਤਿਆਂ ਨੂੰ ਬਿਨਾਂ ਲਪੇਟੇ ਅਤੇ ਵੱਡੀਆਂ ਸੁੰਡੀਆਂ ਪੱਤਿਆਂ ਨੂੰ ਲਪੇਟੇ ਕੇ ਅੰਦਰੋਂ-ਅੰਦਰ ਹਰਾ ਮਾਦਾ ਖਾਂਦੀਆਂ ਹਨ ਜਿਸ ਕਰਕੇ ਪੱਤਿਆਂ ਉੱਤੇ ਚਿੱਟੇ ਰੰਗ ਦੀਆਂ ਧਾਰੀਆਂ ਪੈ ਜਾਂਦੀਆਂ ਹਨ।

### ਕਮਾਦ ਦੇ ਗੜੂੰਏ

**ਅਗੇਤੀ ਫੋਟ ਦਾ ਗੜੂੰਆਂ :** ਇਹ ਕੀੜਾ ਅਪ੍ਰੈਲ ਤੋਂ ਜੂਨ ਤੱਕ ਨੁਕਸਾਨ ਕਰਦਾ ਹੈ।ਗੰਨੇ ਦੀ ਮੁੱਢਲੀ ਹਾਲਤ ਵਿੱਚ ਇਹ ਕੀੜੇ ਪੱਤੇ ਦੇ ਥੱਲੇ ਸਮੂਹਾਂ ਵਿਚ ਆਂਡੇ ਦਿੰਦੇ ਹਨ। ਸੁੰਡੀ ਮਿੱਟੀ ਦੀ ਸੱਤਹ ਦੇ ਨਜ਼ਦੀਕ ਮੋਰੀ ਕਰਕੇ ਤਣੇ ਵਿਚ ਦਾਖਲ ਹੋ ਜਾਂਦੀ ਹੈ ਜਿਸ ਦੇ ਨਤੀਜੇ ਵਜੋਂ ਗੋਭ ਸੁੱਕ ਜਾਂਦੀ ਹੈ ਅਤੇ ਅਸਾਨੀ ਨਾਲ ਟੁੱਟ ਜਾਂਦੀ ਹੈ ਅਤੇ ਇਸ ਵਿਚੋਂ ਬਦਬੂਦਾਰ ਗੰਧ ਪੈਦਾ ਹੁੰਦੀ ਹੈ।

**ਆਗ ਦਾ ਗੜੂੰਆਂ :** ਇਹ ਕੀੜਾ ਮਾਰਚ ਤੋਂ ਅਕਤੂਬਰ ਤੱਕ ਹਮਲਾ ਕਰਦਾ ਹੈ ਪਰ ਜੁਲਾਈ-ਅਗਸਤ ਦੌਰਾਨ ਬਹੁਤ ਹਾਨੀਕਾਰਕ ਹੁੰਦਾ ਹੈ। ਇਸਦੇ ਹਮਲੇ ਕਰਕੇ ਗੰਨੇ ਦੇ ਸਿਰੇ ਤੇ ਗੋਭ ਵਾਲਾ ਪੱਤਾ ਸੁੱਕ ਜਾਂਦਾ ਹੈ ਅਤੇ ਕਾਲੇ ਰੰਗ ਦਾ ਹੋ ਜਾਂਦਾ ਹੈ। ਇਸ ਦੇ ਹਮਲੇ ਦੀਆਂ ਹੋਰ ਨਿਸ਼ਾਨੀਆਂ ਹਨ ਕਿ ਇਹ ਆਗ ਵਿੱਚ ਮੋਰੀਆਂ ਕਰ ਦਿੰਦਾ ਹੈ, ਪੱਤੇ ਦੀ ਰੀੜ੍ਹ ਤੇ ਉਪਰਲੇ ਸਿਰੇ ਵੱਲ ਚਿੱਟੀਆਂ ਜਾਂ ਲਾਲ ਧਾਰੀਆਂ ਪੈ ਜਾਂਦੀਆਂ ਹਨ ਅਤੇ ਗੰਨਾ ਛਾਂਗਾ ਹੋ ਜਾਂਦਾ ਹੈ।

**ਤਣੇ ਦਾ ਗੜੂੰਆਂ :** ਇਸ ਕੀੜੇ ਦੀਆਂ ਸੁੰਡੀਆਂ ਸਰਦੀਆਂ ਵਿੱਚ ਨਵੇ ਪੜਸੂਇਆਂ ਜਾਂ ਮੁੱਢਾਂ ਵਿੱਚ ਰਹਿੰਦੀਆਂ ਹਨ। ਇਸ ਕੀੜੇ ਦਾ ਹਮਲਾ ਅਪ੍ਰੈਲ, ਮਈ ਅਤੇ ਜੂਨ ਵਿੱਚ ਕੁਝ ਘੱਟ ਹੁੰਦਾ ਹੈ ਪਰ ਜੁਲਾਈ ਵਿੱਚ ਵਧ ਜਾਂਦਾ ਹੈ। ਅਕਤੂਬਰ ਅਤੇ ਨਵੰਬਰ ਵਿੱਚ ਇਹ ਸਭ ਤੋਂ ਵੱਧ ਸਰਗਰਮ ਹੁੰਦਾ ਹੈ। ਇਸ ਕੀੜੇ ਦੇ ਹਮਲੇ ਦੀ ਬਾਹਰੋਂ ਕੋਈ ਨਿਸ਼ਾਨੀਆਂ ਨਹੀ ਪਤਾ ਲਗਦੀ। ਇਸ ਕੀੜੇ ਦੀਆਂ ਤਣੇ ਵਿੱਚ ਵੜਨ ਅਤੇ ਨਿਕਲਣ ਵਾਲੀਆਂ ਮੋਰੀਆਂ ਕੇਵਲ ਗੰਨਾ ਛਿਲ ਕੇ ਹੀ ਵੇਖੀਆਂ ਜਾ ਸਕਦੀਆਂ ਹਨ। ਇਕ ਸੁੰਡੀ ਕਈ ਵਾਰ ਤਿੰਨ ਗੰਢਾਂ ਤੱਕ ਨੁਕਸਾਨ ਕਰ ਦਿੰਦੀ ਹੈ ਅਤੇ ਗੰਨੇ ਉਪਰ ਕਈ ਥਾਵਾਂ ਤੇ ਹਮਲਾ ਕਰਦੀ ਹੈ। ਜਿਆਦਾ ਹਮਲੇ ਵਿੱਚ ਗੰਨੇ ਦੇ ਝਾੜ ਅਤੇ ਮਿਠਾਸ ਤੇ ਮਾੜਾ ਅਸਰ ਪੈਂਦਾ ਹੈ।

**ਮੱਕੀ ਦਾ ਗੜੂੰਆਂ :** ਇਹ ਮੱਕੀ ਦਾ ਮੁੱਖ ਕੀੜਾ ਹੈ ਅਤੇ ਜੂਨ ਤੋਂ ਸਤੰਬਰ ਤੱਕ ਫ਼ਸਲ ਦਾ ਨੁਕਸਾਨ ਕਰਦਾ ਹੈ। ਇਸ ਕੀੜੇ ਦੀਆਂ ਸੁੰਡੀਆਂ ਪਹਿਲਾਂ ਬੂਟੇ ਦੇ ਪੱਤਿਆਂ ਉੱਪਰ ਝਰੀਟਾਂ ਪਾ ਦਿੰਦੀਆਂ ਹਨ ਅਤੇ ਗੋਭ ਰਾਹੀ ਤਣੇ ਵਿੱਚ ਮੋਰੀਆਂ ਕਰ ਦਿੰਦੀਆਂ ਹਨ। ਗੋਭ ਦਾ ਵਿਚਕਾਰਲਾ ਪੱਤਾ ਛਾਣਨੀ-ਛਾਣਨੀ ਹੋ ਜਾਂਦਾ ਹੈ। ਛੋਟੇ ਬੂਟਿਆਂ ਦੀਆਂ ਗੋਭਾਂ ਸੁੱਕ ਜਾਂਦੀਆਂ ਹਨ।

### ਟਰਾਈਕੋਕਾਰਡਸ ਖੇਤ ਵਿੱਚ ਲਗਾਉਣ ਦੀ ਵਿਧੀ:

**ਜੈਵਿਕ ਝੋਨਾ:** ਝੋਨੇ ਵਿੱਚ ਪੱਤਾ ਲਪੇਟ ਸੁੰਡੀ ਅਤੇ ਪੀਲੇ ਤਣੇ ਦੇ ਗੜੂੰਏ ਦੀ ਟਰਾਈਕੋਗਰਾਮਾ ਕਿਲੋਨਸ ਅਤੇ ਟਰਾਈਕੋਗਰਾਮਾ ਜੈਪੋਨਿਕਮ ਦੇ ਦੋ-ਦੋ ਟਰਾਈਕੋ-ਕਾਰਡਾਂ ਨੂੰ 5×1.5 ਸੈ.ਮੀ. ਛੋਟੇ ਆਕਾਰ ਦੇ 40 ਬਰਾਬਰ ਹਿੱਸਿਆਂ ਵਿੱਚ ਕੱਟੋ; ਹਰ ਹਿੱਸੇ ਉੱਪਰ ਲਗਭਗ 1000 ਪਰਜੀਵੀ ਕਿਰਿਆ ਕੀਤੇ ਹੋਏ ਅੰਡੇ ਲੱਗੇ ਹੁੰਦੇ ਹਨ। ਇਨ੍ਹਾਂ ਹਿੱਸਿਆਂ ਨੂੰ ਇਕ ਏਕੜ ਖੇਤ ਵਿੱਚ ਬਰਾਬਰ ਦੂਰੀ ਤੇ 40 ਥਾਂਵਾਂ ਵਿੱਚ ਪੱਤਿਆਂ ਦੇ ਹੇਠਲੇ ਪਾਸੇ ਪਿਨ੍ਹਾਂ ਨਾਲ ਨੱਥੀ ਕਰੋ।

**ਕਮਾਦ:** ਖੇਤ ਵਿਚ ਮਿੱਤਰ ਕੀੜੇ ਛੱਡਣ ਲਈ ਇਕ ਟਰਾਈਕੋ-ਕਾਰਡ (10×15 ਸੈ.ਮੀ.), ਜਿਸ ਉੱਪਰ 20,000 ਪਰਜੀਵੀ ਕਿਰਿਆ ਕੀਤੇ ਹੋਏ ਕੌਰਸਾਇਰਾ ਦੇ ਅੰਡੇ ਲੱਗੇ ਹੁੰਦੇ ਹਨ, ਨੂੰ 5×0.75 ਸੈ.ਮੀ. ਦੇ ਆਕਾਰ ਦੇ 40 ਛੋਟੇ ਬਰਾਬਰ ਹਿੱਸਿਆਂ ਵਿੱਚ ਕੱਟੋ। ਹਰ ਛੋਟੇ ਹਿੱਸੇ ਉੱਪਰ ਤਕਰੀਬਨ 500 ਅੰਡੇ ਲੱਗੇ ਹੁੰਦੇ ਹਨ। ਇਨ੍ਹਾਂ ਹਿੱਸਿਆਂ ਨੂੰ ਕਮਾਦ ਦੇ ਪੱਤਿਆਂ ਤੇ ਹੇਠਲੇ ਪਾਸੇ ਇਕ ਏਕੜ ਵਿੱਚ ਬਰਾਬਰ ਦੂਰੀ ਤੇ 40 ਥਾਂਵਾਂ ਤੇ ਸ਼ਾਮ ਵੇਲੇ ਪਿੰਨਾ ਨਾਲ ਨੱਥੀ ਕਰੋ।

**ਮੱਕੀ:** ਮੱਕੀ ਵਿੱਚ ਗੜੂੰਏ ਦੀ ਰੋਕਥਾਮ ਲਈ ਟਰਾਈਕੋਕਾਰਡ ਦੋ ਵਾਰ ਵਰਤੋ। ਪਹਿਲੀ ਵਾਰ ਜਦੋਂ ਫਸਲ 10 ਦਿਨ ਦੀ ਹੋਵੇ ਤੇ ਦੂਜੀ ਵਾਰ ਜਦੋਂ 17 ਦਿਨ ਦੀ ਹੋਵੇ।ਦੋ ਟਰਾਈਕੋਕਾਰਡਾਂ ਨੂੰ 5×1.5 ਸੈ.ਮੀ. ਆਕਾਰ ਦੇ 40 ਹਿੱਸਿਆਂ ਵਿੱਚ ਬਰਾਬਰ ਕੱਟ ਲਵੋ, ਹਰ ਛੋਟੇ ਹਿੱਸੇ ਉੱਪਰ ਤਕਰੀਬਨ 1000 ਪਰਜੀਵੀ ਕਿਰਿਆ ਕੀਤੇ ਹੋਏ ਅੰਡੇ ਲੱਗੇ ਹੁੰਦੇ ਹਨ।ਇਨ੍ਹਾਂ ਹਿੱਸਿਆਂ ਨੂੰ ਗੋਭ ਦੇ ਪੱਤਿਆਂ ਦੇ ਹੇਠਲੇ ਪਾਸੇ ਸ਼ਾਮ ਦੇ ਸਮੇ ਖੇਤ ਵਿੱਚ ਇਕਸਾਰ ਦੂਰੀ ਤੇ ਪਿੰਨ ਨਾਲ ਨੱਥੀ ਕਰੋ।

### ਜਰੂਰੀ ਸਾਵਧਾਨੀਆਂ

ਟਰਾਈਕੋ-ਕਾਰਡ ਸ਼ਾਮ ਦੇ ਸਮੇਂ ਖੇਤਾਂ ਵਿੱਚ ਨੱਥੀ ਕਰਨੇ ਚਾਹੀਦੇ ਹਨ। ਮੀਹ ਵਾਲੇ ਦਿਨ ਟਰਾਈਕੋ-ਕਾਰਡ ਨਾ ਲਗਾਓ। ਜਿਹੜੇ ਖੇਤਾਂ ਵਿੱਚ ਟਰਾਈਕੋਗਰਾਮਾ ਛੱਡਿਆ ਹੋਵੇ, ਉਨ੍ਹਾਂ ਵਿੱਚ ਕੀਟਨਾਸ਼ਕਾਂ ਦਾ ਛਿੜਕਾਅ ਨਾ ਕਰੋ।

**ਨੋਟ:** ਕਿਸਾਨ ਵੀਰ ਇਹ ਕਾਰਡ ਪੀ.ਏ.ਯੂ. ਲੁਧਿਆਣਾ ਦੇ ਕੀਟ ਵਿਭਾਗ ਦੀ ਜੈਵਿਕ ਰੋਕਥਾਮ ਪ੍ਰਯੋਗਸ਼ਾਲਾ ਤੋਂ ਲੈ ਸਕਦੇ ਹਨ ਜਾਂ ਫਿਰ ਆਪਣੇ ਜ਼ਿਲੇ ਦੇ ਕ੍ਰਿਸ਼ੀ ਵਿਗਿਆਨ ਕੇਂਦਰ ਨਾਲ ਸੰਪਰਕ ਕਰਕੇ ਵੀ ਪ੍ਰਾਪਤ ਕਰ ਸਕਦੇ ਹਨ।

# ਝੋਨੇ ਦੀ ਕਾਸ਼ਤ ਅਤੇ ਪਾਣੀ ਦੀ ਸੰਭਾਲ ਦੀਆਂ ਤਕਨੀਕਾਂ

ਸੁਨੀਲ ਕੁਮਾਰ
ਮਨਦੀਪ ਸਿੰਘ
ਰੁਕਿੰਦਰ ਪ੍ਰੀਤ ਸਿੰਘ ਧਾਲੀਵਾਲ



ਪੰਜਾਬ ਰਾਜ ਲੰਬੇ ਸਮੇਂ ਤੋਂ ਝੋਨੇ-ਕਣਕ ਦੀ ਭਰਪੂਰ ਪੈਦਾਵਾਰ ਨਾਲ ਦੇਸ਼ ਦਾ ਢਿੱਡ ਭਰਦਾ ਆ ਰਿਹਾ ਹੈ। ਹਾਲਾਂਕਿ, ਝੋਨੇ ਦੀ ਕਾਸ਼ਤ ਨੇ ਰਾਜ ਦੇ ਧਰਤੀ ਹੇਠਲੇ ਪਾਣੀ ਦੇ ਪੱਧਰ 'ਤੇ ਉਲਟਾ ਅਸਰ ਪਾਇਆ ਹੈ। ਇਸ ਤੋਂ ਇਲਾਵਾ ਮੌਸਮੀ ਤਬਦੀਲੀਆਂ ਅਤੇ ਇਸ ਫ਼ਸਲ ਦੀ ਕਾਸ਼ਤ ਵਿੱਚ ਟਿਕਾਊ ਖੇਤੀਬਾੜੀ ਅਭਿਆਸਾਂ ਦੀਆਂ ਕਮੀਆਂ ਵੀ ਚੁਣੌਤੀਆਂ ਬਣੀਆਂ ਹੋਈਆਂ ਹਨ। ਸੋ, ਖੇਤੀਬਾੜੀ ਦੇ ਸੁਰੱਖਿਅਤ ਭਵਿੱਖ ਲਈ ਇਹ ਲਾਜ਼ਮੀ ਹੋ ਜਾਂਦਾ ਹੈ ਕਿ ਝੋਨੇ ਦੀ ਕਾਸ਼ਤ ਵਿੱਚ ਪਾਣੀ ਬਚਾਉਣ ਦੀਆਂ ਵਾਤਾਵਰਨ-ਪੱਖੀ ਤਕਨੀਕਾਂ ਨੂੰ ਵਿਆਪਕ ਪੱਧਰ 'ਤੇ ਲਾਗੂ ਕੀਤਾ ਜਾਵੇ। ਝੋਨੇ ਦੀ ਕਾਸ਼ਤ ਵਿੱਚ ਪਾਣੀ ਬਚਾਉਣ ਦੀਆਂ ਉਨ੍ਹਾਂ ਤਕਨੀਕਾਂ ਦੀ ਪੜਚੋਲ ਕਰਦੇ ਹਾਂ ਜੋ ਰਾਜ ਦੇ ਧਰਤੀ ਹੇਠਲੇ ਪਾਣੀ ਦੇ ਸੰਕਟ ਨੂੰ ਘਟਾਉਣ ਵਿੱਚ ਮਦਦ ਕਰ ਸਕਦੀਆਂ ਹਨ।

### ਝੋਨੇ ਅਤੇ ਬਾਸਮਤੀ ਦੀਆਂ ਘੱਟ ਅਤੇ ਦਰਮਿਆਨੇ ਸਮੇਂ ਦੀਆਂ ਕਿਸਮਾਂ ਨੂੰ ਅਪਣਾਉਣਾ:

ਝੋਨੇ ਅਤੇ ਬਾਸਮਤੀ ਦੀਆਂ ਘੱਟ ਅਤੇ ਦਰਮਿਆਨੇ ਸਮੇਂ ਦੀਆਂ ਕਿਸਮਾਂ ਨੂੰ ਅਪਣਾਉਣਾ ਝੋਨੇ ਦੀ ਕਾਸ਼ਤ ਵਿੱਚ ਪਾਣੀ ਦੀ ਬੱਚਤ ਲਈ ਸਭ ਤੋਂ ਮਹੱਤਵਪੂਰਨ ਤਰੀਕਾ ਹੈ। ਝੋਨੇ ਦੀਆਂ ਲੰਮਾ ਸਮਾਂ ਲੈਣ ਵਾਲੀਆਂ ਕਿਸਮਾਂ ਲਗਭਗ 150-160 ਦਿਨਾਂ ਵਿੱਚ ਪੱਕਦੀਆਂ ਹਨ ਜਦਕਿ ਘੱਟ ਅਤੇ ਦਰਮਿਆਨੇ ਸਮੇਂ ਦੀਆਂ ਕਿਸਮਾਂ 120-140 ਦਿਨਾਂ ਵਿੱਚ ਪੱਕ ਜਾਂਦੀਆਂ ਹਨ। ਜਿਸ ਨਾਲ ਸਿੰਚਾਈ ਦੇ ਪਾਣੀਆਂ ਦੀ ਕਾਫ਼ੀ ਬੱਚਤ ਹੋ ਜਾਂਦੀ ਹੈ। ਇਨ੍ਹਾਂ ਕਿਸਮਾਂ ਨੂੰ ਅਪਣਾ ਕੇ ਪੈਦਾਵਾਰ ਨਾਲ ਸਮਝੌਤਾ ਕੀਤੇ ਬਿਨਾਂ ਪਾਣੀ ਦੀ ਖਪਤ ਨੂੰ ਕਾਫ਼ੀ ਹੱਦ ਤੱਕ ਘਟਾਇਆ ਜਾ ਸਕਦਾ ਹੈ। ਇਹ ਕਿਸਮਾਂ ਮੌਸਮੀ ਤਬਦੀਲੀਆਂ ਅਤੇ ਅਨਿਸ਼ਚਿਤਾਵਾਂ ਦਾ ਟਾਕਰਾ ਕਰਨ ਦੀ ਵੀ ਵਧੇਰੇ ਸਮਰੱਥਾ ਰੱਖਦੀਆਂ ਹਨ। ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਵੱਲੋਂ ਝੋਨੇ ਅਤੇ ਬਾਸਮਤੀ ਦੀਆਂ ਪੀ ਆਰ 126, ਪੀ ਆਰ 132, ਪੀ ਆਰ 131, ਪੀ ਆਰ 129, ਪੀ ਆਰ 128, ਪੀ ਆਰ 114, ਪੂਸਾ ਬਾਸਮਤੀ 1847, ਪੰਜਾਬ ਬਾਸਮਤੀ 7, ਪੂਸਾ ਬਾਸਮਤੀ 1718, ਪੂਸਾ ਬਾਸਮਤੀ 1121, ਪੂਸਾ ਬਾਸਮਤੀ 1509 ਆਦਿ ਘੱਟ ਅਤੇ ਦਰਮਿਆਨੇ ਸਮੇਂ ਦੀਆਂ ਕਿਸਮਾਂ ਦੀ ਕਾਸ਼ਤ ਨੂੰ ਲਗਾਤਾਰ ਉਤਸ਼ਾਹਿਤ ਕੀਤਾ ਜਾ ਰਿਹਾ ਹੈ। ਇਸ ਤੋਂ ਇਲਾਵਾ ਝੋਨੇ ਦੀ ਲਵਾਈ ਨੂੰ 20 ਜੂਨ ਤੋਂ ਸ਼ੁਰੂ ਕਰਨ ਦੀ ਸਿਫਾਰਸ਼ ਵੀ ਕੀਤੀ ਗਈ ਹੈ। ਇਸ ਸਮੇਂ ਤੋਂ ਪਹਿਲਾਂ ਬੀਜੇ ਗਏ ਝੋਨੇ ਵਿੱਚ ਉੱਚ ਤਾਪਮਾਨ ਅਤੇ ਜ਼ਿਆਦਾ ਵਾਸ਼ਪੀਕਰਨ ਕਾਰਨ ਸਿੰਚਾਈ ਦੇ ਪਾਣੀ ਦੀ ਖਪਤ ਵੱਧ ਹੁੰਦੀ ਹੈ। ਜਦਕਿ ਜੇਕਰ ਝੋਨੇ ਦੀ ਲਵਾਈ 20 ਜੂਨ ਨੂੰ ਜਾਂ ਉਸ ਤੋਂ ਬਾਅਦ ਕੀਤੀ ਜਾਂਦੀ ਹੈ ਤਾਂ ਮੌਨਸੂਨ ਦੀ ਸ਼ੁਰੂਆਤ ਨਾਲ ਸਿੰਚਾਈ ਲਈ ਵਰਤੇ ਜਾਣ ਵਾਲੇ ਧਰਤੀ ਹੇਠਲੇ ਪਾਣੀ ਦੀ ਘੱਟ ਲੋੜ ਕਾਰਨ ਇਹ ਨੁਕਸਾਨ ਘੱਟ ਜਾਂਦਾ ਹੈ।

### ਝੋਨੇ ਦੀ ਤਰ-ਵੱਤਰ ਸਿੱਧੀ ਬਿਜਾਈ:

ਝੋਨੇ ਦੀ ਤਰ-ਵੱਤਰ ਸਿੱਧੀ ਬਿਜਾਈ (ਡੀ.ਐੱਸ.ਆਰ.) ਇੱਕ ਅਹਿਮ ਸਰੋਤ-ਸੰਭਾਲ ਤਕਨੀਕ ਹੈ। ਤਰ-ਵੱਤਰ ਵਿਧੀ ਰਾਹੀ ਸਿੱਧੇ ਬੀਜੇ ਝੋਨੇ ਦਾ ਵਾਧਾ ਅਤੇ ਵਿਕਾਸ ਬਹੁਤ ਵਧੀਆ ਹੁੰਦਾ ਹੈ, ਕਿਉਂਕਿ ਇਸ ਵਿਧੀ ਨਾਲ ਬੀਜੇ ਝੋਨੇ ਵਿੱਚ ਲਗਾਤਾਰ ਪਾਣੀ ਖੜ੍ਹਾ ਰੱਖਣ ਦੀ ਜ਼ਰੂਰਤ ਨਹੀ ਰਹਿੰਦੀ। ਇਸ ਤਰੀਕੇ ਨਾਲ ਬੀਜੇ ਝੋਨੇ ਵਿੱਚ ਪਾਣੀ ਦੀ ਖਪਤ ਨੂੰ 10-20 ਫੀਸਦੀ ਤੱਕ ਘਟਾਇਆ ਜਾ ਸਕਦਾ ਹੈ। ਇਸ ਤੋਂ ਬਿਨਾਂ ਸਿੱਧੀ ਬਿਜਾਈ ਕਰਨ ਨਾਲ ਮਿੱਟੀ ਦੀ ਸਿਹਤ ਵਿੱਚ ਸੁਧਾਰ ਆਉਂਦਾ ਹੈ, ਧਰਤੀ ਹੇਠਲੇ ਪਾਣੀ ਦੇ ਰੀਚਾਰਜ ਵਿੱਚ 10-12 ਫੀਸਦੀ ਵਾਧਾ ਹੁੰਦਾ ਹੈ ਅਤੇ ਮਜ਼ਦੂਰੀ ਦਾ ਖ਼ਰਚਾ ਵੀ ਘਟਦਾ ਹੈ। ਝੋਨੇ ਦੀ ਸਿੱਧੀ ਬਿਜਾਈ ਲਈ ਲੱਕੀ ਸੀਡ ਡਰਿੱਲ ਜਾਂ ਟੇਢੀਆਂ ਪਲੇਟਾਂ ਵਾਲੇ ਪਲਾਂਟਰਾਂ ਦੀ ਵਰਤੋਂ ਕੀਤੀ ਜਾ ਸਕਦੀ ਹੈ।

### ਝੋਨੇ ਨੂੰ ਪਾਣੀ ਸੁਕਾ-ਸੁਕਾ ਕੇ ਲਗਾਉਣਾ:

ਝੋਨੇ ਵਿੱਚ ਪਹਿਲੇ ਪਾਣੀ ਨੂੰ ਜ਼ੀਰਨ ਤੋਂ ਦੋ ਦਿਨ ਬਾਅਦ ਸਿੰਚਾਈ ਕਰਨ ਦੀ ਵਿਧੀ ਨਾਲ ਫ਼ਸਲ ਦੇ ਝਾੜ ਨੂੰ ਬਿਨਾਂ ਪ੍ਰਭਾਵਿਤ ਕੀਤੇ ਪਾਣੀ ਦੀ ਖਪਤ ਨੂੰ ਘਟਾਇਆ ਜਾ ਸਕਦਾ ਹੈ। ਝੋਨੇ ਦੀ ਲੁਆਈ ਤੋਂ ਬਾਅਦ ਖੇਤ ਵਿੱਚ ਪਹਿਲੇ 15 ਦਿਨ ਲਗਾਤਾਰ ਪਾਣੀ ਖੜ੍ਹਾ ਰੱਖਣ ਦੀ ਲੋੜ ਹੁੰਦੀ ਹੈ ਤਾਂ ਜੋ ਨਦੀਨਾਂ ਨੂੰ ਉੱਗਣ ਤੋਂ ਰੋਕਿਆ ਜਾ ਸਕੇ। ਇਸ ਤੋਂ ਬਾਅਦ ਪਹਿਲੇ ਪਾਣੀ ਦੇ ਜ਼ੀਰਨ ਤੋਂ ਦੋ ਦਿਨ ਬਾਅਦ ਅਗਲੀ ਸਿੰਚਾਈ ਕਰਨੀ ਚਾਹੀਦੀ ਹੈ। ਇਸ ਤਰੀਕੇ ਨਾਲ ਫ਼ਸਲ ਨੂੰ ਉੱਲੀ ਰੋਗ ਵੀ ਘੱਟ ਲੱਗਦਾ ਹੈ, ਜਿਸ ਨਾਲ ਉੱਲੀਨਾਸ਼ਕ ਸਪਰੇਆਂ ਦਾ ਖ਼ਰਚਾ ਵੀ ਘਟਦਾ ਹੈ।

### ਛੋਟੇ ਆਕਾਰ ਦੇ ਕਿਆਰੇ ਪਾਉਣਾ:

ਇਸ ਤਕਨੀਕ ਵਿੱਚ ਵੱਡੇ ਖੇਤਾਂ ਨੂੰ ਛੋਟੇ (0.2 ਤੋਂ 0.5 ਏਕੜ) ਆਕਾਰ ਦੇ ਕਿਆਰਿਆਂ ਵਿੱਚ ਵੰਡਿਆ ਜਾਂਦਾ ਹੈ ਅਤੇ ਹਰੇਕ ਕਿਆਰੇ ਦੀ ਵੱਖਰੇ ਤੌਰ 'ਤੇ ਸਿੰਚਾਈ ਕੀਤੀ ਜਾਂਦੀ ਹੈ। ਅਜਿਹਾ ਕਰਨ ਨਾਲ ਪਾਣੀ ਦੇ ਰਿਸਾਅ ਅਤੇ ਵਹਾਅ ਦੌਰਾਨ ਹੋਣ ਵਾਲੇ ਨੁਕਸਾਨ ਨੂੰ ਘਟਾਇਆ ਜਾ ਸਕਦਾ ਹੈ। ਛੋਟੇ ਕਿਆਰੇ ਕਿਸਾਨਾਂ ਨੂੰ ਹੋਰ ਫ਼ਸਲਾਂ ਵਿੱਚ ਸਿੰਚਾਈ ਦੀਆਂ ਹੋਰ ਤਕਨੀਕਾਂ ਨੂੰ ਅਪਣਾਉਣ ਦੇ ਯੋਗ ਵੀ ਬਣਾਉਂਦੇ ਹਨ, ਜਿਵੇਂ ਕਿ ਤੁਪਕਾ ਸਿੰਚਾਈ ਅਤੇ ਫੁਹਾਰਾ ਸਿੰਚਾਈ, ਜੋ ਪਾਣੀ ਦੀ ਖਪਤ ਨੂੰ ਹੋਰ ਘਟਾ ਸਕਦੀਆਂ ਹਨ। ਛੋਟੇ ਕਿਆਰਿਆਂ ਦੀ ਵਰਤੋਂ ਨਾਲ ਝੋਨੇ ਦੀ ਕਾਸ਼ਤ ਵਿੱਚ 10-15 ਫੀਸਦੀ ਤੱਕ ਪਾਣੀ ਦੀ ਬੱਚਤ ਕੀਤੀ ਜਾ ਸਕਦੀ ਹੈ।

### ਖੇਤਾਂ ਨੂੰ ਠੰਢਾ ਕਰਨ ਦੀ ਰਵਾਇਤ ਨੂੰ ਖ਼ਤਮ ਕਰਨਾ:

ਪੰਜਾਬ ਵਿੱਚ ਕਣਕ ਦੀ ਵਾਢੀ ਤੋਂ ਬਾਅਦ ਖਾਲੀ ਖੇਤਾਂ ਦੀ ਸਿੰਚਾਈ ਕਰਨ ਦੀ ਰਵਾਇਤੀ ਪ੍ਰਥਾ ਕਾਰਨ ਕਾਫ਼ੀ ਮਾਤਰਾ ਵਿੱਚ ਪਾਣੀ ਬਰਬਾਦ ਹੋ ਜਾਂਦਾ ਹੈ। ਇਹ ਰਵਾਇਤ, ਹਾਲਾਂਕਿ ਹਾਨੀਕਾਰਕ ਨਹੀ ਜਾਪਦੀ, ਪਰ ਇਸ ਦੇ ਨਤੀਜੇ ਵਜੋਂ ਪਾਣੀ ਦਾ ਕਾਫ਼ੀ ਨੁਕਸਾਨ ਹੁੰਦਾ ਹੈ, ਕਿਉਂਕਿ ਸਿੰਚਾਈ ਵਾਲੇ ਪਾਣੀ ਦੀ ਵਰਤੋਂ ਕਿਸੇ ਵੀ ਫ਼ਸਲ ਦੁਆਰਾ ਨਹੀ ਕੀਤੀ ਜਾਂਦੀ। ਇਸ ਪ੍ਰਥਾ ਨੂੰ ਬੰਦ ਕਰਕੇ, ਕਾਫ਼ੀ ਮਾਤਰਾ ਵਿੱਚ ਪਾਣੀ ਦੀ ਬੱਚਤ ਕੀਤੀ ਜਾ ਸਕਦੀ ਹੈ। ਇਹ ਪ੍ਰਥਾ ਨਾ ਸਿਰਫ਼ ਪਾਣੀ ਦੀ ਬਰਬਾਦੀ ਕਰਦੀ ਹੈ, ਬਲਕਿ ਫ਼ਸਲ ਵਿੱਚ ਉੱਲੀ ਵਾਲੀਆਂ ਬਿਮਾਰੀਆਂ ਵਿੱਚ ਵੀ ਵਾਧਾ ਕਰਦੀ ਹੈ। ਕਣਕ ਤੋਂ ਬਾਅਦ ਖੇਤ ਨੂੰ ਸੁੱਕਾ ਵਾਹੁਣ ਨਾਲ ਮਈ ਮਹੀਨੇ ਵਿੱਚ ਸੂਰਜ ਦੀ ਗਰਮੀ ਅਤੇ ਤਪਸ਼ ਝੋਨੇ ਨੂੰ ਲੱਗਣ ਵਾਲੀਆਂ ਬਿਮਾਰੀਆਂ ਨੂੰ ਵੀ ਘਟਾਉਂਦੀ ਹੈ।

### ਜ਼ਮੀਨਦੋਜ਼ ਪਾਈਪਲਾਈਨ ਸਿਸਟਮ ਦੀ ਵਰਤੋਂ:

ਜ਼ਮੀਨਦੋਜ਼ ਪਾਈਪਲਾਈਨ ਸਿਸਟਮ ਦੀ ਵਰਤੋਂ ਕਰਨ ਨਾਲ ਪਾਣੀ ਦੇ ਵਾਸ਼ਪੀਕਰਨ ਅਤੇ ਰਿਸਾਅ ਕਾਰਨ ਹੋਣ ਵਾਲੇ ਨੁਕਸਾਨ ਨੂੰ ਘੱਟ ਕੀਤਾ ਜਾ ਸਕਦਾ ਹੈ। ਜ਼ਮੀਨਦੋਜ਼ ਪਾਈਪਲਾਈਨ ਸਿਸਟਮ ਪਾਣੀ ਦੀ ਚੋਰੀ ਨੂੰ ਵੀ ਘਟਾਉਂਦਾ ਹੈ ਅਤੇ ਇਸ ਦੇ ਨਾਲ ਹੀ ਜਾਨਵਰਾਂ, ਮੌਸਮ ਅਤੇ ਮਨੁੱਖੀ ਗਤੀਵਧੀਆਂ ਦੁਆਰਾ ਹੋਣ ਵਾਲੇ ਨੁਕਸਾਨ ਤੋਂ ਵੀ ਬਚਾਅ ਹੁੰਦਾ ਹੈ। ਜ਼ਮੀਨਦੋਜ਼ ਪਾਈਪਲਾਈਨ ਪ੍ਰਣਾਲੀ ਨੂੰ ਅਪਣਾ ਕੇ ਕਿਸਾਨ ਵੀਰ ਪਾਣੀ ਦੀ ਬੱਚਤ ਕਰ ਸਕਦੇ ਹਨ, ਊਰਜਾ ਦੀ ਖਪਤ ਨੂੰ ਘਟਾ ਸਕਦੇ ਹਨ ਅਤੇ ਫ਼ਸਲਾਂ ਦੀ ਪੈਦਾਵਾਰ ਵਿੱਚ ਸੁਧਾਰ ਕਰ ਸਕਦੇ ਹਨ।

### ਸਿੰਚਾਈ ਲਈ ਨਹਿਰੀ ਪਾਣੀ ਦੀ ਵੱਧ ਤੋਂ ਵੱਧ ਵਰਤੋਂ:

ਪੰਜਾਬ ਵਿੱਚ ਧਰਤੀ ਹੇਠਲੇ ਪਾਣੀ ਨੂੰ ਬਚਾਉਣ ਲਈ ਨਹਿਰੀ ਪਾਣੀ ਦੀ ਵੱਧ ਤੋਂ ਵੱਧ ਵਰਤੋਂ ਕਰਨਾ ਵੀ ਇੱਕ ਮਹੱਤਵਪੂਰਨ ਤਰੀਕਾ ਹੈ। ਨਹਿਰੀ ਪਾਣੀ ਦੀ ਪੂਰੀ ਸਮਰੱਥਾ ਨਾਲ ਵਰਤੋਂ ਕਰਕੇ, ਧਰਤੀ ਹੇਠਲੇ ਪਾਣੀ 'ਤੇ ਨਿਰਭਰਤਾ ਨੂੰ ਘਟਾਇਆ ਜਾ ਸਕਦਾ ਹੈ। ਨਹਿਰੀ ਪਾਣੀ ਦੀ ਵਰਤੋਂ ਧਰਤੀ ਹੇਠਲੇ ਪਾਣੀ ਦੇ ਮੁਕਾਬਲੇ ਵਧੇਰੇ ਟਿਕਾਊ ਅਤੇ ਨਵਿਆਉਣਯੋਗ ਵਿਕਲਪ ਹੈ। ਇਸ ਤੋਂ ਇਲਾਵਾ, ਨਹਿਰੀ ਪਾਣੀ ਦੀ ਵਰਤੋਂ ਕਰਨ ਲਈ ਘੱਟ ਊਰਜਾ ਦੀ ਜ਼ਰੂਰਤ ਪੈਂਦੀ ਹੈ, ਕਿਉਂਕਿ ਇਸ ਨੂੰ ਧਰਤੀ ਹੇਠਲੇ ਪਾਣੀ ਦੇ ਬਰਾਬਰ ਪੰਪਿੰਗ ਦੀ ਜ਼ਰੂਰਤ ਨਹੀ ਪੈਂਦੀ। ਨਹਿਰੀ ਪਾਣੀ ਦੀ ਵੰਡ ਪ੍ਰਣਾਲੀ ਵਿੱਚ ਨਿਵੇਸ਼ ਕਰਕੇ ਅਤੇ ਨਹਿਰੀ ਪਾਣੀ ਦੀ ਵਰਤੋਂ ਦੇ ਫਾਇਦਿਆਂ ਬਾਰੇ ਕਿਸਾਨਾਂ ਵਿੱਚ ਜਾਗਰੂਕਤਾ ਪੈਦਾ ਕਰਕੇ ਧਰਤੀ ਹੇਠਲੇ ਪਾਣੀ ਦੇ ਸਰੋਤਾਂ ਦੀ ਬਾਖੂਬੀ ਸੰਭਾਲ ਕੀਤੀ ਜਾ ਸਕਦੀ ਹੈ।

# ਨਰਮੇ-ਕਪਾਹ ਦੀ ਫ਼ਸਲ ਤੋਂ ਚੰਗਾ ਮੁਨਾਫ਼ਾ ਲੈਣ ਲਈ ਸਿਫ਼ਾਰਸ਼ ਕਿਸਮਾਂ



ਗੋਮਤੀ ਗਰੇਵਰ
ਪਰਮਜੀਤ ਸਿੰਘ
ਧਰਮਿੰਦਰ ਪਾਠਕ
9463628801

ਨਰਮਾ ਕਪਾਹ ਪੰਜਾਬ ਵਿੱਚ ਸਾਉਣੀ ਦੀ ਇੱਕ ਪ੍ਰਮੁੱਖ ਰੇਸ਼ੇ ਵਾਲੀ ਵਪਾਰਕ ਫ਼ਸਲ ਹੈ। ਸਾਲ 2023-24 ਦੌਰਾਨ ਪੰਜਾਬ ਵਿੱਚ ਇਸ ਦੀ ਕਾਸ਼ਤ 2.14 ਲੱਖ ਹੈਕਟੇਅਰ ਰਕਬੇ ਤੇ ਕੀਤੀ ਗਈ ਸੀ ਅਤੇ ਔਸਤਨ ਝਾੜ 500 ਕਿਲੋ ਰੂੰ ਪ੍ਰਤੀ ਏਕੜ ਰਿਹਾ ਸੀ।ਨਰਮੇ ਦੀ ਫ਼ਸਲ ਝੋਨੇ-ਕਣਕ ਦੀ ਫਸਲੀ ਪ੍ਰਣਾਲੀ ਨੂੰ ਤੋੜਨ ਲਈ ਇੱਕ ਵਧੀਆ ਵਿਹਾਰਕ ਵਿਕਲਪ ਹੈ, ਖਾਸ ਕਰਕੇ ਪੰਜਾਬ ਦੇ ਘੱਟ ਬਾਰਿਸ਼ ਵਾਲੇ ਸੁੱਕੇ ਖੇਤਰਾਂ, ਵਿੱਚ ਜੋ ਪੰਜਾਬ ਵਿੱਚ ਫਸਲੀ ਵਿਭਿੰਨਤਾ ਵਿੱਚ ਮਹੱਤਵਪੂਰਨ ਭੂਮਿਕਾ ਨਿਭਾ ਸਕਦਾ ਹੈ।ਨਰਮੇ-ਕਪਾਹ ਦੀ ਫ਼ਸਲ ਦੀ ਕਾਸ਼ਤ ਵਿੱਚ ਕੀੜੇ-ਮਕੌੜਿਆਂ ਅਤੇ ਬਿਮਾਰੀਆਂ ਦਾ ਬਹੁਤ ਜ਼ਿਆਦਾ ਖ਼ਤਰਾ ਰਹਿੰਦਾ ਹੈ। ਜਿਵੇ ਕਿ ਸਾਲ 2015 ਵਿੱਚ ਚਿੱਟੀ ਮੱਖੀ ਕਰਕੇ, 2021 ਵਿੱਚ ਗੁਲਾਬੀ ਸੁੰਡੀ ਅਤੇ 2022 ਵਿੱਚ ਨਰਮੇ ਦੇ ਪੱਤਾ ਮਰੋੜ ਵਾਇਰਸ ਰੋਗ (ਸੀ ਐਲ ਸੀ ਯੂਡੀ) ਦੇ ਕਾਰਨ ਰਾਜ ਦੇ ਨਰਮੇ-ਕਪਾਹ ਉਤਪਾਦਨ ਨੂੰ ਭਾਰੀ ਨੁਕਸਾਨ ਪਹੁੰਚਾਇਆ । ਸਾਉਣੀ 2022 ਦੇ ਦੌਰਾਨ, ਨਰਮੇ-ਕਪਾਹ ਦਾ ਇੱਕ ਵੱਡਾ ਖੇਤਰ ਗੈਰ-ਸਿਫਾਰਿਸ਼ ਕੀਤੇ ਹਾਈਬ੍ਰਿਡ ਦੇ ਅਧੀਨ ਸੀ। ਇਹ ਗੈਰ-ਸਿਫ਼ਾਰਸ਼ ਹਾਈਬ੍ਰਿਡ ਰਸ ਚੂਸਣ ਵਾਲੇ ਕੀੜਿਆਂ ਲਈ ਬਹੁਤ ਜ਼ਿਆਦਾ ਸੰਵੇਦਨਸ਼ੀਲ ਸਨ ਅਤੇ ਪੰਜਾਬ ਵਿੱਚ ਉਗਾਉਣ ਦੇ ਯੋਗ ਨਹੀ ਸਨ। ਸਾਲ 2022 ਵਿੱਚ ਨਰਮੇ ਦੇ ਪੱਤਾ ਮਰੋੜ ਵਾਇਰਸ ਰੋਗ ਦੇ ਫੈਲਣ ਦਾ ਇਹ ਇੱਕ ਵੱਡਾ ਕਾਰਨ ਸੀ। ਫਸਲਾਂ ਦੀਆਂ ਕਿਸਮਾਂ ਦੀ ਚੋਣ ਕਰਦੇ ਸਮੇਂ, ਕਿਸਾਨਾਂ ਨੂੰ ਅਜਿਹੀ ਕਿਸਮ ਦੀ ਚੋਣ ਕਰਨੀ ਚਾਹੀਦੀ ਹੈ ਜੋ ਉਨ੍ਹਾਂ ਦੇ ਵਾਤਾਵਰਣ ਲਈ ਢੁਕਵੀ ਹੋਵੇ। ਕਿਸਮਾਂ ਦੀ ਚੋਣ ਕਿਸੇ ਵੀ ਫ਼ਸਲ ਦੇ ਮੁਨਾਫੇ ਨੂੰ ਯਕੀਨੀ ਬਣਾਉਣ ਵਿੱਚ ਪਹਿਲਾ ਕਦਮ ਹੁੰਦਾ ਹੈ। ਕਿਸਾਨਾਂ ਨੂੰ ਇਹ ਵੀ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਇੱਕ ਕਿਸਮ ਦੇ ਹੇਠਾਂ ਪੂਰੇ ਰਕਬੇ ਨੂੰ ਨਾ ਬੀਜਣ ਕਿਉ ਕਿ ਇਸ ਨਾਲ ਬਿਮਾਰੀਆਂ ਅਤੇ ਕੀੜਿਆਂ ਦੇ ਹਮਲੇ ਦਾ ਖ਼ਤਰਾ ਵੱਧ ਹੁੰਦਾ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਮੌਜੂਦਾ ਸਾਉਣੀ ਸੀਜ਼ਨ ਲਈ ਹੇਠ ਲਿਖੀਆਂ ਕਿਸਮਾਂ/ਹਾਈਬ੍ਰਿਡਾਂ ਦੀ ਕਾਸ਼ਤ ਕਰਨ ਦੀ ਸਿਫ਼ਾਰਸ਼ ਕੀਤੀ ਜਾਂਦੀ ਹੈ:-

### ਨਰਮੇ ਦੀਆਂ ਕਿਸਮਾਂ

**ਬੀ.ਟੀ. ਕਿਸਮਾਂ:** ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਲੁਧਿਆਣਾ ਵੱਲੋ ਵਿਕਸਿਤ ਕੀਤੀਆਂ ਬੀਟੀ ਨਰਮੇ ਦੀਆਂ ਕਿਸਮਾਂ ਵੀ ਪੰਜਾਬ ਵਿੱਚ ਕਾਸ਼ਤ ਲਈ ਸਿਫ਼ਾਰਸ਼ ਹਨ।

**1. ਪੀ.ਏ.ਯੂ. ਬੀ.ਟੀ. 3 :** ਇਹ ਕਿਸਮ ਅਮਰੀਕਨ ਅਤੇ ਚਿੱਤਕਰਬੀ ਸੁੰਡੀ ਤੋਂ ਸਹਿਣਸ਼ੀਲਤਾ ਰੱਖਦੀ ਹੈ। ਇਸ ਕਿਸਮ ਦਾ ਔਸਤਨ ਝਾੜ 10.2 ਕੁਵਿੰਟਲ ਪ੍ਰਤੀ ਏਕੜ ਹੈ। ਇਸ ਦੇ ਰੇਸ਼ੇ ਦੀ ਲੰਬਾਈ 26.2 ਮਿਲੀਮੀਟਰ ਅਤੇ ਇਸ ਦੇ ਰੂੰ ਦਾ ਕਸ 36.5 ਪ੍ਰਤੀਸ਼ਤ ਹੈ ਇਹ ਕਿਸਮ ਅਤੇ ਤੇਲੇ ਅਤੇ ਪੱਤਾ ਮਰੋੜ ਬਿਮਾਰੀ ਨੂੰ ਸਿਫਾਰਿਸ਼ ਕਰਦਾ ਹੈ।

**2. ਪੀ.ਏ.ਯੂ. ਬੀ.ਟੀ. 2 :** ਇਹ ਕਿਸਮ ਅਮਰੀਕਨ ਅਤੇ ਚਿੱਤਕਰਬੀ ਸੁੰਡੀ ਤੋਂ ਸਹਿਣਸ਼ੀਲਤਾ ਰੱਖਦੀ ਹੈ। ਇਸ ਕਿਸਮ ਦਾ ਔਸਤਨ ਝਾੜ 10.0 ਕੁਵਿੰਟਲ ਪ੍ਰਤੀ ਏਕੜ ਹੈ। ਇਸ ਦੇ ਰੇਸ਼ੇ ਦੀ ਲੰਬਾਈ 27.6 ਮਿਲੀਮੀਟਰ ਅਤੇ ਇਸ ਦੇ ਰੂੰ ਦਾ ਕਸ 34.4 ਪ੍ਰਤੀਸ਼ਤ ਹੈ ਇਹ ਕਿਸਮ ਤੇਲੇ ਅਤੇ ਪੱਤਾ ਮਰੋੜ ਬਿਮਾਰੀ ਨੂੰ ਸਹਿਣਸ਼ੀਲਤਾ ਰੱਖਦੀ ਹੈ।

**ਨਰਮੇ ਦੀਆਂ ਦੋਗਲੀਆਂ ਬੀ ਟੀ ਕਿਸਮਾਂ:** ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਹਰ ਸਾਲ ਝਾੜ, ਕੀੜੇ ਮਕੌੜਿਆਂ ਦੇ ਹਮਲੇ ਅਤੇ ਬਿਮਾਰੀਆਂ ਲਈ ਨਿੱਜੀ ਕੰਪਨੀਆਂ ਦੁਆਰਾ ਤਿਆਰ/ਪ੍ਰਯੋਜਿਤ ਬੀਟੀ ਨਰਮੇ ਹਾਈਬ੍ਰਿਡ ਦਾ ਮੁਲਾਂਕਣ ਕਰਦੀ ਹੈ। ਇਸ ਮੁਲਾਂਕਣ ਦੇ ਆਧਾਰ ਤੇ, ਸਾਉਣੀ 2025 ਦੌਰਾਨ ਪੰਜਾਬ ਵਿੱਚ ਕਾਸ਼ਤ ਲਈ ਵੱਖ-ਵੱਖ ਨਿੱਜੀ ਕੰਪਨੀਆਂ ਦੇ ਹੇਠ ਲਿਖੇ ਬੀ ਟੀ ਨਰਮੇ ਦੀ ਦੋਗਲੀਆਂ ਕਿਸਮਾਂ ਦੀ ਸਿਫ਼ਾਰਸ਼ ਕੀਤੀ ਜਾ ਰਹੀ ਹੈ। ਨਰਮੇਂ ਦੀਆਂ ਗੈਰ ਬੀ.ਟੀ. ਕਿਸਮਾਂ ਹਲਕੀਆਂ ਜ਼ਮੀਨਾਂ ਤੇ ਵਧੀਆਂ ਝਾੜ ਦੇ ਸਕਦੀਆਂ ਹਨ ਕਿਉ ਕਿ ਇਨ੍ਹਾਂ ਕਿਸਮਾਂ ਨੂੰ ਖਾਦ ਪਾਣੀ ਦੀ ਘੱਟ ਲੋੜ ਹੁੰਦੀ ਹੈ। ਇਸ ਲਈ ਜਿਨ੍ਹਾਂ ਕਸਬਿਆਂ ਵਿੱਚ ਪਾਣੀ ਦੀ ਘਾਟ ਹੈ ਉਥੇ ਗੈਰ ਬੀ.ਟੀ ਕਿਸਮਾਂ ਵੀ ਬੀਜੀਆਂ ਜਾ ਸਕਦੀਆਂ ਹਨ।

**1. ਐਫ. 2228 :** ਇਹ ਕਿਸਮ ਲੱਗਭੱਗ 180 ਦਿਨਾਂ ਵਿੱਚ ਪੱਕ ਕੇ 7.4 ਕੁਇੰਟਲ ਪ੍ਰਤੀ ਏਕੜ ਦਾ ਝਾੜ ਦਿੰਦੀ ਹੈ। ਇਸ ਦੇ ਰੇਸ਼ੇ ਦੀ ਲੰਬਾਈ 29.0 ਮਿਲੀਮੀਟਰ ਅਤੇ ਰੂੰ ਦਾ ਕਸ 34.4 ਪ੍ਰਤੀਸ਼ਤ ਹੁੰਦਾ ਹੈ। ਇਸ ਦੇ ਟੀਡੇ ਮੋਟੇ (3.8 ਗ੍ਰਾਮ) ਅਤੇ ਵਧੀਆਂ ਖਿੜਾਅ ਵਾਲੇ ਹਨ।

**2. ਐਲ.ਐਚ. 2108:** ਇਹ ਕਿਸਮ 165-170 ਦਿਨਾਂ ਵਿੱਚ ਪੱਕ ਕੇ 8.4 ਕੁਇੰਟਲ ਪ੍ਰਤੀ ਏਕੜ ਦਾ ਝਾੜ ਦਿੰਦੀ ਹੈ। ਇਸ ਦੇ ਰੇਸ਼ੇ ਦੀ ਲੰਬਾਈ 27.9 ਮਿਲੀਮੀਟਰ ਅਤੇ ਰੂੰ ਦਾ ਕਸ 34.8 ਪ੍ਰਤੀਸ਼ਤ ਹੁੰਦਾ ਹੈ।

### ਦੇਸੀ ਕਪਾਹ ਦੀਆਂ ਕਿਸਮਾਂ

ਸਦੀਆਂ ਤੋਂ ਪੰਜਾਬ ਵਿਚ ਛੋਟੇ ਰੇਸ਼ੇ ਵਾਲੀ ਦੇਸੀ ਕਪਾਹ ਉਗਾਈ ਜਾਂਦੀ ਰਹੀ ਹੈ। ਜਿਸ ਤੋਂ ਉਸ ਦੀਆਂ ਘਰੇਲੂ ਲੋੜਾਂ ਦੀ ਪੂਰਤੀ ਕੀਤੀ ਜਾਂਦੀ ਸੀ ਪਰ ਪਿਛਲੇ 8-10 ਸਾਲ ਤੋਂ ਪੰਜਾਬ ਵਿਚ ਦੇਸੀ ਕਪਾਹ ਥੱਲੇ ਰਕਬਾ ਘੱਟ ਰਿਹਾ ਹੈ।ਦੇਸੀ ਕਪਾਹ ਦੀਆਂ ਕਿਸਮਾਂ ਨੂੰ ਪੱਤਾ ਮਰੋੜ ਰੋਗ ਨਹੀ ਲੱਗਦਾ ਅਤੇ ਰਸ ਚੂਸਣ ਵਾਲੇ ਕੀੜੇ ਖਾਸ ਕਰਕੇ ਚਿੱਟੀ ਮੱਖੀ ਦੇ ਹਮਲੇ ਤੋਂ ਸਹਿਣਸ਼ੀਲਤਾ ਰੱਖਦੀ ਹੈ।ਇਸ ਤੋਂ ਇਲਾਵਾ ਦੇਸੀ ਕਪਾਹ ਨੂੰ ਹਲਕੀਆਂ ਜਮੀਨਾਂ ਅਤੇ ਘੱਟ ਪਾਣੀ ਦੇ ਹਾਲਤਾਂ ਵਿਚ ਉਗਾਅ ਕੇ ਵੀ ਵਧੀਆ ਝਾੜ ਲਿਆ ਜਾ ਸਕਦਾ ਹੈ। ਪਿਛਲੇ ਇੱਕ ਦੋ ਸਾਲ ਤੋਂ ਘੱਟ ਉਤਪਾਦਨ ਹੋਣ ਕਰਕੇ ਇਸ ਦਾ ਮੰਡੀ ਵਿਚ ਭਾਅ ਵੀ ਨਰਮੇ ਤੋਂ ਵੱਧ ਮਿਲਦਾ ਹੈ ਇਸ ਲਈ ਕਿਸਾਨ ਭਰਾ ਘੱਟ ਖਰਚਾ ਅਤੇ ਥੋੜ੍ਹੀ ਮਿਹਨਤ ਕਰਕੇ ਵੀ ਇਸ ਫ਼ਸਲ ਤੋਂ ਵੱਧ ਮੁਨਾਫਾ ਲੈ ਸਕਦੇ ਹਨ।

**ਐਲ.ਡੀ.1019:** ਇਹ ਨਾ ਡਿੱਗਣ ਵਾਲੀ ਨਵੀ ਕਿਸਮ ਹੈ ਜਿਸ ਨੂੰ ਦੂਜੀਆਂ ਕਿਸਮਾਂ ਦੇ ਪੰਜ ਤੋਂ ਛੇ ਚੋਗਾਈਆਂ ਦੇ ਮੁਕਾਬਲੇ ਸਿਰਫ ਦੋ ਜਾਂ ਤਿੰਨ ਚੋਗਾਈਆਂ ਦੀ ਲੋੜ ਪੈਂਦੀ ਹੈ। ਇਸ ਕਿਸਮ ਦਾ ਔਸਤਨ ਝਾੜ 8.6 ਕੁਇੰਟਲ ਪ੍ਰਤੀ ਏਕੜ ਹੈ। ਇਹ ਕਿਸਮ ਤੇਲੇ, ਚਿੱਟੀ ਮੱਖੀ, ਸੋਕਾ ਰੋਗ ਅਤੇ ਪੱਤਾ ਮਰੋੜ ਰੋਗ ਦਾ ਟਾਕਰਾ ਕਰਨ ਦੀ ਸਮੱਰਥਾ ਰੱਖਦੀ ਹੈ।

**ਐਲ.ਡੀ.949 :** ਇਸ ਕਿਸਮ ਦੀ ਕਪਾਹ ਦਾ ਔਸਤਨ ਝਾੜ 9.9 ਕੁਇੰਟਲ ਪ੍ਰਤੀ ਏਕੜ ਹੈ ਅਤੇ ਰੂੰ ਦਾ ਕਸ 40.1 ਪ੍ਰਤੀਸ਼ਤ ਹੈ। ਇਸ ਦੇ ਰੇਸ਼ੇ ਛੋਟੇ (20.7 ਮਿਲੀਮੀਟਰ) ਅਤੇ ਖੁਰਦਰੇ ਹਨ। ਇਸ ਦੀ ਰੂੰ ਸਰਜੀਕਲ ਮੰਤਵ ਲਈ ਢੁੱਕਵੀ ਹੈ। ਇਹ ਕਿਸਮ ਤੇਲੇ, ਚਿੱਟੀ ਮੱਖੀ, ਸੋਕਾ ਰੋਗ ਅਤੇ ਬੈਕਟੀਰੀਅਲ ਬਲਾਈਟ ਦਾ ਟਾਕਰਾ ਕਰਨ ਦੀ ਵਧੇਰੇ ਸਮਰੱਥਾ ਰੱਖਦੀ ਹੈ।

**ਐਫ.ਡੀ.ਕੇ. 124 :** ਇਸ ਕਿਸਮ ਦਾ ਔਸਤਨ ਝਾੜ 9.28 ਕੁਇੰਟਲ ਪ੍ਰਤੀ ਏਕੜ ਹੈ। ਇਸ ਦੇ ਰੇਸ਼ੇ ਦੀ ਔਸਤ ਲੰਬਾਈ 21.0 ਮਿਲੀਮੀਟਰ ਅਤੇ ਰੂੰ ਦਾ ਕਸ 36.4 ਪ੍ਰਤੀਸ਼ਤ ਹੈ। ਇਹ ਕਿਸਮ ਤੇਲੇ ਅਤੇ ਚਿੱਟੀ ਮੱਖੀ ਦੇ ਹਮਲੇ ਦਾ ਟਾਕਰਾ ਕਰਨ ਦੀ ਸਮਰਥਾ ਰੱਖਦੀਹੈ।

### ਨਰਮੇ ਕਪਾਹ ਦਾ ਵੱਧ ਝਾੜ ਲੈਣ ਲਈ ਜ਼ਰੂਰੀ ਨੁਕਤੇ-

ਫ਼ਸਲ ਦਾ ਵਧੀਆ ਜੰਮ ਅਤੇ ਮੁਢਲੇ ਵਾਧੇ ਲਈ ਚੰਗੇ ਪਾਣੀ ਨਾਲ ਭਰਵੀ ਰੌਣੀ ਜ਼ਰੂਰ ਕਰੋ। ਜ਼ਮੀਨ ਦੀ ਕਿਸਮ ਦੇ ਮੁਤਾਬਿਕ ਪਹਿਲਾ ਪਾਣੀ ਬਿਜਾਈ ਤੋਂ 4-6 ਹਫ਼ਤੇ ਬਾਅਦ ਹੀ ਲਗਾਓ। ਸਿਫਾਰਿਸ਼ ਕੀਤੀਆਂ ਕਿਸਮਾਂ ਹੀ ਬੀਜੋ। ਕੀੜੇ ਮਕੌੜਿਆਂ ਅਤੇ ਬੀਮਾਰੀਆਂ ਦੇ ਸਹੀ ਪ੍ਰਬੰਧ ਲਈ ਇਹਨਾ ਕੀੜਿਆਂ ਮਕੌੜਿਆਂ ਅਤੇ ਬੀਮਾਰੀਆਂ ਦੀਆਂ ਬਦਲਵੀਆਂ ਫ਼ਸਲਾਂ ਜਿਵੇਂ ਕਿ ਭਿੰਡੀ, ਮੂੰਗੀ, ਅਰਹਰ, ਜੰਤਰ ਅਤੇ ਅਰਿੰਡ ਨੂੰ ਨਰਮੇ ਕਪਾਹ ਦੇ ਖੇਤਾਂ ਵਿੱਚ ਅਤੇ ਆਲੇ ਦੁਆਲੇ ਬੀਜਣ ਤੋਂ ਸੰਕੋਚ ਕਰੋ। ਫੁੱਲਾਂ ਦੇ ਸ਼ੁਰੂ ਹੋਣ ਤੇ ਪੋਟਾਸ਼ੀਅਮ ਨਾਈਟ੍ਰੇਟ (13:0:45) ਦੇ 2 ਪ੍ਰਤੀਸ਼ਤ ਘੋਲ ਦੇ 4 ਛਿੜਕਾਅ ਕਰੋ। ਕਪਾਹ ਦੇ ਟੀਡਿਆਂ ਦੀਆਂ ਦੀਆਂ ਸੁੰਡੀਆਂ ਦੀ ਰੋਕਥਾਮ ਲਈ ਪਹਿਲਾ ਛਿੜਕਾਅ ਉਦੋਂ ਹਰ ਹਾਲਤ ਵਿੱਚ ਕਰੋ ਜਦੋਂ 25 ਪ੍ਰਤੀਸ਼ਤ ਪੌਦੇ ਫੁੱਲ-ਡੋਡੀ ਤੇ ਆਉਣੇ ਸ਼ੁਰੂ ਹੋ ਜਾਣ। ਕੀੜਿਆਂ ਦੀ ਸੁਚੱਜੀ ਰੋਕਥਾਮ ਲਈ ਕੀਟਨਾਸ਼ਕ ਪ੍ਰਤੀਰੋਧੀ ਪ੍ਰਬੰਧ ਦੀ ਕਾਰਜਨੀਤੀ ਨੂੰ ਅਪਣਾਓ। ਜ਼ਹਿਰਾਂ ਦੇ ਮਿਸ਼ਰਣ ਵਰਤਣ ਤੋਂ ਸੰਕੋਚ ਕਰੋ। ਭਾਰੀ ਮੀਹ ਪੈਣ ਤੇ ਖੇਤਾਂ ਵਿੱਚੋ ਪਾਣੀ ਦੀ ਨਿਕਾਸੀ ਕਰੋ।

# ਮਿੱਟੀ ਦੀ ਚੰਗੀ ਸਹਿਤ ਅਤੇ ਫ਼ਸਲ ਦੀ ਵੱਧ ਪੈਦਾਵਾਰ ਵੱਲ ਪਹਿਲਾ ਕਦਮ

ਗਗਨਦੀਪ ਧਵਨ
ਹਰਿੰਦਰ ਸਿੰਘ
ਉਪਿੰਦਰ ਸਿੰਘ ਸੰਧੂ

ਲਗਾਤਾਰ ਸਾਲ ਵਿੱਚ ਦੋ ਤੋਂ ਤਿੰਨ ਫਸਲਾਂ ਲੈਣ ਨਾਲ ਜ਼ਮੀਨ ਵਿੱਚੋਂ ਖੁਰਾਕੀ ਤੱਤਾਂ ਦੀ ਉਪਲਬਧਤਾ ਕਾਫ਼ੀ ਘਟ ਜਾਂਦੀ ਹੈ, ਜਿਸਦਾ ਪਤਾ ਮਿੱਟੀ ਪਰਖ ਰਾਹੀ ਲਾਇਆ ਜਾਂਦਾ ਹੈ।ਹਾਲਾਂਕਿ, ਬਹੁਤੇ ਕਿਸਾਨ ਵਿਗਿਆਨਕ ਵਿਧੀਆਂ ਦੀ ਬਜਾਏ, ਆਪਣੇ ਤਜ਼ਰਬੇ ਜਾਂ ਗੁਆਂਢੀਆਂ ਅਤੇ ਖਾਦ ਵਿਕਰੇਤਾਵਾਂ ਦੀ ਸਲਾਹ ਉੱਤੇ ਨਿਰਭਰ ਕਰਦੇ ਹਨ। ਇਹ ਪਹੁੰਚ ਫਸਲਾਂ ਦੀ ਵਿਸ਼ੇਸ਼ ਤੱਤਾਂ ਦੀ ਲੋੜਾਂ ਅਤੇ ਮਿੱਟੀ ਦੀ ਵਿਲੱਖਣ ਸੰਰਚਨਾ ਨੂੰ ਨਜ਼ਰਅੰਦਾਜ਼ ਕਰਦੀ ਹੈ।ਲੋੜ ਨਾਲੋਂ ਘੱਟ ਖਾਦਾਂ ਦੀ ਵਰਤੋਂ ਫਸਲ ਦੀ ਉਤਪਾਦਕਤਾ ਵਿੱਚ ਕਮੀ ਪੈਦਾ ਕਰ ਸਕਦੀ ਹੈ, ਜਦਕਿ ਵਾਧੂ ਖਾਦਾਂ ਦੀ ਵਰਤੋਂ ਨਾਲ ਕੀਟ-ਰੋਗ ਵਧਣ ਅਤੇ ਵਾਤਾਵਰਣ ਪ੍ਰਦੂਸ਼ਣ ਦਾ ਖਤਰਾ ਰਹਿੰਦਾ ਹੈ। ਇਨ੍ਹਾਂ ਤੋਂ ਇਲਾਵਾ, ਲੋੜੀਦੇ ਤੱਤਾਂ ਦੀ ਕਮੀ ਦੇ ਦਿੱਖਣਯੋਗ ਲੱਛਣ ਕੇਵਲ ਉਦੋਂ ਹੀ ਸਾਹਮਣੇ ਆਉਂਦੇ ਹਨ, ਜਦ ਪੌਦਾ ਪਹਿਲਾਂ ਹੀ ਤਣਾਅ ਦੇ ਅਧੀਨ ਹੁੰਦਾ ਹੈ, ਜਿਸ ਕਾਰਨ ਸਮੇਂ ਸਿਰ ਖੁਰਾਕੀ ਤੱਤਾਂ ਦੀ ਪੂਰਤੀ ਕਰਨਾ ਮੁਸ਼ਕਲ ਹੋ ਜਾਂਦਾ ਹੈ।ਇੱਕੋ ਖੇਤ ਵਿੱਚ ਵੀ ਮਿੱਟੀ ਦੇ ਗੁਣ ਵੱਖ-ਵੱਖ ਹੋ ਸਕਦੇ ਹਨ, ਜਿਸ ਨਾਲ ਫਸਲਾਂ ਦੀ ਖੁਰਾਕੀ ਤੱਤਾਂ ਦੀ ਲੋੜ ਪ੍ਰਭਾਵਤ ਹੁੰਦੀ ਹੈ। ਇਸ ਲਈ, ਖਾਦ ਦੀ ਸਿਫਾਰਸ਼ ਅਨੁਮਾਨ ਦੇ ਆਧਾਰ 'ਤੇ ਨਹੀ, ਸਗੋਂ ਮਿੱਟੀ ਦੀ ਜਾਂਚ ਦੇ ਨਤੀਜਿਆਂ ਦੇ ਆਧਾਰ 'ਤੇ ਹੋਣੀਆਂ ਚਾਹੀਦੀਆਂ ਹਨ।

**ਮਿੱਟੀ ਪਰਖ ਦਾ ਸਮਾਂ:** ਮਿੱਟੀ ਪਰਖ ਫ਼ਸਲ ਬੀਜਣ ਅਤੇ ਖਾਦਾਂ ਦੀ ਵਰਤੋਂ ਕਰਨ ਤੋਂ ਪਹਿਲਾਂ ਮਿੱਟੀ ਦੀ ਸਥਿਤੀ ਦਾ ਅੰਦਾਜ਼ਾ ਲਗਾਉਣ ਲਈ ਕੀਤੀ ਜਾਂਦੀ ਹੈ। ਇਸ ਪਰਖ ਰਾਹੀ ਕਿਸਾਨ ਆਪਣੀ ਫ਼ਸਲ ਲਈ ਲੋੜੀਦੀਆਂ ਖਾਦਾਂ ਦੀ ਮਾਤਰਾ ਅਤੇ ਕਿਸਮ ਬਾਰੇ ਠੀਕ ਫੈਸਲਾ ਲੈ ਸਕਦੇ ਹਨ, ਜਿਸ ਨਾਲ ਖਾਦਾਂ ਦੀ ਸੁਚੱਜੀ ਵਰਤੋਂ ਅਤੇ ਫ਼ਸਲ ਉਤਪਾਦਨ ਵਿੱਚ ਵਾਧਾ ਯਕੀਨੀ ਬਣਦਾ ਹੈ।ਮਿੱਟੀ ਪਰਖ ਕਰਨ ਲਈ ਸਾਲ ਦਾ ਸਭ ਤੋਂ ਉਚਿਤ ਸਮਾਂ ਫ਼ਸਲ ਬੀਜਣ ਅਤੇ ਖੇਤ ਦੀ ਵਹਾਈ ਤੋਂ ਪਹਿਲਾਂ ਦਾ ਹੁੰਦਾ ਹੈ। ਪੰਜਾਬ ਦਾ ਮੁੱਖ ਫ਼ਸਲੀ ਚੱਕਰ ਝੋਨਾ-ਕਣਕ ਹੈ, ਇਸ ਲਈ ਮਿੱਟੀ ਪਰਖ ਲਈ ਸਭ ਤੋਂ ਢੁੱਕਵਾਂ ਸਮਾਂ ਕਣਕ ਦੀ ਵਢਾਈ ਤੋਂ ਬਾਅਦ ਅਤੇ ਝੋਣੇ ਦੀ ਬਿਜਾਈ ਤੋਂ ਪਹਿਲਾਂ ਮੰਨਿਆ ਜਾਂਦਾ ਹੈ।

**ਮਿੱਟੀ ਦੇ ਨਮੂਨੇ ਲੈਣ ਦੀ ਵਿਗਿਅਨਿਕ ਵਿਧੀ :** ਮਿੱਟੀ ਪਰਖ ਦੀ ਪਹਿਲੀ ਅਤੇ ਸਭ ਤੋਂ ਮਹੱਤਵਪੂਰਨ ਧਿਆਨ ਦੇਣ ਵਾਲੀ ਗਲ ਮਿੱਟੀ ਦੇ ਨਮੂਨੇ ਨੂੰ ਸਹੀ ਇਕੱਤਰ ਕਰਣ ਦੀ ਪ੍ਰਕਿਰਿਆ ਹੈ, ਕਿਉਕਿ ਖਾਦ ਦੀ ਸਿਫਾਰਸ਼ ਵਿਗਿਆਨਕ ਪ੍ਰਯੋਗਸ਼ਾਲਾ ਵਿੱਚ ਵਿਸ਼ਲੇਸ਼ਣ ਕੀਤੀ ਗਈ ਬਹੁਤ ਥੋੜ੍ਹੀ ਮਾਤਰਾ (ਅਕਸਰ 1 ਤੋਂ 10 ਗ੍ਰਾਮ) ਦੇ ਆਧਾਰ 'ਤੇ ਕੀਤੀ ਜਾਂਦੀ ਹੈ, ਇਸ ਕਰਕੇ ਇਹ ਜ਼ਰੂਰੀ ਹੈ ਕਿ ਨਮੂਨਾ ਪੂਰੇ ਖੇਤਰ ਦੀ ਠੀਕ ਤਰੀਕੇ ਨਾਲ ਨੁਮਾਇਦਗੀ ਕਰੇ। ਪਰਖ ਲਈ ਵਰਤੀ ਜਾਣ ਵਾਲੀ ਮਿੱਟੀ ਆਮ ਤੌਰ 'ਤੇ ਖੇਤ ਦੀ ਉਪਰਲੀ 6 ਇੰਚ ਮਿੱਟੀ ਦਾ ਨੁਮਾਇੰਦਗੀ ਕਰਦੀ ਹੋਣੀ ਚਾਹੀਦੀ ਹੈ, ਜੋ ਕਿ ਇੱਕ ਏਕੜ ਖੇਤਰ ਵਿੱਚ ਲਗਭਗ 10 ਲੱਖ ਕਿਲੋਗ੍ਰਾਮ ਤਕ ਹੋ ਸਕਦੀ ਹੈ (ਚਿੱਤਰ 1)। ਖਾਦ ਦੀ ਸਿਫਾਰਸ਼ ਲਈ ਮਿੱਟੀ ਦੇ ਨਮੂਨੇ ਖੇਤ ਵਿੱਚੋਂ ਛੇ ਇੰਚ ਦੀ ਗਹਿਰਾਈ ਤੱਕ ਲਏ ਜਾਂਦੇ ਹਨ, ਕਿਉਕਿ ਇਸ ਹਿੱਸੇ ਵਿੱਚ ਜੜ੍ਹਾਂ ਸਭ ਤੋਂ ਵੱਧ ਵਿਕਸਤ ਹੁੰਦੀਆਂ ਹਨ ਅਤੇ ਖਾਦਾਂ ਦੀ ਵਰਤੋਂ ਅਤੇ ਖੇਤੀ ਦੀਆਂ ਕਿਰਿਆਵਾਂ ਮੁੱਖ ਤੌਰ 'ਤੇ ਹੁੰਦੀਆਂ ਹਨ।

ਨਮੂਨਾ ਇਕੱਠਾ ਕਰਦੇ ਸਮੇਂ, ਉੱਪਰੀ ਸਤ੍ਹਾ ਉੱਤੇ ਮੌਜੂਦ ਰਹਿੰਦ-ਖੂਹੰਦ ਨੂੰ ਖੁਰਪੇ ਦੀ ਮਦਦ ਨਾਲ ਹਟਾ ਦਿੱਤਾ ਜਾਂਦਾ ਹੈ।ਖੇਤ ਵਿੱਚੋਂ 7-8 ਵੱਖ-ਵੱਖ ਸਥਾਨਾਂ ਤੋਂ 'ੜ'-ਆਕਾਰ ਦਾ ਕੱਟ (ਚਿੱਤਰ 1) ਲਗਾ ਕੇ ਮਿੱਟੀ ਦੀ ਇੱਕ ਇੰਚ(ਉੱਪਰੋਂ ਲੈ ਕੇ 15 ਸੈਂਟੀਮੀਟਰ ਦੀ ਗਹਿਰਾਈ ਤੱਕ) ਨੂੰ ਖੁਰਚ ਕੇ ਸਾਫ਼ ਬਾਲਟੀ ਜਾਂ ਭਾਂਡੇ ਵਿੱਚ ਰੱਖਿਆ ਜਾਂਦਾ ਹੈ। ਇੱਕ ਉਚਿਤ ਨਮੂਨਾ ਪ੍ਰਾਪਤ ਕਰਨ ਲਈ, ਇਕੱਠੀ ਕੀਤੀ ਗਈ ਮਿੱਟੀ ਨੂੰ ਚੰਗੀ ਤਰ੍ਹਾਂ ਮਿਲਾ ਕੇ ਕਵਾਟਰਿੰਗ ਵਿਧੀ ਰਾਹੀ ਲਗਭਗ 500 ਗ੍ਰਾਮ ਦਾ ਨਮੂਨਾ ਬਣਾਉ।ਕਵਾਟਰਿੰਗ ਵਿਧੀ ਵਿੱਚ, ਮਿੱਟੀ ਨੂੰ ਚੰਗੀ ਤਰ੍ਹਾਂ ਮਿਲਾ ਕੇ ਚਾਰ ਸਮਾਨ ਹਿੱਸਿਆਂ ਵਿੱਚ ਵੰਡਿਆ ਜਾਂਦਾ ਹੈ, ਫਿਰ ਦੋ ਵਿਰੋਧੀ ਹਿੱਸਿਆਂ ਨੂੰ ਹਟਾ ਦਿੱਤਾ ਜਾਂਦਾ ਹੈ, ਅਤੇ ਇਹ ਪ੍ਰਕਿਰਿਆ ਉਸ ਵੇਲੇ ਤੱਕ ਦੁਹਰਾਈ ਜਾਂਦੀ ਹੈ ਜਦ ਤਕ ਲੋੜੀਦੀ ਮਾਤਰਾ (500 ਗ੍ਰਾਮ) ਨਹੀ ਮਿਲ ਜਾਂਦੀ। ਜੇਕਰ ਮਿੱਟੀ ਨਮੀ ਵਾਲੀ ਹੋਵੇ, ਤਾਂ ਇਸਨੂੰ ਛਾਂ ਵਿੱਚ ਸੁਕਾ ਕੇ ਕੱਪੜੇ ਦੇ ਥੈਲੇ ਵਿੱਚ ਭਰ ਲਵੋ।ਮਿੱਟੀ ਦਾ ਨਮੂਨਾ ਥੈਲੇ ਵਿੱਚ ਭਰਨ ਉਪਰੰਤ ਥੈਲੇ ਉਪਰ ਮਾਰਕਰ ਨਾਲ ਆਪਣਾ ਨਾਮ, ਪਿਤਾ ਦਾ ਨਾਮ, ਖੇਤ ਦਾ ਨੰਬਰ, ਪਿੰਡ,ਬਲਾਕ,ਡਾਕਖਾਨਾ ਅਤੇ ਜ਼ਿਲ੍ਹਾ ਲਿਖੋ।ਇਹ ਸਾਰਾ ਵੇਰਵਾ ਇੱਕ ਕਾਗਜ਼ ਤੇ ਵੀ ਸਾਫ਼-ਸਾਫ਼ ਲਿਖ ਕੇ ਥੈਲੀ ਵਿੱਚ ਪਾ ਦਿਓ।ਇਸ ਸਾਰੀ ਸੂਚਨਾ ਤੋਂ ਇਲਾਵਾ ਖੇਤ ਵਿੱਚ ਅਪਣਾਏ ਫ਼ਸਲੀ ਚੱਕਰ, ਵਰਤੀਆਂ ਗਈਆਂ ਖ਼ਾਦਾਂ ਦੀ ਸੰਖੇਪ ਜਾਣਕਾਰੀ, ਸਿੰਚਾਈ ਸਾ ਸਾਧਨ, ਪਰਚੀ ਉੱਤੇ ਲਿਖ ਕੇ ਮਿੱਟੀ ਪਰਖ਼ ਪ੍ਰਯੋਗਸ਼ਾਲਾ ਵਿੱਚ ਜਮ੍ਹਾਂ ਕਰਵਾ ਦਿਓ। ਮੱਟੀ ਦਾ ਨਮੂਨਾ ਲੈਂਦੇ ਸਮੇਂ ਸਾਵਧਾਨੀਆਂ ਮਿੱਟੀ ਪਰਖ ਲਈ ਨਮੂਨਾ ਲੈਂਦੇ ਸਮੇਂ ਕੁਝ ਖ਼ਾਸ ਗੱਲਾਂ ਦਾ ਧਿਆਨ ਰੱਖਣਾ ਬਹੁਤ ਜ਼ਰੂਰੀ ਹੈ, ਤਾਂ ਜੋ ਨਤੀਜੇ ਸਹੀ ਆਉਣ। ਹੇਠਾਂ ਦਿੱਤੀਆਂ ਸਥਿਤੀਆਂ ਤੋਂ ਮਿੱਟੀ ਦਾ ਨਮੂਨਾ ਨਹੀ ਲੈਣਾ ਚਾਹੀਦਾ:



- ਜਿੱਥੇ ਹਾਲ ਹੀ ਵਿੱਚ ਰੂੜੀ ਜਾਂ ਹੋਰ ਕਿਸਮ ਦੀ ਖਾਦ ਪਾਈ ਗਈ ਹੋਵੇ
- ਪੁਰਾਣੀਆਂ ਵੱਟਾਂ ਜਾਂ ਜਿੱਥੇ ਮਿੱਟੀ ਦੀ ਸਥਿਤੀ ਸਧਾਰਣ ਤੋਂ ਵੱਖਰੀ ਹੋਵੇ
- ਉਬੜ-ਖਾਬੜ ਜਾਂ ਥੋਸ/ਨਰਮ ਭੂਮੀ ਵਾਲੇ ਖੇਤਰ
- ਦਰੱਖਤਾਂ ਹੇਠਲੀ ਮਿੱਟੀ
- ਐਸੇ ਥਾਵਾਂ ਤੋਂ ਜਿੱਥੇ ਪਾਣੀ ਖੜ੍ਹਾ ਰਹਿੰਦਾ ਹੋਵੇ
- ਬਿਲਕੁਲ ਖਰਾਬ ਜਾਂ ਅਸਧਾਰਣ ਭੂਮੀ ਵਾਲੇ ਹਿੱਸੇ

ਇਹਨਾਂ ਸਾਵਧਾਨੀਆਂ ਨਾਲ ਮਿੱਟੀ ਦਾ ਨਮੂਨਾ ਸਹੀ ਢੰਗ ਨਾਲ ਲਿਆ ਜਾ ਸਕਦਾ ਹੈ, ਜੋ ਕਿ ਵਿਗਿਆਨਕ ਪਰਖ ਲਈ ਢੁਕਵਾਂ ਹੁੰਦਾ ਹੈ।

# ਪ੍ਰਵਾਸ ਮਨੁੱਖੀ ਸੁਭਾਅ ਦਾ ਇਕ ਹਿੱਸਾ



ਜਗਦੀਪ ਗਰੇਵਾਲ
(ਯੂਰਪ)
+351-920-436-240

ਪ੍ਰਵਾਸ ਮਨੁੱਖੀ ਸੁਭਾਅ ਦਾ ਹਿੱਸਾ ਹੈ ਬੰਦਾ ਆਪਣੀ ਲੋੜ ਮਜਬੂਰੀ ਨੂੰ ਘਰ ਬਾਰ ਛੱਡ ਕੇ ਆਦ ਕਾਲ ਤੋਂ ਪ੍ਰਵਾਸ ਕਰਦਾ ਰਿਹਾ ਹੈ। ਇਸ ਸਬੰਧੀ ਅਨੇਕਾਂ ਅਤਿਹਾਸਕ ਦਸਤਾਵੇਜ ਇਸ ਦੀ ਤਸਦੀਕ ਕਰਦੇ ਹਨ। ਆਪਣੀ ਜੰਮਣ ਭੋਇ ਨੂੰ ਕਿਸੇ ਵੀ ਕਾਰਨ ਵਸ ਛੱਡ ਕੇ ਜਾਣਾ ਬਹੁਤ ਤਕਲੀਫ ਦੇਹ ਅਤੇ ਮਾਨਸਿਕ ਪੀੜਾ ਦਾਇਕ ਹੁੰਦਾ ਹੈ। ਪ੍ਰਵਾਸ ਦੇ ਕਈ ਕਾਰਨ ਹੋ ਸਕਦੇ ਹਨ ਜਿਨ੍ਹਾਂ ਵਿਚੋਂ ਕਿਰਤ ਬਹੁਤ ਅਹਿਮ ਪਹਿਲੂ ਹੈ।

**ਨਕਿ ਨਥ ਖਸਮ ਹਥ ਕਿਰਤੁ ਧਕੇ ਦੇ॥**
**ਜਹਾਂ ਦਾਣੇ ਤਹਾਂ ਖਾਣੇ ਨਾਨਕਾ ਸਚੁ ਹੇ॥**

ਸਿੱਖੀ ਵਿੱਚ ਹੱਥੀ ਕਾਰ ਅਤੇ ਕਿਰਤ ਦੀ ਬੜੀ ਮਹਾਨਤਾ ਹੈ। ਸਿੱਖੀ ਦੇ ਬਾਨੀ ਪਹਿਲੇ ਗੁਰੂ ਜਿਨ੍ਹਾਂ ਨੇ ਇਸ ਨਿਆਰੇ ਪੰਥ ਦੀ ਨੀਹ ਰੱਖੀ ਉਨ੍ਹਾਂ ਨੇ ਆਪਣੇ ਜੀਵਨ ਕਾਲ ਦੇ ਵਿੱਚ ਹੱਥੀ ਕਾਰ ਕਰਕੇ, ਜਿਸ ਦੀਆਂ ਅਨੇਕਾਂ ਉਦਾਹਰਣਾਂ ਸਿੱਖ ਇਤਿਹਾਸ ਵਿੱਚ ਮਿਲਦੀਆਂ ਹਨ। ਅੱਜ ਸਚੀ ਸੁਚੀ ਕਿਰਤ ਅਤੇ ਨਿਆਰੀ ਜੀਵਨ ਜਾਚ ਕਾਰਨ ਸਿੱਖ ਪੂਰੀ ਦੁਨੀਆ ਵਿੱਚ ਚੜਦੀ ਕਲਾ ਨਾਲ ਵੱਸਦੇ ਹੋਏ।

**ਮਾਝ ਮ:੫**
**ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ ॥**

ਦਾ ਉਦੇਸ਼ ਦੇ ਰਿਹਾ ਹੈ। ਭਰ ਅਜੋਕੇ ਸਮੇਂ ਵਿੱਚ ਪੰਜਾਬ ਦੀ ਧਰਤੀ ਤੋਂ ਸਿੱਖਾਂ ਦੇ ਪ੍ਰਵਾਸ ਨੂੰ ਲੈਕੇ ਇਸ ਦੇ ਹੱਕ ਅਤੇ ਵਿਰੋਧ ਸੰਬੰਧੀ ਵੱਖ ਵੱਖ ਚਰਚਾਵਾਂ ਨੇ ਜੋਰ ਫੜਿਆ ਹੈ। ਇਸ ਦਾ ਇਕ ਕਾਰਨ ਇਹ ਵੀ ਹੈ ਕਿ ਪਿਛਲੇ ਦਹਾਕਿਆਂ ਵਿੱਚ ਪੰਜਾਬ ਦੇ ਲੋਕਾਂ ਦਾ ਬਹੁਤ ਵੱਡੀ ਗਿਣਤੀ ਵਿਚ ਵਿਦੇਸ਼ ਜਾਣਾ। ਭਾਰਤ ਦੇ ਤਕਰੀਬਨ ਹਰ ਖਿਤੇ ਵਿਚ ਲੋਕਾਂ ਨੇ ਪ੍ਰਵਾਸ ਕੀਤਾ ਹੈ ਪਰ ਜਿਨ੍ਹੀ ਚਰਚਾ ਪੰਜਾਬ ਨੂੰ ਲੈ ਕੇ ਚੱਲ ਰਹੀ ਹੈ ਉਨ੍ਹੀਂ ਹੋਰ ਸਟੇਟਾਂ ਦੇ ਲੋਕਾਂ ਵਿੱਚ ਨਹੀਂ। ਕਿਉਂਕਿ ਪੰਜਾਬ ਦੀ ਧਰਤੀ ਨੇਂ ਬਹੁਤ ਮਹੱਤਵਪੂਰਨ ਕਿਰਦਾਰ ਅਦਾ ਕੀਤਾ ਹੈ ਚਾਹੇ ਉਹ ਸਿਕੰਦਰ ਮਹਾਨ ਨੂੰ ਪੋਰਸ ਦੁਆਰਾ ਏਸੇ ਹੀ ਧਰਤੀ ਤੇ ਰੋਕਣਾ ਜਾਂ ਦੱਰਾ ਖੈਬਰ ਪਛਤੂਨ ਦੇ ਇਲਕਿਆਂ ਚੋਂ ਆਏ ਵੱਡੇ ਹਮਲਾਵਰਾਂ ਨੂੰ ਪੰਜਾਬ ਦੀ ਧਰਤੀ ਨੇ ਬੇਖੋਫ ਹੋ ਕੇ ਰੋਕਿਆ ਹੈ। ਏਸੇ ਕਰਕੇ ਇਸ ਖਿਤੇ ਦੀ ਕੋਈ ਨਿੱਕੀ ਜਿਹੀ ਹਲਚਲ ਵੀ ਆਪਣਾ ਬਹੁਤ ਵੱਡਾ ਪ੍ਰਭਾਵ ਛੱਡਦੀ ਹੈ। ਇਥੋਂ ਦੇ ਲੋਕ ਧਰਮ ਸਭਿਆਚਾਰ ਅਤੇ ਆਪਣੀ ਪਛਾਣ ਨੂੰ ਲੈਕੇ ਸੰਵੇਦਨਸ਼ੀਲ ਹਨ ਉਥੇ ਕਿਸੇ ਵੀ ਤਰੀਕੇ ਦੀ ਤਾਕਤ ਜਿਹੜੀ ਇਹਨਾਂ ਨੂੰ ਗੁਲਾਮੀ ਪ੍ਰਤੀਤ ਕਰਾਵੇ ਇਹ ਬਾਗੀ ਹੋ ਨਿਕਲਦੇ ਹਨ। ਜਿਸਦੇ ਕਿ ਅਨੇਕਾਂ ਪ੍ਰਮਾਣ ਬੀਤੇ ਅਤੇ ਅਜੋਕੇ ਸਮੇਂ ਵਿੱਚ ਮੌਜੂਦ ਹਨ।

ਇਹਨਾਂ ਸਾਡੇ ਵਿਦੇਸ਼ੀ ਸਿੱਖਾਂ ਭੈਣ ਭਰਾਵਾਂ ਨੇ ਆਪਣੀ ਮਿਹਨਤ ਨਾਲ ਵੱਡੇ ਮੁਕਾਮ ਹਾਸਲ ਕੀਤੇ, ਹਰ ਖੇਤਰ ਚਾਹੇ ਉਹ ਸਿਆਸਤ ਹੋਵੇ, ਜਾਂ ਸਿਖਿਆ ਦਾ, ਬੇਮਿਸਾਲ ਤਰੱਕੀ ਕੀਤੀ. ਭਾਰਤੀ ਧਰਤੀ ਤੇ ਹਕੂਮਤ ਦੇ ਜ਼ੁਲਮ ਦਾ ਸ਼ਿਕਾਰ ਹੋਏ ਆਪਣੇ ਲੋਕਾਂ ਦੀ ਅਵਾਜ਼ ਬਣੇ ਅਤੇ ਦੁਨੀਆ ਭਰ ਦੇ ਲੋਕਾਂ ਨੂੰ ਇਸ ਬਾਰੇ ਜਾਣੂ ਕਰਵਾਇਆ ਨਾਲ ਹੀ ਆਰਥਿਕ ਪੱਖੋਂ ਪੂਰੀ ਤਰ੍ਹਾਂ ਨਾਲ ਪ੍ਰਭਾਵਿਤ ਹੋਏ ਲੋਕਾਂ ਦੀ ਮਦਦ ਕੀਤੀ ਅਤੇ ਹੁਣ ਤੱਕ ਕਰ ਰਹੇ ਹਨ . ਇਤਿਹਾਸ ਵਿੱਚ ਇਹ ਇਕ ਵੱਡੀ ਪ੍ਰਾਪਤੀ ਵਜੋਂ ਜਾਣਿਆ ਜਾਵੇਗਾ, ਸਿੱਖ ਭਾਈਚਾਰੇ ਦੀ ਗੱਲ ਨੂੰ ਅੰਤਰ ਰਾਸ਼ਟਰੀ ਪੱਧਰ ਤੇ ਸੁਹਿਰਦਤਾ ਅਤੇ ਸਾਡੇ ਮਾਨਵਤਾ ਭਲਾਈ ਦੇ ਸਿਧਾਂਤਾਂ ਜਿਹੜੇ ਸਾਨੂੰ ਗੁਰੂ ਸਾਹਿਬ ਜੀ ਨੇ ਦਰਸਾਏ ਹਨ

**ਕਾਨੜਾ ਮਹਲਾ ੫**
**ਬਿਸਰਿ ਗਈ ਸਭ ਤਾਤਿ ਪਰਾਈ**
**ਜਬ ਤੇ ਸਾਧਸੰਗਤਿ ਮੋਹਿ ਪਾਈ ॥੧॥ ਰਹਾਉ ॥**
**ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ ॥੧॥**

ਦੁਨੀਆ ਦੇ ਲੋਕਾਂ ਸਾਹਮਣੇ ਰਖਿਆ। ਵੱਡੇ ਤਾਕਤਵਰ ਅਤੇ ਵਿਕਸਤ ਮੁਲਕਾਂ ਵਿੱਚ ਸਿੱਖ ਭਾਈਚਾਰੇ ਦੇ ਲੋਕਾਂ ਦੀ ਤਰੱਕੀ ਨੇ ਸਾਨੂੰ ਸਮਾਜਿਕ ਅਤੇ ਆਰਥਿਕ ਪੱਖੋਂ ਬਹੁਤ ਮਜ਼ਬੂਤ ਕੀਤਾ ਹੈ ਮੈਨੂੰ ਲੱਗਦਾ ਕਿ ਜੇ ਅਸੀਂ ਪਰਵਾਸ ਕਰਕੇ ਪੂਰੀ ਦੁਨੀਆ ਵਿੱਚ ਨਾ ਜਾਂਦੇ, ਤਾਂ ਪਠਾਣਾਂ ਅਫ਼ਗਾਨੀ ਕੌਮ ਵਾਂਗੂ ਬਹੁਤ ਪਿੱਛੇ ਰਹਿ ਜਾਂਦੇ ਅਤੇ ਟੋਭੇ ਦੇ ਡੱਡੂ ਵਾਲੀ ਹਾਲਾਤ ਹੋ ਜਾਣੀ ਸੀ, ਗੁਰੂ ਸਾਹਿਬ ਦੀ ਕਿਰਪਾ ਸਦਕਾ ਬਿਨਾਂ ਮੁਲਕ ਦੀ ਸਿੱਖ ਕੌਮ ਪੂਰੀ ਦੁਨੀਆਂ ਵਿੱਚ ਵਸਦੀ ਖ਼ਾਲਸੇ ਰਾਜ ਦੀ ਹੋਂਦ ਨੂੰ ਕਾਇਮ ਰੱਖਣ ਲਈ ਯਤਨਸ਼ੀਲ ਹੈ।


## ਚੰਡੀਗੜ੍ਹ ਹਾਊਸਿੰਗ ਬੋਰਡ

8, ਜਨ ਮਾਰਗ, ਸੈਕਟਰ 9-ਡੀ, ਚੰਡੀਗੜ੍ਹ
ਚੰਡੀਗੜ੍ਹ ਪ੍ਰਸ਼ਾਸਨ ਦਾ ਇੱਕ ਅਦਾਰਾ

### ਜਨਤਕ ਸੂਚਨਾ

ਆਮ ਜਨਤਾ ਲਈ ਇਥੇ ਸੂਚਿਤ ਕੀਤਾ ਜਾਂਦਾ ਹੈ ਕਿ ਨਿਮਨਲਿਖਤ ਵਿਅਕਤੀ (ਆਂ) ਨੇ ਚੰਡੀਗੜ੍ਹ ਹਾਊਸਿੰਗ ਬੋਰਡ (ਮਕਾਨਾਂ ਦੀ ਅਲਾਟਮੈਂਟ, ਪ੍ਰਬੰਧ ਅਤੇ ਵਿਕਰੀ) ਨਿਯਮਾਂਵਲੀ 1979 ਦੇ ਨਿਯਮ 16 ਦੇ ਅਧੀਨ ਆਪਣੇ ਨਾਂਵਾਂ 'ਤੇ **ਲਹੂ ਸਬੰਧ ਤਬਾਦਲਾ ਨੀਤੀ** ਦੇ ਅਧੀਨ ਨਿਮਨ ਦਰਸਾਈ ਰਿਹਾਇਸ਼ੀ ਇਕਾਈ ਦੀ ਅਲਾਟਮੈਂਟ ਦੇ ਤਬਾਦਲੇ ਲਈ ਬਿਨੈ ਕੀਤਾ ਹੈ :-

| ਲ. ਨ. | ਬਿਨੈਕਾਰ ਦਾ ਨਾਮ (ਪ੍ਰਸਤਾਵਿਤ ਟ੍ਰਾਂਸਫਰੀ) ਸ੍ਰੀ/ਸ੍ਰੀਮਤੀ/ਕੁਮਾਰੀ | ਅਲਾਟੀ/ਟ੍ਰਾਂਸਫਰੀ ਦਾ ਨਾਮ (ਪ੍ਰਸਤਾਵਿਤ ਟ੍ਰਾਂਸਫਰਰ) ਸ੍ਰੀ/ਸ੍ਰੀਮਤੀ/ਕੁਮਾਰੀ | ਡੀ ਯੂ ਨੰ. | ਵਰਗ | ਸੈਕਟਰ |
|---|---|---|---|---|---|
| 1. | ਸ੍ਰੀ ਨੂਰ ਮੁਹੰਮਦ ਸਪੁੱਤਰ ਸਵਰਗੀ ਸ੍ਰੀ ਇਦਰੀਸ਼ ਅਹਿਮਦ (1/6 ਹਿੱਸੇ ਨਾਲ) | (1) ਸ੍ਰੀਮਤੀ ਸ਼ਹਿਨਾਜ਼ ਬੇਗਮ ਸੁਪਤਨੀ ਸਵਰਗੀ ਇਦਰੀਸ਼ ਅਹਿਮਦ (2) ਸ੍ਰੀ ਪ੍ਰਵੇਜ਼ ਮੁਹੰਮਦ ਸਪੁੱਤਰ ਸਵਰਗੀ ਸ੍ਰੀ ਇਦਰੀਸ਼ ਅਹਿਮਦ (3) ਸਹਿਜ਼ਾਦ ਮੁਹੰਮਦ ਸਪੁੱਤਰ ਸਵਰਗੀ ਸ੍ਰੀ ਇਦਰੀਸ਼ ਅਹਿਮਦ (4) ਸ੍ਰੀ ਦਿਲਸ਼ਾਦ ਮੁਹੰਮਦ ਸਪੁੱਤਰ ਸਵਰਗੀ ਸ੍ਰੀ ਇਦਰੀਸ਼ ਅਹਿਮਦ ਅਤੇ (5) ਮਿਸ ਮਹਿਜ਼ਾਬੀ ਅਹਿਮਦ ਸਪੁੱਤਰੀ ਸਵਰਗੀ ਸ੍ਰੀ ਇਦਰੀਸ਼ ਅਹਿਮਦ (ਸਾਰੇ 5/6 ਹਿੱਸੇ ਨਾਲ) | 630 | MIG-(D) | 41-ਏ ਚੰਡੀਗੜ੍ਹ |

ਉਕਤ ਦਰਸਾਈਆਂ ਰਿਹਾਇਸ਼ੀ ਇਕਾਈਆਂ ਦੇ ਸਬੰਧ ਵਿਚ ਵਿਕਰੀ/ਖਰੀਦ ਦੇ ਲਈ ਕਿਸੇ ਨੂੰ ਵੀ ਕੋਈ ਇਤਰਾਜ਼ ਹੋਣ ਦੀ ਸੂਰਤ ਵਿਚ ਉਹ ਆਪਣਾ ਇਤਰਾਜ਼, ਜੇਕਰ ਕੋਈ ਹੋਵੇ, ਦਸਤਾਵੇਜ਼ੀ ਸਬੂਤ, ਜੇਕਰ ਕੋਈ ਹੋਵੇ, ਸਮੇਤ ਨਿਮਨ ਹਸਤਾਖ਼ਰੀ ਕੋਲ ਇਸ ਸੂਚਨਾ ਦੇ ਪ੍ਰਕਾਸ਼ਨ ਦੇ 21 ਦਿਨਾਂ ਦੇ ਅੰਦਰ ਲਿਖਤ ਵਿਚ ਜਮ੍ਹਾਂ ਕਰ ਸਕਦਾ/ਸਕਦੀ ਹੈ।

ਸਕੱਤਰ,
ਚੰਡੀਗੜ੍ਹ ਹਾਊਸਿੰਗ ਬੋਰਡ, ਚੰਡੀਗੜ੍ਹ



## ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ

ਰਜਿਸਟਰਡ ਆਫ਼ਿਸ : ਪੀ: ਰਾ: ਬਿ: ਬੋ: ਹੈੱਡ ਆਫ਼ਿਸ, ਦੀ ਮਾਲ ਪਟਿਆਲਾ-147001
ਕਾਰਪੋਰੇਟ ਆਈਡੈਂਟਿਟੀ ਨੰਬਰ: U40109PB2010SGC033813 ਵੈੱਬਸਾਈਟ www.pspcl.in
(ਮੋਬਾਈਲ ਨੰ:- 96461-10861) xen-civil-works-mkt1@pspcl.in

ਟੈਂਡਰ ਇਨਕੁਆਰੀ ਨੰ. 04 / CWD/MKS/2025-26 Date : 26.05.2025

ਸੀਨੀਅਰ ਕਾਰਜਕਾਰੀ ਇੰਜੀਨੀਅਰ/ਸਿਵਲ ਨਿਰਮਾਣ ਮੰਡਲ, 132 ਕੇ.ਵੀ. ਗਰਿੱਡ ਕੰਪਲੈਕਸ, ਪੀ.ਐਸ.ਪੀ.ਸੀ.ਐਲ., ਸ੍ਰੀ ਮੁਕਤਸਰ ਸਾਹਿਬ, 152026 ਦੇ ਦਫ਼ਤਰ ਵੱਲੋਂ **66 ਕੇ.ਵੀ. ਸ/ਸ ਪੱਕੀਟਿੱਬੀ ਜੱਟਾਂ (ਅਧੀਨ ਵੰਡ ਹਲਕਾ ਸ੍ਰੀ ਮੁਕਤਸਰ ਸਾਹਿਬ) ਵਿਖੇ 1 ਨੰਬਰ ਸੋਲਰ ਬੇਅ ਅਤੇ ਸਬੰਧਤ ਸਿਵਲ ਵਰਕਸ ਦੇ ਉਸਾਰੀ ਦੇ ਕੰਮ ਸਬੰਧੀ ਓਪਨ ਟੈਂਡਰ ਮੰਗੇ ਜਾਂਦੇ ਹਨ।** ਵਿਸਤ੍ਰਿਤ ਟੈਂਡਰ ਮੰਗ ਨੋਟਿਸ ਅਤੇ ਟੈਂਡਰ ਸਪੈਸੀਫਿਕੇਸ਼ਨਾਂ ਵੈੱਬਸਾਈਟ "https://eproc.punjab.gov.in" ਉੱਪਰ ਮਿਤੀ: 28.05.2025 03:00 PM ਵਜੇ ਤੋਂ ਵੇਖੇ ਜਾ ਸਕਦੇ ਹਨ।

**ਨੋਟ:- ਸੋਧ ਸਬੰਧੀ ਵੇਰਵੇ ਜੇਕਰ ਕੋਈ ਹੋਏ, ਤਾਂ ਵੈੱਬਸਾਈਟ https://eproc.punjab.gov.in ਤੇ ਵੇਖੇ ਜਾਣ।**

C 374 / 25
Ro No. PR-Advt. No. 76155 / 12 / 4270 / 2023 / 44850 / Dated CHD : 5/26/2025



## ਜਨਤਕ ਨੋਟਿਸ



ਸ੍ਰੀ ਨਵੀਨ, ਡੈਨਿਕਸ, ਸਹਾਇਕ ਅਸਟੇਟ ਅਫ਼ਸਰ, ਅਸਟੇਟ ਅਫ਼ਸਰ, ਯੂਨੀਅਨ ਟੈਰੀਟਰੀ, ਚੰਡੀਗੜ੍ਹ ਦੀਆਂ ਸ਼ਕਤੀਆਂ ਦੀ ਵਰਤੋਂ ਕਰਨ ਤੋਂ ਪਹਿਲਾਂ।

**ਵਿਸ਼ਾ:ਮਕਾਨ ਨੰਬਰ 1475, ਸੈਕਟਰ-42-ਬੀ, ਚੰਡੀਗੜ੍ਹ (ਐਮ-12) ਦੇ ਸੰਬੰਧ ਵਿੱਚ 100% ਹਿੱਸੇ ਦੇ ਮਾਲਕੀ ਅਧਿਕਾਰਾਂ ਦਾ ਤਬਾਦਲਾ ਸ਼੍ਰੀ ਕਮਰ ਸਿੰਘ ਗਰੇਵਾਲ ਪੁੱਤਰ ਸ. ਰਣਜੀਤ ਸਿੰਘ ਗਰੇਵਾਲ ਦੇ ਨਾਮ 'ਤੇ ਅਣ-ਰਜਿਸਟਰਡ ਵਸੀਅਤ (ਸਵ. ਸ਼੍ਰੀ ਗੁਰਸ਼ਰਨ ਸਿੰਘ ਜੈਜੀ ਦੁਆਰਾ ਲਾਗੂ ਕੀਤੀ ਗਈ) ਅਤੇ ਅਦਾਲਤ ਦੇ ਹੁਕਮ/ਨਿਰਣੇ ਦੇ 23.12.2024 ਦੇ ਆਧਾਰ 'ਤੇ।**

ਆਮ ਜਨਤਾ ਅਤੇ ਸਾਰੇ ਸਬੰਧਤਾਂ ਦੀ ਜਾਣਕਾਰੀ ਲਈ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਦਫ਼ਤਰ ਦੇ ਰਿਕਾਰਡ ਅਨੁਸਾਰ ਸ਼੍ਰੀ. ਗੁਰਸ਼ਰਨ ਸਿੰਘ ਜੈਜੀ ਰਿਹਾਇਸ਼ੀ ਸਾਈਟ ਨੰਬਰ 1475, ਸੈਕਟਰ 42-ਬੀ, ਚੰਡੀਗੜ੍ਹ ਦੇ 100.00% ਹਿੱਸੇਦਾਰੀ ਦੇ ਮਾਲਕ/ਪੱਟੇਦਾਰ ਹਨ। ਸ਼੍ਰੀ ਕਮਰ ਸਿੰਘ ਗਰੇਵਾਲ ਦੁਆਰਾ ਸੂਚਿਤ ਕੀਤਾ ਗਿਆ ਹੈ ਕਿ ਸ਼੍ਰੀ ਗੁਰਸ਼ਰਨ ਸਿੰਘ ਜੈਜੀ ਦੀ ਮੌਤ 04.07.2022 ਨੂੰ ਹੋ ਗਈ ਸੀ ਅਤੇ ਉਨ੍ਹਾਂ ਨੇ ਮ੍ਰਿਤਕ ਮਾਲਕ/ਪੱਟੇਦਾਰ ਦੇ ਹੇਠ ਲਿਖੇ ਕਾਨੂੰਨੀ ਵਾਰਸਾਂ ਨੂੰ ਵੀ ਸੂਚਿਤ ਕੀਤਾ ਹੈ:-

| ਲ. ਨੰ. | ਕਾਨੂੰਨੀ ਵਾਰਸ ਦਾ ਨਾਮ ਮ੍ਰਿਤਕ ਨਾਲ ਸਬੰਧ | ਮ੍ਰਿਤਕ ਨਾਲ ਸਬੰਧ |
|---|---|---|
| 1. | ਡਾ. ਅੰਮ੍ਰਿਤ ਬੀਰ ਸਿੰਘ ਜੈਜੀ | ਪੁੱਤਰ |
| 2. | ਸ਼੍ਰੀ ਰਵੀ ਸ਼ਰਨ ਸਿੰਘ ਜੈਜੀ | ਪੁੱਤਰ |
| 3. | ਸ਼੍ਰੀਮਤੀ ਗੁਰਦਵਿੰਦਰ ਕੌਰ | ਪਤਨੀ (ਪੂਰਵ-ਮ੍ਰਿਤਕ) |

ਹੁਣ, ਸ਼੍ਰੀ. ਕਮਰ ਸਿੰਘ ਗਰੇਵਾਲ ਪੁੱਤਰ ਸ੍ਰੀ ਰਣਜੀਤ ਸਿੰਘ ਗਰੇਵਾਲ ਨੇ ਰਿਹਾਇਸ਼ੀ ਸਾਈਟ ਨੰਬਰ 1475, ਸੈਕਟਰ 42-ਬੀ, ਚੰਡੀਗੜ੍ਹ ਦੇ ਸੰਬੰਧ ਵਿੱਚ, ਸਵਰਗੀ ਸ਼੍ਰੀ ਗੁਰਸ਼ਰਨ ਸਿੰਘ ਜੇਜੀ ਦੁਆਰਾ ਆਪਣੇ ਹੱਕ ਵਿੱਚ ਰੱਖੇ ਗਏ 100.00% ਹਿੱਸੇ ਦੀ ਹੱਦ ਤੱਕ ਮਾਲਕੀ ਦੇ ਤਬਾਦਲੇ ਲਈ ਅਰਜ਼ੀ ਦਿੱਤੀ ਹੈ, ਮਿਤੀ 26.08.1989 ਨੂੰ ਅਣ-ਰਜਿਸਟਰਡ ਵਸੀਅਤ ਅਤੇ ਮਿਤੀ 23.12.2024 ਨੂੰ ਅਦਾਲਤ ਦੇ ਹੁਕਮ/ਫੈਸਲੇ ਦੇ ਆਧਾਰ 'ਤੇ। ਜੇਕਰ ਕਿਸੇ ਕੋਲ ਉਪਰੋਕਤ ਦੱਸੇ ਗਏ ਤੋਂ ਇਲਾਵਾ ਮ੍ਰਿਤਕ ਦੇ ਕਿਸੇ ਹੋਰ ਕਾਨੂੰਨੀ ਵਾਰਸ (ਵਾਰਸਾਂ) ਬਾਰੇ ਕੋਈ ਜਾਣਕਾਰੀ ਹੈ, ਤਾਂ ਇਸਦੀ ਸੂਚਨਾ ਤੁਰੰਤ ਅਸਟੇਟ ਅਫਸਰ, ਯੂ.ਟੀ., ਚੰਡੀਗੜ੍ਹ ਨੂੰ ਦਿੱਤੀ ਜਾ ਸਕਦੀ ਹੈ।

ਜੇਕਰ ਕਿਸੇ ਨੂੰ ਉਪਰੋਕਤ ਨਾਮਜ਼ਦ ਬਿਨੈਕਾਰਾਂ ਦੇ ਹੱਕ ਵਿੱਚ ਸਹਾਇਤਾ ਜਾਇਦਾਦ ਵਿੱਚ ਉਕਤ ਹਿੱਸੇ ਦੇ ਇੰਤਕਾਲ ਤੇ ਕੋਈ ਇਤਰਾਜ਼ ਹੈ, ਤਾਂ ਉਹ ਇਸ ਨੋਟਿਸ ਦੇ ਪ੍ਰਕਾਸ਼ਨ ਦੀ ਮਿਤੀ ਤੋਂ 30 ਦਿਨਾਂ ਦੇ ਅੰਦਰ-ਅੰਦਰ ਲਿਖਤੀ ਰੂਪ ਵਿੱਚ (ਮੈਜਿਸਟ੍ਰੇਟ/ਨੋਟਰੀ ਦੁਆਰਾ ਪ੍ਰਮਾਣਿਤ ਹਲਫਨਾਮੇ ਨਾਲ ਸਮਰਥਤ) ਹੇਠ ਹਸਤਾਖਰ ਕੀਤੇ ਵਿਅਕਤੀ ਦੇ ਦਫ਼ਤਰ ਵਿੱਚ ਜਮ੍ਹਾਂ ਕਰਵਾ ਸਕਦੇ ਹਨ, ਨਹੀਂ ਤਾਂ ਉਕਤ ਜਾਇਦਾਦ ਵਿੱਚ ਉਕਤ ਹਿੱਸੇ ਦਾ ਇੰਤਕਾਲ ਉਪਰੋਕਤ ਲਾਭਪਾਤਰੀਆਂ ਦੇ ਨਾਮ 'ਤੇ ਕਰ ਦਿੱਤਾ ਜਾਵੇਗਾ ਅਤੇ ਬਾਅਦ ਵਿੱਚ ਕਿਸੇ ਵੀ ਹੋਰ ਦਾਅਵੇ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ।

ਨਵੀਨ, ਡੈਨਿਕਸ
ਸਹਾਇਕ ਅਸਟੇਟ ਅਫ਼ਸਰ, ਅਸਟੇਟ ਅਫ਼ਸਰ, ਯੂ.ਟੀ.,
ਚੰਡੀਗੜ੍ਹ ਦੀਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ।



## ਕੇਨਰਾ ਬੈਂਕ — Canara Bank

ਭਾਰਤ ਸਰਕਾਰ ਦਾ ਅਦਾਰਾ — A Government of India Undertaking — ਸਿੰਡੀਕੇਟ Syndicate

**ਖੇਤਰੀ ਦਫ਼ਤਰ : ਬਠਿੰਡਾ**

### ਕਬਜ਼ਾ ਸੂਚਨਾ

**[ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 8(1) ਦੇ ਅਧੀਨ]**

ਜਿਥੇ ਕਿ, ਨਿਮਨ ਹਸਤਾਖ਼ਰੀ ਨੇ **ਕੇਨਰਾ ਬੈਂਕ** ਦੇ ਅਧਿਕਾਰਤ ਅਧਿਕਾਰੀ ਵਜੋਂ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 (2002 ਦਾ ਐਕਟ ਨੰ. 54) ਦੇ ਅਧੀਨ ਅਤੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 3 ਨਾਲ ਪੜ੍ਹੀ ਜਾਣ ਵਾਲੀ ਧਾਰਾ 13 (12) ਅਧੀਨ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਦਰਸਾਈ ਸੂਚਨਾ ਦੀ ਪ੍ਰਾਪਤੀ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਸਬੰਧਤ ਮੰਗ ਸੂਚਨਾ ਵਿਚ ਦਰਸਾਈ ਰਕਮ ਨੂੰ ਅਦਾ ਕਰਨ ਦੇ ਲਈ ਕਰਜ਼ਦਾਰ(ਾਂ)/ਜ਼ਾਮਨ (ਾਂ) ਨੂੰ ਸੱਦਾ ਦਿੰਦੇ ਹੋਏ ਨਿਮਨ ਦਰਸਾਈ ਮਿਤੀ ਨੂੰ ਕਰਜ਼ਦਾਰ(ਾਂ)/ਜ਼ਾਮਨ (ਾਂ) **ਨੂੰ ਮੰਗ ਸੂਚਨਾ** ਜਾਰੀ ਕੀਤੀ ਸੀ।

ਕਰਜ਼ਦਾਰ(ਾਂ)/ਜ਼ਾਮਨ (ਾਂ) ਰਕਮ ਅਦਾ ਕਰਨ ਵਿਚ ਅਸਫ਼ਲ ਰਹੇ ਹਨ, ਇਸ ਲਈ ਇਥੇ ਕਰਜ਼ਦਾਰ(ਾਂ)/ਜ਼ਾਮਨ (ਾਂ) ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਸ ਦੁਆਰਾ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨ ਹਸਤਾਖ਼ਰੀ ਨੇ ਨਿਮਨ ਖਾਤਿਆਂ ਅਧੀਨ ਦਰਸਾਈ ਮਿਤੀ ਨੂੰ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 8 ਨਾਲ ਪੜ੍ਹੇ ਜਾਣ ਵਾਲੇ ਕਾਨੂੰਨ ਦੀ ਧਾਰਾ 13 ਦੀ ਉਪ ਧਾਰਾ (4) ਅਧੀਨ ਉਨ੍ਹਾਂ ਨੂੰ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਨਿਮਨ ਦਰਸਾਈਆਂ ਸੰਪੱਤੀਆਂ ਦਾ **ਸੰਕੇਤਕ ਕਬਜ਼ਾ** ਲੈ ਲਿਆ ਹੈ।

ਕਰਜ਼ਦਾਰ(ਾਂ)/ਜ਼ਾਮਨ (ਾਂ) ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਥੇ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਸੰਪੱਤੀ/ਸੰਪੱਤੀਆਂ ਦੀ ਸੌਦੇਬਾਜ਼ੀ ਨਾ ਕੀਤੀ ਜਾਵੇ ਅਤੇ ਸੰਪੱਤੀਆਂ ਦੀ ਕੋਈ ਵੀ ਸੌਦੇਬਾਜ਼ੀ ਵਸੂਲ ਹੋਈ ਰਕਮ, ਜੇਕਰ ਕੋਈ ਹੈ, ਮਨਫੀ ਕਰਕੇ ਹੋਰ ਫੀਸਾਂ/ਖਰਚਿਆਂ, ਲਾਗਤਾਂ ਸਮੇਤ ਰਕਮ ਦੇ ਲਈ **ਕੇਨਰਾ ਬੈਂਕ, ਮੁਕਤਸਰ ਸ਼ਾਖਾ** ਦੇ ਚਾਰਜ ਨਾਲ ਸਬੰਧਤ ਹੋਵੇਗੀ।

**ਕਰਜ਼ਦਾਰ/ਜ਼ਾਮਨਾਂ ਦਾ ਧਿਆਨ ਸੁਰੱਖਿਅਤ ਸੰਪੱਤੀਆਂ ਦੀ ਪੁਨਰ ਪ੍ਰਾਪਤੀ ਲਈ ਉਪਲਬਧ ਸਮੇਂ ਦੇ ਸਬੰਧ ਵਿੱਚ ਕਾਨੂੰਨ ਦੀ ਧਾਰਾ 13 ਦੀ ਉਪ-ਧਾਰਾ (8) ਦੀ ਵਿਵਸਥਾ ਵੱਲ ਦੁਆਇਆ ਜਾਂਦਾ ਹੈ।**

| ਸ਼ਾਖਾ ਦਾ ਨਾਮ ਅਤੇ ਕਰਜ਼ਦਾਰ(ਾਂ)/ਗਿਰਵੀਕਾਰ/ਸਹਿ-ਕਰਜ਼ਦਾਰ/ਜ਼ਾਮਨ(ਾਂ) | ਅਚੱਲ ਸੰਪੱਤੀਆਂ ਦੇ ਵੇਰਵੇ | ਮੰਗ ਸੂਚਨਾ ਦੀ ਮਿਤੀ | ਸੰਕੇਤਕ ਕਬਜ਼ੇ ਦੀ ਮਿਤੀ | ਬਕਾਇਆ ਰਕਮ |
|---|---|---|---|---|
| **ਬਠਿੰਡਾ ਸਿਵਲ ਲਾਈਨਜ਼ (ਫੋਰਟ ਰੋਡ)**<br>1. ਆਦਿਤਿਆ ਪ੍ਰਕਾਸ਼ ਸ਼ੁਕਲਾ ਪੁੱਤਰ ਰਾਮਾਂ ਕਾਂਤ ਸ਼ੁਕਲਾ ਸੀ 1791 - ਅਭਿਲਾਸ਼ਾ ਹੋਮਜ਼ - ਸੁਸ਼ਾਂਤ ਸਿਟੀ -1 ਕੋਟਸ਼ਮੀਰ ਬਠਿੰਡਾ ਪੰਜਾਬ-ਭਾਰਤ 2. ਪੂਜਾ ਕੌਰ ਸਪੁੱਤਰੀ ਬੋਹੜ ਸਿੰਘ, ਸੀ 1791 ਸੁਸ਼ਾਂਤ ਸਿਟੀ 1, ਅਭਿਲਾਸ਼ਾ ਹੋਮਜ਼ ਕੋਟਸ਼ਮੀਰ। | 80.56 ਵਰਗ ਗਜ਼ ਦੀ ਜਾਇਦਾਦ ਦਾ ਮਾਲਕ ਜਿਸਦਾ ਮਾਲਕ 00 ਕਨਾਲ-02,3/4 ਮਰਲੇ ਦੇ ਬਰਾਬਰ ਹੈ, ਜੋ ਕਿ ਖੇਵਟ/ਖਤੌਨੀ ਨੰਬਰ 198/534, ਖਸਰਾ ਨੰਬਰ 453(10-1) ਵਿੱਚ ਸਾਲ 2018-19 ਲਈ ਜਮਾਂਬੰਦੀ ਅਨੁਸਾਰ ਪਿੰਡ ਕਟਾਰ ਸਿੰਘ ਵਾਲਾ ਤਹਿਸੀਲ ਅਤੇ ਜ਼ਿਲ੍ਹਾ ਬਠਿੰਡਾ ਦੀ ਖੇਵਟ/ਖਤੌਨੀ ਨੰਬਰ 198/534, ਖਸਰਾ ਨੰਬਰ 453(10-1) ਵਿੱਚ ਸ਼ਾਮਲ 10 ਕਨਾਲ-01 ਮਰਲੇ ਦਾ 2,3/4/201 ਹਿੱਸਾ ਹੈ। ਪਿੰਡ ਕਟਾਰ ਸਿੰਘ ਵਾਲਾ ਤਹਿਸੀਲ ਅਤੇ ਜ਼ਿਲ੍ਹਾ ਬਠਿੰਡਾ ਦੀ ਮਾਲ ਹੱਦ ਦੇ ਅੰਦਰ ਆਦਿਤਿਆ ਪ੍ਰਕਾਸ਼ ਸ਼ੁਕਲਾ ਅਤੇ ਪੂਜਾ ਕੌਰ ਦੇ ਨਾਮ 'ਤੇ ਸੁਸ਼ਾਂਤ ਸਿਟੀ-1 ਵਿਖੇ ਸਥਿਤ ਬੇਅਰਿੰਗ ਪਲਾਟ ਨੰਬਰ ਬੀ1-1503, ਜਿਸਦੇ ਨਾਲ ਵਸੀਕਾ ਨੰ. 2023-24/23/1/6368 ਮਿਤੀ 25.08.2023 ਅਤੇ ਡੀਡ ਅਨੁਸਾਰ ਸੀਮਾਬੱਧ:- ਪੂਰਬ:-20 ਫੁੱਟ-00 ਇੰਚ ਪਾਰਕ, ਪੱਛਮ: 20 ਫੁੱਟ-00 ਇੰਚ ਸੜਕ, ਉੱਤਰ:37 ਫੁੱਟ-03 ਇੰਚ ਪਲਾਟ ਨੰ. 1504, ਦੱਖਣ: 37 ਫੁੱਟ-03 ਇੰਚ ਪਲਾਟ ਨੰ. 1502। | 15.02.2025 | 23.05.2025 | 15-02-2025 ਨੂੰ 49,02,374.88 ਰੁਪਏ, ਹੋਰ ਵਿਆਜ ਅਤੇ ਇਤਫਾਕੀਆ ਖਰਚੇ ਅਤੇ ਲਾਗਤਾਂ ਸਮੇਤ |
| **ਬਠਿੰਡਾ ਬਰਨਾਲਾ ਰੋਡ**<br>ਜਸਮੀਤ ਸਿੰਘ ਪੁੱਤਰ ਕੌਰ ਸਿੰਘ ਐਮਸੀਬੀ ਜ਼ੈਂਡ 5 09178 ਗਲੀ ਨੰਬਰ 01 ਜੋਗਾਨੰਦ ਰੋਡ ਬਠਿੰਡਾ ਪੰਜਾਬ 151001, ਅੰਗਰੇਜ ਕੌਰ ਸੁਪਤਨੀ ਕੌਰ ਸਿੰਘ ਐਮਸੀਬੀ ਜ਼ੈਂਡ 5 09178 ਗਲੀ ਨੰਬਰ 01 ਜੋਗਾਨੰਦ ਰੋਡ ਬਠਿੰਡਾ ਪੰਜਾਬ 151001, ਦੂਜਾ ਪਤਾ: ਅੰਗ੍ਰੇਜ਼ ਕੌਰ ਸੁਪਤਨੀ ਕੌਰ ਸਿੰਘ 6850 ਪਿਛੇ ਨਵਾਂ ਬੱਸ ਸਟੈਂਡ ਬਠਿੰਡਾ ਪੰਜਾਬ 151001 | ਪੱਟੀ ਝੁੱਟੀ ਤਹਿਸੀਲ ਅਤੇ ਜ਼ਿਲ੍ਹਾ ਬਠਿੰਡਾ ਦੀ ਸਾਲ 2012-2013 ਲਈ ਜਮਾਂਬੰਦੀ ਅਨੁਸਾਰ ਖੇਵਟ/ਖਟੌਨੀ ਨੰ. 2665/13299, ਖਸਰਾ ਨੰ. 2070 ਮਿਨ (1-0) ਵਿੱਚ ਸ਼ਾਮਲ 01 ਵਿੱਘਾ-00 ਬਿਸਵਾਸ ਦੇ ਬਰਾਬਰ 990 ਵਰਗ ਗਜ਼ ਮਾਪ ਵਾਲੇ ਪਲਾਟ 'ਤੇ ਬਣੀ ਵਪਾਰਕ ਇਮਾਰਤ, ਅੰਗਰੇਜ ਕੌਰ ਪਤਨੀ ਕੌਰ ਸਿੰਘ ਦੇ ਨਾਮ 'ਤੇ ਜਿਸਦਾ 1/2 ਹਿੱਸਾ ਹੈ ਅਤੇ ਜਸਮੀਤ ਸਿੰਘ ਪੁੱਤਰ ਕੌਰ ਸਿੰਘ ਦਾ 1/2 ਹਿੱਸਾ ਹੈ ਅਤੇ ਵਿਕਰੀ ਡੀਡ ਅਨੁਸਾਰ ਹੇਠ ਲਿਖੇ ਅਨੁਸਾਰ ਸੀਮਾਬੱਧ ਹੈ: ਉੱਤਰ:66 ਫੁੱਟ ਠਾਕੁਰ ਰਾਮਜੀ ਦਾਸ, ਦੱਖਣ: 66 ਫੁੱਟ ਬਰਨਾਲਾ ਮੇਨ ਰੋਡ, ਪੂਰਬ: 135 ਫੁੱਟ ਗਲੀ 25 ਫੁੱਟ ਚੌੜੀ, ਪੱਛਮ: 135 ਫੁੱਟ ਇਮਾਰਤ ਮਨੋਹਰ ਲਾਲ ਨੇ 13.10.2017 ਦੀ ਵਿਕਰੀ ਡੀਡ ਨੰਬਰ 5760 ਰਾਹੀਂ ਖਰੀਦੀ, 08.10.1992 ਦੀ 3566, 12.10.1992 ਦੀ 3162, 16.02.2018 ਦੀ 9765, 16.02.2018 ਦੀ 9766 ਅਤੇ 16.02.2018 ਦੀ 9767 ਸਬ-ਰਜਿਸਟਰਾਰ ਬਠਿੰਡਾ ਨਾਲ ਰਜਿਸਟਰਡ। | 04.03.2025 | 23.05.2025 | 04-03-2025 ਨੂੰ 14,10,246.76 ਰੁਪਏ, ਹੋਰ ਵਿਆਜ ਅਤੇ ਇਤਫਾਕੀਆ ਖਰਚੇ ਅਤੇ ਲਾਗਤਾਂ ਸਮੇਤ |

ਮਿਤੀ : 27.05.2025 — ਅਧਿਕਾਰਤ ਅਧਿਕਾਰੀ, ਕੇਨਰਾ ਬੈਂਕ



## ਯੂਨੀਅਨ ਬੈਂਕ ਆਫ ਇੰਡੀਆ — Union Bank of India

ਭਾਰਤ ਸਰਕਾਰ ਦਾ ਅਦਾਰਾ — A Goverment Of India Undertaking

**ਖੇਤਰੀ ਦਫ਼ਤਰ : ਬਠਿੰਡਾ, ਐਸਸੀਐਫ 136-137, ਰੋਜ਼ ਗਾਰਡਨ ਕੰਪਲੈਕਸ, ਨੇੜੇ ਮਿੱਤਲ ਮਾਲ, ਗੋਨਿਆਣਾ ਰੋਡ, ਬਠਿੰਡਾ-151001,**
**Email : law.robathinda@unionbankofindia.bank**

**ਈ-ਨਿਲਾਮੀ ਵਿਕਰੀ ਸੂਚਨਾ**

### ਅੰਤਿਕਾ 4-ਏ [ਨਿਯਮ 8 (6) ਦੀ ਵਿਵਸਥਾ ਦੇਖੋ] ਚੱਲ/ਅਚੱਲ ਸੰਪੱਤੀਆਂ ਦੀ ਵਿਕਰੀ ਲਈ ਵਿਕਰੀ ਸੂਚਨਾ

ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 8 (6) ਦੀ ਵਿਵਸਥਾ ਨਾਲ ਪੜ੍ਹੇ ਜਾਣ ਵਾਲੇ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੇ ਅਧੀਨ ਚੱਲ/ਅਚੱਲ ਸੰਪੱਤੀਆਂ ਦੀ ਵਿਕਰੀ ਦੇ ਲਈ ਈ-ਨਿਲਾਮੀ ਵਿਕਰੀ ਸੂਚਨਾ।
ਜਨਤਾ ਨੂੰ ਆਮ ਕਰਕੇ ਅਤੇ ਕਰਜ਼ਦਾਰ(ਾਂ) ਅਤੇ ਜ਼ਾਮਨ (ਾਂ) ਨੂੰ ਵਿਸ਼ੇਸ਼ ਕਰਕੇ ਇਥੇ ਸੂਚਨਾ ਦਿੱਤੀ ਜਾਂਦੀ ਹੈ ਕਿ ਸੁਰੱਖਿਅਤ ਕਰਜ਼ਦਾਤਾ ਕੋਲ ਗਿਰਵੀ/ਬੰਦੀ ਨਿਮਨ ਦਰਸਾਈ ਚੱਲ/ਅਚੱਲ ਸੰਪੱਤੀ, ਜਿਸ ਦਾ **ਉਸਾਰੂ/ਸੰਕੇਤਕ ਕਬਜ਼ਾ ਯੂਨੀਅਨ ਬੈਂਕ ਆਫ ਇੰਡੀਆ** ਸੁਰੱਖਿਅਤ ਕਰਜ਼ਦਾਤਾ ਦੇ ਅਧਿਕਾਰਤ ਅਧਿਕਾਰੀ ਵੱਲੋਂ ਲਿਆ ਗਿਆ ਹੈ, ਦੀ ਵਿਕਰੀ ਨਿਮਨ ਦਰਸਾਏ ਕਰਜ਼ਦਾਰ ਤੋਂ **ਯੂਨੀਅਨ ਬੈਂਕ ਆਫ ਇੰਡੀਆ** ਸੁਰੱਖਿਅਤ ਕਰਜ਼ਦਾਤਾ ਵੱਲ ਬਕਾਇਆ ਨਿਮਨ ਦਰਸਾਈ ਰਕਮ ਦੀ ਵਸੂਲੀ ਦੇ ਲਈ ਨਿਮਨ ਦਰਸਾਈਆਂ ਮਿਤੀਆਂ ਨੂੰ **"ਜਿਵੇਂ ਹੈ ਜਿਥੇ ਹੈ", "ਜਿਵੇਂ ਹੈ ਜੋ ਹੈ" ਅਤੇ "ਜੋ ਵੀ ਉਥੇ ਹੈ"** 'ਤੇ ਕੀਤੀ ਜਾਵੇਗੀ। ਰਾਖਵੀਂ ਕੀਮਤ, ਬਿਆਨਾ ਰਕਮ ਰਾਸ਼ੀ ਅਤੇ ਸੰਪੱਤੀ ਵੇਰਵੇ ਨਿਮਨ ਦਰਸਾਏ ਹਨ :-

| ਲ. ਨੰ. | ਸ਼ਾਖਾ ਦਾ ਨਾਮ ਅਤੇ ਸੰਪਰਕ ਨੰ. | ਖਾਤਾ, ਕਰਜ਼ਦਾਰ (ਾਂ)/ਜ਼ਾਮਨ (ਾਂ)/ਗਿਰਵੀਕਾਰ (ਾਂ) ਦਾ ਨਾਮ | ਸੁਰੱਖਿਅਤ ਅਸਾਸਿਆਂ ਦੇ ਵੇਰਵੇ | ਬਕਾਇਆ ਕਰਜ਼ (ਮੰਗ ਸੂਚਨਾ ਦੀ ਰਕਮ) | ਵਿਕਰੀ ਦੀ ਮਿਤੀ | ਰਾਖਵੀਂ ਕੀਮਤ | ਬਿਆਨਾ ਰਕਮ |
|---|---|---|---|---|---|---|---|
| 1. | ਬਰਨਾਲਾ ਸ਼ਾਖਾ M-7024143369 | ਕਰਜ਼ਦਾਰ (ਾਂ) 1. ਸ੍ਰੀਮਤੀ ਜਸਪ੍ਰੀਤ ਕੌਰ ਪੁੱਤਰੀ ਕੁਲਦੀਪ ਸਿੰਘ, ਗਲੀ ਨੰਬਰ 4 ਮਹਿਲ ਨਗਰ ਨੇੜੇ ਆਈ.ਟੀ.ਆਈ. ਚੌਕ, ਬਰਨਾਲਾ, ਪੰਜਾਬ 148101, ਇਸ ਤੋਂ ਇਲਾਵਾ: ਮਕਾਨ ਨੰਬਰ 139, ਪੁਰਾਣੀ ਮੇਹਰ ਸਿੰਘ ਕਲੋਨੀ, ਸ਼ਿਵ ਮੰਦਰ ਦੇ ਨੇੜੇ, ਤ੍ਰਿਪਾਲ ਸਦਨ, ਜ਼ਿਲ੍ਹਾ ਪਟਿਆਲਾ, ਪੰਜਾਬ-147001, 2. ਸ਼੍ਰੀ. ਯਸ਼ਪਾਲ ਅਰੋੜਾ ਪੁੱਤਰ ਨਰੇਸ਼ ਅਰੋੜਾ, ਘਰ ਨੰ. 139, ਪੁਰਾਣੀ ਮੇਹਰ ਸਿੰਘ ਕਲੋਨੀ, ਸ਼ਿਵ ਮੰਦਿਰ ਦੇ ਨੇੜੇ, ਤ੍ਰਿਪਾਲ ਸਦਨ, ਜ਼ਿਲ੍ਹਾ ਪਟਿਆਲਾ, ਪੰਜਾਬ-147001, ਜ਼ਾਮਨ: ਸ੍ਰੀ ਕੁਲਦੀਪ ਸਿੰਘ ਪੁੱਤਰ ਬਖਸ਼ੀਸ਼ ਸਿੰਘ, ਗਲੀ ਨੰ. 4 ਮਹਿਲ ਨਗਰ ਨੇੜੇ ਆਈ.ਟੀ.ਆਈ. ਚੌਕ, ਬਰਨਾਲਾ, ਪੰਜਾਬ - 148101, ਘਰ ਨੰ. 139, ਪੁਰਾਣੀ ਮੇਹਰ ਸਿੰਘ ਕਲੋਨੀ, ਸ਼ਿਵ ਮੰਦਿਰ ਦੇ ਨੇੜੇ, ਤ੍ਰਿਪਾਲ ਸਦਨ, ਜ਼ਿਲ੍ਹਾ ਪਟਿਆਲਾ, ਪੰਜਾਬ-147001 | ਰਿਹਾਇਸ਼ੀ ਮਕਾਨ ਨੰਬਰ 139 ਦਾ ਸਾਰਾ ਹਿੱਸਾ, 0-5 ਮਰਲੇ ਜਾਂ 137 7/9 ਵਰਗ ਗਜ਼, ਪੁਰਾਣੀ ਮੇਹਰ ਸਿੰਘ ਕਲੋਨੀ, ਸ਼ਿਵ ਮੰਦਰ ਦੇ ਨੇੜੇ, ਤ੍ਰਿਪਾਲ ਸਦਨ, ਤੇਹ ਅਤੇ ਜ਼ਿਲ੍ਹਾ ਪਟਿਆਲਾ, ਪੰਜਾਬ-147001 ਵਿਖੇ ਸਥਿਤ, ਸ੍ਰੀਮਤੀ ਜਸਪ੍ਰੀਤ ਕੌਰ ਪਤਨੀ ਸ੍ਰੀ ਯਸ਼ਪਾਲ ਅਰੋੜਾ ਦੀ ਮਲਕੀਅਤ ਹੈ ਅਤੇ ਇਸਦੀ ਹੱਦ: ਪੂਰਬ: ਸੜਕ 16-6", ਪੱਛਮ: ਸੜਕ 20' ਪਾਸੇ 20'6", ਉੱਤਰ: ਨਰੇਸ਼ ਕੁਮਾਰ, ਦੱਖਣ:ਐਚ/ਓ ਸਤਪਾਲ ਸਿੰਘ ਸਾਈਡ 60' | Rs.18,23,441.00 (ਰੁ. ਅਠਾਰਾਂ ਲੱਖ ਤੇਈ ਹਜ਼ਾਰ ਚਾਰ ਸੌ ਇਕਤਾਲੀ ਕੇਵਲ) ਮੰਗ ਸੂਚਨਾ ਦੀ ਮਿਤੀ ਅਨੁਸਾਰ ਜਮ੍ਹਾਂ ਸੂਚਨਾ ਦੀ ਮਿਤੀ ਤੋਂ ਵਿਆਜ ਅਤੇ ਲਾਗਤ, ਮਨਫੀ ਇਸ ਉਪਰੰਤ ਅਦਾ ਕੀਤੀ ਰਕਮ, ਜੇਕਰ ਕੋਈ ਹੈ। | 13.06.2025 ਦੁ. 12.00 ਤੋਂ ਸ਼ਾਮ 05.00 ਵਜੇ ਤੱਕ (10 ਮਿੰਟ ਦੇ ਅਸੀਮਿਤ ਸਵੈ ਵਾਧਿਆ ਸਮੇਤ) | Rs. 22,50,000/- (ਰੁ. ਬਾਈ ਲੱਖ ਪੰਜਾਹ ਹਜ਼ਾਰ ਕੇਵਲ) | Rs. 2,25,000/- (ਰੁ. ਦੋ ਲੱਖ ਪੱਚੀ ਹਜ਼ਾਰ ਕੇਵਲ) |
| 2. | ਨਾਭਾ ਸ਼ਾਖਾ M-7024143369 | ਕਰਜ਼ਦਾਰ (ਾਂ) 1. **ਸ੍ਰੀਮਤੀ ਮੀਨਾਕਸ਼ੀ ਸੁਪਤਨੀ ਹਰਵਿੰਦਰ ਸ਼ਰਮਾ**, ਮਕਾਨ ਨੰ. 19, ਗਲੀ ਨੰ. 4, ਜਸਪਾਲ ਕਲੋਨੀ, ਨੇੜੇ ਬੌੜਾਂ ਗੇਟ, ਨਾਭਾ-147201, **ਸ੍ਰੀ ਹਰਵਿੰਦਰ ਸ਼ਰਮਾ ਸਪੁੱਤਰ ਰੰਗੀ ਰਾਮ**, ਵਾਸੀ ਮਕਾਨ ਨੰ. 19, ਗਲੀ ਨੰ. 4, ਜਸਪਾਲ ਕਲੋਨੀ, ਨੇੜੇ ਬੌੜਾਂ ਗੇਟ, ਨਾਭਾ-147201 **ਜ਼ਾਮਨ (ਾਂ) : 1. ਸ੍ਰੀ ਮੋਹਿੰਦਰ ਕੁਮਾਰ ਸਪੁੱਤਰ ਚੰਦਰ ਪ੍ਰਕਾਸ਼**, ਵਾਸੀ ਗਲੀ ਨੰ. 4, ਜਸਪਾਲ ਕਲੋਨੀ, ਨੇੜੇ ਬੌੜਾਂ ਗੇਟ, ਨਾਭਾ-147201 | ਸ੍ਰੀਮਤੀ ਮੀਨਾਕਸ਼ੀ ਸੁਪਤਨੀ ਹਰਵਿੰਦਰ ਸ਼ਰਮਾ ਨਾਲ ਸਬੰਧਤ ਜਸਪਾਲ ਕਲੋਨੀ, ਨਾਭਾ, ਤਹਿਸੀਲ ਨਾਭਾ ਵਿਖੇ ਸਥਿਤ ਖੇਵਟ ਨੰ. 208, ਖਤੌਨੀ ਨੰ. 270, ਖਸਰਾ ਨੰ. 44/16 (8-0) ਵਿਚ 8 ਕਨਾਲ-0 ਮਰਲੇ ਵਿਚੋਂ 2.1/2/160 ਹਿੱਸੇ ਵਜੋਂ 0 ਕਨਾਲ-2.1/2 ਮਰਲੇ ਭਾਵ 80 ਵਰਗ ਗਜ਼ ਮਾਪ ਵਾਲੇ ਮਕਾਨ ਦੇ ਸਾਰੇ ਭਾਗ ਅਤੇ ਹਿੱਸੇ। **ਵਿਕਰੀ ਡੀਡ ਅਨੁਸਾਰ ਹੱਦਾਂ :- ਪੂਰਬ** : ਅਸ਼ੋਕ ਕੁਮਾਰ ਦਾ ਪਲਾਟ (60'-0"), **ਪੱਛਮ** : ਹਰਵਿੰਦਰ ਸ਼ਰਮਾ ਦਾ ਮਕਾਨ (60'-0"), **ਉੱਤਰ** : ਰਘਬੀਰ (12'-0"), **ਦੱਖਣ** : ਗਲੀ (12'-0") | Rs.7,34,011.29 (ਰੁ. ਸੱਤ ਲੱਖ ਚੌਤੀ ਹਜ਼ਾਰ ਗਿਆਰਾਂ ਅਤੇ ਉਣੱਤੀ ਪੈਸੇ ਕੇਵਲ) ਮੰਗ ਸੂਚਨਾ ਦੀ ਮਿਤੀ ਅਨੁਸਾਰ ਜਮ੍ਹਾਂ ਸੂਚਨਾਂ ਦੀ ਮਿਤੀ ਤੋਂ ਵਿਆਜ ਅਤੇ ਲਾਗਤ, ਮਨਫੀ ਇਸ ਉਪਰੰਤ ਅਦਾ ਕੀਤੀ ਰਕਮ, ਜੇਕਰ ਕੋਈ ਹੈ। | 13.06.2025 ਦੁ. 12.00 ਤੋਂ ਸ਼ਾਮ 05.00 ਵਜੇ ਤੱਕ (10 ਮਿੰਟ ਦੇ ਅਸੀਮਿਤ ਸਵੈ ਵਾਧਿਆ ਸਮੇਤ) | Rs. 9,90,000/- (ਰੁ. ਨੌਂ ਲੱਖ ਨੱਬੇ ਹਜ਼ਾਰ ਕੇਵਲ) | Rs. 99,000/- (ਰੁ. ਨੜਿੰਨਵੇ ਹਜ਼ਾਰ ਕੇਵਲ) |
| 3. | ਨਾਭਾ ਸ਼ਾਖਾ M-7024143369 | ਕਰਜ਼ਦਾਰ: ਮੈਸ. ਬਚਨ ਸਿੰਘ ਸ਼ਟਰਿੰਗ ਸਟੋਰ ਪ੍ਰੋਪ ਰਜਿੰਦਰ ਸਿੰਘ, ਦੁਰਗਾ ਰਾਈਸ ਕਲੋਨੀ, ਦੁਲਦੀ, ਨਾਭਾ, ਜ਼ਿਲ੍ਹਾ ਪਟਿਆਲਾ, ਪੰਜਾਬ-147201, ਇਸ ਤੋਂ ਇਲਾਵਾ: ਮਕਾਨ ਨੰ. 531, ਦੁਲਦੀ ਗੇਟ, ਨਾਭਾ ਜ਼ਿਲ੍ਹਾ ਪਟਿਆਲਾ 147201, ਜ਼ਾਮਨ/ਾਂ: ਸ੍ਰੀਮਤੀ ਸੁਖਵੀਰ ਕੌਰ ਪਤਨੀ: ਰਾਜਿੰਦਰ ਸਿੰਘ ਮਕਾਨ ਨੰ. 531, ਦੁਲਦੀ ਗੇਟ, ਨਾਭਾ ਜ਼ਿਲ੍ਹਾ ਪਟਿਆਲਾ 147201 | ਰਜਿਸਟਰਡ ਵਿਕਰੀ ਡੀਡ ਨੰ. 4473, ਮਿਤੀ 05.12.2011 ਦੇ ਅਨੁਸਾਰ ਪਲਾਟ ਦਾ ਸਾਰਾ ਹਿੱਸਾ ਅਤੇ ਪਾਰਸਲ 0ਬੀ-4ਬੀ (ਭਾਵ 196.4 ਵਰਗ ਗਜ਼) 10ਬੀ-8ਬੀ ਵਿੱਚੋਂ 4/208 ਹਿੱਸਾ ਹੈ ਜੋ ਕਿ ਖਾਤਾ ਨੰਬਰ 89/187, ਖਸਰਾ ਨੰਬਰ 1602/938(4-8), 942(2-15), 942/1(3-5), ਕਿਤਾਂ 3, ਕੁੱਲ 102-82 ਵਿੱਚ 102-82 ਵਿੱਚੋਂ 4/208 ਹਿੱਸਾ ਹੈ, ਜੋ ਕਿ ਸਾਲ 2005-2006 ਲਈ ਜਮਾਂਬੰਦੀ ਅਨੁਸਾਰ ਸ਼੍ਰੀ ਰਾਜਿੰਦਰ ਸਿੰਘ ਪੁੱਤਰ ਸ਼੍ਰੀ ਬਚਨ ਸਿੰਘ ਦੀ ਮਲਕੀਅਤ ਹੈ। ਬਚਨ ਸਿੰਘ ਜਿਸਦੀ ਪੂਰਬੀ ਹੱਦ ਹੈ: ਪ੍ਰੇਮ ਗੋਇਲ (34'-0"): ਗਲੀ (34'-0"), ਉੱਤਰ: ਭਗਵਾਨ ਦਾਸ (52'-0"), ਦੱਖਣ: ਗਲੀ (52'-0") ਖਰੀਦ (ਸਰਸਾਈ ਆਈਡੀ :400010761584) ਦੁਆਰਾ। ਵਿਕਰੀ ਡੀਡ ਅਨੁਸਾਰ ਹੱਦਾਂ:- ਪੂਰਬ: ਸੜਕ (10'-0"), ਪੱਛਮ: ਸੜਕ (10'-0"), ਉੱਤਰ: ਅਮਰਨਾਥ ਦੀ ਦੁਕਾਨ ਨੰਬਰ 17-ਬੀ (125'-0"), ਦੱਖਣ: ਮੁੰਨਾ ਲਾਲ ਐਂਡ ਕੰਪਨੀ ਦੀ ਦੁਕਾਨ ਨੰਬਰ 16 ਏ (125'-0") ਅਸਲ ਹੱਦ ਅਨੁਸਾਰ | Rs. 4,96,640.24 (ਰੁ. ਚਾਰ ਲੱਖ ਛਿਆਨਵੇਂ ਹਜ਼ਾਰ ਛੇ ਸੌ ਚਾਲੀ ਅਤੇ ਚੌਵੀ ਪੈਸੇ ਕੇਵਲ) ਮੰਗ ਸੂਚਨਾ ਦੀ ਮਿਤੀ ਅਨੁਸਾਰ ਜਮ੍ਹਾਂ ਸੂਚਨਾ ਦੀ ਮਿਤੀ ਤੋਂ ਵਿਆਜ ਅਤੇ ਲਾਗਤ, ਮਨਫੀ ਇਸ ਉਪਰੰਤ ਅਦਾ ਕੀਤੀ ਰਕਮ, ਜੇਕਰ ਕੋਈ ਹੈ। | 13.06.2025 at ਦੁ. 12.00 ਤੋਂ ਸ਼ਾਮ 05.00 ਵਜੇ ਤੱਕ (10 ਮਿੰਟ ਦੇ ਅਸੀਮਿਤ ਸਵੈ ਵਾਧਿਆ ਸਮੇਤ) | Rs. 5,70,000/- (ਰੁ. ਪੰਜ ਲੱਖ ਸੱਤਰ ਹਜ਼ਾਰ ਕੇਵਲ) | Rs. 57,000/- (ਰੁ. ਸਤਵੰਜਾ ਹਜ਼ਾਰ ਕੇਵਲ) |
| 4. | ਮਾਨਸਾ ਸ਼ਾਖਾ M-7024143369 | ਕਰਜ਼ਦਾਰ: 1. ਸ਼੍ਰੀ. ਬਿੱਕਰ ਸਿੰਘ ਪੁੱਤਰ ਸ਼੍ਰੀ. ਰਾਜ ਸਿੰਘ, ਮਕਾਨ ਨੰ. 781, ਗਲੀ ਨੰ. 2, ਨੇੜੇ ਕੋਰਟ ਰੋਡ ਮਾਨਸਾ, ਤਹਿਸੀਲ ਅਤੇ ਜ਼ਿਲ੍ਹਾ ਮਾਨਸਾ, ਪਿੰਨ -151505 (ਪੰਜਾਬ) 2. ਸ਼੍ਰੀਮਤੀ ਬਲਵਿੰਦਰ ਕੌਰ ਪਤਨੀ ਸ਼੍ਰੀ ਬਿੱਕਰ ਸਿੰਘ, ਮਕਾਨ ਨੰ. 781, ਗਲੀ ਨੰ. 2, ਨੇੜੇ ਕੋਰਟ ਰੋਡ ਮਾਨਸਾ, ਤਹਿਸੀਲ ਅਤੇ ਜ਼ਿਲ੍ਹਾ ਮਾਨਸਾ, ਪਿੰਨ 151505 (ਪੰਜਾਬ), ਜ਼ਾਮਨ (ਾਂ): 1. ਸ੍ਰੀ. ਹਰਵਿੰਦਰ ਸਿੰਘ ਪੁੱਤਰ ਸ਼੍ਰੀ. ਗੁਰਮੇਲ ਸਿੰਘ, ਚੁਗਲੀ ਘਰ ਨੇੜੇ, ਰਾਧਰ ਕਾ ਮੁਹੱਲਾ, ਵਾਰਡ ਨੰ. 20, ਤਹਿਸੀਲ ਅਤੇ ਜ਼ਿਲ੍ਹਾ ਮਾਨਸਾ, ਪਿੰਨ- 151505 (ਪੰਜਾਬ) | 2084 ਵਰਗ ਫੁੱਟ (7.64 ਮਰਲੇ ਜਾਂ 231 ਵਰਗ ਗਜ਼) ਦੀ ਰਿਹਾਇਸ਼ੀ ਇਮਾਰਤ ਦਾ ਸਾਰਾ ਹਿੱਸਾ, ਵਾਰਡ ਨੰਬਰ 7, ਅੰਦਰ ਗਲੀ ਨੰਬਰ 2, ਕੋਰਡ ਦਾ ਟਿੱਬਾ ਵਾਲੀ ਗਲੀ, ਅੰਦਰ ਨਿਊ ਕੋਰਟ ਰੋਡ, ਮਾਨਸਾ, ਜ਼ਿਲ੍ਹਾ ਮਾਨਸਾ ਵਿਖੇ ਸਥਿਤ, ਵਿਕਰੀ ਡੀਡ ਅਨੁਸਾਰ ਹੱਦਾਂ ਦੇ ਅਨੁਸਾਰ:- ਪੂਰਬ: ਗਲੀ ਕੋਹਰ ਦਾ ਟਿੱਬਾ, ਪੱਛਮ: ਦਰਸ਼ਨ ਸਿੰਘ, ਉੱਤਰ: ਮਾਇਆ ਦੇਵੀ, ਦੱਖਣ: ਮਾਲਕ | Rs. 15,61,304/- (ਰੁ. ਪੰਦਰਾਂ ਲੱਖ ਇਕਾਹਠ ਹਜ਼ਾਰ ਤਿੰਨ ਸੌ ਚਾਰ ਕੇਵਲ) ਮੰਗ ਸੂਚਨਾ ਦੀ ਮਿਤੀ ਅਨੁਸਾਰ ਜਮ੍ਹਾਂ ਸੂਚਨਾ ਦੀ ਮਿਤੀ ਤੋਂ ਵਿਆਜ ਅਤੇ ਲਾਗਤ, ਮਨਫੀ ਇਸ ਉਪਰੰਤ ਅਦਾ ਕੀਤੀ ਰਕਮ, ਜੇਕਰ ਕੋਈ ਹੈ। | 13.06.2025 ਦੁ. 12.00 ਤੋਂ ਸ਼ਾਮ 05.00 ਵਜੇ ਤੱਕ (10 ਮਿੰਟ ਦੇ ਅਸੀਮਿਤ ਸਵੈ ਵਾਧਿਆ ਸਮੇਤ) | Rs. 10,80,000/- (ਰੁ. ਦਸ ਲੱਖ ਅੱਸੀ ਹਜ਼ਾਰ ਕੇਵਲ) | Rs. 1,08,000/- (ਰੁ. ਇਕ ਲੱਖ ਅੱਠ ਹਜ਼ਾਰ ਕੇਵਲ) |
| 5. | ਪਟਿਆਲਾ ਸ਼ਾਖਾ M-7024143369 | ਕਰਜ਼ਦਾਰਾਂ : (ਏ) ਗੋਪਾਲ ਪ੍ਰਸਾਦ ਸਿੰਘ ਸਪੁੱਤਰ ਲੰਕੇਸ਼ ਪ੍ਰਸਾਦ ਸਿੰਘ ਮਕਾਨ ਨੰਬਰ ਸੀ-43, ਗਿੱਲ ਇਨਕਲੇਵ, ਪਿੰਡ ਮਹਿਮਦਪੁਰ ਰਈਆਂ, ਪਟਿਆਲਾ, ਪੰਜਾਬ-147001, **(ਬੀ) ਲਲੀਤਾ ਦੇਵੀ ਪਤਨੀ ਗੋਪਾਲ ਪ੍ਰਸਾਦ ਸਿੰਘ** ਮਕਾਨ ਨੰਬਰ ਸੀ-43, ਗਿੱਲ ਇਨਕਲੇਵ, ਪਿੰਡ ਮਹਿਮਦਪੁਰ ਰਈਆਂ, ਪਟਿਆਲਾ, ਪੰਜਾਬ-147001। | ਵਿਕਰੀ ਡੀਡ ਨੰਬਰ 4178 ਮਿਤੀ 13-06-2016 ਦੇ ਅਨੁਸਾਰ ਸ਼੍ਰੀ ਗੋਪਾਲ ਪ੍ਰਸਾਦ ਸਿੰਘ ਦੀ ਮਲਕੀਅਤ ਮਹਿਮੂਦਪੁਰ ਰਈਆ, ਗਿੱਲ ਐਨਕਲੇਵ, ਤਹਿਸੀਲ ਅਤੇ ਜ਼ਿਲ੍ਹਾ ਪਟਿਆਲਾ ਵਿਖੇ ਸਥਿਤ ਰਿਹਾਇਸ਼ੀ ਮਕਾਨ ਨੰਬਰ 43 ਦਾ ਸਾਰਾ ਹਿੱਸਾ, ਜੋ ਕਿ ਸਾਲ 2015-2016 ਦੀ ਜਮ੍ਹਾਂਬੰਦੀ ਅਨੁਸਾਰ ਹੈ, ਜਿਸ ਵਿੱਚ ਖੇਵਟ ਨੰਬਰ 5, ਖਤੌਨੀ ਨੰਬਰ 5 ਖਸਰਾ ਨੰਬਰ 1(3-10), 2(5-4), 3(3-7), 4(3-8), 5(7-14), 245/6/2(0-2), 245/6/3(1-0), 246/6/2(0-6), ਕਿਤੇ 8 ਸ਼ਾਮਲ ਹਨ, ਕੁੱਲ ਜ਼ਮੀਨ 24 ਬਿੱਘੇ 11 ਬਿਸਵੇ ਹੈ ਅਤੇ ਜਿਸ ਵਿੱਚੋਂ ਕਰਜ਼ਦਾਰ ਦਾ ਹਿੱਸਾ 212/491 ਹੈ ਭਾਵ 0-2 1/2 ਬਿਸਵੇ 127 ਵਰਗ ਗਜ਼ ਹੈ ਅਤੇ CERSAI ID:400055762806. ਵਿਕਰੀ ਡੀਡ ਅਨੁਸਾਰ ਹੱਦਬੰਦੀ :- ਪੂਰਬ: ਪਲਾਟ ਕਿਰਨ ਸਾਈਡ 48' ਪੱਛਮ: ਖਾਲੀ ਪਲਾਟ, ਸਾਈਡ 42' ਉੱਤਰ: ਖਾਲੀ ਪਲਾਟ, ਦੱਖਣ: ਸੜਕ 20', ਸਾਈਡ 24' | ਰੁ. 18,97,663.54 (ਰੁ. ਅਠਾਰਾਂ ਲੱਖ ਸਤਾਨਵੇਂ ਹਜ਼ਾਰ ਛੇ ਸੌ ਤਰੇਂਹਠ ਅਤੇ ਚੁਰੰਜਾ ਪੈਸੇ ਕੇਵਲ) ਮੰਗ ਸੂਚਨਾ ਦੀ ਮਿਤੀ ਅਨੁਸਾਰ ਜਮ੍ਹਾਂ ਸੂਚਨਾ ਦੀ ਮਿਤੀ ਤੋਂ ਵਿਆਜ ਅਤੇ ਲਾਗਤ, ਮਨਫੀ ਇਸ ਉਪਰੰਤ ਅਦਾ ਕੀਤੀ ਰਕਮ, ਜੇਕਰ ਕੋਈ ਹੈ। | 13.06.2025 ਦੁ. 12.00 ਤੋਂ ਸ਼ਾਮ 05.00 ਵਜੇ ਤੱਕ (10 ਮਿੰਟ ਦੇ ਅਸੀਮਿਤ ਸਵੈ ਵਾਧਿਆ ਸਮੇਤ) | Rs.23,50,000/- (ਰੁ. ਤੇਈ ਲੱਖ ਪੰਜਾਹ ਹਜ਼ਾਰ ਕੇਵਲ) | Rs. 2,35,000/- (ਰੁ. ਦੋ ਲੱਖ ਪੈਂਤੀ ਹਜ਼ਾਰ ਕੇਵਲ) |

1. ਪੰਜੀਕਰਨ ਸਬੰਧੀ ਸੁਆਲਾਂ ਦੇ ਲਈ**https://baanknet.com** 'ਤੇ ਈ-ਮੇਲ ਕਰੋ। 2. ਬਿਆਨਾ ਰਕਮ ਭੁਗਤਾਨ/ਰੀਫੰਡ ਸਬੰਧੀ ਸੁਆਲਾਂ ਦੇ ਲਈ **https://baanknet.com** 'ਤੇ ਈ-ਮੇਲ ਕਰੋ। 3. ਪੰਜੀਕਰਨ ਅਤੇ ਲਾਗਇਨ ਅਤੇ ਬੋਲੀ ਨਿਯਮਾਂ ਦੇ ਲਈ **https://baanknet.com** ਦੇਖੋ ਅਤੇ **'Buyer Guide for Login and Registration'** 'ਤੇ ਕਲਿੱਕ ਕਰੋ। 4. ਇੱਛੁਕ ਬੋਲੀਕਾਰ **ਪੀਐਸਬੀ ਅਲਾਇੰਸ ਪ੍ਰਾ. ਲਿਮ.** (**https://baanknet.com**) ਤੋਂ ਈ-ਨਿਲਾਮੀ ਦੇ ਸੰਚਾਲਾਨਤਮਕ ਹਿੱਸੇ 'ਤੇ ਈ-ਨਿਲਾਮੀ ਸਹਾਇਤਾ ਮੈਨੂਅਲ ਦੇ ਨਿਯਮ ਅਤੇ ਸ਼ਰਤਾਂ, ਵਿਕਰੀ ਸੂਚਨਾ ਦੇ ਉਤਾਰੇ ਮੁਫ਼ਤ ਵਿਚ ਡਾਊਨਲੋਡ ਕਰ ਸਕਦੇ ਹਨ। 5. ਮੋਬਾਇਲ ਨੰਬਰ ਅਤੇ ਈ-ਮੇਲ ਆਈ. ਡੀ. ਦੀ ਵਰਤੋਂ ਕਰਦੇ ਹੋਏ ਈ-ਨਿਲਾਮੀ ਪੋਰਟਲ **https://baanknet.com** 'ਤੇ ਪੰਜੀਕਰਨ ਕਰੋ। 6. ਬੋਲੀਕਾਰ ਦੇ ਗਲੋਬਲ ਈਐਮਡੀ ਵੈਲੇਟ ਵਿਚ ਲੋੜੀਂਦੇ ਕੇਵਾਈਸੀ ਦਸਤਾਵੇਜ਼, ਸਧਾਰਨ ਚਲਾਨ ਅਤੇ ਟਰਾਂਸਫਰ ਈਐਮਡੀ ਰਾਸ਼ੀ ਅਪਲੋਡ ਕਰੋ। 7. ਬੋਲੀ ਪੇਸ਼ਕਸ਼ ਨਿਲਾਮੀ ਦੀ ਮਿਤੀ ਅਤੇ ਸਮੇਂ ਨੂੰ ਆਨਲਾਈਨ ਵਿਧੀ ਰਾਹੀਂ ਕੀਤੀ ਜਾਵੇਗੀ। 8. ਸਫਲ ਬੋਲੀ ਦੀ ਸੂਰਤ ਵਿਚ, ਬਕਾਇਆ ਬੋਲੀ ਰਕਮ ਨਿਮਨ ਦਰਸਾਏ ਨਿਯਮਾਂ ਅਨੁਸਾਰ ਅਦਾ ਕੀਤੀ ਜਾਵੇਗੀ। 9. ਅਸਫਲ ਬੋਲੀ ਦੇ ਮਾਮਲੇ ਵਿਚ, ਰੀਫੰਡ ਦੇ ਲਈ ਬਿਨੈ **ਪੀਐਸਬੀ ਅਲਾਇੰਸ ਪ੍ਰਾ. ਲਿਮ.** (**https://baanknet.com**) 'ਤੇ ਕੀਤਾ ਜਾਵੇਗਾ ਅਤੇ ਰੀਫੰਡ **ਪੀਐਸਬੀ ਅਲਾਇੰਸ ਪ੍ਰਾ. ਲਿਮ.** ਵੱਲੋਂ ਸਿੱਧੇ ਤੌਰ 'ਤੇ ਕੀਤਾ ਜਾਵੇਗਾ। 10. ਬੋਲੀਕਾਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਈ-ਨਿਲਾਮੀ ਵਿਕਰੀ ਪ੍ਰਕਿਰਿਆ ਵਿਚ ਭਾਗ ਲੈਣ ਅਤੇ ਆਪਣੀਆਂ ਬੋਲੀਆਂ ਪੇਸ਼ ਕਰਨ ਤੋਂ ਪਹਿਲਾਂ ਨਿਲਾਮੀ ਵਿਕਰੀ ਦੇ ਵਿਸਥਾਰਤ ਨਿਯਮ ਅਤੇ ਸ਼ਰਤਾਂ ਦੇ ਲਈ ਵੈਬਸਾਈਟ **https://baanknet.com** ਅਤੇ **www.unionbankofindia.co.in** ਨੂੰ ਦੇਖ ਲਓ। 11. ਸਫਲ ਬੋਲੀਕਾਰ ਨੂੰ ਈ-ਨਿਲਾਮੀ ਪ੍ਰਕਿਰਿਆ ਦੇ ਬੰਦ ਹੋਣ ਉਪਰੰਤ ਈ-ਮੇਲ ਰਾਹੀਂ ਸੂਚਿਤ ਕੀਤਾ ਜਾਵੇਗਾ।

**ਵਿਧਾਨਕ ਵਿਆਜ (ਲਾਗੂਕਰਨ) ਨਿਯਮਾਂਵਲੀ 2002 ਦੇ ਨਿਯਮ 8 (6) ਨਿਯਮ 9 (1) ਦੇ ਅਧੀਨ 15/30 ਰੋਜ਼ਾ ਵਿਧਾਨਕ ਵਿਕਰੀ ਸੂਚਨਾ**

ਮਿਤੀ : 27.05.2025 — ਅਧਿਕਾਰਤ ਅਧਿਕਾਰੀ (ਯੂਨੀਅਨ ਬੈਂਕ ਆਫ ਇੰਡੀਆ)



## ਯੂਨੀਅਨ ਬੈਂਕ ਆਫ ਇੰਡੀਆ — Union Bank of India

ਭਾਰਤ ਸਰਕਾਰ ਦਾ ਇਕ ਅਦਾਰਾ — A Government of India Undertaking

**ਖੇਤਰੀ ਦਫਤਰ : 41/1, ਵਾਲੀਆ ਕੰਪਲੈਕਸ, ਆਤਮ ਨਗਰ, ਦੁੱਗਰੀ ਰੋਡ, ਲੁਧਿਆਣਾ-141003**

**ਈ-ਨਿਲਾਮੀ ਦੀ ਮਿਤੀ ਅਤੇ ਸਮਾਂ 13.06.2025 ਨੂੰ ਦੁਪਹਿਰ 12.00 ਵਜੇ ਤੋਂ ਸ਼ਾਮ 05.00 ਵਜੇ ਦੇ ਵਿਚਾਲੇ**

**ਈ-ਨਿਲਾਮੀ ਵਿਕਰੀ ਸੂਚਨਾ**

### ਅਚੱਲ ਸੰਪੱਤੀਆਂ ਦੀ ਵਿਕਰੀ ਲਈ ਵਿਕਰੀ ਸੂਚਨਾ

**ਈ-ਨਿਲਾਮੀ ਦੀ ਮਿਤੀ ਅਤੇ ਸਮਾਂ 13.06.2025 ਨੂੰ ਦੁਪਹਿਰ 12.00 ਵਜੇ ਤੋਂ ਸ਼ਾਮ 05.00 ਵਜੇ ਦੇ ਵਿਚਾਲੇ (10 ਮਿੰਟ ਦੇ ਅਸੀਮਿਤ ਸਵੈ ਵਾਧਿਆਂ ਸਮੇਤ)**
**ਬਿਆਨਾ ਰਕਮ ਜਮ੍ਹਾਂ ਕਰਨ ਦੀ ਆਖ਼ਰੀ ਮਿਤੀ ਈ-ਨਿਲਾਮੀ ਦੀ ਸ਼ੁਰੂਆਤ ਨੂੰ ਜਾਂ ਪਹਿਲਾਂ**

ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 8 (6) ਦੀ ਵਿਵਸਥਾ ਨਾਲ ਪੜ੍ਹੇ ਜਾਣ ਵਾਲੇ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੇ ਅਧੀਨ ਅਚੱਲ ਸੰਪੱਤੀਆਂ/ਅਸਾਸਿਆਂ ਦੀ ਵਿਕਰੀ ਦੇ ਲਈ ਈ-ਨਿਲਾਮੀ ਵਿਕਰੀ ਸੂਚਨਾ। ਜਨਤਾ ਨੂੰ ਆਮ ਕਰਕੇ ਅਤੇ ਕਰਜ਼ਦਾਰ(ਾਂ) ਅਤੇ ਜ਼ਾਮਨ (ਾਂ) ਨੂੰ ਵਿਸ਼ੇਸ਼ ਕਰਕੇ ਇਥੇ ਸੂਚਨਾ ਦਿੱਤੀ ਜਾਂਦੀ ਹੈ ਕਿ ਸੁਰੱਖਿਅਤ ਕਰਜ਼ਦਾਤਾ ਕੋਲ ਗਿਰਵੀ/ਬੰਦੀ ਨਿਮਨ ਦਰਸਾਈ ਅਚੱਲ ਸੰਪੱਤੀ, ਜਿਸ ਦਾ ਉਸਾਰੂ/ਭੌਤਿਕ ਕਬਜ਼ਾ ਯੂਨੀਅਨ ਬੈਂਕ ਆਫ ਇੰਡੀਆ/ਸੁਰੱਖਿਅਤ ਕਰਜ਼ਦਾਤਾ ਦੇ ਅਧਿਕਾਰਤ ਅਧਿਕਾਰੀ ਵੱਲੋਂ ਲਿਆ ਗਿਆ ਹੈ, ਦੀ ਵਿਕਰੀ ਸਬੰਧਤ ਕਰਜ਼ਦਾਰ (ਾਂ) ਅਤੇ ਜ਼ਾਮਨ (ਾਂ) ਤੋਂ ਬੈਂਕ/ਸੁਰੱਖਿਅਤ ਕਰਜ਼ਦਾਤਾ ਵੱਲ ਬਕਾਇਆ ਰਕਮ ਦੀ ਵਸੂਲੀ ਦੇ ਲਈ 13.06.2025 ਨੂੰ "ਜਿਵੇਂ ਹੈ ਜਿਥੇ ਹੈ", "ਜਿਵੇਂ ਹੈ ਜੋ ਹੈ" ਅਤੇ "ਜੋ ਵੀ ਉਥੇ ਹੈ" ਅਧਾਰ 'ਤੇ ਕੀਤੀ ਜਾਵੇਗੀ। **ਰਾਖਵੀਂ ਕੀਮਤ ਅਤੇ ਬਿਆਨਾ ਰਕਮ ਜਮ੍ਹਾਂ ਸੰਬੰਧਤ ਸੰਪੱਤੀਆਂ ਦੇ ਅਧੀਨ ਨਿਮਨ ਸਾਰਣੀ ਵਿਚ ਦਰਸਾਏ ਅਨੁਸਾਰ ਹੋਵੇਗੀ। ਆਨਲਾਈਨ ਈ-ਨਿਲਾਮੀ 10 ਮਿੰਟਾਂ ਦੇ ਅਸੀਮਿਤ ਵਾਧੇ ਸਮੇਤ ਉਕਤ ਦਰਸਾਈ ਮਿਤੀ ਅਤੇ ਸਮੇਂ 'ਤੇ ਵੈਬ ਪੋਰਟਲ/ਵੈਬਸਾਈਟ : https://baanknet.com ਰਾਹੀਂ ਆਯੋਜਿਤ ਕੀਤੀ ਜਾਵੇਗੀ।**

| ਲ. ਨੰ. | ਸ਼ਾਖਾ ਖਾਤਾ, ਕਰਜ਼ਦਾਰ/ਾਂ/ਜ਼ਾਮਨ/ਾਂ/ ਆਦਿ ਦਾ ਨਾਮ | ਬਕਾਇਆ ਰਕਮ | ਸੰਪੱਤੀਆਂ ਦੇ ਵੇਰਵੇ | ਰਾਖਵੀਂ ਕੀਮਤ | ਬਿਆਨਾ ਰਕਮ | ਬੋਲੀ ਵਾਧਾ ਰਕਮ |
|---|---|---|---|---|---|---|
| 1. | ਬੀਆਰਐਸ ਨਗਰ, ਲੁਧਿਆਣਾ M. No. 77174 57391<br>**ਕਰਜ਼ਦਾਰ ਅਤੇ ਗਿਰਵੀਕਾਰ: ਸੁਖਦੇਵ ਸਿੰਘ** ਸਪੁੱਤਰ ਮਹਿੰਦਰ ਸਿੰਘ, ਮਕਾਨ ਨੰ. 218, ਨੇੜੇ ਸਰਕਾਰੀ ਮਿਡਲ ਸਕੂਲ, ਗਿਆਸਪੁਰ ਕਲਾਂ, ਲੁਧਿਆਣਾ, **ਸਹਿ-ਕਰਜ਼ਦਾਰ :ਹਰਦੇਵ ਸਿੰਘ** ਸਪੁੱਤਰ ਮਹਿੰਦਰ ਸਿੰਘ, ਮਕਾਨ ਨੰ. 218, ਨੇੜੇ ਸਰਕਾਰੀ ਮਿਡਲ ਸਕੂਲ, ਗਿਆਸਪੁਰ ਕਲਾਂ, ਲੁਧਿਆਣਾ | Rs. 24,76,614.42<br>31.08.2024 ਅਨੁਸਾਰ ਜਮ੍ਹਾ ਵਿਆਜ | ਸ੍ਰੀ ਸੁਖਦੇਵ ਸਿੰਘ ਸਪੁੱਤਰ ਮਹਿੰਦਰ ਸਿੰਘ ਅਤੇ ਹਰਦੇਵ ਸਿੰਘ ਸਪੁੱਤਰ ਮਹਿੰਦਰ ਸਿੰਘ ਦੇ ਨਾਮ 'ਤੇ 33 ਫੁੱਟ ਰੋਡ, ਨੇੜੇ ਪਾਰਕ, ਗਿਆਸਪੁਰਾ, ਲੁਧਿਆਣਾ ਵਿਖੇ 200 ਵਰਗ ਗਜ਼ ਮਾਪ ਵਾਲੇ ਪਲਾਟ 'ਤੇ ਨਿਰਮਿਤ ਬਿਲਡਿੰਗ ਵਾਲੀ ਸੰਪੱਤੀ ਨੰ. ਬੀ-29-317/15 ਮਾਪ ਵਾਲੀ ਰਿਹਾਇਸ਼ੀ ਸੰਪੱਤੀ ਦੀ ਈਐਮ। **ਹੱਦਬੰਦੀ: ਪੂਰਬ:** ਗੁਆਂਢੀ, **ਪੱਛਮ:** ਹਮੀਰ ਸਿੰਘ, **ਉੱਤਰ:** ਪ੍ਰੀਤਮ ਸਿੰਘ, **ਦੱਖਣ:** ਗਲੀ 11 ਫੁੱਟ ਚੌੜੀ।<br>**ਕਬਜ਼ੇ ਦੀ ਕਿਸਮ:** ਸੰਕੇਤਕ। | Rs. 20,50,000/- | Rs. 2,05,000/- | Rs. 20,000/- |
| 2. | ਦੋਰਾਹਾ, Mob. No. 98713 09839<br>**ਕਰਜ਼ਦਾਰ/ਗਿਰਵੀਕਾਰ: ਸ੍ਰੀ ਜੀਵਚ ਪ੍ਰਸ਼ਾਦ** ਸਪੁੱਤਰ ਸ੍ਰੀ ਰਾਮ ਲਖਨ, ਕਦੋ ਚੌਂਕ, ਅਰਾਈਚਾ ਰੋਡ, ਦੋਰਾਹਾ, ਤਹਿਸੀਲ ਪਾਇਲ, ਜ਼ਿਲ੍ਹਾ ਲੁਧਿਆਣਾ-141421, **ਸਹਿ-ਕਰਜ਼ਦਾਰ-1. ਸ੍ਰੀ ਰਾਮ ਬਾਲਕ ਸਿੰਘ** ਸਪੁੱਤਰ ਸ੍ਰੀ ਰਾਮ ਲਖਨ ਕਦੋ ਚੌਂਕ, ਅਰਾਈਚਾ ਰੋਡ, ਦੋਰਾਹਾ, ਤਹਿਸੀਲ ਪਾਇਲ, ਜ਼ਿਲ੍ਹਾ ਲੁਧਿਆਣਾ-141421, **2. ਸ੍ਰੀਮਤੀ ਬੀਨਾ ਦੇਵੀ** ਸੁਪਤਨੀ ਸ੍ਰੀ ਜੀਵਚ ਪ੍ਰਸਾਦ, ਕਦੋ ਚੌਂਕ, ਅਰਾਈਚਾ ਰੋਡ, ਦੋਰਾਹਾ, ਤਹਿਸੀਲ ਪਾਇਲ, ਜ਼ਿਲ੍ਹਾ ਲੁਧਿਆਣਾ-141421, | Rs. 13,11,317.58<br>31.08.2024 ਅਨੁਸਾਰ ਜਮ੍ਹਾ ਵਿਆਜ | ਸ੍ਰੀ ਜੀਵਚ ਪ੍ਰਸਾਦ ਅਤੇ ਸ੍ਰੀ ਰਾਮ ਬਾਲਕ ਸਿੰਘ ਦੇ ਨਾਮ 'ਤੇ ਮਾਲੀਆ ਅਸਟੇਟ ਪਿੰਡ ਅਰਾਈਚਾਂ, ਮਕਾਨ ਨੰ. 248, ਤਹਿਸੀਲ ਪਾਇਲ, ਜ਼ਿਲ੍ਹਾ ਲੁਧਿਆਣਾ ਵਿਖੇ ਜਮ੍ਹਾਂਬੰਦੀ ਸਾਲ 2011-12 ਅਨੁਸਾਰ ਖਾਤਾ ਨੰ. 84/81/128, ਖਸਰਾ ਨੰ. 1214 (7-19), 1271/1213 (2-5) ਵਿੱਚ ਸ਼ਾਮਲ 10ਬੀ-4ਬੀ ਮਾਪ ਵਾਲੀ ਜ਼ਮੀਨ ਵਿਚੋਂ 0ਬੀ-1ਬੀ-10ਬੀ ਪੈਮਾਇਸ਼ ਵਾਲੀ ਰਿਹਾਇਸ਼ੀ ਸੰਪੱਤੀ। **ਹੱਦਬੰਦੀ: ਪੂਰਬ:** ਕਿਨੂੰ ਸਿੰਘ, **ਪੱਛਮ:** ਲਾਂਘਾ, **ਉੱਤਰ:** ਮੰਗਤ ਦਾ ਪਲਾਟ, **ਦੱਖਣ:** ਹਨੁਮਤ ਦਾ ਮਕਾਨ।<br>**ਕਬਜ਼ੇ ਦੀ ਕਿਸਮ:** ਸੰਕੇਤਕ। | Rs. 11,70,000/- | Rs. 1,17,000/- | Rs. 15,000/- |
| 3. | ਫਿਰੋਜ਼ਪੁਰ, M. No. 95576 75870<br>**ਕਰਜ਼ਦਾਰ (ਾਂ): ਮੈਸਰਜ਼ ਚੁਆਇਸ ਗਾਰਮੈਂਟਸ (ਪ੍ਰੋਪ. ਸੁਖਵਿੰਦਰ ਸਿੰਘ ਰਾਹੀਂ), ਦੁਕਾਨ ਨੰ. ਸੀਐਸ 11/161 (ਪੀ) ਚੂਚੀ ਚੌਂਕ, ਨੇੜੇ ਪੁਰਾਣਾ ਬਜ਼ਾਰ, ਫਿਰੋਜ਼ਪੁਰ ਸ਼ਹਿਰ - 152003. 2. ਸ੍ਰੀ. ਸੁਖਵਿੰਦਰ ਸਿੰਘ ਪੁੱਤਰ ਸ੍ਰੀ ਪਿੱਪਲ ਸਿੰਘ, ਮਕਾਨ ਨੰ. 53, ਪਿੰਡ ਅਤੇ ਡਾਕਖਾਨਾ ਟਿੱਬੀ ਖੁਰਦ ਮਮਦੋਟ, ਫਿਰੋਜ਼ਪੁਰ-152022 3. ਸ੍ਰੀ ਹਰਜਿੰਦਰ ਸਿੰਘ ਪੁੱਤਰ ਸ੍ਰੀ ਪਿੱਪਲ ਸਿੰਘ, ਮਕਾਨ ਨੰ. 53, ਪਿੰਡ ਅਤੇ ਡਾਕਖਾਨਾ ਟਿੱਬੀ ਖੁਰਦ ਮਮਦੋਟ, ਫਿਰੋਜ਼ਪੁਰ-152022। ਜ਼ਾਮਨ: ਸ੍ਰੀ ਬਲਦੇਵ ਸਿੰਘ ਪੁੱਤਰ ਸ੍ਰ. ਜਗੀਰ ਸਿੰਘ, ਮਕਾਨ ਨੰ. 86, ਪਿੰਡ ਕੁੱਤੀ, ਹੜ੍ਹਹਰਸਹਾਏ, ਫਿਰੋਜ਼ਪੁਰ-152022** | Rs. 28,12,409.65<br>30.09.2024 ਅਨੁਸਾਰ ਜਮ੍ਹਾ ਵਿਆਜ | ਵਿਕਰੀ ਡੀਡ ਵਸੀਕਾ ਨੰਬਰ 3800 ਮਿਤੀ 19.09.2012 ਦੇ ਅਧੀਨ ਸ੍ਰੀ ਸੁਖਵਿੰਦਰ ਸਿੰਘ ਅਤੇ ਸ੍ਰੀ ਹਰਜਿੰਦਰ ਸਿੰਘ ਦੇ ਨਾਮ 'ਤੇ ਚੂਚੀ ਚੌਂਕ, ਨੇੜੇ ਪੁਰਾਣਾ ਬਜ਼ਾਰ, ਫਿਰੋਜ਼ਪੁਰ ਸ਼ਹਿਰ ਵਿਖੇ ਸਥਿਤ 1.03 ਮਰਲੇ (12' x 23'-6") ਮਾਪ ਵਾਲੀ ਦੁਕਾਨ ਨੰਬਰ ਸੀਐਸ 11/16ਏ (ਪੀ)। ਹੱਦਾਂ:- ਪੂਰਬ - ਸ਼੍ਰੀਮਤੀ ਗਰੋਵਰ ਬਾਹੀ 12'3" ਪੱਛਮ-ਬਾਜ਼ਾਰ / ਰਸਤਾ ਬਾਹੀ 14'4" ਉੱਤਰੀ ਪਿਆਰੇ ਲਾਲ ਬਾਹੀ 23'6" ਦੱਖਣ-ਨੀਟਾ ਮੋਂਗਾ ਬਾਹੀ 3'6"। **ਕਬਜ਼ੇ ਦੀ ਕਿਸਮ : ਭੌਤਿਕ** | Rs. 21,20,000/- | Rs. 2,12,000/- | Rs. 20,000/- |
| 4. | ਫਿਰੋਜ਼ਪੁਰ, M. No. 95576 75870<br>**ਕਰਜ਼ਦਾਰ (ਾਂ):** 1. ਸ੍ਰੀ. ਹਰਜੀਤ ਸਿੰਘ ਪੁੱਤਰ ਸੋਹਣ ਸਿੰਘ, ਮਕਾਨ ਨੰ. 2, ਵਾਰਡ ਨੰ. 9, ਰੈੱਡ ਰੋਜ਼ ਐਵੇਨਿਊ, ਰਾਧਾ ਸਵਾਮੀ ਡੇਰੇ ਦੇ ਨੇੜੇ, ਫਿਰੋਜ਼ਪੁਰ, ਪੰਜਾਬ-152002, 2. ਸ਼੍ਰੀਮਤੀ ਸੀਤਾ ਬਾਈ ਪਤਨੀ ਹਰਜੀਤ ਸਿੰਘ, ਮਕਾਨ ਨੰ. 2, ਵਾਰਡ ਨੰ. 9, ਰੈੱਡ ਰੋਜ਼ ਐਵੇਨਿਊ, ਰਾਧਾ ਸਵਾਮੀ ਡੇਰੇ ਦੇ ਨੇੜੇ, ਫਿਰੋਜ਼ਪੁਰ, ਪੰਜਾਬ- 152002। 3. ਸ਼੍ਰੀ. ਗੁਰਦੀਪ ਸਿੰਘ ਪੁੱਤਰ ਸ਼੍ਰੀ. ਹਰਜੀਤ ਸਿੰਘ, ਮਕਾਨ ਨੰ. 2, ਵਾਰਡ ਨੰ. 9, ਰੈੱਡ ਰੋਜ਼ ਐਵੇਨਿਊ, ਰਾਧਾ ਸਵਾਮੀ ਡੇਰੇ ਦੇ ਨੇੜੇ, ਫਿਰੋਜ਼ਪੁਰ, ਪੰਜਾਬ-152002, 4. ਸ੍ਰੀ. ਜਸਵਿੰਦਰ ਸਿੰਘ ਪੁੱਤਰ ਸ਼੍ਰੀ ਦਰਸ਼ਨ ਸਿੰਘ, 231, ਗਲੀ ਨੰ. 01, ਬਸੰਤ ਵਿਹਾਰ, ਫਿਰੋਜ਼ਪੁਰ ਸ਼ਹਿਰ | Rs. 14,75,551.56<br>31.12.2024 ਨੂੰ ਜਮ੍ਹਾਂ ਵਿਆਜ ਅਤੇ ਹੋਰ ਖਰਚੇ। | ਟਾਈਟਲ ਡੀਡ ਨੰਬਰ 6770 ਮਿਤੀ 13.02.2003 ਅਨੁਸਾਰ ਹਰਜੀਤ ਸਿੰਘ ਅਤੇ ਸੀਤਾ ਬਾਈ ਦੇ ਨਾਮ 'ਤੇ 3.30 ਮਰਲੇ ਦੀ ਰਿਹਾਇਸ਼ੀ ਜਾਇਦਾਦ ਵਿੱਚ ਖੇਵਟ ਨੰਬਰ 2168 ਖਤੌਨੀ ਨੰਬਰ 6535 ਰੈਕਟ ਨੰਬਰ 167 ਐਮ ਕਿਲਾ ਨੰਬਰ 24/2/2 (4/8) 29(0/6), ਰੈਕਟ ਨੰਬਰ 168 ਕਿਲਾ ਨੰਬਰ 21 (0/4), ਰੈਕਟ ਨੰਬਰ 172 ਐਮ, ਕਿਲਾ ਨੰਬਰ 5/1(2/13) ਕੁੱਲ 7 ਕਨਾਲ 11 ਮਰਲੇ ਅਤੇ 14 ਮਰਲੇ ਦੀ ਜ਼ਮੀਨ 14/64 ਹਿੱਸੇ ਵਿੱਚ ਸ਼ਾਮਲ ਹੈ ਜਿਸ ਵਿੱਚ ਰੈਕਟ ਨੰਬਰ 172 ਮੀਟਰ, ਕਿਲਾ ਨੰਬਰ 4/2/1/1/2 (3/4) ਅਤੇ 8 ਮਰਲੇ ਦੀ ਜ਼ਮੀਨ 8/32 ਹਿੱਸੇ ਵਿੱਚ ਸ਼ਾਮਲ ਹੈ ਜਿਸ ਵਿੱਚ ਰੈਕਟ ਨੰਬਰ 168 ਮੀਟਰ, ਕਿਲਾ ਨੰਬਰ 20 (1/12) ਦੀ ਜ਼ਮੀਨ 1 ਕਨਾਲ 4 ਮਰਲੇ ਦੀ ਜ਼ਮੀਨ 24/88 ਹਿੱਸੇ ਵਿੱਚ ਸ਼ਾਮਲ ਹੈ ਜਿਸ ਵਿੱਚ ਰੈਕਟ ਨੰਬਰ 167 ਮੀਟਰ, ਕਿਲ੍ਹਾ ਨੰਬਰ 17/1/1 ਕੁੱਲ ਰਕਬਾ 9 ਕਨਾਲ 17 ਮਰਲੇ ਇਸਦਾ 31/1773 ਹਿੱਸਾ ਹੈ ਭਾਵ 0 ਕਨਾਲ 3.30 ਮਰਲੇ, ਇੱਛੇ ਵਾਲਾ ਰੋਡ ਰੈੱਡ ਰੋਜ਼ ਐਵੇਨਿਊ ਫਿਰੋਜ਼ਪੁਰ ਸ਼ਹਿਰ, ਐਚਬੀ ਨੰਬਰ 108 ਤਹਿਸੀਲ ਫਿਰੋਜ਼ਪੁਰ ਸ਼ਹਿਰ, ਜ਼ਿਲ੍ਹਾ ਫਿਰੋਜ਼ਪੁਰ 'ਤੇ ਸਥਿਤ ਵਿੱਚ ਬਣੀ ਇਮਾਰਤ। ਹੱਦਬੰਦੀ:- ਪੂਰਬ - ਦਰਬਾਰਾ ਸਿੰਘ ਦਾ ਪਲਾਟ, ਪੱਛਮ - ਦਰਬਾਰ ਸਿੰਘ ਦਾ ਪਲਾਟ, ਉੱਤਰ - ਗਲੀ, ਦੱਖਣ - ਸ਼੍ਰੀਮਤੀ ਵੀਨਾ ਦਾ ਪਲਾਟ। **ਕਬਜ਼ੇ ਦੀ ਕਿਸਮ: ਸੰਕੇਤਕ।** | Rs. 13,00,000/- | Rs. 1,30,000/- | Rs. 15,000/- |
| 5. | ਫਿਰੋਜ਼ਪੁਰ, M. No. 95576 75870<br>**ਕਰਜ਼ਦਾਰ :1. ਮੈਸ. ਸੁਖਦੇਵ ਸੀਮਿੰਟ ਸਟੋਰ (ਰਾਹੀਂ ਇਸ ਦੇ ਪ੍ਰੋਪ. ਸ੍ਰੀ ਰੌਸ਼ਨ ਲਾਲ),** ਰਾਜਘਾਟ ਰੋਡ, ਸਾਹਮਣੇ ਕਸੂਰੀ ਗੇਟ, ਨੇੜੇ ਸਿਮਲਾ ਟੌਲਕੀਜ਼, ਫਿਰੋਜ਼ਪੁਰ-152002, 2. ਸ੍ਰੀ ਰੋਸ਼ਨ ਲਾਲ ਸਪੁੱਤਰ ਸ੍ਰੀ ਬਨਾਰਸੀ ਦਾਸ, ਰਾਜਘਾਟ ਰੋਡ, ਸਾਹਮਣੇ ਕਸੂਰੀ ਗੇਟ, ਨੇੜੇ ਸਿਮਲਾ ਟੌਲਕੀਜ਼, ਫਿਰੋਜ਼ਪੁਰ-152002, 3. **ਬਨਾਰਸੀ ਦਾਸ ਪੁੱਤਰ ਸ੍ਰੀ ਬੁੱਧ ਰਾਮ,** ਰਾਜਘਾਟ ਰੋਡ, ਸਾਹਮਣੇ ਕਸੂਰੀ ਗੇਟ, ਨੇੜੇ ਸਿਮਲਾ ਟੌਲਕੀਜ਼, ਫਿਰੋਜ਼ਪੁਰ-152002, **ਜ਼ਾਮਨ : - ਸ੍ਰੀ ਸਵਰਨ ਸਿੰਘ** ਸਪੁੱਤਰ ਸ੍ਰੀ ਬਲਬੀਰ ਸਿੰਘ ਮਾਰਫਤ ਸਿਮਰਨ ਫਰਨੀਚਰ, ਓ/ਐਸ ਕਸੂਰੀ ਗੇਟ, ਨੇੜੇ ਸਿਬ ਕੰਨਿਆ ਸਕੂਲ, ਫਿਰੋਜ਼ਪੁਰ-152002 | Rs. 10,22,066.37<br>31.12.2024 ਨੂੰ ਜਮ੍ਹਾਂ ਵਿਆਜ ਅਤੇ ਹੋਰ ਖਰਚੇ। | ਵਿਕਰੀ ਡੀਡ ਵਸੀਕਾ ਨੰਬਰ 1540 ਮਿਤੀ 28.05.1992 ਦੇ ਅਧੀਨ ਸ਼੍ਰੀ ਬਨਾਰਸੀ ਦਾਸ ਦੇ ਨਾਮ 'ਤੇ 8 ਮਰਲੇ (2179.25 ਵਰਗ ਫੁੱਟ) ਦੇ ਪਲਾਟ ਉੱਤੇ ਬਣਿਆ ਰਿਹਾਇਸ਼ੀ ਮਕਾਨ ਜਿਸ ਦਾ ਮਕਾਨ ਨੰਬਰ ਈਐਸ-78-1-2 ਹੈ, ਕਸੂਰੀ ਗੇਟ ਦੇ ਬਾਹਰ, ਰਾਜਘਾਟ ਰੋਡ ਫਿਰੋਜ਼ਪੁਰ ਸ਼ਹਿਰ ਦੇ ਨੇੜੇਂ, ਰਾਹੀਂ ਸਥਿਤ ਹੈ। ਹੱਦਬੰਦੀ :- ਪੂਰਬ: ਨਰਾਇਣ ਕਬੀਰ ਬਹੀ 51'6", ਪੱਛਮ - ਮੁਖਤਿਆਰ ਸਿੰਘ ਬਹੀ ਦੀ ਜਾਇਦਾਦ 45', ਉੱਤਰ - ਮੁਖਤਿਆਰ ਸਿੰਘ ਬਹੀ ਦੀ ਜਾਇਦਾਦ 44', ਦੱਖਣ - ਬਗੀਚਾ ਸਿੰਘ ਬਹੀ 45'3" ਅਤੇ ਗਲੀ। ਕਬਜ਼ੇ ਦੀ ਕਿਸਮ: ਸੰਕੇਤਕ | Rs. 14,90,000/- | Rs. 1,49,000/- | Rs. 15,000/- |
| 6. | ਫਿਰੋਜ਼ਪੁਰ M. No. 95576 75870<br>ਕਰਜ਼ਦਾਰ ਅਤੇ ਗਿਰਵੀਕਾਰ: ਸ੍ਰੀ ਸੁਖਜਿੰਦਰ ਸਿੰਘ ਮੈਣੀ ਪੁੱਤਰ ਗੁਰਚਰਨ ਸਿੰਘ, ਪਲਾਟ ਨੰ. 75, ਇੰਪੀਰੀਅਲ ਐਨਕਲੇਵ, ਮੁਕਤਸਰ ਰੋਡ, ਮੰਡੀ ਗੁਰੂ ਹਰਸਹਾਏ-152022 ਜ਼ਾਮਨ: ਸ਼੍ਰੀ ਰਿਪਨ ਗਾਬਾ ਪੁੱਤਰ ਨਾਥ ਰਾਮ ਗਾਬਾ, ਮਕਾਨ ਨੰ. 437, ਕੀਰਤੀ ਨਗਰ, ਫਿਰੋਜ਼ਪੁਰ ਸਿਟੀ-152002। | Rs. 20,32,518.81<br>30.09.2024 ਅਨੁਸਾਰ ਜਮ੍ਹਾ ਵਿਆਜ | ਵਿਕਰੀ ਡੀਡ ਵਸੀਕਾ ਨੰਬਰ 2434 ਮਿਤੀ 16.12.2014 ਦੇ ਅਧੀਨ ਸ੍ਰੀ ਸੁਖਜਿੰਦਰ ਸਿੰਘ ਮੈਣੀ ਦੇ ਨਾਮ 'ਤੇ ਪਲਾਟ ਨੰਬਰ 75 'ਤੇ ਸਥਿਤ ਰਿਹਾਇਸ਼ੀ ਜਾਇਦਾਦ 8 ਮਰਲੇ 2 ਸਰਸਾਈ ਦਾ 74/11673 ਹਿੱਸਾ ਹੈ ਅਤੇ 64 ਕਨਾਲ 17 ਮਰਲੇ ਦਾ ਹਿੱਸਾ ਹੈ, ਜਿਸ ਵਿੱਚ ਰੈਕਟ ਨੰਬਰ 255, ਕਿਲਾ ਨੰਬਰ 6(8-0), 16/1 (4-0) ਸ਼ਾਮਲ, 16/2(4-0) ਰੈਕਟ ਨੰ. 256, ਕਿਲਾ ਨੰ. 10(9-16) 11(8-0), 12/2(2-7) 19(8-0) 20(8-0) 23(4-14) ਰੈਕਟ ਨੰ. 283. ਇੰਪੀਰੀਅਲ ਐਨਕਲੇਵ, ਗੁਰੂਹਰਸਹਾਏ ਡਰਮੇਆਣੀ, ਤਹਿਸੀਲ ਗੁਰੂਹਰਸਹਾਏ, ਜ਼ਿਲ੍ਹਾ ਫਿਰੋਜ਼ਪੁਰ ਦੇ ਖੇਤਰ ਵਿੱਚ 30' X 75' ਦਾ ਕਿਲਾ ਨੰਬਰ 5(8-0) ਪੂਰਬ: ਗਲੀ, ਪੱਛਮ: ਖਾਲੀ ਪਲਾਟ, ਉੱਤਰ: ਖਾਲੀ ਪਲਾਟ, ਦੱਖਣ: ਗਲੀ। **ਕਬਜ਼ੇ ਦੀ ਕਿਸਮ: ;ਸੰਕੇਤਕ ।** | Rs. 30,20,000/- | Rs. 3,02,000/- | Rs. 30,000/- |
| 7. | ਖਰੜ, M. No. 97792 45944<br>**ਕਰਜ਼ਦਾਰ ਅਤੇ ਗਿਰਵੀਕਾਰ: ਸ੍ਰੀ ਅਰਵਿੰਦ ਕੁਮਾਰ ਸਪੁੱਤਰ ਸ੍ਰੀ ਸਤਪਾਲ, ਫਲੈਟ ਨੰ. 191-ਬੀ ਪਹਿਲੀ ਮੰਜ਼ਿਲ, ਅਰਬਨ ਹੋਮਜ਼, ਨਿਊ ਅਜੀਤ ਕਲੋਨੀ ਪਿੰਡ ਖਰੜ, ਹੱਦਬਸਤ ਨੰ. 184 ਐਮਸੀ ਖਰੜ, ਤਹਿਸੀਲ ਖਰੜ, ਜ਼ਿਲ੍ਹਾ ਮੋਹਾਲੀ, ਸਹਿ ਭਾਈਵਾਲ : ਸ੍ਰੀ ਪਰਮਾਨੰਦ ਸਪੁੱਤਰ ਰੱਤੀ ਰਾਮ ਫਲੈਟ ਨੰ. 189-ਬੀ, ਪਹਿਲੀ ਮੰਜ਼ਿਲ, ਅਰਬਨ ਹੋਮਜ਼, ਨਿਊ ਅਜੀਤ ਕਲੋਨੀ ਪਿੰਡ ਖਰੜ, ਹੱਦਬਸਤ ਨੰ. 184 ਐਮਸੀ ਖਰੜ, ਤਹਿਸੀਲ ਖਰੜ, ਜ਼ਿਲ੍ਹਾ ਮੋਹਾਲੀ** | Rs. 15,54,879.52<br>30.09.2024 ਅਨੁਸਾਰ ਜਮ੍ਹਾ ਵਿਆਜ | ਸ੍ਰੀ ਅਰਵਿੰਦ ਕੁਮਾਰ ਦੇ ਨਾਮ 'ਤੇ ਜ਼ਮੀਨ ਅਤੇ ਇਮਾਰਤ - 750 ਵਰਗ ਗਜ਼ ਦਾ ਰਿਹਾਇਸ਼ੀ (ਅਣਵੰਡੇ ਫਲੈਟ ਏਰੀਆ3/4 ਮਰਲਾ), ਫਲੈਟ ਨੰਬਰ 191-ਬੀ, ਪਹਿਲੀ ਮੰਜ਼ਿਲ, ਅਰਬਨ ਹੋਮਜ਼, ਨਿਊ ਅਜੀਤ ਕਲੋਨੀ, ਪਿੰਡ ਖਰੜ, ਹਦਬਸਤ ਨੰਬਰ 184, ਐਮਸੀ ਖਰੜ, ਜ਼ਿਲ੍ਹਾ: ਮੋਹਾਲੀ ਵਿਖੇ ਸਥਿਤ, ਖੇਵਟ/ਖਤੌਨੀ ਨੰ: 397/405, ਖਸਰਾ ਨੰ: 54//24/2(1-9), 25/2(2-13), 25//4/1(2-17), 5/1( 5-11), ਹਦਬਸਤ ਨੰ: 184, ਪਿੰਡ ਖਰੜ ਅਤੇ ਇਸ ਤਰ੍ਹਾਂ ਹੱਦਬੰਦੀ: ਪੂਰਬੀ- ਫਲੈਟ ਨੰਬਰ 192 ਬੀ, ਪੱਛਮ- ਹਾਊਸ ਆਫ ਅਦਰ, ਉੱਤਰ-ਪਾਰਕਿੰਗ ਐਂਡ ਰੋਡ, ਹੋਰ ਦਾ ਦੱਖਣੀ-ਖਾਲੀ ਪਲਾਟ। **ਕਬਜ਼ੇ ਦੀ ਕਿਸਮ: ਸੰਕੇਤਕ।** | Rs. 26,10,000/- | Rs. 2,61,000/- | Rs. 25,000/- |
| 8. | ਮਾਡਲ ਟਾਊਨ, ਲੁਧਿਆਣਾ M. No. 82996 65893<br>ਕਰਜ਼ਦਾਰ (ਾਂ): ਸ੍ਰੀ ਸੰਜੀਵ ਕੁਮਾਰ ਪੁੱਤਰ ਸ੍ਰੀ ਕਰੋੜੀ ਮੱਲ, ਨਿਵਾਸੀ 158, ਰਾਜਪੂਤ ਪਬਲਿਕ ਸਕੂਲ, ਗੋਪਾਲ ਨਗਰ, ਹੈਬੋਵਾਲ ਕਲਾਂ, ਭਾਰਤ ਨਗਰ ਚੌਂਕ, ਲੁਧਿਆਣਾ - 141001, 2. ਸ਼੍ਰੀਮਤੀ ਪੂਜਾ ਰਾਣੀ ਪਤਨੀ ਸ੍ਰੀ ਸੰਜੀਵ ਕੁਮਾਰ, ਵਾਸੀ 158, ਰਾਜਪੂਤ ਪਬਲਿਕ ਸਕੂਲ, ਗੋਪਾਲ ਨਗਰ, ਹੈਬੋਵਾਲ ਕਲਾਂ, ਭਾਰਤ ਨਗਰ ਚੌਂਕ, ਲੁਧਿਆਣਾ-141001 | Rs. 11,65,592.36<br>31.12.2024 ਨੂੰ ਜਮ੍ਹਾਂ ਵਿਆਜ ਅਤੇ ਹੋਰ ਖਰਚੇ। | ਸ਼੍ਰੀ ਸੰਜੀਵ ਕੁਮਾਰ ਦੇ ਨਾਮ 'ਤੇ ਵਿਕਰੀ ਡੀਡ ਦੁਆਰਾ ਵਸੀਕਾ ਨੰਬਰ 8652 ਮਿਤੀ 19.11.2015 ਦੇ ਅਧੀਨ 100 ਵਰਗ ਗਜ਼ ਦੇ ਪਲਾਟ 'ਤੇ ਬਣੀ ਰਿਹਾਇਸ਼ੀ ਜਾਇਦਾਦ, ਜੋ ਕਿ ਪਵਿੱਤਰ ਨਗਰ, ਲੁਧਿਆਣਾ ਵਿੱਚ ਸਥਿਤ ਹੈ ਅਤੇ ਖਾਤਾ ਨੰਬਰ 1654/1863, ਖਸਰਾ ਨੰਬਰ 37//15 ਵਿੱਚ ਸ਼ਾਮਲ ਹੈ, ਜੋ ਕਿ ਪਿੰਡ ਹੈਬੋਵਾਲ ਕਲਾਂ, ਹੱਦਬਸਤ ਨੰਬਰ 102, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਦੀ 2011-12 ਦੀ ਜਮਾਂਬੰਦੀ ਵਿੱਚ ਦਰਜ ਹੈ,ਇਸ ਤਰ੍ਹਾਂ ਹੱਦਬੰਦੀ ਹੈ: ਪੂਰਬ-ਗਲੀ 18'0" ਤੱਕ, ਪੱਛਮੀ-ਖੁੱਲ੍ਹਾ ਪਲਾਟ 18'0" ਤੱਕ, ਉੱਤਰੀ ਗੁਆਂਢੀ 50'0" ਤੱਕ, ਦੱਖਣ-ਵਿਕਰੇਤਾ 50'0" ਤੱਕ।<br>**ਕਬਜ਼ੇ ਦੀ ਕਿਸਮ: ਸੰਕੇਤਕ ।** | Rs. 24,00,000/- | Rs. 2,40,000/- | Rs. 25,000/- |
| 9. | ਮੋਗਾ, Mob. No. 88894 33396<br>ਕਰਜ਼ਦਾਰ : ਦਿਲਬਾਗ ਸਿੰਘ ਪੁੱਤਰ ਹਰਜਿੰਦਰ ਸਿੰਘ, ਮਕਾਨ ਨੰ. 1298, ਗਲੀ ਨੰ. 6, ਅਹਟਾ ਬਦਨ ਸਿੰਘ ਮੋਗਾ 142001. ਸਵਰਗੀ ਸ੍ਰੀ ਗੁਰਮੀਤ ਸਿੰਘ ਪੁੱਤਰ ਹਰਜਿੰਦਰ ਸਿੰਘ (ਜਾਣਿਆ ਅਤੇ ਅਣਪਛਾਤੇ ਕਾਨੂੰਨੀ ਵਾਰਸਾਂ ਰਾਹੀਂ), ਮਕਾਨ ਨੰ: 1298, ਗਲੀ ਨੰ: 6, ਅਹਟਾ ਬਦਨ ਸਿੰਘ ਮੋਗਾ 142001, ਜ਼ਾਮਨ: ਹਰਦਿੱਤ ਸਿੰਘ ਪੁੱਤਰ ਅਜਮੇਰ ਸਿੰਘ, ਮਕਾਨ ਨੰ: 176, ਰਾਧਾ ਸੁਆਮੀ ਗਲੀ , ਕੈਂਪ ਰੋਡ, ਮੋਗਾ 142001। | Rs. 15,57,470.00<br>31.07.2023 ਦੇ ਅਨੁਸਾਰ ਜਮ੍ਹਾਂ ਵਿਆਜ | 4 ਮਰਲੇ 1 ਸਰਸਾਹੀ, ਮੋਗਾ ਮਹਿਲਾ ਸਿੰਘ-2 (ਅਧਿਆਪਕਾਂ ਦੀ ਕਲੋਨੀ ਵਜੋਂ ਜਾਣਿਆ ਜਾਂਦਾ ਇਲਾਕਾ, ਮੋਗਾ), ਨੇੜੇ ਬਹੋਨਾ ਚੌਂਕ, ਕੇ.ਕੇ.ਪੀ. ਬਾਈ ਰੋਡ, ਮੋਗਾ ਤੋਂ ਵਸੀਕਾ ਨੰ: 8036 ਮਿਤੀ 18.02.2014 ਦੇ ਖੇਤਰ ਵਿੱਚ ਸਥਿਤ ਰਿਹਾਇਸ਼ੀ ਜਾਇਦਾਦ, ਮਿਤੀ 18.02.2014 ਦਿਲਬਾਗ ਸਿੰਘ ਪੁੱਤਰ ਹਰਜਿੰਦਰ ਸਿੰਘ। ਪੂਰਬ: ਸੁਖਮੰਦਰ ਸਿੰਘ (40'), ਪੱਛਮ: ਨਰਪਿੰਦਰ ਕੌਰ (40'), ਉੱਤਰ: ਗਲੀ (28'1"), ਦੱਖਣ: ਪਿਛਲਾ ਮਾਲਕ (28'1")<br>ਕਬਜੇ ਦੀ ਕਿਸਮ: ਸੰਕੇਤਕ | Rs. 9,60,000/- | Rs. 96,000/- | Rs. 10,000/- |
| 10. | ਫਿਰੋਜ਼ਪੁਰ, M. No. 95576 75870<br>ਕਰਜ਼ਦਾਰ ਅਤੇ ਗਿਰਵੀਕਾਰ: ਸ੍ਰੀ ਪਰਮਜੀਤ ਸਿੰਘ ਪੁੱਤਰ ਮਿਰਜਾ ਸਿੰਘ, ਪਿੰਡ ਨਾਰੰਗ ਕੇ ਸਿਆਲ, ਡਾਕਖਾਨਾ ਕੈਨਾਲ ਕਲੋਨੀ, ਫਿਰੋਜ਼ਪੁਰ ਸਿਟੀ- 152002। ਜ਼ਾਮਨ: ਜਸਵੰਤ ਸਿੰਘ ਪੁੱਤਰ ਅਵਤਾਰ ਸਿੰਘ, ਮਕਾਨ ਨੰ: 657, ਬਰਟ ਰੋਡ, ਨੇੜੇ ਜੀਆਰਪੀ ਕਲੋਨੀ ਫਿਰੋਜ਼ਪੁਰ ਸਿਟੀ-152002 | Rs. 6,30,169.57<br>30.09.2024 ਅਨੁਸਾਰ ਜਮ੍ਹਾ ਵਿਆਜ | ਵਿਕਰੀ ਡੀਡ ਵਸੀਕਾ ਨੰਬਰ 3921 ਮਿਤੀ 12.11.2014 ਦੇ ਅਧੀਨ ਪਰਮਜੀਤ ਸਿੰਘ ਦੇ ਨਾਮ 'ਤੇ 3.72 ਮਰਲੇ ਦੇ ਪਲਾਟ 'ਤੇ ਰਿਹਾਇਸ਼ੀ ਜਾਇਦਾਦ 1 ਕਨਾਲ 6 ਮਰਲੇ ਜ਼ਮੀਨ ਦੀ ਮਾਪ ਦੀ ਜ਼ਮੀਨ ਦਾ 17/117 ਹਿੱਸਾ ਹੈ, ਜਿਸ ਵਿੱਚ ਖਸਰਾ ਨੰ./ਖੇਵਟ ਨੰ. 91/78, ਖਤੌਨੀ ਨੰ. 159, ਮੁਰਬਾ ਨੰ: 20, ਕਿਲਾ ਨੰ: 6/2/3 (1-6) ਸ਼ਾਮਲ, ਪਿੰਡ ਨੌਰੰਗ ਕੇ ਸਿਆਲ, ਫਿਰੋਜ਼ਪੁਰ, ਪੰਜਾਬ ਵੀਡ ਅਤੇ ਸੀਮਾ: ਪੂਰਬ: ਗਲੀ, ਪੱਛਮ: ਹਰਜੀਤ ਕੌਰ, ਉੱਤਰ: ਸ਼ਿੰਗਾਰ ਸਿੰਘ, ਦੱਖਣੀ: ਰੋਡ। **ਕਬਜ਼ੇ ਦੀ ਕਿਸਮ: ਸੰਕੇਤਕ** | Rs. 6,70,000/- | Rs. 67,000/- | Rs. 10,000/- |

**ਨਿਯਮ ਅਤੇ ਸ਼ਰਤਾਂ :- ਵਿਕਰੀ ਸਰਫਾਇਸੀ ਐਕਟ ਅਤੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ 2002 ਵਿਚ ਪ੍ਰਸਤਾਵਿਤ ਨਿਯਮ ਅਤੇ ਸ਼ਰਤਾਂ ਅਤੇ ਨਿਮਨਲਿਖਤ ਹੋਰ ਸ਼ਰਤਾਂ ਨਾਲ ਸਬੰਧਤ ਹੋਵੇਗੀ :** 1. ਉਕਤ ਦਰਸਾਈ ਸੂਚੀ ਵਿਚ ਦਰਸਾਈਆਂ ਸੁਰੱਖਿਅਤ ਸੰਪੱਤੀਆਂ ਦੇ ਵੇਰਵੇ ਅਧਿਕਾਰਤ ਅਧਿਕਾਰੀ ਦੀ ਸਰਵੋਤਮ ਜਾਣਕਾਰੀ ਲਈ ਦਰਸਾਏ ਗਏ ਹਨ, ਪ੍ਰੰਤੂ ਅਧਿਕਾਰਤ ਅਧਿਕਾਰੀ ਇਸ ਐਲਾਨਨਾਮੇ ਵਿਚ ਕਿਸੇ ਵੀ ਤਰੁੱਟੀ, ਗਲਤ ਬਿਆਨੀ ਜਾਂ ਕਟੌਤੀ ਲਈ ਜੁਆਬਦੇਹ ਨਹੀਂ ਹੋਵੇਗਾ। 2. ਵਿਕਰੀ ਵੈਬਸਾਈਟ **https://baanknet.com** 'ਤੇ ਵਿਵਸਥਿਤ ਈ-ਨਿਲਾਮੀ ਪਲੇਟਫਾਰਮ ਰਾਹੀਂ 13.06.2025 ਨੂੰ ਦੁਪਹਿਰ 12.00 ਵਜੇ ਤੋਂ ਸ਼ਾਮ 05.00 ਵਜੇ ਤੱਕ ਨਿਮਨ ਹਸਤਾਖ਼ਰੀ ਵੱਲੋਂ ਕੀਤੀ ਜਾਵੇਗੀ। ਉਕਤ ਦਰਸਾਈਆਂ ਸੰਪੱਤੀਆਂ ਸੰਬੰਧੀ ਕਿਸੇ ਵੀ ਜਾਣਕਾਰੀ ਦੇ ਲਈ, ਕਿਰਪਾ ਕਰਕੇ ਸਬੰਧਤ ਮੈਨੇਜਰ ਨੂੰ ਸੰਪਰਕ ਕਰੋ। 3. ਵਿਕਰੀ ਦੇ ਵਿਸਥਾਰਤ ਨਿਯਮ ਅਤੇ ਸ਼ਰਤਾਂ ਦੇ ਲਈ ਕਿਰਪਾ ਕਰਕੇ **https://baanknet.com, https://www.unionbankofindia.co.in** ਦਾ ਹਵਾਲਾ ਲਓ। 4. **ਪੰਜੀਕਰਨ ਅਤੇ ਲਾਗਇਨ ਅਤੇ ਬੋਲੀ ਨਿਯਮਾਂ ਦੇ ਲਈ "Buyer Guide for Login and Registration" ਵਿਚ https://baanknet.com ਦੇਖੋ।** 5. ਬੈਂਕ, ਸੁਰੱਖਿਅਤ ਕਰਜ਼ਦਾਤਾ ਕੋਲ ਬਿਨਾਂ ਕੋਈ ਵੀ ਕਾਰਨ ਦੱਸੇ ਸਭ ਤੋਂ ਉੱਚੀ ਬੋਲੀ ਨੂੰ ਪ੍ਰਵਾਨ ਜਾਂ ਰੱਦ ਕਰਨ ਜਾਂ ਵਿਕਰੀ ਨੂੰ ਬਰਖ਼ਾਸਤ ਕਰਨ ਦਾ ਹੱਕ ਰਾਖਵਾਂ ਹੈ।

**ਇਸ ਨੂੰ ਉਕਤ ਦਰਸਾਈ ਮਿਤੀ ਨੂੰ ਈ-ਨਿਲਾਮੀ ਵਿਕਰੀ ਨੂੰ ਰੋਕਣ ਸੰਬੰਧੀ ਉਕਤ ਦਰਸਾਏ ਕਰਜ਼ੇ ਦੇ ਕਰਜ਼ਦਾਰ/ਾਂ/ਜ਼ਾਮਨ/ਾਂ ਅਤੇ ਗਿਰਵੀਕਾਰ/ਾਂ ਦੇ ਲਈ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 8 (6), ਨਿਯਮ 9 (1) ਦੇ ਅਧੀਨ 15 ਰੋਜ਼ਾ ਸੂਚਨਾ ਵਜੋਂ ਵੀ ਮੰਨਿਆ ਜਾਵੇ।**

ਸੰਪੱਤੀਆਂ ਦੇ ਵੇਰਵੇ ਲਈ ਇੱਛੁਕ ਬੋਲੀਕਾਰਾਂ ਨੂੰ ਕਿਊਆਰ ਕੋਡ ਸਕੈਨ ਕਰਨ ਦਾ ਸੱਦਾ ਦਿੱਤਾ ਜਾਂਦਾ ਹੈ।

ਮਿਤੀ : 26.05.2025, — ਸਥਾਨ : ਲੁਧਿਆਣਾ — ਅਧਿਕਾਰਤ ਅਧਿਕਾਰੀ, ਯੂਨੀਅਨ ਬੈਂਕ ਆਫ ਇੰਡੀਆ

## ਰੋਜ਼ਾਨਾ ਚੜ੍ਹਦੀਕਲਾ ਸਿਹਤ ਖ਼ਬਰਨਾਮਾ

# ਮੁਰੱਬਾ ਕਰਦੈ ਕਈ ਬਿਮਾਰੀਆਂ ਨੂੰ ਜੜ੍ਹੋਂ ਖ਼ਤਮ

ਮੁਰੱਬਾ ਸੁਆਦੀ ਹੋਣ ਦੇ ਨਾਲ-ਨਾਲ ਕਈ ਗੁਣਾਂ ਨਾਲ ਭਰਪੂਰ ਵੀ ਹੁੰਦਾ ਹੈ। ਇਸ 'ਚ ਵਿਟਾਮਿਨ, ਕੈਲਸ਼ੀਅਮ, ਆਇਰਨ, ਫ਼ਾਈਬਰ, ਐਂਟੀ-ਆਕਸੀਡੈਂਟ, ਐਂਟੀ-ਬੈਕਟੀਰੀਅਲ ਗੁਣ ਹਨ। ਲੋਕ ਜ਼ਿਆਦਾਤਰ ਆਂਵਲੇ ਤੋਂ ਤਿਆਰ ਮੁਰੱਬਾ ਖਾਣਾ



ਪਸੰਦ ਕਰਦੇ ਹਨ ਪਰ ਸੇਬ ਅਤੇ ਗਾਜਰ ਤੋਂ ਤਿਆਰ ਮੁਰੱਬਾ ਵੀ ਸਿਹਤ ਲਈ ਆਂਵਲੇ ਦੇ ਮੁਰੱਬੇ ਜਿੰਨਾ ਹੀ ਫ਼ਾਇਦੇਮੰਦ ਹੁੰਦਾ ਹੈ। ਇਹ ਸਰੀਰ ਦੀ ਰੋਗਾਂ ਨਾਲ ਲੜਨ ਦੀ ਤਾਕਤ ਮਜ਼ਬੂਤ ਕਰਨ ਲਈ ਬਹੁਤ ਵਧੀਆ ਹੈ। ਲੋਕ ਜ਼ਿਆਦਾ ਆਂਵਲੇ ਤੋਂ ਤਿਆਰ ਮੁਰੱਬਾ ਖਾਣਾ ਵਧੇਰੇ ਪਸੰਦ ਕਰਦੇ ਹਨ ਪਰ ਸੇਬ ਅਤੇ ਗਾਜਰ ਤੋਂ ਤਿਆਰ ਮੁਰੱਬਾ ਸਿਹਤ ਲਈ ਆਂਵਲੇ ਦੇ ਮੁਰੱਬੇ ਜਿਨ੍ਹਾਂ ਹੀ ਫਾਇਦੇਮੰਦ ਹੁੰਦਾ ਹੈ। ਇਹ ਇਮਿਊਨ ਸਿਸਟਮ ਮਜ਼ਬੂਤ ਕਰਨ ਲਈ ਬਹੁਤ ਵਧੀਆ ਹੈ। ਮੁਰੱਬੇ ਨਾਲ ਬੀਮਾਰੀਆਂ ਹੋਣ ਦਾ ਖ਼ਤਰਾ ਘੱਟ ਹੁੰਦਾ ਹੈ।

**ਆਂਵਲੇ ਦਾ ਮੁਰੱਬਾ:** ਵਿਟਾਮਿਨ-ਸੀ ਨਾਲ ਭਰਪੂਰ ਆਂਵਲੇ ਦਾ ਮੁਰੱਬਾ ਸਿਹਤ ਲਈ ਬਹੁਤ ਲਾਭਦਾਇਕ ਹੈ। ਜੇਕਰ ਤੁਸੀ ਆਂਵਲਾ ਕੱਚਾ ਨਹੀਂ ਖਾ ਸਕਦੇ ਤਾਂ ਇਸ ਤੋਂ ਬਣਿਆ ਮੁਰੱਬਾ ਖਾਣਾ ਚੰਗਾ ਰਹੇਗਾ। ਇਸ 'ਚ ਆਇਰਨ, ਵਿਟਾਮਿਨ, ਕੈਲਸ਼ੀਅਮ, ਐਂਟੀ-ਆਕਸੀਡੈਂਟ ਗੁਣ ਹੁੰਦੇ ਹਨ। ਇਹ ਖ਼ੂਨ, ਅੱਖਾਂ ਦੀ ਰੌਸ਼ਨੀ ਅਤੇ ਰੋਗਾਂ ਨਾਲ ਲੜਨ ਦੀ ਤਾਕਤ ਦੇ ਵਿਕਾਸ 'ਚ ਮਦਦ ਕਰਦਾ ਹੈ। ਇਹ ਵਾਲਾਂ ਨਾਲ ਜੁੜੀਆਂ ਸਮੱਸਿਆਵਾਂ ਨੂੰ ਵੀ ਦੂਰ ਕਰਦਾ ਹੈ।

**ਗਾਜਰ ਦਾ ਮੁਰੱਬਾ:** ਗਾਜਰ ਆਇਰਨ, ਕੈਲਸ਼ੀਅਮ, ਐਂਟੀ-ਆਕਸੀਡੈਂਟ ਗੁਣਾਂ ਨਾਲ ਭਰਪੂਰ ਹੁੰਦੀ ਹੈ। ਸਰੀਰ ਦੀ ਪਾਚਣ ਸ਼ਕਤੀ ਨੂੰ ਵਧਾਉਂਦਾ ਹੈ। ਗਾਜਰ ਦਾ ਮੁਰੱਬਾ ਸਾਨੂੰ ਵਧੇਰੇ ਬੀਮਾਰੀਆਂ ਤੋਂ ਬਚਾਉਂਦਾ ਹੈ। ਇਹ ਖ਼ੂਨ ਦੀ ਕਮੀ ਨੂੰ ਪੂਰਾ ਕਰਦਾ ਹੈ। ਬਲੱਡ ਪ੍ਰੈਸ਼ਰ ਦੇ ਮਰੀਜ਼ਾਂ ਲਈ ਗਾਜਰ ਦਾ ਮੁਰੱਬਾ ਬਹੁਤ ਸਹਾਇਕ ਹੈ।

**ਸੇਬ ਦਾ ਮੁਰੱਬਾ:** ਸੇਬ ਦੇ ਨਾਲ-ਨਾਲ ਇਸ ਦਾ ਮੁਰੱਬਾ ਖਾਣਾ ਸਿਹਤ ਲਈ ਲਾਭਦਾਇਕ ਹੁੰਦਾ ਹੈ। ਰੋਜ਼ਾਨਾ ਸਵੇਰੇ ਖ਼ਾਲੀ ਪੇਟ 1 ਸੇਬ ਦਾ ਮੁਰੱਬਾ ਖਾਣ ਨਾਲ ਦਿਲ ਚੰਗੀ ਤਰ੍ਹਾਂ ਕੰਮ ਕਰਦਾ ਹੈ। ਇਹ ਚਮੜੀ ਨੂੰ ਚਮਕਦਾਰ ਬਣਾਉਣ ਦੇ ਨਾਲ ਦਿਮਾਗ ਨੂੰ ਤੇਜ਼ ਕਰਨ 'ਚ ਵੀ ਸਹਾਇਕ ਹੈ। ਇਸ ਤੋਂ ਇਲਾਵਾ ਸੇਬ ਦਾ ਮੁਰੱਬਾ ਪਾਚਨ ਪ੍ਰਣਾਲੀ ਨੂੰ ਬਿਹਤਰ ਕਰਦਾ ਹੈ।

# ਡੋਨਾਲਡ ਟਰੰਪ ਨੇ ਮੰਗੇ ਹਾਰਵਰਡ 'ਚ ਪੜ੍ਹ ਰਹੇ ਵਿਦੇਸ਼ੀ ਵਿਦਿਆਰਥੀਆਂ ਦੇ ਨਾਮ ਅਤੇ ਪਤੇ



ਸੈਨ ਫਰਾਂਸਿਸਕੋ, 26 ਮਈ (ਚ.ਨ.ਸ.): ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਹੈ ਕਿ ਉਹ ਹਾਰਵਰਡ ਯੂਨੀਵਰਸਿਟੀ ਵਿੱਚ ਦਾਖਲ ਹੋਣ ਵਾਲੇ ਹਰ ਅੰਤਰਰਾਸ਼ਟਰੀ ਵਿਦਿਆਰਥੀ ਦਾ ਨਾਮ ਅਤੇ ਮੂਲ ਦੇਸ਼ ਜਾਣਨਾ ਚਾਹੁੰਦੇ ਹਨ। ਇਹ ਮੰਗ ਇੱਕ ਸੰਘੀ ਜੱਜ ਵੱਲੋਂ ਟਰੰਪ ਪ੍ਰਸ਼ਾਸਨ ਨੂੰ ਹਾਰਵਰਡ ਦੀ ਵਿਦੇਸ਼ੀ ਵਿਦਿਆਰਥੀਆਂ ਨੂੰ ਦਾਖਲ ਕਰਨ ਦੀ ਯੋਗਤਾ ਨੂੰ ਰੱਦ ਕਰਨ ਤੋਂ ਰੋਕਣ ਤੋਂ ਕੁਝ ਦਿਨ ਬਾਅਦ ਆਈ ਹੈ। ਟਰੰਪ ਨੇ ਟਰੁਥ ਸੋਸ਼ਲ ਪੋਸਟ ਵਿਚ ਕਿਹਾ, ਅਸੀਂ ਜਾਣਨਾ ਚਾਹੁੰਦੇ ਹਾਂ ਕਿ ਉਹ ਵਿਦੇਸ਼ੀ ਵਿਦਿਆਰਥੀ ਕੌਣ ਹਨ।ਇਹ ਇੱਕ ਵਾਜਬ ਬੇਨਤੀ ਹੈ ਕਿਉਂਕਿ ਅਸੀਂ ਹਾਰਵਰਡ ਨੂੰ ਅਰਬਾਂ ਡਾਲਰ ਦਿੰਦੇ ਹਾਂ ਅਤੇ ਹਾਰਵਰਡ ਬਿਲਕੁਲ ਵੀ ਅੱਗੇ ਨਹੀਂ ਆ ਰਿਹਾ। ਅਸੀਂ ਉਹ ਨਾਮ ਅਤੇ ਦੇਸ਼ ਬਾਰੇ ਜਾਣਨਾ ਚਾਹੁੰਦੇ ਹਾਂ। ਉਨ੍ਹਾਂ ਅੱਗੇ ਕਿਹਾ, ਹਾਰਵਰਡ ਇਹ ਕਿਉਂ ਨਹੀਂ ਦੱਸ ਰਿਹਾ ਕਿ ਉਨ੍ਹਾਂ ਦੇ ਲਗਭਗ 31 ਪ੍ਰਤੀਸ਼ਤ ਵਿਦਿਆਰਥੀ ਵਿਦੇਸ਼ੀ ਦੇਸ਼ਾਂ ਤੋਂ ਹਨ ਅਤੇ ਫਿਰ ਵੀ ਉਹ ਦੇਸ਼, ਜਿਨ੍ਹਾਂ ਵਿੱਚੋਂ ਕੁਝ ਅਮਰੀਕਾ ਦੇ ਬਿਲਕੁਲ ਵੀ ਦੋਸਤਾਨਾ ਨਹੀਂ ਹਨ, ਆਪਣੇ ਵਿਦਿਆਰਥੀਆਂ ਦੀ ਸਿੱਖਿਆ ਲਈ ਕੁਝ ਨਹੀਂ ਦਿੰਦੇ ਅਤੇ ਨਾ ਹੀ ਉਹ ਕਦੇ ਅਜਿਹਾ ਕਰਨ ਦਾ ਇਰਾਦਾ ਰੱਖਦੇ ਹਨ। ਸਾਨੂੰ ਕਿਸੇ ਨੇ ਇਹ ਨਹੀਂ ਦੱਸਿਆ। ਟਰੰਪ ਨੇ ਆਈਵੀ ਲੀਗ ਸੰਸਥਾ ਨੂੰ ਹੋਰ ਸੰਘੀ ਫੰਡਿੰਗ ਲਈ ਅਰਜ਼ੀ ਦੇਣਾ ਬੰਦ ਕਰਨ ਲਈ ਵੀ ਕਿਹਾ। ਗ੍ਰਹਿ ਸੁਰੱਖਿਆ ਵਿਭਾਗ ਨੇ ਐਲਾਨ ਕੀਤਾ ਕਿ ਉਹ ਹਾਰਵਰਡ ਦੇ ਵਿਦਿਆਰਥੀ ਅਤੇ ਐਕਸਚੇਂਜ ਵਿਜ਼ਿਟਰ ਪ੍ਰੋਗਰਾਮ ਮਾਨਤਾ ਨੂੰ ਰੱਦ ਕਰ ਦੇਵੇਗਾ, ਜਿਸ ਨਾਲ ਯੂਨੀਵਰਸਿਟੀ ਨੂੰ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਦਾਖਲ ਕਰਨ ਤੋਂ ਰੋਕਿਆ ਜਾਵੇਗਾ। ਸਾਰੇ ਮੌਜੂਦਾ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਕਿਸੇ ਹੋਰ ਯੂਨੀਵਰਸਿਟੀ ਵਿੱਚ ਤਬਦੀਲ ਕਰਨਾ ਪਵੇਗਾ ਜਾਂ ਆਪਣੀ ਕਾਨੂੰਨੀ ਸਥਿਤੀ ਗੁਆਉਣੀ ਪਵੇਗੀ। ਹਾਰਵਰਡ ਨੇ ਤੁਰੰਤ ਪ੍ਰਸ਼ਾਸਨ ਵਿਰੁੱਧ ਮੁਕੱਦਮਾ ਦਾਇਰ ਕੀਤਾ ਅਤੇ ਮੈਸੇਚਿਉਸੇਟਸ ਦੇ ਇੱਕ ਸੰਘੀ ਜੱਜ ਨੇ ਸ਼ੁੱਕਰਵਾਰ ਨੂੰ ਇੱਕ ਅਸਥਾਈ ਰੋਕ ਲਗਾਉਣ ਦਾ ਆਦੇਸ਼ ਜਾਰੀ ਕੀਤਾ ਜਿਸ ਵਿੱਚ ਸਰਕਾਰ ਨੂੰ ਪੂਰੀ ਸੁਣਵਾਈ ਤੱਕ ਪਾਬੰਦੀ ਲਾਗੂ ਕਰਨ ਤੋਂ ਰੋਕ ਦਿੱਤਾ ਗਿਆ। ਹਾਰਵਰਡ ਦਾ ਡੇਟਾ ਦਰਸਾਉਂਦਾ ਹੈ ਕਿ 2023 ਸਮੈਸਟਰ ਦੇ ਅੰਤ ਤੱਕ ਅੰਤਰਰਾਸ਼ਟਰੀ ਵਿਦਿਆਰਥੀ ਇਸਦੇ ਕੁੱਲ ਦਾਖਲੇ ਦਾ 27 ਪ੍ਰਤੀਸ਼ਤ ਤੋਂ ਵੱਧ ਬਣ ਜਾਣਗੇ। ਯੂਨੀਵਰਸਿਟੀ ਵਰਤਮਾਨ ਵਿੱਚ 140 ਤੋਂ ਵੱਧ ਦੇਸ਼ਾਂ ਅਤੇ ਖੇਤਰਾਂ ਦੇ ਲਗਭਗ 6,800 ਅੰਤਰਰਾਸ਼ਟਰੀ ਵਿਦਿਆਰਥੀਆਂ ਅਤੇ ਵਿਦਵਾਨਾਂ ਨੂੰ ਦਾਖਲ ਕਰਦੀ ਹੈ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਗ੍ਰੈਜੂਏਟ ਪੱਧਰ ਦੀ ਪੜ੍ਹਾਈ ਕਰ ਰਹੇ ਹਨ। ਅੰਤਰਰਾਸ਼ਟਰੀ ਵਿਦਿਆਰਥੀ ਅਮਰੀਕੀ ਉੱਚ ਸਿੱਖਿਆ ਸੰਸਥਾਵਾਂ ਲਈ ਆਮਦਨ ਦਾ ਇੱਕ ਮਹੱਤਵਪੂਰਨ ਸਰੋਤ ਹਨ।

# ਡੋਨਾਲਡ ਟਰੰਪ ਦਾ ਰੂਸੀ ਰਾਸ਼ਟਰਪਤੀ 'ਤੇ ਵੱਡਾ ਬਿਆਨ

## ਪੁਤਿਨ ਪਾਗਲ ਹੋ ਗਿਆ ਹੈ, ਯੂਕਰੇਨ ਵਿੱਚ ਬੇਕਸੂਰ ਲੋਕ ਮਾਰ ਰਹੇ ਨੇ

ਵਾਸ਼ਿੰਗਟਨ, 26 ਮਈ ; ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਹੈ ਕਿ ਪੁਤਿਨ



ਪੂਰੀ ਤਰ੍ਹਾਂ ਪਾਗਲ ਹੋ ਗਏ ਹਨ। ਟਰੰਪ ਨੇ ਇਹ ਬਿਆਨ ਆਪਣੇ ਸੋਸ਼ਲ ਮੀਡੀਆ ਪਲੇਟਫਾਰਮ ਟਰੂਥ ਸੋਸ਼ਲ ਤੇ ਪੋਸਟ ਕੀਤਾ।ਉਨ੍ਹਾਂ ਨੇ ਲਿਖਿਆ ਹੈ ਕਿ ਮੇਰੇ ਹਮੇਸ਼ਾ ਰੂਸ ਦੇ ਵਲਾਦੀਮੀਰ ਪੁਤਿਨ ਨਾਲ ਬਹੁਤ ਚੰਗੇ ਸਬੰਧ ਰਹੇ ਹਨ, ਪਰ ਉਨ੍ਹਾਂ ਨਾਲ ਕੁਝ ਤਾਂ ਹੋਇਆ ਹੈ। ਉਹ ਪੂਰੀ ਤਰ੍ਹਾਂ ਪਾਗਲ ਹੋ ਗਏ ਹਨ।ਟਰੰਪ ਨੇ ਕਿਹਾ ਕਿ ਯੂਕਰੇਨ ਦੇ ਸ਼ਹਿਰਾਂ ਵਿੱਚ ਬਿਨ੍ਹਾਂ ਕਿਸੇ ਕਾਰਨ ਮਿਜ਼ਾਈਲਾਂ ਅਤੇ ਡਰੋਨ ਦਾਗੇ ਜਾ ਰਹੇ ਹਨ। ਇਸ ਵਿੱਚ ਬਹੁਤ ਸਾਰੇ ਲੋਕ ਮਾਰੇ ਜਾ ਰਹੇ ਹਨ। ਟਰੰਪ ਨੇ ਲਿਖਿਆ ਕਿ ਮੈਂ ਹਮੇਸ਼ਾ ਕਿਹਾ ਹੈ ਕਿ ਉਹ ਸਿਰਫ਼ ਯੂਕਰੇਨ ਦਾ ਇੱਕ ਟੁਕੜਾ ਨਹੀਂ, ਸਗੋਂ ਪੂਰਾ ਯੂਕਰੇਨ ਚਾਹੁੰਦੇ ਹਨ ਅਤੇ ਹੋ ਸਕਦਾ ਹੈ ਕਿ ਇਹ ਸਹੀ ਸਾਬਤ ਹੋ ਰਿਹਾ ਹੈ, ਪਰ ਜੇਕਰ ਉਹ ਅਜਿਹਾ ਕਰਦੇ ਹਨ, ਤਾਂ ਇਹ ਰੂਸ ਦੇ ਪਤਨ ਵੱਲ ਲੈ ਜਾਵੇਗਾ। ਅਮਰੀਕੀ ਰਾਸ਼ਟਰਪਤੀ ਨੇ ਰੂਸ 'ਤੇ ਹੋਰ ਪਾਬੰਦੀਆਂ ਲਗਾਉਣ ਦੀ ਧਮਕੀ ਦਿੱਤੀ।ਟਰੰਪ ਨੇ ਯੂਕਰੇਨ ਦੇ ਰਾਸ਼ਟਰਪਤੀ ਦੀ ਵੀ ਆਲੋਚਨਾ ਕੀਤੀ। ਉਨ੍ਹਾਂ ਕਿਹਾ ਕਿ ਜਿਸ ਤਰੀਕੇ ਨਾਲ ਜ਼ੇਲੈਂਸਕੀ ਗੱਲ ਕਰਦੇ ਹਨ, ਉਹ ਆਪਣੇ ਦੇਸ਼ ਦਾ ਕੋਈ ਭਲਾ ਨਹੀਂ ਕਰ ਰਹੇ। ਉਨ੍ਹਾਂ ਦੇ ਮੂੰਹੋਂ ਨਿਕਲਦੀ ਹਰ ਚੀਜ਼ ਮੁਸੀਬਤ ਪੈਦਾ ਕਰਦੀ ਹੈ, ਮੈਨੂੰ ਇਹ ਪਸੰਦ ਨਹੀਂ ਹੈ, ਅਤੇ ਜੇਕਰ ਇਸਨੂੰ ਰੋਕ ਦਿੱਤਾ ਜਾਵੇ ਤਾਂ ਬਿਹਤਰ ਹੋਵੇਗਾ। ਟਰੰਪ ਦਾ ਇਹ ਬਿਆਨ ਰੂਸ ਵੱਲੋਂ ਯੂਕਰੇਨ ਤੇ 3 ਸਾਲਾਂ ਵਿੱਚ ਕੀਤੇ ਗਏ ਸਭ ਤੋਂ ਵੱਡੇ ਹਵਾਈ ਹਮਲੇ ਤੋਂ ਬਾਅਦ ਆਇਆ ਹੈ। ਯੂਕਰੇਨੀ ਹਵਾਈ ਸੈਨਾ ਅਨੁਸਾਰ, ਰੂਸ ਨੇ ਸ਼ਨੀਵਾਰ ਰਾਤ ਨੂੰ ਕੀਵ ਤੇ 9 ਬੈਲਿਸਟਿਕ ਮਿਜ਼ਾਈਲਾਂ, 60 ਕਰੂਜ਼ ਮਿਜ਼ਾਈਲਾਂ ਅਤੇ 298 ਡਰੋਨਾਂ ਨਾਲ ਹਮਲਾ ਕੀਤਾ।



ਸ੍ਰੀ ਗੁਰੂ ਹਰਗੋਬਿੰਦ ਸਾਹਿਬ ਸੇਵਾ ਸੁਸਾਇਟੀ ਵੱਲੋਂ ਮਨਾਏ ਜਾ ਰਹੇ ਸ੍ਰੀ ਹਰਿਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦਾ ਪੋਸਟਰ ਰਿਲੀਜ਼ ਕਰਦੇ ਹੋਏ 'ਪਦਮ ਸ੍ਰੀ' ਡਾ. ਜਗਜੀਤ ਸਿੰਘ ਦਰਦੀ, ਨਾਲ ਨਜ਼ਰ ਆ ਰਹੇ ਹਨ ਹਰਭਜਨ ਸਿੰਘ ਬਖਸ਼ੀ, ਅਮਰਜੀਤ ਸਿੰਘ ਗੁਜਰਾਲ, ਕ੍ਰਿਪਾਲ ਸਿੰਘ ਭਸੀਨ, ਵਰਿੰਦਰ ਸਿੰਘ, ਸ਼ਮਸ਼ੇਰ ਸਿੰਘ, ਹਰਪ੍ਰੀਤ ਸਿੰਘ ਬਿੰਦਰਾ।

# ਨੀਰਜ ਚੋਪੜਾ ਬਣੇ ਆਡੀ ਇੰਡੀਆ ਦੇ ਬ੍ਰਾਂਡ ਅੰਬੈਸਡਰ

ਨਵੀਂ ਦਿੱਲੀ, 26 ਮਈ (ਚ.ਨ.ਸ.) : ਲਗਜ਼ਰੀ ਕਾਰ ਨਿਰਮਾਤਾ ਆਡੀ ਇੰਡੀਆ ਨੇ ਜੈਵਲਿਨ ਥ੍ਰੋਅ ਵਿੱਚ ਦੋ ਵਾਰ ਦੇ



ਓਲੰਪਿਕ ਤਗਮਾ ਜੇਤੂ ਨੀਰਜ ਚੋਪੜਾ ਨਾਲ ਸਾਂਝੇਦਾਰੀ ਕੀਤੀ ਹੈ। ਆਡੀ ਇੰਡੀਆ ਦੇ ਮੁਖੀ ਬਲਬੀਰ ਸਿੰਘ ਢਿੱਲੋਂ ਨੇ ਕਿਹਾ, ਆਡੀ ਵਿਚ ਅਸੀਂ ਉਨ੍ਹਾਂ ਲੋਕਾਂ ਲਈ ਖੜ੍ਹੇ ਹਾਂ ਜਿਨ੍ਹਾਂ ਲਈ ਸੀਮਾਵਾਂ ਕੋਈ ਮਾਇਨੇ ਨਹੀਂ ਰੱਖਦੀਆਂ... ਨੀਰਜ ਚੋਪੜਾ ਉਸ ਭਾਵਨਾ ਨਾਲ ਮੇਲ ਖਾਂਦੇ ਹਨ।ਢਿੱਲੋਂ ਨੇ ਕਿਹਾ ਕਿ ਉਸ ਦੀ ਇਕਾਗਰਤਾ, ਗਤੀ ਅਤੇ ਬੇਮਿਸਾਲ ਪ੍ਰਦਰਸ਼ਨ ਉਸ ਨੂੰ ਆਡੀ ਲਈ ਇੱਕ ਸੰਪੂਰਨ ਵਿਕਲਪ ਬਣਾਉਂਦੇ ਹਨ...ਚੋਪੜਾ ਨੇ ਕਿਹਾ, ਮੈਂ ਆਡੀ ਪਰਿਵਾਰ ਵਿੱਚ ਸ਼ਾਮਲ ਹੋਣ ਅਤੇ ਇੱਕ ਅਜਿਹੇ ਬ੍ਰਾਂਡ ਦੀ ਨੁਮਾਇੰਦਗੀ ਕਰਨ ਲਈ ਉਤਸ਼ਾਹਿਤ ਹਾਂ ਜੋ ਆਪਣੇ ਹਰ ਕੰਮ ਵਿੱਚ ਅਗਾਂਹਵਧੂ ਸੋਚ ਨੂੰ ਪ੍ਰੇਰਿਤ ਕਰਦਾ ਹੈ।

# ਦੇਸ਼ ਭਗਤ ਯੂਨੀਵਰਸਿਟੀ ਵੱਲੋਂ ਮੌਕੇ 'ਤੇ ਦਾਖ਼ਲਾ ਪ੍ਰੋਗਰਾਮ 'ਕਾਰਵਾਂ-2025' ਸ਼ੁਰੂ

## ਪ੍ਰਿੰਸੀਪਲਾਂ, ਅਧਿਆਪਕਾਂ ਅਤੇ ਹੋਣਹਾਰ ਵਿਦਿਆਰਥੀਆਂ ਨੂੰ ਕੀਤਾ ਸਨਮਾਨਤ

ਮੰਡੀ ਗੋਬਿੰਦਗੜ੍ਹ, 26 ਮਈ (ਅੰਮ੍ਰਿਤਪਾਲ ਸਿੰਘ) : ਦੇਸ਼ ਭਗਤ ਯੂਨੀਵਰਸਿਟੀ, ਇੱਕ ਨੈਕ ਏ+ ਮਾਨਤਾ ਪ੍ਰਾਪਤ ਬਹੁ-ਅਨੁਸ਼ਾਸਨੀ ਸੰਸਥਾ ਵੱਲੋਂ ਹੋਟਲ ਮਹਾਰਾਜਾ ਰੀਜੈਂਸੀ, ਆਰਤੀ ਚੌਂਕ, ਫਿਰੋਜ਼ਪੁਰ ਰੋਡ, ਲੁਧਿਆਣਾ ਵਿੱਚ ਆਪਣੇ ਮੌਕੇ 'ਤੇ ਦਾਖਲਾ ਪ੍ਰੋਗਰਾਮ (ਸਪਾਟ ਐਡਮਿਸ਼ਨ ਡਰਾਈਵ) - 'ਕਾਰਵਾਂ 2025' ਸਫਲਤਾਪੂਰਵਕ ਕਰਵਾਇਆ ਗਿਆ। ਇਸ ਪ੍ਰੋਗਰਾਮ ਨੂੰ ਵਿਦਿਆਰਥੀਆਂ ਅਤੇ ਮਾਪਿਆਂ ਵੱਲੋਂ ਭਰਵਾਂ ਹੁੰਗਾਰਾ ਮਿਲਿਆ। ਦੇਸ਼ ਭਗਤ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਹਰਸ਼ ਸਦਾਵਰਤੀ ਨੇ ਕਾਉਂਸਲਿੰਗ ਅਤੇ ਦਾਖਲਾ ਟੀਮ ਦੇ ਨਾਲ, ਹਾਜ਼ਰੀਨ ਨਾਲ ਨਿੱਜੀ ਤੌਰ 'ਤੇ ਗੱਲਬਾਤ ਕੀਤੀ, ਚਾਹਵਾਨ ਵਿਦਿਆਰਥੀਆਂ ਨੂੰ ਪ੍ਰੇਰਿਤ ਕੀਤਾ ਅਤੇ ਉਨ੍ਹਾਂ ਦੇ ਕਰੀਅਰ ਨਾਲ ਸਬੰਧਤ ਸਵਾਲਾਂ ਦੇ ਜਵਾਬ ਦਿੱਤੇ।ਇਸ ਸਮਾਗਮ ਦੀ ਵਿਸ਼ੇਸ਼ਤਾ ਇੱਕ ਸਨਮਾਨ ਸਮਾਰੋਹ ਸੀ, ਜਿੱਥੇ ਵੱਖ-ਵੱਖ ਨਾਮਵਰ



ਸੰਸਥਾਵਾਂ ਦੇ ਪ੍ਰਿੰਸੀਪਲਾਂ ਅਤੇ ਅਧਿਆਪਕਾਂ ਨੂੰ ਸਿੱਖਿਆ ਵਿੱਚ ਉਨ੍ਹਾਂ ਦੇ ਸ਼ਾਨਦਾਰ ਯੋਗਦਾਨ ਲਈ ਸਨਮਾਨਤ ਕੀਤਾ ਗਿਆ।ਡਾ. ਸਦਾਵਰਤੀ ਨੇ ਕਿਹਾ ਕਿ ਅਧਿਆਪਕ ਅਤੇ ਪ੍ਰਿੰਸੀਪਲ ਸੱਚੇ ਰਾਸ਼ਟਰ ਨਿਰਮਾਤਾ ਹਨ। ਉਨ੍ਹਾਂ ਦਾ ਸਨਮਾਨ ਕਰਨਾ ਅਤੇ ਉਨ੍ਹਾਂ ਦੀ ਨਿਰਸਵਾਰਥ ਸੇਵਾ ਲਈ ਧੰਨਵਾਦ ਪ੍ਰਗਟ ਕਰਨਾਂ ਉਨ੍ਹਾਂ ਲਈ ਮਾਣ ਵਾਲੀ ਗੱਲ ਹੈ।ਯੂਨੀਵਰਸਿਟੀ ਨੇ ਲੁਧਿਆਣਾ ਦੇ ਹੋਣਹਾਰ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਅਕਾਦਮਿਕ ਉੱਤਮਤਾ ਲਈ 'ਸ਼ਾਈਨਿੰਗ ਸਟਾਰ ਐਵਾਰਡ' ਵੀ ਭੇਟ ਕੀਤੇ। ਵਿਦਿਆਰਥੀਆਂ ਨੂੰ ਮੌਕੇ 'ਤੇ ਦਾਖਲੇ, ਕਰੀਅਰ ਕਾਉਂਸਲਿੰਗ ਅਤੇ ਯੋਗਤਾ ਦੇ ਆਧਾਰ 'ਤੇ ਸਕਾਲਰਸ਼ਿਪ ਦੇ ਮੌਕੇ ਪ੍ਰਦਾਨ ਕੀਤੇ ਗਏ। ਡੀਬੀਯੂ ਦੀ ਡਿਜੀਟਲ ਸਿੱਖਿਆ ਪਹਿਲਕਦਮੀ ਦੇ ਹਿੱਸੇ ਵਜੋਂ ਬਹੁਤ ਸਾਰੇ ਯੋਗ ਵਿਦਿਆਰਥੀਆਂ ਨੂੰ ਮੁਫਤ ਟੈਬਲੇਟ ਵੀ ਪ੍ਰਾਪਤ ਹੋਏ।ਦੇਸ਼ ਭਗਤ ਯੂਨੀਵਰਸਿਟੀ ਇੰਜੀਨੀਅਰਿੰਗ, ਸਿਹਤ ਸੰਭਾਲ, ਏਆਈ, ਸਾਈਬਰ ਸੁਰੱਖਿਆ, ਮੈਨੇਜਮੈਂਟ, ਲਾਅ, ਫਾਰਮੇਸੀ, ਹੋਟਲ ਪ੍ਰਬੰਧਨ, ਪੈਰਾ ਮੈਡੀਕਲ ਵਿਗਿਆਨ, ਨਰਸਿੰਗ, ਡੈਂਟਲ, ਆਯੁਰਵੇਦ ਅਤੇ ਹੋਰ ਬਹੁਤ ਸਾਰੇ ਵਿਸ਼ਿਆਂ ਵਿੱਚ ਮਿਆਰੀ ਸਿੱਖਿਆ ਅਤੇ ਵਿਸ਼ਵਵਿਆਪੀ ਮੌਕੇ ਪ੍ਰਦਾਨ ਕਰਨ ਵਿੱਚ ਮੋਹਰੀ ਹੈ।

# ਨਡਾਲ ਨੇ ਕਿਹਾ ਕਿ ਮੈਂ ਸੰਨਿਆਸ ਤੋਂ ਖੁਸ਼ ਹਾਂ

## ਉਹ ਸਿਰਫ਼ ਪ੍ਰਦਰਸ਼ਨੀ ਮੈਚ ਖੇਡਣ ਲਈ ਰੈਕੇਟ ਚੁੱਕੇਗਾ

ਪੈਰਿਸ, 26 ਮਈ (ਚ.ਨ.ਸ.) : ਰਾਫੇਲ ਨਡਾਲ ਨੇ ਆਪਣੇ ਸ਼ਾਨਦਾਰ ਕਰੀਅਰ ਦਾ ਆਖਰੀ ਮੈਚ ਖੇਡਣ ਤੋਂ ਬਾਅਦ ਪਿਛਲੇ ਛੇ ਮਹੀਨਿਆਂ ਵਿੱਚ ਕੋਈ ਟੈਨਿਸ



ਰੈਕੇਟ ਨਹੀਂ ਚੁੱਕਿਆ ਹੈ ਅਤੇ ਉਹ ਕਹਿੰਦਾ ਹੈ ਕਿ ਹੁਣ ਉਹ ਸਿਰਫ ਪ੍ਰਦਰਸ਼ਨੀ ਮੈਚ ਖੇਡਣ ਲਈ ਰੈਕੇਟ ਚੁੱਕੇਗਾ ਅਤੇ ਸੰਨਿਆਸ ਲੈਣ ਦੇ ਆਪਣੇ ਫੈਸਲੇ ਤੋਂ ਖੁਸ਼ ਹੈ। ਉਸਨੂੰ ਇਸ ਗੱਲ ਦਾ ਕੋਈ ਪਛਤਾਵਾ ਨਹੀਂ ਹੈ ਕਿ ਉਸਨੂੰ ਖੇਡ ਤੋਂ ਸੰਨਿਆਸ ਲੈਣ ਲਈ ਜ਼ਿਆਦਾ ਦੇਰ ਇੰਤਜ਼ਾਰ ਨਹੀਂ ਕਰਨਾ ਪਿਆ ਕਿਉਂਕਿ ਮੁਕਾਬਲੇ ਦੀ ਭਾਵਨਾ, ਜਿਸਨੇ ਉਸਨੂੰ 22 ਗ੍ਰੈਂਡ ਸਲੈਮ ਖਿਤਾਬ ਦਿਵਾਏ, ਉਸਨੇ ਵੱਧ ਤੋਂ ਵੱਧ 14 ਵਾਰ ਫ੍ਰੈਂਚ ਓਪਨ ਖਿਤਾਬ ਜਿੱਤਿਆ ਹੈ। ਨਡਾਲ ਨੇ ਇੱਥੇ ਕਿਹਾ, ਹੁਣ ਮੈਨੂੰ ਗੋਲਫ ਖੇਡਣਾ ਪਸੰਦ ਹੈ ਅਤੇ ਮੈਂ ਹੋਰ ਚੀਜ਼ਾਂ ਦਾ ਵੀ ਆਨੰਦ ਲੈ ਰਿਹਾ ਹਾਂ। ਹੁਣ ਉਹ ਆਪਣੀ ਪਤਨੀ ਅਤੇ ਦੋ ਸਾਲ ਦੇ ਪੁੱਤਰ ਨੂੰ ਪੂਰਾ ਸਮਾਂ ਦਿੰਦਾ ਹੈ। ਫ੍ਰੈਂਚ ਓਪਨ ਟੂਰਨਾਮੈਂਟ ਸ਼ੁਰੂ ਹੋਣ ਤੋਂ ਪਹਿਲਾਂ ਜਦੋਂ ਉਸਨੂੰ ਸਨਮਾਨਤ ਕੀਤਾ ਗਿਆ ਤਾਂ ਉਸਦਾ ਪਰਿਵਾਰ ਵੀ ਇੱਥੇ ਪਹੁੰਚਿਆ। ਉਸਨੇ ਕਿਹਾ, ਮੈਨੂੰ ਟੈਨਿਸ ਦੀ ਬਹੁਤ ਕਮੀ ਮਹਿਸੂਸ ਨਹੀਂ ਹੁੰਦੀ ਕਿਉਂਕਿ ਮੇਰੇ ਕੋਲ ਜੋ ਕੁਝ ਵੀ ਸੀ ਉਹ ਟੈਨਿਸ ਨੂੰ ਦੇ ਦਿੱਤਾ ਹੈ। ਹੁਣ ਮੈਂ ਮਾਨਸਿਕ ਤੌਰ 'ਤੇ ਸ਼ਾਂਤ ਹਾਂ। ਮੇਰਾ ਸਰੀਰ ਮੈਨੂੰ ਦੁਬਾਰਾ ਕੋਰਟ 'ਤੇ ਉਤਰਨ ਦੀ ਇਜਾਜ਼ਤ ਨਹੀਂ ਦਿੰਦਾ। ਮੈਂ ਜਿੰਨਾ ਕਰ ਸਕਦਾ ਸੀ ਕੀਤਾ ਅਤੇ ਮੇਰਾ ਕਰੀਅਰ ਸ਼ਾਨਦਾਰ ਰਿਹਾ। ਹੁਣ ਮੈਂ ਆਪਣੀ ਜ਼ਿੰਦਗੀ ਦੇ ਇਸ ਨਵੇਂ ਪੜਾਅ ਦਾ ਆਨੰਦ ਮਾਣ ਰਿਹਾ ਹਾਂ।

# ਪ੍ਰਿਯੰਕਾ ਸੌਰਭ ਸਮਾਜਿਕ ਚਿੰਤਾ ਪੱਤਰਕਾਰੀ ਨਾਰਦ 2025 ਪੁਰਸਕਾਰ ਨਾਲ ਸਨਮਾਨਤ




ਭਿਵਾਨੀ/ਫਰੀਦਾਬਾਦ, 26 ਮਈ (ਚ.ਨ.ਸ.) : ਹਰਿਆਣਾ ਦੀ ਮਸ਼ਹੂਰ ਲੇਖਕ, ਕਵੀ ਅਤੇ ਸੁਤੰਤਰ ਪੱਤਰਕਾਰ ਪ੍ਰਿਯੰਕਾ ਸੌਰਭ ਨੂੰ ਦੇਵਰਿਸ਼ੀ ਨਾਰਦ ਜਯੰਤੀ ਦੇ ਮੌਕੇ ਤੇ ਆਯੋਜਿਤ ਰਾਜ ਪੱਧਰੀ ਪੱਤਰਕਾਰ ਸਨਮਾਨ ਸਮਾਰੋਹ ਵਿੱਚ ਸਮਾਜਿਕ ਚਿੰਤਾ ਪੱਤਰਕਾਰੀ ਨਾਰਦ ਸਨਮਾਨ - 2025 ਨਾਲ ਸਨਮਾਨਿਤ ਕੀਤਾ ਗਿਆ। ਇਹ ਸਨਮਾਨ ਹਰਿਆਣਾ ਸਰਕਾਰ ਦੇ ਕੈਬਨਿਟ ਮੰਤਰੀ ਵਿਪੁਲ ਗੋਇਲ ਨੇ ਮਾਨਵ ਰਚਨਾ ਯੂਨੀਵਰਸਿਟੀ, ਫਰੀਦਾਬਾਦ ਦੇ ਆਡੀਟੋਰੀਅਮ ਵਿੱਚ ਦਿੱਤਾ। ਹਿਸਾਰ ਦੇ ਆਰੀਆ ਨਗਰ ਪਿੰਡ ਦੀ ਧੀ ਅਤੇ ਭਿਵਾਨੀ ਦੇ ਬਰਵਾ ਪਿੰਡ ਦੀ ਨੂੰਹ ਪ੍ਰਿਯੰਕਾ ਸੌਰਭ ਨੇ ਆਪਣੀਆਂ ਲਿਖਤਾਂ ਰਾਹੀਂ ਸਮਾਜਿਕ ਨਿਆਂ, ਮਹਿਲਾ ਸਸ਼ਕਤੀਕਰਨ, ਸਿੱਖਿਆ, ਵਾਤਾਵਰਣ ਅਤੇ ਲੋਕਤੰਤਰੀ ਕਦਰਾਂ-ਕੀਮਤਾਂ ਦੀ ਵਕਾਲਤ ਕੀਤੀ ਹੈ। ਉਸਦੀ ਲਿਖਤ ਜਨਤਕ ਸਰੋਕਾਰਾਂ ਦੀ ਆਵਾਜ਼ ਬਣ ਗਈ ਹੈ। ਇਹ ਸਮਾਗਮ ਵਿਸ਼ਵ ਸੰਵਾਦ ਕੇਂਦਰ, ਹਰਿਆਣਾ ਦੁਆਰਾ ਸਫਲਤਾਪੂਰਵਕ ਆਯੋਜਿਤ ਕੀਤਾ ਗਿਆ ਸੀ, ਜੋ ਪਿਛਲੇ 10 ਸਾਲਾਂ ਤੋਂ ਦੇਵਰਸ਼ੀ ਨਾਰਦ ਜਯੰਤੀ ਦੇ ਮੌਕੇ ਤੇ ਪੱਤਰਕਾਰਾਂ ਨੂੰ ਸਨਮਾਨਿਤ ਕਰ ਰਿਹਾ ਹੈ। ਇਸ ਸਾਲ ਦਾ ਪ੍ਰੋਗਰਾਮ 25 ਮਈ 2025 ਨੂੰ ਆਯੋਜਿਤ ਕੀਤਾ ਗਿਆ ਸੀ।ਜਾਣਕਾਰੀ ਦਿੰਦੇ ਹੋਏ, ਵਿਸ਼ਵ ਸੰਵਾਦ ਕੇਂਦਰ, ਹਰਿਆਣਾ ਦੇ ਸਕੱਤਰ, ਸ਼੍ਰੀ ਰਾਜੇਸ਼ ਕੁਮਾਰ ਨੇ ਕਿਹਾ, ਦੇਵ੍ਰਿਸ਼ੀ ਨਾਰਦ ਨੂੰ ਭਾਰਤੀ ਪੱਤਰਕਾਰੀ ਦਾ ਆਦਰਸ਼ ਮੰਨਿਆ ਜਾਂਦਾ ਹੈ। ਅੱਜ ਦੇ ਸੰਦਰਭ ਵਿੱਚ, ਅਜਿਹੇ ਪੱਤਰਕਾਰਾਂ ਦਾ ਸਨਮਾਨ ਕਰਨਾ ਮਹੱਤਵਪੂਰਨ ਹੈ ਜੋ ਨਿਡਰਤਾ ਨਾਲ ਸਮਾਜ ਦੀਆਂ ਸੱਚਾਈਆਂ ਨੂੰ ਸਾਹਮਣੇ ਲਿਆਉਂਦੇ ਹਨ। ਪ੍ਰਿਯੰਕਾ ਸੌਰਭ ਦੀ ਲਿਖਤ ਇਸ ਵਿਚਾਰਧਾਰਾ ਨੂੰ ਅੱਗੇ ਵਧਾਉਂਦੀ ਹੈ।

ਪੁਰਸਕਾਰ ਸਵੀਕਾਰ ਕਰਦੇ ਹੋਏ, ਪ੍ਰਿਯੰਕਾ ਸੌਰਭ ਨੇ ਕਿਹਾ, ਇਹ ਪੁਰਸਕਾਰ ਮੇਰੀ ਕਲਮ ਲਈ ਨਹੀਂ ਹੈ, ਸਗੋਂ ਉਨ੍ਹਾਂ ਆਵਾਜ਼ਾਂ ਲਈ ਹੈ ਜਿਨ੍ਹਾਂ ਨੂੰ ਅਕਸਰ ਸਮਾਜ ਦੁਆਰਾ ਅਣਗੌਲਿਆ ਕੀਤਾ ਜਾਂਦਾ ਹੈ। ਮੈਂ ਆਪਣੀ ਲਿਖਤ ਰਾਹੀਂ ਉਨ੍ਹਾਂ ਦੇ ਅਧਿਕਾਰਾਂ ਅਤੇ ਅਸਲੀਅਤ ਨੂੰ ਸਾਹਮਣੇ ਲਿਆਉਣ ਦੀ ਕੋਸ਼ਿਸ਼ ਕਰ ਰਹੀ ਹਾਂ।

# ਅਮਿਤਾਭ ਨੇ ਭਾਰਤ ਦੇ ਦੁਨੀਆਂ ਦੀ ਚੌਥੀ ਸਭ ਤੋਂ ਵੱਡੀ ਅਰਥਵਿਵਸਥਾ ਬਣਨ 'ਤੇ ਪ੍ਰਗਟਾਈ ਖੁਸ਼ੀ

ਮੁੰਬਈ, 26 ਮਈ (ਚ.ਨ.ਸ.): ਬਾਲੀਵੁੱਡ ਦੇ ਮੈਗਾਸਟਾਰ ਅਮਿਤਾਭ ਬੱਚਨ ਨੇ ਭਾਰਤ ਦੇ ਕੁੱਲ ਘਰੇਲੂ ਉਤਪਾਦ (ਜੀ.ਡੀ.ਪੀ.) ਦੇ ਵਾਧੇ ਅਤੇ ਇਸ ਦੇ ਦੁਨੀਆ ਦੀ ਚੌਥੀ ਸਭ ਤੋਂ ਵੱਡੀ ਅਰਥਵਿਵਸਥਾ ਬਣਨ 'ਤੇ ਖੁਸ਼ੀ ਜ਼ਾਹਰ ਕੀਤੀ ਹੈ। ਅਮਿਤਾਭ ਬੱਚਨ ਨੇ ਭਾਰਤ ਦੀ ਆਰਥਿਕਤਾ ਨੂੰ ਲੈ ਕੇ ਪੋਸਟ ਕੀਤਾ ਹੈ ਅਤੇ ਖੁਸ਼ੀ ਜ਼ਾਹਰ ਕੀਤੀ ਹੈ। ਉਨ੍ਹਾਂ ਨੇ ਐਕਸ ਤੇ ਆਪਣੀ ਪੋਸਟ ਦੀ ਸ਼ੁਰੂਆਤ ਜੈ ਹਿੰਦ ਅਤੇ ਤਿਰੰਗੇ ਇਮੋਜੀ ਨਾਲ ਕੀਤੀ। ਉਨ੍ਹਾਂ ਲਿਖਿਆ, ਭਾਰਤ ਦੁਨੀਆ ਦੀ ਚੌਥੀ



ਸਭ ਤੋਂ ਵੱਡੀ ਅਰਥਵਿਵਸਥਾ ਬਣ ਗਿਆ ਹੈ। ਅਮਰੀਕਾ, ਚੀਨ, ਜਰਮਨੀ ਅਤੇ ਹੁਣ ਭਾਰਤ। ਭਾਰਤ ਅਗਲੇ 2.5 ਤੋਂ 3 ਸਾਲਾਂ ਵਿੱਚ ਤੀਜੀ ਸਭ ਤੋਂ ਵੱਡੀ ਅਰਥਵਿਵਸਥਾ ਬਣ ਜਾਵੇਗਾ।ਅਮਿਤਾਭ ਨੇ ਸਾਰੇ ਦੇਸ਼ਾਂ ਦੀ ਜੀ.ਡੀ.ਪੀ. ਦਾ ਜ਼ਿਕਰ ਕਰਦੇ ਹੋਏ ਅੱਗੇ ਲਿਖਿਆ, ਸੰਯੁਕਤ ਰਾਜ ਅਮਰੀਕਾ £30.51 ਟ੍ਰਿਲੀਅਨ ਦੀ ਜੀ.ਡੀ.ਪੀ. ਨਾਲ। ਚੀਨ £19.23 ਟ੍ਰਿਲੀਅਨ ਦੀ ਜੀ.ਡੀ.ਪੀ. ਨਾਲ। ਜਰਮਨੀ £4.74 ਟ੍ਰਿਲੀਅਨ ਦੀ ਜੀ.ਡੀ.ਪੀ. ਨਾਲ ਅਤੇ ਭਾਰਤ ਲਗਭਗ £4 ਟ੍ਰਿਲੀਅਨ ਦੀ ਜੀ.ਡੀ.ਪੀ. ਨਾਲ।

# ਮਧੂਬਾਨੀ ਅਤੇ ਗੌਂਡ ਕਲਾ ਦੇ ਕਲਾਕਾਰਾਂ ਨੇ ਰਾਸ਼ਟਰਪਤੀ ਦ੍ਰੌਪਦੀ ਮੁਰਮੂ ਨਾਲ ਕੀਤੀ ਮੁਲਾਕਾਤ

ਨਵੀਂ ਦਿੱਲੀ, 26 ਮਈ (ਅੰਮ੍ਰਿਤਪਾਲ ਸਿੰਘ) :ਕਲਾਕਾਰਾਂ ਦੇ ਇੱਕ ਸਮੂਹ ਨੇ ਅੱਜ (26 ਮਈ, 2025) ਰਾਸ਼ਟਰਪਤੀ ਭਵਨ ਵਿੱਚ ਆਰਟਿਸਟਸ ਇਨ ਰੈਜ਼ੀਡੈਂਸ ਪ੍ਰੋਗਰਾਮ ਦੇ ਹਿੱਸੇ ਵਜੋਂ ਭਾਰਤ ਦੇ ਰਾਸ਼ਟਰਪਤੀ, ਸ਼੍ਰੀਮਤੀ ਦ੍ਰੋਪਦੀ ਮੁਰਮੂ ਨਾਲ ਮੁਲਾਕਾਤ ਕੀਤੀ। ਭਾਰਤ ਦੇ ਰਵਾਇਤੀ ਕਲਾ ਰੂਪਾਂ ਨੂੰ ਆਰਟਿਸਟਸ ਇਨ ਰੈਜ਼ੀਡੈਂਸ ਪ੍ਰੋਗਰਾਮ - ਕਲਾ ਉਤਸਵ ਵਿੱਚ ਉਨ੍ਹਾਂ ਦੇ ਅਸਲ ਰੂਪਾਂ ਵਿੱਚ ਪ੍ਰਦਰਸ਼ਿਤ ਕੀਤਾ ਜਾ ਰਿਹਾ ਹੈ। ਇਸ ਕਲਾ ਉਤਸਵ ਨੇ ਰਾਸ਼ਟਰਪਤੀ ਭਵਨ ਵਿਖੇ ਭਾਰਤ ਦੇ ਲੋਕ, ਆਦਿਵਾਸੀ ਅਤੇ ਪਰੰਪਰਾਗਤ ਕਲਾਕਾਰਾਂ ਨੂੰ ਇੱਕ ਪਲੇਟਫਾਰਮ ਵੀ ਪ੍ਰਦਾਨ ਕੀਤਾ ਹੈ ਜਿਨ੍ਹਾਂ ਨੇ ਪੀੜ੍ਹੀਆਂ ਤੋਂ ਕਲਾ ਦੇ ਵਿਭਿੰਨ ਰੂਪਾਂ ਨੂੰ ਜਾਰੀ ਰੱਖਿਆ ਹੈ।ਮੱਧ ਪ੍ਰਦੇਸ਼ ਦੀ ਗੌਂਡ ਕਲਾ ਅਤੇ ਬਿਹਾਰ ਦੀ ਮਧੂਬਨੀ ਕਲਾ ਦੇ ਕਲਾਕਾਰ ਆਰਟਿਸਟ-ਇਨ-ਰੈਜ਼ੀਡੈਂਸ ਪ੍ਰੋਗਰਾਮ ਦੇ ਤਹਿਤ 20 ਤੋਂ 27 ਮਈ, 2025 ਤੱਕ ਰਾਸ਼ਟਰਪਤੀ ਭਵਨ ਵਿੱਚ ਠਹਿਰ ਰਹੇ ਹਨ। ਉਹ ਹਨ - ਮਧੂਬਨੀ ਕਲਾਕਾਰ - ਸ਼ਾਂਤੀ ਦੇਵੀ, ਅੰਬਿਕਾ ਦੇਵੀ, ਮਨੀਸ਼ਾ ਝਾਅ, ਪ੍ਰੀਤੀ ਕਰਨ, ਰੰਜਨ ਪਾਸਵਾਨ, ਸ਼ਾਂਤੀ ਦੇਵੀ, ਉਰਮਿਲਾ ਦੇਵੀ,



ਸ਼ਰਵਣ ਪਾਸਵਾਨ, ਕੁਮਾਰੀ ਨਲਿਨੀ ਸ਼ਾਹ ਅਤੇ ਮੋਤੀ ਕਰਨ ਅਤੇ ਗੌਂਡ ਕਲਾਕਾਰ - ਦੁਰਗਾਬਾਈ ਵਿਅਮ, ਸੁਭਾਸ਼ ਵਿਅਮ, ਨੰਕੁਸੀਆ ਸ਼ਿਆਮ, ਰਾਮ ਸਿੰਘ ਉਰਵੇਤੀ, ਦਿਲੀਪ ਸ਼ਿਆਮ, ਚੰਪਕਾਲੀ, ਹੀਰਾਮਨ ਉਰਵੇਤੀ ਅਤੇ ਜਪਾਨੀ ਸ਼ਿਆਮ ਧੁਰਵੇ।ਰਾਸ਼ਟਰਪਤੀ ਨੇ ਰਾਸ਼ਟਰਪਤੀ ਭਵਨ ਵਿਖੇ ਆਪਣੇ ਠਹਿਰਾਅ ਦੌਰਾਨ ਬਣਾਈਆਂ ਗਈਆਂ ਉਨ੍ਹਾਂ ਦੀਆਂ ਪੇਂਟਿੰਗਾਂ ਦੇਖੀਆਂ। ਉਨ੍ਹਾਂ ਨੇ ਭਾਰਤ ਦੇ ਮਹੱਤਵਪੂਰਨ ਰਵਾਇਤੀ ਕਲਾ ਰੂਪਾਂ ਵਿੱਚ ਉਨ੍ਹਾਂ ਦੇ ਯੋਗਦਾਨ ਦੀ ਸ਼ਲਾਘਾ ਕੀਤੀ ਅਤੇ ਉਨ੍ਹਾਂ ਦੇ ਭਵਿੱਖ ਦੇ ਕਲਾਤਮਕ ਯਤਨਾਂ ਵਿੱਚ ਉਨ੍ਹਾਂ ਦੀ ਸਫਲਤਾ ਦੀ ਕਾਮਨਾ ਕੀਤੀ।

# ਚੰਡੀਗੜ੍ਹ ਵਿੱਚ ਨਕਾਰਾ ਸਮੱਗਰੀ ਨੂੰ ਸਾੜਨ ਕਾਰਨ ਵਧ ਰਹੇ ਹਵਾ ਪ੍ਰਦੂਸ਼ਨ 'ਤੇ ਚਿੰਤਾ ਪ੍ਰਗਟਾਈ

ਚੰਡੀਗੜ੍ਹ, 26 ਮਈ (ਅੰਮ੍ਰਿਤਪਾਲ ਸਿੰਘ) : ਜ਼ਿਲ੍ਹਾ ਮੈਜਿਸਟਰੇਟ ਨੇ ਚੰਡੀਗੜ੍ਹ ਵਿੱਚ ਨਕਾਰਾ ਵਸਤੂਆਂ ਨੂੰ ਜਲਾਉਣ ਦੇ ਕਾਰਨ ਖ਼ਰਾਬ ਹੋ ਰਹੀ ਹਵਾ ਦੀ ਕੁਆਲਿਟੀ 'ਤੇ ਚਿੰਤਾ ਪ੍ਰਗਟ ਕਰਦੇ ਹੋਏ ਕਿਹਾ ਕਿ ਇਸ ਨਾ ਸਿਰਫ਼ ਸ਼ਹਿਰ ਦੇ ਨਾਗਰਿਕਾਂ ਲਈ ਹਾਨੀਕਾਰਕ ਹੈ ਬਲਕਿ ਪੇੜ ਪੌਦੇ ਅਤੇ ਬਨਸਪਤੀ ਨੂੰ ਵੀ ਨੁਕਸਾਨ ਪਹੁੰਚਾ ਰਹੀ ਹੈ। ਨਕਾਰਾ ਵਸਤੂਆਂ ਹੁਣ ਸਿਰਫ਼ ਕਚਰਾ, ਸੁੱਕੇ ਪੱਤੇ, ਪਲਾਸਟਿਕ, ਰਬੜ ਅਤੇ ਹੋਰ ਉਪਯੋਗ ਹੋਣ ਵਾਲੀਆਂ ਵਸਤੂਆਂ ਨੂੰ ਜਲਾਉਣ ਦੇ ਕਾਰਨ ਵੀ ਹਵਾ ਪ੍ਰਦੂਸ਼ਨ ਲਗਾਤਾਰ ਵਧ ਰਿਹਾ ਹੈ ਅਤੇ ਵਾਤਾਵਰਨ ਵਿੱਚ ਜ਼ਹਿਰਲੀ ਗੈਸ ਪੈਦਾ ਹੋ ਰਹੀ ਹੈ। ਜ਼ਿਲ੍ਹਾ ਮੈਜਿਸਟਰੇਟ ਨੇ ਮਹਸੂਸ ਕੀਤਾ ਹੈ ਕਿ ਇਸ ਤਰ੍ਹਾਂ ਦੀ ਕਾਰਵਾਈ ਨੂੰ ਰੋਕਣ ਲਈ ਤੁਰੰਤ ਠੋਸ ਕਦਮ ਚੁੱਕੇ ਜਾਣ ਤਾਂ ਕੀ ਆਮ ਜਨਤਾ ਦੀ ਸਿਹਤ ਨਾਲ ਖਿਲਵਾੜ ਨਾ ਹੋ ਸਕੇ ਅਤੇ ਵਾਤਾਵਰਣ ਦੀ ਸੁੱਧਤਾ ਵੀ ਬਣੀ ਰਹੇ। ਇਸ ਦੇ ਨਾਲ ਹੀ ਜ਼ਿਲ੍ਹਾ ਮੈਜਿਸਟਰੇਟ ਨੇ ਆਪਣੀਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਨਕਾਰਾ ਵਸਤੂਆਂ ਨੂੰ ਜਲਾਉਣ ਤੋਂ ਰੋਕਣ ਲਈ ਕਈ ਕਦਮ ਚੁੱਕਣ ਦੇ ਨਿਰਦੇਸ਼ ਦਿੱਤੇ ਹਨ। ਜਿਸ ਵਿੱਚ ਸ਼ਹਿਰ ਦੇ ਨਾਗਰਿਕਾਂ ਨੂੰ ਆਪਣਾ ਕਚਰਾ ਨਗਰਨਿਗਮ ਵੱਲੋਂ ਨਿਰਧਾਰਤ ਸਿਸਟਮ ਨਾਲ ਹੀ ਖ਼ਤਮ ਕਰਨ ਦਾ ਸੁਝਾਅ ਦਿੱਤਾ। ਸਥਾਨਿਕ ਅਧਿਕਾਰ ਅਤੇ ਕਰਮਚਾਰੀ ਅਜਿਹੀ ਕਾਰਵਾਈ ਨੂੰ ਰੋਕਣ ਲਈ ਨਗਰ ਨਿਗਮ ਅਤੇ ਪ੍ਰਸ਼ਾਸਨ ਨਾਲ ਹਰ ਤਰ੍ਹਾਂ ਦਾ ਸਹਿਯੋਗ ਕਰਨ ਅਤੇ ਅਧਿਕਾਰੀ ਵੀ ਲਗਾਤਾਰ ਸ਼ਹਿਰ ਵਿੱਚ ਅਜਿਹੀ ਘਟਨਾਵਾਂ ਤੇ ਨਿਗਰਾਨੀ ਰੱਖਣ।

## ਜਨਮ ਦਿਨ ਮੁਬਾਰਕ



ਹਰਗੁਣ ਕੌਰ



ਹਰਮਨਪ੍ਰੀਤ ਸਿੰਘ

# ਪੇਂਡੂ ਵਿਕਾਸ ਮੰਤਰਾਲੇ ਵੱਲੋਂ 'ਭੂਮੀ ਸਰਵੇਖਣ' ਨਕਸ਼ਾ ਪ੍ਰੋਜੈਕਟ ਸ਼ੁਰੂ

ਚੰਡੀਗੜ੍ਹ, 26 ਮਈ (ਅੰਮ੍ਰਿਤਪਾਲ ਸਿੰਘ) : ਭਾਰਤ ਸਰਕਾਰ ਦੇ ਪੇਂਡੂ ਵਿਕਾਸ ਮੰਤਰਾਲੇ ਦੇ ਭੂਮੀ ਸਰੋਤ ਵਿਭਾਗ ਨੇ ਡਿਜੀਟਲ ਇੰਡੀਆ ਲੈਂਡ ਰਿਕਾਰਡਜ਼ ਮਾਡਰਨਾਈਜ਼ੇਸ਼ਨ ਪ੍ਰੋਗਰਾਮ ਦੇ ਤਹਿਤ ਇੱਕ ਪ੍ਰਮੁੱਖ ਪਹਿਲਕਦਮੀ ਵਜੋਂ ਸ਼ਹਿਰੀ ਬਸਤੀਆਂ ਦਾ ਰਾਸ਼ਟਰੀ ਭੂ-ਸਥਾਨਕ ਗਿਆਨ-ਅਧਾਰਤ ਭੂਮੀ ਸਰਵੇਖਣ (ਨਕਸ਼ਾ) ਸ਼ੁਰੂ ਕੀਤਾ ਹੈ। ਇਸ ਪਰਿਵਰਤਨਸ਼ੀਲ ਪ੍ਰੋਜੈਕਟ ਦਾ ਉਦੇਸ਼ ਦੇਸ਼ ਭਰ ਵਿੱਚ ਸ਼ਹਿਰੀ ਜ਼ਮੀਨੀ ਰਿਕਾਰਡਾਂ ਦੀ ਸਿਰਜਣਾ ਅਤੇ ਪ੍ਰਬੰਧਨ ਨੂੰ ਆਧੁਨਿਕ ਅਤੇ ਸੁਚਾਰੂ ਬਣਾਉਣਾ ਹੈ।ਨਕਸ਼ਾ ਪਹਿਲਕਦਮੀ ਸ਼ਹਿਰੀ ਭੂਮੀ ਰਿਕਾਰਡਾਂ ਲਈ ਇੱਕ ਵਿਆਪਕ ਅਤੇ ਸਹੀ ਭੂ-ਸਥਾਨਕ ਡੇਟਾਬੇਸ ਸਥਾਪਤ ਕਰਨ ਦੀ ਕੋਸ਼ਿਸ਼ ਕਰਦੀ ਹੈ। ਏਰੀਅਲ ਇਮੇਜਰੀ, ਫੀਲਡ ਸਰਵੇਖਣ, ਅਤੇ ਅਤਿ-ਆਧੁਨਿਕ ਭੂਗੋਲਿਕ ਸੂਚਨਾ ਪ੍ਰਣਾਲੀ ਤਕਨਾਲੋਜੀਆਂ ਦੇ ਸੁਮੇਲ ਦੀ ਵਰਤੋਂ ਕਰਦੇ ਹੋਏ, ਇਹ ਪ੍ਰੋਗਰਾਮ ਸ਼ਹਿਰੀ ਭੂਮੀ ਪ੍ਰਸ਼ਾਸਨ ਦੀ ਕੁਸ਼ਲਤਾ ਨੂੰ ਵਧਾਉਣ, ਜਾਇਦਾਦ ਦੀ ਮਾਲਕੀ ਦੇ ਸਹੀ ਦਸਤਾਵੇਜ਼ਾਂ ਨੂੰ ਯਕੀਨੀ ਬਣਾਉਣ, ਅਤੇ ਏਕੀਕ੍ਰਿਤ ਸ਼ਹਿਰੀ ਯੋਜਨਾਬੰਦੀ ਦਾ ਸਮਰਥਨ ਕਰਨ ਲਈ ਤਿਆਰ ਹੈ।

ਇਸ ਪ੍ਰੋਜੈਕਟ ਦੇ ਸੰਭਾਵਿਤ ਨਤੀਜਿਆਂ ਵਿੱਚ ਸਹੀ ਅਤੇ ਅੱਪਡੇਟ ਕੀਤੇ ਡਿਜੀਟਲ ਸ਼ਹਿਰੀ ਭੂਮੀ ਰਿਕਾਰਡਾਂ ਦੀ ਸਿਰਜਣਾ, ਕਾਨੂੰਨੀ ਸਪੱਸ਼ਟਤਾ ਵਿੱਚ ਸੁਧਾਰ ਰਾਹੀਂ ਜ਼ਮੀਨੀ ਵਿਵਾਦਾਂ ਵਿੱਚ ਕਮੀ, ਵਧੇਰੇ ਕੁਸ਼ਲ ਸ਼ਹਿਰੀ ਯੋਜਨਾਬੰਦੀ, ਯੂਐਲਬੀਜ਼ ਦੀ ਵਿੱਤੀ ਤਾਕਤ, ਸਰਲ ਜਾਇਦਾਦ ਲੈਣ-ਦੇਣ, ਬਿਹਤਰ ਕ੍ਰੈਡਿਟ ਪਹੁੰਚ ਅਤੇ ਸ਼ਾਸਨ ਵਿੱਚ ਜਨਤਾ ਦੇ ਵਿਸ਼ਵਾਸ ਨੂੰ ਵਧਾਉਣਾ ਸ਼ਾਮਲ ਹੈ। ਇਸ ਪਹਿਲਕਦਮੀ ਦਾ ਉਦੇਸ਼ ਭ੍ਰਿਸ਼ਟਾਚਾਰ ਅਤੇ ਧੋਖਾਧੜੀ ਨੂੰ ਰੋਕਣਾ ਵੀ ਹੈ, ਜਿਸ ਨਾਲ ਰੀਅਲ ਅਸਟੇਟ ਅਤੇ ਬੁਨਿਆਦੀ ਢਾਂਚੇ ਵਿੱਚ ਨਿਵੇਸ਼ ਲਈ ਇੱਕ ਅਨੁਕੂਲ ਵਾਤਾਵਰਣ ਨੂੰ ਉਤਸ਼ਾਹਿਤ ਕੀਤਾ ਜਾ ਸਕੇ ਅਤੇ ਕਾਰੋਬਾਰ ਕਰਨ ਦੀ ਸਮੁੱਚੀ ਸੌਖ ਨੂੰ ਹੁਲਾਰਾ ਦਿੱਤਾ ਜਾ ਸਕੇ। ਡਿਪਟੀ ਕਮਿਸ਼ਨਰ, ਚੰਡੀਗੜ੍ਹ ਨੂੰ ਨਕਸ਼ਾ ਪ੍ਰੋਜੈਕਟ ਦੇ ਪਾਇਲਟ ਲਾਗੂਕਰਨ ਲਈ ਨੋਡਲ ਅਧਿਕਾਰੀ ਨਿਯੁਕਤ ਕੀਤਾ ਗਿਆ ਹੈ। ਇਸ ਪਹਿਲਕਦਮੀ ਦੇ ਸਮਰਥਨ ਵਿੱਚ, ਇੱਕ ਸਟੇਟ ਪ੍ਰੋਜੈਕਟ ਮੈਨੇਜਮੈਂਟ ਯੂਨਿਟ ਸਥਾਪਤ ਕੀਤੀ ਗਈ ਹੈ, ਅਤੇ 20 ਸਮਰਪਿਤ ਫੀਲਡ ਸਰਵੇਖਣ ਟੀਮਾਂ ਤਾਇਨਾਤ ਕੀਤੀਆਂ ਗਈਆਂ ਹਨ।

# ਆਈ.ਐਸ.ਐਸ.ਐਫ. ਜੂਨੀਅਰ ਵਿਸ਼ਵ ਕੱਪ: ਤੇਜਸਵਿਨੀ ਨੇ 25 ਮੀਟਰ ਮਹਿਲਾ ਪਿਸਟਲ ਵਿੱਚ ਜਿੱਤਿਆ ਸੋਨ ਤਮ.ਗਾ

## ਟੂਰਨਾਮੈਂਟ ਵਿੱਚ ਭਾਰਤ ਕੁੱਲ 11 ਤਮ.ਗਿਆਂ ਨਾਲ ਸੂਚੀ ਵਿੱਚ ਸਿਖਰ 'ਤੇ

ਸੁਹਲ (ਜਰਮਨੀ), 26 ਮਈ (ਚ.ਨ.ਸ.) : ਭਾਰਤੀ ਨਿਸ਼ਾਨੇਬਾਜ਼ ਤੇਜਸਵਿਨੀ ਨੇ ਸੋਮਵਾਰ ਨੂੰ ਮਹਿਲਾਵਾਂ ਦੇ 25 ਮੀਟਰ ਪਿਸਟਲ ਮੁਕਾਬਲੇ ਵਿੱਚ ਸੋਨ ਤਗਮਾ ਜਿੱਤਿਆ, ਜਿਸ ਨਾਲ ਇੱਥੇ ਆਈ.ਐਸ.ਐਸ.ਐਫ. ਜੂਨੀਅਰ ਵਿਸ਼ਵ ਕੱਪ ਵਿੱਚ ਦੇਸ਼ ਦਾ ਦਬਦਬਾ ਜਾਰੀ ਰਿਹਾ। ਤੇਜਸਵਿਨੀ ਨੇ ਅੱਠ ਔਰਤਾਂ ਦੇ ਫਾਈਨਲ ਵਿੱਚ ਪੰਜ ਸ਼ਾਟ ਮਾਰ ਕੇ ਕੁੱਲ 31 ਅੰਕ ਬਣਾਏ। ਬੇਲਾਰੂਸ ਦੀ ਅਲੀਨਾ ਨੇਸਟੀਰੋਵਿਚ, ਜਿਸਨੇ ਇੱਕ ਵਿਅਕਤੀਗਤ ਨਿਰਪੱਖ ਐਥਲੀਟ



ਵਜੋਂ ਮੁਕਾਬਲਾ ਕੀਤਾ, ਨੇ 29 ਅੰਕਾਂ ਨਾਲ ਚਾਂਦੀ ਦਾ ਤਗਮਾ ਜਿੱਤਿਆ ਜਦੋਂ ਕਿ ਹੰਗਰੀ ਦੀ ਮਿਰੀਅਮ ਕਜ਼ਾਕੋ ਨੇ 23 ਅੰਕਾਂ ਨਾਲ ਕਾਂਸੀ ਦਾ ਤਗਮਾ ਜਿੱਤਿਆ। ਤੇਜਸਵਿਨੀ ਇਸ ਤੋਂ ਪਹਿਲਾਂ ਕੁਆਲੀਫਿਕੇਸ਼ਨ ਪੜਾਅ ਵਿੱਚ 575 ਅੰਕਾਂ ਨਾਲ ਚੌਥੇ ਸਥਾਨ ਤੇ ਰਹੀ ਸੀ। ਚੀਨ ਦੇ ਤਾਓਤਾਓ ਝਾਓ 589 ਅੰਕਾਂ ਨਾਲ ਸੂਚੀ ਵਿੱਚ ਸਿਖਰ ਤੇ ਰਹੇ। ਹਾਲਾਂਕਿ, ਤਾਓਤਾਓ (18) ਫਾਈਨਲ ਵਿੱਚ ਚੀਨੀ ਤਾਈਪੇ ਦੇ ਯੇਨ-ਚਿੰਗ ਚੇਂਗ (22) ਤੋਂ ਬਾਅਦ ਪੰਜਵੇਂ ਸਥਾਨ ਤੇ ਰਹੀ। ਔਰਤਾਂ ਦੇ 25 ਮੀਟਰ ਮੁਕਾਬਲੇ ਵਿੱਚ ਹੋਰ ਭਾਰਤੀ, ਗੀਆ ਸ਼ਿਰੀਸ਼ ਥੱਟੇ, ਨਾਮਿਆ ਕਪੂਰ ਅਤੇ ਦਿਵਾਂਸ਼ੀ ਕੁਆਲੀਫਿਕੇਸ਼ਨ ਵਿੱਚ ਕ੍ਰਮਵਾਰ 15ਵੇਂ, 18ਵੇਂ ਅਤੇ 24ਵੇਂ ਸਥਾਨ ਤੇ ਰਹੀਆਂ। ਜੂਨੀਅਰ ਨਿਸ਼ਾਨੇਬਾਜ਼ਾਂ ਲਈ ਦੁਨੀਆ ਦੇ ਸਭ ਤੋਂ ਵੱਕਾਰੀ ਟੂਰਨਾਮੈਂਟ ਵਿੱਚ ਭਾਰਤ ਤਿੰਨ ਸੋਨੇ, ਚਾਰ ਚਾਂਦੀ ਅਤੇ ਚਾਰ ਕਾਂਸੀ ਸਮੇਤ ਕੁੱਲ 11 ਤਗਮਿਆਂ ਨਾਲ ਸੂਚੀ ਵਿੱਚ ਸਿਖਰ ਤੇ ਹੈ।

## ਸ੍ਰੀ ਸੁਖਮਨੀ ਸਾਹਿਬ ਜੀ ਦੇ ਲੜੀਵਾਰ ਪਾਠਾਂ ਦੇ 54ਵੇਂ ਦਿਨ ਦੀ ਸੇਵਾ ਭਾਈ ਇੰਦਰਜੀਤ ਸਿੰਘ ਟਿਵਾਣਾ ਦੇ ਸਮੂਹ ਪਰਿਵਾਰ ਨੇ ਨਿਭਾਈ



ਧਾਰੀਵਾਲ, 26 ਮਈ (ਅਸ਼ੋਕ ਕੁਮਾਰ): ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ ਦੇ ਸਬੰਧ 'ਚ ਸ੍ਰੀ ਸੁਖਮਨੀ ਸਾਹਿਬ ਸੇਵਾ ਸੋਸਾਇਟੀ ਧਾਰੀਵਾਲ ਵੱਲੋਂ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ 8 ਅਪ੍ਰੈਲ ਤੋਂ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਦੀ ਲੜੀ ਨਿਰੰਤਰ ਚੱਲ ਰਹੀ ਹੈ 54ਵੇਂ ਦਿਨ ਦੀ ਸੇਵਾ ਭਾਈ ਇੰਦਰਜੀਤ ਸਿੰਘ ਟਿਵਾਣਾ ਦੇ ਸਮੂਹ ਪਰਿਵਾਰ ਵੱਲੋਂ ਨਿਭਾਈ ਗਈ । ਜਿਸ ਦੌਰਾਨ ਸੰਗਤੀ ਰੂਪ ਸਿੰਘ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਉਪਰੰਤ ਪ੍ਰਸਿਧ ਕਥਾ ਵਾਚਕ ਭਾਈ ਜਸਵਿੰਦਰ ਸਿੰਘ ਕਲੇਰ ਵੱਲੋਂ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀਆਂ ਭਰੇ ਇਤਿਹਾਸ ਨਾਲ ਸੰਗਤਾਂ ਨੂੰ ਜਾਣੂ ਕਰਵਾਉਂਦੇ ਹੋਏ ਸੰਗਤਾਂ ਨੂੰ ਬਾਣੇ ਅਤੇ ਬਾਣੀ ਨਾਲ ਜੁੜਣ ਲਈ ਪ੍ਰੇਰਿਤ ਕੀਤਾ । ਸਮਾਗਮ ਦੌਰਾਨ ਅਰਦਾਸ ਹੋਣ ਉਪਰੰਤ ਸ੍ਰੀ ਸੁਖਮਨੀ ਸਾਹਿਬ ਸੇਵਾ ਸੋਸਾਇਟੀ ਧਾਰੀਵਾਲ ਦੇ ਸੇਵਾਦਾਰਾਂ ਵੱਲੋਂ ਭਾਈ ਇੰਦਰਜੀਤ ਸਿੰਘ ਟਿਵਾਣਾ ਨੂੰ ਗੁਰੂ-ਘਰ ਦੀ ਬਖਸ਼ਿਸ ਸਿਰੋਪਾਓ ਪਾ ਕੇ ਸਨਮਾਨਿਤ ਕੀਤਾ ਗਿਆ। ਸਮਾਗਮ ਉਪਰੰਤ ਗੁਰੂ ਦਾ ਅਤੁੱਟ ਲੰਗਰ ਵਰਤਿਆਂ। ਇਸ ਮੌਕੇ ਤੇ ਪੱਤਰਕਾਰਾਂ ਨਾਲ ਗਲਬਾਤ ਦੌਰਾਨ ਸ੍ਰੀ ਸੁਖਮਨੀ ਸਾਹਿਬ ਸੇਵਾ ਸੋਸਾਇਟੀ ਦੇ ਮੁੱਖ ਸੇਵਾਦਾਰ ਡਾਕਟਰ ਗੁਰਜਿੰਦਰ ਸਿੰਘ ਨੇ ਕਿਹਾ ਕਿ 29 ਮਈ ਨੂੰ ਸਵੇਰੇ 6.30 ਵਜੇ ਗੁਰਦੁਆਰਾ ਸ੍ਰੀ ਬੁਰਜ ਸਾਹਿਬ ਧਾਰੀਵਾਲ ਤੋਂ ਪੈਦਲ ਮਹਾਨ ਨਗਰ ਕੀਰਤਨ ਸਜਾਇਆ ਜਾਵੇਗਾ ਜੋਕਿ ਪਿੰਡ ਅਹਿਮਦਾਬਾਦ, ਦਾਣਾ ਮੰਡੀ, ਨਵੀਂ ਅਬਾਦੀ, ਨਹਿਰ ਦੀ ਪਟਰੀ ਅਤੇ ਪੁਰਾਣਾ ਧਾਰੀਵਾਲ ਤੋਂ ਹੁੰਦਾ ਹੋਇਆ ਗੁਰਦੁਆਰਾ ਸ੍ਰੀ ਬੁਰਜ ਸਾਹਿਬ ਧਾਰੀਵਾਲ ਵਿਖੇ ਸਮਾਪਿਤ ਹੋਵੇਗਾ ਜਦਕਿ 30 ਮਈ ਨੂੰ ਗੁਰਦੁਆਰਾ ਸ੍ਰੀ ਬੁਰਜ ਸਾਹਿਬ ਧਾਰੀਵਾਲ ਵਿਖੇ ਸ਼ਹੀਦ-ਪੁਰਬ ਮਨਾਇਆ ਜਾਵੇਗਾ ਉਪਰੰਤ ਲੜੀ ਦੀ ਅਖੀਰਲਾ ਸ੍ਰੀ ਸੁਖਮਨੀ ਸਾਹਿਬ ਜੀ ਦਾ ਪਾਠ ਹੋਵੇਗਾ । ਉਨ੍ਹਾਂ ਨੂੰ ਸਮੂਹ ਸੰਗਤਾਂ ਨੂੰ ਅਪੀਲ ਕੀਤੀ ਕਿ ਕੇਸਰੀ ਦਸਤਾਰ ਅਤੇ ਕੇਸਰੀ ਦੁਪੱਟੇ ਲੈ ਕੇ ਪਰਿਵਾਰਾਂ ਸਮੇਤ ਨਗਰ ਕੀਰਤਨ ਵਿੱਚ ਸਮੂਲੀਅਤ ਕਰਨ ਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਨ ।

## ਪੁਲਿਸ ਦੀ ਨਾਜਾਇਜ਼ ਕੁੱਟਮਾਰ ਕਾਰਨ ਨੌਜਵਾਨ ਦੀ ਇਲਾਜ ਦੌਰਾਨ ਮੌਤ



ਕੋਟ ਈਸੇ ਖਾਂ, 26 ਮਈ (ਗਾਂਧੀ/ਖੁਰਾਣਾ): ਪਿੰਡ ਰੇੜਵਾਂ ਦੇ ਇੱਕ ਨੌਜਵਾਨ ਆਕਾਸਦੀਪ ਸਿੰਘ ਦੀ ਸਰਕਾਰੀ ਹਸਪਤਾਲ ਕੋਟ ਈਸੇ ਖਾਂ ਵਿੱਚ ਇਲਾਜ ਦੌਰਾਨ ਮੌਤ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਇਸ ਮੌਕੇ ਮ੍ਰਿਤਕ ਦੇ ਪਰਿਵਾਰਿਕ ਮੈਂਬਰਾਂ ਨੇ ਕਿਹਾ ਕਿ ਸਾਡੇ ਲੜਕੇ ਦੀ ਮੌਤ ਪੁਲਿਸ ਦੀ ਨਾਜਾਇਜ ਕੁੱਟਮਾਰ ਕਰਕੇ ਹੋਈ ਹੈ।

ਮੁੰਡੇ ਦੇ ਪਿਤਾ ਕੁਲਦੀਪ ਸਿੰਘ ਤੇ ਮਾਂ ਕਿੰਦਰ ਕੌਰ ਨੇ ਕਿਹਾ ਕਿ ਆਕਾਸਦੀਪ ਸਿੰਘ ਸਾਡਾ ਇਕਲੌਤਾ ਪੁੱਤਰ ਸੀ। ਉਸਦੇ ਦੋ ਛੋਟੇ ਬੱਚੇ ਹਨ। 8 ਮਈ ਨੂੰ ਇੰਟੈਲੀਜੈਂਸੀ ਮੁਲਾਜਮ ਸਾਡੇ ਪਿੰਡ ਆਏ ਤੇ ਸਾਡੇ ਪੁੱਤਰ ਆਕਾਸਦੀਪ ਸਿੰਘ ਦੇ ਨਾਲ ਮੇਜਰ ਸਿੰਘ ਤੇ ਗੱਗੂ ਨਾਮਕ ਲੜਕੇ ਨੂੰ ਆਪਣੇ ਨਾਲ ਧੱਕੇ ਨਾਲ ਲੈ ਗਏ ਕਿ ਇਹਨਾਂ ਕੋਲ ਨਾਜਾਇਜ ਅਸਲਾ ਹੈ। ਜਿੱਥੇ ਉਨ੍ਹਾਂ ਵੱਲੋਂ ਸਾਡੇ ਬੇਟੇ ਤੇ ਦੋਹਾਂ ਹੋਰ ਲੜਕਿਆਂ ਨਾਲ ਵੀ ਕੁੱਟਮਾਰ ਕੀਤੀ। ਸਾਮ ਨੂੰ ਪੁਲਿਸ ਨੇ ਸਾਰਿਆ ਲੜਕਿਆਂ ਨੂੰ ਛੱਡਿਆਂ ਤੇ ਆਕਾਸਦੀਪ ਸਿੰਘ ਘਰ ਆਇਆ ਤਾਂ ਉਸਦੀ ਹਾਲਤ ਇੰਨੀ ਖਰਾਬ ਸੀ ਕਿ ਉਹ ਆਪਣੇ ਪੈਰਾਂ 'ਤੇ ਤੁਰਨ ਤੋਂ ਵੀ ਅਸਮਰੱਥ ਸੀ। ਪੁਲਿਸ ਨੇ ਆਕਾਸਦੀਪ ਸਿੰਘ ਨੂੰ ਇੰਨਾ ਧਮਕਾਇਆ ਸੀ ਕਿ ਉਹ ਆਪਣਾ ਪਿੰਡ ਛੱਡ ਕੇ ਕਿਸੇ ਹੋਰ ਸਹਿਰ ਵਿੱਚ ਇਲਾਜ ਕਰਵਾ ਰਿਹਾ ਸੀ। ਉਨ੍ਹਾਂ ਅੱਗੇ ਕਿਹਾ ਕਿ ਜਿਸ ਦਿਨ ਤੋਂ ਸਾਡਾ ਲੜਕਾ ਘਰ ਆਇਆ ਉਸ ਦਿਨ ਤੋ ਹੀ ਕੁੱਟਮਾਰ ਕਰਕੇ ਇਸਦੀ ਤਬੀਅਤ ਵਿਗੜੀ ਰਹਿੰਦੀ ਸੀ।

ਇਸ ਮੌਕੇ ਧਰਮਕੋਟ ਥਾਣਾ ਮੁਖੀ ਜਤਿੰਦਰ ਸਿੰਘ ਪੁਲਿਸ ਪਾਰਟੀ ਸਮੇਤ ਸਰਕਾਰੀ ਹਸਪਤਾਲ ਪਹੁੰਚੇ। ਨੌਜਵਾਨ ਦੀ ਮੌਤ ਦੀ ਖਬਰ ਸੁਣਦਿਆਂ ਹੀ ਕਿਸਾਨ ਯੂਨੀਅਨ ਦੇ ਆਗੂ ਵੀ ਹਸਪਤਾਲ ਪਹੁੰਚ ਗਏ। ਇਸ ਮੌਕੇ ਕਿਸਾਨ ਯੂਨੀਅਨ ਦੇ ਆਗੂ ਬਲਵੰਤ ਸਿੰਘ ਬਹਿਰਾਮਕੇ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਨਸਾ ਵਿਰੋਧੀ ਮੁਹਿੰਮ ਦੇ ਤਹਿਤ ਪੁਲਿਸ ਮੁਲਾਜਮ ਪਿੰਡ ਦੇ ਮੁੰਡਿਆਂ ਨੂੰ ਗ੍ਰਿਫਤਾਰ ਕਰ ਰਹੀ ਹੈ, ਉਨ੍ਹਾਂ ਦੀ ਨਾਜਾਇਜ ਕੁੱਟਮਾਰ ਕਰ ਰਹੀ ਹੈ ਤੇ ਉਨ੍ਹਾਂ ਵਿਰੁੱਧ ਝੂਠੇ ਕੇਸ ਬਣਾ ਰਹੀ ਹੈ।

ਅੱਜ ਪੁਲਿਸ ਵੱਲੋਂ ਕੀਤੀ ਕੁੱਟਮਾਰ ਕਾਰਨ ਆਕਾਸਦੀਪ ਸਿੰਘ ਦੀ ਮੌਤ ਹੋ ਗਈ। ਆਕਾਸਦੀਪ ਸਿੰਘ ਆਪਣੇ ਮਾਪਿਆਂ ਦਾ ਇਕਲੌਤਾ ਪੁੱਤਰ ਸੀ। ਧਰਮਕੋਟ ਦੇ ਥਾਣਾ ਇੰਚਾਰਜ ਨੇ ਮ੍ਰਿਤਕ ਦੇ ਪਰਿਵਾਰ ਨੂੰ ਭਰੋਸਾ ਦਿੱਤਾ ਕਿ ਅਸੀਂ ਘਟਨਾ ਦੀ ਜਾਂਚ ਕਰ ਰਹੇ ਹਾਂ। ਖਬਰ ਲਿਖੇ ਜਾਣ ਤੱਕ ਮ੍ਰਿਤਕ ਦਾ ਪੋਸਟਮਾਰਟਮ ਨਹੀਂ ਹੋਇਆ ਸੀ।

## ਪਾਵਰ ਕਾਮ ਐਂਡ ਟਰਾਂਸਪੋਰਟ ਠੇਕਾ ਮੁਲਾਜ਼ਮ ਯੂਨੀਅਨ ਨੇ ਵਿਖੇ ਦਿੱਤਾ ਧਰਨਾ



ਜ਼ੀਰਾ, 26 ਮਈ (ਦੀਪਕ ਭਾਰਗੋ): ਭਗਵੰਤ ਮਾਨ ਸਰਕਾਰ ਵੱਲੋਂ ਦਾਵਾ ਕੀਤਾ ਜਾਂਦਾ ਹੈ ਕੀ 56 ਹਜਾਰ ਦੇ ਕਰੀਬ ਨੌਕਰੀਆਂ ਦਿੱਤੀਆਂ ਜਾ ਚੁੱਕੀਆਂ ਹਨ ਪਰ ਠੇਕਾ ਮੁਲਾਜਮ ਹਜੇ ਵੀ ਦਰ ਦਰ ਦੀਆਂ ਠੋਕਰਾਂ ਖਾ ਰਿਹਾ ਹੈ ਇਸੇ ਤਰ੍ਹਾਂ ਪਾਵਰਕਾਮ ਮੁਲਾਜਮ ਜੋ ਪਿਛਲੇ ਲੰਬੇ ਸਮੇਂ ਤੋਂ ਠੇਕੇਦਾਰੀ ਦੇ ਵਿੱਚ ਪੱਕਾ ਕਰਨ ਦੀ ਮੰਗ ਨੂੰ ਲੈ ਕੇ ਬਾਰ-ਬਾਰ ਧਰਨਾ ਦਿੱਤਾ ਜਾ ਰਿਹਾ ਹੈ। ਇਸੇ ਤਰ੍ਹਾਂ ਜੀਰਾ ਦੇ ਪਾਵਰਕਾਮ ਮੁਲਾਜਮਾ ਵੱਲੋਂ ਪਟਿਆਲਾ ਵਿੱਚ ਜਾ ਕੇ ਧਰਨਾ ਦਿੱਤਾ ਗਿਆ ਇਸ ਮੌਕੇ ਪ੍ਰਧਾਨ ਨਛੱਤਰ ਸਿੰਘ ਤੇ ਗੁਰਜੰਟ ਸਿੰਘ ਡਿਵੀਜਨ ਪ੍ਰਧਾਨ ਵੱਲੋਂ ਜਾਣਕਾਰੀ ਦਿੱਤੀ ਗਈ ਕਿ ਪਿਛਲੇ ਲੰਬੇ ਸਮੇਂ ਤੋਂ ਮੁਲਾਜਮਾ ਦੀਆਂ ਤਨਖਾਹਾਂ ਕਰੰਟ ਲੱਗਣ ਨਾਲ ਹੋਈਆਂ ਮੌਤਾਂ ਦੇ ਮੁਆਵਜੇ ਪਰਿਵਾਰਾਂ ਨੂੰ ਨੌਕਰੀਆਂ ਨਾ ਮਿਲਣ ਕਰਕੇ ਧਰਨੇ ਦਿੱਤੇ ਜਾ ਰਹੇ ਹਨ ਪਰ ਸਰਕਾਰ ਗੂੰਗੀ ਬੋਲੀ ਹੋਈ ਬੈਠੀ ਹੈ ਤੇ ਸਰਕਾਰ ਜਦੋਂ ਤੱਕ ਸਾਡੀਆਂ ਮੰਗਾਂ ਨੂੰ ਨਹੀਂ ਮੰਨਦੀ ਉਸ ਸਮੇਂ ਤੱਕ ਇਹ ਧਰਨੇ ਜਾਰੀ ਰਹਿਣਗੇ।

ਇਸ ਮੌਕੇ ਉਹਨਾਂ ਨਾਲ ਸਕੱਤਰ ਅਨਿਲ ਕੁਮਾਰ, ਕੈਸੀਅਰ ਮੱਖਣ ਸਿੰਘ, ਮੈਂਬਰ ਜਵੈਲ ਸਿੰਘ, ਹਰਜਿੰਦਰ ਸਿੰਘ, ਗੁਰਲਾਲ ਸਿੰਘ, ਛਿੰਦਰ ਸਿੰਘ, ਜਸਪਾਲ ਸਿੰਘ, ਬਾਕੀ ਹੋਰ ਵੀ ਸਾਰੇ ਸਾਥੀ ਹਾਜ਼ਰ ਸਨ।

## ਮੁੱਖਵਿੰਦਰ ਸਿੰਘ ਦੀ ਸਰਕਲ ਸੀਨੀਅਰ ਮੀਤ ਪ੍ਰਧਾਨ ਬਣਨ ਪੱਦ ਉਨਤ ਹੋਣ 'ਤੇ ਸਨਮਾਨ



ਕਲਾਨੌਰ, 26 ਮਈ (ਇਕਬਾਲ ਵਾਲੀਆ/ਕਮਲਜੀਤ ਸਿੰਘ): ਪੰਜਾਬ ਰਾਜ ਬਿਜਲੀ ਬੋਰਡ ਦੀ ਯੂਨੀਅਨ ਕਰਮਚਾਰੀ ਦਲ ਦੇ ਸੂਬਾ ਸਕੱਤਰ ਸੁਖਵਿੰਦਰ ਸਿੰਘ ਗਿੱਲ ਦੀ ਅਗਵਾਈ ਹੇਠ ਯੂਨੀਅਨ ਦੀ ਮੀਟਿੰਗ ਹੋਈ ਜਿਸ 'ਚ ਉਚੇਚੇ ਤੌਰ 'ਤੇ ਪਹੁੰਚੇ ਬਾਰਡਰ ਜ਼ੋਨ ਦੇ ਪ੍ਰਧਾਨ ਜਸਵਿੰਦਰ ਸਿੰਘ ਗਿੱਲ ਤੇ ਸੂਬਾ ਸਕੱਤਰ ਸੁਖਵਿੰਦਰ ਸਿੰਘ ਗਿੱਲ ਨੇ ਨਵੇਂ ਬਣੇ ਗੁਰਦਾਸਪੁਰ ਸਰਕਲ ਦੇ ਸੀਨੀਅਰ ਮੀਤ ਪ੍ਰਧਾਨ ਮੁੱਖਵਿੰਦਰ ਸਿੰਘ ਖਾਲਸਾ ਵਡਾਲਾ ਬਾਂਗਰ ਨੂੰ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾਓ ਪਾ ਕੇ ਸਨਮਾਨਿਤ ਕੀਤਾ ਗਿਆ ਇਸ ਮੌਕੇ ਨਵ ਨਿਯੁਕਤ ਸੀਨੀਅਰ ਮੀਤ ਪ੍ਰਧਾਨ ਮੁਖਵਿੰਦਰ ਸਿੰਘ ਖਾਲਸਾ ਨੇ ਸੂਬਾ ਪ੍ਰਧਾਨ ਰਵੇਲ ਸਿੰਘ ਸਹਾਏਪੁਰੀ ਸੂਬਾ ਸਕੱਤਰ ਸੁਖਵਿੰਦਰ ਸਿੰਘ ਗਿੱਲ ਬਾਰਡਰ ਜੋਨ ਪ੍ਰਧਾਨ ਜਸਵਿੰਦਰ ਸਿੰਘ ਗਿੱਲ ਸਮੇਤ ਜਥੇਬੰਦੀ ਦੀ ਸਮੁੱਚੀ ਲੀਡਰਸ਼ਿਪ ਦਾ ਧੰਨਵਾਦ ਕਰਦਿਆਂ ਕਿਹਾ ਕਿ ਮੇਰੇ ਤੇ ਜੋ ਭਰੋਸਾ ਕਰਕੇ ਮੈਨੂੰ ਜੋ ਜਿੰਮੇਵਾਰੀ ਦਿੱਤੀ ਗਈ ਹੈ ਉਸ ਨੂੰ ਮੈਂ ਪੂਰੀ ਤਨਦੇਹੀ ਨਾਲ ਨਿਭਾਵਾਂਗਾ ਇਸ ਮੌਕੇ ਬਿਕਰਮਜੀਤ ਸਿੰਘ ਪ੍ਰਧਾਨ ਨੌਸ਼ਹਿਰਾ ਮੱਝਾ ਸਿੰਘ ਗੁਰਮੁਖ ਸਿੰਘ ਪ੍ਰਧਾਨ ਕਲਾਨੌਰ ਕਸਮੀਰ ਸਿੰਘ ਪ੍ਰਧਾਨ ਡੇਰੀਵਾਲ ਦਵਿੰਦਰ ਸਿੰਘ ਵਰਗੇ ਨਾਈਜੇਸਨ ਪ੍ਰਧਾਨ ਧਾਰੀਵਾਲ ਲਵਪ੍ਰੀਤ ਸਿੰਘ ਦਿਲਬਾਗ ਸਿੰਘ ਸਤਨਾਮ ਸਿੰਘ ਹਰਪਾਲ ਸਿੰਘ ਬਿਕਰਮਜੀਤ ਸਿੰਘ ਆਦਿ ਹਾਜ਼ਰ ਸਨ।

## ਸਰਕਾਰੀ ਸਕੂਲਾਂ ਦੀ ਕਾਇਆ ਕਲਪ ਲਈ ਪੰਜਾਬ ਸਰਕਾਰ ਨੇ ਲਏ ਇਤਿਹਾਸਿਕ ਫ਼ੈਸਲੇ : ਸ਼ੈਰੀ ਕਲਸੀ



ਬਟਾਲਾ/ਕਾਦੀਆਂ, 26 ਮਈ (ਡਾ. ਨਰਿੰਦਰ ਸਿੰਘ ਘੁਮਾਣ/ਸਿਕੰਦਰ ਸਿੰਘ ਸੰਧੂ): ਮੁੱਖ ਮੰਤਰੀ, ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਵਾਲੀ ਪੰਜਾਬ ਸਰਕਾਰ "ਪੰਜਾਬ ਸਿੱਖਿਆ ਕ੍ਰਾਂਤੀ ਨਾਲ ਬਦਲਦਾ ਪੰਜਾਬ" ਮੁਹਿੰਮ ਤਹਿਤ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਸਰਕਾਰੀ ਸਕੂਲਾਂ ਦੀ ਕਾਇਆ ਕਲਪ ਕਰਨ ਲਈ ਇਤਿਹਾਸਿਕ ਫੈਸਲੇ ਲਏ ਹਨ। ਜਿਸ ਨਾਲ ਸਰਕਾਰੀ ਸਕੂਲਾਂ ਦੀ ਨੁਹਾਰ ਬਦਲੀ ਜਾ ਰਹੀ ਹੈ। ਇਹ ਪ੍ਰਗਟਾਵਾ ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਨੇ ਸਰਕਾਰੀ ਪ੍ਰਾਇਮਰੀ ਤੇ ਹਾਈ ਸਕੂਲ ਬੁਚਨੰਗਰ ਵਿਖੇ 24 ਲੱਖ 25 ਹਜਾਰ ਰੁਪਏ ਦੀ ਲਾਗਤ ਨਾਲ ਨਵੇਂ ਕਲਾਸ ਰੂਮ ਤੇ ਸਾਇੰਸ ਲੈਬਾਰਟਰੀ ਦੇ ਵਿਕਾਸ ਕੰਮਾਂ ਦਾ ਉਦਘਾਟਨ ਕਰਨ ਮੌਕੇ ਕੀਤਾ।

ਇਸ ਮੌਕੇ ਸੰਬੋਧਨ ਕਰਦਿਆਂ ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਸਿੱਖਿਆ ਤੋਂ ਬਿਨਾਂ ਸਮਾਜ ਦਾ ਸਮੁੱਚਾ ਵਿਕਾਸ ਨਹੀਂ ਹੋ ਸਕਦਾ, ਇਸ ਲਈ ਬੱਚਿਆਂ ਦੀ ਸਿੱਖਿਆ 'ਤੇ ਵੱਧ ਤੋਂ ਵੱਧ ਜੋਰ ਭਗਵੰਤ ਮਾਨ ਸਰਕਾਰ ਦੇ ਰਹੀ ਹੈ। ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਸਕੂਲਾਂ ਦੀ ਸਾਰ ਨਹੀਂ ਲਈ ਤੇ ਸਕੂਲਾਂ 'ਚ ਡਿਜੀਟਲ ਕਲਾਸ ਰੂਮ ਬਣ ਚੁੱਕੇ ਹਨ। ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਸੂਬਾ ਸਰਕਾਰ ਪੰਜਾਬ ਦੇ ਨੌਜਵਾਨਾਂ ਲੜਕੇ ਤੇ ਲੜਕੀਆਂ ਨੂੰ ਸਵੈ ਰੁਜਗਾਰ ਤੇ ਉਨ੍ਹਾਂ ਨੂੰ ਰੁਜਗਾਰ ਦੇ ਕਾਬਲ ਬਣਾਉਣ ਲਈ ਵਿਸੇਸ ਉਪਰਾਲੇ ਕਰ ਰਹੀ ਹੈ।

ਉਨ੍ਹਾਂ ਨੇ ਵਿਦਿਆਰਥੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਸਖਤ ਤੋਂ ਸਖਤ ਮਿਹਨਤ ਕਰਕੇ ਆਪਣੇ ਮਿੱਥੇ ਟੀਚੇ ਨੂੰ ਸਰ ਕਰਦਿਆਂ ਆਪਣੇ ਮਾਪਿਆਂ ਦਾ ਨਾਮ ਚਮਕਾਉਣ। ਇਸ ਮੌਕੇ ਅੰਮ੍ਰਿਤ ਕਲਸੀ, ਚੇਅਰਮੈਨ ਮਾਨਿਕ ਮਹਿਤਾ, ਐਮ.ਸੀ ਬਲਵਿੰਦਰ ਸਿੰਘ ਮਿੰਟਾ, ਗੁਰਜੀਤ ਸਿੰਘ ਸੁੰਦਰ ਨਗਰ, ਪ੍ਰਿੰਸੀਪਲ ਪਰਮਜੀਤ ਕੌਰ, ਹੈੱਡ ਮਿਸਟਰੈਸ ਨਵਦੀਪ ਕੌਰ, ਹੈੱਡ ਟੀਚਰ ਸੁਖਦੀਪ ਸਿੰਘ ਜੌਲੀ, ਨਵਦੀਪ ਸਿੰਘ, ਹਰਿੰਦਰ ਸਿੰਘ, ਹਰਪ੍ਰੀਤ ਸਿੰਘ, ਪਵਿੱਤਰਪਾਲ ਸਿੰਘ, ਤੇਜਿੰਦਰ ਸਿੰਘ, ਰਜਨੀ ਸੋਢੀ, ਪ੍ਰਭਜੀਤ ਕੌਰ ਕਲਸੀ, ਮਨਜੀਤ ਕੌਰ, ਰਜਿੰਦਰ ਪਾਲ ਕੌਰ, ਗਗਨਦੀਪ ਸਿੰਘ ਸਮੇਤ ਸਕੂਲ ਦਾ ਸਮੂਹ ਸਟਾਫ ਵਿਦਿਆਰਥੀ ਉਹਨਾਂ ਦੇ ਮਾਪੇ ਹਾਜ਼ਰ ਸਨ।

## ਘੁਮਾਣ ਇੰਟਰਨੈਸ਼ਨਲ ਪਬਲਿਕ ਸਕੂਲ ਵਿਖੇ ਓਰਲ ਹੈਲਥ ਡਾਇਗਨੋਸਿਜ਼ ਕੈਂਪ ਲਗਾਇਆ

ਘੁਮਾਣ/ਸ੍ਰੀ ਹਰਗੋਬਿੰਦਪੁਰ ਸਾਹਿਬ, 26 ਮਈ (ਡਾ. ਨਰਿੰਦਰ ਸਿੰਘ ਘੁਮਾਣ/ਜਗੀਰ ਸਿੰਘ ਮੰਡ): ਘੁਮਾਣ ਇੰਟਰਨੈਸ਼ਨਲ ਪਬਲਿਕ ਸਕੂਲ ਘੁਮਾਣ 'ਚ 24 ਮਈ ਦਿਨ ਸ਼ਨੀਵਾਰ ਨੂੰ ਓਰਲ ਹੈਲਥ ਡਾਇਗਨੋਸਿਸ ਕੈਂਪ ਲਗਾਇਆ ਗਿਆ। ਇਸ ਕੈਂਪ 'ਚ ਡਾ ਅਮਨਦੀਪ ਕੌਰ ਐਮ ਡੀ ਐਸ ਡੈਂਟਸ, ਸੀ ਐੱਚ ਸੀ ਘੁਮਾਣ ਤੇ ਸਹਾਇਕ ਡਾ. ਮਨਦੀਪ ਕੌਰ ਬੀ ਡੀ ਐਸ, ਡਾ ਅਦਿੱਤਯ ਰਾਜ ਬੀ ਡੀ ਐਸ ਤੇ ਆਸਾ ਵਰਕਰ ਰਣਜੀਤ ਕੌਰ ਵਿਸ਼ੇਸ ਤੌਰ 'ਤੇ ਪਹੁੰਚੇ। ਕੈਂਪ ਵਿੱਚ ਸਕੂਲ ਦੇ ਨਰਸਰੀ ਤੋਂ ਲੈਕੇ ਬਾਰਵੀਂ ਜਮਾਤ ਤੱਕ ਦੇ ਸਾਰੇ ਵਿਦਿਆਰਥੀਆਂ ਦੇ ਦੰਦਾਂ ਦਾ ਚੈੱਕਅਪ ਕੀਤਾ ਗਿਆ। ਵਿਦਿਆਰਥੀਆਂ ਨੂੰ ਦੰਦਾਂ ਦੀ ਸਫਾਈ ਤੇ ਸਿਹਤ ਬਾਰੇ ਜਾਗਰੂਕ ਕੀਤਾ ਗਿਆ। ਇਸ ਮੌਕੇ ਨਰਿੰਦਰ ਸਿੰਘ ਬਾਵਾ, ਪ੍ਰਿੰਸੀਪਲ ਮਨਜੀਤ ਕੌਰ ਬਾਵਾ ਵੀ ਹਾਜ਼ਰ ਸਨ। ਜਿੰਨਾ ਦੀ ਦੇਖਰੇਖ ਹੇਠ ਇਹ ਕੈਂਪ ਸਫਲਤਾ ਪੂਰਵਕ ਸੰਪੰਨ ਹੋਇਆ।

## ਤੰਦਰੁਸਤ ਜਵਾਨੀ ਬਣਾਏਗੀ ਰੰਗਲਾ ਪੰਜਾਬ : ਵਿਧਾਇਕ ਅਮਰਪਾਲ ਸਿੰਘ



ਸ੍ਰੀ ਹਰਗੋਬਿੰਦਪੁਰ ਸਾਹਿਬ, 26 ਮਈ (ਡਾ. ਨਰਿੰਦਰ ਸਿੰਘ ਘੁਮਾਣ/ਜਗੀਰ ਸਿੰਘ ਮੰਡ): ਵਿਧਾਇਕ ਐਡਵੋਕੇਟ ਅਮਰਪਾਲ ਸਿੰਘ ਕਿਸ਼ਨਕੋਟ ਨੇ ਕਿਹਾ ਹੈ ਕਿ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੇ ਤਹਿਤ ਸੂਬੇ ਨੂੰ ਨਸ਼ਾ ਮੁਕਤ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਜਦੋਂ ਨਸ਼ਾ ਮੁੱਕੇਗਾ ਤਾਂ ਸਾਡੀ ਤੰਦਰੁਸਤ ਜਵਾਨੀ, ਰੰਗਲਾ ਪੰਜਾਬ ਸਿਰਜਣ ਵਿੱਚ ਅਹਿਮ ਭੂਮਿਕਾ ਨਿਭਾਏਗੀ। ਵਿਧਾਨ ਸਭਾ ਹਲਕੇ ਦੇ ਪਿੰਡ ਘੁਮਾਣ ਤੇ ਵੀਲਾ ਬੱਜੂ ਵਿੱਚ ਨਸਾ ਮੁਕਤੀ ਯਾਤਰਾ ਤਹਿਤ ਕਰਵਾਈਆਂ ਗ੍ਰਾਮ ਸਭਾਵਾਂ ਨੂੰ ਸੰਬੋਧਨ ਕਰਦਿਆਂ ਵਿਧਾਇਕ ਅਮਰਪਾਲ ਸਿੰਘ ਨੇ ਕਿਹਾ ਕਿ ਅਸੀਂ ਚੋਣਾਂ ਤੋਂ ਪਹਿਲਾਂ ਵਾਅਦਾ ਕੀਤਾ ਸੀ ਕਿ ਸੂਬੇ ਨੂੰ ਨਸਾ ਮੁਕਤ ਕੀਤਾ ਜਾਵੇਗਾ ਅਤੇ ਇਸ ਮੁਹਿੰਮ ਨੂੰ ਹੁਣ ਮੁਕਾਮ ਤੱਕ ਪਹੁੰਚਾਉਣ ਲਈ ਕਾਰਵਾਈ ਕੀਤੀ ਜਾ ਰਹੀ ਹੈ। ਉਨ੍ਹਾਂ ਨੇ ਕਿਹਾ ਕਿ ਪਿੰਡ ਪਿੰਡ ਜਾ ਕੇ ਲੋਕਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ ਕਿ ਜੇਕਰ ਕੋਈ ਪਿੰਡ ਵਿੱਚ ਨਸੇ ਵੇਚਦਾ ਹੈ ਤਾਂ ਉਸ ਦੀ ਸੂਚਨਾ ਦਿਓ, ਸੂਚਨਾ ਦੇਣ ਵਾਲੇ ਦੀ ਪਹਿਚਾਣ ਗੁਪਤ ਰੱਖਦੇ ਹੋਏ ਦੋਸ਼ੀ ਖਿਲਾਫ ਸਖਤ ਕਾਰਵਾਈ ਕੀਤੀ ਜਾਵੇਗੀ। ਇਸੇ ਤਰ੍ਹਾਂ ਉਨ੍ਹਾਂ ਨੇ ਅਪੀਲ ਕੀਤੀ ਕਿ ਜੋ ਨਸੇ ਤੋਂ ਪੀੜਿਤ ਹਨ ਉਨ੍ਹਾਂ ਦਾ ਇਲਾਜ ਕਰਵਾਇਆ ਜਾਵੇ ਤੇ ਇਸ ਗੱਲ ਨੂੰ ਛੁਪਾਇਆ ਨਾ ਜਾਵੇ। ਉਨ੍ਹਾਂ ਨੇ ਕਿਹਾ ਕਿ ਇਲਾਜ ਸਰਕਾਰ ਵੱਲੋਂ ਮੁਫਤ ਕੀਤਾ ਜਾਂਦਾ ਹੈ। ਇਸ ਮੌਕੇ ਪਿੰਡਾਂ ਦੇ ਮੋਹਤਬਰ, ਨੌਜਵਾਨ ਆਦਿ ਵੱਡੀ ਗਿਣਤੀ ਵਿੱਚ ਮੌਜੂਦ ਸਨ।

## ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਪੀੜ੍ਹਤਾ ਨੂੰ ਮੁਆਵਜ਼ਾ ਜਾਰੀ



ਫਿਰੋਜ਼ਪੁਰ 26 ਮਈ (ਤਿਵਾੜੀ): ਮੈਂਬਰ ਸਕੱਤਰ, ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐੱਸ.ਏ.ਐੱਸ. ਨਗਰ (ਮੋਹਾਲੀ) ਦੇ ਦਿਸ਼ਾਂ ਨਿਰਦੇਸ਼ਾਂ ਦੀ ਪਾਲਣਾ ਕਰਦੇ ਹੋਏ ਸੁਮੀਤ ਮਲਹੋਤਰਾ, ਮਾਨਯੋਗ ਜ਼ਿਲ੍ਹਾ ਤੇ ਸੈਸ਼ਨ ਜੱਜਕਮਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਫਿਰੋਜ਼ਪੁਰ ਦੀ ਰਹਿਨੁਮਾਈ ਹੇਠ ਪੀੜ੍ਹਤਾ ਨੂੰ ਮੁਆਵਜਾ ਜਾਰੀ ਕੀਤਾ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਅਨੁਰਾਧਾ, ਚੀਫ ਜੁਡੀਸ਼ੀਅਲ ਮੈਜਿਸਟ੍ਰੇਟ ਸਹਿਤ ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਫਿਰੋਜ਼ਪੁਰ ਨੇ ਦੱਸਿਆ ਕਿ ਇਹ ਕੇਸ ਅਧੀਨ ਜੁਰਮ ਧਾਰਾ 376 ਆਈ.ਪੀ.ਸੀ ਦਾ ਸੀ, ਜਿਸ 'ਚ ਮਾਨਯੋਗ ਅਦਾਲਤ ਨੇ ਪੀੜ੍ਹਤਾ ਨੂੰ ਅੰਤਰਿਮ ਮੁਆਵਜਾ ਦੇਣ ਦੇ ਹੁਕਮ ਫਰਮਾਏ। ਮਾਨਯੋਗ ਅਦਾਲਤ ਦੇ ਹੁਕਮਾਂ ਅਨੁਸਾਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਫਿਰੋਜਪੁਰ ਵੱਲੋਂ ਇਸ ਕੇਸ 'ਚ ਪੀੜ੍ਹਤ ਨੂੰ ਮੁਆਵਜ਼ਾ ਦਿੱਤਾ ਗਿਆ। ਪੀੜ੍ਹਤਾ ਦੇ ਪਿਤਾ ਵੱਲੋਂ ਦੱਸਿਆ ਗਿਆ ਕਿ ਮੁਆਵਜੇ ਦੀ ਰਕਮ ਉਹਨਾਂ ਦੇ ਖਾਤੇ 'ਚ ਪ੍ਰਾਪਤ ਹੋ ਗਈ ਹੈ ਤੇ ਉਹ ਇਸ ਮੁਆਵਜ਼ੇ ਦੀ ਰਕਮ ਨੂੰ ਪੀੜ੍ਹਤ ਦੇ ਨਿਰਬਾਹ ਲਈ ਹੀ ਵਰਤਣਗੇ।

## ਬਿਜਲੀ ਦੇ ਕੱਟਾਂ ਕਾਰਨ ਲੋਕ ਪ੍ਰੇਸ਼ਾਨ



ਭੋਗਪੁਰ, 26 ਮਈ (ਜੰਡੀਰ ਸੈਣੀ): ਇਸ ਤਰ੍ਹਾਂ ਜਪਦਾ ਹੈ ਕੇ ਬਿੱਜਲੀ ਬੋਰਡ ਦੇ ਵਰਕਰ ਆਪਣੇ ਸੀਨੀਅਰ ਅਫੀਸਰਾਂ ਦੇ ਹੁਕਮਾਂ ਤੋਂ ਬਾਹਰ ਚੱਲ ਰਹੇ ਹਨ ਕਿਉਂਕਿ ਬਿੱਜਲੀ ਕਦ ਗਈ ਤੇ ਕਦ ਆਵੇਗੀ ਥੱਲੇ ਤੋਂ ਲੈ ਕੇ ਉੱਪਰ ਤੱਕ ਕਿਸੇ ਅਧਿਕਾਰੀ ਨੂੰ ਜਾਣਕਾਰੀ ਨਹੀਂ ਹੁੰਦੀ ਬਿਜਲੀ ਦੇ ਕੱਟ ਲਗਾਤਾਰ ਲੱਗ ਰਹੇ ਹਨ ਸੋਚਣ ਵਾਲੀ ਗੱਲ ਤਾਂ ਇਹ ਹੈ ਕੇ ਹਨੇਰੀ ਅਜੇ ਜਲੰਧਰ ਤੋਂ ਦੂਰ ਹੁੰਦੀ ਹੈਤੇ ਭੋਗਪੁਰ ਇਲਾਕੇ ਦੀ ਬਿੱਜਲੀ ਪਹਿਲੇ ਬੰਦ ਕਰ ਦਿੱਤੀ ਜਾਂਦੀ ਹੈ ਇਸ ਤਰ੍ਹਾਂ ਜਪਦਾ ਹੈ ਕੇ ਸਾਰੀ ਰਾਤ ਬਿਜਲੀ ਬੰਦ ਕਰਕੇ ਮੁਲਾਜਮ ਆਪ ਸੌਂ ਜਾਂਦੇ ਹਨ ਰਾਤ ਭਰ ਬਿਜਲੀ ਨਹੀਂ ਛੱਡੀ ਜਾਂਦੀ ਕਿਸੇ ਵਰਕਰ ਜਾਂ ਸੀਨੀਅਰ ਅਫੀਸਰ ਨੂੰ ਫੋਨ ਕਰੋ ਤਾਂ ਉਹ ਫੋਨ ਨਹੀ ਉਠਾਉਂਦੇ ਜੇ ਕਰ ਭੁੱਲ ਭੁਲੇਖੇ ਫੋਨ ਉਠਾ ਵੀ ਲੈਣ ਤਾਂ ਅੱਗਿਓ ਜਵਾਬ ਮਿਲਦਾ ਹੈ। ਕੋਈ ਪਤਾ ਨਹੀਂ ਬਿਜਲੀ ਕਦ ਆਵੇਗੀ ਪਿਛਲੇ ਕੱਲ੍ਹ ਦੀ ਰਾਤ ਭੋਗਪੁਰ ਦੇ ਵਾਰਡ ਨੰਬਰ ਨੌ ਗੁਰੂ ਰਾਮਦਾਸ ਨਗਰ ਦੀ ਬਿਜਲੀ ਰਾਤ ਭਰ ਬੰਦ ਰਹੀ ਲੋਕਾਂ ਦੇ ਇਨਵੇਟਰ ਵੀ ਬੰਦ ਹੋ ਗਏ ਐਸਡੀਓ ਸਾਹਿਬ ਵੱਲੋਂ ਫੋਨ ਨਹੀਂ ਉਠਾਏ ਗਏ ਅਤੇ ਦਿਨ ਚੜ੍ਹਦੇ ਨੂੰ ਬਿਜਲੀ ਅਧਿਕਾਰੀਆਂ ਵੱਲੋਂ ਅੱਧੇ ਘੰਟੇ ਲਈ ਬਿੱਜਲੀ ਛੱਡ ਦਿੱਤੀ ਗਈ ਤੇ ਨਾਲ ਹੀ ਅੱਧੇ ਘੰਟੇ ਬਾਅਦ ਫਿਰ ਬੰਦ ਕਰ ਦਿੱਤੀ। ਅਧਿਕਾਰੀਆਂ ਨੂੰ ਪੁੱਛਿਆ ਗਿਆ ਤਾਂ ਉਨ੍ਹਾਂ ਕਿਹਾ ਲਾਈਨਾਂ 'ਚ ਕੁਝ ਖਰਾਬੀ ਆ ਗਈ ਸੀ ਲੋਕਾਂ ਨੇ ਪ੍ਰਸਾਸਨ ਨੂੰ ਧਿਆਨ ਦੇਣ ਦੀ ਮੰਗ ਕੀਤੀ ਹੈ।

## ਜੁਡੀਸ਼ੀਅਲ ਕੋਰਟ ਕੰਪਲੈਕਸ ਵਿਖੇ ਵੱਖ-ਵੱਖ ਦੁਕਾਨਾਂ ਦੀ ਬੋਲੀ 31 ਨੂੰ

ਨੌਸਹਿਰਾ ਮੱਝਾ ਸਿੰਘ, 26 ਮਈ (ਡਾ. ਸਰਵਣ ਸਿੰਘ): ਹੇਮ ਅਮ੍ਰਿਤ ਮਾਹੀ, ਸਿਵਲ ਜੱਜ (ਸੀਨੀਅਰ ਡਿਵੀਜਨ), ਗੁਰਦਾਸਪੁਰ ਵੱਲੋਂ ਆਮ ਜਨਤਾ ਨੂੰ ਸੂਚਿਤ ਕੀਤਾ ਗਿਆ ਹੈ ਕਿ ਜੁਡੀਸੀਅਲ ਕੋਰਟ ਕੰਪਲੈਕਸ, ਗੁਰਦਾਸਪੁਰ ਅਤੇ ਬਟਾਲਾ ਵਿਖੇ ਵਿੱਤੀ ਸਾਲ 2025-26 ਦੀ ਖੁੱਲ੍ਹੀ ਬੋਲੀ ਸਮੇਂ ਕੁਝ ਫੋਟੋ ਸਟੇਟ ਬੂਥ, ਪਟੀਸਨ ਰਾਈਟਰ ਬੂਥ /ਕੰਪਿਊਟਰ ਰਾਈਟਰ ਬੂਥ, ਅਸਟਾਮ ਫਰੋਸ਼ ਬੂਥ, ਦੁਕਾਨਾਂ ਆਦਿ ਦੀ ਬੋਲੀ ਨਾ ਦੇਣ ਕਾਰਨ ਖਾਲੀ ਰਹਿ ਗਏ ਸਨ ਅਤੇ ਇਸਦੇ ਨਾਲ ਹੀ ਕੰਟੀਨ, ਪਾਰਕਿੰਗ, ਗੁਰਦਾਸਪੁਰ ਅਤੇ ਪਾਰਕਿੰਗ ਬਟਾਲਾ ਦੀ ਬੋਲੀ ਰੱਦ ਹੋਣ ਕਰਕੇ ਇਹ ਵੀ ਖਾਲੀ ਹਨ, ਇਸ ਕਰਕੇ ਇਨ੍ਹਾਂ ਬੂਥਾਂ/ਦੁਕਾਨਾਂ ਤੇ ਕੰਟੀਨ, ਪਾਰਕਿੰਗ, ਗੁਰਦਾਸਪੁਰ ਅਤੇ ਪਾਰਕਿੰਗ ਬਟਾਲਾ ਦੀ ਵਿੱਤੀ ਸਾਲ 2025-26 (01.06.2025 ਤੋਂ 31.03.2026 ਤੱਕ) ਦੀ ਬੋਲੀ ਮਿਤੀ 31.05.2025 ਨੂੰ ਸਵੇਰੇ 11.00 ਵਜੇ ਸਰਵਿਸ ਬਲਾਕ ਜੁਡੀਸੀਅਲ ਕੋਰਟ ਕੰਪਲੈਕਸ, ਗੁਰਦਾਸਪੁਰ ਅਤੇ ਬਾਅਦ ਦੁਪਹਿਰ 3.30 ਵਜੇ ਨਿਊ ਜੁਡੀਸੀਅਲ ਕੋਰਟ ਕੰਪਲੈਕਸ, ਬਟਾਲਾ ਵਿਖੇ ਕੀਤੀ ਜਾਵੇਗੀ। ਸਾਈਟਾਂ ਦੀ ਜਗ੍ਹਾ ਦਾ ਮੁਆਇਨਾ ਬੋਲੀ ਸੁਰੂ ਹੋਣ ਤੋਂ 2 ਘੰਟੇ ਪਹਿਲਾਂ ਕਰਵਾ ਦਿੱਤਾ ਜਾਵੇਗਾ।

ਉਨ੍ਹਾਂ ਦੱਸਿਆ ਕਿ ਬੋਲੀ ਦੇਣ ਵਾਲੇ ਬੋਲੀਕਾਰ ਨੂੰ ਕੁੱਲ ਬੋਲੀ ਦੀ ਰਕਮ ਦਾ 1/4 ਹਿੱਸਾ ਚੈੱਕ ਰਾਹੀਂ ਮੌਕੇ 'ਤੇ ਜਮ੍ਹਾਂ ਕਰਵਾਉਣਾ ਹੋਵੇਗਾ ਅਤੇ ਬਾਕੀ ਰਹਿੰਦੀ ਰਕਮ ਬੋਲੀ ਹੋਣ ਤੋਂ ਇੱਕ ਮਹੀਨੇ ਦੇ ਅੰਦਰ ਹੀ ਜਮ੍ਹਾਂ ਕਰਵਾਉਣੀ ਹੋਵੇਗੀ। ਬੋਲੀਕਾਰ ਆਪਣਾ ਐਗਰੀਮੈਂਟ ਅਸਟਾਮ ਸਿਵਲ ਜੱਜ (ਸੀਨੀਅਰ ਡਵੀਜਨ), ਗੁਰਦਾਸਪੁਰ ਦੇ ਦਫਤਰ ਵੱਲੋਂ ਦੱਸੇ ਅਨੁਸਾਰ ਆਪ ਬਣਾ ਕੇ ਲੈ ਕੇ ਲਿਆਏਗਾ। ਹਰ ਬੋਲੀਕਾਰ ਨੂੰ ਬੂਥ/ਦੁਕਾਨ/ਕੰਟੀਨ/ਪਾਰਕਿੰਗ ਲਈ ਆਪਣਾ ਬਿਜਲੀ ਦਾ ਕਨੈਕਸਨ ਲੈਣਾ ਜਰੂਰੀ ਹੋਵੇਗਾ। ਇਸ ਦੀ ਸੂਚਨਾ 5 ਦਿਨਾਂ ਦੇ ਅੰਦਰ (ਮੀਟਰ ਨੰਬਰ ਨਾਲ) ਦੱਸੀ ਜਾਵੇ। ਕਿਸੇ ਵੀ ਸਾਬਕਾ ਬੋਲੀਕਾਰ ਜਿਸ ਵੱਲ ਸਰਕਾਰੀ ਬਕਾਇਆ ਹੋਵੇਗਾ, ਉਸ ਨੂੰ ਬੋਲੀ ਦੇਣ ਦਾ ਹੱਕ ਨਹੀਂ ਹੈ। ਬੋਲੀ ਦੀਆਂ ਬਾਕੀ ਸਰਤਾਂ ਮੌਕੇ ਤੇ ਦੱਸੀਆਂ ਜਾਣਗੀਆਂ।

ਉਨ੍ਹਾਂ ਦੱਸਿਆ ਕਿ ਸਰਵਿਸ ਬਲਾਕ ਜੁਡੀਸੀਅਲ ਕੋਰਟ ਕੰਪਲੈਕਸ, ਗੁਰਦਾਸਪੁਰ ਵਿਖੇ ਫੋਟੋ ਸਟੇਟ/ ਪਟੀਸਨ ਰਾਈਟਰ/ ਕੰਪਿਊਟਰ ਰਾਈਟਰ ਸਰਵਿਸ/ਸਟੇਸਨਰੀ/ਸਟੈਂਪ ਵੈਂਡਰ (ਕੁੱਲ 11 ਬੂਥ) ਦੀ ਬੋਲੀ ਹੋਵੇਗੀ, ਜਿਸ ਦੀ ਰਾਖਵੀਂ ਰਕਮ 15,000 ਰੁਪਏ ਪ੍ਰਤੀ ਬੂਥ ਹੋਵੇਗੀ। ਕੰਟੀਨ ਦੀ ਬੋਲੀ ਲਈ 2,70,00 ਰੁਪਏ ਰਾਖਵੀਂ ਰਕਮ ਰੱਖੀ ਗਈ ਹੈ ਜਦਕਿ ਪਾਰਕਿੰਗ ਲਈ 11,00,000 ਰੁਪਏ ਰਾਖਵੀਂ ਰਕਮ ਰੱਖੀ ਗਈ ਹੈ। ਬੋਲੀ ਦਾ ਦੂਜਾ ਸਥਾਨ ਸਰਵਿਸ ਬਲਾਕ ਜੁਡੀਸੀਅਲ ਕੋਰਟ ਕੰਪਲੈਕਸ, ਬਟਾਲਾ ਹੋਵੇਗਾ ਜਿੱਥੇ ਜੁਡੀਸੀਅਲ ਕੋਰਟ ਕੰਪਲੈਕਸ, ਬਟਾਲਾ ਵਿਖੇ ਫੋਟੋ ਸਟੇਟ/ ਪਟੀਸਨ ਰਾਈਟਰ/ਕੰਪਿਊਟਰ ਰਾਈਟਰ ਸਰਵਿਸ/ਸਟੇਸਨਰੀ/ ਸਟੈਂਪ ਵੈਂਡਰ (ਕੁੱਲ 68 ਬੂਥ) ਦੀ ਬੋਲੀ ਹੋਵੇਗੀ। ਇਸ ਲਈ 15000 ਰੁਪਏ ਪ੍ਰਤੀ ਬੂਥ ਰਾਖਵੀਂ ਰਕਮ ਰੱਖੀ ਗਈ ਹੈ। ਇਸ ਤੋ ਇਲਾਵਾ ਫੋਟੋ ਸਟੇਟ ਸਰਵਿਸ (ਦੁਕਾਨ ਨੰ. 2, 3) ਲਈ ਰਾਖਵੀਂ ਰਕਮ 50,000 ਰੁਪਏ ਪ੍ਰਤੀ ਦੁਕਾਨ ਤੇ ਪਾਰਕਿੰਗ ਦੀ ਬੋਲੀ ਲਈ 8,00,000 ਰੁਪਏ ਰਾਖਵੀਂ ਰਕਮ ਰੱਖੀ ਗਈ ਹੈ।

## ਪੰਜਾਬ ਸਕਿੱਲ ਡਿਵੈਲਪਮੈਂਟ ਮਿਸ਼ਨ ਨੇ ਰੈਨਾ ਐਜੁਕੇਸ਼ਨ ਫਾਉਂਡੇਸ਼ਨ ਨਾਲ ਐੱਮ.ਓ.ਯੂ. ਸਾਈਨ



ਗੁਰਦਾਸਪੁਰ, 26 ਮਈ (ਸੰਧੂ/ਬਸਰਾ): ਪੰਜਾਬ ਦੇ ਨੌਜਵਾਨਾਂ ਨੂੰ ਹੁਨਰਮੰਦ ਅਤੇ ਰੋਜਗਾਰ ਦਿਵਾਉਣ ਦੇ ਮਕਸਦ ਨਾਲ ਪੰਜਾਬ ਸਕਿੱਲ ਡਿਵੈਲਪਮੈਂਟ ਮਿਸ਼ਨ, ਚੰਡੀਗੜ੍ਹ ਵੱਲੋਂ ਰੈਨਾ ਐਜੂਕੇਸਨ ਫਾਊਂਡੇਸਨ ਨਾਲ ਮੈਮੋਰੰਡਮ ਆਫ ਅੰਡਰਸਟੈਂਡਿੰਗ (ਐੱਮ.ਓ.ਯੂ.) ਸਾਈਨ ਕੀਤਾ ਗਿਆ ਹੈ। ਪੰਜਾਬ ਸਰਕਾਰ ਦੇ ਐੱਮ.ਓ.ਯੂ. ਅਨੁਸਾਰ ਰੈਨਾ ਐਜੂਕੇਸਨ ਫਾਊਂਡੇਸਨ ਵੱਲੋਂ ਵਿਦਿਆਰਥੀਆਂ ਨੂੰ ਵੱਖ-ਵੱਖ ਨਿੱਜੀ ਕੰਪਨੀਆਂ ਦੇ 'ਚ ਮੁਫਤ ਟ੍ਰੇਨਿੰਗ ਦਿੱਤੀ ਜਾਵੇਗੀ ਅਤੇ ਸਫਲਤਾਪੂਰਵਕ ਟਰੇਨਿੰਗ ਪ੍ਰਾਪਤ ਕਰਨ ਵਾਲੇ ਪ੍ਰਾਰਥੀਆਂ ਨੂੰ ਵੱਖ-ਵੱਖ ਨਿੱਜੀ ਕੰਪਨੀਆਂ ਵਿਖੇ ਨੌਕਰੀ ਦੇ ਮੌਕੇ ਪ੍ਰਦਾਨ ਕੀਤੇ ਜਾਣਗੇ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਰੁਜਗਾਰ ਅਫਸਰ ਪ੍ਰਸੋਤਮ ਸਿੰਘ ਨੇ ਕਿਹਾ ਹੈ ਕਿ ਜ਼ਿਲ੍ਹਾ ਗੁਰਦਾਸਪੁਰ ਦੇ ਗਰੈਜੂਏਸ਼ਨ ਕਰ ਚੁੱਕੇ ਪ੍ਰਾਰਥੀ ਜੋ ਕਿ ਨਿੱਜੀ ਕੰਪਨੀਆਂ ਦੇ ਵਿੱਚ ਟ੍ਰੇਨਿੰਗ ਕਰਨ ਉਪਰੰਤ ਨੌਕਰੀ ਕਰਨ ਦੇ ਚਾਹਵਾਨ ਹਨ, ਉਹ ਪ੍ਰਾਰਥੀ ਸਟੈਪ-1 ਵਿੱਚ ਆਪਣਾ ਨਾਮ ਆਨਲਾਈਨ ਵੈੱਬਸਾਈਟ (https://form.typeform.com/to/FjueMdNc) 'ਤੇ ਰਜਿਸਟਰ ਕਰ ਸਕਦੇ ਹਨ। ਆਨਲਾਈਨ ਵੈੱਬਸਾਈਟ ਤੇ ਰਜਿਸਟਰ ਕਰਨ ਉਪਰੰਤ ਪ੍ਰਾਰਥੀ ਸਟੈੱਪ-2 ਵਿੱਚ ਆਪਣੀ ਈ-ਮੇਲ ਦੇ ਨਾਲ ਵੈੱਬਸਾਈਟ (https://www.rainaeducationfoundation.com/) ਤੇ ਲਾਗ-ਇਨ ਕਰਕੇ ਸਕਿੱਲ ਅਸੈਸਮੈਂਟ ਟੈੱਸਟ ਆਨਲਾਈਨ ਪੋਰਟਲ 'ਤੇ ਮੁਫਤ ਟੈੱਸਟ ਦੇ ਸਕਦੇ ਹਨ। ਜ਼ਿਲ੍ਹਾ ਰੁਜਗਾਰ ਅਫਸਰ ਨੇ ਕਿਹਾ ਕਿ ਵਧੇਰੇ ਜਾਣਕਾਰੀ ਲਈ ਪ੍ਰਾਰਥੀ ਕਮਰਾ ਨੰਬਰ 217 ਬੀ-ਬਲਾਕ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਜ਼ਿਲ੍ਹਾ ਰੋਜਗਾਰ ਤੇ ਕਾਰੋਬਾਰ ਬਿਊਰੋ, ਗੁਰਦਾਸਪੁਰ ਵਿਖੇ ਪਹੁੰਚਣ ਤੇ ਦਫਤਰ ਦੇ ਹੈਲਪ ਲਾਈਨ ਨੰਬਰ 9478727217 'ਤੇ ਵੀ ਸੰਪਰਕ ਕਰ ਸਕਦੇ ਹਨ।

## ਬਾਬਾ ਚੰਦ ਨਾਥ ਜੀ ਜਫਰਵਾਲ ਵਿਖੇ ਸਲਾਨਾ ਜੋੜ-ਮੇਲਾ ਕਰਵਾਇਆ

ਧਾਰੀਵਾਲ, 25 ਮਈ (ਅਸ਼ੋਕ ਕੁਮਾਰ): ਧੰਨ-ਧੰਨ ਬਾਬਾ ਚੰਦ ਨਾਥ ਜੀ ਦੇ ਅਸਥਾਨ ਪਿੰਡ ਜਫਰਵਾਲ ਵਿਖੇ ਸਲਾਨਾ ਜੋੜ-ਮੇਲਾ ਪ੍ਰਬੰਧਕਾਂ ਵੱਲੋਂ ਬੜੇ ਉਤਸ਼ਾਹ ਤੇ ਸਰਧਾ ਭਾਵਨਾ ਨਾਲ ਮਨਾਇਆ ਗਿਆ ਜਿਸ ਦੌਰਾਨ ਚਰਾਂਗ ਰੌਸ਼ਨ ਕਰਨ ਉਪਰੰਤ ਵੱਡੀ ਗਿਣਤੀ 'ਚ ਸੰਗਤਾਂ ਨੇ ਸਮੂਲੀਅਤ ਕਰਕੇ ਬਾਬਾ ਚੰਦ ਨਾਥ ਜੀ ਦੇ ਦਰਬਾਰ ਤੇ ਨਮਸਤਕ ਹੋਕੇ ਸੁੱਖ-ਸਾਂਤੀ ਤੇ ਖੁਸ਼ਹਾਲੀ ਦੀ ਅਰਦਾਸ ਕੀਤੀ। ਇਸ ਮੌਕੇ 'ਤੇ ਸੇਵਾਦਾਰ ਦਿਆਲ ਸਿੰਘ, ਕਰਮ ਸਿੰਘ, ਗੁਰਦਿਆਲ ਸਿੰਘ, ਦੇਸ਼ ਰਾਜ, ਨਿਹਾਲ ਸਿੰਘ, ਗੁਰਪ੍ਰੀਤ ਸਿੰਘ, ਧਰਮ ਸਿੰਘ, ਰਛਪਾਲ ਸਿੰਘ, ਨਰਿੰਜਨ ਸਿੰਘ, , ਗੁਰਮੀਤ ਸਿੰਘ ਬਟਾਲਾ, ਪ੍ਰੇਮ ਸਿੰਘ, ਅਵਤਾਰ ਸਿੰਘ ਆਦਿ ਨੇ ਦੱਸਿਆ ਕਿ ਜਦੋਂ ਤਾਂ ਪਿੰਡ ਵੱਸਿਆ ਹੈ ਉਦੋਂ ਤੋਂ ਹੀ ਇਸ ਸਥਾਨ ਤੇ ਸਾਡੇ ਬਜੁਰਗ ਸਦੀਆਂ ਤੋਂ ਹੀ ਸਲਾਨਾ ਧਾਰਮਿਕ ਸਮਾਗਮ ਕਰਵਾਉਂਦੇ ਆ ਰਹੇ ਸਨ ਤੇ ਇਸ ਲੜੀ ਨੂੰ ਅੱਗੇ ਵਧਾਉਂਦੇ ਹੋਏ ਹਰ ਸਾਲ ਸਮਾਗਮ ਕਰਵਾਏ ਜਾ ਰਹੇ ਹਨ। ਉਨ੍ਹਾਂ ਨੇ ਦੱਸਿਆ ਕਿ ਜੋ ਵੀ ਇਨਸਾਨ ਸਰਧਾ ਭਾਵਨਾ ਨਾਲ ਇਥੇ ਆ ਕੇ ਅਰਦਾਸ ਕਰਦਾ ਹੈ ਤਾਂ ਉਨ੍ਹਾਂ ਦੀ ਮਨੋਕਾਮਨਾਵਾਂ ਪੂਰੀਆਂ ਹੁੰਦੀਆਂ ਹਨ ਅਤੇ ਸਰਧਾਲੂ ਸਰਧਾ ਨਾਲ ਇੱਥੇ ਵੱਖ-ਵੱਖ ਪਕਵਾਨਾ ਦੇ ਲੰਗਰ ਸਮੇਤ ਫਰੂਟ, ਠੰਡਾ, ਚਾਹ ਪਕੌੜਾ, ਫਰੂਟੀਆਂ, ਜਲੇਬੀਆਂ ਸਮੇਤ ਕਈ ਪ੍ਰਕਾਰ ਪਦਾਰਥਾਂ ਦੀ ਸੇਵਾ ਹੁੰਦੀ ਹੈ। ਇਸ ਸਮਾਗਮ ਦੌਰਾਨ ਸੰਗਤਾਂ ਦੂਰ-ਦੁਰਾਂਡੇ ਤੋਂ ਆ ਕੇ ਬਾਬਾ ਚੰਦ ਨਾਥ ਜੀ ਦਾ ਅਸ਼ੀਰਵਾਰ ਪ੍ਰਾਪਤ ਕਰਦੀਆਂ ਹਨ ਤੇ ਦੁੱਧ-ਪੁੱਤ ਦੀ ਦਾਤ ਹਾਸਿਲ ਕਰਦੇ ਹਨ । ਇਸ ਸਥਾਨ ਦੇ ਦਿਵਆਂਸ ਭਗਤ ਦੇ ਪਿਤਾ ਸੰਦੀਪ ਭਗਤ ਅਤੇ ਮਾਤਾ ਰੀਟਾ ਭਗਤ ਵੱਲੋਂ ਦੋ ਪੱਖੇ ਲਗਾਉਣ ਦੀ ਸੇਵਾ ਨਿਭਾਈ ਗਈ। ਇਸ ਮੌਕੇ 'ਤੇ ਪ੍ਰਬੰਧਕ ਸੇਵਾਦਾਰਾਂ ਵੱਲੋਂ ਪਹੁੰਚੀਆਂ ਅਹਿਮ ਸ਼ਖਸ਼ੀਅਤਾਂ ਤੇ ਪੱਤਰਕਾਰ ਨੂੰ ਸਿਰੋਪਾਓ ਪਾ ਕੇ ਸਨਮਾਨਿਤ ਕੀਤਾ ਗਿਆ।



## ਸਪੋਰਟਸ ਕਲੱਬ ਗਲਾਬਾ ਭੈਣੀ-ਢਾਣੀ ਸੱਦਾ ਸਿੰਘ ਦਾ ਕ੍ਰਿਕਟ ਟੂਰਨਾਮੈਂਟ ਸਫਲਤਾਪੂਰਵਕ ਸੰਪੰਨ

ਫਾਜ਼ਿਲਕਾ 26 ਮਈ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ): ਸਪੋਰਟਸ ਕਲੱਬ ਢਾਣੀ ਗਲਾਬਾ ਤੇ ਢਾਣੀ ਸੱਦਾ ਸਿੰਘ ਵੱਲੋਂ ਦੂਜਾ ਕ੍ਰਿਕਟ ਟੂਰਨਾਮੈਂਟ ਕਰਵਾਇਆ ਗਿਆ। ਇਹ 5 ਦਿਨਾਂ ਟੂਰਨਾਮੈਂਟ ਇਲਾਕੇ ਦੇ ਕ੍ਰਿਕਟ ਪ੍ਰੇਮੀਆਂ ਲਈ ਖ਼ਾਸ ਆਕਰਸ਼ਣ ਦਾ ਕੇਂਦਰ ਬਣਿਆ ਰਿਹਾ। ਇਸ ਟੂਰਨਾਮੈਂਟ ਵਿੱਚ ਇਲਾਕੇ ਦੀਆਂ 34 ਟੀਮਾਂ ਨੇ ਭਾਗ ਲਿਆ, ਜਿਨ੍ਹਾਂ ਨੇ ਆਪਣੀ ਖੇਡ-ਪ੍ਰਤਿਭਾ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ। ਟੂਰਨਾਮੈਂਟ ਦੇ ਫਾਈਨਲ ਮੁਕਾਬਲੇ ਵਿੱਚ ਲੱਖੇ ਕੜਾਈਆ ਦੀ ਟੀਮ ਨੇ 101 ਦੌੜਾਂ ਬਣਾਕੇ ਜਿੱਤ ਹਾਸਲ ਕੀਤੀ ਜਦਕਿ ਮੰਡੀ ਹਜ਼ੂਰ ਸਿੰਘ ਦੀ ਟੀਮ 99 ਦੌੜਾਂ ਬਣਾ ਕੇ ਰਨਰ-ਅੱਪ ਰਹੀ। ਟੂਰਨਾਮੈਂਟ ਦੌਰਾਨ ਡਾ. ਬੀ. ਸਚਦੇਵਾ ਮੈਮੋਰੀਅਲ ਵੈੱਲਫੇਅਰ ਸੋਸਾਇਟੀ ਦੇ ਚੇਅਰਮੈਨ ਅਜੈ ਸਚਦੇਵਾ ਅਤੇ ਜਨਰਲ ਸਕੱਤਰ ਪੂਜਾ ਲੂਥਰਾ ਸਚਦੇਵਾ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਉਨ੍ਹਾਂ ਨੇ ਖਿਡਾਰੀਆਂ ਦੀ ਹੌਸਲਾ ਅਫ਼ਜ਼ਾਈ ਕਰਦਿਆਂ ਉਨ੍ਹਾਂ ਨੂੰ ਖੇਡਾਂ ਵਿੱਚ ਹੋਰ ਅੱਗੇ ਵਧਣ ਲਈ ਪ੍ਰੇਰਿਤ ਕੀਤਾ।

ਇਸ ਮੌਕੇ ਅਜੈ ਸਚਦੇਵਾ ਅਤੇ ਪੂਜਾ ਲੂਥਰਾ ਸਚਦੇਵਾ ਨੇ ਖੇਡਾਂ ਨੂੰ ਨਸ਼ਾ ਮੁਕਤੀ ਦੇ ਸੰਦੇਸ਼ ਨਾਲ ਜੋੜਦੇ ਹੋਏ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਨੂੰ ਸਫਲ ਬਣਾਉਣ ਲਈ ਅਜਿਹੇ ਟੂਰਨਾਮੈਂਟ ਬਹੁਤ ਜ਼ਰੂਰੀ ਹਨ। ਉਨ੍ਹਾਂ ਕਿਹਾ ਕਿ ਜਿਵੇਂ ਖੇਡਾਂ ਨੌਜਵਾਨਾਂ ਨੂੰ ਸਰੀਰਕ ਤੰਦਰੁਸਤੀ ਵੱਲ ਲੈ ਜਾਂਦੀਆਂ ਹਨ, ਉਥੇ ਹੀ ਇਹ ਉਨ੍ਹਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਦਾ ਵੀ ਅਸਰਦਾਰ ਢੰਗ ਹਨ। ਪੂਜਾ ਲੂਥਰਾ ਸਚਦੇਵਾ ਨੇ ਅੱਗੇ ਕਿਹਾ ਕਿ ਨੌਜਵਾਨਾਂ ਨੂੰ ਨਸ਼ਿਆਂ ਵਲ ਜਾਣ ਤੋਂ ਰੋਕਣ ਲਈ ਜ਼ਰੂਰੀ ਹੈ ਕਿ ਉਨ੍ਹਾਂ ਨੂੰ ਖੇਡਾਂ, ਸਿੱਖਿਆ ਤੇ ਰੁਚੀਕਾਰ ਗਤੀਵਿਧੀਆਂ ਵੱਲ ਮੋੜਿਆ ਜਾਵੇ। ਉਨ੍ਹਾਂ ਕਿਹਾ ਕਿ ਸਪੋਰਟਸ ਕਲੱਬ ਵੱਲੋਂ ਅਜਿਹੀ ਪਹਿਲ ਕਰਕੇ ਇਲਾਕੇ ਵਿੱਚ ਨਵੀਂ ਉਮੀਦ ਜਨਮ ਲੈ ਰਹੀ ਹੈ। ਸੋਸਾਇਟੀ ਵੱਲੋਂ ਟੀਮਾਂ ਨੂੰ ਇਨਾਮ ਵਜੋਂ 2 ਕ੍ਰਿਕਟ ਬੈਟ, 1 ਕਿੱਟ, ਪੀਣ ਵਾਲੇ ਪਾਣੀ ਦੀਆਂ ਬੋਤਲਾਂ, 11000 ਰੁਪਏ ਨਕਦ ਰਾਸ਼ੀ ਜੇਤੂ ਟੀਮ ਨੂੰ ਅਤੇ 5100 ਰੁਪਏ ਰਨਰ-ਅਪ ਟੀਮ ਨੂੰ ਦਿੱਤੇ ਗਏ। ਦੋਹਾਂ ਟੀਮਾਂ ਨੂੰ ਟਰਾਫ਼ੀਆਂ ਵੀ ਦਿੱਤੀਆਂ ਗਈਆਂ। ਇਹ ਸਾਰੇ ਇਨਾਮ ਖਿਡਾਰੀਆਂ ਦੇ ਜੋਸ਼ ਨੂੰ ਹੋਰ ਵਧਾਉਣ ਅਤੇ ਖੇਡਾਂ ਪ੍ਰਤੀ ਉਨ੍ਹਾਂ ਦੀ ਲਗਨ ਨੂੰ ਮਜ਼ਬੂਤ ਕਰਨ ਦੇ ਉਦੇਸ਼ ਨਾਲ ਦਿੱਤੇ ਗਏ।

ਇਸ ਮੌਕੇ ਅਜੈ ਸਚਦੇਵਾ ਤੇ ਪੂਜਾ ਲੂਥਰਾ ਸਚਦੇਵਾ ਨੇ ਪਿੰਡ ਢਾਣੀ ਗਲਾਬਾ ਤੇ ਢਾਣੀ ਸੱਦਾ ਸਿੰਘ ਦੀ ਪੰਚਾਇਤ ਤੇ ਸਮੂਹ ਪਿੰਡ ਵਾਸੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਨ੍ਹਾਂ ਦੀ ਸਹਿਯੋਗ ਭਰੀ ਭੂਮਿਕਾ ਕਾਰਨ ਹੀ ਅਜਿਹਾ ਟੂਰਨਾਮੈਂਟ ਸਫਲ ਹੋ ਸਕਿਆ। ਉਨ੍ਹਾਂ ਕਿਹਾ ਕਿ ਖੇਡਾਂ ਰਾਹੀਂ ਨਾ ਸਿਰਫ਼ ਨੌਜਵਾਨ ਸਹੀ ਰਸਤੇ ਵੱਲ ਆਉਂਦੇ ਹਨ, ਸਗੋਂ ਸਮਾਜ ਵੀ ਨਵੇਂ ਆਦਰਸ਼ਾਂ ਵੱਲ ਅੱਗੇ ਵਧਦਾ ਹੈ।

## ਕਾਰ ਦੁਆਰਾ 16 ਸਾਲਾ ਲੜਕੇ ਨੂੰ ਟੱਕਰ ਮਾਰਨ ਕਾਰਨ ਮੌਤ



ਸ੍ਰੀ ਕੀਰਤਪੁਰ ਸਾਹਿਬ, 26 ਮਈ (ਬੀ.ਐਸ. ਰਾਣਾ): ਬੀਤੀ ਸਾਮ ਪਿੰਡ ਗਰਦਲੇ ਦੇ ਨਜਦੀਕ ਸ੍ਰੀ ਕੀਰਤਪੁਰ ਸਾਹਿਬ-ਰੂਪਨਗਰ ਕੌਮੀ ਮਾਰਗ 'ਤੇ ਇਕ ਤੇਜ ਰਫਤਾਰ ਕਾਰ ਦੀ ਟੱਕਰ ਵੱਜਣ ਕਾਰਨ ਸੜਕ ਕਿਨਾਰੇ ਖੜ੍ਹੇ ਇੱਕ 16 ਸਾਲਾ ਲੜਕੇ ਦੀ ਮੌਤ ਹੋ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਸੰਬੰਧੀ ਹੋਰ ਜਾਣਕਾਰੀ ਦਿੰਦਿਆਂ ਪੁਲਿਸ ਚੌਕੀ ਭਰਤਗੜ੍ਹ ਦੇ ਇੰਚ. ਏਐਸਆਈ ਸੁਖਵਿੰਦਰ ਸਿੰਘ ਤੇ ਜਾਂਚ ਅਧਿਕਾਰੀ ਏਐਸਆਈ ਸੁਰਜੀਤ ਸਿੰਘ ਨੇ ਦੱਸਿਆ ਕਿ ਅਨਵਰ ਖਾਨ ਵਾਸੀ ਪਿੰਡ ਫਤਿਹਪੁਰ ਬੂੰਗਾ, ਥਾਣਾ ਸ੍ਰੀ ਕੀਰਤਪੁਰ ਸਾਹਿਬ ਨੇ ਪੁਲਿਸ ਨੂੰ ਬਿਆਨ ਦਿੰਦਿਆਂ ਦੱਸਿਆ ਕਿ ਕੱਲ ਐਤਵਾਰ ਨੂੰ ਉਹ ਕਿਸੇ ਕੰਮ ਸਬੰਧੀ ਬੱਸ ਸਟੈਂਡ ਗਰਦਲੇ ਦੇ ਨੇੜੇ ਖੜਾ ਸੀ। ਇਸ ਦੌਰਾਨ ਮ੍ਰਿਤਕ ਲੜਕਾ ਗੁਰਤੇਜ ਸਿੰਘ (16) ਪੁੱਤਰ ਅਸੋਕ ਕੁਮਾਰ ਵਾਸੀ ਪਿੰਡ ਛੋਟੀ ਝੱਖੀਆਂ, ਜਿਸਨੂੰ ਉਹ ਪਹਿਲਾਂ ਤੋਂ ਜਾਣਦਾ ਸੀ, ਉਹ ਵੀ ਬੱਸ ਲੈਣ ਲਈ ਉਸਦੇ ਕੋਲ ਖੜਾ ਸੀ। ਇਸ ਦੌਰਾਨ ਸਾਮ ਲਗਭਗ 4:30 ਵਜੇ ਪਿੰਡ ਬੂੰਗਾ ਸਾਹਿਬ ਵੱਲ ਤੋਂ ਆ ਰਹੀ ਇੱਕ ਤੇਜ ਰਫਤਾਰ ਚਿੱਟੇ ਰੰਗ ਦੀ ਕਰੇਟਾ ਕਾਰ ਨੰਬਰ ਪੀਬੀ 65 ਏਵਾਈ 6030 ਦੇ ਡਰਾਈਵਰ ਨੇ ਬੜੀ ਲਾਪਰਵਾਹੀ ਨਾਲ ਕਾਰ ਚਲਾਉਂਦੇ ਹੋਏ ਸੜਕ ਕਿਨਾਰੇ ਖੜ੍ਹੇ ਗੁਰਤੇਜ ਸਿੰਘ ਨੂੰ ਟੱਕਰ ਮਾਰ ਦਿੱਤੀ। ਜਿਸ ਕਾਰਨ ਗੁਰਤੇਜ ਸਿੰਘ ਹਵਾ ਵਿੱਚ ਕਾਫੀ ਦੂਰ ਉਛਲ ਕੇ ਸੜਕ 'ਤੇ ਡਿੱਗ ਗਿਆ ਤੇ ਉਸਦੇ ਸਿਰ ਤੇ ਸਰੀਰ ਦੇ ਹੋਰ ਅੰਗਾਂ 'ਤੇ ਗੰਭੀਰ ਸੱਟਾਂ ਲੱਗੀਆਂ, ਜਦਕਿ ਕਾਰ ਡਰਾਈਵਰ ਤੇਜੀ ਨਾਲ ਗੱਡੀ ਭਜਾ ਕੇ ਮੌਕੇ ਤੋਂ ਫਰਾਰ ਹੋ ਗਿਆ।

ਉਸਨੇ ਦੱਸਿਆ ਗਿਆ ਕਿ ਇਹ ਹਾਦਸਾ ਤੇਜ ਰਫਤਾਰ ਕਾਰ ਚਲਾਉਣ ਵਾਲੇ ਡਰਾਈਵਰ ਦੀ ਲਾਪਰਵਾਹੀ ਕਾਰਨ ਹੋਇਆ ਹੈ, ਇਸ ਲਈ ਉਸਦੇ ਖਿਲਾਫ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇ। ਜਾਂਚ ਅਧਿਕਾਰੀ ਨੇ ਦੱਸਿਆ ਕਿ ਪੁਲਿਸ ਵੱਲੋਂ ਅਨਵਰ ਖਾਨ ਦੇ ਬਿਆਨਾਂ ਦੇ ਆਧਾਰ 'ਤੇ ਕਾਰਵਾਈ ਕਰਦਿਆਂ ਥਾਣਾ ਕੀਰਤਪੁਰ ਸਾਹਿਬ ਵਿੱਚ ਕਾਰ ਨੰਬਰ ਪੀਬੀ 65 ਏਵਾਈ 6030 ਦੇ ਡਰਾਈਵਰ ਪ੍ਰਭਜੀਤ ਸਿੰਘ ਵਾਸੀ ਪਿੰਡ ਪੱਕਾ ਬਾਗ ਕਾਲੋਨੀ, ਰੂਪਨਗਰ ਦੇ ਖਿਲਾਫ ਵੱਖ-ਵੱਖ ਧਾਰਾਵਾਂ ਹੇਠ ਮਾਮਲਾ ਦਰਜ ਕਰਕੇ ਉਸ ਦੀ ਤਲਾਸ ਸੁਰੂ ਕਰ ਦਿੱਤੀ ਹੈ।

# ਸੰਗਰੂਰ 'ਚ ਮਹਿਲਾਵਾਂ ਨੇ ਕੱਢੀ ਸਿੰਦੂਰ ਸਵਾਭਿਮਾਨ ਤਿਰੰਗਾ ਯਾਤਰਾ




ਸੰਗਰੂਰ, 26 ਮਈ (ਹਰਕੰਵਲ ਸਿੰਘ ਹੈਪੀ) ਭਾਰਤੀ ਸੈਨਾਵਾਂ ਵੱਲੋਂ ਪਾਕਿਸਤਾਨ ਦੇ ਖਿਲਾਫ ਕੀਤੇ ਆਪਰੇਸ਼ਨ ਸਿੰਦੂਰ ਦੇ ਹੱਕ ਵਿੱਚ ਜਿਲ੍ਹਾ ਸੰਗਰੂਰ ਦੇ ਵੱਖ ਵੱਖ ਸਥਾਨਾਂ ਤੋਂ ਆਈਆਂ 500 ਤੋਂ ਵੱਧ ਮਹਿਲਾਵਾਂ ਨੇ ਸੰਗਰੂਰ ਵਿਖੇ ਸਿੰਦੂਰ ਸਵਾਭਿਮਾਨ ਤਿਰੰਗਾ ਯਾਤਰਾ ਵਿੱਚ ਭਾਗ ਲਿਆ। ਇਸ ਮੌਕੇ ਮਹਿਲਾਵਾਂ ਨੇ ਹੱਥ ਵਿੱਚ ਤਿਰੰਗਾ ਝੰਡਾ ਫੜ ਕੇ ਦੇਸ਼ ਭਗਤੀ ਦੇ ਜੋਸ਼ੀਲੇ ਨਾਅਰੇ ਵੀ ਲਗਾਏ। ਇਸ ਦੌਰਾਨ ਵੱਖ ਵੱਖ ਮਹਿਲਾਵਾਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਉਹ ਦਿਨ ਦੂਰ ਨਹੀ ਜਦੋਂ ਇਹ ਸੰਗਠਿਤ ਮਾਤਰ ਸ਼ਕਤੀ ਆਪਣੇ ਭਾਰਤ ਦੇਸ਼ ਨੂੰ ਦੁਨੀਆਂ ਦੇ ਸਭ ਤੋਂ ਉੱਚੇ ਸਿਖਰ ਤੇ ਲੈ ਕੇ ਜਾਵੇਗੀ। ਅੱਜ ਇਹ ਸੰਗਠਿਤ ਮਹਿਲਾ ਸ਼ਕਤੀ ਦੇਸ਼ ਪ੍ਰਤੀ ਅਪਨੇ ਕਰਤਵ ਨੂੰ ਪਹਿਚਾਣ ਚੁੱਕੀ ਹੈ ਅਤੇ ਦੇਸ ਦੇ ਦੁਸ਼ਮਣਾਂ ਨੂੰ ਮੂੰਹ ਤੋੜਵਾਂ ਜਵਾਬ ਦੇ ਰਹੀ ਹੈ।

ਉਹਨਾਂ ਆਖਿਆ ਕਿ ਪਾਕਿਸਤਾਨ ਨੇ ਮਾੜੇ ਮਨਸੂਬਿਆਂ ਨਾਲ ਵੱਡੀ ਗਿਣਤੀ ਚ ਭਾਰਤੀ ਔਰਤਾਂ ਤੇ ਸਿੰਦੂਰ ਮਿਟਾਏ ਸਨ ਇਸ ਦੇ ਬਦਲੇ ਵਿੱਚ ਭਾਰਤੀ ਸੈਨਾਵਾਂ ਨੇ ਉਸੇ ਸਿੰਦੂਰ ਦੀ ਕਸਮ ਖਾਂ ਕੇ ਪਾਕਿਸਤਾਨੀ ਅੱਤਵਾਦੀਆਂ ਦੇ ਟਿਕਾਣੇ ਤਬਾਹ ਕਰਕੇ ਉਸ ਸਿੰਦੂਰ ਦੀ ਲਾਜ ਰੱਖੀ ਹੈ। ਉਹਨਾਂ ਕਿਹਾ ਕਿ ਸਾਨੂੰ ਆਪਣੇ ਦੇਸ਼ ਦੀਆਂ ਸੈਨਾਵਾਂ ਉੱਤੇ ਮਾਣ ਹੈ ਜਿਨ੍ਹਾਂ ਨੇ ਪਾਕਿਸਤਾਨ ਨੂੰ ਸਬਕ ਸਿਖਾਉਣ ਵਿੱਚ ਕੋਈ ਵੀ ਕਸਰ ਨਹੀਂ ਛੱਡੀ। ਇਸ ਤਿਰੰਗਾ ਯਾਤਰਾ ਦੌਰਾਨ ਭਾਰਤੀ ਜਨਤਾ ਪਾਰਟੀ ਦੇ ਜਿਲ੍ਹਾ ਸੰਗਰੂਰ ਪ੍ਰਧਾਨ ਧਰਮਿੰਦਰ ਸਿੰਘ ਦੁੱਲਟ ਦੇ ਵੱਲੋਂ ਵੱਡਾ ਚੌਂਕ ਵਿਖੇ ਠੰਡੇ ਮਿੱਠੇ ਪਾਣੀ ਦੀ ਛਬੀਲ ਲਗਾਈ ਗਈ।

# ਸਿਹਤ ਵਿਭਾਗ ਦੀ ਟੀਮ ਨੇ ਤੰਬਾਕੂ ਪਦਾਰਥਾਂ ਵਿਕਰੇਤਾਵਾਂ ਦੇ ਚਲਾਨ ਕੱਟੇ



ਭਗਤਾ ਭਾਈ ਕਾ੨੬ ਮਈ (ਸਵਰਨ ਸਿੰਘ ਭਗਤਾ)ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਪੰਜਾਬ ਨਿਰੰਤਰ ਤੰਬਾਕੂਨੋਸ਼ੀ ਨੂੰ ਨੱਥ ਪਾਉਣ ਦੇ ਉਦੇਸ਼ ਨਾਲ ਗਤੀਵਿਧੀਆਂ ਕਰ ਰਿਹਾ ਹੈ ਜਿਸ ਦੇ ਤਹਿਤ ਬਠਿੰਡਾ ਜਿਲ੍ਹੇ ਅਧੀਨ ਪੈਂਦੇ ਕਮਿਊਨਿਟੀ ਹੈਲਥ ਸੈਂਟਰ ਭਗਤਾ ਭਾਈ ਕਾ ਵਿਖੇ ਅੱਜ ਇੱਕ ਟੀਮ ਸੀਨੀਅਰ ਮੈਡੀਕਲ ਅਫਸਰ ਡਾਕਟਰ ਸੀਮਾ ਗੁਪਤਾ ਦੀ ਦੇਖ ਹੇਠ ਬਣਾਈ ਗਈ। ਇਸ ਟੀਮ ਵੱਲੋਂ ਦੁਕਾਨਾਂ ਖੋਖਿਆਂ ਉੱਪਰ ਜਾ ਕੇ ਚੈਕਿੰਗ ਕੀਤੀ ਗਈ।ਇਸ ਟੀਮ ਵਿੱਚ ਬਲਾਕ ਐਕਸਟੈਂਸ਼ਨ ਐਜੂਕੇਟਰ ਮਾਲਵਿੰਦਰ ਸਿੰਘ ਤਿਉਣਾ,ਐਸ ਆਈ ਜਸਬੀਰ ਸਿੰਘ, ਰਾਮ ਗੋਪਾਲ ਜੇਠੀ ਅਤੇ ਹਰਜਿੰਦਰ ਸਿੰਘ ਸ਼ਾਮਿਲ ਸਨ। ਇਸ ਟੀਮ ਵੱਲੋਂ ਤੰਬਾਕੂ ਵੇਚਣ ਵਾਲੀਆਂ ਦੁਕਾਨਾਂ ਅਤੇ ਖੋਖਿਆ ਉੱਪਰ ਚੈਕਿੰਗ ਕੀਤੀ ਗਈ। ਮਾਲਵਿੰਦਰ ਸਿੰਘ ਨੇ ਦੱਸਿਆ ਕਿ ਇਸ ਚੈਕਿੰਗ ਦੌਰਾਨ ਪਾਇਆ ਗਿਆ ਕਿ ਵਿਕਰੀ ਕਰਤਾ ਤੰਬਾਕੂ ਕੰਟਰੋਲ ਐਕਟ 2003 ਐਕਟ ਦੀ ਸ਼ਰੇਆਮ ਉਲੰਘਣਾ ਕਰ ਰਹੇ ਹਨ। ਜਿਸ ਕਾਰਨ ਇਸ ਟੀਮ ਵੱਲੋਂ ਅੱਠ ਲੋਕਾਂ ਦੇ ਚਲਾਨ ਕੀਤੇ ਗਏ ਅਤੇ ਉਹਨਾਂ ਨੂੰ 340 ਰੁਪਏ ਜੁਰਮਾਨਾ ਲਾਇਆ ਗਿਆ।ਇਸ ਸਬੰਧੀ ਬਲਾਕ ਐਜੂਕੇਟਰ ਮਾਲਵਿੰਦਰ ਸਿੰਘ ਤਿਉਣਾ ਨੇ ਕਿਹਾ ਕਿ ਇਹ ਵਿਭਾਗ ਦੀ ਰੁਟੀਨ ਦੀ ਕਾਰਵਾਈ ਸੀ ਅਤੇ ਇਹ ਚੈਕਿੰਗ ਭਵਿੱਖ ਵਿੱਚ ਵੀ ਜਾਰੀ ਰਹੇਗੀ।

# ਸੰਯੁਕਤ ਕਿਸਾਨ ਮੋਰਚੇ ਵੱਲੋਂ ਅਨਾਜ ਮੰਡੀ ਸੰਗਰੂਰ ਵਿਖੇ ਜਬਰ ਵਿਰੋਧੀ ਰੋਸ ਮੁਜ਼ਾਹਰਾ



ਸੰਗਰੂਰ 26 ਮਈ (ਹਰਕੰਵਲ ਸਿੰਘ ਹੈਪੀ) ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਤਹਿਤ ਅੱਜ ਅਨਾਜ ਮੰਡੀ ਸੰਗਰੂਰ ਵਿਖੇ ਕਿਸਾਨ ਜੱਥੇਬੰਦੀਆਂ ਦੇ ਵੱਲੋਂ ਇੱਕ ਵੱਡਾ ਇਕੱਠ ਕਰਦੇ ਹੋਏ ਜਬਰ ਵਿਰੋਧੀ ਰੋਸ਼ ਮੁਜ਼ਾਹਰਾ ਕੀਤਾ ਗਿਆ। ਇਸ ਦੌਰਾਨ ਰੋਸ਼ ਰੈਲੀ ਕਰਨ ਉਪਰੰਤ ਡੀਸੀ ਦਫ਼ਤਰ ਤੱਕ ਵਿਸ਼ਾਲ ਰੋਸ਼ ਮੁਜਾਹਰਾ ਕਰਦੇ ਹੋਏ ਕਿਸਾਨਾਂ ਵੱਲੋਂ ਮੁੱਖ ਮੰਤਰੀ ਦੇ ਨਾਮ ਡੀਸੀ ਸੰਗਰੂਰ ਨੂੰ ਆਪਣਾ ਮੰਗ ਪੱਤਰ ਸੌਂਪਿਆ ਗਿਆ ਜਿਸ ਵਿੱਚ ਓਹਨਾਂ ਮੰਗ ਕੀਤੀ ਕਿ 25 ਅਪ੍ਰੈਲ ਨੂੰ ਕਿਰਤੀ ਕਿਸਾਨ ਯੂਨੀਅਨ ਦੇ ਯੂਥ ਦੇ ਜ਼ਿਲ੍ਹਾ ਪ੍ਰਧਾਨ ਨਿਰਭੈ ਸਿੰਘ ਖਾਈ ਉੱਤੇ ਕਤਲਾਨਾ ਹਮਲਾ ਕਰਨ ਵਾਲੇ ਦੋਸ਼ੀਆਂ ਦੀ ਗ੍ਰਿਫਤਾਰੀ ਅਤੇ ਚਾਉਕੇ, ਜਿਉਂਦ ਅਤੇ ਅਖਾੜਾ ਪਿੰਡ ਵਿੱਚ ਪੁਲਿਸ ਉੱਤੇ ਤਸ਼ੱਦਦ ਕਰਨ ਵਾਲੇ ਦੋਸ਼ੀਆਂ ਉੱਤੇ ਕਾਰਵਾਈ ਕਰਨ ਅਤੇ ਲੋਕਾਂ ਦੇ ਜਨਤਕ ਸੰਘਰਸ਼ ਕਰਨ ਦੇ ਬੁਨਿਆਦੀ ਹੱਕ ਬਹਾਲ ਕਰਨ ਦੀ ਮੰਗ ਕੀਤੀ।ਇਸ ਮੌਕੇ ਰੋਸ਼ ਰੈਲੀ ਨੂੰ ਸੰਬੋਧਨ ਕਰਦਿਆਂ ਵੱਖ ਵੱਖ ਜਥੇਬੰਦੀਆਂ ਦੇ ਆਗੂਆਂ ਨੇ ਕਿਹਾ ਕਿ ਪੰਜਾਬ ਵਿੱਚ ਸਰਕਾਰ ਨੇ ਪੁਲਿਸ ਨੂੰ ਖੁੱਲੀ ਛੁੱਟੀ ਦੇ ਕੇ ਸੂਬੇ ਦੇ ਲੋਕਾਂ ਤੋਂ ਆਪਣੀਆਂ ਮੰਗਾਂ ਅਤੇ ਮਸਲਿਆਂ ਸੰਬੰਧੀ ਸੰਘਰਸ਼ ਕਰਨ ਦਾ ਹੱਕ ਖੋਹ ਲਿਆ ਹੈ, ਆਗੂਆਂ ਨੇ ਕਿਹਾ ਕਿ ਅੱਜ ਸਮੁੱਚੇ ਪੰਜਾਬ ਅੰਦਰ ਤਸ਼ੱਦਦ ਅਤੇ ਅੰਨ੍ਹੇਵਾਹ ਗ੍ਰਿਫਤਾਰੀਆਂ ਦਾ ਦੌਰ ਚਲਾਇਆ ਜਾ ਰਿਹਾ ਹੈ ਅਤੇ ਕਿਸਾਨ ਆਗੂਆਂ ਖ਼ਿਲਾਫ਼ ਗੁੰਡਾ ਅਨਸਰਾਂ ਤੋਂ ਹਮਲੇ ਕਰਵਾਏ ਜਾ ਰਹੇ ਹਨ। ਕਿਰਤੀ ਕਿਸਾਨ ਯੂਨੀਅਨ ਯੂਥ ਵਿੰਗ ਦੇ ਜ਼ਿਲ੍ਹਾ ਪ੍ਰਧਾਨ ਨਿਰਭੈ ਸਿੰਘ ਖਾਈ ਤੇ 25 ਅਪ੍ਰੈਲ ਨੂੰ ਕੈਬਨਿਟ ਮੰਤਰੀ ਬਰਿੰਦਰ ਗੋਇਲ ਦੀ ਸਹਿ ਪ੍ਰਾਪਤ ਭੂ ਮਾਫੀਆ ਗਿਰੋਹ ਨੇ ਕਤਲਾਨਾ ਹਮਲਾ ਕੀਤਾ ਸੀ ਪਰ ਅੱਜ ਤੱਕ ਪੁਲਿਸ ਵਲੋਂ ਦੋਸ਼ੀਆਂ ਨੂੰ ਗਿਰਫਤਾਰ ਨਹੀਂ ਕੀਤਾ ਗਿਆ। ਆਗੂਆਂ ਨੇ ਕਿਹਾ ਕਿ ਪੰਜਾਬ ਵਿੱਚ ਭਗਵੰਤ ਮਾਨ ਸਰਕਾਰ ਲਗਾਤਾਰ ਸੰਘਰਸ਼ੀ ਕਿਸਾਨਾਂ ਅਤੇ ਮਜ਼ਦੂਰਾਂ ਉੱਤੇ ਜਬਰ ਦਾ ਕੁਹਾੜਾ ਤੇਜ਼ ਕਰ ਰਹੀ ਹੈ। ਉਹਨਾਂ ਕਿਹਾ ਕਿ ਪਿੰਡ ਜਿਉਂਦ ਵਿਖੇ ਅਤੇ ਚਾਉਕੇ ਵਿਖੇ ਸੰਘਰਸ਼ੀ ਕਿਸਾਨਾ ਤੇ ਪੁਲਿਸ ਵੱਲੋਂ ਜਬਰ ਕੀਤਾ ਗਿਆ ਇਸੇ ਤਰ੍ਹਾਂ ਬਾਇਓਗੈਸ ਫੈਕਟਰੀ ਦੇ ਖਿਲਾਫ ਪਿੰਡ ਅਖਾੜਾ ਵਿਖੇ ਸੰਘਰਸ਼ ਕਰ ਰਹੇ ਕਿਸਾਨਾਂ ਤੇ ਤਸ਼ੱਦਦ ਕੀਤਾ ਗਿਆ, ਉਹਨਾਂ ਕਿਹਾ ਕਿ ਇਸ ਤਰ੍ਹਾਂ ਦੇ ਮਾਹੌਲ ਨੂੰ ਪੰਜਾਬ ਦੇ ਲੋਕ ਕਦੇ ਵੀ ਬਰਦਾਸ਼ਤ ਨਹੀਂ ਕਰਨਗੇ।ਇੱਕ ਪਾਸੇ ਪੰਜਾਬ ਵਿੱਚ ਨਾਜਾਇਜ਼ ਮਾਇਨਿੰਗ ਸ਼ਰੇਆਮ ਚੱਲ ਰਹੀ ਹੈ, ਪੰਜਾਬ ਵਿੱਚ ਨਸ਼ੇ ਦਾ ਕਾਰੋਬਾਰ ਪੁਲਿਸ ਅਤੇ ਰਾਜਨੀਤਕ ਗੱਠਜੋੜ ਦੁਆਰਾ ਚੱਲ ਰਿਹਾ ਹੈ, ਬੇਰੁਜ਼ਗਾਰ ਸੜਕਾਂ ਤੇ ਰੁਲ ਰਹੇ ਹਨ ਅਤੇ ਦੂਜੇ ਪਾਸੇ ਸਰਕਾਰ ਪੰਜਾਬ ਚ ਕਾਰਪੋਰੇਟ ਘਰਾਣਿਆਂ ਨੂੰ ਸੱਦੇ ਦੇ ਰਹੀ ਹੈ ਅਤੇ ਉਨ੍ਹਾਂ ਦੀ ਸੇਵਾ ਲਈ ਪੰਜਾਬ ਦੀ ਹਜ਼ਾਰਾਂ ਏਕੜ ਜ਼ਮੀਨ ਐਕਵਾਇਰ ਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ। ਪੰਜਾਬ ਦਾ ਪਾਣੀ ਦੂਜੇ ਸੂਬਿਆਂ ਨੂੰ ਲੁਟਾਇਆ ਜਾ ਰਿਹਾ ਹੈ। ਸਰਕਾਰ ਇਨ੍ਹਾਂ ਮਾਮਲਿਆਂ ਨੂੰ ਹੱਲ ਕਰਨ ਦੀ ਬਜਾਏ ਕੇਂਦਰ ਸਰਕਾਰ ਨਾਲ ਮਿਲ ਕੇ ਸੰਘਰਸ਼ੀ ਲੋਕਾਂ ਤੇ ਤਸ਼ੱਦਦ ਦੇ ਰਾਹ ਪਈ ਹੈ। ਇਸ ਜਬਰ ਦਾ ਟਾਕਰਾ ਜਥੇਬੰਦਕ ਸੰਘਰਸ਼ਾਂ ਰਾਹੀਂ ਕੀਤਾ ਜਾਵੇਗਾ। ਇਸ ਸਮੇਂ ਸਰਬਸੰਮਤੀ ਨਾਲ ਮਤਾ ਪਾਸ ਕੀਤਾ ਕਿ ਨਿਰਭੈ ਸਿੰਘ ਖਾਈ ਦਾ ਕੇਸ ਲਹਿਰਾਂ ਪੁਲਸ ਦੀ ਥਾਂ ਸੀਆਈਏ ਸਟਾਫ਼ ਨੂੰ ਦਿੱਤਾ ਜਾਵੇ। ਉਹਨਾਂ ਕਿਹਾ ਕਿ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਵੱਲੋਂ ਜੀਂਦ ਰਿਆਸਤ ਦੇ ਰਾਜੇ ਦੀ ਜ਼ਮੀਨ ਦੀ ਵੰਡ ਨੂੰ ਲੈ ਕੇ ਪ੍ਰਦਰਸ਼ਨ ਕਰਨ ਸਮੇਂ ਪੁਲਿਸ ਵੱਲੋਂ ਜੇਲ੍ਹਾਂ ਚ ਬੰਦ ਕੀਤੀਆਂ ਔਰਤਾਂ ਸਮੇਤ ਸਾਰੇ ਕਾਰਕੁਨਾਂ ਨੂੰ ਰਿਹਾਅ ਕੀਤਾ ਜਾਵੇ।ਇਸ ਦੌਰਾਨ ਸੰਯੁਕਤ ਕਿਸਾਨ ਮੋਰਚੇ ਦੇ ਆਗੂ ਅਤੇ ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਪ੍ਰੈਸ ਸਕੱਤਰ ਰਾਮਿੰਦਰ ਸਿੰਘ ਪਟਿਆਲਾ, ਬੀਕੇਯੂ ਏਕਤਾ ਉਗਰਾਹਾਂ ਦੇ ਸੂਬਾ ਆਗੂ ਜਨਕ ਸਿੰਘ ਭੁਟਾਲ, ਕੁੱਲ ਹਿੰਦ ਕਿਸਾਨ ਸਭਾ ਪੰਜਾਬ ਦੇ ਸੂਬਾ ਆਗੂ ਮੇਜ਼ਰ ਸਿੰਘ ਪੁੰਨਾਵਾਲ, ਬੀਕੇਯੂ ਡਕੌਂਦਾ ਧਨੇਰ ਦੇ ਸੂਬਾ ਆਗੂ ਕੁਲਵੰਤ ਸਿੰਘ ਕਿਸ਼ਨਗੜ੍ਹ, ਪੰਜਾਬ ਕਿਸਾਨ ਯੂਨੀਅਨ ਦੇ ਸੂਬਾ ਪ੍ਰਧਾਨ ਰੁਲਦੂ ਸਿੰਘ ਮਾਨਸਾ, ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਸੂਬਾ ਆਗੂ ਹਰਭਜਨ ਬੁੱਟਰ, ਬੀਕੇਯੂ ਰਾਜੇਵਾਲ ਦੇ ਜ਼ਿਲ੍ਹਾ ਪ੍ਰਧਾਨ ਗੁਰਮੀਤ ਸਿੰਘ ਕਪਿਆਲ, ਬੀਕੇਯੂ ਡਕੌਂਦਾ ਬੁਰਜਗਿੱਲ ਦੇ ਸੂਬਾ ਮੀਤ ਪ੍ਰਧਾਨ ਗੁਰਮੀਤ ਸਿੰਘ ਭੱਟੀਵਾਲ, ਕੁੱਲ ਹਿੰਦ ਕਿਸਾਨ ਫੈਡਰੇਸ਼ਨ ਦੇ ਸੂਬਾ ਆਗੂ ਕਿਰਨਜੀਤ ਸਿੰਘ ਸੇਖੋਂ, ਬੀਕੇਯੂ ਸ਼ਾਦੀਪੁਰ ਦੇ ਸੂਬਾ ਪ੍ਰਧਾਨ ਬੂਟਾ ਸਿੰਘ ਸ਼ਾਦੀਪੁਰ, ਜਮਹੂਰੀ ਕਿਸਾਨ ਸਭਾ ਪੰਜਾਬ ਦੇ ਸੂਬਾ ਆਗੂ ਉੱਦਮ ਸਿੰਘ ਸੰਤੋਖਪੁਰਾ ਆਦਿ ਆਗੂਆਂ ਨੇ ਧਰਨੇ ਨੂੰ ਸੰਬੋਧਨ ਕੀਤਾ।

# ਖੁਆਰ ਹੋਏ ਸਭਿ ਮਿਲੈਂਗੇ,, ਗੁਰਮਤਿ ਪ੍ਰਚਾਰ ਲਹਿਰ ਤਹਿਤ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਾਨਸਾ ਫ਼ੇਰੀ ਯਾਦਗਾਰੀ ਹੋ ਨਿਬੜੀ



ਮਾਨਸਾ,26 ਮਈ ( ਵਿਰੌਦਰਪਾਲ ਮੰਤਰੋ) ਮਾਨਸਾ ਜ਼ਿਲ੍ਹੇ ਦੇ ਵੱਖ-ਵੱਖ ਪਿੰਡਾਂ ਵਿੱਚ ਖੁਆਰ ਹੋਇ ਸਭਿ ਮਿਲੈਂਗੇ,, ਧਰਮ ਪ੍ਰਚਾਰ ਲਹਿਰ ਤਹਿਤ ਸ਼੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਜੀ ਗੜਗੱਜ ਦੀ ਮਾਨਸਾ ਫ਼ੇਰੀ ਯਾਦਗਾਰੀ ਹੋ ਨਿੱਬੜੀ ਉਹਨਾਂ ਨੇ ਲੱਗਭਗ 10 ਪ੍ਰੋਗਰਾਮਾਂ ਵਿੱਚ ਸ਼ਮੂਲੀਅਤ ਕੀਤੀ । ਇਸ ਸਬੰਧੀ ਜਾਣਕਾਰੀ ਦਿੰਦਿਆਂ ਸ਼ਹੀਦ ਬਾਬਾ ਦੀਪ ਸਿੰਘ ਸੇਵਾ ਦਲ ਦੇ ਮੁੱਖ ਸੇਵਾਦਾਰ ਭਾਈ ਸੁਖਚੈਨ ਸਿੰਘ ਅਤਲਾ ਨੇ ਦੱਸਿਆ ਜੱਥੇਦਾਰ ਸਾਹਿਬ ਪਿੰਡ ਦੋਦੜਾ ਦੇ ਸਿੱਖ ਸਘੰਰਸ਼ ਦੇ ਸ਼ਹੀਦ ਭਾਈ ਛੱਜੂ ਸਿੰਘ ਦੇ ਪਰਿਵਾਰ ਨਾਲ਼ ਮੁਲਾਕਾਤ ਕੀਤੀ ਉਪਰੰਤ ਪਿੰਡ ਦਾਤੇਵਾਸ ਦੇ ਸਿੱਖ ਸਘੰਰਸ਼ ਦੇ ਸ਼ਹੀਦ ਭਾਈ ਦਰਸ਼ਨ ਸਿੰਘ , ਜਗਦੀਸ਼ ਸਿੰਘ ਅਤੇ ਸੁਖਦੇਵ ਸਿੰਘ ਪੀਟੀਆਈ ਦੇ ਪਰਿਵਾਰਾਂ ਨਾਲ ਮੁਲਾਕਾਤ ਕੀਤੀ ਧਰਮੀ ਫੌਜੀ ਚਰਨਜੀਤ ਸਿੰਘ, ਜਰਨੈਲ ਸਿੰਘ ਦਾ ਵਿਸ਼ੇਸ਼ ਸਨਮਾਨ ਅਤੇ ਗੁਰਦਵਾਰਾ ਸਾਹਿਬ ਵਿਖੇ ਸੁਖਮਨੀ ਸਾਹਿਬ ਸੇਵਾ ਸੁਸਾਇਟੀ ਵਾਲੀਆਂ ਬੀਬੀਆਂ ਵੱਲੋਂ ਸਿੰਘ ਸਾਹਿਬ ਦਾ ਸਨਮਾਨ ਕੀਤਾ ਗਿਆ ਉਪਰੰਤ ਪਿੰਡ ਬਹਾਦਰਪੁਰ ਵਿਖੇ ਲੰਗਰ ਹਾਲ ਦਾ ਨੀਂਹ ਪੱਥਰ ਰੱਖਿਆ ਅਤੇ ਸੰਗਤਾਂ ਨਾਲ਼ ਵਿਚਾਰਾਂ ਦੀ ਸਾਂਝ ਪਾਉਂਦਿਆਂ ਸਿੰਘ ਸਾਹਿਬ ਨੇ ਉੜਾ ਅਤੇ ਜੁੜਾਂ ਬਚਾਉਣ ਲਈ ਯਤਨਸ਼ੀਲ ਹੋਣ ਅਤੇ ਧਰਮ ਪਰਿਵਰਤਨ ਵਿਰੁੱਧ ਲਹਿਰ ਖੜ੍ਹੀ ਕਰਨ ਦੀ ਗੱਲ ਕਹੀ ਉਪਰੰਤ ਸੰਗਤਾਂ ਨੂੰ ਬਾਣੀ ਅਤੇ ਬਾਣੇ ਦੇ ਧਾਰਨੀ ਹੋਣ ਲਈ ਸੰਦੇਸ਼ ਦਿੱਤਾ ਗੁਰਦੁਆਰਾ ਪ੍ਰਬੰਧਕ ਕਮੇਟੀ ਜੰਡਸਰ ਪਾਤਸ਼ਾਹੀ ਦਸਵੀਂ ਵੱਲੋਂ ਸਿੰਘ ਸਾਹਿਬ ਦਾ ਸਨਮਾਨ ਕੀਤਾ ਗਿਆ ਅੱਗੇ ਪਿੰਡ ਗਾਦੜ ਪੱਤੀ ਬੋਹਾ ਭਾਈ ਗਮਦੂਰ ਸਿੰਘ ਬੋਹਾ ਦੇ ਗ੍ਰਹਿ ਵਿਖੇ ਉਹਨਾਂ ਦੇ ਭਰਾਤਾ ਭਾਈ ਜੁਗਿੰਦਰ ਸਿੰਘ ਅਤੇ ਪ੍ਰੋਫੈਸਰ ਸਤਗੁਰ ਸਿੰਘ ਅਤੇ ਸਿੱਖ ਸਘੰਰਸ਼ ਵਿੱਚ ਸ਼ਹੀਦ ਹੋਏ ਛੇ ਸਿੰਘਾਂ ਦੇ ਪਰਿਵਾਰਾਂ ਨਾਲ ਮੁਲਾਕਾਤ ਕੀਤੀ ਉਪਰੰਤ ਮਾਨਬੀਬੜੀਆਂ ਨੇੜੇ ਮੂਸਾ ਗੁਰਦੁਆਰਾ ਸਾਹਿਬ ਵਿਖੇ ਗੁਰਮਤਿ ਸਮਾਗਮ ਵਿੱਚ ਹਾਜ਼ਰੀ ਭਰੀ ਅਤੇ ਪਿੰਡ ਦੇ ਲੱਗ ਭੱਗ ਦਸ ਸਿੱਖ ਨੌਜਵਾਨ ਜਿਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਥਿਆ ਸੰਪੂਰਨ ਕੀਤੀ ਹੈ ਉਹਨਾਂ ਸਿੰਘਾਂ ਦਾ ਸਨਮਾਨ ਕੀਤਾ ਇਸ ਮੌਕੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ ਇਸ ਮੌਕੇ ਉਹਨਾਂ ਨਾਲ ਸ਼ਹੀਦ ਬਾਬਾ ਦੀਪ ਸਿੰਘ ਸੇਵਾ ਦਲ ਦੇ ਮੁੱਖ ਸੇਵਾਦਾਰ ਭਾਈ ਸੁਖਚੈਨ ਸਿੰਘ ਅਤਲਾ, ਭਾਈ ਹਰਲਾਜ ਸਿੰਘ ਬਹਾਦਰਪੁਰ,ਬਲਦੇਵ ਸਿੰਘ ਸਾਹਨੇਵਾਲੀ ਐਡਵੋਕੇਟ ਲਖਵਿੰਦਰ ਸਿੰਘ ਲੱਖਣਪਾਲ ,ਅਮਰੀਕ ਸਿੰਘ ਅਤਲਾ, ਅਮ੍ਰਿਤਪਾਲ ਸਿੰਘ ਸਿੱਧੂ ਲੋਗੋਵਾਲ ,ਜੈ ਸਿੰਘ ਭਾਦੜਾ ਇਸਤਰੀ ਆਗੂ ਬੀਬੀ ਸੁਖਜੀਤ ਕੌਰ ਅਤਲਾ ,ਬਹਾਦਰ ਸਿੰਘ ਦੋਦੜਾ ,ਡਾ ਦਰਸ਼ਨ ਸਿੰਘ, ਪ੍ਰਧਾਨ ਗੁਰਜੀਤ ਸਿੰਘ ਬਹਾਦਰਪੁਰ,ਭਗਵਾਨ ਸਿੰਘ ਬਹਾਦਰਪੁਰ, ਮਨੇਜਰ ਸੁਰਿੰਦਰ ਸਿੰਘ ਮੰਡੇਰ, ਸਾਬਕਾ ਸਰਪੰਚ ਕੁਲਦੀਪ ਸਿੰਘ ਮਾਨਬੀਬੜੀਆਂ,ਗ੍ਰੰਥੀ ਸਿੰਘ ਭਾਈ ਗੁਰਪ੍ਰੀਤ ਸਿੰਘ ਖਾਲਸਾ, ਗੁਰਸੇਵਕ ਸਿੰਘ ਪ੍ਰਧਾਨ, ਮੈਂਬਰ ਗੁਰਵਿੰਦਰ ਸਿੰਘ, ਹਰਜਿੰਦਰ ਸਿੰਘ, ਸਿੰਘ ਸਾਹਿਬ ਦੇ ਨਿੱਜੀ ਸਕੱਤਰ ਜਸਵੀਰ ਸਿੰਘ ਲੋਂਗੋਵਾਲ ਆਦਿ ਹਾਜ਼ਰ ਸਨ।

# ਬਾਬਾ ਮੇਹਰ ਦਾਸ ਜੀ ਪਾਓ ਵਾਲਿਆਂ ਦਾ ਛਿਮਾਹੀ ਭੰਡਾਰਾ ਅੱਜ

ਬਰਨਾਲਾ, 26 ਮਈ (ਅਮਨਦੀਪ ਸਿੰਘ)- ਸਮਾਧ ਬਾਬਾ ਮੇਹਰ ਦਾਸ ਜੀ ਪਾਓ ਵਾਲੇ ਨੇੜੇ ਸਲਾਈਟ ਗੇਟ ਦੁੱਗਾਂ ਵਿਖੇ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਛਿਮਾਹੀ ਦਾ ਭੰਡਾਰਾ ਸਾਰੇ ਨਗਰਾਂ ਦੀ ਸੁੱਖ ਸ਼ਾਂਤੀ ਲਈ ਰੱਖੇ ਗਏ ਸ਼ ?ਗੀ ਆਖੰਡ ਪਾਠ ਸਾਹਿਬ ਜੀ ਦਾ ਭੋਗ ਮਿਤੀ 27 ਮਈ ਦਿਨ ਮੰਗਲਵਾਰ ਨੂੰ ਸਵੇਰੇ 10 ਵਜੇ ਪੈਣਗੇ। ਇਸ ਸਬੰਧੀ ਜਾਣਕਾਰੀ ਦਿੰਦਿਆਂ ਬਾਬਾ ਮੇਹਰ ਦਾਸ ਪਾਓ ਵਾਲਾ ਚੈਰੀਟੇਬਲ ਕਮੇਟੀ ਦੇ ਚੇਅਰਮੈਨ ਗੁਰਸੇਵਕ ਸਿੰਘ ਚਹਿਲ, ਪ੍ਰਧਾਨ ਗੁਰਚਰਨ ਸਿੰਘ, ਵਾਇਸ ਪ੍ਰਧਾਨ ਧੰਨਾ ਸਿੰਘ ਸਾਬਕਾ ਸਰਪੰਚ, ਸਕੱਤਰ ਗੁਰਮੀਤ ਸਿੰਘ, ਖਜਾਨਚੀ ਮਿੱਠੂ ਸਿੰਘ, ਰੁਲਦੂ ਸਿੰਘ, ਸੀਤਾ ਰਾਮ, ਬਲਵੰਤ ਸਿੰਘ, ਬਹਾਲ ਸਿੰਘ, ਨਿੱਕਾ ਸਿੰਘ ਸਮੂਹ ਮੈਂਬਰਾਂ ਨੇ ਦਸਿਆ ਕਿ ਸਮਾਧ ਬਾਬਾ ਮੇਹਰ ਦਾਸ ਜੀ ਪਾਓ ਵਾਲੇ ਵਿਖੇ ਛਿਮਾਹੀ ਭੰਡਾਰਾ ਦੀਆਂ ਪੂਰੀਆਂ ਤਿਆਰੀਆਂ ਕੀਤੀਆਂ ਗਈਆਂ ਹਨ। ਜਿਸ ਵਿਚ ਉਨ੍ਹਾਂ ਸੰਗਤਾਂ ਅਤੇ ਸ਼ਰਧਾਲੂਆਂ ਨੂੰ ਵੱਧ ਚੜ੍ਹ ਕੇ ਪਹੁੰਚਣ ਦੀ ਅਪੀਲ ਵੀ ਕੀਤੀ। ਉਨ੍ਹਾਂ ਦਸਿਆ ਕਿ ਛਿਮਾਹੀ ਭੰਡਾਰੇ ਦੌਰਾਨ ਗੁਰੂ ਕਾ ਲੰਗਰ ਅਤੁੱਟ ਵਰਤੇਗਾ।

# ਕੋਠੇ ਮੰਡੀ ਕਲਾਂ ਦੀ ਪੰਚਾਇਤ ਨੇ ਸਰਪੰਚ ਜਸਵੰਤ ਦਰਦਪਰੀਤ ਦੀ ਅਗਵਾਈ 'ਚ ਕੀਤੀ ਵਿਕਾਸ ਕਾਰਜਾਂ ਦੀ ਸ਼ੁਰੂਆਤ



ਰਾਮਪੁਰਾ ਫੂਲ,26 ਮਈ(ਮਨਪ੍ਰੀਤ ਮਿੰਟੂ)ਹਲਕਾ ਵਿਧਾਇਕ ਸੁਖਬੀਰ ਮਾਈਸਰਖਾਨਾ ਦੇ ਯਤਨਾਂ ਸਦਕਾ ਪਿੰਡ ਕੋਠੇ ਮੰਡੀ ਕਲਾਂ ਦੀ ਪੰਚਾਇਤ ਨੇ ਪਿੰਡ ਚ ਵਿਕਾਸ ਕਾਰਜਾਂ ਦੀ ਸ਼ੁਰੂਆਤ ਕਰ ਦਿੱਤੀ ਹੈ। ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਪਿੰਡ ਦੇ ਸਰਪੰਚ ਜਸਵੰਤ ਦਰਦ ਪ੍ਰੀਤ ਨੇ ਦੱਸਿਆ ਕਿ ਵਾਰਡ ਨੰਬਰ 1ਚ ਲੰਬੇ ਸਮੇਂ ਤੋਂ ਪੀਣ ਵਾਲੇ ਪਾਣੀ ਦੀ ਘਾਟ ਪਾਈ ਜਾ ਰਹੀ ਸੀ, ਕਿਉਂਕਿ ਮੰਡੀ ਕਲਾਂ ਦੇ ਵਾਟਰ ਵਰਕਸ ਤੋਂ ਪਾਣੀ ਦੀ ਸਪਲਾਈ ਬੰਦ ਸੀ,ਜਿਸ ਕਾਰਨ ਗਰੀਬ ਪਰਿਵਾਰਾਂ ਨੂੰ ਬਹੁਤ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਉਹਨਾਂ ਦੱਸਿਆ ਕਿ ਵਾਰਡ ਨੰਬਰ 1ਚ ਪਹਿਲ ਦੇ ਅਧਾਰ ਤੇ ਪਾਣੀ ਲਈ ਮੱਛੀ ਮੋਟਰ ਲਵਾਈ ਗਈ ਅਤੇ ਵਾਰਡ ਨੰਬਰ 4 ਚ ਰਣਜੀਤ ਮਾਣੂੰ ਵਾਲੀ ਗਲੀ ਜੋ ਕਿ ਕੱਚੀ ਸੀ ਵਿਚ ਇੰਟਰਲਾਕ ਟਾਇਲਾਂ ਲਾਉਣ ਦਾ ਕੰਮ ਵੀ ਸ਼ੁਰੂ ਕਰ ਦਿੱਤਾ ਗਿਆ ਹੈ। ਸਰਪੰਚ ਅਨੁਸਾਰ ਜਲਦੀ ਹੀ ਪਿੰਡ ਦੀ ਧਰਮਸ਼ਾਲਾ ਵਿੱਚ ਲਾਇਬਰੇਰੀ ਬਣਾਈ ਜਾਵੇਗੀ ਤਾਂ ਜੋ ਨੌਜਵਾਨ ਪੀੜ੍ਹੀ ਨੂੰ ਸਾਹਿਤ ਨਾਲ ਜੋੜਿਆ ਜਾ ਸਕੇ। ਇਸ ਮੌਕੇ ਪੰਚ ਕੁਲਵੰਤ ਕੌਰ, ਪੰਚ ਲਵਪ੍ਰੀਤ ਕੌਰ, ਪੰਚ ਸੀਮਾ ਤੋਂ ਇਲਾਵਾ ਪਿੰਡ ਦੇ ਪਤਵੰਤੇ ਡਾਕਟਰ ਟਹਿਲ ਸਿੰਘ, ਲਖਵਿੰਦਰ ਸਿੰਘ ਤੋਤੀ, ਰਣਜੀਤ ਮਾਣੂ, ਜੱਸਾ ਸਿੰਘ ਵੀ ਹਾਜ਼ਰ ਸਨ।

# ਸਿਆਸੀ ਆਗੂਆਂ ਨੂੰ ਸਵਾਲ ਕਰਨ ਦੀਆਂ ਸਲਾਹਾਂ ਦੇਣ ਵਾਲੀ 'ਆਪ' ਦੇ ਮੰਤਰੀ ਤੇ ਵਿਧਾਇਕ ਸਵਾਲਾਂ ਤੋਂ ਭੱਜ ਰਹੇ ਨੇਂ : ਕਿਸਾਨ ਆਗੂ



ਲਹਿਰਾਗਾਗਾ 26 ਮਈ (ਗੁਰਦੀਪ ਸਿੰਘ) ਕੇਂਦਰ ਸਰਕਾਰ ਤੋਂ ਕਿਸਾਨੀ ਮੰਗਾਂ ਮਨਾਉਣ ਲਈ ਖਨੌਰੀ ਸ਼ੰਭੂ ਮੋਰਚੇ ਤੇ 13 ਮਹੀਨਿਆਂ ਤੋਂ ਚੱਲ ਰਹੇ ਕਿਸਾਨ ਮੋਰਚਿਆਂ ਤੇ ਕਾਰਵਾਈ ਕਰਕੇ ਪੰਜਾਬ ਸਰਕਾਰ ਨੇ ਕਿਸਾਨਾਂ ਦੀ ਪਿੱਠ ਵਿੱਚ ਛੁਰਾ ਮਾਰਿਆ ਹੈ ਤੇ ਹੁਣ ਪੰਜਾਬ ਸਰਕਾਰ ਦੇ ਮੰਤਰੀ, ਵਿਧਾਇਕ ਕਿਸਾਨਾਂ ਦੇ ਸਵਾਲਾਂ ਤੋਂ ਭੱਜ ਰਹੇ ਹਨ, ਕਿਉਂਕਿ ਇਹਨਾਂ ਕੋਲ ਕੋਈ ਪੁਖਤਾ ਜਵਾਬ ਨਹੀਂ ਹੈ । ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਭਾਰਤੀ ਕਿਸਾਨ ਯੂਨੀਅਨ ਆਜ਼ਾਦ ਦੇ ਆਗੂ ਰਾਜ ਸਿੰਘ ਥੇੜੀ , ਸੁਖਦੇਵ ਸ਼ਰਮਾ , ਭਾਕਿਯੂ ਸਿੱਧੂਪੁਰ ਦੇ ਆਗੂ ਭੂਰਾ ਸਿੰਘ ਸਲੇਮਗੜ੍ਹ , ਰਾਮਫਲ ਸਿੰਘ ਜਲੂਰ ਨੇ ਕੀਤਾ, ਭਾਕਿਯੂ ਸਿੱਧੂਪੁਰ ਅਤੇ ਭਾਕਿਯੂ ਆਜ਼ਾਦ ਦੇ ਬਲਾਕ ਲਹਿਰਾ, ਮੂਨਕ ਵੱਲੋਂ ਪਿੰਡ ਭੁਟਾਲ ਖੁਰਦ ਵਿਖੇ ਸਰਕਾਰੀ ਸਕੂਲ ਵਿੱਚ ਸਿੱਖਿਆ ਕ੍ਰਾਂਤੀ ਮੁਹਿੰਮ ਤਹਿਤ ਰੱਖੇ ਪ੍ਰੋਗਰਾਮ ਚ ਪਹੁੰਚੇ ਕੈਬਨਿਟ ਮੰਤਰੀ ਬਰਿੰਦਰ ਗੋਇਲ ਨੂੰ ਸਵਾਲ ਕਰਨ ਲਈ ਪਿੰਡ ਵਿੱਚ ਇਕੱਠ ਰੱਖਿਆ ਗਿਆ ਸੀ, ਪਰ ਵੱਡੀ ਗਿਣਤੀ ਵਿੱਚ ਪਹੁੰਚੀ ਪੁਲਿਸ ਫੋਰਸ ਨੇ ਕਿਸਾਨਾਂ ਨੂੰ ਸਮਾਗਮ ਵਾਲੀ ਥਾਂ ਤੋਂ ਕੁੱਝ ਦੂਰੀ ਪਿੱਛੇ ਰੋਕ ਲਿਆ ਤੇ ਅੱਗੇ ਵਧਣ ਦੀ ਇਜਾਜ਼ਤ ਨਹੀਂ ਦਿੱਤੀ, ਜਦੋਂ ਕਿਸਾਨ ਪੁਲਿਸ ਦੀ ਨਾਕਾਬੰਦੀ ਤੋਂ ਅੱਗੇ ਵਧਣ ਦੀ ਕੋਸ਼ਿਸ਼ ਕਰਨ ਲੱਗ ਪਏ ਤਾਂ ਪੁਲਿਸ ਪ੍ਰਸ਼ਾਸਨ ਨੇ ਕਿਸਾਨਾਂ ਨੂੰ ਵਿਸ਼ਵਾਸ ਦਿਵਾਇਆ ਕਿ ਪ੍ਰੋਗਰਾਮ ਦੀ ਸਮਾਪਤੀ ਤੇ ਜਥੇਬੰਦੀ ਦੇ ਚਾਰ ਆਗੂਆਂ ਦੀ ਕੈਬਨਿਟ ਮੰਤਰੀ ਗੋਇਲ ਨਾਲ ਗੱਲਬਾਤ ਕਰਵਾ ਦਿੱਤੀ ਜਾਵੇਗੀ। ਜਥੇਬੰਦੀਆਂ ਦੇ ਆਗੂਆਂ ਵੱਲੋਂ ਫੈਸਲਾ ਕੀਤਾ ਗਿਆ ਕਿ ਚਾਰ ਕਿਸਾਨ ਆਗੂ ਮੰਤਰੀ ਨਾਲ ਗੱਲਬਾਤ ਕਰਨਗੇ ਅਤੇ ਦੋ ਆਗੂਆਂ ਵੱਲੋਂ ਗੱਲਬਾਤ ਦੀ ਵੀਡੀਓ ਗ੍ਰਾਫੀ ਕੀਤੀ ਜਾਵੇਗੀ । ਪਰ ਮੌਕੇ ਤੇ ਪਹੁੰਚਣ ਤੇ ਮੰਤਰੀ ਅਤੇ ਪ੍ਰਸ਼ਾਸਨ ਇਸ ਗੱਲ ਤੋਂ ਮੁੱਕਰ ਗਏ ਕਿ ਗੱਲਬਾਤ ਦੀ ਵੀਡੀਓ ਗ੍ਰਾਫੀ ਨਹੀਂ ਕੀਤੀ ਜਾਵੇਗੀ। ਕਿਸਾਨ ਆਗੂਆਂ ਨੇ ਕਿਹਾ ਕਿ ਅੱਜ ਇਹ ਸਰਕਾਰ ਉਨ੍ਹਾਂ ਤੋਂ ਸਵਾਲ ਪੁੱਛਣ ਦਾ ਅਧਿਕਾਰ ਖੋਹ ਰਹੀ ਹੈ, ਜਦੋਂ ਕਿ ਇਹੀ ਪਾਰਟੀ ਅਤੇ ਮੁੱਖ ਮੰਤਰੀ ਕਹਿੰਦੇ ਹੁੰਦੇ ਸਨ ਕਿ ਜਦੋਂ ਕੋਈ ਆਗੂ ਜਾਂ ਮੰਤਰੀ ਪਿੰਡਾਂ ਵਿੱਚ ਆਉਂਦਾ ਹੈ ਤਾਂ ਉਨ੍ਹਾਂ ਤੋਂ ਸਵਾਲ ਪੁੱਛੋ। ਕਿਸਾਨ ਆਗੂਆਂ ਨੇ ਕਿਹਾ ਕਿ ਸਰਕਾਰਾਂ ਕਿਸਾਨਾਂ ਦੀ ਆਵਾਜ਼ ਨੂੰ ਦਬਾ ਨਹੀਂ ਸਕਦੀਆਂ। ਸਰਕਾਰ ਨੂੰ ਆਪਣੇ ਤਾਨਾਸ਼ਾਹੀ ਰਵੱਈਏ ਦਾ ਜਵਾਬ ਦੇਣਾ ਪਵੇਗਾ। ਉਨ੍ਹਾਂ ਕਿਹਾ ਸਰਕਾਰ ਕੋਲ ਕਿਸਾਨਾਂ ਦੇ ਸਵਾਲਾਂ ਦਾ ਕੋਈ ਜਵਾਬ ਨਹੀਂ ਹੈ। ਕਿਸਾਨਾਂ ਨੇ ਕਿਹਾ ਕਿ ਅਸੀਂ ਗ੍ਰਿਫ਼ਤਾਰੀਆਂ ਤੋਂ ਨਹੀਂ ਡਰਦੇ,ਸਰਕਾਰ ਜਿਨ੍ਹਾਂ ਮਰਜ਼ੀ ਜੋਰ ਲਗਾ ਲਵੇ, ਪਰ ਅਸੀਂ ਆਪ ਆਗੂਆਂ ਦਾ ਘਿਰਾਓ ਕਰਾਂਗੇ ਅਤੇ ਉਨ੍ਹਾਂ ਨੂੰ ਕਿਸਾਨਾਂ ਨਾਲ ਕੀਤੇ ਧੱਕੇ ਬਾਰੇ ਸਵਾਲ ਜਵਾਬ ਜ਼ਰੂਰ ਕਰਾਂਗੇ। ਕਿਸਾਨ ਅੱਜ ਭੁਟਾਲ ਖੁਰਦ ਆਏ ਕੈਬਨਿਟ ਮੰਤਰੀ ਤੋਂ ਪੁੱਛਣਾ ਚਾਹੁੰਦੇ ਸਨ ਕਿ ਕਿਸਾਨਾਂ ਦੇ ਸਮਰਥਨ ਦਾ ਦਾਅਵਾ ਕਰਨ ਵਾਲੀ ਸਰਕਾਰ ਨੇ ਮੋਰਚਾ ਕਿਉਂ ਖਦੇੜਿਆ, ਪਰੰਤੂ ਲੋਕਾਂ ਦੇ ਸਵਾਲਾਂ ਦੇ ਜਵਾਬ ਦੇਣ ਦੀ ਬਜਾਏ, ਲੋਕਾਂ ਦੁਆਰਾ ਚੁਣੇ ਗਏ ਨੇਤਾ ਨੇ ਪ੍ਰਸ਼ਾਸਨ ਦੀ ਮੱਦਦ ਨਾਲ ਆਪਣਾ ਪ੍ਰੋਗਰਾਮ ਆਯੋਜਿਤ ਕੀਤਾ ਅਤੇ ਲੋਕਾਂ ਦੇ ਸਵਾਲਾਂ ਦੇ ਜਵਾਬ ਦੇਣ ਤੋਂ ਭੱਜ ਗਿਆ। ਉਨ੍ਹਾਂ ਆਖਿਆ ਕਿ ਆਮ ਆਦਮੀ ਪਾਰਟੀ ਦੇ ਵਿਧਾਇਕ ਤੇ ਕੈਬਨਿਟ ਮੰਤਰੀ ਬਰਿੰਦਰ ਗੋਇਲ ਨੇ ਲੋਕ ਵਿਰੋਧੀ ਅਤੇ ਕਿਸਾਨ-ਮਜ਼ਦੂਰ ਵਿਰੋਧੀ ਹੋਣ ਦਾ ਸਬੂਤ ਦਿੱਤਾ। ਇਸ ਮੌਕੇ ਸੁਖਦੇਵ ਸਿੰਘ ਲਹਿਲ ਕਲਾਂ,ਗੋਗਾ ਸਿੰਘ,ਹਰਭਗਵਾਨ ਸਿੰਘ,ਅਮਨਦੀਪ ਸਿੰਘ,ਰਾਜਵਿੰਦਰ ਕੌਰ,ਪਰਮਜੀਤ ਕੌਰ,ਮੂਰਤੀ ਕੌਰ,ਰੇਸ਼ਮੀ ਕੌਰ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਬਲਾਕ ਤੇ ਪਿੰਡ ਇਕਾਈਆਂ ਦੇ ਆਗੂ ਤੇ ਵਰਕਰ ਹਾਜ਼ਰ ਸਨ।

# ਬੀਵੀਐਮ ਇੰਟਰਨੈਸ਼ਨਲ ਸਕੂਲ ਵਿਖੇ ਸਿਸੀ ਮੋਗਾ ਜ਼ੋਨ ਸ਼ਤਰੰਜ ਟੂਰਨਾਮੈਂਟ



ਬਰਨਾਲਾ, 26 ਮਈ (ਹਿਮਾਂਸ਼ੂ ਗਰਗ)- ਸਿਸੀ ਮੋਗਾ ਜ਼ੋਨ ਸ਼ਤਰੰਜ ਟੂਰਨਾਮੈਂਟ ਨੂੰ ਹਾਲ ਹੀ ਵਿੱਚ ਬੀਵੀਵੀਐਫ ਇੰਟਰਨੈਸ਼ਨਲ ਸਕੂਲ, ਬਰਨਾਲਾ ਵਿਖੇ ਆਯੋਜਿਤ ਕੀਤਾ ਗਿਆ ਸੀ, ਜਿਸ ਵਿੱਚ ਖੇਤਰ ਦੇ ਵੱਕਾਰੀ ਸਕੂਲਾਂ ਵਿੱਚ ਸ਼ਿਰਕਤ ਕੀਤੀ ਗਈ ਸੀ. ਇਸ ਟੂਰਨਾਮੈਂਟ ਵਿਚ ਹਿੱਸਾ ਲੈਣ ਵਾਲੇ ਸਕੂਲ ਵਿਚ ਬਲੂਮਿੰਗਡੇਲ ਕੰਦਰ ਸਕੂਲ, ਗੋਬੈਂਡ ਇੰਟਰਨੈਸ਼ਨਲ ਪਬਲਿਕ ਸਕੂਲ ਮੋਗਾ, ਡੌਨ ਜੂਨਰ ਇੰਟਰਨੈਸ਼ਨਲ ਸਕੂਲ ਅਤੇ ਸੇਂਟ ਪਲੇਸ ਹਾਈ ਸਕੂਲ ਬਠਿੰਡਾ ਸ਼ਾਮਲ ਸਨ.
ਵੱਖ-ਵੱਖ ਉਮਰ ਸਮੂਹਾਂ ਵਿਚ ਮੁਕਾਬਲਾ ਕੀਤਾ ਗਿਆ ਸੀ, ਜਿਨ੍ਹਾਂ ਦੇ ਨਤੀਜੇ ਹੇਠ ਦਿੱਤੇ ਗਏ ਸਨ: ਗੋਬੈਂਡ ਇੰਟਰਨੈਸ਼ਨਲ ਪਬਲਿਕ ਸਕੂਲ ਵਿਚ ਦੂਜਾ ਸਥਾਨ ਬਲੂਮਿੰਗਡੇਲ ਸਕੂਲ ਦੀ ਟੀਮ ਦੁਆਰਾ ਸੁਰੱਖਿਅਤ ਕੀਤਾ ਗਿਆ ਸੀ. ਅੰਡਰ -14 ਲੜਕੀਆਂ ਵਿਚੋਂ ਡੌਨ ਜੂਨੀਅਰ ਸਕੂਲ ਅਤੇ ਦੂਜੀ ਜਗ ?ਹਾ ਦੀ ਟੀਮ ਗੋਬਿੰਦ ਇੰਟਰਨੈਸ਼ਨਲ ਪਬਲਿਕ ਸਕੂਲ ਦੀ ਟੀਮ ਵੱਲੋਂ ਪ੍ਰਾਪਤ ਕੀਤੀ ਗਈ ਸੀ. ਅੰਡਰ -17 ਮੁੰਡਿਆਂ ਵਿਚ, ਪਹਿਲਾ ਸਥਾਨ ਮਾਂ ਅਧਿਆਪਕ ਇੰਟਰਨੈਸ਼ਨਲ ਸਕੂਲ, ਬੀ.ਵੀ.ਐਮ ਇੰਟਰਨੈਸ਼ਨਲ ਸਕੂਲ ਅਤੇ ਤੀਜੇ ਸਥਾਨ 'ਤੇ ਹਾਈ ਸਕੂਲ ਦੁਆਰਾ ਜਿੱਤਿਆ ਗਿਆ ਸੀ. ਅੰਡਰ -17 ਲੜਕੀਆਂ ਵਿੱਚੋਂ ਇੱਕ, ਸੇਂਟ ਪੌਲ ਦੇ ਹਾਈ ਸਕੂਲ, ਦੂਜਾ ਸਥਾਨ 'ਤੇ ਮਾਤਾ ਘਰ ਦੇ ਅੰਤਰਰਾਸ਼ਟਰੀ ਸਕੂਲ ਦੇ ਬੱਚੇ, ਤੀਸਰੇ ਸਥਾਨ ਵਿੱਚ ਗੋਬਿੰਦ ਇੰਟਰਨੈਸ਼ਨਲ ਪਬਲਿਕ ਸਕੂਲ ਦੇ ਬੱਚਿਆਂ ਦੁਆਰਾ ਪ੍ਰਾਪਤ ਕੀਤਾ ਗਿਆ ਸੀ. ਅੰਡਰ -19 ਮੁੰਡਿਆਂ ਵਿਚੋਂ ਗੋਬਿੰਦ ਇੰਟਰਨੈਸ਼ਨਲ ਪਬਲਿਕ ਸਕੂਲ ਆਫ਼ ਸੈਕਿੰਡ ਪਲੇਸ ਮਾਂ ਅਧਿਆਪਕ ਇੰਟਰਨੈਸ਼ਨਲ ਸਕੂਲ, ਤੀਸਰੇ ਸਥਾਨ ਨੂੰ ਜੋਗਿੰਦਰਾ ਕਤਾਰ ਸਕੂਲ ਦੀ ਟੀਮ ਨੇ ਪ੍ਰਾਪਤ ਕੀਤਾ. ਅੰਡਰ -19 ਲੜਕੀਆਂ ਵਿਚੋਂ ਇਕ ਸਥਾਨ ਜੋਗਿੰਦਰਾ ਕਤਾਰ ਸਕੂਲ, ਗੋਬਿੰਦ ਇੰਟਰਨੈਸ਼ਨਲ ਪਬਲਿਕ ਸਕੂਲ ਦੁਆਰਾ ਮਿਲਿਆ ਸੀ.
ਇਸ ਮੌਕੇ ਸਕੂਲ ਦੇ ਚੇਅਰਮੈਨ ਪਥਰਾਦ ਅਰੋੜਾ, ਡਾਇਰੈਕਟਰ ਗੀਤਾ ਅਰੋੜਾ, ਨੇਹਲ ਅਰੋੜਾ ਅਤੇ ਪ੍ਰਿੰਸੀਪਲ ਮਨਿੰਦਰਜੀਤ ਕੌਰ ਧਾਲੀਵਾਲ ਨੇ ਵਿਦਿਆਰਥੀਆਂ ਨੂੰ ਉਤਸ਼ਾਹਤ ਕੀਤਾ ਅਤੇ ਜੇਤੂਆਂ ਨੂੰ ਵਧਾਈ ਦਿੱਤੀ.

# ਬਾਬਾ ਗਾਂਧਾ ਸਿੰਘ ਪਬਲਿਕ ਸਕੂਲ ਬਰਨਾਲਾ ਵਿਖੇ ਮਾਪੇ-ਅਧਿਆਪਕ ਮਿਲਣੀ ਕਰਵਾਈ



ਬਰਨਾਲਾ, 26 ਮਈ (ਸੁਖਵਿੰਦਰ ਸਿੰਘ ਭੰਡਾਰੀ)- ਬਾਬਾ ਗਾਂਧਾ ਸਿੰਘ ਪਬਲਿਕ ਸਕੂਲ ਬਰਨਾਲਾ ਵਿਖੇ ਮਾਪੇ-ਅਧਿਆਪਕ ਮਿਲਣੀ ਦਾ ਅਯੋਜਨ ਕੀਤਾ ਗਿਆ। ਇਸ ਮਿਲਣੀ ਤਹਿਤ ਸਕੂਲ 'ਚ ਮਾਪਿਆਂ ਦੇ ਪਹੁੰਚਣ ਦਾ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ। ਜਿੱਥੇ ਇਸ 'ਚ ਬੱਚਿਆਂ ਦੀ ਕਾਰਗੁਜ਼ਾਰੀ ਦਾ ਦਾ ਜ਼ਿਕਰ ਮਾਪਿਆਂ ਨਾਲ ਸਾਂਝਾ ਹੋਇਆ, ਉੱਥੇ ਬੱਚਿਆਂ ਦੇ ਮਾਨਸਿਕ ਤੇ ਸ਼ਰੀਰਿਕ ਵਿਕਾਸ ਲਈ ਵੀ ਮਾਪਿਆਂ ਨੂੰ ਸੇਧ ਦਿੱਤੀ ਗਈ। ਮਾਪਿਆਂ ਵੱਲੋਂ ਅਧਿਆਪਕਾਂ ਨਾਲ ਵਿਚਾਰ ਵਟਾਂਦਰਾ ਕੀਤਾ ਗਿਆ ਕਿ ਕਿਵੇਂ ਬੱਚੇ ਚੰਗੀ ਪੜ੍ਹਾਈ ਕਰਨ ਤੇ ਭਵਿੱਖ 'ਚ ਸਫ਼ਲਤਾ ਹਾਸਲ ਕਰਨ। ਸਕੂਲ ਵਾਈਸ ਪ੍ਰਿੰਸੀਪਲ ਮੈਡਮ ਸੁਮਨ ਵੱਲੋਂ ਕਿਹਾ ਗਿਆ ਕਿ ਇਸ ਮਾਪੇ ਅਧਿਆਪਕ ਮਿਲਣੀ ਦੌਰਾਨ ਬੱਚਿਆਂ ਦੀਆਂ ਸਾਕਾਰਾਤਮਕ ਪ੍ਰਾਪਤੀਆਂ ਬਾਰੇ ਜ਼ਿਕਰ ਕੀਤਾ ਗਿਆ ਤਾਂ ਜੋ ਵਿਦਿਆਰਥੀ ਨੂੰ ਚੰਗੀ ਪੜ੍ਹਾਈ ਲਈ ਪ੍ਰੇਰਿਤ ਕੀਤਾ ਜਾ ਸਕੇ। ਸਕੂਲ ਵਿੱਚ ਮਾਪਿਆਂ ਲਈ ਠੰਡੇ ਮਿੱਠੇ ਜਲ ਦੀ ਛਬੀਲ ਦਾ ਪ੍ਰਬੰਧ ਕੀਤਾ ਗਿਆ। ਮਾਪੇ ਅਧਿਆਪਕ ਮਿਲਣੀ ਦੌਰਾਨ ਮਾਪਿਆਂ ਦੇ ਨਾਲ-ਨਾਲ ਸਕੂਲ ਮੈਨੇਜਮੈਂਟ ਕਮੇਟੀ ਦੇ ਟਰੱਸਟੀ ਮੈਂਬਰ, ਸਕੂਲ ਦੇ ਐਮ ਡੀ ਸਰਦਾਰ ਰਣਪ੍ਰੀਤ ਸਿੰਘ ਰਾਏ ਜੀ ਵੱਲੋਂ ਵੀ ਸ਼ਿਰਕਤ ਕੀਤੀ ਤੇ ਬੱਚਿਆਂ ਦੇ ਉੱਜਵਲ ਭਵਿੱਖ ਲਈ ਵਿਚਾਰ ਸਾਂਝੇ ਕੀਤੇ ਗਏ।

# ਸਰਕਾਰੀ ਪੌਲੀਟੈਕਨਿਕ ਕਾਲਜ ਬਡਬਰ ਵਿਖੇ ਨਵੇਂ ਸੈਸ਼ਨ ਦੇ ਦਾਖਲਿਆਂ ਲਈ ਪੋਸਟਰ ਮੀਤ ਹੇਅਰ ਵੱਲੋਂ ਰਿਲੀਜ਼



ਧਨੌਲਾ, 26 ਮਈ (ਚਮਕੌਰ ਸਿੰਘ ਗੱਗੀ) : ਸੰਸਦ ਮੈਂਬਰ ਸੰਗਰੂਰ ਗੁਰਮੀਤ ਸਿੰਘ ਮੀਤ ਹੇਅਰ ਨੇ ਸੰਤ ਬਾਬਾ ਅਤਰ ਸਿੰਘ ਸਰਕਾਰੀ ਪੌਲੀਟੈਕਨਿਕ ਕਾਲਜ, ਬਡਬਰ ਦੇ 2025-26 ਦੇ ਦਾਖਲਿਆਂ ਸਬੰਧੀ ਪੋਸਟਰ ਰਲੀਜ਼ ਕੀਤਾ ਗਿਆ।
ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਦੇ ਇਸ ਕਾਲਜ ਵਿਖੇ ਚੱਲ ਰਹੇ ਪੰਜ ਡਿਪਲੋਮਾਂ ਕੋਰਸਾਂ ਵਿਚ ਵੱਖ-ਵੱਖ ਸਕਾਲਰਸ਼ਿਪ ਸਕੀਮਾਂ ਅਧੀਨ ਤਕਨੀਕੀ ਸਿੱਖਿਆ ਪ੍ਰਾਪਤ ਕਰਕੇ ਲੜਕੇ ਅਤੇ ਲੜਕੀਆਂ ਆਪਣਾ ਭਵਿੱਖ ਬਣਾ ਸਕਦੇ ਹਨ। ਇਸ ਮੌਕੇ ਪ੍ਰਿੰਸੀਪਲ ਸ੍ਰੀ ਸੰਦੀਪ ਕੁਮਾਰ ਨੇ ਦੱਸਿਆ ਕਿ ਪੰਜਾਬ ਰਾਜ ਤਕਨੀਕੀ ਸਿੱਖਿਆ ਬੋਰਡ ਚੰਡੀਗੜ੍ਹ ਵੱਲੋਂ ਆਨਲਾਈਨ ਰਜਿਸਟ ?ੇਸ਼ਨ ਸ਼ੁਰੂ ਹੋ ਚੁੱਕੀ ਹੈ। ਦਾਖਲਾ ਲੈਣ ਦੇ ਚਾਹਵਾਨ ਵਿਦਿਆਰਥੀ ਆਨਲਾਈਨ ਰਜਿਸਟਰੇਸ਼ਨ ਲਈ ਵੈਬਸਾਈਟ 'ਤੇ ਅਪਲਾਈ ਕਰ ਸਕਦੇ ਹਨ।
ਉਨ੍ਹਾਂ ਕਿਹਾ ਕਿ ਮਾਪਿਆਂ ਦੀ ਜਾਣਕਾਰੀ ਲਈ ਸ੍ਰੀ ਲਵਪ੍ਰੀਤ ਸਿੰਘ ਅਤੇ ਸ੍ਰੀ ਹਰਚਰਨ ਸਿੰਘ ਦਾਖਲਾ ਸੈੱਲ ਸਥਾਪਤ ਕੀਤਾ ਹੋਇਆ ਹੈ, ਜਿਸ ਵਿੱਚ ਕਾਲਜ ਵਿਖੇ ਚੱਲ ਰਹੇ ਕੋਰਸਾਂ ਅਤੇ ਫੀਸਾਂ ਸਬੰਧੀ ਪੂਰੀ ਜਾਣਕਾਰੀ ਦਿੱਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਕਾਲਜ ਵਿਖੇ ਇਲੈਕਟ ?ੀਕਲ ਇੰਜੀਨੀਅਰਿੰਗ, ਸਿਵਲ ਇੰਜੀਨੀਅਰਿੰਗ, ਮਕੈਨੀਕਲ ਇੰਜੀਨੀਅਰਿੰਗ, ਕੰਪਿਊਟਰ ਸਾਇੰਸ ਇੰਜੀਨੀਅਰਿੰਗ ਅਤੇ ਇਲੈਕਟ ?ੋਨਿਕ ਕਮਿਊਨੀਕੇਸ਼ਨ ਇੰਜੀਨੀਅਰਿੰਗ (535) ਕੋਰਸਾਂ ਵਿੱਚ 10ਵੀਂ ਪਾਸ ਵਿਦਿਆਰਥੀ ਦਾਖਲਾ ਲੈਣ ਲਈ ਆਪਣੀ ਰਜਿਸਟ ?ੇਸ਼ਨ ਕਰਵਾ ਸਕਦੇ ਹਨ। ਕਾਲਜ ਵਿਖੇ ਕੇਂਦਰ/ਪੰਜਾਬ ਸਰਕਾਰ ਦੀਆਂ ਸਾਰੀਆਂ ਸਕੀਮਾਂ ਜਿਵੇਂ ਕਿ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਤਹਿਤ ਐਸ.ਸੀ./ਓ.ਬੀ.ਸੀ.. ਨੈਸ਼ਨਲ ਸਕਾਲਰਸ਼ਿਪ ਅਧੀਨ ਘੱਟ ਗਿਣਤੀ ਵਰਗ ਦੇ ਵਿਦਿਆਰਥੀ ਵਜ਼ੀਫੇ ਦਾ ਲਾਭ ਲੈ ਸਕਦੇ ਹਨ। ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ ਮੁੱਖ ਮੰਤਰੀ ਵਜ਼ੀਫਾ ਯੋਜਨਾ ਅਧੀਨ ਹਰ ਵਰਗ ਦੇ ਵਿਦਿਆਰਥੀਆਂ ਦੀ 10ਵੀਂ/12ਵੀਂ ਦੇ ਨੰਬਰਾਂ ਅਨੁਸਾਰ ਟਿਊਸ਼ਨ ਫੀਸ ਮੁਆਫ ਕੀਤੀ ਜਾ ਰਹੀ ਹੈ, ਜਿਸ ਦਾ ਲਾਭ ਸਿਰਫ ਸਰਕਾਰੀ ਪੌਲੀਟੈਕਨਿਕ ਕਾਲਜਾਂ ਵਿੱਚ ਹੀ ਦਿੱਤਾ ਜਾਂਦਾ ਹੈ। ਪ੍ਰਿੰਸੀਪਲ ਸੰਦੀਪ ਕੁਮਾਰ ਨੇ ਮਾਨਯੋਗ ਮੈਂਬਰ ਪਾਰਲੀਮੈਂਟ ਸ੍ਰੀ ਗੁਰਮੀਤ ਸਿੰਘ ਮੀਤ ਹੇਅਰ ਦਾ ਜਿੱਥੇ ਪੋਸਟਰ ਰਲੀਜ਼ ਕਰਨ 'ਤੇ ਧੰਨਵਾਦ ਕੀਤਾ ਉੱਥੇ ਹੀ ਪੰਜਾਬ ਸਰਕਾਰ ਵੱਲੋਂ ਕਾਲਜ ਵਿਖੇ ਨਵੀਂ ਬਣ ਰਹੀ ਬਿਲਡਿੰਗ ਅਤੇ ਵਿਦਿਆਰਥੀਆਂ ਦੇ ਪ੍ਰੈਕਟੀਕਲ ਕਰਵਾਉਣ ਲਈ ਮਸ਼ੀਨਰੀ ਤੇ ਸਾਜ਼ੋ ਸਮਾਨ ਲਈ ਗ੍ਰਾਂਟ ਜਾਰੀ ਕਰਵਾਉਣ ਲਈ ਉਨ੍ਹਾਂ ਦਾ ਧੰਨਵਾਦ ਕੀਤਾ।

# ਬੀ.ਵਾਕ ਜੇਐੱਮਟੀ ਦੇ ਸਮੈਸਟਰ ਪਹਿਲਾ ਦਾ ਨਤੀਜਾ ਰਿਹਾ ਸ਼ਾਨਦਾਰ



ਬਰਨਾਲਾ, 26 ਮਈ (ਅਮਨਦੀਪ ਸਿੰਘ) : ਐੱਸ. ਡੀ. ਕਾਲਜ ਬਰਨਾਲਾ ਦੇ ਬੀ.ਵਾਕ ਜੇ.ਐਮ.ਟੀ (ਜਰਨਲਿਜ਼ਮ ਐਂਡ ਮਲਟੀਮੀਡੀਆ ਟੈਕਨਾਲੋਜੀਜ਼) ਦੇ ਸਮੈਸਟਰ ਪਹਿਲੇ ਦਾ ਨਤੀਜਾ ਸ਼ਾਨਦਾਰ ਰਿਹਾ। ਇਸ ਸਬੰਧੀ ਜਾਣਕਾਰੀ ਦਿੰਦਿਆਂ ਕਾਲਜ ਦੇ ਪੀ.ਆਰ.ਓ. ਪ੍ਰੋ. ਸ਼ੋਇਬ ਜ਼ਫ਼ਰ ਨੇ ਦੱਸਿਆ ਕਿ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ ਐਲਾਨੇ ਇਸ ਨਤੀਜੇ ਵਿੱਚ ਵਿਦਿਆਰਥੀ ਜਗਦੀਪ ਸਿੰਘ ਨੇ 8.00 ਐਸਜੀਪੀਏ ਅੰਕ ਲੈ ਕੇ ਪਹਿਲਾ ਸਥਾਨ ਹਾਸਲ ਕੀਤਾ, ਜਦਕਿ ਹੀਰਾ ਸਿੰਘ ਨੇ 7.80 ਐਸਜੀਪੀਏ ਨਾਲ ਦੂਜਾ ਅਤੇ ਈਸ਼ਾ ਸ਼ਰਮਾ ਨੇ 7.60 ਐਸਜੀਪੀਏ ਅੰਕ ਲੈ ਕੇ ਤੀਜਾ ਸਥਾਨ ਹਾਸਲ ਕੀਤਾ। ਵਿਦਿਆਰਥੀਆਂ ਦੀ ਇਸ ਸ਼ਾਨਦਾਰ ਪ੍ਰਾਪਤੀ 'ਤੇ ਐੱਸ. ਡੀ. ਕਾਲਜ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ੍ਰੀ ਨਰੇਸ਼ ਸਿੰਗਲਾ, ਜਨਰਲ ਸਕੱਤਰ ਸ੍ਰੀ ਜਤਿੰਦਰ ਨਾਥ ਸ਼ਰਮਾ, ਵਿੱਤ ਸਕੱਤਰ ਡਾ. ਮੁਕੰਦ ਲਾਲ ਬਾਂਸਲ, ਡਾਇਰੈਕਟਰ ਹਰਦਿਆਲ ਸਿੰਘ ਅੱਤਰੀ, ਸਮੂਹ ਪ੍ਰਬੰਧਕ ਕਮੇਟੀ ਮੈਂਬਰਾਨ ਅਤੇ ਪਿ ?ਰੰਸੀਪਲ ਡਾ. ਰਮਾ ਸ਼ਰਮਾ ਨੇ ਵਿਦਿਆਰਥੀਆਂ ਦੇ ਨਾਲ ਨਾਲ ਪ੍ਰੋ. ਅਮਨਦੀਪ ਕੌਰ, ਪ੍ਰੋ. ਕੁਲਦੀਪ ਸਿੰਘ, ਪ੍ਰੋ. ਲਖਵੀਰ ਸਿੰਘ ਅਤੇ ਸ੍ਰੀ ਅੰਮ੍ਰਿਤਪਾਲ ਸਿੰਘ ਨੂੰ ਵਧਾਈ ਦਿੱਤੀ।

# ਸ੍ਰੀ ਗੁਰੂ ਅਰਜਨ ਦੇਵ ਜੀ ਦਾ ਮਹਾਨ ਸ਼ਹੀਦੀ ਗੁਰਪੁਰਬ 28 ਤੋਂ 30 ਮਈ ਤੱਕ ਮਨਾਇਆ ਜਾਵੇਗਾ

ਬਰਨਾਲਾ, 26 ਮਈ (ਸੁਖਵਿੰਦਰ ਸਿੰਘ ਭੰਡਾਰੀ)- ਗੁਰਦੁਆਰਾ ਸ਼੍ਰੀ ਕਲਗੀਧਰ ਸਾਹਿਬ ਬਰਨਾਲਾ ਦੀ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਸ਼੍ਰੀ ਗੁਰੂ ਅਰਜਨ ਦੇਵ ਜੀ ਦਾ ਮਹਾਨ ਸ਼ਹੀਦੀ ਗੁਰਪੁਰਬ 28 ਮਈ ਤੋਂ 30 ਮਈ ਤੱਕ ਮਨਾਇਆ ਜਾ ਰਿਹਾ ਹੈ । ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਮੁੱਖ ਸੇਵਾਦਾਰ ਭਾਈ ਗੁਰਦੀਪ ਸਿੰਘ ਭੋਲਾ ਅਤੇ ਹੈੱਡ ਗ੍ਰੰਥੀ ਭਾਈ ਸੁਖਵਿੰਦਰ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ 28 ਮਈ ਦਿਨ ਬੁੱਧਵਾਰ ਨੂੰ ਸਵੇਰੇ ਗੁਰਦੁਆਰਾ ਕਲਗੀਧਰ ਸਾਹਿਬ ਵਿਖੇ ਸ਼੍ਰੀ ਅਖੰਡ ਪਾਠ ਸਾਹਿਬ ਜੀ ਦਾ ਪ੍ਰਕਾਸ਼ ਹੋਵੇਗਾ। ਮਿਤੀ 29 ਮਈ ਦਿਨ ਵੀਰਵਾਰ ਸਵੇਰੇ 7 ਵਜੇ ਮਹਾਨ ਨਗਰ ਕੀਰਤਨ ਆਰੰਭ ਹੋਵੇਗਾ, ਜੋ ਕਿ ਗੁਰਦੁਆਰਾ ਕਲਗੀਧਰ ਸਾਹਿਬ ਤੋਂ ਗੁਰਦੁਆਰਾ ਬਾਬਾ ਗਾਂਧਾ ਸਿੰਘ, ਡੇਰਾ ਬਾਬਾ ਗਾਂਧਾ ਸਿੰਘ, ਸੰਘੇੜਾ ਚੌਂਕ, ਅਗਵਾੜ ਸੰਧੂ ਪੱਤੀ, ਗੁਰਦੁਆਰਾ ਬਾਜਵਾ ਪੱਤੀ, ਗੁਰਦੁਆਰਾ ਸਿੰਘ ਸਭਾ, ਖੱਦਰ ਭੰਡਾਰ ਵਾਲੀ ਗਲੀ, ਗੁਰਦੁਆਰਾ ਸਿੰਘ ਸਭਾ, ਰੇਲਵੇ ਸਟੇਸ਼ਨ, ਪੁਰਾਣਾ ਬੱਸ ਸਟੈਂਡ, ਗਜ਼ਲ ਹੋਟਲ ਵਾਲੀ ਗਲੀ, ਕੇ ਸੀ ਰੋਡ, ਗੁਰਦੁਆਰਾ ਬਾਬਾ ਨਾਮਦੇਵ, ਗੁਰਦੁਆਰਾ ਗੁਰੂ ਨਾਨਕਪੁਰਾ, ਵਾਲਮੀਕਿ ਚੌਂਕ, ਗੁਰਦੁਆਰਾ ਲੋਕ ਸਭਾ ਸੁਪਰਡੈਂਟੀ ਮੁਹੱਲਾ, ਗੁਰਦੁਆਰਾ ਚੁੱਲ੍ਹਾ ਸਾਹਿਬ ਹੁੰਦੇ ਹੋਏ ਨਗਰ ਕੀਰਤਨ ਗੁਰਦੁਆਰਾ ਕਲਗੀਧਰ ਸਾਹਿਬ ਬਰਨਾਲਾ ਵਿਖੇ ਸਮਾਪਤ ਹੋਵੇਗਾ। ਮਿਤੀ 30 ਮਈ ਦਿਨ ਵੀਰਵਾਰ ਨੂੰ ਸ਼੍ਰੀ ਅਖੰਡ ਪਾਠ ਸਾਹਿਬ ਜੀ ਦੀ ਸੰਪੂਰਨਤਾ ਸਵੇਰੇ 9 ਵਜੇ ਹੋਵੇਗੀ। ਇਸ ਉਪਰੰਤ ਵਿਦਿਆਰਥੀਆਂ ਦੇ ਗੁਰੂ ਅਰਜਨ ਦੇਵ ਜੀ ਦੇ ਜੀਵਨ ਸਬੰਧੀ ਮੁਕਾਬਲੇ ਹੋਣਗੇ। ਸਮੂਹ ਸੰਗਤ ਨੂੰ ਬੇਨਤੀ ਹੈ ਕਿ ਤਿੰਨੇ ਦਿਨ ਗੁਰੂ ਘਰ ਪਹੁੰਚ ਗਏ ਬਖਸ਼ਿਸ਼ਾਂ ਦੇ ਪਾਤਰ ਬਣੋ।

# ਮਾਤਾ ਦਰਸ਼ਨਾ ਦੇਵੀ ਦੀ ਬਰਸੀ ਨੂੰ ਸਮਰਪਿਤ ਸਾਲਾਨਾ ਮੁਫ਼ਤ ਮੈਡੀਕਲ ਕੈਂਪ

ਬਰਨਾਲਾ, 26 ਮਈ (ਸੁਖਵਿੰਦਰ ਸਿੰਘ ਭੰਡਾਰੀ)- ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਮਾਤਾ ਦਰਸ਼ਨਾ ਦੇਵੀ ਦੀ 12ਵੀਂ ਬਰਸੀ ਨੂੰ ਸਮਰਪਿਤ ਫ ?ਰੀ ਮੈਡੀਕਲ ਚੈੱਕਅੱਪ ਕੈਂਪ ਮਿਤੀ 5 ਜੂਨ ਦਿਨ ਵੀਰਵਾਰ ਨੂੰ ਸਵੇਰੇ 9 ਵਜੇ ਤੋਂ ਦੁਪਹਿਰ 2 ਵਜੇ ਤੱਕ ਬਾਬਾ ਬੈਰਸਿਆਣਾ ਸਾਹਿਬ ਚੈਰੀਟੇਬਲ ਹਸਪਤਾਲ ਦਿੜ੍ਹਬਾ ਵਿਖੇ ਲਗਾਇਆ ਜਾ ਰਿਹਾ ਹੈ। ਇਸ ਸੰਬੰਧੀ ਬਰਨਾਲਾ ਵਿਖੇ ਜਾਣਕਾਰੀ ਦਿੰਦਿਆਂ ਬਾਂਸਲ'ਜ਼ ਗਰੁੱਪ ਸੂਲਰ ਘਰਾਟ ਦੇ ਐਮ ਡੀ ਸੰਜੀਵ ਬਾਂਸਲ ਨੇ ਦੱਸਿਆ ਕਿ ਮਾਲਿਕ ਦੇ ਹੁਕਮ ਅਨੁਸਾਰ ਮੇਰੇ ਮਾਤਾ ਜੀ 12 ਸਾਲ ਪਹਿਲਾਂ ਇਸ ਦੁਨੀਆ ਤੋਂ ਰੁਖ਼ਸਤ ਹੋ ਗਏ ਸੀ। ਉਨ੍ਹਾਂ ਦੀ ਯਾਦ ਨੂੰ ਤਾਜ਼ਾ ਰੱਖਣ ਲਈ ਇਸ ਕੈਂਪ ਦਾ ਆਯੋਜਨ ਕੀਤਾ ਜਾ ਰਿਹਾ ਹੈ।

# ਪਾਵਰਕਾਮ ਦੇ ਸੀਐਚਬੀ ਆਊਟਸੋਰਸਡ ਮੁਲਾਜ਼ਮਾਂ ਦੀ ਜਥੇਬੰਦੀ ਵੱਲੋਂ ਦਿੜ੍ਹਬਾ ਵਿਖੇ ਲਗਾਤਾਰ ਧਰਨਾ ਛੇਵੇਂ ਦਿਨ ਜਾਰੀ



ਦਿੜ੍ਹਬਾ ਮੰਡੀ, 26 ਮਈ ( ਸੁਖਵਿੰਦਰ ਸਿੰਘ ਵਿਰਕ): ਪਾਵਰਕੌਮ ਐਂਡ ਟਰਾਂਸਕੋ ਠੇਕਾ ਮੁਲਾਜ਼ਮ ਯੂਨੀਅਨ ਪੰਜਾਬ ਵੱਲੋਂ ਦਿੜ੍ਹਬਾ ਵਿਖੇ ਵੱਡੀ ਗਿਣਤੀ ਦੇ ਵਿੱਚ ਲਗਾਤਾਰ ਛੇਵੇਂ ਦਿਨ ਧਰਨਾ ਜਾਰੀ ਰਿਹਾ। ਅੱਜ ਦੇ ਧਰਨੇ ਵਿੱਚ ਪਰਿਵਾਰਾਂ ਤੇ ਬੱਚਿਆਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ। ਧਰਨੇ ਨੂੰ ਸੰਬੋਧਨ ਕਰਦਿਆਂ ਸੂਬਾ ਪ੍ਰਧਾਨ ਬਲਿਹਾਰ ਸਿੰਘ ਸੂਬਾ ਜਰਨਲ ਰਾਜੇਸ਼ ਕੁਮਾਰ ਮੌੜ ਸੂਬਾ ਸਹਾਇਕ ਸਕੱਤਰ ਟੇਕ ਚੰਦ ਪ੍ਰੈਸ ਸਕੱਤਰ ਇੰਦਰਪ੍ਰੀਤ ਸਿੰਘ ਨੇ ਕਿਹਾ ਕਿ ਬਿਜਲੀ ਵਿਭਾਗ ਦੇ ਨਿੱਜੀਕਰਣ ਵਿਰੁੱਧ ਅਤੇ ਆਊਟਸੋਰਸਡ ਮੁਲਾਜ਼ਮਾਂ ਨੂੰ ਵਿਭਾਗਾਂ ਵਿੱਚ ਲਿਆ ਕੇ ਰੈਗੂਲਰ ਕਰਨ, ਘੱਟੋ ਘੱਟ ਉਜਰਤ ਦੇ ਕਾਨੂੰਨ ਅਨੁਸਾਰ ਤਨਖਾਹ ਤਹਿ ਕਰਨ, ਕੰਮ ਭਾਰ ਮੁਤਾਬਕ ਅਸਾਮੀਆਂ ਦੀ ਰਚਨਾ ਕਰਨ, ਕਾਮਾ ਵਿਰੋਧੀ ਲੇਬਰ ਕਾਨੂੰਨਾਂ ਨੂੰ ਰੱਦ ਕਰਨ ਅਤੇ ਪੁਰਾਣੀ ਪੈਨਸ਼ਨ ਸਕੀਮ ਬਹਾਲੀ ਅਤੇ ਹੋਰ ਮੰਗਾਂ ਨੂੰ ਲੈ ਕੇ ਲੰਬੇ ਸਮੇਂ ਤੋਂ ਸੰਘਰਸ਼ ਦੇ ਰਾਹ 'ਤੇ ਚੱਲ ਰਹੇ ਹਨ। ਪੰਜਾਬ ਸਰਕਾਰ ਵੱਲੋਂ ਲਗਾਤਾਰ ਟਾਲ ਮਟੋਲ ਦੀ ਨੀਤੀ ਅਪਣਾਈ ਜਾ ਰਹੀ ਹੈ। ਵਿੱਤ ਮੰਤਰੀ ਵਲੋਂ ਲਗਾਤਾਰ ਮੀਟਿੰਗਾਂ ਕੀਤੀਆਂ ਪਰ ਕੋਈ ਹੱਲ ਨਹੀਂ ਹੋਇਆ। ਬਿਜਲੀ ਸਪਲਾਈ ਨੂੰ ਬਹਾਲ ਕਰਦੇ ਕਰੰਟ ਲੱਗਣ ਕਾਰਨ ਕਈ ਕਾਮੇ ਮੌਤ ਦੇ ਮੂੰਹ ਪੈ ਗਏ, ਕਈ ਕਾਮੇ ਅਪੰਗ ਹੋ ਗਏ ਅਤੇ ਠੇਕੇਦਾਰ ਕੰਪਨੀਆਂ ਵੱਲੋਂ ਈਪੀਐਫ ਸਮੇਤ ਈਐਸਆਈ ਅਤੇ ਲੇਬਰ ਵੈਲਫੇਅਰ ਬੋਰਡ ਵਿੱਚ ਕਰੋੜਾਂ ਅਰਬਾਂ ਰੁਪਏ ਦੇ ਘਪਲੇ ਕੀਤੇ ਗਏ ਹਨ।ਜਥੇਬੰਦੀ ਵੱਲੋਂ ਮੰਗ ਕੀਤੀ ਕਿ ਨਿੱਜੀਕਰਨ ਦੀ ਨੀਤੀ ਨੂੰ ਰੱਦ ਕਰਕੇ ਠੇਕੇਦਾਰ ਕੰਪਨੀਆਂ ਨੂੰ ਵਿਭਾਗ 'ਚੋਂ ਬਾਹਰ ਕਰ ਕੇ ਸਮੂਹ ਆਊਟਸੋਰਸਡ ਠੇਕਾ ਕਾਮਿਆਂ ਨੂੰ ਸਿੱਧਾ ਵਿਭਾਗ ਵਿੱਚ ਸ਼ਾਮਲ ਕੀਤਾ ਜਾਵੇ। ਕਾਨੂੰਨ 1948 ਐਕਟ ਮੁਤਾਬਕ ਘੱਟੋ ਘੱਟ ਗੁਜ਼ਾਰੇ ਯੋਗ ਤਨਖਾਹ ਜਾਂ 15ਵੀਂ ਲੇਬਰ ਕਾਨਫਰੰਸ ਤਹਿਤ ਜਾਂ ਸੁਪਰੀਮ ਕੋਰਟ ਦੇ ਫੈਸਲੇ ਤਹਿਤ ਬਰਾਬਰ ਕੰਮ ਬਰਾਬਰ ਤਨਖਾਹ ਦਿੱਤੀ ਜਾਵੇ । ਬਿਜਲੀ ਦਾ ਕਰੰਟ ਲੱਗਣ ਕਾਰਨ ਮੌਤ ਦੇ ਮੂੰਹ ਪਏ ਕਾਮਿਆਂ ਦੇ ਵਾਰਸ ਨੂੰ ਪੱਕੀ ਨੌਕਰੀ ਪੱਕੀ ਪੈਨਸ਼ਨ ਦੀ ਗਰੰਟੀ ਕੀਤੀ ਜਾਵੇ। ਅਤੇ ਬਿਜਲੀ ਦਾ ਕਰੰਟ ਲੱਗਣ ਉੱਤੇ ਮੁਆਵਜ਼ੇ ਦੀ ਗਰੰਟੀ ਕੀਤੀ ਜਾਵੇ ਅਤੇ ਪੁਰਾਣੀ ਪੈਨਸ਼ਨ ਸਕੀਮ ਬਹਾਲ ਕੀਤੀ ਕੀਤੀ ਜਾਵੇ ਅਤੇ ਠੇਕਾ ਕਾਮੇ ਨੂੰ 58 ਸਾਲੀ ਰਿਟਾਇਰਮੈਂਟ ਹੋਣ ਉਪਰੰਤ 30 ਲੱਖ ਰੁਪਏ ਮਾਣ ਭੱਤਾ ਦਿੱਤਾ ਜਾਵੇ ਅਤੇ ਮੋਟਰਸਾਈਕਲ ਦਾ ਪੈਟਰੋਲ ਭੱਤਾ ਵਧਾਇਆ ਜਾਵੇ । ਉਨ੍ਹਾਂ ਕਿਹਾ ਕਿ ਅਗਰ ਸਰਕਾਰ ਕਾਮਿਆਂ ਦੀਆਂ ਮੰਗਾਂ ਦਾ ਹੱਲ ਨਹੀਂ ਕਰਦੀ ਤਾਂ ਠੇਕਾ ਕਾਮੇ ਤਿੱਖਾ ਸੰਘਰਸ਼ ਕਰਨ ਲਈ ਮਜਬੂਰ ਹੋਣਗੇ।

# ਅਲਫਾ ਸਟੱਡੀ ਸੈਂਟਰ ਤੋਂ ਕੋਚਿੰਗ ਲੈਣ ਵਾਲੇ ਵੱਖ-ਵੱਖ ਵਿਭਾਗਾਂ ਵਿੱਚ ਕਰ ਰਹੇ ਹਨ ਨੌਕਰੀਆਂ

ਸੁਨਾਮ ਊਧਮ ਸਿੰਘ ਵਾਲਾ, 26 ਮਈ (ਰਾਉਵਰਿੰਦਰ ਸਿੰਘ ਮਠਾੜੂ/ਮੋਹਣ ਸ਼ਰਮਾ ): ਅਲਫਾ ਸਟੱਡੀ ਸੈਂਟਰ ਸੁਨਾਮ ਦੇ ਵਿਦਿਆਰਥੀਆਂ ਦਾ ਲਗਾਤਾਰ ਪਾਸ ਹੋਣ ਦਾ ਸਿਲਸਿਲਾ ਜਾਰੀ ਹੈ ਤੇ ਇਸੇ ਕੜੀ ਵਿੱਚ ਪੰਜਾਬ ਟੈੱਟ-2025 ਵਿੱਚ ਅਲਫ਼ਾ ਸਟੱਡੀ ਸੈਂਟਰ ਸੁਨਾਮ ਦੇ ਵਿਦਿਆਰਥੀਆਂ ਨੇ ਪ੍ਰੀਖਿਆ ਪਾਸ ਕੀਤੀ, ਜਿਨ੍ਹਾਂ ਨੂੰ ਕੀਤਾ ਜਾਵੇਗਾ, ਜਿਨ੍ਹਾਂ ਨੇ ਇਸੇ ਸਾਲ ਈਟੀਟੀ ਅਧਿਆਪਕ ਦੇ ਰੂਪ ਵਿੱਚ ਸਰਕਾਰੀ ਨੌਕਰੀਆਂ ਪ੍ਰਾਪਤ ਕੀਤੀਆਂ ਹਨ। ਇਹ ਜਾਣਕਾਰੀ ਸੈਂਟਰ ਦੇ ਐਮਡੀ ਯਸ਼ਪਾਲ ਮੰਗਲਾ ਨੇ ਦਿੱਤੀ। ਉਹਨਾਂ ਕਿਹਾ ਕਿ ਅਲਫਾ ਸਟੱਡੀ ਸੈਂਟਰ ਸੁਨਾਮ ਦੇ ਵਿਦਿਆਰਥੀ ਵੱਖ-ਵੱਖ ਵਿਭਾਗਾਂ ਦੇ ਵਿੱਚ ਲਗਾਤਾਰ ਨੌਕਰੀਆਂ ਪ੍ਰਾਪਤ ਕਰ ਰਹੇ ਹਨ ਅਤੇ



ਨਿਕਟ ਭਵਿੱਖ ਵਿੱਚ ਸਨਮਾਨਿਤ ਕੀਤਾ ਜਾਵੇਗਾ ਅਤੇ ਸੈਂਟਰ ਦੇ ਉਹਨਾਂ ਵਿਦਿਆਰਥੀਆਂ ਨੂੰ ਵੀ ਸਨਮਾਨਿਤ ਇੱਥੇ ਬੇਹਤਰੀਨ ਤਰੀਕੇ ਨਾਲ ਕੰਪੀਟੀਟਿਵ ਪ੍ਰੀਖਿਆ ਦੀ ਤਿਆਰੀ ਕਰਵਾਈ ਜਾ ਰਹੀ ਹੈ।

# ਵਿਸ਼ਵ ਹਾਇਪਰਟੈਂਸ਼ਨ ਜਾਗਰੂਕਤਾ ਮਹੀਨੇ ਮੌਕੇ ਬੱਚਿਆਂ ਦੇ ਕਰਵਾਏ ਕੁਇਜ਼ ਮੁਕਾਬਲੇ ਪੌਸ਼ਟਿਕ ਖੁਰਾਕ, ਸਵੇਰ ਦੀ ਸੈਰ ਅਤੇ ਯੋਗਾ ਹਾਇਪਰਟੈਂਸ਼ਨ ਲਈ ਲਾਹੇਵੰਦ



ਬਠਿੰਡਾ, 26 ਮਈ (ਦੀਪਕ ਸ਼ਰਮਾ): ਪੰਜਾਬ ਸਰਕਾਰ ਅਤੇ ਸਿਵਲ ਸਰਜਨ ਬਠਿੰਡਾ ਡਾ ਰਮਨਦੀਪ ਸਿੰਗਲਾ ਦੇ ਦਿਸ਼ਾ ਨਿਰਦੇਸ਼ਾਂ ਅਤੇ ਜ਼ਿਲ੍ਹਾ ਪਰਿਵਾਰ ਭਲਾਈ ਅਫ਼ਸਰ ਡਾ. ਸੁਖਜਿੰਦਰ ਸਿੰਘ ਗਿੱਲ ਦੀ ਅਗਵਾਈ ਹੇਠ ਵਿਸ਼ਵ ਹਾਇਪਰਟੈਂਸ਼ਨ ਦਿਵਸ ਜਾਗਰੂਕਤਾ ਮਹੀਨਾ ਸਬੰਧੀ ਲੋਕਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ । ਇਸ ਮੁਹਿੰਮ ਸਬੰਧੀ ਦਫਤਰ ਸਿਵਲ ਸਰਜਨ ਵਿਖੇ ਸਨਰਜੀ ਇੰਟਰਨੈਸ਼ਨਲ ਸਕੂਲ ਆਫ ਨਰਸਿੰਗ ਸਕੂਲ ਦੇ ਬੱਚਿਆਂ ਦੇ ਕੁਇਜ ਮੁਕਾਬਲੇ ਕਰਵਾਏ ਗਏ । ਇਸ ਕੁਇਜ਼ ਮੁਕਾਬਲੇ ਵਿੱਚ ਬੱਚਿਆਂ ਤੋਂ ਹਾਇਪਰਟੈਂਸ਼ਨ ਸਬੰਧੀ ਸਵਾਲ ਪੁੱਛੇ ਗਏ, ਜਿਸ ਵਿੱਚ ਬੱਚਿਆਂ ਤੋਂ ਉੱਚ ਰਕਤਚਾਪ ਦੇ ਕਾਰਣ, ਬਚਾਅ ਆਦਿ ਬਾਰੇ ਸਵਾਲ ਪੁੱਛੇ ਗਏ । ਕੁਇਜ਼ ਮੁਕਾਬਲੇ ਵਿੱਚ ਜੇਤੂ ਵਿਦਿਆਰਥੀਆਂ ਨੂੰ ਸਹਾਇਕ ਸਿਵਲ ਸਰਜਨ ਡਾ. ਅਨੂਪਮਾ ਸ਼ਰਮਾ, ਜ਼ਿਲ੍ਹਾ ਪਰਿਵਾਰ ਭਲਾਈ ਅਫ਼ਸਰ ਡਾ. ਸੁਖਜਿੰਦਰ ਸਿੰਘ ਗਿੱਲ, ਡਿਪਟੀ ਮਾਸ ਮੀਡੀਆ ਅਫ਼ਸਰ ਰੋਹਿਤ ਜਿੰਦਲ ਅਤੇ ਜ਼ਿਲ੍ਹਾ ਬੀ.ਸੀ.ਸੀ ਨਰਿੰਦਰ ਕੁਮਾਰ ਵੱਲੋਂ ਬੱਚਿਆਂ ਨੂੰ ਪ੍ਰਸ਼ੰਸ਼ਾ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ । ਇਸ ਸਬੰਧੀ ਜਾਣਕਾਰੀ ਦਿੰਦਿਆ ਡਾ. ਸੁਖਜਿੰਦਰ ਸਿੰਘ ਗਿੱਲ ਨੇ ਦੱਸਿਆ ਕਿ ਹਾਇਪਰਟੈਂਸ਼ਨ ਸਬੰਧੀ ਲੋਕਾਂ ਨੂੰ ਜਾਗਰੂਕ ਕਰਨ ਲਈ ਸਾਇਕਲ ਰੈਲੀਆਂ, ਪੋਸਟਰ ਮੇਕਿੰਗ ਮੁਕਾਬਲੇ, ਕੈਂਪਾਂ ਆਦਿ ਨਾਲ ਜਾਗਰੂਕ ਕੀਤਾ ਜਾ ਰਿਹਾ ਹੈ । ਕੁਇਜ਼ ਮੁਕਾਬਲੇ ਕਰਵਾਉਣ ਦਾ ਮੁੱਖ ਮਕਸਦ ਬੱਚਿਆਂ ਨੂੰ ਹਾਇਪਰਟੈਂਸ਼ਨ ਦੀ ਬਿਮਾਰੀ ਸਬੰਧੀ ਜਾਗਰੂਕ ਕਰਨਾ ਹੈ ਤਾਂ ਕਿ ਬੱਚੇ ਜਾਗਰੂਕ ਹੋ ਕੇ ਸਕੂਲਾ, ਕਾਲਜਾਂ ਅਤੇ ਆਪਣੇ ਪਿੰਡਾਂ ਘਰਾਂ ਵਿੱਚ ਜਾ ਕੇ ਜਾਗਰੂਕ ਕਰ ਸਕਣ । ਹਾਇਪਰਟੈਂਸ਼ਨ ਇੱਕ ਐਸੀ ਸਥਿਤੀ ਹੈ ਜੋ ਆਮ ਤੌਰ 'ਤੇ ਕਿਸੇ ਲੱਛਣ ਦੇ ਬਿਨਾਂ ਹੀ ਅੰਦਰੂਨੀ ਤੌਰ 'ਤੇ ਸਰੀਰ ਨੂੰ ਨੁਕਸਾਨ ਪਹੁੰਚਾਉਂਦੀ ਹੈ। ਇਸ ਦਿਨ ਦੀ ਭੂਮਿਕਾ ਜੀਵਨ ਰੁਟੀਨ ਵਿੱਚ ਸਿਹਤਮੰਦ ਆਦਤਾਂ ਨੂੰ ਸ਼ਾਮਿਲ ਕਰਨ ਵੱਲ ਧਿਆਨ ਕੇਂਦਰਤ ਕਰਨਾ ਹੈ। ਇਸੇ ਸਬੰਧੀ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਵੱਲੋਂ 17 ਮਈ ਤੋਂ 17 ਜੂਨ ਤੱਕ ਵਿਸ਼ੇਸ਼ ਹਾਇਪਰਟੈਂਸ਼ਨ ਮਹੀਨਾ ਵਾਰ ਗਤੀਵਿਧੀਆਂ ਕੀਤੀਆਂ ਜਾ ਰਹੀਆਂ ਹਨ । ਛੋਟੀ ਉਮਰ ਦੇ ਵਿਅਕਤੀ ਹਾਈਪਰਟੈਂਸ਼ਨ ਦੇ ਸ਼ਿਕਾਰ ਹੋ ਰਹੇ ਹਨ । ਉਨ੍ਹਾਂ ਕਿਹਾ ਕਿ ਜੇਕਰ ਇਸ ਬੀਮਾਰੀ ਨੂੰ ਸਮੇਂ ਸਿਰ ਕੰਟਰੋਲ ਨਹੀਂ ਕਰਦੇ ਤਾਂ ਇਹ ਸਰੀਰ ਦੇ ਹੋਰਨਾਂ ਅੰਗਾਂ ਉਤੇ ਮਾਰੂ ਪ੍ਰਭਾਵ ਪਾਉਂਦੀ ਹੈ ਅਤੇ ਜਾਨਲੇਵਾ ਵੀ ਹੋ ਸਕਦੀ ਹੈ। 30 ਸਾਲ ਤੋਂ ਵੱਧ ਉਮਰ ਦੇ ਹਰੇਕ ਵਿਅਕਤੀ ਨੂੰ ਆਪਣਾ ਬਲੱਡ ਪ੍ਰੈਸ਼ਰ ਚੈਕ ਕਰਵਾਉਂਦੇ ਰਹਿਣਾ ਚਾਹੀਦਾ ਹੈ ਅਤੇ ਬਲੱਡ ਪ੍ਰੈਸ਼ਰ ਤੋਂ ਪੀੜਤ ਵਿਅਕਤੀ ਦਵਾਈ ਨੂੰ ਹਰ ਰੋਜ਼ ਸਮੇਂ ਸਿਰ ਖਾਣ ਤੋਂ ਇਲਾਵਾ ਸਮੇਂ ਸਮੇਂ 'ਤੇ ਬੀ.ਪੀ. ਦੀ ਜਾਂਚ ਸਮੇਤ ਹੋਰ ਲੋੜੀਂਦੇ ਟੈਸਟ ਕਰਵਾਉਂਦੇ ਰਹਿਣਾ ਚਾਹੀਦਾ ਹੈ।ਹਾਈਪਰਟੈਂਸ਼ਨ ਦੇ ਰਜਿਸਟਰਡ ਮਰੀਜ਼ਾਂ ਦੀ ਸਮੇਂ ਸਮੇਂ ਉਤੇ ਫਾਲੋਅੱਪ ਵੀ ਜ਼ਰੂਰੀ ਹੈ ਤਾਂ ਜੋ ਇਹ ਪਤਾ ਲੱਗ ਸਕੇ ਕਿ ਮਰੀਜ਼ ਸਮੇਂ ਸਿਰ ਦਵਾਈ ਦਾ ਸੇਵਨ ਕਰ ਰਹੇ ਹਨ। ਹਾਈਪਰਟੈਂਸ਼ਨ ਤੋਂ ਪੀੜਤ ਵਿਅਕਤੀ ਦਵਾਈ ਦੇ ਨਾਲ ਨਾਲ ਪੌਸ਼ਟਿਕ ਖੁਰਾਕ, ਸਵੇਰ ਦੀ ਸੈਰ ਅਤੇ ਯੋਗਾ ਕਰਨਾ ਵੀ ਯਕੀਨੀ ਬਣਾਉਣ। ਆਸ਼ਾ ਵਰਕਰ ਅਤੇ ਪੈਰਾ ਮੈਡੀਕਲ ਸਟਾਫ਼ ਨੂੰ ਕਿਹਾ ਕਿ ਸਬੰਧਤ ਖੇਤਰ ਵਿਚ ਹਾਈਪਰਟੈਂਸ਼ਨ ਦੇ ਮਰੀਜ਼ਾਂ ਦੀ ਰਜਿਸਟ੍ਰੇਸ਼ਨ ਕਰਵਾਉਣ ਉਪਰੰਤ ਸਮੇਂ ਸਮੇਂ ਉਤੇ ਫਾਲੋ-ਅੱਪ ਵੀ ਯਕੀਨੀ ਬਣਾਉਣ ਤਾਂ ਜੋ ਇਸ ਬੀਮਾਰੀ ਨੂੰ ਕੰਟਰੋਲ ਕੀਤਾ ਜਾ ਸਕੇ। ਲੋਕਾਂ ਵਿਚ ਵੱਧ ਰਿਹਾ ਮਾਨਸਿਕ ਤਣਾਅ, ਗਲਤ ਖਾਣ-ਪੀਣ ਦੀਆਂ ਆਦਤਾਂ, ਮੋਟਾਪਾ, ਘੱਟ ਕਸਰਤ, ਸ਼ੂਗਰ, ਤੰਬਾਕੂ ਅਤੇ ਸ਼ਰਾਬ ਦਾ ਸੇਵਨ ਆਦਿ ਹਾਈਪਰਟੈਂਸ਼ਨ ਦਾ ਕਾਰਨ ਬਣਦੇ ਹਨ। ਇਸ ਲਈ ਆਪਣਾ ਚੰਗਾ ਖਾਣ ਪੀਣ ਰੱਖੋ, ਰੋਜ਼ਾਨਾ ਕਸਰਤ ਕਰੋ । ਜੇਕਰ ਕਿਸੇ ਕੋਈ ਵਿਅਕਤੀ ਨੂੰ ਹਾਇਪਰਟੈਂਸ਼ਨ ਦੇ ਲੱਛਣ ਲੱਗਦੇ ਹਨ ਤਾਂ ਉਹ ਆਸ਼ਾ ਵਰਕਰ ਜਾਂ ਨਜ਼ਦੀਕੀ ਸਿਹਤ ਕੇਂਦਰ ਵਿੱਚ ਜਾ ਕੇ ਆਪਣਾ ਇਲਾਜ ਕਰਵਾ ਸਕਦਾ ਹੈ ।

# ਸਾਹਿਤਕਾਰਾਂ ਨੇ ਸਾਹਿਤਕ ਮਿਲਣੀ ਵਿੱਚ ਰਚਨਾਵਾਂ ਰਾਹੀਂ ਬੰਨਿਆ ਰੰਗ



ਦਿੜ੍ਹਬਾ ਮੰਡੀ, 26 ਮਈ (ਸੁਖਵਿੰਦਰ ਸਿੰਘ ਵਿਰਕ): ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ) ਨਾਲ ਸਬੰਧਤ ਸਾਹਿਤ ਅਤੇ ਸਭਿਆਚਾਰ ਮੰਚ ਦਿੜ੍ਹਬਾ ਦੀ ਮਹੀਨਾਵਾਰ ਇੱਕਤਰਤਾ ਪ੍ਰਧਾਨ ਗੁਰਮੀਤ ਸਿੰਘ ਖੇਤਲਾ ਦੀ ਅਗਵਾਈ ਹੇਠ ਬਾਬਾ ਬੈਰਸੀਆਣਾ ਚੈਰੀਟੇਬਲ ਹਸਪਤਾਲ ਕਾਮਰੇਡ ਭੀਮ ਸਿੰਘ ਯਾਦਗਾਰੀ ਲਾਇਬਰੇਰੀ ਵਿੱਚ ਹੋਈ । ਸਭ ਤੋਂ ਪਹਿਲਾਂ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ 24 ਮਈ ਦੇ ਜਨਮ ਦਿਵਸ ਉਤੇ ਵਧਾਈ ਦਿੱਤੀ ਅਤੇ ਉਸ ਨੂੰ ਯਾਦ ਕੀਤਾ ਗਿਆ। ਉਸ ਤੋਂ ਬਾਅਦ ਫਿਲਮੀ ਅਦਾਕਾਰ ਮਕੁਲ ਦੇਵ ਅਤੇ ਸਿੱਖ ਵਿਦਵਾਨ ਰਤਨ ਸਿੰਘ ਜੱਗੀ ਦੇ ਅਚਾਨਕ ਮੌਤ ਉਤੇ ਦੁੱਖ ਪਰਗਟ ਕਰਦੇ ਹੋਏ ਸ਼ਰਧਾਂਜਲੀ ਦਿੱਤੀ ਗਈ। ਮੰਚ ਸੰਚਾਲਨ ਹਰਮੇਸ਼ ਸਿੰਘ ਮੇਸ਼ੀ ਨੇ ਪ੍ਰਧਾਨਗੀ ਮੰਡਲ ਦੀ ਇਜਾਜ਼ਤ ਨਾਲ ਸਾਹਿਤਕਾਰਾਂ ਨੂੰ ਪੇਸ਼ ਕੀਤਾ ਗਿਆ। ਗੁਰਤੇਜ ਸਿੰਘ ਧਾਲੀਵਾਲ ਨੇ ਸ਼ਹੀਦ ਕਰਤਾਰ ਸਿੰਘ ਸਰਾਭਾ ਬਾਰੇ ਵਿਸ਼ੇਸ਼ ਜਾਣਕਾਰੀ ਦਿੱਤੀ। ਦਰਸ਼ਨ ਸਿੰਘ ਬਨੌੜਜਾਰਾ ਨੇ ਲੋਕ ਤੱਥ ਪੇਸ਼ ਕਰਕੇ ਰੰਗ ਬੰਨਿਆ । ਜਤਿੰਦਰ ਭਾਰਗਵ, ਗੁਰਚਰਨ ਸਿੰਘ ਦਿਗਲਾ ਅਤੇ ਬੇਅੰਤ ਸਿੰਘ ਧਾਲੀਵਾਲ ਨੇ ਵੀ ਆਪਣੀ ਹਾਜ਼ਰੀ ਲਵਾਈ। ਜਸਪਾਲ ਕੌਰ ਅਤੇ ਗੀਤਕਾਰ ਰਾਮਫਲ ਰਾਜਲਹੇੜੀ ਨੇ ਆਪਣੇ ਗੀਤ ਅਤੇ ਕਵਿਤਾਵਾਂ ਰਾਹੀਂ ਕਿਰਤੀ ਲੋਕ ਅਤੇ ਮਜ਼ਦੂਰ ਔਰਤ ਦੀ ਵੇਦਨਾ ਪੇਸ਼ ਕਰਕੇ ਵੱਖਰਾ ਰੰਗ ਬੰਨਿਆ । ਗੁਰਮੀਤ ਸਿੰਘ ਖੇਤਲਾ ਨੇ ਆਪਣੀ ਪ੍ਰਧਾਨਗੀ ਭਾਸ਼ਣ ਵਿੱਚ ਜਿੱਥੇ ਕਈ ਸਾਹਿਤਕ ਵੰਨਗੀਆਂ ਪੇਸ਼ ਕੀਤੀਆਂ, ਉੱਥੇ ਆਪਣੇ ਜੀਵਨ ਦੇ ਕਈ ਤਜ਼ਰਬੇ ਵੀ ਸਾਂਝੇ ਕੀਤੇ । ਇਸ ਮੌਕੇ ਕਸ਼ਮੀਰ ਸਿੰਘ ਵੀ ਹਰ ਇੱਕਤਰਤਾ ਦੀ ਤਰ੍ਹਾਂ ਆਪਣੀ ਹਾਜ਼ਰੀ ਲਗਾਉਣ ਲਈ ਪਹੁੰਚੇ ਹੋਏ ਸਨ।

# ਪਿੰਡਾਂ ਤੋਗਾਵਾਲ, ਦਿਆਲਗੜ੍ਹ ਅਤੇ ਢੱਡਰੀਆਂ ਵਿਖੇ ਨਸ਼ਾ ਮੁਕਤੀ ਯਾਤਰਾ ਅਧੀਨ ਰੱਖਿਆ ਕਮੇਟੀਆਂ ਨਾਲ ਕੈਬਨਿਟ ਮੰਤਰੀ ਵੱਲੋਂ ਮੀਟਿੰਗ



ਲੌਂਗੋਵਾਲ, 26 ਮਈ ( ਭਗਵੰਤ ਸ਼ਰਮਾ): ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਚਲਾਏ ਜਾ ਰਹੇ ਯੁੱਧ ਨਸ਼ਿਆਂ ਦੇ ਵਿਰੁੱਧ ਮੁਹਿੰਮ ਤਹਿਤ ਹਲਕਾ ਸੁਨਾਮ ਅਧੀਨ ਆਉਂਦੇ ਪਿੰਡਾਂ ਤੋਗਾਵਾਲ, ਦਿਆਲਗੜ੍ਹ ਅਤੇ ਢੱਡਰੀਆਂ ਵਿਖੇ ਨਸ਼ਾ ਮੁਕਤੀ ਯਾਤਰਾ ਅਧੀਨ ਰੱਖਿਆ ਕਮੇਟੀਆਂ ਨਾਲ ਮੀਟਿੰਗਾਂ ਕੈਬਨਿਟ ਮੰਤਰੀ ਸ਼੍ਰੀ ਅਮਨ ਅਰੋੜਾ ਦੀ ਅਗਵਾਈ ਵਿੱਚ ਕੀਤੀਆਂ ਗਈਆਂ । ਇਸ ਮੌਕੇ ਸੰਬੋਧਨ ਕਰਦਿਆਂ ਬੀ.ਡੀ.ਪੀ.ਓ. ਗੁਰਦਰਸ਼ਨ ਸਿੰਘ ਨੇ ਕਿਹਾ ਕਿ ਨਸ਼ਾ ਮੁਕਤੀ ਯਾਤਰਾ ਦਾ ਉਦੇਸ਼ ਸੂਬੇ ਦੇ ਨੌਜਵਾਨਾਂ ਨੂੰ ਨਸ਼ਿਆਂ ਦੀ ਲਪੇਟ ਤੋਂ ਬਾਹਰ ਕੱਢਣਾ ਅਤੇ ਉਨ੍ਹਾਂ ਨੂੰ ਸਿਹਤਮੰਦ, ਸਸ਼ਕਤ ਅਤੇ ਉੱਜਵਲ ਭਵਿੱਖ ਵੱਲ ਅਗਵਾਈ ਕਰਨਾ ਹੈ। ਪੰਜਾਬ ਸਰਕਾਰ ਨਸ਼ਿਆਂ ਦੇ ਖਿਲਾਫ ਜੰਗ ਨੂੰ ਪੂਰੀ ਗੰਭੀਰਤਾ ਨਾਲ ਲੜ ਰਹੀ ਹੈ ਅਤੇ ਇਸ ਦੇ ਲਈ ਜ਼ਮੀਨੀ ਪੱਧਰ 'ਤੇ ਜਾਗਰੂਕਤਾ ਫੈਲਾਉਣਾ ਬਹੁਤ ਜ਼ਰੂਰੀ ਹੈ।ਇਸ ਮੌਕੇ ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਨਸ਼ਿਆਂ ਤੋਂ ਦੂਰ ਰਹਿਣ ਅਤੇ ਸਮਾਜ ਨੂੰ ਵੀ ਇਸ ਬੁਰਾਈ ਤੋਂ ਮੁਕਤ ਕਰਵਾਉਣ ਵਿੱਚ ਸਰਗਰਮ ਭੂਮਿਕਾ ਨਿਭਾਉਣ । ਇਸ ਦੌਰਾਨ ਲੋਕਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕੀਤਾ ਗਿਆ । ਬੀ.ਡੀ.ਪੀ.ਓ. ਨੇ ਦੱਸਿਆ ਕਿ ਨਸ਼ਾ ਵੇਚਣ ਅਤੇ ਫੈਲਾਉਣ ਵਾਲਿਆਂ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾ ਰਹੀ ਹੈ ਅਤੇ ਸਰਕਾਰ ਦੀ ਤਰਜੀਹ ਹੈ ਕਿ ਹਰ ਪਿੰਡ ਅਤੇ ਹਰ ਗਲੀ ਨੂੰ ਨਸ਼ਾ ਮੁਕਤ ਕੀਤਾ ਜਾਵੇ। ਸਰਕਾਰ ਵੱਲੋਂ ਸਿਹਤ ਵਿਭਾਗ, ਪੁਲਿਸ ਪ੍ਰਸ਼ਾਸਨ ਅਤੇ ਸਮਾਜਿਕ ਸੰਗਠਨਾਂ ਦੇ ਸਹਿਯੋਗ ਨਾਲ ਨਸ਼ਾ ਮੁਕਤੀ ਲਈ ਚਲਾਏ ਜਾ ਰਹੇ ਇਸ ਸਾਂਝੇ ਯਤਨ ਨੂੰ ਲੋਕਾਂ ਦਾ ਪੂਰਨ ਸਮਰਥਨ ਮਿਲ ਰਿਹਾ ਹੈ।

# ਵੱਖ-ਵੱਖ ਪਾਰਟੀਆਂ ਛੱਡ ਕੇ ਕਈ ਵਿਅਕਤੀ ਕਾਂਗਰਸ ਵਿੱਚ ਹੋਏ ਸ਼ਾਮਲ



ਸੁਨਾਮ ਊਧਮ ਸਿੰਘ ਵਾਲਾ, 26 ਮਈ (ਰਾਉਵਰਿੰਦਰ ਸਿੰਘ ਮਠਾੜੂ / ਮੋਹਣ ਸ਼ਰਮਾ): ਪੰਜਾਬ ਦੇ ਸਾਬਕਾ ਮੰਤਰੀ ਅਤੇ ਕਾਂਗਰਸ ਦੇ ਸੀਨੀਅਰ ਆਗੂ ਵਿਜੇਇੰਦਰ ਸਿੰਗਲਾ ਦੀ ਅਗਵਾਈ ਵਿੱਚ ਅਤੇ ਸੁਨਾਮ ਕਾਂਗਰਸ ਦੇ ਬਲਾਕ ਪ੍ਰਧਾਨ ਮਨਪ੍ਰੀਤ ਵੜੈਚ ਦੀ ਪ੍ਰੇਰਨਾ ਸਦਕਾ ਸਾਬਕਾ ਕੌਂਸਲਰ ਬਲਵਿੰਦਰ ਸਿੰਘ ਭੋਗਾ, ਹਰਦੇਵ ਸਿੰਘ ਸੇਠੀ, ਮਲਕੀਤ ਸਿੰਘ ਪ੍ਰਧਾਨ ਪੱਲੇਦਾਰ ਯੂਨੀਅਨ,ਓਮੀ ਕੋਹਲੀ ਪ੍ਰਧਾਨ ਸਾਧ ਬਰਾਦਰੀ,ਯਸ਼ਦੀਪ ਬਰਾੜ, ਐਗੀ, ਅਰਪਿਤ ਗੋਇਲ,ਜਗਪਾਲ ਕੋਹਲੀ, ਸਰਵਣ, ਸੁਖਦੇਵ, ਸ਼ੰਕਰ ਨੂੰ ਕਾਂਗਰਸ ਪਾਰਟੀ ਵਿੱਚ ਸ਼ਾਮਿਲ ਕੀਤਾ ਗਿਆ। ਇਸ ਮੌਕੇ ਵਿਜੇਇੰਦਰ ਸਿੰਗਲਾ ਨੇ ਕਿਹਾ ਕਿ ਪੰਜਾਬ ਦੇ ਲੋਕ ਆਮ ਆਦਮੀ ਪਾਰਟੀ ਦੀਆਂ ਝੂਠੀਆਂ ਚਾਲਾਂ ਨੂੰ ਸਮਝ ਚੁੱਕੇ ਹਨ, ਆਮ ਆਦਮੀ ਪਾਰਟੀ ਨੇ ਝੂਠੇ ਵਾਅਦੇ ਕਰਕੇ ਸਾਡੇ ਲੋਕਾਂ ਨੂੰ ਗੁੰਮਰਾਹ ਕੀਤਾ ਹੈ। ਸਰਕਾਰੀ ਸਕੂਲਾਂ, ਹਸਪਤਾਲਾਂ, ਕਿਸਾਨਾਂ ਦੀਆਂ ਲੋੜਾਂ, ਵਪਾਰ ਵਰਗ ਅਤੇ ਨੌਜਵਾਨਾਂ ਦੀ ਬੇਰੁਜ਼ਗਾਰੀ ਵੱਲ ਧਿਆਨ ਦੇਣ ਦੀ ਬਜਾਏ ਸਰਕਾਰ ਸਿਰਫ ਇਸ਼ਤਿਹਾਰੀ ਸਿਆਸਤ ਕਰ ਰਹੀ ਹੈ। ਮੌਜੂਦਾ ਆਪ ਸਰਕਾਰ ਤੋਂ ਬੇਹੱਦ ਦੁੱਖੀ ਪੰਜਾਬ ਦੇ ਲੋਕ ਕਾਂਗਰਸ ਦੀਆਂ ਨੀਤੀਆਂ ਵੱਲ ਮੁੜ ਰਹੇ ਹਨ ਜੋ ਕਿ ਸਮਾਜਕ ਨਿਆਂ, ਵਿਕਾਸ ਅਤੇ ਸਾਂਝੀ ਸਿਆਸਤ ਉੱਤੇ ਅਧਾਰਤ ਹਨ। ਆਪਣੇ ਲੋਕਾਂ ਨੂੰ ਤਕੜੇ ਹੋਕੇ ਕਾਂਗਰਸ ਪਾਰਟੀ ਦਾ ਡੱਟ ਕੇ ਸਾਥ ਦੇਣ ਦੀ ਅਪੀਲ ਕੀਤੀ। ਉਹਨਾਂ ਕਿਹਾ ਕਿ ਕਾਂਗਰਸ ਹੀ ਇੱਕ ਅਜਿਹੀ ਰਾਸ਼ਟਰਵਾਦੀ ਪਾਰਟੀ ਹੈ ਜੋ ਹਰ ਵਰਗ ਦੀ ਅਵਾਜ਼ ਨੂੰ ਉੱਚਾ ਕਰਦੀ ਹੈ। ਕਾਂਗਰਸ ਪਾਰਟੀ ਵਿੱਚ ਸ਼ਾਮਲ ਹੋਣ ਵਾਲਿਆਂ ਨੇ ਪਾਰਟੀ ਵਿੱਚ ਆਪਣੀ ਜ਼ਿੰਮੇਵਾਰੀ ਨੂੰ ਤਨਦੇਹੀ ਨਾਲ ਨਿਭਾਉਣ ਦਾ ਭਰੋਸਾ ਦਿੱਤਾ ਅਤੇ ਲੋਕਾਂ ਨੂੰ ਅਪੀਲ ਕੀਤੀ ਕਿ ਅਗਲੀਆਂ ਚੋਣਾਂ ਵਿੱਚ ਸੱਚ ਅਤੇ ਵਿਕਾਸ ਦੀ ਅਵਾਜ਼ ਬਣ ਕੇ ਕਾਂਗਰਸ ਪਾਰਟੀ ਨੂੰ ਸਮਰਥਨ ਦੇਣ।ਇਸ ਮੌਕੇ ਪਰਮਿੰਦਰ ਸ਼ਰਮਾ ਸੀਨੀਅਰ ਕਾਂਗਰਸ ਆਗੂ ਸੰਗਰੂਰ, ਰੌਕੀ ਬਾਂਸਲ ਬਲਾਕ ਪ੍ਰਧਾਨ ਸੰਗਰੂਰ, ਸਾਹਿਲ ਜੋੜਾ, ਹਰਪਾਲ ਸੋਨੂੰ,ਮਨੀ ਕਥੂਰੀਆ ਐਮ ਸੀ ਸੰਗਰੂਰ ਆਦਿ ਹਾਜ਼ਰ ਸਨ।

# ਸ਼ਗਨਾਂ ਦੀ ਮਹਿੰਦੀ ਅਜੇ ਸੁੱਕੀ ਨਹੀਂ ਸੀ ਕਿ ਨਾਜਾਇਜ਼ ਸਬੰਧਾਂ ਕਾਰਨ ਹੋ ਗਿਆ ਨੌਜਵਾਨ ਦਾ ਕਤਲ

ਬਠਿੰਡਾ, 26 ਮਈ (ਦੀਪਕ ਸ਼ਰਮਾ): ਜ਼ਿਲ੍ਹੇ ਦੇ ਪਿੰਡ ਸੰਗਤ ਮੰਡੀ ਦੇ ਰਹਿਣ ਵਾਲੇ ਇੱਕ ਨੌਜਵਾਨ ਨੇ ਆਪਣੇ ਦੋਸਤ ਨਾਲ ਮਿਲ ਕੇ ਪਿੰਡ ਜੱਸੀ ਬਾਗ ਵਾਲੀ ਦੇ ਰਹਿਣ ਵਾਲੇ ਇੱਕ ਵਿਅਕਤੀ ਦਾ ਕੁਲਹਾੜੀ ਨਾਲ ਵਾਰ ਕਰਕੇ ਬੇਰਹਿਮੀ ਨਾਲ ਕਤਲ ਕਰ ਦਿੱਤਾ। ਕਤਲ ਕਰਨ ਦੀ ਵਜ੍ਹਾ ਇਹ ਹੈ ਕਿ ਮ੍ਰਿਤਕ ਵਿਅਕਤੀ ਦੇ ਮੁਲਜ਼ਮ ਨੌਜਵਾਨ ਦੀ ਮਾਂ ਨਾਲ ਨਾਜਾਇਜ਼ ਸਬੰਧ ਸਨ ਅਤੇ ਉਹ ਇਸੇ ਗੱਲ ਦੀ ਰੰਜਿਸ਼ ਰੱਖੇ ਹੋਏ ਸਨ । ਜਾਣਕਾਰੀ ਅਨੁਸਾਰ ਬੀਤੀ ਐਤਵਾਰ ਸ਼ਾਮ ਨੂੰ ਮ੍ਰਿਤਕ ਜਗਸੀਰ ਸਿੰਘ ਉਰਫ਼ ਗੱਦੂ ਆਪਣੀ ਦੂਜੀ ਪਤਨੀ ਦੀ ਧੀ ਨੂੰ ਲੈਣ ਲਈ ਸੰਗਤ ਮੰਡੀ ਸਥਿਤ ਆਪਣੇ ਸਹੁਰੇ ਘਰ ਆਇਆ ਸੀ । ਜਿਸ ਦਾ ਪਤਾ ਮੁਲਜ਼ਮ ਜੈਵਿੰਦਰ ਸਿੰਘ ਨੂੰ ਲੱਗਿਆ, ਤਾਂ ਉਸ ਨੇ ਪੁਰਾਣੀ ਰੰਜਿਸ਼ ਦੇ ਚੱਲਦਿਆਂ ਐਤਵਾਰ ਰਾਤ ਨੂੰ ਉਸ ਨੂੰ ਰਸਤੇ ਵਿੱਚ ਘੇਰ ਕੇ ਮੌਤ ਦੇ ਘਾਟ ਉਤਾਰ ਦਿੱਤਾ ਅਤੇ ਆਪਣੇ ਅਣਪਛਾਤੇ ਦੋਸਤ ਨਾਲ ਮੌਕੇ ਤੋਂ ਫਰਾਰ ਹੋ ਗਿਆ । ਘਟਨਾ ਦੀ ਜਾਣਕਾਰੀ ਮਿਲਣ ਤੋਂ ਬਾਅਦ ਐਸਪੀ ਦਿਹਾਤੀ ਹੀਨਾ ਗੁਪਤਾ ਅਤੇ ਥਾਣਾ ਸੰਗਤ ਪੁਲਿਸ ਟੀਮ ਘਟਨਾ ਸਥਾਨ ਤੇ ਪਹੁੰਚੀ ਅਤੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ। ਉੱਥੇ ਹੀ ਥਾਣਾ ਸੰਗਤ ਪੁਲਿਸ ਨੇ ਵਾਰਦਾਤ ਦੇ ਚਸ਼ਮਦੀਦ ਅਤੇ ਮ੍ਰਿਤਕ ਵਿਅਕਤੀ ਦੇ ਦਾਦਾ ਦੀ ਸ਼ਿਕਾਇਤ 'ਤੇ ਮੁਲਜ਼ਮ ਜੈਵਿੰਦਰ ਸਿੰਘ ਅਤੇ ਇੱਕ ਅਣਪਛਾਤੇ ਨੌਜਵਾਨ 'ਤੇ ਕਤਲ ਦਾ ਮਾਮਲਾ ਦਰਜ ਕਰਕੇ ਉਨ੍ਹਾਂ ਦੀ ਗ੍ਰਿਫ਼ਤਾਰੀ ਲਈ ਛਾਪੇਮਾਰੀ ਸ਼ੁਰੂ ਕਰ ਦਿੱਤੀ ਹੈ। ਪੁਲਿਸ ਦਾ ਕਹਿਣਾ ਹੈ ਕਿ ਜਲਦੀ ਹੀ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ ਜਾਵੇਗਾ । ਥਾਣਾ ਸੰਗਤ ਪੁਲਿਸ ਨੂੰ ਸ਼ਿਕਾਇਤ ਦੇ ਕੇ ਗੁਰਜੀਤ ਸਿੰਘ ਉਰਫ਼ ਜੀਤਾ ਵਾਸੀ ਪਿੰਡ ਜੱਸੀ ਬਾਗ ਵਾਲੀ ਨੇ ਦੱਸਿਆ ਕਿ ਉਸ ਦੇ ਰਿਸ਼ਤੇਦਾਰੀ ਵਿੱਚ ਮ੍ਰਿਤਕ ਜਗਸੀਰ ਸਿੰਘ ਉਰਫ਼ ਗੱਦੂ ਪੋਤਾ ਲੱਗਦਾ ਹੈ। ਜਿਸ ਦਾ 21 ਮਈ 2025 ਨੂੰ ਵਾਰਡ ਨੰਬਰ 9 ਸੰਗਤ ਮੰਡੀ ਵਾਸੀ ਰਾਜਵੀਰ ਕੌਰ ਵਿਧਵਾ ਗੁਰਦਿੱਤਾ ਸਿੰਘ ਨਾਲ ਵਿਆਹ ਹੋਇਆ ਸੀ। ਰਾਜਵੀਰ ਕੌਰ



ਦੇ ਪਤੀ ਗੁਰਦਿੱਤਾ ਸਿੰਘ ਦੀ ਜੂਨ 2024 ਵਿੱਚ ਮੌਤ ਹੋ ਗਈ ਸੀ ਅਤੇ ਉਸ ਦੀ ਪਹਿਲੀ ਸ਼ਾਦੀ ਤੋਂ ਦੋ ਬੇਟੀਆਂ ਅਤੇ ਇੱਕ ਬੇਟਾ ਸੀ । ਵਿਆਹ ਵਾਲੇ ਦਿਨ ਇੱਕ ਬੇਟਾ ਅਤੇ ਇੱਕ ਬੇਟੀ ਆਪਣੀ ਮਾਂ ਨਾਲ ਉਸ ਦੇ ਪੋਤੇ ਜਗਸੀਰ ਸਿੰਘ ਦੇ ਨਾਲ ਉਨ੍ਹਾਂ ਦੇ ਪਿੰਡ ਜੱਸੀ ਬਾਗ ਵਾਲੀ ਆਏ ਸਨ, ਜਦਕਿ ਤਿੰਨ ਸਾਲ ਦੀ ਬੇਟੀ ਖੁਸ਼ਪ੍ਰੀਤ ਕੌਰ ਅਜੇ ਆਪਣੇ ਪੁਰਾਣੇ ਦਾਦਾ ਘਰ ਸੰਗਤ ਮੰਡੀ ਵਿੱਚ ਹੀ ਰਹਿ ਰਹੀ ਸੀ। ਬੀਤੀ 25 ਮਈ ਨੂੰ ਉਹ ਅਤੇ ਉਸ ਦਾ ਪੋਤਾ ਜਗਸੀਰ ਸਿੰਘ ਤਿੰਨ ਸਾਲ ਦੀ ਬੱਚੀ ਖੁਸ਼ਪ੍ਰੀਤ ਕੌਰ ਨੂੰ ਲੈਣ ਲਈ ਆਪਣੇ ਮੋਟਰਸਾਈਕਲ 'ਤੇ ਸਵਾਰ ਹੋ ਕੇ ਆਏ ਸਨ । ਐਤਵਾਰ ਰਾਤ ਕਰੀਬ 8 ਵਜੇ ਉਹ ਤਿੰਨ ਸਾਲ ਦੀ ਬੱਚੀ ਖੁਸ਼ਪ੍ਰੀਤ ਕੌਰ ਨੂੰ ਲੈ ਕੇ ਪਿੰਡ ਜੱਸੀ ਬਾਗ ਵਾਲੀ ਨੂੰ ਨਿਕਲੇ ਹੀ ਸਨ ਕਿ ਮੁਲਜ਼ਮ ਜੈਵਿੰਦਰ ਸਿੰਘ ਅਤੇ ਉਸ ਦੇ ਨਾਲ ਇੱਕ ਅਣਪਛਾਤੇ ਨੌਜਵਾਨ ਨੇ ਉਨ੍ਹਾਂ ਨੂੰ ਸੰਗਤ ਮੰਡੀ ਵਿੱਚ ਘੇਰ ਲਿਆ। ਦੋਵਾਂ ਦੇ ਹੱਥਾਂ ਵਿੱਚ ਲੋਹੇ ਦੀ ਕੁਲਹਾੜੀ ਸੀ। ਜਿਸ ਤੋਂ ਬਾਅਦ ਮੁਲਜ਼ਮ ਜੈਵਿੰਦਰ ਸਿੰਘ ਅਤੇ ਉਸ ਦੇ ਅਣਪਛਾਤੇ ਸਾਥੀ ਨੇ ਉਸ ਦੇ ਪੋਤੇ ਜਗਸੀਰ ਸਿੰਘ ਉਰਫ਼ ਗੱਦੂ 'ਤੇ ਕੁਲਹਾੜੀ ਨਾਲ ਵਾਰ ਕਰ ਦਿੱਤਾ ਅਤੇ ਉਹ ਮੋਟਰਸਾਈਕਲ ਤੋਂ ਹੇਠਾਂ ਡਿੱਗ ਗਿਆ। ਜਿਸ ਤੋਂ ਬਾਅਦ ਦੋਵਾਂ ਨੇ ਮਿਲ ਕੇ ਉਸ ਦੇ ਪੋਤੇ 'ਤੇ ਕੁਲਹਾੜੀ ਨਾਲ ਕਈ ਵਾਰ ਕੀਤੇ ਅਤੇ ਉਸ ਨੂੰ ਮੌਤ ਦੇ ਘਾਟ ਉਤਾਰ ਦਿੱਤਾ । ਜਦੋਂ ਉਸ ਨੇ ਰੌਲਾ ਪਾਉਣਾ ਸ਼ੁਰੂ ਕੀਤਾ ਤਾਂ ਪਿੰਡ ਦੇ ਲੋਕ ਮੌਕੇ 'ਤੇ ਇਕੱਤਰ ਹੋਣ ਲੱਗੇ। ਇਸ ਦੌਰਾਨ ਮੁਲਜ਼ਮ ਜੈਵਿੰਦਰ ਸਿੰਘ ਅਤੇ ਉਸ ਦਾ ਅਣਪਛਾਤਾ ਸਾਥੀ ਮੌਕੇ ਤੋਂ ਫਰਾਰ ਹੋ ਗਏ । ਪੀੜਤ ਦੇ ਅਨੁਸਾਰ ਜਗਸੀਰ ਸਿੰਘ ਦੇ ਸਿਰ 'ਤੇ ਜ਼ਿਆਦਾ ਸੱਟ ਲੱਗਣ ਕਾਰਨ ਉਸ ਦੀ ਮੌਕੇ 'ਤੇ ਮੌਤ ਹੋ ਚੁੱਕੀ ਸੀ। ਜਿਸ ਤੋਂ ਬਾਅਦ ਪਿੰਡ ਦੀ ਸਰਪੰਚ ਦੇ ਪਤੀ ਮਲਕੀਤ ਸਿੰਘ ਨੇ ਮਾਮਲੇ ਦੀ ਜਾਣਕਾਰੀ ਪੁਲਿਸ ਨੂੰ ਦਿੱਤੀ । ਜਿਸ ਤੋਂ ਬਾਅਦ ਥਾਣਾ ਸੰਗਤ ਪੁਲਿਸ ਨੇ ਮੌਕੇ 'ਤੇ ਪਹੁੰਚ ਕੇ ਜਾਂਚ ਕੀਤੀ ਅਤੇ ਮ੍ਰਿਤਕ ਦੇ ਸਰੀਰ ਨੂੰ ਪੋਸਟਮਾਰਟਮ ਲਈ ਸਿਵਲ ਹਸਪਤਾਲ ਦੀ ਮੋਰਚਰੀ ਵਿੱਚ ਪਹੁੰਚਾਇਆ। ਥਾਣਾ ਸੰਗਤ ਦੇ ਐੱਸਐੱਚਓ ਪਰਮਪਾਰਸ ਚਾਹਲ ਨੇ ਦੱਸਿਆ ਕਿ ਮ੍ਰਿਤਕ ਜਗਸੀਰ ਸਿੰਘ ਉਰਫ਼ ਗੱਦੂ ਦੇ ਮੁਲਜ਼ਮ ਜੈਵਿੰਦਰ ਸਿੰਘ ਦੀ ਮਾਂ ਨਾਲ ਪਹਿਲਾਂ ਨਾਜਾਇਜ਼ ਸਬੰਧ ਸਨ । ਜਿਸ ਦੀ ਮੁਲਜ਼ਮ ਜੈਵਿੰਦਰ ਸਿੰਘ ਰੰਜਿਸ਼ ਰੱਖਦਾ ਸੀ। ਬੀਤੀ ਐਤਵਾਰ ਨੂੰ ਜਦੋਂ ਉਸ ਨੂੰ ਜਗਸੀਰ ਸਿੰਘ ਦੇ ਸੰਗਤ ਮੰਡੀ ਵਿੱਚ ਆਉਣ ਬਾਰੇ ਪਤਾ ਚੱਲਿਆ, ਤਾਂ ਉਸ ਨੇ ਉਕਤ ਰੰਜਿਸ਼ ਦੇ ਚੱਲਦਿਆਂ ਉਸ ਦੀ ਹੱਤਿਆ ਕਰ ਦਿੱਤੀ । ਮੁਲਜ਼ਮ ਜੈਵਿੰਦਰ ਸਿੰਘ ਅਤੇ ਉਸ ਦੇ ਇੱਕ ਅਣਪਛਾਤੇ ਸਾਥੀ 'ਤੇ ਕਤਲ ਦਾ ਮਾਮਲਾ ਦਰਜ ਕਰਕੇ ਉਨ੍ਹਾਂ ਦੀ ਗ੍ਰਿਫ਼ਤਾਰੀ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ। ਜਲਦੀ ਹੀ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਜਾਵੇਗਾ।

# ਸੂਬੇ ਵਿੱਚੋਂ ਨਸ਼ਿਆਂ ਦਾ ਮੁਕੰਮਲ ਤੌਰ 'ਤੇ ਖ਼ਾਤਮਾ ਕਰ ਰਹੀ ਹੈ ਮਾਨ ਸਰਕਾਰ: ਚੇਅਰਮੈਨ ਘੁੱਲੀ, ਚੇਅਰਮੈਨ ਢਿੱਲੋਂ

ਧੂਰੀ, 26 ਮਈ ( ਰਣਜੀਤ ਸਿੰਘ ਪੰਧਨੀ ): ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਚਲਾਈ ਗਈ ਨਸ਼ਿਆਂ ਵਿਰੁੱਧ ਚਲਾਈ ਮੁਹਿੰਮ ਨਸ਼ਾ ਮੁਕਤੀ ਯਾਤਰਾ ਪਿੰਡ ਬੇਨੜਾ ਵਿਖੇ ਸਰਪੰਚ ਗੋਪਾਲ ਕ੍ਰਿਸ਼ਨ ਦੀ ਅਗਵਾਈ ਵਿੱਚ ਜਾਗਰੂਕਤਾ ਕੈਂਪ ਲਗਾਇਆ ਗਿਆ। ਜਿਸ ਵਿੱਚ ਮੁੱਖ ਮੰਤਰੀ ਕੈਂਪਸ ਦੇ ਇੰਚਾਰਜ ਸ, ਰਾਜਵੰਤ ਸਿੰਘ ਘੁੱਲੀ ਚੇਅਰਮੈਨ ਮਾਰਕੀਟ ਕਮੇਟੀ ਧੂਰੀ ਅਤੇ ਸ, ਦਲਵੀਰ ਸਿੰਘ ਢਿੱਲੋ ਚੇਅਰਮੈਨ ਲਘੂ ਉਦਯੋਗ ਨਿਗਮ ਪੰਜਾਬ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ । ਉਨ੍ਹਾਂ ਇਕੱਤਰ ਸੰਗਤਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਨਸ਼ਾ ਮੁਕਤੀ ਯਾਤਰਾ ਦਾ ਮੰਤਵ ਸਮੂਹ ਵਰਗਾਂ ਦੇ ਸਹਿਯੋਗ ਨਾਲ ਨਸ਼ਿਆਂ ਦਾ ਖਾਤਮਾ ਕਰਨਾ ਹੈ ਅਤੇ ਹਰੇਕ ਪਿੰਡ ਤੇ ਹਰੇਕ ਗਲੀ ਨੂੰ ਨਸ਼ਾ ਮੁਕਤ ਕਰਨਾ ਸਰਕਾਰ ਦੀ ਤਰਜੀਹ ਹੈ। ਉਹਨਾਂ ਕਿਹਾ ਕਿ ਪੰਜਾਬ ਸਰਕਾਰ ਜਿਥੇ ਨਸ਼ਿਆਂ ਦੇ ਸੌਦਾਗਰਾਂ ਵਿਰੁੱਧ ਸਖਤ ਕਾਰਵਾਈ ਕਰ ਕੇ ਸੂਬੇ ਵਿੱਚੋਂ ਨਸ਼ਿਆਂ ਦਾ ਮੁਕੰਮਲ ਤੌਰ 'ਤੇ ਖਾਤਮਾ ਕਰ ਰਹੀ ਹੈ, ਉੱਥੇ ਹੀ ਨਸ਼ਿਆਂ ਦੀ ਗ੍ਰਿਫਤ ਵਿੱਚ ਫਸੇ ਨੌਜਵਾਨਾਂ ਦਾ ਨਸ਼ਾ ਛੁਡਵਾ ਕੇ ਉਹਨਾਂ ਨੂੰ ਮੁੜ ਤੋਂ ਆਪਣੇ ਪੈਰਾਂ 'ਤੇ ਖੜ੍ਹੇ ਵੀ ਕਰ ਰਹੀ ਤਾਂ ਜੋ ਉਹ ਸਮਾਜ ਵਿੱਚ ਬਿਹਤਰ ਜ਼ਿੰਦਗੀ ਬਤੀਤ ਕਰ ਸਕਣ। ਇਸ ਮੌਕੇ 'ਤੇ ਉਨ੍ਹਾਂ ਨੇ ਪਿੰਡ ਵਾਸੀਆਂ, ਖਾਸਕਰ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਨਸ਼ਿਆਂ ਤੋਂ ਦੂਰ ਰਹਿਣ ਅਤੇ ਸਮਾਜ ਨੂੰ ਵੀ ਇਸ ਬੁਰਾਈ ਤੋਂ ਮੁਕਤ ਕਰਵਾਉਣ ਵਿੱਚ ਸਰਗਰਮ ਭੂਮਿਕਾ ਨਿਭਾਉਣ । ਇਸ ਮੌਕੇ ਦਮਨਵੀਰ ਸਿੰਘ ਡੀਐਸਪੀ ਧੂਰੀ, ਜਸਵੀਰ ਸਿੰਘ ਤੂਰ ਐਸ,ਐਚ,ਓ ਸਿਟੀ ਧੂਰੀ, ਰਛਪਾਲ ਸਿੰਘ ਹਲਕਾ ਕੋਆਰਡੀਨੇਟਰ ਨਸ਼ਾ ਮੁਕਤੀ ਯਾਤਰਾ, ਬੀਡੀਪੀਓ ਜਸਵਿੰਦਰ ਸਿੰਘ ਬੱਗਾ, ਹਰਪ੍ਰੀਤ ਸਿੰਘ ਮੀਮਸਾ, ਤਰਸੇਮ ਸਿੰਘ ਬੀਈਓ, ਡਾ,ਅਸ਼ੋਕ ਕੁਮਾਰ,ਤਰਸੇਮ ਕਲਸੀ, ਸਰਪੰਚ ਕ੍ਰਿਸਨ ਗੋਪਾਲ ਬੇਨੜਾ ਆਪ ਆਗੂ ਗੁਰਚਰਨ ਸਿੰਘ ਕਾਲਾ, ਆਪ ਆਗੂ ਕੁਲਵਿੰਦਰ ਸਿੰਘ, ਅਮਰੀਕ ਸਿੰਘ ਸਿੱਧੂ,ਆਪ ਆਗੂ ਮਨੂੰ ਸ਼ਰਮਾ,ਮਨਪ੍ਰੀਤ ਸਿੰਘ ਸਲੇਮਪੁਰ, ਗਿੰਨੀ ਸਲੇਮਪੁਰ, ਮਨਪ੍ਰੀਤ ਕੌਰ, ਸੋਨੀ ਸਰਮਾ ਹਾਜ਼ਰ ਸਨ ਅਤੇ ਸਟੇਜ ਦੀ ਕਾਰਵਾਈ ਸਰਪੰਚ ਦਵਿੰਦਰ ਸਿੰਘ ਧੂਰਾ ਨੇ ਨਿਭਾਈ।

# ਨੌਜਵਾਨਾਂ ਨੂੰ ਨਸ਼ਿਆਂ ਦੀ ਲਪੇਟ 'ਚੋਂ ਕੱਢਣਾ ਨਸ਼ਾ ਮੁਕਤੀ ਯਾਤਰਾ ਦਾ ਉਦੇਸ਼: ਗੁਰਦਰਸ਼ਨ ਸਿੰਘ



ਸੁਨਾਮ ਊਧਮ ਸਿੰਘ ਵਾਲਾ, 26 ਮਈ ( ਰਾਉਵਰਿੰਦਰ ਸਿੰਘ ਮਠਾੜੂ / ਮੋਹਣ ਸ਼ਰਮਾ): ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਚਲਾਏ ਜਾ ਰਹੇ ਯੁੱਧ ਨਸ਼ਿਆਂ ਦੇ ਵਿਰੁੱਧ ਮੁਹਿੰਮ ਤਹਿਤ ਹਲਕਾ ਸੁਨਾਮ ਅਧੀਨ ਆਉਂਦੇ ਪਿੰਡਾਂ ਤੋਗਾਵਾਲ, ਦਿਆਲਗੜ੍ਹ ਅਤੇ ਢੱਡਰੀਆਂ ਵਿਖੇ ਨਸ਼ਾ ਮੁਕਤੀ ਯਾਤਰਾ ਅਧੀਨ ਰੱਖਿਆ ਕਮੇਟੀਆਂ ਨਾਲ ਮੀਟਿੰਗਾਂ ਕੈਬਨਿਟ ਮੰਤਰੀ ਸ਼੍ਰੀ ਅਮਨ ਅਰੋੜਾ ਦੀ ਅਗਵਾਈ ਵਿੱਚ ਕੀਤੀਆਂ ਗਈਆਂ।ਇਸ ਮੌਕੇ ਸੰਬੋਧਨ ਕਰਦਿਆਂ ਬੀ.ਡੀ.ਪੀ.ਓ. ਗੁਰਦਰਸ਼ਨ ਸਿੰਘ ਨੇ ਕਿਹਾ ਕਿ ਨਸ਼ਾ ਮੁਕਤੀ ਯਾਤਰਾ ਦਾ ਉਦੇਸ਼ ਸੂਬੇ ਦੇ ਨੌਜਵਾਨਾਂ ਨੂੰ ਨਸ਼ਿਆਂ ਦੀ ਲਪੇਟ ਤੋਂ ਬਾਹਰ ਕੱਢਣਾ ਅਤੇ ਉਨ੍ਹਾਂ ਨੂੰ ਸਿਹਤਮੰਦ, ਸਸ਼ਕਤ ਅਤੇ ਉੱਜਵਲ ਭਵਿੱਖ ਵੱਲ ਅਗਵਾਈ ਕਰਨਾ ਹੈ। ਪੰਜਾਬ ਸਰਕਾਰ ਨਸ਼ਿਆਂ ਦੇ ਖਿਲਾਫ ਜੰਗ ਨੂੰ ਪੂਰੀ ਗੰਭੀਰਤਾ ਨਾਲ ਲੜ ਰਹੀ ਹੈ ਅਤੇ ਇਸ ਦੇ ਲਈ ਜ਼ਮੀਨੀ ਪੱਧਰ 'ਤੇ ਜਾਗਰੂਕਤਾ ਫੈਲਾਉਣਾ ਬਹੁਤ ਜ਼ਰੂਰੀ ਹੈ।ਇਸ ਮੌਕੇ ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਨਸ਼ਿਆਂ ਤੋਂ ਦੂਰ ਰਹਿਣ ਅਤੇ ਸਮਾਜ ਨੂੰ ਵੀ ਇਸ ਬੁਰਾਈ ਤੋਂ ਮੁਕਤ ਕਰਵਾਉਣ ਵਿੱਚ ਸਰਗਰਮ ਭੂਮਿਕਾ ਨਿਭਾਉਣ । ਇਸ ਦੌਰਾਨ ਲੋਕਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਵੀ ਜਾਗਰੂਕ ਕੀਤਾ ਗਿਆ।ਬੀ.ਡੀ.ਪੀ.ਓ. ਨੇ ਦੱਸਿਆ ਕਿ ਨਸ਼ਾ ਵੇਚਣ ਅਤੇ ਫੈਲਾਉਣ ਵਾਲਿਆਂ ਵਿਰੁੱਧ ਸਖਤ ਕਾਨੂੰਨੀ ਕਾਰਵਾਈ ਕੀਤੀ ਜਾ ਰਹੀ ਹੈ ਅਤੇ ਸਰਕਾਰ ਦੀ ਤਰਜੀਹ ਹੈ ਕਿ ਹਰ ਪਿੰਡ ਅਤੇ ਹਰ ਗਲੀ ਨੂੰ ਨਸ਼ਾ ਮੁਕਤ ਕੀਤਾ ਜਾਵੇ। ਸਰਕਾਰ ਵੱਲੋਂ ਸਿਹਤ ਵਿਭਾਗ, ਪੁਲਿਸ ਪ੍ਰਸ਼ਾਸਨ ਅਤੇ ਸਮਾਜਿਕ ਸੰਗਠਨਾਂ ਦੇ ਸਹਿਯੋਗ ਨਾਲ ਨਸ਼ਾ ਮੁਕਤੀ ਲਈ ਚਲਾਏ ਜਾ ਰਹੇ ਇਸ ਸਾਂਝੇ ਯਤਨ ਨੂੰ ਲੋਕਾਂ ਦਾ ਪੂਰਨ ਸਮਰਥਨ ਮਿਲ ਰਿਹਾ ਹੈ। ਇਸ ਮੌਕੇ ਕੈਬਨਿਟ ਮੰਤਰੀ ਸ਼੍ਰੀ ਅਮਨ ਅਰੋੜਾ ਦੇ ਪੀ.ਏ. ਸੰਜੀਵ ਕੁਮਾਰ, ਤਹਿਸੀਲਦਾਰ ਹਰਪ੍ਰੀਤ ਸਿੰਘ, ਸੁਰਜੀਤ ਸਿੰਘ ਸਰਪੰਚ ਤੋਗਾਵਾਲ, ਪ੍ਰਿਤਪਾਲ ਸਿੰਘ ਸਰਪੰਚ ਦਿਆਲਗੜ੍ਹ, ਜਗਤਾਰ ਸਿੰਘ ਸਰਪੰਚ ਢੱਡਰੀਆਂ, ਨਾਜਰ ਸਿੰਘ ਤੋਗਾਵਾਲ, ਅਮਨਦੀਪ ਸਿੰਘ ਤੋਗਾਵਾਲ, ਗੁਰਸੇਵਕ ਸਿੰਘ ਤੋਗਾਵਾਲ, ਮਨਪ੍ਰੀਤ ਬਾਂਸਲ, ਮੁਖਤਿਆਰ ਸਿੰਘ ਦਿਆਲਗੜ੍ਹ, ਸੁੱਖ ਸਰਪੰਚ ਸਾਹੋਕੇ, ਰਣਜੀਤ ਸਿੰਘ ਦਿਆਲਗੜ੍ਹ, ਭਗਵੰਤ ਸਿੰਘ ਦਿਆਲਗੜ੍ਹ, ਗੁਰਪ੍ਰੀਤ ਸਿੰਘ ਗੋਪੀ, ਦਵਿੰਜੀਤ ਸਿੰਘ ਢਡਰੀਆਂ, ਮਨਿੰਦਰ ਸਿੰਘ ਸਰਪੰਚ, ਮਨੀ ਸਾਰੋਂ, ਅੰਮ੍ਰਿਤਪਾਲ ਸਿੰਘ ਲੌਂਗੋਵਾਲ, ਬਲਵੰਤ ਸਿੰਘ ਐੱਸ ਐੱਚ ਓ, ਸਮੇਤ ਵੱਖੋ ਵੱਖ ਵਿਭਾਗਾਂ ਦੇ ਅਧਿਕਾਰੀ, ਡਿਫੈਂਸ ਕਮੇਟੀਆਂ ਦੇ ਮੈਂਬਰ, ਵੱਡੀ ਗਿਣਤੀ ਆਮ ਲੋਕ ਹਾਜ਼ਰ ਸਨ।

# ਕਿਰਾਇਆ ਵਧਾਉਣ ਖਿਲਾਫ਼ ਦੁਕਾਨਦਾਰਾਂ ਦੀ ਹਲਕਾ ਵਿਧਾਇਕ ਸਿੱਧੂ ਨਾਲ ਅੱਜ ਦੀ ਮੀਟਿੰਗ ਤੈਅ



ਰਾਮਪੁਰਾ ਫੂਲ, 26 ਮਈ (ਮਨਪ੍ਰੀਤ ਮਿੰਟੂ): ਸਥਾਨਕ ਨਗਰ ਕੌਂਸਲ ਵਲੋਂ ਆਪਣੀਆਂ ਦੁਕਾਨਾਂ ਦੇ ਕਿਰਾਏ ਵਿਚ ਕੀਤੇ ਭਾਰੀ ਵਾਧੇ ਖ਼ਿਲਾਫ਼ ਅੱਜ ਬਸ ਅੱਡੇ ਨਾਲ ਸਬੰਧਤ ਦੁਕਾਨਦਾਰਾਂ ਦਾ ਗੁੱਸਾ ਭੜਕ ਉੱਠਿਆ। ਉਹਨਾਂ ਕਾਲੀਆਂ ਝੰਡੀਆਂ ਲੈਕੇ ਬਸ ਅੱਡੇ ਤੋਂ ਨਗਰ ਕੌਂਸਲ ਤੱਕ ਰੋਸ ਮਾਰਚ ਕੀਤਾ । ਇਸਤੋਂ ਪਹਿਲਾਂ ਉਹਨਾਂ ਕੁੱਝ ਘੰਟੇ ਦੁਕਾਨਾਂ ਬੰਦ ਵੀ ਰੱਖੀਆਂ। ਦੁਕਾਨਦਾਰਾਂ ਅੰਦਰ ਇਸ ਗੱਲ ਨੂੰ ਲੈਕੇ ਭਾਰੀ ਰੋਸ ਹੈ ਕਿ ਚੁੱਪ ਚੁਪੀਤੇ ਕਿਰਾਏ ਵਿਚ ਬੇਤਹਾਸ਼ਾ ਵਾਧਾ ਕਰ ਦਿੱਤਾ ਗਿਆ ਹੈ। ਇਹ ਵੀ ਪਤਾ ਲੱਗਾ ਹੈ ਕਿ ਦੁਕਾਨਦਾਰਾਂ ਨੇ ਇਕੱਠੇ ਹੋ ਕੇ ਕੌਂਸਲ ਦੇ ਕਾਰਜਸਾਧਕ ਅਫ਼ਸਰ(ਈਓ) ਨੂੰ ਆਪਣਾ ਲਿਖਤੀ ਮੰਗ ਪੱਤਰ ਦੇਕੇ ਅਜਿਹਾ ਵਾਧਾ ਵਾਪਸ ਲੈਣ ਦੀ ਮੰਗ ਕੀਤੀ । ਪ੍ਰਭਾਵਿਤ ਦੁਕਾਨਦਾਰਾਂ ਨੇ ਦੱਸਿਆ ਕਿ ਕਿਰਾਏ ਵਿਚ ਪਹਿਲੇ ਕਿਰਾਏ ਨਾਲੋਂ 10 ਤੋਂ ਵੀਹ ਗੁਣਾ ਤੱਕ ਵਾਧਾ ਕਰ ਦਿੱਤਾ ਗਿਆ ਹੈ, ਜਿਸ ਨਾਲ ਉਹਨਾਂ ਦੀ ਰੋਜ਼ੀ ਰੋਟੀ ਖ਼ਤਰੇ ਵਿਚ ਪੈ ਗਈ ਹੈ ,ਜਦਕਿ ਵੱਖ ਵੱਖ ਕਾਰਨਾਂ ਕਰਕੇ ਪਿਛਲੇ ਤਿੰਨ ਚਾਰ ਸਾਲਾਂ ਤੋਂ ਮੰਦੀ ਦਾ ਦੌਰ ਪਹਿਲਾਂ ਹੀ ਜਾਰੀ ਹੈ । ਵਫ਼ਦ ਨੇ ਕਾਰਜਸਾਧਕ ਅਫ਼ਸਰ ਰਜਨੀਸ਼ ਕੁਮਾਰ ਨੂੰ ਮੰਗ ਪੱਤਰ ਦੇਕੇ ਮਾਮਲਾ ਹੱਲ ਕੀਤੇ ਜਾਣ ਦੀ ਮੰਗ ਕੀਤੀ, ਜਦਕਿ ਦੱਸਿਆ ਗਿਆ ਹੈ ਕਿ ਈਓ ਨੇ ਹਲਕਾ ਵਿਧਾਇਕ ਦੇ ਧਿਆਨ ਵਿਚ ਲਿਆਕੇ ਮਾਮਲਾ ਹੱਲ ਕਰਨ ਲਈ ਹਰ ਸੰਭਵ ਕੋਸ਼ਿਸ਼ ਕਰਨ ਦਾ ਭਰੋਸਾ ਦਿੱਤਾ। ਇੱਥੇ ਦੱਸਣਯੋਗ ਇਹ ਵੀ ਹੈ ਕਿ ਈਓ ਪਹਿਲਾਂ ਹੀ ਆਖ ਚੁੱਕੇ ਹਨ ਕਿ ਇਹ ਵਾਧਾ ਪੰਜਾਬ ਪ੍ਰਾਪਰਟੀਜ਼ ਐਕਟ 2020 ਅਨੁਸਾਰ ਕੀਤਾ ਗਿਆ ਹੈ, ਨਗਰ ਕੌਂਸਲ ਹਾਊਸ ਨਾ ਹੋਣ ਕਾਰਨ ਪਿਛਲੇ ਕਈ ਸਾਲਾਂ ਤੋਂ ਮੁਲਤਵੀ ਚਲਿਆ ਆ ਰਿਹਾ ਸੀ। ਦੇਖਣ ਵਾਲੀ ਗੱਲ ਇਹ ਹੈ ਕਿ ਵਿਧਾਇਕ ਬਲਕਾਰ ਸਿੰਘ ਸਿੱਧੂ ਇਸ ਵਿਵਾਦ ਨੂੰ ਕਿਵੇਂ ਨਿਪਟਾਉਂਦੇ ਹਨ, ਜਿਨ੍ਹਾਂ ਨਾਲ ਅੱਜ ਮੰਗਲਵਾਰ ਨੂੰ ਸਵੇਰੇ 10 ਵਜੇ ਨਗਰ ਕੌਂਸਲ ਅੰਦਰ ਮੀਟਿੰਗ ਤੈਅ ਕਰਵਾਉਣ ਦੀ ਜਾਣਕਾਰੀ ਮਿਲੀ ਹੈ।

# ਬੂੱਥ ਕਰੋ ਮਜ਼ਬੂਤ, ਮਿਸ਼ਨ ਤਹਿਤ ਬਸਪਾ ਆਗੂਆਂ ਤੇ ਅਹੁਦੇਦਾਰਾਂ ਦੀ ਵਿਸ਼ੇਸ਼ ਮੀਟਿੰਗ ਪਿੰਡ ਮੰਡਵੀ ਵਿੱਚ ਹੋਈ



ਖਨੌਰੀ, 26 ਮਈ (ਓਮਪ੍ਰਕਾਸ਼ ਮੁਆਲ): ਨਜ਼ਦੀਕੀ ਪਿੰਡ ਮੰਡਵੀ ਵਿੱਚ ਜ਼ਿਲ੍ਹਾ ਕੋਆਰਡੀਨੇਟਰ ਅਤੇ ਹਲਕਾ ਇੰਚਾਰਜ ਇੰਜੀ. ਅਮਨ ਬੋਧ ਅਤੇ ਹਲਕਾ ਪ੍ਰਧਾਨ ਰਾਜਕੁਮਾਰ ਜੱਸਲ ਦੀ ਅਗਵਾਈ ਹੇਠਾਂ ਬਹੁਜਨ ਸਮਾਜ ਪਾਰਟੀ ਦੇ ਅਹੁੱਦੇਦਾਰਾਂ ਦੀ ਮੀਟਿੰਗ ਹੋਈ। ਜਿਸ ਵਿੱਚ ਹਲਕਾ ਲਹਿਰਾ ਦੇ ਬਸਪਾ ਆਗੂਆਂ ਨਾਲ ਵਰਕਰਾਂ ਨੇ ਹਿੱਸਾ ਲਿਆ। ਇਸ ਮੌਕੇ ਮਜ਼ਦੂਰ ਆਗੂ ਅਮਰੀਕ ਮੰਡਵੀ ਨੂੰ ਬਸਪਾ ਹਲਕਾ ਸਕੱਤਰ ਅਤੇ ਸੁਭਾਸ਼ ਨੂੰ ਸੈਕਟਰ ਪ੍ਰਧਾਨ ਨਿਯੁਕਤ ਕੀਤਾ ਗਿਆ। ਉਨ੍ਹਾਂ ਦਾ ਪਾਰਟੀ ਵਿੱਚ ਸ਼ਾਮਲ ਹੋਣ 'ਤੇ ਧੰਨਵਾਦ ਪ੍ਰਗਟ ਕਰਦਿਆਂ ਹਲਕਾ ਪ੍ਰਧਾਨ ਰਾਜਕੁਮਾਰ ਜੱਸਲ ਨੇ ਕਿਹਾ ਕਿ ਅਮਰੀਕ ਮੰਡਵੀ ਅਤੇ ਸੁਭਾਸ਼ ਜ਼ਮੀਨ ਪ੍ਰਾਪਤ ਕਰੋ ਸੰਘਰਸ਼ ਕਮੇਟੀ ਦੇ ਆਗੂ ਹਨ । ਜੋ ਸਰਕਾਰ ਵਲੋਂ ਜ਼ਮੀਨ ਪ੍ਰਾਪਤੀ 'ਚ ਜੇਲ਼ ਅੰਦਰ ਗਏ ਮਜ਼ਦੂਰਾਂ ਅਤੇ ਕਾਮਿਆਂ ਦੇ ਬਸਪਾ ਪਾਰਟੀ ਦੁਆਰਾ ਕੀਤੇ ਸੰਘਰਸ਼ ਤੋਂ ਬਾਅਦ ਰਿਹਾਅ ਹੋਣ ਤੋਂ ਪ੍ਰਭਾਵਿਤ ਹੋਏ ਹਨ। ਇਸ ਮੌਕੇ ਅਮਨ ਬੋਧ ਨੇ ਆਖਿਆ ਕਿ ਬਸਪਾ ਹਰ ਵਰਗ ਦੇ ਗਰੀਬ, ਮਜ਼ਦੂਰ ਨਾਲ ਖੜ੍ਹੀ ਹੈ । ਉਨ੍ਹਾਂ ਕਿਹਾ ਕਿ ਹਲਕਾ ਲਹਿਰਾ ਦੇ ਪਿੰਡਾਂ ਵਿੱਚ ਮਿਸ਼ਨ ਬੂੱਥ ਕਰੋ ਮਜ਼ਬੂਤ, ਤਹਿਤ ਮੀਟਿੰਗਾਂ ਦਾ ਸਿਲਸਿਲਾ ਜਾਰੀ ਹੈ। ਉਨ੍ਹਾਂ ਦੱਸਿਆ ਕਿ ਮੀਟਿੰਗ ਅੰਦਰ ਬਸਪਾ ਵਰਕਰਾਂ ਅੰਦਰ ਜੋਸ਼ ਅਤੇ ਭਾਰੀ ਉਤਸ਼ਾਹ ਵੇਖਣ ਨੂੰ ਮਿਲਿਆ ਅਤੇ ਪਾਰਟੀ ਪ੍ਰਧਾਨ ਅਵਤਾਰ ਸਿੰਘ ਕਰੀਮਪੁਰੀ ਜੀ ਦੁਆਰਾ ਚਲਾਈ ਪੰਜਾਬ ਸੰਭਾਲੋ ਮੁਹਿੰਮ ਨੂੰ ਵੀ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਇਸ ਮੌਕੇ ਸ਼ਹਿਰੀ ਪ੍ਰਧਾਨ ਖਨੌਰੀ ਗੁਲਾਬ ਛਾਛੀਆ, ਸੀਨੀਅਰ ਆਗੂ ਗਿਆਨ ਮੰਡਵੀ, ਸਾਬਕਾ ਪ੍ਰਧਾਨ ਰੂਲਦੂ, ਮੈਂਬਰ ਮਹਿੰਦਰ ਸਿੰਘ ਆਦਿ ਆਗੂ ਹਾਜ਼ਰ ਸਨ।

# ਆਈ-ਸਕੂਲ ਅਕੈਡਮਿਕ ਐਵਾਰਡ ਭਲਕੇ

## ਆਈਪੀਐਸ ਦਿਲਪ੍ਰੀਤ ਸਿੰਘ ਅਤੇ ਸਿੱਖਿਆ ਸ਼ਾਸ਼ਤਰੀ ਡਾ. ਜਗਜੀਤ ਸਿੰਘ ਹੋਣਗੇ ਮੁੱਖ ਮਹਿਮਾਨ

ਧੂਰੀ, 26 ਮਈ (ਰਾਜੇਸ਼ਵਰ ਪਿੰਟੂ, ਅਮਨ ਗਰਗ) - ਪਿਛਲੇ ਦਿਨੀਂ ਐਲਾਨ ਹੋਏ ਦਸਵੀਂ ਅਤੇ ਬਾਰਵੀਂ ਜਮਾਤ ਦੇ ਨਤੀਜਿਆਂ ਵਿੱਚ ਹੋਣਹਾਰ ਵਿਦਿਆਰਥੀਆਂ ਨੇ ਮੱਲਾਂ ਮਾਰੀਆਂ ਹਨ । ਜਾਣਕਾਰੀ ਦਿੰਦੇ ਹੋਏ ਆਈ-ਸਕੂਲ ਦੇ ਸੀ.ਈ.ਓ. ਇਰਬਨਪ੍ਰੀਤ ਕੌਰ ਨੇ ਦੱਸਿਆ ਕਿ ਪਿਛਲੇ ਦੋ ਸਾਲਾਂ ਤੋਂ ਪੰਜਾਬ ਦੇ ਲਗਭਗ 25 ਸਕੂਲ ਇੱਕ ਸਾਂਝੇ ਪ੍ਰਾਜੈਕਟ ਉੱਪਰ ਕੰਮ ਕਰ ਰਹੇ ਹਨ, ਜਿਹਨਾਂ ਨੂੰ ਐਜੂਕੇਸ਼ਨ ਇਗਨਾਇਟਡ ਸਕੂਲ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਹ ਸਾਰੇ ਸਕੂਲ ਇੱਕੋ ਜਿਹੀਆਂ ਪਾਠ ਪੁਸਤਕਾਂ ਅਤੇ ਪੜ੍ਹਾਉਣ ਸਮੱਗਰੀ ਦੀ ਵਰਤੋਂ ਕਰਦੇ ਹਨ। ਹੁਣੇ ਐਲਾਨੇ ਗਏ ਨਤੀਜਿਆਂ ਵਿੱਚ ਆਈ-ਸਕੂਲਾਂ ਦੇ ਜਿਹਨਾਂ ਵਿਦਿਆਰਥੀਆਂ ਨੇ ਦਸਵੀਂ ਅਤੇ ਬਾਰਵੀਂ ਜਮਾਤ ਦੀ ਪ੍ਰੀਖਿਆ ਵਿੱਚੋਂ ਆਪਣੇ ਸਕੂਲ ਵਿੱਚੋਂ ਪਹਿਲੀ ਪੁਜ਼ੀਸ਼ਨ ਹਾਸਲ ਕੀਤੀ ਹੈ, ਨੂੰ ਟੀਮ ਆਈ-ਸਕੂਲ ਵੱਲੋਂ 28 ਮਈ ਨੂੰ ਸਨਮਾਨਿਤ ਕੀਤਾ ਜਾਣਾ ਹੈ। ਇਹ ਸਨਮਾਨ ਸਮਾਰੋਹ ਧੂਰੀ-ਸੰਗਰੂਰ ਰੋਡ ਉੱਪਰ ਸਥਿਤੀ ਹੋਟਲ ਸਵੈਨ ਬਰਡਜ਼ ਵਿੱਚ ਹੋਣਾ ਹੈ। ਇਸ ਮੌਕੇ ਵਿਦਿਆਰਥੀਆਂ ਨੂੰ ਸਨਮਾਨਿਤ ਕਰਨ ਲਈ ਦਿਲਪ੍ਰੀਤ ਸਿੰਘ, ਆਈ.ਪੀ.ਐਸ., ਸੁਪਰਡੰਟ ਆਫ ਪੁਲਿਸ ਹੈਡ ਕੁਆਰਟਰ, ਸੰਗਰੂਰ ਮੁੱਖ ਮਹਿਮਾਨ ਵਜੋਂ ਅਤੇ ਡਾ. ਜਗਜੀਤ ਸਿੰਘ ਧੂਰੀ, ਪ੍ਰਧਾਨ, ਫੈਡਰੇਸ਼ਨ ਆਫ ਪ੍ਰਾਈਵੇਟ ਸਕੂਲਜ਼ ਐਂਡ ਐਸੋਸੀਏਸ਼ਨਜ਼ ਆਫ ਪੰਜਾਬ ਵਿਸ਼ੇਸ਼ ਮਹਿਮਾਨ ਵਜੋਂ ਹਾਜ਼ਰ ਹੋਣਗੇ । ਜਾਣਕਾਰੀ ਦਿੰਦੇ ਹੋਏ ਡੀਨ ਅਕੈਡਮਿਕ, ਆਈ-ਸਕੂਲ ਡਾ. ਪੁਨੀਤ ਅਮਨਦੀਪ ਸਿੰਘ ਸੋਹੀ ਨੇ ਦੱਸਿਆ ਕਿ ਇਹ ਪਹਿਲਾ ਆਪਣੀ ਕਿਸਮ ਦਾ ਐਵਾਰਡ ਸਮਾਰੋਹ ਹੈ, ਜਿਸ ਨੂੰ ਲੈ ਕੇ ਸਬੰਧਤ ਸਕੂਲ, ਉਹਨਾਂ ਦਾ ਸਟਾਫ ਅਤੇ ਵਿਦਿਆਰਥੀ ਉਤਸੁਕ ਹਨ।



# ਪਟਿਆਲਾ-ਆਸ/ਪਾਸ



## ਡਾ. ਬਲਬੀਰ ਸਿੰਘ ਵੱਲੋਂ ਜਸੋਵਾਲ 'ਚ ਵਿਕਾਸ ਕਾਰਜਾਂ ਦੀ ਸ਼ੁਰੂਆਤ



ਪਟਿਆਲਾ, 26 ਮਈ (ਚ.ਨ.ਸ.) : ਪੰਜਾਬ ਸਰਕਾਰ ਵੱਲੋਂ ਪੇਂਡੂ ਖੇਤਰਾਂ ਦੇ ਪ੍ਰਾਕ੍ਰਿਤਕ ਵਾਤਾਵਰਣ ਨੂੰ ਸੰਭਾਲਣ ਦੇ ਉਦੇਸ਼ ਨਾਲ ਚਲਾਏ ਜਾ ਰਹੇ ਯਤਨਾਂ ਸਦਕਾ ਅੱਜ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ: ਬਲਬੀਰ ਸਿੰਘ ਵੱਲੋਂ ਪਟਿਆਲਾ ਦਿਹਾਤੀ ਖੇਤਰ ਦੇ ਪਿੰਡ ਜਸੋਵਾਲ ਵਿਖੇ ਬੀ.ਡੀ.ਪੀ.ਓ. ਦਫਤਰ ਦੀ ਨਵੀਂ ਇਮਾਰਤ ਅਤੇ ਪਿੰਡ ਦੇ ਛੱਪੜ ਦੇ ਨਵੀਨੀਕਰਨ ਪ੍ਰੋਜੈਕਟ ਦਾ ਨੀਂਹ ਪੱਥਰ ਰੱਖਿਆ। ਉਹਨਾਂ ਕਿਹਾ ਕਿ ਮਾਨ ਸਰਕਾਰ ਹਮੇਸ਼ਾ ਲੋਕਾਂ ਦੀ ਸੇਵਾ ਵਿੱਚ ਤਤਪਰ ਰਹੀ ਹੈ ਅਤੇ ਆਗਾਮੀ ਦਿਨਾਂ ਵਿੱਚ ਹੋਰ ਵੀ ਵਿਕਾਸ ਕਾਰਜਾਂ ਦੀ ਸ਼ੁਰੂਆਤ ਕੀਤੀ ਜਾਵੇਗੀ। ਸਿਹਤ ਮੰਤਰੀ ਡਾ ਬਲਬੀਰ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਪੇਂਡੂ ਖੇਤਰਾਂ ਵਿੱਚ ਵਾਤਾਵਰਣ ਸੰਭਾਲ ਨੂੰ ਆਪਣੀ ਤਰਜੀਹ ਬਣਾ ਰਹੀ ਹੈ। ਪਿੰਡਾਂ ਦੇ ਛੱਪੜ ਸਿਰਫ ਪਾਣੀ ਦੇ ਸਰੋਤ ਨਹੀਂ, ਸਗੋਂ ਸਾਂਝੀ ਵਿਰਾਸਤ ਹਨ। ਇਹਨਾਂ ਦੀ ਸਫਾਈ, ਨਵੀਨੀਕਰਨ ਅਤੇ ਸੁੰਦਰਤਾ ਸਿਰਫ਼ ਪਰਿਆਵਾਰਣ ਹੀ ਨਹੀਂ, ਸਗੋਂ ਸਾਂਝੀ ਆਰਥਿਕਤਾ ਅਤੇ ਜਨ ਜੀਵਨ ਨਾਲ ਜੁੜੀ ਹੈ। ਇਹਨਾਂ ਪ੍ਰੋਜੈਕਟਾਂ ਦੀ ਲੰਬੇ ਸਮੇਂ ਤੋਂ ਸਥਾਨਕ ਵਾਸੀਆਂ ਵੱਲੋਂ ਮੰਗ ਕੀਤੀ ਜਾ ਰਹੀ ਸੀ ਜਿਸ ਨੂੰ ਪੂਰਾ ਕਰਦਿਆਂ ਲੋਕਾਂ ਨੂੰ ਰਾਹਤ ਮਿਲੀ ਹੈ। ਉਹਨਾਂ ਦੱਸਿਆ ਕਿ ਇਹ ਦੋਵੇਂ ਪ੍ਰੋਜੈਕਟ 1 ਕਰੋੜ 40 ਲੱਖ ਦੀ ਲਾਗਤ ਨਾਲ ਤਿਆਰ ਕੀਤੇ ਜਾਣਗੇ। ਇਨ੍ਹਾਂ ਦੇ ਨਾਲ-ਨਾਲ ਛੱਪੜ ਦੇ ਨੇੜੇ ਇੱਕ ਆਧੁਨਿਕ ਪਾਰਕ ਬਣਾਇਆ ਜਾਵੇਗਾ ਜਿਸ ਵਿੱਚ ਪੈਦਲ ਪਥ, ਬੱਚਿਆਂ ਲਈ ਝੂਲੇ, ਲਾਈਟਿੰਗ ਅਤੇ ਬੈਠਣ ਲਈ ਚੌਕੀ-ਬੈਂਚਾਂ ਦੀ ਸੁਵਿਧਾ ਹੋਵੇਗੀ। ਸਿਹਤ ਮੰਤਰੀ ਨੇ ਇਸ ਮੌਕੇ ਲੋਕਾਂ ਨੂੰ ਅਪੀਲ ਕੀਤੀ ਕਿ ਹਰ ਪੰਜਾਬੀ ਨੂੰ ਨਸ਼ੇ ਮੁਕਤੀ ਯਾਤਰਾ ਦਾ ਹਿੱਸਾ ਬਣ ਕੇ ਨਸ਼ਿਆਂ ਖਿਲਾਫ ਲੜਾਈ ਵਿੱਚ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਵੱਲੋਂ ਸ਼ੁਰੂ ਕੀਤੀ ਨਸ਼ਾ ਮੁਕਤੀ ਦੀ ਲਹਿਰ ਹੁਣ ਆਪਣੀਆਂ ਸ਼ਿਖਰਾਂ 'ਤੇ ਹੈ। ਇਸ ਮੌਕੇ ਕਾਉਂਸਲਰ ਜਸਬੀਰ ਸਿੰਘ ਗਾਂਧੀ, ਜੈ ਸ਼ੰਕਰ ਸ਼ਰਮਾ, ਸਰਪੰਚ ਗੁਰਨਾਮ ਸਿੰਘ ਪੰਚ ਗੁਲਜ਼ਾਰ ਸਿੰਘ, ਪੰਚ ਰਜਿੰਦਰ ਸਿੰਘ, ਪੰਚ ਅਮਜਦ ਖਾਨ, ਪੰਚ ਗੁਰਪ੍ਰੀਤ ਸਿੰਘ, ਪੰਚ ਪਰਮਜੀਤ ਕੌਰ, ਪੰਚ ਸੁਖਨਰਿੰਦਰ ਕੌਰ, ਪੰਚ ਪਰਮਜੀਤ ਕੌਰ ਅਤੇ ਸਮੂਹ ਨਗਰ ਨਿਵਾਸੀ ਜਸੋਵਾਲ ਹਾਜ਼ਰ ਸਨ।

## ਆਮ ਆਦਮੀ ਕਲੀਨਕ 'ਚ ਡੇਂਗੂ ਦੇ ਅਲਾਈਜ਼ਾ ਟੈਸਟ ਮੁਫਤ ਹੋਣਗੇ

ਪਟਿਆਲਾ, 26 ਮਈ (ਰੁਪਾਣਾ) : ਸਿਹਤ ਮੰਤਰੀ ਡਾਕਟਰ ਬਲਬੀਰ ਸਿੰਘ ਜੀ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਜ਼ਿਲ੍ਹੇ ਦੇ ਆਮ ਆਦਮੀ ਕਲੀਨਿਕਾਂ ਵਿੱਚ ਡੇਂਗੂ ਦੇ ਅਲਾਈਜ਼ਾ ਟੈਸਟ ਮੁਫਤ ਕੀਤੇ ਜਾਣਗੇ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡਾ. ਜਗਪਾਲਇੰਦਰ ਸਿੰਘ ਸਿਵਲ ਸਰਜਨ ਪਟਿਆਲਾ ਨੇ ਦੱਸਿਆ ਕਿ ਇਸ ਵਾਰ ਸਿਹਤ ਵਿਭਾਗ ਨੇ ਡੇਂਗੂ ਦੇ ਮਾਮਲਿਆਂ ਵਿੱਚ ਕਮੀ ਲਿਆਉਣ ਦਾ ਟੀਚਾ ਮਿਥਿਆ ਹੈ। ਇਸ ਲੜੀ ਤਹਿਤ ਸਾਰੇ ਅਰੋਗਿਆ ਕੇਂਦਰਾਂ ਦੇ ਮੈਡੀਕਲ ਅਫਸਰਾਂ ਤੇ ਸਟਾਫ ਨੂੰ ਆਨਲਾਈਨ ਟ੍ਰੇਨਿੰਗ ਦਿੱਤੀ ਗਈ ਅਤੇ ਸਮਝਾਇਆ ਗਿਆ ਕਿ ਡੇਂਗੂ ਮਰੀਜ਼ਾਂ ਦੀ ਪਹਿਚਾਣ, ਇਲਾਜ, ਟੈਸਟ ਅਤੇ ਖਤਰੇ ਦੇ ਚਿੰਨ੍ਹਾਂ ਦਾ ਪਤਾ ਕਿਵੇਂ ਕਰਨਾ ਹੈ। ਜ਼ਿਲ੍ਹਾ ਐਪੀਡੈਮੋਲੋਜਿਸਟ ਡਾ. ਸੁਮੀਤ ਸਿੰਘ ਨੇ ਆਨਲਾਈਨ ਸੈਸ਼ਨ ਦੌਰਾਨ ਡੇਂਗੂ ਦੇ ਲੱਛਣ ਅਚਾਨਕ ਤੇਜ਼ ਬੁਖਾਰ, ਸਿਰ ਦਰਦ ਦਾ ਹੋਣਾ, ਬੀਪੀ ਦਾ ਘਟਨਾ ,24 ਘੰਟੇ ਤੋਂ ਵੱਧ ਪਿਸ਼ਾਬ ਦਾ ਨਾ ਆਉਣਾ, ਨੱਕ ਜਾਂ ਮਸੂੜੇ ਰਾਹੀਂ ਖੂਨ ਦਾ ਆਉਣਾ, ਮਰੀਜ਼ ਦਾ ਬੇਸੁਰਤ ਹੋਣਾ ਆਦਿ ਸਾਹਮਣੇ ਆਉਣ ਤੇ ਮਰੀਜ਼ ਨੂੰ ਤੁਰੰਤ ਹਸਪਤਾਲ ਪਹੁੰਚਾਉਣ ਬਾਰੇ ਦੱਸਿਆ। ਉਨ੍ਹਾਂ ਦੱਸਿਆ ਕਿ ਰਜਿੰਦਰਾ ਹਸਪਤਾਲ ਦੇ ਬਲੱਡ ਬੈਂਕ ਵਿੱਚ ਐਸਡੀਪੀ ਕਿੱਟ ਦੀ ਸੁਵਿਧਾ ਮੁਫ਼ਤ ਵਿੱਚ ਉਪਲੱਬਧ ਹੈ। ਡੇਂਗੂ ਤੋਂ ਬਚਾਅ ਸਬੰਧੀ ਹਰ ਰੋਜ਼ 9 ਤੋਂ 10 ਵਜੇ ਤੱਕ ਲੋਕਾਂ ਦੇ ਘਰਾਂ ਵਿੱਚ ਜਾ ਕੇ ਡੇਂਗੂ ਤੋਂ ਬਚਾਓ ਸਬੰਧੀ ਸਿਹਤ ਸਿੱਖਿਆ ਦਿੱਤੀ ਜਾਣੀ ਜਾਰੀ ਰਹੇਗੀ। ਇਸ ਦੇ ਨਾਲ ਹੀ ਘਰਾਂ ਵਿੱਚ ਲਾਰਵੇ ਦੀ ਜਾਂਚ ਵੀ ਜਾਰੀ ਰਹੇਗੀ। ਉਹਨਾਂ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਇਸ ਮੌਸਮ ਦੌਰਾਨ ਮੱਛਰਾਂ ਦੀ ਭਰਮਾਰ ਹੋਣ ਕਾਰਨ ਲਾਰਵਾ ਬਹੁਤ ਜਿਆਦਾ ਪਣਪਦਾ ਹੈ। ਇਸ ਕਰਕੇ ਘਰਾਂ ਦੇ ਆਲੇ ਦੁਆਲੇ ਪਾਣੀ ਨਾ ਖੜਾ ਹੋਣ ਦਿੱਤਾ ਜਾਵੇ, ਸਫਾਈ ਰੱਖੀ ਜਾਵੇ ,ਕਿਸੇ ਗਮਲੇ ,ਕੂਲਰ, ਬਰਤਨ ਵਿੱਚ ਪਾਣੀ ਜਮਾ ਨਾ ਹੋਣ ਦਿੱਤਾ ਜਾਵੇ। ਹਰ ਹਫਤੇ ਡਰਾਈ ਡੇ ਫਰਾਈਡੇ ਮੁਹਿੰਮ ਜਾਰੀ ਰਹੇਗੀ।

## ਜ਼ਿਲ੍ਹਾ ਸਪੋਰਟਸ ਕਾਊਂਸਲ ਦੀ ਬੈਠਕ ਦੌਰਾਨ ਖਿਡਾਰੀਆਂ ਨੂੰ ਬਿਹਤਰ ਖੇਡ ਸਹੂਲਤਾਂ ਦੇਣ 'ਤੇ ਹੋਈ ਚਰਚਾ

### ☛ਪੋਲੋ ਗਰਾਊਂਡ ਦੀ ਸਾਂਭ-ਸੰਭਾਲ ਵੱਲ ਦਿੱਤਾ ਜਾਵੇ ਵਿਸ਼ੇਸ਼ ਧਿਆਨ : ਇਸ਼ਾ ਸਿੰਗਲ



ਪਟਿਆਲਾ, 26 ਮਈ (ਰੁਪਾਣਾ/ ਵਿਨੋਦ ਸ਼ਰਮਾ) : ਪਟਿਆਲਾ ਜ਼ਿਲ੍ਹੇ ਦੇ ਖਿਡਾਰੀਆਂ ਨੂੰ ਬਿਹਤਰ ਖੇਡ ਸਹੂਲਤਾਂ ਦੇਣ ਲਈ ਵਧੀਕ ਡਿਪਟੀ ਕਮਿਸ਼ਨਰ (ਜ) ਇਸ਼ਾ ਸਿੰਗਲ ਦੀ ਅਗਵਾਈ ਹੇਠ ਜ਼ਿਲ੍ਹਾ ਸਪੋਰਟਸ ਕਾਊਂਸਲ ਦੀ ਬੈਠਕ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਕੀਤੀ ਗਈ। ਇਸ ਮੌਕੇ ਜ਼ਿਲ੍ਹੇ ਦੇ ਸਮੂਹ ਐਸ.ਡੀ.ਐਮਜ਼ ਤੇ ਜ਼ਿਲ੍ਹਾ ਖੇਡ ਅਫ਼ਸਰ ਹਰਪਿੰਦਰ ਸਿੰਘ ਸਮੇਤ ਵੱਖ ਵੱਖ ਖੇਡਾਂ ਦੇ ਕੋਚ ਹਾਜ਼ਰ ਸਨ। ਏ.ਡੀ.ਸੀ. ਇਸ਼ਾ ਸਿੰਗਲ ਨੇ ਨਗਰ ਨਿਗਮ ਸਾਹਮਣੇ ਬਣੇ ਖੇਡ ਵਿਭਾਗ ਦੇ ਸਵਿਮਿੰਗ ਪੂਲ ਸਬੰਧੀ ਸਵੀਮਿੰਗ ਕੋਚ ਰਾਜਪਾਲ ਸਿੰਘ ਪਾਸੋਂ ਜਾਣਕਾਰੀ ਪ੍ਰਾਪਤ ਕਰਦਿਆਂ ਕਿਹਾ ਕਿ ਇਸ ਪੂਲ ਦੀਆਂ ਦਿੱਕਤਾਂ ਦੇ ਸਥਾਈ ਹੱਲ ਲਈ ਪੂਰੀ ਤਜਵੀਜ਼ ਤਿਆਰ ਕਰਕੇ ਦਿੱਤੀ ਜਾਵੇ ਤਾਂ ਜੋ ਮੈਨ ਪਾਵਰ ਸਮੇਤ ਹੋਰ ਸਾਰੀਆਂ ਮੁਸ਼ਕਲਾਂ ਦਾ ਹੱਲ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਸਪੋਰਟਸ ਕਾਉਂਸਲ ਦੀ ਬੈਠਕ ਹਰੇਕ ਸੋਮਵਾਰ ਕੀਤੀ ਜਾਇਆ ਕਰੇਗੀ ਤੇ ਖੇਡਾਂ ਨਾਲ ਸਬੰਧਤ ਹਰੇਕ ਮੁਸ਼ਕਲ ਨੂੰ ਪਹਿਲ ਦੇ ਆਧਾਰ 'ਤੇ ਹੱਲ ਕੀਤਾ ਜਾਵੇਗਾ। ਉਨ੍ਹਾਂ ਜ਼ਿਲ੍ਹਾ ਖੇਡ ਅਫ਼ਸਰ ਨੂੰ ਪੋਲੋ ਗਰਾਊਂਡ ਤੇ ਜਿਮਨੇਜ਼ੀਅਮ ਹਾਲ ਦੀ ਸਾਂਭ-ਸੰਭਾਲ ਵੱਲ ਵਿਸ਼ੇਸ਼ ਧਿਆਨ ਦੇਣ ਦੀ ਹਦਾਇਤ ਕਰਦਿਆਂ ਕਿਹਾ ਕਿ ਅੱਗੇ ਬਰਸਾਤਾਂ ਦੇ ਮੌਸਮ ਵਿੱਚ ਸਮੇਂ ਸਿਰ ਘਾਹ ਦੀ ਕਟਾਈ ਅਤੇ ਪਾਣੀ ਦੀ ਸਹੀ ਨਿਕਾਸੀ ਦੇ ਸਹੀ ਪ੍ਰਬੰਧ ਕਰਨ ਦੇ ਨਿਰਦੇਸ਼ ਦਿੱਤੇ। ਮੀਟਿੰਗ ਦੌਰਾਨ ਏ.ਡੀ.ਸੀ. ਨੇ ਜ਼ਿਲ੍ਹੇ ਦੇ ਸਮੂਹ ਐਸ.ਡੀ.ਐਮਜ ਨੂੰ ਆਪਣੀ ਸਬ ਡਵੀਜ਼ਨ ਅੰਦਰ ਖੇਡ ਮੈਦਾਨ ਵਿਕਸਤ ਕਰਨ ਲਈ ਢੁਕਵੀਂ ਜਗ੍ਹਾਂ ਲਭਕੇ ਉਸਦੀ ਤਜਵੀਜ਼ ਭੇਜਣ ਲਈ ਕਿਹਾ। ਉਨ੍ਹਾਂ ਕਿਹਾ ਕਿ ਜਿਹੜੇ ਪਿੰਡ ਵਿੱਚ ਜਿਸ ਖੇਡ ਨੂੰ ਵੱਧ ਖੇਡਿਆ ਜਾਂਦਾ ਹੈ, ਉਥੇ ਉਸ ਖੇਡ ਦਾ ਮੈਦਾਨ ਵਿਕਸਤ ਕੀਤਾ ਜਾਵੇ ਤਾਂ ਜੋ ਵੱਧ ਤੋਂ ਵੱਧ ਖਿਡਾਰੀ ਇਸ ਦਾ ਲਾਭ ਉਠਾ ਸਕਣ। ਇਸ ਮੌਕੇ ਜ਼ਿਲ੍ਹਾ ਖੇਡ ਅਫ਼ਸਰ ਹਰਪਿੰਦਰ ਸਿੰਘ, ਜਿਮਨਾਸਟਿਕ ਕੋਚ ਬਲਜੀਤ ਸਿੰਘ, ਸਵਿਮਿੰਗ ਕੋਚ ਰਾਜਪਾਲ ਸਿੰਘ ਤੇ ਟੇਬਲ ਟੈਨਿਸ ਕੋਚ ਹਰਮਨਪ੍ਰੀਤ ਸਿੰਘ ਮੌਜੂਦ ਸਨ।

## ਤ੍ਰਿਵੇਣੀ ਸਾਹਿਤ ਪ੍ਰੀਸ਼ਦ ਵੱਲੋਂ ਮਾਸਿਕ ਸਾਹਿਤਕ ਸਮਾਗਮ



ਪਟਿਆਲਾ, 26 ਮਈ (ਚ.ਨ.ਸ.) : ਤ੍ਰਿਵੇਣੀ ਸਾਹਿਤ ਪਰਿਸ਼ਦ (ਰਜਿ.) ਪਟਿਆਲਾ ਵੱਲੋਂ ਭਾਸ਼ਾ ਵਿਭਾਗ ਦੇ ਸੈਮੀਨਾਰ ਹਾਲ ਵਿਖੇ ਇੱਕ ਸਾਹਿਤਕ ਸਮਾਗਮ ਕਰਵਾਇਆ ਗਿਆ। ਸਭਾ ਦੇ ਪ੍ਰਧਾਨ ਐਡਵੋਕੇਟ ਗੁਰਦਰਸ਼ਨ ਸਿੰਘ ਗੁਸੀਲ, ਸੀਨੀਅਰ ਮੀਤ ਪ੍ਰਧਾਨ ਨਿਰਮਲਾ ਗਰਗ, ਕੁਲਵੰਤ ਸਿੰਘ ਨਾਰੀਕੇ (ਸੀਨੀਅਰ ਮੀਤ ਪ੍ਰਧਾਨ ਗਿਆਨਦੀਪ ਸਾਹਿਤ ਸਾਧਨਾ ਮੰਚ), ਡਾ. ਗੁਰਵਿੰਦਰ ਅਮਨ ਪ੍ਰਧਾਨ ਲੋਕ ਸਾਹਿਤ ਸੰਗਮ ਰਾਜਪੁਰਾ ਅਤੇ ਸੁਭਾਸ਼ ਮਲਿਕ ਪ੍ਰਧਾਨਗੀ ਮੰਡਲ ਵਿੱਚ ਸੁਸ਼ੋਭਿਤ ਹੋਏ। ਸਮਾਗਮ ਦਾ ਆਗ਼ਾਜ਼ ਕ੍ਰਿਸ਼ਨ ਲਾਲ ਧੀਮਾਨ ਵੱਲੋਂ ਇੱਕ ਧਾਰਮਿਕ ਸ਼ਬਦ ਗਾ ਕੇ ਕੀਤਾ ਗਿਆ। ਸਭਾ ਦੇ ਪ੍ਰਧਾਨ ਐਡਵੋਕੇਟ ਗੁਰਦਰਸ਼ਨ ਸਿੰਘ ਗੁਸੀਲ ਨੇ ਆਏ ਹੋਏ ਸਾਹਿਤਕਾਰਾਂ ਦਾ ਸਵਾਗਤ ਕੀਤਾ ਅਤੇ ਸਮਾਗਮ ਸਬੰਧੀ ਸੰਖੇਪ ਜਾਣਕਾਰੀ ਦਿੱਤੀ। ਕਵੀ ਦਰਬਾਰ ਸੈਸ਼ਨ ਦੌਰਾਨ ਰਘਬੀਰ ਸਿੰਘ ਮਹਿਮੀ, ਗੁਰਪ੍ਰੀਤ ਢਿੱਲੋਂ', ਵਿਜੇ ਕੁਮਾਰ, ਸੁਰਿੰਦਰ ਕੌਰ ਬਾੜਾ, ਬਲਦੇਵ ਸਿੰਘ ਬਿੰਦਰਾ, ਜੱਗਾ ਰੰਗੂਵਾਲ, ਜਸਵਿੰਦਰ ਕੌਰ, ਡਾ. ਰੁਪਿੰਦਰ ਕੌਰ, ਦਰਸ਼ਨ ਸਿੰਘ ਦਰਸ਼ ਪਸਿਆਣਾ, ਹਰਜੀਤ ਕੌਰ, ਇੰਜ. ਪਰਵਿੰਦਰ ਸ਼ੋਖ,ਰਾਜੇਸ਼ਵਰ ਕੁਮਾਰ, ਕੁਲਵੰਤ ਸੈਦੋਕੇ, ਰਾਮ ਸਿੰਘ ਬੰਗ, ਹਰਪ੍ਰੀਤ ਕੌਰ, ਕੁਲਦੀਪ ਕੌਰ ਧੰਜੂ, ਡਾ. ਗੁਰਵਿੰਦਰ ਅਮਨ, ਇੰਜ. ਮੇਜਰ ਸਿੰਘ,ਜਗਤਾਰ ਨਿਮਾਣਾ, ਅਵਤਾਰਜੀਤ ਅਟਵਾਲ, ਹਰੀਸ਼ ਪਟਿਆਲਵੀ, ਨਿਰਮਲਾ ਗਰਗ, ਸੁਭਾਸ਼ ਮਲਿਕ, ਕੁਲਵੰਤ ਨਾਰੀਕੇ ਅਤੇ ਮੰਗਤ ਖਾਨ ਨੇ ਆਪਣੀਆਂ ਆਪਣੀਆਂ ਰਚਨਾਵਾਂ ਨਾਲ ਖ਼ੂਬ ਰੰਗ ਬੰਨ੍ਹਿਆ। ਡਾ. ਜਤਿੰਦਰ ਕੁਮਾਰ, ਰਾਜੇਸ਼ ਕੋਟੀਆ, ਜੇ. ਕੇ. ਮਿਗਲਾਨੀ ਅਤੇ ਕਰਨਪ੍ਰੀਤ ਸਿੰਘ ਨੇ ਬਤੌਰ ਸਰੋਤੇ ਹਾਜ਼ਰੀ ਲਵਾਈ। ਸਭਾ ਦੇ ਪ੍ਰਧਾਨ ਗੁਰਦਰਸ਼ਨ ਸਿੰਘ ਗੁਸੀਲ ਵੀ ਆਏ ਹੋਏ ਸਾਹਿਤਕਾਰਾਂ ਦਾ ਧੰਨਵਾਦ ਕੀਤਾ ਅਤੇ ਆਪਣੀ ਗ਼ਜ਼ਲ ਦੇ ਕੁੱਝ ਸ਼ਿਅਰ ਸਾਂਝੇ ਕੀਤੇ। ਮੰਚ ਸੰਚਾਲਨ ਦੀ ਜ਼ਿੰਮੇਵਾਰੀ ਮੰਗਤ ਖ਼ਾਨ ਵੱਲੋਂ ਬਾਖ਼ੂਬੀ ਨਿਭਾਈ ਗਈ। ਅੰਤ ਵਿੱਚ ਕੁੱਝ ਦਿਨ ਪਹਿਲਾਂ ਵਫ਼ਾਤ ਪਾ ਚੁੱਕੇ ਡਾ. ਰਤਨ ਸਿੰਘ ਜੱਗੀ ਅਤੇ ਲਹਿੰਦੇ ਪੰਜਾਬ ਤੋਂ ਤਜੱਮੁਲ ਕਲੀਮ ਨੂੰ ਦੋ ਮਿੰਟ ਦਾ ਮੌਨ ਰੱਖ ਕੇ ਸ਼ਰਧਾਂਜਲੀ ਦਿੱਤੀ ਗਈ। ਸਾਰੇ ਸ਼ਾਇਰਾਂ ਦੇ ਸਹਿਯੋਗ ਨਾਲ ਇਹ ਸਮਾਗਮ ਯਾਦਗਾਰੀ ਹੋ ਨਿਬੜਿਆ।

## ਚੋਰੀ ਕੀਤੀ ਸਕੂਟਰੀ ਸਮੇਤ ਕਾਬੂ, ਮਾਮਲਾ ਦਰਜ

ਪਟਿਆਲਾ, 26 ਮਈ (ਵਿਨੋਦ ਸ਼ਰਮਾ) : ਥਾਣਾ ਅਨਾਜ ਮੰਡੀ ਪਟਿਆਲਾ ਪੁਲਿਸ ਨੇ ਹਰਸ਼ ਕੁਮਾਰ ਵਾਸੀ ਗਲੀ ਨੰ. 14 ਵਿਰਕ ਕਲੋਨੀ ਵਿਰੁੱਧ ਧਾਰਾ 303(2), 317(2) ਬੀ.ਐਨ.ਐਸ. ਦੇ ਤਹਿਤ ਮਾਮਲਾ ਦਰਜ ਕੀਤਾ ਹੈ। ਏ.ਐਸ.ਆਈ. ਰਣਧੀਰ ਸਿੰਘ ਸਮੇਤ ਪੁਲਿਸ ਪਾਰਟੀ ਗਸ਼ਤ ਵਾ ਤਲਾਸ਼ ਸ਼ੱਕੀ ਤੇ ਭੈੜੇ ਪੁਰਸ਼ਾਂ ਦੇ ਸਬੰਧ ਵਿੱਚ ਗਰੋਮਿੰਟ ਪ੍ਰੈਸ ਸਰਹੰਦ ਰੋਡ ਪਟਿਆਲਾ ਮੌਜੂਦ ਸੀ, ਜੋ ਇਤਲਾਹ ਮਿਲੀ ਕਿ ਕਥਿਤ ਦੋਸ਼ੀ ਚੋਰੀਆਂ ਕਰਨ ਦਾ ਆਦੀ ਹੈ ਅਤੇ ਚੋਰੀ ਕੀਤੀ ਹੋਈ ਸਕੂਟਰੀ ਨੂੰ ਵੇਚਣ ਦੀ ਨਿਯਤ ਆਪਣੇ ਗ੍ਰਾਹਕ ਨੂੰ ਮਿਲਣ ਲਈ ਅਨਾਜ ਮੰਡੀ ਪਟਿਆਲਾ ਕੋਲ ਆ ਰਿਹਾ ਸੀ, ਜੋ ਦੌਰਾਨੇ ਨਾਕਾਬੰਦੀ ਕਥਿਤ ਦੋਸ਼ੀ ਨੂੰ ਕਾਬੂ ਕਰਕੇ 1 ਚੋਰੀ ਦੀ ਸਕੂਟਰੀ ਬ੍ਰਾਮਦ ਹੋਈ।

## ਗੁਰਲਾਲ ਘਨੌਰ ਵੱਲੋਂ ਕੇਜਰੀਵਾਲ ਤੇ ਭਗਵੰਤ ਮਾਨ ਨਾਲ ਮੁਲਾਕਾਤ

### ☛ਵਿਧਾਇਕ ਨੇ ਘਨੌਰ ਨੂੰ ਨਮੂਨੇ ਵਾਲਾ ਹਲਕਾ ਬਣਾਉਣ ਲਈ ਕੀਤੀ ਗੱਲਬਾਤ



ਘਨੌਰ, 26 ਮਈ (ਮਦਨ ਲਾਲ) : ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਤੇ ਦਿੱਲੀ ਦੇ ਸਾਬਕਾ ਮੁੱਖ ਮੰਤਰੀ ਸ੍ਰੀ ਅਰਵਿੰਦ ਕੇਜਰੀਵਾਲ ਅਤੇ ਪੰਜਾਬ ਦੇ ਮੁੱਖ ਮੰਤਰੀ ਸ਼੍ਰ ਭਗਵੰਤ ਸਿੰਘ ਮਾਨ ਬੀਤੇ ਦਿਨੀਂ ਪਟਿਆਲਾ ਪਹੁੰਚੇ। ਇਸ ਮੌਕੇ ਕਬੱਡੀ ਐਸੋਸੀਏਸ਼ਨ ਪੰਜਾਬ ਦੇ ਪ੍ਰਧਾਨ ਵਿਧਾਇਕ ਗੁਰਲਾਲ ਘਨੌਰ ਨੇ ਦੋਹਾਂ ਆਗੂਆਂ ਦਾ ਗੁਲਦਸਤੇ ਦੇ ਕੇ ਸਵਾਗਤ ਕੀਤਾ ਅਤੇ ਘਨੌਰ ਹਲਕੇ ਦੇ ਵਿਕਾਸ ਸਬੰਧੀ ਮਹੱਤਵਪੂਰਨ ਯੋਜਨਾਵਾਂ 'ਤੇ ਚਰਚਾ ਕੀਤੀ। ਉਨ੍ਹਾਂ ਨੇ ਕਿਹਾ ਕਿ ਉਨ੍ਹਾਂ ਦਾ ਟੀਚਾ ਹਲਕੇ ਘਨੌਰ ਨੂੰ ਉਦਯੋਗਿਕ ਪੱਖੋਂ ਮਜ਼ਬੂਤ ਕਰਕੇ ਪੰਜਾਬ ਦੇ ਹੋਰ ਹਲਕਿਆਂ ਲਈ ਨਮੂਨਾ ਬਣਾਉਣਾ ਹੈ। ਇਸ ਸਬੰਧੀ ਵਿਧਾਇਕ ਗੁਰਲਾਲ ਘਨੌਰ ਨੇ ਦੱਸਿਆ ਕਿ ਉਨ੍ਹਾਂ ਗੱਲਬਾਤ ਦੌਰਾਨ ਹਲਕੇ ਵਿੱਚ ਨਵੇਂ ਉਦਯੋਗ ਲਿਆਉਣ 'ਤੇ ਚਰਚਾ ਕੀਤੀ, ਜਿਸ ਨਾਲ ਨੌਜਵਾਨਾਂ ਨੂੰ ਵੱਧ ਤੋਂ ਵੱਧ ਰੋਜ਼ਗਾਰ ਦੇ ਮੌਕੇ ਮਿਲ ਸਕਣਗੇ। ਇਸ ਦੌਰਾਨ ਵਿਧਾਇਕ ਘਨੌਰ ਨੇ ਹਲਕੇ ਵਿੱਚ ਸਿੱਖਿਆ ਖੇਤਰ ਵਿੱਚ ਆ ਰਹੇ ਬਦਲਾਅ ਅਤੇ ਨਸ਼ਿਆਂ ਵਿਰੁੱਧ ਸਰਕਾਰ ਵੱਲੋਂ ਚਲਾਈ ਜਾ ਰਹੀ ਮੁਹਿੰਮ ਬਾਰੇ ਵੀ ਦੋਹਾਂ ਨੇਤਾਵਾਂ ਨਾਲ ਚਰਚਾ ਕੀਤੀ । ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸੂਬੇ ਵਿਚ ਹਰੇਕ ਹਲਕੇ ਦੀ ਤਰੱਕੀ ਲਈ ਇੱਕ ਵਿਸ਼ੇਸ਼ ਰਣਨੀਤੀ ਤਹਿਤ ਕੰਮ ਕੀਤਾ ਜਾ ਰਿਹਾ ਹੈ, ਜਿਸ ਵਿਚ ਘਨੌਰ ਹਲਕੇ ਨੂੰ ਮਾਡਲ ਹਲਕੇ ਵਜੋਂ ਵਿਕਸਤ ਕਰਨਾ ਸਰਕਾਰ ਦੀ ਪ੍ਰਾਥਮਿਕਤਾ ਵਿੱਚ ਸ਼ਾਮਲ ਹੈ। ਇਸ ਮੌਕੇ ਵਿਧਾਇਕ ਗੁਰਲਾਲ ਘਨੌਰ ਨੇ ਦੋਹਾਂ ਨੇਤਾਵਾਂ ਨੂੰ ਵਿਸ਼ਵਾਸ ਦਿਵਾਇਆ ਕਿ ਉਹ ਹਮੇਸ਼ਾ ਲੋਕਾਂ ਦੀ ਆਵਾਜ਼ ਬਣ ਕੇ ਕੰਮ ਕਰਦੇ ਰਹਿਣਗੇ ਅਤੇ ਹਲਕਾ ਘਨੌਰ ਸਮੇਤ ਪੰਜਾਬ ਨੂੰ ਨਸ਼ਾਮੁਕਤ, ਪੜ੍ਹਿਆ-ਲਿਖਿਆ ਅਤੇ ਖੇਡਾਂ ਪੱਖੋਂ ਤਰੱਕੀਸ਼ੀਲ ਬਣਾਉਣ ਲਈ ਹਰੇਕ ਸੰਭਵ ਯਤਨ ਜਾਰੀ ਰੱਖਣਗੇ।

## ਡਾ. ਬੀ. ਐਸ. ਸੰਧੂ ਸਕੂਲ ਦੇ ਵਿਦਿਆਰਥੀਆਂ ਵੱਲੋਂ ਸੋਸ਼ਲ ਸਾਇੰਸ ਮਾਡਲ ਪ੍ਰਦਰਸ਼ਨੀ




ਦੇਵੀਗੜ੍ਹ, 26 ਮਈ (ਗੁਰਜੀਤ ਸਿੰਘ ਢੋਟ): ਡਾ. ਬੀ ਐੱਸ ਸੰਧੂ ਮੈਮੋਰੀਅਲ ਪਬਲਿਕ ਸਕੂਲ, ਘੜਾਮ ਰੋਡ ਜੁਲਾਹ ਖੇੜੀ ਵਿਖੇ ਸਕੂਲ ਦੇ ਵਿਦਿਆਰਥੀਆਂ ਵੱਲੋਂ ਸਮਾਜਿਕ ਵਿਗਿਆਨ ਵਿਸ਼ੇ ਨਾਲ ਸੰਬੰਧਿਤ ਪ੍ਰਦਰਸ਼ਨੀ ਲਗਾ ਕੇ ਸਭ ਦਾ ਮਨ ਮੋਹ ਲਿਆ। ਇਹ ਪ੍ਰਦਰਸ਼ਨੀ ਅਧਿਆਪਕ ਅਤੇ ਮਾਤਾ - ਪਿਤਾ ਦੀ ਮੀਟਿੰਗ ਦੇ ਦੌਰਾਨ ਲਗਾਈ ਗਈ। ਇਸ ਵਿਸ਼ੇਸ਼ ਪ੍ਰੋਗਰਾਮ ਵਿੱਚ ਵਿਦਿਆਰਥੀਆਂ ਨੇ ਸਮਾਜਿਕ ਵਿਗਿਆਨ ਦੇ ਵੱਖ-ਵੱਖ ਵਿਸ਼ਿਆਂ ਨੂੰ ਰਚਨਾਤਮਕ ਢੰਗ ਨਾਲ ਚਿੱਤਰਾਂ, ਮਾਡਲਾਂ ਅਤੇ ਪੋਸਟਰਾਂ ਰਾਹੀਂ ਦਰਸਾਇਆ। ਵਿਦਿਆਰਥੀਆਂ ਨੇ ਇਤਿਹਾਸਕ ਘਟਨਾਵਾਂ, ਭੂਗੋਲਕ ਢਾਂਚਿਆਂ, ਨਾਗਰਿਕ ਹੱਕਾਂ ਅਤੇ ਕਰਤਵਾਂ, ਆਧੁਨਿਕ ਸਮਾਜਕ ਮੁੱਦਿਆਂ ਤੇ ਰੋਸ਼ਨੀ ਵੀ ਪਾਈ। ਮਾਤਾ-ਪਿਤਾ ਅਤੇ ਅਧਿਆਪਕਾਂ ਨੇ ਵਿਦਿਆਰਥੀਆਂ ਦੀ ਇਸ ਕੋਸ਼ਿਸ਼ ਦੀ ਸ਼ਲਾਘਾ ਕੀਤੀ। ਸਕੂਲ ਦੇ ਪ੍ਰਿੰਸੀਪਲ ਰਜਿੰਦਰ ਕੌਰ ਸੰਧੂ ਨੇ ਕਿਹਾ ਕਿ ਇਸ ਤਰ੍ਹਾਂ ਦੀਆਂ ਗਤੀਵਿਧੀਆਂ ਨਾ ਸਿਰਫ਼ ਵਿਦਿਆਰਥੀਆਂ ਦੀਆਂ ਸਰਜਨਾਤਮਕ ਸਮਰੱਥਾਵਾਂ ਨੂੰ ਉਭਾਰਦੀਆਂ ਹਨ, ਸਗੋਂ ਉਹਨਾਂ ਵਿੱਚ ਸਮਾਜਿਕ ਜਾਗਰੂਕਤਾ ਵੀ ਪੈਦਾ ਕਰਦੀਆਂ ਹਨ। ਇਸ ਮੌਕੇ ਪ੍ਰਿੰਸੀਪਲ ਮੈਡਮ ਰਜਿੰਦਰ ਕੌਰ ਸੰਧੂ ਨੇ ਕਿਹਾ ਕਿ ਬੱਚਿਆਂ ਨੂੰ ਵਿਦਿਆ ਦੇ ਨਾਲ ਨਾਲ ਹਰ ਖੇਤਰ ਵਿੱਚ ਅੱਗੇ ਵਧਣਾ ਚਾਹੀਦਾ ਹੈ ਤਾਂ ਜੋ ਭਵਿੱਖ ਵਿੱਚ ਹੋਰ ਵੀ ਕਾਮਯਾਬੀਆਂ ਹਾਸਲ ਕੀਤੀਆਂ ਜਾ ਸਕਣ।

## ਪਿੰਡ ਨਨਹੇੜਾ ਦੇ ਸਕੂਲ ਨੂੰ ਦਾਨ ਕੀਤਾ ਵਾਟਰ ਕੂਲਰ




ਘਨੌਰ, 26 ਮਈ (ਰਾਜਿੰਦਰ ਸਿੰਘ ਕੰਬੋਜ) : ਸਰਕਾਰੀ ਐਲੀਮੈਂਟਰੀ ਸਕੂਲ ਪਿੰਡ ਨਨਹੇੜਾ ਦੇ ਸਕੂਲ ਵਿੱਚ ਪੜ੍ਹ ਕੇ ਗਿਆ ਪਿੰਡ ਖੇੜੀ ਗੁਰਨਾ ਦੇ ਵਿਦਿਆਰਥੀ ਕੰਵਰਪਾਲ ਸਿੰਘ ਥਿੰਦ ਨੇ ਪਿੰਡ ਨਨਹੇੜਾ ਦੇ ਸਰਕਾਰੀ ਐਲੀਮੈਂਟਰੀ ਸਕੂਲ ਦੇ ਵਿੱਚ ਆ ਕੇ ਆਪਣੀਆਂ ਪੁਰਾਣੀਆਂ ਯਾਦਾਂ ਤਾਜ਼ੀਆਂ ਕੀਤੀਆਂ ਅਤੇ ਸਕੂਲ ਵਿੱਚ ਪੜ੍ਹਨ ਵਾਲੇ ਬੱਚਿਆ ਲਈ ਗਰਮੀ ਵਿੱਚ ਠੰਢਾ ਪਾਣੀ ਪੀਣ ਵਾਸਤੇ ਬੱਚਿਆਂ ਦੇ ਲਈ ਵਾਟਰ ਕੂਲਰ ਦਾਨ ਕੀਤਾ। ਇਸ ਮੌਕੇ ਪਿੰਡ ਨਨਹੇੜਾ ਦੇ ਸਰਪੰਚ ਤਰਸੇਮ ਸਿੰਘ ਅਤੇ ਸਕੂਲ ਦੇ ਸਮੂਹ ਸਟਾਫ ਨੇ ਕੰਵਰਪਾਲ ਸਿੰਘ ਥਿੰਦ ਦਾ ਧੰਨਵਾਦ ਕੀਤਾ।

## ਜਾਗਦੇ ਰਹੋ ਕਲੱਬ ਵੱਲੋਂ ਮਨਜਿੰਦਰ ਸਿੰਘ ਦਾ ਸਨਮਾਨ



ਸਨੌਰ, 26 ਮਈ (ਗੁਰਜੀਤ ਢੋਟ) : ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ ਸੈਕਟਰ-16-ਡੀ ਚੰਡੀਗੜ੍ਹ ਦੇ ਹੋਣਹਾਰ ਵਿਦਿਆਰਥੀ ਮਨਜਿੰਦਰ ਸਿੰਘ ਸਪੁੱਤਰ ਬਲਵੀਰ ਸਿੰਘ ਵਾਸੀ ਪਿੰਡ ਕਰਨਪੁਰ ਜ਼ਿਲ੍ਹਾ ਪਟਿਆਲਾ ਦਾ ਜਾਗਦੇ ਰਹੋ ਕਲੱਬ, ਸ੍ਰੀ ਗੁਰੂ ਹਰਕ੍ਰਿਸ਼ਨ ਸਾਹਿਬ ਸੇਵਕ ਜੱਥਾ ਡੇਰਾਬੱਸੀ ਅਤੇ ਜਾਗਰੂਕਤਾ ਲਹਿਰ ਸੋਸਲ ਵੈੱਲਫੇਅਰ ਸੁਸਾਇਟੀ ਭਾਂਖਰਪੁਰ ਵੱਲੋਂ ਸਾਂਝੇ ਤੌਰ ਤੇ ਵਿਸ਼ੇਸ਼ ਸਨਮਾਨ ਕੀਤਾ ਗਿਆ। ਵਿਦਿਆਰਥੀ ਮਨਜਿੰਦਰ ਸਿੰਘ ਨੇ ਸੀ.ਬੀ.ਐਸੀ.ਸੀ.ਬੋਰਡ ਤੋਂ ਬਾਰਵੀਂ ਜਮਾਤ ਮੈਡੀਕਲ ਵਿੱਚ 93% ਨੰਬਰ ਲੈ ਕੇ ਸਕੂਲ ਅਤੇ ਆਪਣੇ ਮਾਤਾ ਪਿਤਾ ਤੇ ਆਪਣੇ ਪਿੰਡ ਕਰਨਪੁਰ ਦਾ ਨਾਮ ਰੌਸ਼ਨ ਕੀਤਾ ਹੈ। ਸਮਾਜ ਸੇਵੀ ਸੰਸਥਾਵਾਂ ਵੱਲੋਂ ਪਰਿਵਾਰ ਨੂੰ ਸ਼ੁਭਕਾਮਨਾਵਾਂ ਦਿੱਤੀਆਂ,ਤੇ ਮਨਜਿੰਦਰ ਸਿੰਘ ਦਾ ਹੌਂਸਲਾ ਵਧਾਉਂਦੇ ਹੋਏ,ਕਿਹਾ ਕਿ ਇਹੋ ਜਿਹੇ ਬੱਚੇ ਹੀ ਹਮੇਸ਼ਾ ਆਪਣੇ ਮਾਤਾ ਪਿਤਾ ਅਤੇ ਦੇਸ਼ ਦਾ ਨਾਮ ਰੌਸ਼ਨ ਕਰਦੇ ਹਨ ।ਜਿਸ ਤੇ ਹਮੇਸ਼ਾ ਸਕੂਲ ਅਤੇ ਮਾਤਾ ਪਿਤਾ ਨੂੰ ਮਾਣ ਪ੍ਰਾਪਤ ਹੁੰਦਾ ਹੈ,ਤੇ ਭਵਿੱਖ ਵਿੱਚ ਦੇਸ਼ ਦਾ ਨਾਮ ਵੀ ਰੌਸ਼ਨ ਕਰਦੇ ਹਨ ।ਇਸ ਮੌਕੇ ਪਿਤਾ ਬਲਬੀਰ ਸਿੰਘ ਕਰਨਪੁਰ, ਅਰਵਿੰਦਰ ਸਿੰਘ ਖਾਲਸਾ,ਅਰਮਿੰਦਰ ਸਿੰਘ ਆਸੂ, ਦੀਪਕ ਅਤੇ ਚਰਨਜੀਤ ਸਿੰਘ ਜਾਗਦੇ ਰਹੋ ਹਾਜਰ ਸੀ।

## ਸਿਹਤ ਮੰਤਰੀ ਵੱਲੋਂ ਕੌਮੀ ਟੀ.ਬੀ. ਰੋਗ ਖ਼ਾਤਮਾ ਪ੍ਰੋਗਰਾਮ ਤਹਿਤ ਬੀ-ਪਾਲ ਰੈਜੀਮੈਨ ਸਿਖਲਾਈ ਪ੍ਰੋਗਰਾਮ ਦਾ ਉਦਘਾਟਨ

### ਸੂਬੇ ਨੂੰ ਟੀ.ਬੀ. ਮੁਕਤ ਕਰਨ 'ਚ ਸਹਾਈ ਹੋਵੇਗੀ ਬੀ-ਪਾਲ ਰੈਜੀਮੈਨ ਤਕਨੀਕ : ਡਾ. ਬਲਬੀਰ ਸਿੰਘ



ਪਟਿਆਲਾ, 26 ਮਈ (ਰੁਪਾਣਾ) : ਪ੍ਰੋਗਰਾਮ (ਐਨਟੀਈਪੀ) ਤਹਿਤ ਬੀ-ਪਾਲ ਰੈਜੀਮੈਨ ਸਿਖਲਾਈ ਸੈਸ਼ਨ ਦਾ ਉਦਘਾਟਨ ਕੀਤਾ। ਸਿਖਲਾਈ ਪ੍ਰੋਗਰਾਮ 'ਚ ਸੂਬੇ ਭਰ ਦੇ ਟੀ.ਬੀ. ਨੋਡਲ ਅਫ਼ਸਰਾਂ ਨੇ ਸ਼ਮੂਲੀਅਤ ਕਰਕੇ ਬੀ-ਪਾਲ ਰੈਜੀਮੈਨ ਨਾਲ ਟੀ.ਬੀ. ਦੀ ਬਿਮਾਰੀ ਵਿੱਚ ਹੋਣ ਵਾਲੇ ਸੁਧਾਰਾਂ 'ਤੇ ਚਰਚਾ ਕੀਤੀ। ਇਸ ਮੌਕੇ ਸੰਬੋਧਨ ਕਰਦਿਆਂ ਡਾ. ਬਲਬੀਰ ਸਿੰਘ ਨੇ ਕਿਹਾ ਕਿ ਸਿਹਤ ਵਿਭਾਗ ਦਾ ਟੀਚਾ ਸੂਬੇ ਨੂੰ ਟੀ.ਬੀ. ਮੁਕਤ ਕਰਨ ਦਾ ਹੈ ਅਤੇ ਬੀ-ਪਾਲ ਰੈਜੀਮੈਨ ਇਸ ਟੀਚੇ ਦੀ ਪ੍ਰਾਪਤ ਵਿੱਚ ਅਹਿਮ ਭੂਮਿਕਾ ਨਿਭਾਏਗੀ। ਉਨ੍ਹਾਂ ਕਿਹਾ ਕਿ ਸਿਖਲਾਈ ਨੂੰ ਦੁਵੱਲੀ ਵਾਰਤਾ ਅਤੇ ਹੱਲ-ਮੁਖੀ ਬਣਾਉਣ ਲਈ ਤਿਆਰ ਕੀਤਾ ਗਿਆ ਹੈ, ਜਿਸ ਦਾ ਉਦੇਸ਼ ਟੀ.ਬੀ ਅਧਿਕਾਰੀਆਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਲਈ ਲੋੜੀਂਦੇ ਗਿਆਨ ਅਤੇ ਸਾਧਨਾਂ ਨਾਲ ਲੈਸ ਕਰਨਾ ਹੈ। ਡਾ. ਬਲਬੀਰ ਸਿੰਘ ਨੇ ਦੱਸਿਆ ਕਿ ਪਹਿਲਾਂ, ਮਲਟੀ ਡਰੱਗ-ਰੋਧਕ ਟੀ.ਬੀ , ਜਿਸ ਨੂੰ ਆਮ ਤੌਰ 'ਤੇ 'ਬੜੀ ਟੀਬੀ' ਕਿਹਾ ਜਾਂਦਾ ਹੈ, ਤੋਂ ਪੀੜਤ ਮਰੀਜ਼ਾਂ ਨੂੰ 18 ਤੋਂ 20 ਮਹੀਨਿਆਂ ਤੱਕ ਚੱਲਣ ਵਾਲਾ ਇੱਕ ਲੰਮਾ ਅਤੇ ਮੁਸ਼ਕਲ ਇਲਾਜ ਕੋਰਸ ਕਰਨਾ ਪੈਂਦਾ ਸੀ, ਲੰਮਾ ਇਲਾਜ ਹੋਣ ਕਾਰਨ ਕਈ ਵਾਰ ਮਰੀਜ਼ ਕੋਰਸ ਪੂਰਾ ਨਹੀਂ ਕਰਦਾ ਸੀ, ਜਿਸ ਕਾਰਨ ਮਰੀਜ਼ 'ਤੇ ਮਾੜੇ ਪ੍ਰਭਾਵ ਹੁੰਦੇ ਸਨ। ਉਨ੍ਹਾਂ ਦੱਸਿਆ ਕਿ ਨਵੀਂ ਬੀ-ਪਾਲ ਵਿਧੀ, ਜਿਸ ਵਿੱਚ ਬੇਡਾਕੁਲੀਨ, ਪ੍ਰੀਟੋਮੈਨਿਡ, ਲਾਈਨਜ਼ੋਲਿਡ, ਅਤੇ ਮੋਕਸੀਫਲੋਕਸਸੀਨ ਸ਼ਾਮਲ ਹਨ, ਇਹ ਇਲਾਜ ਦੀ ਮਿਆਦ ਸਿਰਫ ਛੇ ਮਹੀਨਿਆਂ ਤੱਕ ਕਰ ਦਿੰਦੀ ਹੈ, ਜਿਸ ਦੇ ਬਿਹਤਰ ਨਤੀਜੇ ਅਤੇ ਘੱਟ ਪੇਚੀਦਗੀਆਂ ਮਿਲਦੀਆਂ ਹਨ। ਉਨ੍ਹਾਂ ਕਿਹਾ ਕਿ ਬੀ-ਪਾਲ ਤਕਨੀਕ ਦਾ ਲਾਭ ਸੂਬੇ ਦੇ ਐਮ.ਡੀ.ਆਰ. ਟੀ.ਬੀ. ਮਰੀਜ਼ਾਂ ਨੂੰ ਸਿੱਧਾ ਅਤੇ ਤੁਰੰਤ ਮਿਲੇਗਾ। ਇਸ ਮੌਕੇ ਮੈਡੀਕਲ ਸੁਪਰਡੈਂਟ ਅਤੇ ਸਿਖਲਾਈ ਪ੍ਰਬੰਧਕ ਡਾ. ਵਿਸ਼ਾਲ ਚੋਪੜਾ ਨੇ ਭਾਗੀਦਾਰਾਂ ਨੂੰ ਸਿਖਲਾਈ ਪ੍ਰੋਗਰਾਮ ਬਾਰੇ ਜਾਣਕਾਰੀ ਦਿੱਤੀ, ਜਦੋਂਕਿ ਡਾਇਰੈਕਟਰ ਪਰਿਵਾਰ ਭਲਾਈ ਡਾ. ਜਗਮਿੰਦਰ ਨੇ ਰਾਜ ਟੀ.ਬੀ ਪ੍ਰੋਗਰਾਮ ਦੀ ਸੰਖੇਪ ਜਾਣਕਾਰੀ ਸਾਂਝੀ ਕੀਤੀ। ਰਾਜ ਟੀ.ਬੀ ਅਧਿਕਾਰੀ ਡਾ. ਰਾਜੇਸ਼ ਭਾਸਕਰ ਨੇ ਬੀ-ਪਾਲ ਪ੍ਰਣਾਲੀ ਬਾਰੇ ਵਿਸਤ੍ਰਿਤ ਜਾਣਕਾਰੀ ਪ੍ਰਦਾਨ ਕੀਤੀ। ਇਸ ਦੌਰਾਨ ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਟੀ.ਬੀ. ਦੇ ਦੋ ਮਰੀਜ਼ਾਂ ਨੂੰ ਬੀ-ਪਾਲ ਤਕਨੀਕ ਨਾਲ ਇਲਾਜ ਕਰਨ ਦੀ ਸ਼ੁਰੂਆਤ ਕੀਤੀ। ਇਸ ਮੌਕੇ ਉਨ੍ਹਾਂ ਟੀ.ਬੀ. ਹਸਪਤਾਲ ਵਿਖੇ ਇਲਾਜ ਕਰਵਾਉਣ ਆਏ ਮਰੀਜ਼ਾਂ ਨਾਲ ਗੱਲਬਾਤ ਕੀਤੀ। ਟਰੇਨਿੰਗ ਮੌਕੇ ਸਰਕਾਰੀ ਮੈਡੀਕਲ ਕਾਲਜ ਦੇ ਡਾਇਰੈਕਟਰ ਪ੍ਰਿੰਸੀਪਲ ਡਾ.ਆਰ.ਪੀ.ਐਸ ਸਿਬੀਆ, ਸਿਵਲ ਸਰਜਨ ਡਾ: ਜਗਪਾਲਇੰਦਰ ਸਿੰਘ, ਡਾ. ਸਾਰਿਤ ਸ਼ਰਮਾ, ਡਾ. ਵਿਧੂ ਮਿੱਤਲ, ਡਾ: ਕ੍ਰਾਂਤੀ ਗਰਗ, ਡਾ. ਪਰਿਤੋਸ਼ ਧਵਨ, ਡਾ. ਪੂਜਾ ਕਪੂਰ, ਡਾ. ਸੁਦੇਸ਼ ਕੁਮਾਰੀ, ਡਾ: ਕਿਰਨਜੀਤ ਕੌਰ ਵੀ ਹਾਜ਼ਰ ਸਨ ।

## ਸੁਰੱਖਿਅਤ ਭਵਿੱਖ ਲਈ ਟ੍ਰੈਫ਼ਿਕ, ਫਸਟ ਏਡ ਤੇ ਫਾਇਰ ਸੇਫਟੀ ਟ੍ਰੇਨਿੰਗ ਜ਼ਰੂਰੀ : ਅਜੀਤ ਕੌਰ




ਪਟਿਆਲਾ, 26 ਮਈ (ਚ.ਨ.ਸ.) : ਪੰਜਾਬ ਸਰਕਾਰ , ਡਿਪਟੀ ਕਮਿਸ਼ਨਰ ਅਤੇ ਸੀਨੀਅਰ ਕਪਤਾਨ ਪੁਲਿਸ ਪਟਿਆਲਾ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ ਸਕੂਲਾਂ ਵਿਖੇ ਵਿਦਿਆਰਥੀਆਂ ਨੂੰ ਆਵਾਜਾਈ ਨਿਯਮਾਂ, ਕਾਨੂੰਨਾਂ, ਫਰਜ਼ਾਂ, ਨਸ਼ਿਆਂ, ਅਪਰਾਧਾਂ, ਕਿਡਨੈਪਿੰਗ ਅਤੇ ਫਸਟ ਏਡ ਸੀ ਪੀ ਆਰ ਫਾਇਰ ਸੇਫਟੀ ਦੀ ਜਾਣਕਾਰੀ ਦੇਣ ਅਤੇ ਨੌਜਵਾਨਾਂ ਨੂੰ ਪੀੜਤਾਂ ਦੇ ਮਦਦਗਾਰ ਫ਼ਰਿਸ਼ਤੇ ਬਣਾਉਣ ਲਈ ਜੰਗੀ ਪੱਧਰ 'ਤੇ ਯਤਨ ਕੀਤੇ ਜਾ ਰਹੇ ਹਨ। ਇਸੇ ਸਬੰਧ ਵਿੱਚ ਆਵਾਜਾਈ ਸਿੱਖਿਆ ਸੈਲ ਦੇ ਸਬ ਇੰਸਪੈਕਟਰ ਅਜੀਤ ਕੌਰ ਅਤੇ ਏ ਐਸ ਆਈ ਰਾਮ ਸ਼ਰਨ ਵੱਲੋਂ ਗ੍ਰੀਨਲੈਂਡ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਵਿਖੇ ਇਨ੍ਹਾਂ ਵਿਸ਼ਿਆਂ ਬਾਰੇ ਜਾਗਰੂਕ ਕਰਨ ਲਈ ਪ੍ਰਿੰਸੀਪਲ ਸ਼੍ਰੀਮਤੀ ਮੰਜੂ ਗਰਗ ਦੀ ਅਗਵਾਈ ਹੇਠ ਪ੍ਰੋਗਰਾਮ ਕਰਵਾਏ। ਕੁਝ ਸਕੂਲਾਂ ਦੇ ਵਿਦਿਆਰਥੀਆਂ ਨੂੰ ਬਹੁਤ ਵਧੀਆ ਜਾਣਕਾਰੀ ਪਹਿਲਾਂ ਤੋਂ ਹੀ ਹੁੰਦੀ ਹੈ। ਬੱਚਿਆਂ ਨੇ ਟ੍ਰੈਫਿਕ ਨਿਯਮਾਂ, ਕਾਨੂੰਨਾਂ, ਫਸਟ ਏਡ, ਸੀ ਪੀ ਆਰ, ਫਾਇਰ ਸੇਫਟੀ ਦੇ ਨਾਲ ਹੱਥਾਂ ਨਾਲ ਕੀਤੇ ਜਾਣ ਵਾਲੇ ਟ੍ਰੈਫਿਕ ਇਸ਼ਾਰਿਆਂ ਦੇ ਪ੍ਰਦਰਸ਼ਨ ਕੀਤੇ। ਧੰਨਵਾਦ ਕਰਦੇ ਹੋਏ ਕਿਹਾ ਕਿ ਪ੍ਰਿੰਸੀਪਲ ਸ਼੍ਰੀਮਤੀ ਮੰਜੂ ਗਰਗ ਜੀ ਵੱਲੋਂ ਸਮੇਂ ਸਮੇਂ ਕਾਕਾ ਰਾਮ ਵਰਮਾ ਅਤੇ ਦੂਜੇ ਵਿਸ਼ਾ ਮਾਹਿਰਾਂ ਰਾਹੀਂ, ਸਬੰਧਤ ਵਿਸ਼ਿਆਂ ਬਾਰੇ ਜਾਣਕਾਰੀਆ ਦਿਲਵਾਈਆਂ ਜਾਂਦੀਆਂ ਹਨ। ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਪ੍ਰਸ਼ੰਸਾ ਪੱਤਰ ਅਤੇ ਮੈਡਲ ਦੇ ਕੇ ਸਨਮਾਨਿਤ ਕੀਤਾ ਗਿਆ।

## ਸਾਬਕਾ ਮੰਤਰੀ ਧਰਮਸੋਤ ਵੱਲੋਂ ਕੀਤੀ 'ਸੰਵਿਧਾਨ ਬਚਾਓ' ਰੈਲੀ ਨੇ ਸਿਰਜਿਆ ਇਤਿਹਾਸ



ਨਾਭਾ, 26 ਮਈ (ਗੁਰਚਰਨ ਸਿੰਘ ਚੌਧਰੀਮਾਜਰਾ) : ਨਾਭਾ ਦੇ ਪੰਜਾਬ ਫਾਰਮ ਹਾਊਸ ਵਿਖੇ ਸਾਬਕਾ ਮੰਤਰੀ ਸਾਧੂ ਸਿੰਘ ਧਰਮਸੋਤ ਦੀ ਅਗਵਾਈ ਵਿੱਚ ਕਾਂਗਰਸ ਪਾਰਟੀ ਵਲੋਂ ਕੀਤੀ 'ਸੰਵਿਧਾਨ ਬਚਾਓ ਰੈਲੀ 'ਚ ਹੋਏ ਠਾਠਾਂ ਮਾਰਦੇ ਇਕੱਠ ਨੇ ਇਤਿਹਾਸ ਸਿਰਜ ਦਿੱਤਾ ਹਲਕੇ ਦੇ ਲੋਕਾਂ ਵਲੋਂ ਆਪ ਮੁਹਾਰੇ ਇਸ ਰੈਲੀ 'ਚ ਸ਼ਮੂਲੀਅਤ ਕੀਤੀ ਜਿਸ ਬਾਗੋ ਬਾਗ ਹੋਏ ਪਾਰਟੀ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਤੇ ਸਾਧੂ ਸਿੰਘ ਧਰਮਸੋਤ ਨੇ ਸੰਬੋਧਨ ਕਰਦਿਆਂ ਕਿਹਾ ਕਿ ਇਹ ਤਾਂ ਟਰੇਲਰ ਹੈ ਫ਼ਿਲਮ ਅਜੇ ਬਾਕੀ ਹੈ ।ਉਨ੍ਹਾਂ ਕਿਹਾ ਇਹ ਸੰਵਿਧਾਨ ਬਚਾਓ ਰੈਲੀ ਇਤਿਹਾਸਿਕ ਸਿੱਧ ਹੋਈ ਹੈ ਅਗਲੀ ਸਰਕਾਰ ਪੰਜਾਬ ਚ ਕਾਂਗਰਸ ਪਾਰਟੀ ਦੀ ਸਰਕਾਰ ਬਣੇਗੀ। ਇਸ ਰੈਲੀ ਨੂੰ ਮੈਂਬਰ ਪਾਰਲੀਮੈਂਟ ਡਾ. ਧਰਮਵੀਰ ਗਾਂਧੀ, ਸਾਬਕਾ ਮੰਤਰੀ ਕਾਕਾ ਰਣਦੀਪ ਸਿੰਘ, ਪੰਜਾਬ ਯੂਥ ਕਾਂਗਰਸ ਪ੍ਰਧਾਨ ਸ੍ਰੀ ਮੋਹਿਤ ਮੋਹਿੰਦਰਾ, ਸਾਬਕਾ ਵਿਧਾਇਕ ਮਦਨ ਜਲਾਲਪੁਰ,ਸਾਬਕਾ ਵਿਧਾਇਕ ਹਰਦਿਆਲ ਸਿੰਘ ਕੰਬੋਜ, ਮਹਿਲਾ ਕਾਂਗਰਸ ਪੰਜਾਬ ਪ੍ਰਧਾਨ ਗੁਰਸ਼ਰਨ ਕੌਰ ਰੰਧਾਵਾ, ਜ਼ਿਲਾ ਪ੍ਰਧਾਨ ਮਹੰਤ ਹਰਵਿੰਦਰ ਸਿੰਘ ਖਨੌੜਾ,ਜਿਲਾ ਚੈਅਰਮੈਨ ਐਸ ਸੀ ਡਿਪਾਰਮੈਂਟ ਕੁਲਵਿੰਦਰ ਸਿੰਘ ਸੁੱਖੇਵਾਲ, ਅਤੇ ਹੋਰ ਕਾਂਗਰਸ ਪਾਰਟੀ ਦੇ ਵੱਡੇ ਆਗੂ ਪਹੁੰਚ ਕੇ ਰੈਲੀ ਦੌਰਾਨ ਸੰਬੋਧਨ ਕੀਤਾ ਇਸ ਮੌਕੇ ਚੰਦਰੇਵਰ ਸਿੰਘ ਮੋਹੀ,ਸਟੇਟ ਕੋਆਰਡੀਨੇਟਰ ਓ ਬੀ ਸੀ ਭਗਵੰਤ ਸਿੰਘ ਮਣਕੂ, ਸਾਬਕਾ ਸੂਬਾ ਸਕੱਤਰ ਅਵਤਾਰ ਸਿੰਘ ਨੰਨੜੇ, ਚਰਨਜੀਤ ਬਾਤਿਸ਼ ਪੀ ਏ, ਸੀਨੀਅਰ ਆਗੂ ਹਰੀ ਕ੍ਰਿਸ਼ਨ ਸੇਠ, ਐਡਵੋਕੇਟ ਗੀਤ ਇਕਬਾਲ ਸਿੰਘ ਮਝੈਲ , ਸਾਬਕਾ ਚੈਅਰਮੈਨ ਜਗਜੀਤ ਸਿੰਘ ਦੁਲੱਦੀ, ਸਾਬਕਾ ਚੈਅਰਮੈਨ ਪਰਮਜੀਤ ਸਿੰਘ ਖਟੜਾ, ਸਾਬਕਾ ਚੈਅਰਮੈਨ ਇਛਿਆਮਾਨ ਸਿੰਘ ਭੋਜੋਮਾਜਰੀ, ਸਾਬਕਾ ਚੈਅਰਮੈਨ ਹਰਦੇਵ ਸਿੰਘ ਅਗੇਤੀ, ਇੰਦਰਜੀਤ ਚੀਕੂ ਸਾਬਕਾ ਸਰਪੰਚ ਥੂਹੀ, ਮਹਿਲਾ ਪ੍ਰਧਾਨ ਬਲਾਕ ਨਾਭਾ ਕਮਲੇਸ਼ ਕੌਰ ਗਿੱਲ,ਗੁਰਜੰਟ ਸਿੰਘ ਸਰਪੰਚ ਦੁਲੱਦੀ, ਸੂਬਾ ਜੂਆਇੰਟ ਸਕੱਤਰ ਇੰਦਰਪਾਲ ਚੀਮਾ, ਸਹਿਰੀ ਪ੍ਰਧਾਨ ਵਿਵੇਕ ਸਿੰਗਲਾ, ਦਿਹਾਤੀ ਪ੍ਰਧਾਨ ਬਿੱਟੂ ਢੀਂਗੀ, ਚੂੰਨੀ ਲਾਲ ਭਾਦਸੋਂ ਸਾਬਕਾ ਪ੍ਰਧਾਨ, ਗੁਰਦੀਪ ਸਿੰਘ ਸਾਧੋਹੇੜੀ ਸਾਬਕਾ ਸਰਪੰਚ, ਕਰਨੈਲ ਸਿੰਘ ਸੋਜਾਂ ਸੰਮਤੀ ਮੈਂਬਰ, ਗੁਰਪ੍ਰੀਤ ਸਿੰਘ ਜਾਤੀਵਾਲ ਸਾਬਕਾ ਸਰਪੰਚ, ਹਰਪਾਲ ਸਿੰਘ ਸਾਬਕਾ ਸਰਪੰਚ ਬਿਨਾਂ ਹੇੜੀ, ਇਸਰ ਸਿੰਘ ਕਕਰਾਲਾ, ਰਣਜੀਤ ਸਿੰਘ ਸੰਗਤਪੁਰਾ, ਯਾਦਵਿੰਦਰ ਸਿੰਘ ਨੰਬਰਦਾਰ, ਸਰਪੰਚ ਹਰਬੰਸ ਸਿੰਘ ਰੈਸਲ, ਰਘਬੀਰ ਸਿੰਘ ਖੱਟੜਾ,ਯੂਥ ਆਗੂ ਗੁਰਦਿੱਤ ਸੇਠ, ਮਾਨਵ ਤਲਵਾੜ, ਜਸਦੇਵ ਸਿੰਘ ਅਗੇਤੀ ਨੰਬਰਦਾਰ, ਭੀਮ ਸਿੰਘ ਸਰਪੰਚ ਬਨੇਰਾ ਕਲਾ, ਬਲਵਿੰਦਰ ਸਿੰਘ ਬਬਲਾ ਪਾਲੀਆ, ਸਾਬਕਾ ਸਰਪੰਚ ਸਵਰਨ ਸਿੰਘ ਰਾਮਗੜ, ਆਇਆ ਸਿੰਘ ਸਾਬਕਾ ਸਰਪੰਚ ਬਨੇਰਾ ਖੁਰਦ, ਗੁਲਾਬ ਸਿੰਘ ਸੁਰਾਜਪੁਰ, ਸੰਮਤੀ ਮੈਂਬਰ ਚਮਕੌਰ ਸਿੰਘ ਨਿੱਕੂ,ਅਮਰਿੰਦਰ ਸਿੰਘ ਯਸਰਪੰਚ ਖੋਖ, ਮਨਜਿੰਦਰ ਜ਼ਿੰਦਰੀ ਵਾਈਸ ਪ੍ਰਧਾਨ ਯੂਥ ਕਾਂਗਰਸ ਪੰਜਾਬ, ਵਾਈਸ ਪ੍ਰਧਾਨ ਯੂਥ ਕਾਂਗਰਸ ਪੰਜਾਬ ਮਨਜਿੰਦਰ ਜਿੰਦਰੀ, ਗੁਰਦੀਪ ਸਿੰਘ ਸਾਧੋਹੇੜੀ ਸਾਬਕਾ ਸਰਪੰਚ, ਹਰਬੰਸ ਸਿੰਘ ਸਰਪੰਚ ਰੈਸਲ, ਅਮਰੀਸ਼ ਜੱਸੋਮਜਾਰਾ, ਵਿਜੈ ਕੁਮਾਰ ਠੇਕੇਦਾਰ, ਲਾਲ ਸਿੰਘ ਟੋਹੜਾ ਸੀਨੀਅਰ ਕਾਂਗਰਸੀ, ਜ਼ਿਲ੍ਹਾ ਜਨਰਲ ਸੈਕਟਰੀ ਓ ਬੀ ਸੀ ਅਵਤਾਰ ਸਿੰਘ ਮਠਾੜੂ, ਕੁਲਵੀਰ ਸਿੰਘ ਗਦਾਈਆਂ ਆਦਿ ਤੋਂ ਇਲਾਵਾ ਪਿੰਡ ਵਾਸੀ ਮੌਜੂਦ ਸਨ।

## ਸਿਵਲ ਡਿਫੈਂਸ ਵਲੰਟੀਅਰਾਂ ਨੇ ਭਰਤੀ ਸਮੇਂ ਮੌਕ ਡਰਿੱਲ ਰਾਹੀਂ ਜਾਗਰੂਕਤਾ ਮੁਹਿੰਮ ਵਿੱਢੀ



ਪਟਿਆਲਾ, 26 ਮਈ (ਰੁਪਾਣਾ) : ਡਿਪਟੀ ਕਮਿਸ਼ਨਰ ਕਮ ਕੰਟਰੋਲਰ ਸਿਵਲ ਡਿਫੈਂਸ ਪਟਿਆਲਾ ਡਾ. ਪ੍ਰੀਤੀ ਯਾਦਵ ਦੀਆਂ ਹਦਾਇਤਾਂ ਅਨੁਸਾਰ ਸਿਵਲ ਡਿਫੈਂਸ ਵਲੰਟੀਅਰ ਭਰਤੀ ਸਮੇਂ ਮੌਕ ਡਰਿੱਲ ਰਾਹੀ ਜਾਗਰੂਕਤਾ ਮੁਹਿੰਮ ਵਿੱਢੀ ਗਈ ਹੈ। ਇੱਥੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਸ੍ਰੀ ਗੁਰੂ ਤੇਗ ਬਹਾਦੁਰ ਹਾਲ ਵਿਚ ਪੰਜਾਬ ਹੋਮ ਗਾਰਡ ਸਿਵਲ ਡਿਫੈਂਸ ਦੇ ਜ਼ਿਲ੍ਹਾ ਕਮਾਂਡਰ ਗੁਰਲਵਦੀਪ ਸਿੰਘ ਦੀ ਅਗਵਾਈ ਹੇਠ ਹਵਾਈ ਹਮਲੇ ਸਮੇਂ ਆਪਣੇ ਆਪ ਨੂੰ ਸੁਰੱਖਿਅਤ ਰੱਖਣ ਦੇ ਅਭਿਆਸ ਲਈ ਮੌਕ ਡਰਿੱਲ ਕੀਤੀ ਗਈ। ਇਸ ਸਬੰਧ ਵਿੱਚ ਇਕ ਸਾਇਰਨ ਵਜਾਇਆ ਗਿਆ, ਜਿਸ ਤੋਂ ਬਾਅਦ ਇਹ ਅਭਿਆਸ ਸ਼ੁਰੂ ਹੋਇਆ,ਜਿਸ ਵਿਚ ਸਿਵਿਲ ਡਿਫੈਂਸ ਵਲੰਟੀਅਰ ਵਜੋਂ ਸੇਵਾ ਕਰਨ ਆਏ ਵਿਅਕਤੀਆਂ ਨੇ ਹਿੱਸਾ ਲਿਆ। ਇਸੇ ਦੌਰਾਨ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਦੱਸਿਆ ਕਿ ਨਾਗਰਿਕ ਸੁਰੱਖਿਆ ਦੀ ਬਹੁਤ ਜ਼ਿਆਦਾ ਅਹਿਮੀਅਤ ਹੈ, ਇਸ ਲਈ ਸਿਵਿਲ ਡਿਫੈਂਸ ਨਿਸ਼ਕਾਮ ਸੇਵਾ ਵਲੰਟੀਅਰ ਭਰਤੀ ਹੋਣ ਲਈ ਲੋਕਾਂ ਵਿੱਚ ਉਤਸ਼ਾਹ ਪਾਇਆ ਜਾ ਰਿਹਾ ਹੈ। ਉਨ੍ਹਾਂ ਨੇ ਪਟਿਆਲਵੀਆਂ ਨੂੰ ਇਸ ਨੇਕ ਕਾਰਜ ਵਿੱਚ ਵੱਧ-ਚੜ੍ਹਕੇ ਅੱਗੇ ਆਉਣ ਦਾ ਸੱਦਾ ਵੀ ਦਿੱਤਾ। ਹਵਾਈ ਹਮਲੇ ਸਮੇਂ ਆਪਣੇ ਆਪ ਨੂੰ ਸੁਰੱਖਿਅਤ ਰੱਖਣ ਦੇ ਅਭਿਆਸ ਦੌਰਾਨ ਦੱਸਿਆ ਗਿਆ ਕਿ ਜੇਕਰ ਤੁਸੀਂ ਖੁੱਲ੍ਹੇ ਵਿੱਚ ਹੋ ਤਾਂ ਜਲਦੀ ਤੋਂ ਜਲਦੀ ਕਿਸੇ ਇਮਾਰਤ ਦੇ ਅੰਦਰ ਪਹੁੰਚੋ । ਜੇਕਰ ਬਹੁ ਮੰਜਲਾਂ ਇਮਾਰਤ ਵਿਚ ਹੋ ਤੇ ਹੇਠਲੇ ਤਲ 'ਤੇ ਆ ਜਾਓ। ਹਰ ਪ੍ਰਕਾਰ ਦੀਆਂ ਲਾਈਟਾਂ ਬੰਦ ਕਰ ਦਿਓ ਅਤੇ ਕੋਈ ਵੀ ਰੋਸ਼ਨੀ ਨਾ ਕਰੋ। ਜੇਕਰ ਤੁਹਾਡੇ ਨੇੜੇ ਇਮਾਰਤ ਨਹੀਂ ਹੈ ਤਾਂ ਕਿਸੇ ਦਰਖਤ ਦੇ ਥੱਲੇ ਓਟ ਲਵੋ।

ਜੇਕਰ ਤੁਸੀਂ ਵਾਹਨ ਚਲਾ ਰਹੇ ਹੋ ਤਾਂ ਵਾਹਨ ਛੱਡ ਕੇ ਥੱਲੇ ਆ ਜਾਓ। ਜੇਕਰ ਤੁਹਾਡੇ ਕੋਲ ਓਟ ਲੈਣ ਲਈ ਕੋਈ ਥਾਂ ਨਹੀਂ ਹੈ ਤਾਂ ਧਰਤੀ 'ਤੇ ਛਾਤੀ ਦੇ ਭਾਰ ਲੇਟ ਜਾਓ ਅਤੇ ਆਪਣੀਆਂ ਉਂਗਲਾਂ ਨਾਲ ਕੰਨ ਬੰਦ ਕਰ ਲਓ। ਇਸ ਸਮੇਂ ਦੌਰਾਨ ਕਿਸੇ ਵੀ ਪ੍ਰਕਾਰ ਦੀ ਰੌਸ਼ਨੀ ਨਾ ਕਰੋ। ਇਸ ਤੋਂ ਬਿਨਾਂ ਇਮਾਰਤ ਦੇ ਅੰਦਰ ਕਮਰੇ ਦੇ ਕੋਨੇ ਵਿੱਚ ਸ਼ਰਨ ਲਵੋ ਜਾਂ ਕੋਈ ਕੱਪ ਬੋਰਡ ਜਾਂ ਭਾਰੀ ਚੀਜ਼ ਹੈ, ਤਾਂ ਉਸਦੇ ਹੇਠਾਂ ਵੀ ਸ਼ਰਨ ਲਈ ਜਾ ਸਕਦੀ ਹੈ ਖਿੜਕੀਆਂ ਵਿੱਚ ਖੜੇ ਨਾ ਹੋਵੋ। ਗੈਸ ਪਾਣੀ ਅਤੇ ਬਿਜਲੀ ਦੀਆਂ ਸਵਿੱਚਾਂ ਬੰਦ ਕਰ ਦਿਓ। ਇਸ ਮੌਕੇ ਪਟਿਆਲਾ ਦੇ ਮੁੱਖ ਮੰਤਰੀ ਫੀਲਡ ਅਫ਼ਸਰ ਸਤੀਸ਼ ਚੰਦਰ, ਕੰਪਨੀ ਕਮਾਂਡਰ ਪੰਜਾਬ ਹੋਮ ਗਾਰਡ ਮੋਹਨਦੀਪ ਸਿੰਘ, ਸਿਵਲ ਡਿਫੈਂਸ ਫਸਟ ਏਡ ਟ੍ਰੇਨਰ ਅਤੇ ਪਲਾਟੂਨ ਕਮਾਂਡਰ ਤਰਵਿੰਦਰ ਸਿੰਘ, ਚੀਫ਼ ਵਾਰਡਨ ਸਿਵਿਲ ਡਿਫੈਂਸ ਪਟਿਆਲਾ ਕਮਰਜੀਤ ਸਿੰਘ ਸੇਖੋਂ, ਸੈਕਟਰੀ ਰੇਡ ਕਰਾਸ ਪ੍ਰਿਤਪਾਲ ਸਿੰਘ ਸਿੱਧੂ, ਐਚ ਐਸ ਕਰੀਰ ਅਤੇ ਜਸਪਾਲ ਸਿੰਘ, ਚੀਫ਼ ਫਾਇਰ ਅਫਸਰ ਰਾਜਿੰਦਰ ਕੌਸ਼ਲ ਨੇ ਸਮੂਹ ਲੋਕਾਂ ਨੂੰ ਇਨ੍ਹਾਂ ਹਦਾਇਤਾਂ ਦੀ ਪਾਲਣਾ ਕਰਨ ਦੀ ਅਪੀਲ ਕੀਤੀ।



# ਪਟਿਆਲਾ-ਆਸ/ਪਾਸ



## ਹਲਕੇ ਦੇ 127 ਪਿੰਡਾਂ ਦੇ 56 ਹਜ਼ਾਰ ਏਕੜ ਰਕਬੇ ਨੂੰ ਇੱਕ ਅਰਸੇ ਬਾਅਦ ਮਿਲੇਗਾ ਨਹਿਰੀ ਪਾਣੀ : ਪ੍ਰੋ. ਗੱਜਣਮਾਜਰਾ



ਮਲੇਰਕੋਟਲਾ, 26 ਮਈ (ਚ.ਨ.ਸ.) : ਮੁੱਖ ਮੰਤਰੀ ਸ੍ਰ ਭਗਵੰਤ ਸਿੰਘ ਮਾਨ ਦੇ ਸੁਪਨੇ, ਕਿ ਸੂਬੇ ਦੇ ਹਰੇਕ ਖੇਤ ਨੂੰ ਨਹਿਰੀ ਪਾਣੀ ਨਾਲ ਜੋੜਿਆ ਜਾਵੇ, ਨੂੰ ਪੂਰਾ ਕਰਨ ਵੱਲ ਇਕ ਕਦਮ ਹੋਰ ਅੱਗੇ ਵਧਾਉਂਦਿਆਂਹਲਕੇ ਦੇ 127 ਪਿੰਡਾਂ ਦੇ 56 ਹਜ਼ਾਰ ਏਕੜ ਰਕਬੇ ਨੂੰ ਇੱਕ ਅਰਸੇ ਬਾਅਦ ਨਹਿਰੀ ਪਾਣੀ ਨਾਲ 111 ਕਰੋੜ 34 ਲੱਖ ਰੁਪਏ ਦੀ ਯੋਜਨਾਂ ਨਾਲ ਜੋੜਿਆ ਜਾ ਰਿਹਾ ਹੈ । ਇਸ ਗੱਲ ਦੀ ਜਾਣਕਾਰੀ ਵਿਧਾਇਕ ਅਮਰਗੜ੍ਹ ਪ੍ਰੋਫੈਸਰ ਜਸਵੰਤ ਸਿੰਘ ਗੱਜਣਮਾਜਰਾ ਨੇ ਇਸ ਪ੍ਰੋਜੈਕਟ ਦੇ ਕੰਮਾਂ ਦੀ ਸਮੀਖਿਆ ਕਰਦਿਆਂ ਦਿੱਤੀ । ਉਨ੍ਹਾਂ ਸਬੰਧਤ ਵਿਭਾਗ ਦੇ ਅਧਿਕਾਰੀਆਂ ਨੂੰ 31 ਮਾਰਚ ਤੱਕ ਹਲਕੇ ਦੇ ਸਮੂਹ ਪਿੰਡਾਂ ਨੂੰ ਨਹਿਰੀ ਪਾਣੀ ਨਾਲ ਜੋੜਨ ਦੀ ਹਦਾਇਤ ਵੀ ਕੀਤੀ ।ਉਨ੍ਹਾਂ ਦੱਸਿਆ ਕਿ ਕੰਮਾਂ ਦੀ ਗੁਣਵੱਤਾ ਨੂੰ ਧਿਆਨ ਵਿੱਚ ਰੱਖਦੇ ਹੋਏ ਬਰਸਾਤਾਂ ਦੌਰਾਨ ਕੰਮ ਬੰਦ ਰਹੇਗਾ , ਉਸ ਉਪਰੰਤ ਕੰਮ ਦੇ ਮਿਆਰ ਨੂੰ ਧਿਆਨ ਵਿੱਚ ਰੱਖਦੇ ਹੋਏ ਤੁਰੰਤ ਕੰਮ ਸ਼ੁਰੂ ਕਰਨ ਦੇ ਆਦੇਸ਼ ਵੀ ਦਿੱਤੇ । ਇਸ ਮਹੱਤਵਪੂਰਨ ਪ੍ਰੋਜੈਕਟ ਦੇ ਮੁਕੰਮਲ ਹੋਣ ਉੱਤੇ ਖੁਸ਼ੀ ਜ਼ਾਹਿਰ ਕਰਦਿਆਂ ਉਨ੍ਹਾਂ ਦੱਸਿਆ ਕਿ ਸਥਾਨਕ ਲੋਕਾਂ ਦੇ ਦੱਸਣ ਮੁਤਾਬਿਕ ਇਸ ਮਾਈਨਰ (ਸੂਏ) ਵਿੱਚ ਇੱਕ ਅਰਸੇ ਤੋਂ ਕਦੇ ਵੀ ਪਾਣੀ ਚੱਲਦਾ ਨਹੀਂ ਦੇਖਿਆ ਗਿਆ ਪਿਛਲੀਆਂ ਸਰਕਾਰਾਂ ਦੀ ਅਣਦੇਖੀ ਕਾਰਨ ਹਲਕੇ ਦਾ ਹਜ਼ਾਰਾਂ ਏਕੜ ਰਕਬਾ ਨਹਿਰੀ ਪਾਣੀ ਤੋਂ ਸੱਖਣਾ ਹੀ ਰਿਹਾ। ਇਸ ਇਲਾਕੇ ਦੇ ਲੋਕ ਖੇਤੀਬਾੜੀ ਲਈ ਧਰਤੀ ਹੇਠਲੇ ਪਾਣੀ ਉੱਤੇ ਨਿਰਭਰ ਹੀ ਰਹੇ ਅਤੇ ਜਿਸ ਦੇ ਨਤੀਜੇ ਵਜੋਂ ਇਲਾਕੇ ਵਿੱਚ ਧਰਤੀ ਹੇਠਲਾ ਪਾਣੀ ਅੱਜ ਬਹੁਤ ਡੂੰਘਾ ਹੋ ਚੁੱਕਾ ਹੈ।ਇਲਾਕੇ ਦੇ ਲੋਕਾਂ ਨੇ ਕਈ ਵਾਰ ਉਹਨਾਂ ਸਾਹਮਣੇ ਇਹ ਮੁੱਦਾ ਉਠਾਇਆ ਸੀ ਅਤੇ ਉਹਨਾਂ ਨੇ ਵੀ ਚੋਣਾਂ ਦੌਰਾਨ ਲੋਕਾਂ ਨਾਲ ਵਾਅਦਾ ਕੀਤਾ ਸੀ ਕਿ ਇਸ ਮੰਗ ਨੂੰ ਪਹਿਲ ਦੇ ਆਧਾਰ ਉੱਤੇ ਪੂਰਾ ਕੀਤਾ ਜਾਵੇਗਾ।

## ਰਾਜਿੰਦਰ ਕੁਮਾਰ ਗਰਗ ਨੇ ਮੰਜਾਲ ਖ਼ੁਰਦ ਦੇ ਵਿਦਿਆਰਥੀਆਂ ਨੂੰ ਵਰਦੀਆਂ ਵੰਡੀਆਂ



ਭੁਨਰਹੇੜੀ, 26 ਮਈ (ਗੁਰਜੀਤ ਸਿੰਘ ਢੋਟ): ਅੱਜ ਸਰਕਾਰੀ ਐਲੀਮੈਂਟਰੀ ਸਕੂਲ ਮੰਜਾਲ ਖੁਰਦ ਵਿਖੇ ਸ੍ਰੀ ਰਜਿੰਦਰ ਕੁਮਾਰ ਗਰਗ ਅਤੇ ਸ੍ਰੀ ਅਨੀਸ਼ ਕੁਮਾਰ ਵੱਲੋਂ ਸਕੂਲ ਦੇ ਸਾਰੇ ਵਿਦਿਆਰਥੀਆਂ ਨੂੰ ਰੰਗਦਾਰ ਵਰਦੀਆਂ, ਬੂਟ, ਜੁਰਾਬਾਂ ਅਤੇ ਸਟੇਸ਼ਨਰੀ ਦਾ ਸਮਾਨ ਵੰਡਿਆ ਗਿਆ। ਉਹਨਾਂ ਕਿਹਾ ਕਿ ਬੱਚੇ ਦੇਸ਼ ਦਾ ਭਵਿੱਖ ਹਨ। ਉਹਨਾਂ ਵੱਲੋਂ ਵਿਦਿਆਰਥੀਆਂ ਨੂੰ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ ਗਈਆਂ। ਸ੍ਰੀ ਰਜਿੰਦਰ ਕੁਮਾਰ ਗਰਗ ਅਤੇ ਅਨੀਸ਼ ਕੁਮਾਰ ਵੱਲੋਂ ਵਿਸ਼ਵਾਸ ਦਿਵਾਇਆ ਗਿਆ ਕਿ ਸਕੂਲ ਅਤੇ ਵਿਦਿਆਰਥੀਆਂ ਦੀ ਹਰ ਕਿਸਮ ਦੀ ਸਹਾਇਤਾ ਲਈ ਹਾਜ਼ਰ ਹਾਂ। ਇਸ ਮੌਕੇ ਸਕੂਲ ਇੰਚਾਰਜ ਪੂਨਮ ਰਾਣੀ, ਗੁਰਜੰਟ ਸਿੰਘ, ਪਿੰਕੀ ਸ਼ਰਮਾ, ਸਰਪੰਚ ਕੁਲਵੀਰ ਕੌਰ ਅਤੇ ਪਿੰਡ ਦੇ ਹੋਰ ਪਤਵੰਤੇ ਸੱਜਣ ਵੀ ਮੌਜੂਦ ਸਨ।

## 110 ਨਸ਼ੀਲੀਆਂ ਗੋਲੀਆਂ ਬ੍ਰਾਮਦ

ਪਟਿਆਲਾ, 26 ਮਈ (ਵਿਨੋਦ ਸ਼ਰਮਾ) : ਥਾਣਾ ਅਨਾਜ ਮੰਡੀ ਪਟਿਆਲਾ ਪੁਲਿਸ ਨੇ ਕਥਿਤ ਦੋਸ਼ੀ ਤਰਸੇਮ ਸਿੰਘ ਵਾਸੀ ਗਲੀ ਨੰ. 02 ਬਾਲਮੀਕੀ ਮੁਹੱਲਾ ਤਫੱਜਲਪੁਰਾ ਥਾਣਾ ਅਰਬਨ ਅਸਟੇਟ ਪਟਿਆਲਾ ਵਿਰੁੱਧ ਧਾਰਾ 22, 61, 85 ਦੇ ਤਹਿਤ ਮਾਮਲਾ ਦਰਜ ਕੀਤਾ ਹੈ। ਏ.ਐਸ.ਆਈ. ਰਾਜ ਸਿੰਘ ਸਮੇਤ ਪੁਲਿਸ ਪਾਰਟੀ ਗਸ਼ਤ ਵਾ ਤਲਾਸ਼ ਸ਼ੱਕੀ ਤੇ ਭੈੜੇ ਪੁਰਸ਼ਾਂ ਦੇ ਸਬੰਧ ਵਿੱਚ ਰਣਜੀਤ ਵਿਹਾਰ ਸੂਆ ਪੁਲੀ ਪਰ ਮੌਜੂਦ ਸੀ, ਜੋ ਕਥਿਤ ਦੋਸ਼ੀ ਨੂੰ ਸ਼ੱਕ ਦੇ ਅਧਾਰ ਪਰ ਰੋਕ ਕੇ ਚੈਕ ਕਰਨ ਪਰ 110 ਖੁੱਲ੍ਹੀਆਂ ਨਸ਼ੀਲੀਆਂ ਗੋਲ਼ੀਆਂ ਬ੍ਰਾਮਦ ਹੋਈਆਂ।

## 2020 ਰੁਪਏ ਸਮੇਤ ਦੜਾ-ਸੱਟਾ ਏਜੰਟ ਕਾਬੂ

ਸਮਾਣਾ, 26 ਮਈ (ਵਿਜੇ ਕੁਮਾਰ) : ਸਿਟੀ ਪੁਲਸ ਨੇ ਇੱਕ ਦੜਾ-ਸੱਟਾ ਏਜੰਟ ਨੂੰ 2020 ਰੁਪਏ ਸਣੇ ਕਾਬੂ ਕਰਕੇ ਉਸ ਖਿਲਾਫ ਗੈਂਬਲਿੰਗ ਐਕਟ ਦੀਆਂ ਧਰਾਵਾਂ ਤਹਿਤ ਮਾਮਲਾ ਦਰਜ ਕਰਕੇ ਆਪਣੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਮੁਲਜ਼ਮ ਦੀ ਪਹਿਚਾਣ ਸੰਜੇ ਕੁਮਾਰ ਨਿਵਾਸੀ ਇੰਦਰਾਪੁਰੀ ਸਮਾਣਾ ਵਜੋਂ ਹੋਈ। ਸਿਟੀ ਪੁਲਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਹੈਡ ਕਾਂਸਟੇਬਲ ਸੋਮਨਾਥ ਨੇ ਪੁਲਸ ਪਾਰਟੀ ਸਣੇ ਬੱਸ ਸਟੈਂਡ ਸਮਾਣਾ 'ਚ ਮੌਜੂਦਗੀ ਦੌਰਾਨ ਗੋਪਾਲ ਭਵਨ ਨੇੜੇ ਚਲਦੇ ਫਿਰਦੇ ਦੜਾ- ਸੱਟਾ ਲਗਾ ਰਹੇ ਮੁਲਜ਼ਮ ਬਾਰੇ ਮਿਲੀ ਸੂਚਨਾ 'ਤੇ ਰੇਡ ਕਰਕੇ ਮੁਲਜ਼ਮ ਤੋਂ ਦੜਾ-ਸੱਟਾ ਦੇ 2020 ਰੁਪਏ ਬਰਾਮਦ ਹੋਣ 'ਤੇ ਉਸ ਨੂੰ ਹਿਰਾਸਤ ਵਿੱਚ ਲੈ ਲਿਆ।

## ਸ਼ਹਿਰ ਦੀਆਂ ਸੜਕਾਂ 'ਤੇ ਪਏ ਟੋਏ ਹਾਦਸਿਆਂ ਨੂੰ ਦੇ ਰਹੇ ਨੇ ਸੱਦਾ

### ਨਿਊ ਪਟਿਆਲਾ ਵੈਲਫ਼ੇਅਰ ਕਲੱਬ ਵੱਲੋਂ ਮੁਜ਼ਾਹਰਾ



ਪਟਿਆਲਾ, 26 ਮਈ (ਰੁਪਾਣਾ) : ਸ਼ਾਹੀ ਸ਼ਹਿਰ ਪਟਿਆਲਾ ਦੀਆਂ ਸੜਕਾਂ 'ਤੇ ਪਏ ਟੋਏ ਹਾਦਸਿਆਂ ਨੂੰ ਸੱਦਾ ਦੇ ਰਹੇ ਹਨ, ਜਿਸ ਖ਼ਿਲਾਫ ਨਿਊ ਪਟਿਆਲਾ ਵੈੱਲਫੇਅਰ ਕਲੱਬ ਵੱਲੋਂ ਪ੍ਰਧਾਨ ਅਵਿੰਦਰ ਕੁਮਾਰ ਕਾਕਾ ਦੀ ਅਗਵਾਈ ਹੇਠ ਇੱਥੇ ਸਰਕਾਰ ਖਿਲਾਫ ਪ੍ਰਦਰਸ਼ਨ ਕਰਦਿਆਂ ਨਾਅਰੇਬਾਜ਼ੀ ਕੀਤੀ ਗਈ। ਅਰਵਿੰਦਰ ਕਾਕਾ ਨੇ ਕਿਹਾ ਕਿ ਸ਼ਹਿਰ ਦੀਆਂ ਸੜਕਾਂ ਦੀ ਖਸਤਾ ਹਾਲਤ ਸਪੱਸ਼ਟ ਕਰਦੀ ਹੈ ਕਿ ਸਰਕਾਰ ਵਿਕਾਸ ਦੇ ਪੱਖ ਤੋਂ ਪੱਛੜ ਚੁੱਕੀ ਹੈ। ਸਰਕਾਰ ਦਾ ਵਿਕਾਸ ਸਿਰਫ ਬੋਰਡਾਂ ਅਤੇ ਨੀਂਹ ਪੱਥਰਾਂ ਤੱਕ ਹੀ ਸੀਮਤ ਹੈ। ਉਨ੍ਹਾਂ ਕਿਹਾ ਕਿ ਲੋਕ ਦੁਖੀ ਤੇ ਪ੍ਰੇਸ਼ਾਨ ਹਨ, ਸਰਕਾਰ ਵੱਲੋਂ ਪਟਿਆਲਾ ਵਾਸੀਆਂ ਦੀ ਸਮੱਸਿਆਵਾ ਵੱਲ ਕੋਈ ਧਿਆਨ ਨਹੀਂ ਦਿੱਤਾ ਜਾ ਰਿਹਾ। ਉਨ੍ਹਾ ਕਿਹਾ ਕਿ ਬਰਸਾਤ ਦੇ ਮੌਸਮ ਦੌਰਾਨ ਸੜਕਾਂ 'ਤੇ ਤਿੰਨ-ਤਿੰਨ ਫੁੱਟ ਪਾਣੀ ਕਈ ਕਈ ਘੰਟਿਆਂ ਤੱਕ ਭਰਿਆ ਰਹਿੰਦਾ ਹੈ।ਉਨ੍ਹਾਂ ਕਿਹਾ ਕਿ ਖੱਡੇ ਹਾਦਸਿਆਂ ਦਾ ਕਾਰਨ ਬਣ ਰਹੇ ਹਨ।ਪ੍ਰਧਾਨ ਅਰਵਿੰਦਰ ਕੁਮਾਰ ਕਾਕਾ ਨੇ ਸਰਕਾਰ ਤੋਂ ਮੰਗ ਕੀਤੀ ਕਿ ਸ਼ਾਹੀ ਸ਼ਹਿਰ ਦੀਆਂ ਸੜਕਾਂ ਨੂੰ ਮਜ਼ਬੂਤ ਬਣਾ ਕੇ ਇਨ੍ਹਾਂ ਵਿੱਚ ਪਏ ਜਾਨਲੇਵਾ ਖੱਡਿਆਂ ਤੋਂ ਮੁਕਤੀ ਦਿਵਾਈ ਜਾਵੇ।ਇਸ ਮੌਕੇ ਪ੍ਰਕਾਸ਼ ਸਿੰਘ, ਮਾਨ ਸਿੰਘ, ਕਰਮ ਸਿੰਘ, ਹੁਕਮ ਸਿੰਘ, ਚਰਨਜੀਤ ਚੌਹਾਨ, ਜਗਤਾਰ ਸਿੰਘ, ਪ੍ਰੇਮ ਚੰਦ, ਪਰਮਜੀਤ ਸਿੰਘ, ਸੰਤ ਸਿੰਘ, ਚਰਨਜੀਤ ਸਿੰਘ ਆਦਿ ਵੀ ਹਾਜ਼ਰ ਸਨ।

### ਕੇਜਰੀਵਾਲ ਅਤੇ ਮਾਨ ਵੱਲੋਂ ਮਹਾਰਾਜਾ ਅਗਰਸੇਨ ਨੂੰ ਸ਼ਰਧਾਂਜਲੀ ਭੇਟ

## 'ਆਪ' ਸਰਕਾਰ ਵੱਲੋਂ ਸੁਰੱਖਿਆ, ਮਾਣ-ਸਤਿਕਾਰ ਅਤੇ ਕਾਰੋਬਾਰ ਨਾਲ ਜੁੜੇ ਮੁੱਦਿਆਂ ਦੇ ਹੱਲ ਲਈ ਜ਼ਿਲ੍ਹਾ ਪੱਧਰ 'ਤੇ ਵਪਾਰੀ ਬੋਰਡ ਗਠਿਤ ਕੀਤੇ ਜਾਣਗੇ: ਕੇਜਰੀਵਾਲ

### ☛ਅਗਰਵਾਲ ਸਮਾਜ ਦੀ ਸੇਵਾ, ਵਪਾਰ ਅਤੇ ਧਾਰਮਿਕ ਭਾਵਨਾ ਪੰਜਾਬ ਦੇ ਭਵਿੱਖ ਲਈ ਬਹੁਤ ਮਹੱਤਵਪੂਰਨ: ਭਗਵੰਤ ਸਿੰਘ ਮਾਨ



ਨਾਭਾ, 26 ਮਈ (ਗੁਰਚਰਨ ਸਿੰਘ ਚੌਧਰੀਮਾਜਰਾ) : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਦਿੱਲੀ ਦੇ ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਅੱਜ ਮਹਾਰਾਜਾ ਅਗਰਸੇਨ ਜੀ ਨੂੰ ਸ਼ਰਧਾਂਜਲੀ ਭੇਟ ਕੀਤੀ। ਇੱਥੇ ਕਰਵਾਏ ਗਏ ਇਕ ਸਮਾਗਮ ਵਿੱਚ ਮਹਾਰਾਜਾ ਅਗਰਸੇਨ ਜੀ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਮੁੱਖ ਮੰਤਰੀ ਨੇ ਉਨ੍ਹਾਂ ਨੂੰ ਇੱਕ ਮਹਾਨ ਸ਼ਾਸਕ ਦੱਸਿਆ, ਜਿਨ੍ਹਾਂ ਨੇ ਆਪਣੇ ਸ਼ਾਸਨ ਦੌਰਾਨ ਸਮਾਜਿਕ ਸਦਭਾਵਨਾ ਅਤੇ ਏਕਤਾ ਦੀਆਂ ਤੰਦਾਂ ਦੀ ਮਜ਼ਬੂਤੀ ਜ਼ਰੀਏ ਸਭਨਾਂ ਦੀ ਭਲਾਈ ਦਾ ਸੰਦੇਸ਼ ਦਿੱਤਾ। ਲੋਕਾਂ ਨੂੰ ਮਹਾਰਾਜਾ ਅਗਰਸੇਨ ਦੀ ਵਿਚਾਰਧਾਰਾ ਤੋਂ ਪ੍ਰੇਰਨਾ ਲੈਣ ਦਾ ਸੱਦਾ ਦਿੰਦਿਆਂ ਉਨ੍ਹਾਂ ਕਿਹਾ ਕਿ ਇਸ ਮਹਾਨ ਸ਼ਾਸਕ ਦੀਆਂ ਸਿੱਖਿਆਵਾਂ 'ਤੇ ਚੱਲਣਾ ਹੀ ਉਨ੍ਹਾਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ। ਭਗਵੰਤ ਸਿੰਘ ਮਾਨ ਨੇ ਲੋਕਾਂ ਨੂੰ ਜਾਤ, ਰੰਗ, ਨਸਲ ਅਤੇ ਧਰਮ ਦੇ ਭੇਦਭਾਵ ਤੋਂ ਉਪਰ ਉੱਠ ਕੇ ਇਸ ਸ਼ੁਭ ਦਿਨ ਨੂੰ ਮਨਾਉਣ ਦੀ ਅਪੀਲ ਕੀਤੀ।ਮੁੱਖ ਮੰਤਰੀ ਨੇ ਲੋਕਾਂ ਨੂੰ ਮਹਾਰਾਜਾ ਅਗਰਸੇਨ ਦੀ ਵਿਚਾਰਧਾਰਾ ਤੋਂ ਪ੍ਰੇਰਨਾ ਲੈਣ ਦਾ ਸੱਦਾ ਦਿੱਤਾ, ਜਿਨ੍ਹਾਂ ਨੇ ਆਪਣੇ ਸ਼ਾਸਨ ਦੌਰਾਨ ਸਦਭਾਵਨਾ ਅਤੇ ਏਕਤਾ ਰਾਹੀਂ ਭਲਾਈ ਦਾ ਸੰਦੇਸ਼ ਦਿੱਤਾ ਸੀ। ਉਨ੍ਹਾਂ ਕਿਹਾ ਕਿ ਅਗਰਵਾਲ ਭਾਈਚਾਰੇ ਨੇ ਦੇਸ਼ ਦੀ ਸਮਾਜਿਕ-ਆਰਥਿਕ ਤਰੱਕੀ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ ਅਤੇ ਉਮੀਦ ਹੈ ਕਿ ਇਹ ਭਾਈਚਾਰਾ ਭਵਿੱਖ ਵਿੱਚ ਵੀ ਵਿਕਾਸ ਪ੍ਰਕਿਰਿਆ ਵਿੱਚ ਹੋਰ ਸਰਗਰਮੀ ਨਾਲ ਹਿੱਸਾ ਲਵੇਗਾ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਮਹਾਰਾਜਾ ਅਗਰਸੇਨ ਨੂੰ ਸੱਚੀ ਸ਼ਰਧਾਂਜਲੀ ਉਨ੍ਹਾਂ ਦੀਆਂ ਸਿੱਖਿਆਵਾਂ ਦੇ ਪਾਲਣ ਨਾਲ ਹੋਵੇਗੀ, ਜੋ ਮੌਜੂਦਾ ਹਾਲਾਤ ਵਿੱਚ ਵੀ ਢੁਕਵੀਂ ਹੈ। ਮਹਾਰਾਜਾ ਅਗਰਸੇਨ ਜੀ ਨੂੰ ਸ਼ਰਧਾਂਜਲੀ ਭੇਟ ਕਰਦੇ ਹੋਏ 'ਆਪ' ਦੇ ਕੌਮੀ ਕਨਵੀਨਰ ਨੇ ਉਨ੍ਹਾਂ ਨੂੰ ਅਹਿੰਸਾ ਅਤੇ ਸ਼ਾਂਤੀ ਦਾ ਦੂਤ ਦੱਸਿਆ। ਉਨ੍ਹਾਂ ਕਿਹਾ ਕਿ ਇਹ ਖੁਸ਼ੀ ਦੀ ਗੱਲ ਹੈ ਕਿ ਨਾਭਾ ਵਿੱਚ ਮਹਾਰਾਜਾ ਅਗਰਸੇਨ ਦਰਬਾਰ ਦੀ ਨਵੀਂ ਇਮਾਰਤ ਦਾ ਨੀਂਹ ਪੱਥਰ ਰੱਖਿਆ ਜਾ ਰਿਹਾ ਹੈ। ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਮਹਾਰਾਜਾ ਅਗਰਸੇਨ ਦਰਬਾਰ ਦੀ ਉਸਾਰੀ ਅਗਰਵਾਲ ਭਾਈਚਾਰੇ ਵੱਲੋਂ ਕੀਤੀ ਜਾ ਰਹੀ ਹੈ ਅਤੇ ਇਸ ਦਰਬਾਰ ਦੀ ਉਸਾਰੀ 'ਤੇ ਲਗਭਗ 5 ਕਰੋੜ ਰੁਪਏ ਖਰਚ ਕੀਤੇ ਜਾਣਗੇ। ਦਿੱਲੀ ਦੇ ਸਾਬਕਾ ਮੁੱਖ ਮੰਤਰੀ ਨੇ ਕਿਹਾ ਕਿ ਮਹਾਰਾਜਾ ਅਗਰਸੇਨ ਜੀ ਮਹਾਨ ਅਤੇ ਦੂਰਦਰਸ਼ੀ ਸ਼ਾਸਕ ਸਨ ਜਿਨ੍ਹਾਂ ਨੇ ਆਪਣੇ ਰਾਜ ਦੌਰਾਨ ਸਮਾਜ ਦੇ ਕਮਜ਼ੋਰ ਵਰਗਾਂ ਨੂੰ ਰੋਜ਼ੀ-ਰੋਟੀ ਦੇ ਵਸੀਲੇ ਪ੍ਰਦਾਨ ਕਰਨ ਲਈ ਵਿਲੱਖਣ ਵਿਵਸਥਾ ਦੀ ਸ਼ੁਰੂਆਤ ਕੀਤੀ। ਕੇਜਰੀਵਾਲ ਨੇ ਕਿਹਾ ਕਿ ਉਨ੍ਹਾਂ ਦਾ ਸ਼ਾਸਨ ਇਸ ਸਿਧਾਂਤ 'ਤੇ ਅਧਾਰਤ ਸੀ ਕਿ ਕੋਈ ਵੀ ਭੁੱਖਾ ਨਹੀਂ ਸੌਣਾ ਚਾਹੀਦਾ, ਕੋਈ ਵੀ ਬੇਘਰ ਅਤੇ ਬੇਰੁਜ਼ਗਾਰ ਨਹੀਂ ਰਹਿਣਾ ਚਾਹੀਦਾ। ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਮਹਾਰਾਜਾ ਅਗਰਸੇਨ ਜੀ ਦੇ ਰਾਜ ਵਿੱਚ ਅਮੀਰ ਅਤੇ ਗਰੀਬ ਵਿੱਚ ਕੋਈ ਫਰਕ ਨਹੀਂ ਸੀ, ਜਿੱਥੇ ਹਰ ਕਿਸੇ ਨੂੰ ਬਰਾਬਰ ਸਮਝਿਆ ਜਾਂਦਾ ਸੀ ਅਤੇ ਰਾਜ ਦਾ ਧੁਰਾ ਸਮਾਜਵਾਦ ਸੀ। ਦਿੱਲੀ ਦੇ ਸਾਬਕਾ ਮੁੱਖ ਮੰਤਰੀ ਨੇ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਸੂਬਾ ਸਰਕਾਰ ਵੱਲੋਂ ਵੱਡੇ ਨਿਵੇਸ਼ ਲਈ ਅਹਿਮ ਫੈਸਲੇ ਲਏ ਜਾਣਗੇ। ਦਿੱਲੀ ਦੇ ਸਾਬਕਾ ਮੁੱਖ ਮੰਤਰੀ ਨੇ ਸੂਬੇ ਦੇ ਵਿਕਾਸ ਤੇ ਖੁਸ਼ਹਾਲੀ ਵਿੱਚ ਮੁੱਖ ਭੂਮਿਕਾ ਨਿਭਾਉਣ ਲਈ ਅਗਰਵਾਲ ਭਾਈਚਾਰੇ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ 'ਆਪ' ਨੂੰ ਸੂਬੇ ਦੇ ਲੋਕਾਂ ਨੇ ਭਾਰੀ ਬਹੁਮਤ ਦਿੱਤਾ ਹੈ ਅਤੇ ਅਸੀਂ ਪਿਛਲੀਆਂ ਸਰਕਾਰਾਂ ਦੁਆਰਾ ਹਰ ਖੇਤਰ ਵਿੱਚ ਕੀਤੀਆਂ ਗੜਬੜੀਆਂ ਨੂੰ ਠੀਕ ਕਰ ਰਹੇ ਹਾਂ। ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਪ੍ਰਤੀ ਵਿਅਕਤੀ ਆਮਦਨ ਵਿੱਚ ਪਹਿਲੇ ਸਥਾਨ 'ਤੇ ਰਹਿਣ ਵਾਲਾ ਸੂਬਾ ਅੱਜ ਪਿਛਲੀਆਂ ਸੂਬਾ ਸਰਕਾਰਾਂ ਦੀਆਂ ਪਿਛਾਂਹਖਿੱਚੂ ਨੀਤੀਆਂ ਕਰਕੇ 17ਵੇਂ ਸਥਾਨ 'ਤੇ ਖਿਸਕ ਗਿਆ ਹੈ।

## ਚੋਰੀ ਕੀਤੇ 6 ਮੋਬਾਇਲ ਤੇ ਇੱਕ ਮੋਟਰਸਾਈਕਲ ਬ੍ਰਾਮਦ

ਪਟਿਆਲਾ, 26 ਮਈ (ਵਿਨੋਦ ਸ਼ਰਮਾ) : ਥਾਣਾ ਕੋਤਵਾਲੀ ਪਟਿਆਲਾ ਪੁਲਿਸ ਨੇ ਕਥਿਤ ਦੋਸ਼ੀਆਂ ਪ੍ਰਦੀਪ ਕੁਮਾਰ, ਰਵੀ ਨਾਥ ਵਾਸੀ ਕਿਰਾਏਦਾਰ ਜਨਕ ਰਾਜ ਕਲਬਾਨੂੰ ਗਿਆਨ ਕਲੋਨੀ ਸੂਲਰ ਪਟਿਆਲਾ, ਰਮਨ ਸ੍ਰੀਵਾਸਤਵ ਵਾਸੀ ਦਸ਼ਮੇਸ਼ ਨਗਰ ਨੇੜੇ ਰਾਧਾ ਸੁਆਮੀ ਡੇਰਾ ਸੂਲਰ ਪਟਿਆਲਾ ਵਿਰੁੱਧ ਧਾਰਾ 303(2),304, 317(2) ਬੀ.ਐਨ.ਐਸ. ਦੇ ਤਹਿਤ ਮਾਮਲਾ ਦਰਜ ਕੀਤਾ ਹੈ। ਏ.ਐਸ.ਆਈ. ਮਸ਼ਹੂਰ ਸਿੰਘ ਸਮੇਤ ਪੁਲਿਸ ਪਾਰਟੀ ਗਸ਼ਤ ਵਾ ਤਲਾਸ਼ ਸ਼ੱਕੀ ਤੇ ਭੈੜੇ ਪੁਰਸ਼ਾਂ ਦੇ ਸਬੰਧ ਵਿੱਚ ਟੀ-ਪੁਆਇੰਟ ਮਹਿੰਦਰਾ ਕਾਲਜ ਪਟਿਆਲਾ ਮੌਜੂਦ ਸੀ, ਜੋ ਇਤਲਾਹ ਮਿਲੀ ਕਿ ਕਥਿਤ ਦੋਸ਼ੀ ਮੋਟਰਸਾਇਕਲ ਚੋਰੀ ਕਰਨ ਅਤੇ ਮੋਬਾਇਲ ਫੋਨ ਖੋਹ ਕਰਨ ਦੇ ਆਦੀ ਹਨ, ਜੋ ਅੱਜ ਵੀ ਚੋਰੀ ਕੀਤੇ ਮੋਟਰਸਾਇਕਲ ਅਤੇ ਖੋਹ ਕੀਤੇ ਮੋਬਾਇਲ ਫੋਨ ਵੇਚਣ ਲਈ ਆਪਣੇ ਗ੍ਰਾਹਕ ਦੀ ਉਡੀਕ ਵਿੱਚ ਪੁਰਾਣੇ ਖੰਡਰ ਕੁਆਟਰ ਡਕਾਲਾ ਚੁੰਗੀ ਪਾਸ ਖੜ੍ਹੇ ਹਨ। ਕਥਿਤ ਦੋਸ਼ੀਆਂ 'ਤੇ ਰੇਡ ਕਰਕੇ 6 ਮੋਬਾਇਲ ਫੋਨ ਅਤੇ 1 ਮੋਟਰਸਾਈਕਲ ਬ੍ਰਾਮਦ ਹੋਇਆ।

## ਧਾਰਮਿਕ ਸਥਾਨਾਂ ਲਈ ਜਾਣ ਵਾਲੀ ਸੰਗਤ ਲਈ ਗੁਰੂ ਦਾ ਲੰਗਰ 1 ਜੂਨ ਤੋਂ ਹੋਵੇਗਾ ਸ਼ੁਰੂ : ਬਾਬਾ ਮਨਮੋਹਨ ਸਿੰਘ



ਪਟਿਆਲਾ, 26 ਮਈ (ਚ.ਨ.ਸ.) : ਗੁਰਮਤਿ ਅਕੈਡਮੀ ਬਾਰਨ ਦੇ ਸਰਪ੍ਰਸਤ ਬਾਬਾ ਮਨਮੋਹਨ ਸਿੰਘ ਬਾਰਨ ਵਾਲਿਆਂ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਸ੍ਰੀ ਹੇਮਕੁੰਟ ਸਾਹਿਬ, ਕੇਦਾਰਨਾਥ ਅਤੇ ਬਦਰੀਨਾਥ ਜਾਣ ਵਾਲੀ ਸੰਗਤ ਲਈ ਗੁਰੂ ਦਾ ਲੰਗਰ 1 ਜੂਨ ਤੋਂ ਸ਼ੁਰੂ ਕੀਤਾ ਜਾਵੇ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਬਾਬਾ ਮਨਮੋਹਨ ਸਿੰਘ ਨੇ ਦੱਸਿਆ ਕਿ ਇਹ ਲੰਗਰ 1 ਜੂਨ ਤੋਂ ਰਿਸ਼ੀਕੇਸ਼ ਤੋਂ 15 ਕਿਲੋਮੀਟਰ ਅੱਗੇ ਨੇੜੇ ਸ਼ਿਵਪੁਰੀ ਵਿਖੇ ਲਗਾਇਆ ਜਾਵੇਗਾ। ਉਹਨਾਂ ਕਿਹਾ ਕਿ ਲੰਗਰਾਂ ਦੇ ਨਾਲ ਰਹਿਣ ਅਤੇ ਹੋਰ ਜਰੂਰੀ ਵਸਤਾਂ ਦਾ ਵੀ ਪ੍ਰਬੰਧ ਕੀਤਾ ਜਾਵੇਗਾ। ਇਹ ਲੰਗਰ ਸੰਗਤਾਂ ਦੇ ਸਹਿਯੋਗ ਨਾਲ ਹਰ ਸਾਲ ਲਗਾਇਆ ਜਾਂਦਾ ਹੈ ਹੈ ਇਸ ਵਿੱਚ ਕੋਈ ਵੀ ਵਿਅਕਤੀ ਆਪਣਾ ਸਹਿਯੋਗ ਕਰ ਸਕਦਾ ਹੈ।

## ਭਾਰਤੀ ਮਜ਼ਦੂਰ ਸੰਘ ਦੀ ਮੀਟਿਂਗ 'ਚ ਮੁਲਾਜ਼ਮਾਂ ਦੀਆਂ ਕਾਫੀ ਸਮੇਂ ਤੋਂ ਲਟਕ ਰਹੀਆਂ ਮੰਗਾਂ 'ਤੇ ਕੀਤਾ ਵਿਚਾਰ



ਪਟਿਆਲਾ, 26 ਮਈ (ਰੁਪਾਣਾ) : ਭਾਰਤੀ ਮਜ਼ਦੂਰ ਸੰਘ ਜ਼ਿਲ੍ਹਾ ਪਟਿਆਲਾ ਦੀ ਅਹਿਮ ਮੀਟਿੰਗ ਹੋਈ, ਜਿਸ ਵਿੱਚ ਨਗਰ ਨਿਗਮ ਪਟਿਆਲਾ ਨਾਲ ਸਬੰਧਤ ਵੱਖ-ਵੱਖ ਯੂਨੀਅਨ ਦੇ ਅਹੁਦੇਦਾਰ ਜਨਰਲ ਸਕੱਤਰ, ਪ੍ਰਧਾਨ, ਕੈਸ਼ੀਅਰ ਅਤੇ ਦੋ ਮੈਂਬਰ ਪੰਜ ਮੈਂਬਰਾਂ ਨੇ ਮੀਟਿੰਗ ਵਿੱਚ ਭਾਗ ਲਿਆ, ਜਿਸ ਦੀ ਪ੍ਰਧਾਨਗੀ ਮਹਿੰਦਰ ਸਿੰਘ ਸੇਵਾਮੁਕਤੀ ਕਰਮਚਾਰੀ ਯੂਨੀਅਨ ਨੇ ਕੀਤੀ, ਜਿਸ ਵਿੱਚ ਭਾਰਤੀ ਮਜ਼ਦੂਰ ਸੰਘ ਦੇ ਜ਼ਿਲ੍ਹਾ ਪਟਿਆਲਾ ਦੇ ਪ੍ਰਭਾਰੀ ਨੇ ਸ਼ਿਰਕਤ ਕੀਤੀ ਅਤੇ ਪੰਜਾਬ ਅਤੇ ਚੰਡੀਗੜ੍ਹ ਮਜਦੂਰ ਸੰਘ ਦੇ ਜਨਰਲ ਸਕੱਤਰ ਪਵਿੱਤਰ ਸਿੰਘ ਨੇ ਸ਼ਿਰਕਤ ਕੀਤੀ।ਇਸ ਮੀਟਿੰਗ 'ਚ ਸੇਵਾਮੁਕਤ ਕਰਮਚਾਰੀ ਨਗਰ ਨਿਗਮ ਪਟਿਆਲਾ ਅਤੇ ਨਗਰਪਾਲਿਕਾ ਬਾਗਵਾਨੀ ਸੰਘ ਅਤੇ ਮਿਊਂਸੀਪਲ ਵਰਕਰ ਯੂਨੀਅਨ ਅਤੇ ਏ ਟੈਂਕ ਟੈਕਨਿਕਲ ਯੂਨੀਅਨ ਸਬੰਧਤ ਭਾਰਤੀ ਮਜਦੂਰ ਸੰਘ ਏ ਟੈਂਕ ਕਰਮਚਾਰੀ ਯੂਨੀਅਨ ਅਤੇ ਸਟ੍ਰੀਟ ਲਾਈਟ ਕਰਮਚਾਰੀ ਯੂਨੀਅਨ ਅਤੇ ਪੰਜਾਬ ਈ-ਰਿਕਸ਼ਾ ਮਜਦੂਰ ਯੂਨੀਅਨ ਨੇ ਭਾਗ ਲਿਆ, ਜਿਸ ਵਿੱਚ ਜੋਗਿੰਦਰ ਸਿੰਘ (ਪੰਛੀ) ਜਨਰਲ ਸਕੱਤਰ ਸੇਵਾਮੁਕਤ ਕਰਮਚਾਰੀ ਸੰਘ ਨੇ ਦੱਸਿਆ ਕਿ ਸਰਕਾਰ ਕਰਮਚਾਰੀਆਂ ਦੇ 1-1-2016 ਤੋਂ 30-6-2016 ਤੱਕ ਦੇ ਗਰੇਚੁਅਟੀ ਅਤੇ ਮੈਡੀਕਲ ਬਿਲਾਂ ਦੀ ਅਦਾਇਗੀ ਕੱਚੇ ਮੁਲਾਜ਼ਮਾਂ ਨੂੰ ਪੱਕਾ ਕਰਨਾ, ਆਊਟ ਸੋਰਸ ਦੇ ਮੁਲਾਜ਼ਮਾਂ ਨੂੰ ਕੰਟਰੈਕਟ ਦੇ ਕਰਕੇ ਪੱਕੇ ਕਰਨਾ, ਸੀਵਰਮੈਨ ਬੇਲਦਾਰ ਤੇ ਸਿਕਉਰਿਟੀ ਗਾਰਡ ਅਤੇ ਈ-ਰਿਕਸ਼ਾ ਨੂੰ ਆਧੁਨਿਕ ਸਟੈਂਡ ਦੇਣ ਲਈ ਵਿਚਾਰ ਪੇਸ਼ ਕੀਤੇ, ਜਿਸ ਵਿੱਚ ਭਾਰਤੀ ਮਜ਼ਦੂਰ ਸੰਘ ਇੱਕ ਸੰਘਰਸ਼ ਕਮੇਟੀ ਬਣਾ ਕੇ ਸੰਘਰਸ਼ ਕਰੇਗੀ ਅਤੇ ਇਲੈਕਟ੍ਰੀਸ਼ੀਅਨ ਸਟ੍ਰੀਟ ਲਾਈਟ ਤੇ ਕਾਫੀ ਸਮੇਂ ਤੋਂ ਕੰਮ ਕਰ ਰਹੇ ਹਨ। ਉਹਨਾਂ ਨੂੰ ਪੱਕਾ ਕਰਨ ਸਬੰਧੀ ਸੰਘਰਸ਼ ਕਰੇਗੀ ਜਿਸ ਵਿੱਚ ਮੁਲਾਜ਼ਮਾਂ ਦੀਆਂ ਕਾਫੀ ਸਮੇਂ ਤੋਂ ਲਟਕ ਰਹੀਆਂ ਮੰਗਾਂ ਤੇ ਪੁਨਰਵਿਚਾਰ ਕੀਤਾ ਗਿਆ। ਜਿਸ ਵਿੱਚ ਸਰਕਾਰ ਦੀ ਕਾਰਗੁਜਾਰੀ ਤੇ ਚਿੰਤਾ ਪ੍ਰਗਟ ਕੀਤੀ ਗਈ। ਇਸ ਮੀਟਿੰਗ ਵਿੱਚ ਇਹ ਨਿਰਣੈ ਪਾਸ ਕੀਤਾ ਗਿਆ ਕਿ ਸਾਰੀਆਂ ਯੂਨੀਅਨਾਂ ਦੇ ਪ੍ਰਧਾਨ ਅਤੇ ਜਨਰਲ ਸਕੱਤਰ ਇਸ ਸੰਘਰਸ਼ ਕਮੇਟੀ ਦੇ ਐਗਜੇਕਟਿਵ ਮੈਂਬਰ ਹੋਣਗੇ ਅਤੇ ਜੋਗਿੰਦਰ ਸਿੰਘ (ਪੰਛੀ) ਨੂੰ ਸਰਵ-ਸੰਮਤੀ ਨਾਲ ਕਨਵੀਨਰ ਵਜੋ ਚੁਣਿਆ ਗਿਆ, ਜਿਸ ਵਿੱਚ ਮਿਊਂਸੀਪਲ ਵਰਕਰ ਯੂਨੀਅਨ ਰਮਿੰਦਰ ਸਿੰਘ ਜਨਰਲ ਸਕੱਤਰ, ਗੁਰਮੇਲ ਸਿੰਘ ਪ੍ਰਧਾਨ, ਨਗਰਪਾਲਿਕਾ ਬਾਗਬਾਨੀ ਸੰਘ ਨਰੇਸ਼ ਕੁਮਾਰ ਜਨਰਲ ਸੱਕਤਰ, ਰਾਮਪਾਲ ਪ੍ਰਧਾਨ ਟੈਕਨੀਕਲ ਏ ਟੈਂਕ, ਲਖਵਿੰਦਰ ਸਿੰਘ ਜਨਰਲ ਸਕੱਤਰ, ਬੱਬੂ ਕੰਡੇਰ ਪ੍ਰਧਾਨ ਪੰਜਾਬ ਈ-ਰਿਕਸ਼ਾ ਮਜ਼ਦੂਰ ਯੂਨੀਅਨ, ਸ਼ੰਭੂ ਮੰਡਲ ਜਨਰਲ ਸਕੱਤਰ, ਸੁਲਤਾਨ ਸਿੰਘ ਪ੍ਰਧਾਨ ਸਟ੍ਰੀਟ ਲਾਈਟ ਕਰਮਚਾਰੀ ਦਲ ਸੁਨੀਲ ਕੁਮਾਰ ਸੋਨੂੰ, ਟੈਕਨੀਕਲ ਏ ਟੈਂਕ ਕਰਮਚਾਰੀ ਦਲ ਰਾਜੇਸ਼ ਮਨੀ ਪ੍ਰਧਾਨ, ਬਲਵਿੰਦਰ ਸਿੰਘ ਜਨਰਲ ਸਕੱਤਰ ਆਦਿ ਨੇ ਭਾਗ ਲਿਆ।

## ਆਰੀਆ ਸਮਾਜ ਮੰਦਰ ਕਮੇਟੀ ਦੀ ਚੋਣ, ਵਰਿੰਦਰ ਸਿੰਗਲਾ ਬਣੇ ਪ੍ਰਧਾਨ



ਸਮਾਣਾ, 26 ਮਈ (ਵਿਜੇ ਕੁਮਾਰ) : ਆਰੀਆ ਸਮਾਜ ਮੰਦਿਰ ਪਟਿਆਲਾ ਦੀ ਇਕ ਵਿਸ਼ੇਸ਼ ਮੀਟਿੰਗ ਪ੍ਰਿੰਸੀਪਲ ਨਿਖਿਲ ਰੰਜਨ ਸਾਸਤਰੀ ਅਤੇ ਡਾ: ਓਮਦੇਵ ਆਰੀਆ ਦੀ ਅਗਵਾਈ 'ਚ ਹੋਈ। ਇਸ ਦੌਰਾਨ ਹਫਤਾਵਾਰੀ ਯੱਗ/ ਸਤਸੰਗ ਕਰਵਾਇਆ ਗਿਆ। ਜਿਸ ਵਿਚ ਪੰਡਿਤ ਗਜਿੰਦਰ ਸਾਸ਼ਤਰੀ ਵੱਲੋਂ ਯੱਗ ਅਤੇ ਪ੍ਰਵਚਨ ਕੀਤੇ ਗਏ। ਇਸ ਉਪਰੰਤ ਮੰਦਿਰ ਕਮੇਟੀ ਦੀ ਸਲਾਨਾ ਚੋਣ ਦੀ ਪ੍ਰੀਕ੍ਰਿਆ ਸ਼ੁਰੂ ਕਰਦਿਆਂ ਸਰਬਸੰਮਤੀ ਨਾਲ ਵਰਿੰਦਰ ਸਿੰਗਲਾ ਨੂੰ ਇਕ ਸਾਲ ਲਈ ਮੰਦਿਰ ਕਮੇਟੀ ਦਾ ਪ੍ਰਧਾਨ ਚੁਣ ਲਿਆ ਗਿਆ। ਇਸ ਮੌਕੇ ਪਿਛਲੇ ਇਕ ਸਾਲ ਤੋਂ ਚੱਲੇ ਆ ਰਹੇ ਪ੍ਰਧਾਨ ਰਾਜ ਕੁਮਾਰ ਸਿੰਗਲਾ ਅਤੇ ਸਮੂਹ ਆਰੀਆ ਸਮਾਜ ਦੇ ਲੋਕਾਂ ਨੇ ਵਰਿੰਦਰ ਸਿੰਗਲਾ ਨੂੰ ਵਧਾਈ ਦਿੰਦਿਆ ਮੰਦਿਰ ਦੇ ਹਰ ਕਾਰਜ ਵਿਚ ਪੂਰਨ ਸਹਿਯੋਗ ਦੇਣ ਦਾ ਭਰੋਸਾ ਦਿੱਤਾ। ਇਸ ਮੌਕੇ ਨਵ-ਨਿਯੁਕਤ ਪ੍ਰਧਾਨ ਵਰਿੰਦਰ ਸਿੰਗਲਾ ਨੇ ਮੰਦਿਰ ਕਮੇਟੀ ਨੂੰ ਵਿਸ਼ਵਾਸ਼ ਦਿੱਤਾ ਕਿ ਉਹ ਮੰਦਿਰ ਦੇ ਸਮਾਗਮ ਅਤੇ ਹੋਰ ਕਾਰਜ ਸਾਰਿਆਂ ਨੂੰ ਨਾਲ ਲੈ ਕੇ ਕਰਨ ਨੂੰ ਪਹਿਲ ਦੇਣਗੇ। ਇਸ ਮੌਕੇ ਵੇਦ ਪ੍ਰਕਾਸ਼ ਤੁਲੀ, ਜਤਿੰਦਰ ਸ਼ਰਮਾ, ਰਮੇਸ਼ ਕੁਮਾਰ ਗਡੋਤਰਾ, ਰਵੀ ਵਰਮਾ, ਸਤਪਾਲ ਜੈਰਥ, ਅੰਨਦ ਮੋਹਨ ਸੇਠੀ, ਪ੍ਰਵੀਨ ਆਰੀਆ, ਨਰਿੰਦਰ ਕਪੂਰ, ਕੇ.ਕੇ. ਮੋਦਗਿਲ, ਸੁਮਨ ਕੋਛੜ, ਯਸ਼ਪਾਲ ਜੁਨੇਜਾ, ਸੰਗੀਤਾ ਰਾਣੀ, ਪ੍ਰੇਮ ਲਤਾ ਸਿੰਗਲਾ, ਸਰੀਤਾ ਆਰੀਆ, ਸੁਸ਼ਮਾ ਵਧਵਾ, ਹਰਸ਼ ਵਰਧਨ ਵਧਵਾ, ਸਵਰਨ ਕਾਂਤਾ ਸ਼ਰਮਾ, ਪ੍ਰਵੀਨ ਚੋਧਰੀ, ਸੀਤਲ ਚੋਧਰੀ ਆਦਿ ਤੋਂ ਇਲਾਵਾ ਹੋਰ ਵੀ ਮੌਜੂਦ ਸਨ।

## ਮੋਹਿਤ ਮਹਿੰਦਰਾ ਨੇ ਸੋਨੂੰ ਨੂੰ ਬਲਾਕ ਕਾਂਗਰਸ ਕਮੇਟੀ ਪਟਿਆਲਾ ਦਾ ਜਨਰਲ ਸਕੱਤਰ ਨਿਯੁਕਤ ਕੀਤਾ



ਪਟਿਆਲਾ, 26 ਮਈ (ਚ.ਨ.ਸ.) : ਪੰਜਾਬ ਯੂਥ ਕਾਂਗਰਸ ਦੇ ਪ੍ਰਧਾਨ ਮੋਹਿਤ ਮਹਿੰਦਰਾ ਨੇ ਅੱਜ ਆਨੰਦ ਨਗਰ ਬੀ ਦੇ ਹੁਸਨ ਕੁਮਾਰ ਸੋਨੂੰ ਨੂੰ ਬਲਾਕ ਕਾਂਗਰਸ ਕਮੇਟੀ ਪਟਿਆਲਾ ਦਾ ਜਨਰਲ ਸਕੱਤਰ ਨਿਯੁਕਤ ਕੀਤਾ। ਪੀਵਾਈਸੀ ਪ੍ਰਧਾਨ ਨੇ ਕਿਹਾ ਕਿ ਸ੍ਰੀ ਸੋਨੂੰ ਦੀ ਨਿਯੁਕਤੀ ਨਾਲ ਪਾਰਟੀ ਜ਼ਮੀਨੀ ਪੱਧਰ 'ਤੇ ਮਜ਼ਬੂਤ ਹੋਵੇਗੀ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਯਕੀਨ ਹੈ ਕਿ ਕਾਂਗਰਸ ਪੰਜਾਬ ਵਿੱਚ ਅਗਲੀ ਸਰਕਾਰ ਬਣਾਏਗੀ। ਇਸ ਮੌਕੇ ਬਲਾਕ ਪ੍ਰਧਾਨ ਹਰਵਿੰਦਰ ਸ਼ੁਕਲਾ, ਉਪ ਪ੍ਰਧਾਨ ਹਰਵਿੰਦਰ ਪਾਲ, ਮੰਡਲ ਪ੍ਰਧਾਨ ਲਵਜੋਤ ਸਿੰਘ ਸਾਬਕਾ ਐਮਸੀ, ਮਨਦੀਪ ਖੰਨਾ, ਨਿਸ਼ਾਨ ਸਿੰਘ, ਭੁਪਿੰਦਰ ਸਿੰਘ, ਕਾਲਾ ਠੇਕੇਦਾਰ, ਜਸਪ੍ਰੀਤ ਸ਼ਸ਼ੀਨ, ਮਹਿੰਦਰ ਸਿੰਘ, ਪੰਕਜ ਰਾਣਾ, ਪ੍ਰੀਤ ਅਤੇ ਗਿਰੀਸ਼ ਮੌਜੂਦ ਸਨ।

## ਨਵੇਂ ਬਣੇ ਕਲਾਸ ਰੂਮ ਦਾ ਉਦਘਾਟਨ



ਸਮਾਣਾ, 26 ਮਈ (ਸੁਖਜਿੰਦਰ ਸਿੰਘ ਕੁਲਾਰਾਂ) : ਪੰਜਾਬ ਸਿੱਖਿਆ ਕ੍ਰਾਂਤੀ ਦੇ ਹੋ ਰਹੇ ਪ੍ਰੋਗਰਾਮਾਂ ਦੀ ਲੜੀ ਤਹਿਤ ਸਰਕਾਰੀ ਪ੍ਰਾਇਮਰੀ ਸਕੂਲ ਕੁਲਾਰਾਂ ਵਿੱਚ ਨਵੇਂ ਬਣੇ ਸਮਾਰਟ ਕਲਾਸਰੂਮ ਦਾ ਉਦਘਾਟਨ ਐਮ. ਐਲ.ਏ. ਹਲਕਾ ਸ਼ੁਤਰਾਣਾ ਕੁਲਵੰਤ ਸਿੰਘ ਦੀ ਅਗਵਾਈ ਵਿੱਚ ਉਹਨਾਂ ਦੇ ਸਪੁੱਤਰ ਗੁਰਮੀਤ ਸਿੰਘ ਵਿੱਕੀ ਵੱਲੋਂ ਕੀਤਾ ਗਿਆ । ਇਸ ਮੌਕੇ ਮੁੱਖ ਮਹਿਮਾਨ ਵੱਲੋਂ ਪਿੰਡ ਵਾਸੀਆਂ ਨੂੰ ਸਿੱਖਿਆ ਅਤੇ ਹੋਰ ਖੇਤਰਾਂ ਵਿੱਚ ਸਰਕਾਰ ਦੁਆਰਾ ਕੀਤੇ ਜਾ ਰਹੇ ਚੰਗੇ ਕੰਮਾਂ ਦੱਸਿਆ ਗਿਆ। ਸਕੂਲ ਮੁੱਖੀ ਗੁਰਵਿੰਦਰ ਸਿੰਘ ਵੱਲੋਂ ਸਕੂਲ ਵਿੱਚ ਮਿਲਣ ਵਾਲੀਆਂ ਸਹੂਲਤਾਂ ਅਤੇ ਚੰਗੀ ਵਿੱਦਿਆ ਬਾਰੇ ਦੱਸਦੇ ਹੋਏ ਵੱਧ ਤੋਂ ਵੱਧ ਦਾਖਲਾ ਸਰਕਾਰੀ ਸਕੂਲਾਂ ਵਿੱਚ ਕਰਾਉਣ ਲਈ ਪ੍ਰੇਰਿਤ ਕੀਤਾ ਗਿਆ। ਇਸ ਮੌਕੇ 'ਤੇ ਆਮ ਆਦਮੀ ਪਾਰਟੀ ਬਲਾਕ ਪ੍ਰਧਾਨ ਡਾ. ਮੁਕੇਸ਼ ਕੁਮਾਰ , ਸਰਪੰਚ ਕੁਲਾਰਾਂ ਮੈਡਮ ਦਰਸ਼ਨਾ ਦੇਵੀ, ਸਰਪੰਚ ਗੋਬਿੰਦ ਨਗਰ ਕੁਲਾਰਾਂ ਦਰਸ਼ਨ ਸਿੰਘ , ਦੋਵੇਂ ਗ੍ਰਾਮ ਪੰਚਾਇਤਾਂ ਦੇ ਮੈਂਬਰ ਸਾਹਿਬਾਨ, ਐਸ. ਐਮ. ਸੀ. ਚੇਅਰਮੈਨ ਹਰਦੀਪ ਸਿੰਘ , ਸਮੂਹ ਐਸ. ਐਮ .ਸੀ. ਮੈਂਬਰ, ਸਮੂਹ ਸਟਾਫ ਸਰਕਾਰੀ ਪ੍ਰਾਇਮਰੀ ਸਕੂਲ ਅਤੇ ਸਮੂਹ ਸਟਾਫ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕੁਲਾਰਾਂ ਹਾਜ਼ਰ ਸਨ।

### ਵਾਰਡ ਨੰਬਰ 25 'ਚ ਲਗਾਇਆ ਖ਼ੂਨਦਾਨ ਕੈਂਪ

## ਖ਼ੂਨਦਾਨ ਸਭ ਤੋਂ ਉੱਤਮ ਦਾਨ: ਮੇਅਰ ਗੋਗੀਆ



ਪਟਿਆਲਾ, 26 ਮਈ (ਚ.ਨ.ਸ.) : ਸ਼ਿਵ ਮੰਦਰ ਗੁਰੂ ਨਾਨਕ ਨਗਰ ਗਲੀ ਨੰਬਰ 18 ਵਿਖੇ ਵਾਸੂ ਰਾਣਾ, ਪਿਊਸ਼ ਰਾਣਾ, ਜਸ ਵਾਲੀਆ ਦੀ ਅਗਵਾਈ ਹੇਠ ਪਹਿਲਾ ਖ਼ੂਨਦਾਨ ਕੈਂਪ ਲਗਾਇਆ ਗਿਆ। ਇਸ ਮੌਕੇ ਮੁੱਖ ਮਹਿਮਾਨ ਦੇ ਤੌਰ 'ਤੇ ਨਗਰ ਨਿਗਮ ਦੇ ਮੇਅਰ ਸ੍ਰੀ ਕੁੰਦਨ ਗੋਗੀਆ ਨੇ ਸ਼ਿਰਕਤ ਕੀਤੀ। ਇਸ ਮੌਕੇ ਮੇਅਰ ਨੇ ਕਿਹਾ ਕਿ ਖੂਨਦਾਨ ਸਭ ਤੋਂ ਉੱਤਮ ਦਾਨ ਹੈ। ਹਰੇਕ ਤੰਦਰੁਸਤ ਇਨਸਾਨ ਨੂੰ ਖ਼ੂਨਦਾਨ ਕਰਨਾ ਚਾਹੀਦਾ ਹੈ। ਤੁਹਾਡਾ ਦਿੱਤਾ ਹੋਇਆ ਖ਼ੂਨ ਅਨੇਕਾਂ ਅਨਮੋਲ ਜ਼ਿੰਦਗੀਆਂ ਬਚਾ ਸਕਦਾ ਹੈ। ਇਸ ਮੌਕੇ ਵਾਰਡ ਦੇ ਨੌਜਵਾਨਾਂ ਵੱਲੋਂ ਮੇਅਰ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਐਮ.ਸੀ. ਦਵਿੰਦਰ ਸਿੰਘ ਗੋਲਡੀ, ਅਜੈ ਰਾਣਾ, ਰਾਜਿੰਦਰ ਰਾਣਾ ਅਤੇ ਵਾਰਡ ਦੇ ਹੋਰ ਨੌਜਵਾਨ ਹਾਜ਼ਰ ਸਨ।

## ਪੰਜਾਬੀ ਸਾਹਿਤ ਸਭਾ ਵੱਲੋਂ ਭਾਗਵਿੰਦਰ ਸਿੰਘ ਦੇਵਗਨ ਦੀ ਪੁਸਤਕ 'ਤੇਰੇ ਜਾਣ ਤੋਂ ਬਾਅਦ' ਦਾ ਲੋਕਅਰਪਣ

### ☛ਸਾਹਿਤ ਸਭਾਵਾਂ ਦੀ ਸਮਾਜ ਦੀ ਬਹੁਪੱਖੀ ਤਰੱਕੀ 'ਚ ਮਹੱਤਵਪੂਰਨ ਭੂਮਿਕਾ : ਡਾ. 'ਆਸ਼ਟ'

### ਕਿਰਤ ਦੀ ਸਾਰਥਿਕਤਾ ਸਮਝਣ ਦੀ ਲੋੜ : ਢਿੱਲੋਂ



ਪਟਿਆਲਾ, 26 ਮਈ (ਚ.ਨ.ਸ.) : ਪੰਜਾਬੀ ਸਾਹਿਤ ਸਭਾ (ਰਜਿ.) ਪਟਿਆਲਾ ਵੱਲੋਂ ਅੱਜ ਭਾਸ਼ਾ ਵਿਭਾਗ,ਪੰਜਾਬ,ਪਟਿਆਲਾ ਦੇ ਲੈਕਚਰ ਹਾਲ ਵਿਖੇ ਉਘੇ ਵਿਦਵਾਨ ਅਤੇ ਪਦਮਸ਼੍ਰੀ ਡਾ. ਰਤਨ ਸਿੰਘ ਜੱਗੀ ਨੂੰ ਸਮਰਪਿਤ ਸਾਹਿਤਕ ਸਮਾਗਮ ਆਯੋਜਿਤ ਕੀਤਾ ਗਿਆ। ਇਸ ਸਮਾਗਮ ਦੇ ਪ੍ਰਧਾਨਗੀ ਮੰਡਲ ਵਿਚ ਸਭਾ ਦੇ ਪ੍ਰਧਾਨ ਡਾ. ਦਰਸ਼ਨ ਸਿੰਘ 'ਆਸ਼ਟ', ਸਾਬਕਾ ਆਈ.ਏ.ਐਸ. ਅਤੇ ਡਿਪਟੀ ਕਮਿਸ਼ਨਰ ਸ਼ਿਵਦੁਲਾਰ ਸਿੰਘ ਢਿੱਲੋਂ,ਕਵੀ ਭਾਗਵਿੰਦਰ ਸਿੰਘ ਦੇਵਗਨ, ਉਸਤਾਦ ਗ਼ਜ਼ਲਗੋ ਅਤੇ ਸਾਹਿਤਕ ਰਿਸਾਲੇ 'ਸੂਲ ਸੁਰਾਹੀ' ਦੇ ਸੰਪਾਦਕ ਬਲਬੀਰ ਸਿੰਘ ਸੈਣੀ, ਉੱਘੀ ਲੇਖਿਕਾ ਅਤੇ ਹਰਿਆਣਾ ਪੰਜਾਬੀ ਸਾਹਿਤ ਅਕਾਦਮੀ ਦੇ ਸਟੇਟ ਐਵਾਰਡੀ ਡਾ. ਗੁਰਪ੍ਰੀਤ ਕੌਰ ਸੈਣੀ,ਬਹੁਪੱਖੀ ਲੇਖਕ ਧਰਮ ਕੰਮੇਆਣਾ ਅਤੇ ਖੋਜਾਰਥਣ ਜਸਪ੍ਰੀਤ ਕੌਰ ਸ਼ਾਮਿਲ ਹੋਏ। ਸਮਾਗਮ ਦੇ ਆਰੰਭ ਵਿਚ ਪੁੱਜੇ ਲੇਖਕਾਂ ਦਾ ਸੁਆਗਤ ਕਰਦਿਆਂ ਸਭਾ ਦੇ ਪ੍ਰਧਾਨ ਡਾ. ਦਰਸ਼ਨ ਸਿੰਘ 'ਆਸ਼ਟ' ਨੇ ਭਾਗਵਿੰਦਰ ਸਿੰਘ ਦੇਵਗਨ ਦੀ ਪੁਸਤਕ ਦੇ ਹਵਾਲੇ ਨਾਲ ਕਿਹਾ ਕਿ ਸਾਹਿਤ ਸਭਾਵਾਂ ਸਮਾਜ ਦੀ ਬਹੁਪੱਖੀ ਤਰੱਕੀ ਵਿਚ ਮਹੱਤਵਪੂਰਨ ਭੂਮਿਕਾ ਨਿਭਾਅ ਰਹੀਆਂ ਹਨ। ਸ਼ਿਵਦੁਲਾਰ ਸਿੰਘ ਢਿੱਲੋਂ ਦਾ ਮਤ ਸੀ ਕਿ ਸਾਹਿਤਕਾਰਾਂ ਦੀਆਂ ਲਿਖਤਾਂ ਵਿਚ ਕਿਰਤ ਦੀ ਸਾਰਥਿਕਤਾ ਉਜਾਗਰ ਹੋਣੀ ਚਾਹੀਦੀ ਹੈ ਅਤੇ ਦਿਖਾਵੇ ਦੀ ਦੁਨੀਆ ਦਾ ਖੰਡਨ ਹੋਣਾ ਚਾਹੀਦਾ ਹੈ। ਬਲਬੀਰ ਸਿੰਘ ਸੈਣੀ ਨੇ ਆਪਣੀਆਂ ਗ਼ਜ਼ਲਾਂ ਦੇ ਨਮੂਨੇ ਪੇਸ਼ ਕਰਦਿਆਂ ਕਿਹਾ ਕਿ ਦੇਵਗਨ ਦੀ ਸ਼ਾਇਰੀ ਵਰਤਮਾਨ ਸਮੇਂ ਦੀ ਗੱਲ ਕਰਦੀ ਹੈ। ਗੀਤਕਾਰ ਧਰਮ ਕੰਮੇਆਣਾ ਨੇ ਆਪਣੇ ਗੀਤਾਂ ਰਾਹੀਂ ਸਮਾਜ ਦੇ ਦਰਦ ਨੂੰ ਸਮਝਣ ਦੀ ਗੱਲ ਕੀਤੀ ਜਦੋਂ ਕਿ ਗੁਰਪ੍ਰੀਤ ਕੌਰ ਸੈਣੀ ਪ੍ਰੀਤ ਦਾ ਕਹਿਣਾ ਸੀ ਕਿ ਜਦੋਂ ਕੋਈ ਸ਼ਾਇਰ ਲਿਖਦਾ ਹੈ ਤਾਂ ਉਸ ਵਿਚ ਉਸ ਦਾ ਨਿੱਜੀ ਦਰਦ ਛੁਪਿਆ ਹੋਇਆ ਹੁੰਦਾ ਹੈ।ਦੇਵਗਨ ਦੀ ਪੁਸਤਕ ਵਿਚ ਮੁਖ ਪੇਪਰ ਖੋਜਾਰਥਣ ਜਸਪ੍ਰੀਤ ਕੌਰ ਨੇ ਪੇਪਰ ਪੜ੍ਹਦਿਆਂ ਕਿਹਾ ਕਿ ਦੇਵਗਨ ਕੋਲ ਕਵਿਤਾ ਕਹਿਣ ਦਾ ਹੁਨਰ ਮੌਜੂਦ ਹੈ। ਇਸ ਪੁਸਤਕ ਉਪਰ ਵਿਚਾਰ ਚਰਚਾ ਵਿਚ ਭਾਗ ਲੈਂਦਿਆਂ ਐਮ.ਐਸ.ਜੱਗੀ ਨੇ ਕਿਹਾ ਕਿ ਲੇਖਕ ਦੀ ਸ਼ਾਇਰੀ ਵੱਡੇ ਸ਼ਾਇਰਾਂ ਤੋਂ ਪ੍ਰਭਾਵਿਤ ਹੈ ਜਦੋਂ ਕਿ ਪ੍ਰੋ. ਨਵਸੰਗੀਤ ਅਤੇ ਭਾਸ਼ਾ ਵਿਭਾਗ, ਪੰਜਾਬ ਦੇ ਡਾ. ਮਨਜਿੰਦਰ ਸਿੰਘ ਦਾ ਸਰਬ ਸਾਂਝਾ ਮਤ ਸੀ ਕਿ ਦੇਵਗਨ ਦੀ ਖੁਲ੍ਹੀ ਕਵਿਤਾ ਵਿਚ ਸੁਨੇਹੇ ਦਾ ਸਾਰਥਿਕ ਸੰਚਾਰ ਹੁੰਦਾ ਹੈ। ਕੁਲਵੰਤ ਸਿੰਘ ਨਾਰੀਕੇ ਅਤੇ ਜਨਰਲ ਸਕੱਤਰ ਦਵਿੰਦਰ ਪਟਿਆਲਵੀ ਨੇ ਵੀ ਖੁੱਲ੍ਹੀਆਂ ਟਿੱਪਣੀਆਂ ਕੀਤੀਆਂ ।ਆਪਣੀ ਪੁਸਤਕ ਸੰਬੰਧੀ ਨਿੱਠ ਕੇ ਹੋਈ ਵਿਚਾਰ ਚਰਚਾ ਉਪਰ ਸੰਤੁਸ਼ਟੀ ਜ਼ਾਹਿਰ ਕਰਦਿਆਂ ਭਾਗਵਿੰਦਰ ਸਿੰਘ ਦੇਵਗਨ ਨੇ ਕਿਹਾ ਕਿ ਵਿਦਵਾਨਾਂ ਦੀਆਂ ਗੱਲਾਂ ਨੇ ਉਸ ਦੀ ਸ਼ਾਇਰੀ ਬਾਰੇ ਨਵੇਂ ਪੱਖ ਉਜਾਗਰ ਕੀਤੇ ਹਨ। ਸਮਾਗਮ ਦੇ ਦੂਜੇ ਦੌਰ ਵਿਚ ਹਰਵਿੰਦਰ ਸਿੰਘ ਵਿੰਦਰ, ਦਵਿੰਦਰ ਪਟਿਆਲਵੀ, ਨਵਦੀਪ ਸਿੰਘ ਮੁੰਡੀ, ਗੋਪਾਲ ਸ਼ਰਮਾ, ਕਿਰਪਾਲ ਸਿੰਘ ਮੂਣਕ, ਭੁਪਿੰਦਰ ਕੌਰ ਵਾਲੀਆ, ਇੰਦਰਪਾਲ ਸਿੰਘ,ਰਾਜਪਾਲ ਕੌਰ ਮਸਤ, ਬਚਨ ਸਿੰਘ ਗੁਰਮ, ਸਤਨਾਮ ਸਿੰਘ ਮੱਟੂ, ਰਾਜੇਸ਼ਵਰ ਕੁਮਾਰ, ਸੁਰਿੰਦਰ ਬੇਦੀ, ਮਾਸਟਰ ਰਾਜ ਸਿੰਘ ਬਧੌਛੀ, ਹਰਚਰਨ ਸਿੰਘ, ਕੇ.ਐਸ. ਸੇਖੋਂ, ਜੱਗਾ ਰੰਗੂਵਾਲ,ਬਜਿੰਦਰ ਠਾਕੁਰ ਆਦਿ ਨੇ ਭਾਗ ਲਿਆ। ਬਲਰਾਜ ਪੰਨੂੰ ਨੇ ਆਪਣੀ ਟੀਮ ਸਮੇਤ ਸ਼ਮੂਲੀਅਤ ਕੀਤੀ ਅਤੇ ਆਡੀਓ ਲਾਇਬ੍ਰੇਰੀ ਦੇ ਮਹੱਤਵ ਬਾਰੇ ਚਰਚਾ ਕੀਤੀ। ਇਸ ਸਮਾਗਮ ਵਿਚ ਪ੍ਰਿੰ. ਜਰਨੈਲ ਸਿੰਘ, ਅਮਰਜੀਤ ਸਿੰਘ ਵਾਲੀਆ, ਸ਼ਿਸ਼ੂਪਾਲ ਸੈਣੀ, ਗਗਨਦੀਪ ਸਿੰਘ ਦੇਵਗਨ, ਜੋਗਾ ਸਿੰਘ ਖੀਵਾ, ਆਰ.ਐਸ.ਆਨੰਦਪੁਰੀ, ਜੋਗਾ ਸਿੰਘ ਧਨੌਲਾ, ਰਾਜੇਸ਼ ਕੋਟੀਆ, ਜਤਿੰਦਰਪਾਲ ਸਿੰਘ, ਹਰਦੀਪ ਕੌਰ,ਹਰਪਾਲ ਸਿੰਘ, ਪਰਮਜੀਤ ਕੌਰ, ਹਰਪ੍ਰੀਤ ਕੌਰ, ਪ੍ਰਭਜੋਤ ਕੌਰ,ਉਤਮਜੋਤ ਸਿੰਘ,ਪਰਦੀਪ ਸਿੰਘ, ਆਦਿ ਸ਼ਾਮਿਲ ਸਨ। ਇਸ ਦੌਰਾਨ ਸਭਾ ਵੱਲੋਂ ਸ. ਸ਼ਿਵਦੁਲਾਰ ਸਿੰਘ ਢਿੱਲੋਂ ਅਤੇ ਬਲਬੀਰ ਸਿੰਘ ਸੈਣੀ ਸਮੇਤ ਕੁਝ ਸ਼ਖ਼ਸੀਅਤਾਂ ਦਾ ਵਿਸ਼ੇਸ਼ ਸਨਮਾਨ ਵੀ ਕੀਤਾ ਗਿਆ। ਅੰਤ ਵਿਚ ਉਘੇ ਵਿਦਵਾਨ ਡਾ. ਰਤਨ ਸਿੰਘ ਜੱਗੀ ਅਤੇ ਦਵਿੰਦਰ ਪਟਿਆਲਵੀ ਦੀ ਸੱਸ-ਮਾਤਾ ਵਿਦਿਆਵਤੀ ਦੇ ਦਿਹਾਂਤ ਤੇ ਸ਼ੋਕ ਵਜੋਂ ਦੋ ਮਿੰਟ ਦਾ ਮੌਨ ਧਾਰਨ ਕੀਤਾ ਗਿਆ। ਮੰਚ ਸੰਚਾਲਨ ਜਨਰਲ ਸਕੱਤਰ ਦਵਿੰਦਰ ਪਟਿਆਲਵੀ ਨੇ ਬਖ਼ੂਬੀ ਨਿਭਾਇਆ ਅਤੇ ਸਭਾ ਦੇ ਸਰਪ੍ਰਸਤ ਬਾਬੂ ਸਿੰਘ ਰੈਹਲ ਵੱਲੋਂ ਸਭਨਾਂ ਦਾ ਧੰਨਵਾਦ ਕੀਤਾ ਗਿਆ।